PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

15th - 22th January 2026 • Issue No. 3113


Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IAB

FOR FREE INITIAL ADVICE

ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



S.S.Rai

Immigration Advice Bureau

Tel: 020 8571 6680

www.iabl.co.uk

## ਮੁਕਤਸਰ ਸਾਹਿਬ ਵਿਖੇ ਮਾਘੀ ਮੇਲੇ ਤੇ ਸ਼੍ਰੋਮਣੀ ਅਕਾਲੀ ਦਲ ਦਾ ਸਭ ਤੋਂ ਵੱਡਾ ਇਕੱਠ

### ਚਾਲੀ ਮੁਕਤਿਆਂ ਦੀ ਯਾਦ ਵਿੱਚ ਕੀਤੇ ਗਏ ਪੰਥਕ ਇਕੱਠ ਵਿੱਚ ਕੀਤੇ ਅਹਿਮ ਐਲਾਨ



## ਕੈਨੇਡਾ ਸਰਕਾਰ ਨੇ ਖਾਲਿਸਤਾਨੀ ਸਿੱਖ ਆਗੂਆਂ ਨੂੰ ਕੀਤਾ ਖ਼ਬਰਦਾਰ

### ਸਿੱਖ ਆਗੂਆਂ ਨੂੰ ਖਤਮ ਕਰਵਾਉਣ ਲਈ ਭਾਰਤੀ ਏਜੰਸੀਆਂ ਗੈਂਗਸਟਰਾਂ ਦਾ ਨਾਂ ਵਰਤ ਰਹੀਆਂ ਨੇ

## ਸਿੱਖ ਨੌਜਵਾਨਾਂ ਉਤੇ ਯੂ ਕੇ ਸਰਕਾਰ ਵੱਲੋਂ ਲਾਈਆਂ ਪਾਬੰਦੀਆਂ ਦੇ ਰੋਸ ਵਜੋਂ ਸ੍ਰੀ ਗੁਰੂ ਸਭਾ ਡਰਬੀ ਵਿਖੇ ਹੋ ਰਹੀ 24 ਜਨਵਰੀ ਨੂੰ ਪੰਥਕ ਕਾਨਫਰੰਸ ਵਿੱਚ ਵੱਡੀ ਗਿਣਤੀ ‘ਚ ਪਹੁੰਚਣ ਦੀ ਅਪੀਲ

ਯੂ ਕੇ ਅਤੇ ਦੇਸ਼ ਵਿਦੇਸ਼ ਦੇ ਸਿੱਖ ਆਗੂਆਂ ਤੇ ਵਿਦਵਾਨਾਂ ਦਾ ਮੰਨਣਾ ਹੈ ਕਿ ਬਰਤਾਨੀਆ ਦੀ ਲੇਬਰ ਸਰਕਾਰ ਭਾਰਤ ਨੂੰ ਖ਼ੁਸ਼ ਕਰਨ ਤੇ ਉਸ ਨਾਲ ਵਪਾਰਕ ਸੰਧੀਆਂ ਕਰਨ ਲਈ ਸਿੱਖ ਨੌਜਵਾਨਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਗ੍ਰਿਫ਼ਤਾਰ ਕਰਕੇ ਤੇ ਖਾਤੇ ਸੀਲ ਕਰਕੇ ਦੇਸ਼ ਵਿਦੇਸ਼ ਜਾਣ ’ਤੇ ਪਾਬੰਦੀਆਂ ਲਾਈਆਂ ਜਾ ਰਹੀਆਂ ਹਨ। ਇਹ ਨੌਜਵਾਨ ਪੰਜਾਬ ਦੀ ਬੇਹਤਰੀ, ਤਰੱਕੀ ਅਤੇ ਅਮਨ ਚਾਹੁੰਦੇ ਹਨ, ਫਿਰ ਵੀ ਉਹਨਾਂ ਉਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾ ਕੇ ਨੌਜਵਾਨਾਂ ਨੂੰ ਡਰਾਇਆ ਜਾ ਰਿਹਾ ਹੈ। ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ‘ਚ ਆ ਰਹੇ ਸਿੱਖ ਆਗੂਆਂ ਨੇ ਯੂ ਕੇ ਦੀਆਂ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਭਵਿੱਖ ਵਿੱਚ ਅਜਿਹਾ ਕਿਸੇ ਨਾਲ ਵੀ ਵਾਪਰ ਸਕਦਾ ਹੈ, ਇਸ ਲਈ ਸਾਡੀ ਸਭ ਦੀ ਜ਼ਿੰਮੇਵਾਰੀ ਹੈ ਕਿ 24 ਜਨਵਰੀ ਨੂੰ ਡਰਬੀ ਵਿਖੇ ਹੋ ਰਹੀ ਪੰਥਕ ਕਾਨਫਰੰਸ ਵਿੱਚ ਵੱਧ ਚੜ੍ਹ ਕੇ ਪਹੁੰਚੀਏ ਅਤੇ ਸਰਕਾਰ ਦੀਆਂ ਸਿੱਖ ਵਿਰੋਧੀ ਨੀਤੀਆਂ ਦਾ ਵਿਰੋਧ ਕੀਤਾ ਜਾਵੇ। ਸਿੱਖ ਆਗੂਆਂ ਦਾ ਕਹਿਣਾ ਹੈ ਕਿ ਲੇਬਰ ਪਾਰਟੀ ਨਾਲ ਲੰਮੇ ਸਮੇਂ ਤੋਂ ਸਿੱਖਾਂ ਦੇ ਵਧੀਆ ਚਲੇ ਆ ਰਹੇ ਸਬੰਧਾਂ ਉੱਤੇ ਅਜਿਹੀਆਂ ਨੀਤੀਆਂ ਕਾਰਨ ਭਵਿੱਖ ਵਿੱਚ ਬੁਰਾ ਅਸਰ ਪੈ ਸਕਦਾ ਹੈ।

## ਯੂ ਕੇ ਵਿੱਚ ਖਾਲਿਸਤਾਨ ਪੱਖੀ ਆਗੂਆਂ ਉੱਤੇ ਜਾਨਲੇਵਾ ਹਮਲੇ ਹੋਣ ਦਾ ਖਦਸ਼ਾ

ਕੈਨੇਡਾ ਵਿੱਚ ਰਹਿ ਰਹੇ ਅਜ਼ਾਦੀ ਪਸੰਦ ਖਾਲਿਸਤਾਨ ਪੱਖੀ ਸਿੱਖ ਆਗੂਆਂ ਵਿਰੁੱਧ ਭਾਰਤੀ ਏਜੰਸੀਆਂ ਵੱਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ ਬਾਰੇ ਕੈਨੇਡਾ ਸਰਕਾਰ ਦੁਆਰਾ ਸਿੱਖ ਆਗੂਆਂ ਨੂੰ ਖ਼ਬਰਦਾਰ ਕਰਨ ਉਪਰੰਤ ਯੂ ਕੇ ਦੀ ਪੁਲਿਸ ਨੇ ਵੀ ਸਿੱਖ ਆਗੂਆਂ ਨੂੰ ਸਾਵਧਾਨੀ ਵਰਤਣ ਲਈ ਕਿਹਾ ਹੈ। ਪਿੱਛੇ ਜਿਹੇ ਯੂ ਕੇ ਦੀ ਪੁਲਿਸ ਵੱਲੋਂ ਖਾਲਿਸਤਾਨੀ ਆਗੂ ਪ੍ਰਮਜੀਤ ਸਿੰਘ ਪੰਮਾ ਨੂੰ ਸਾਵਧਾਨ ਤੇ ਸਤਰਕ ਰਹਿਣ ਲਈ ਕਿਹਾ ਗਿਆ ਸੀ ਉਹਨਾਂ ਦੇ ਇਲਾਵਾ ਕੁੱਝ ਹੋਰ ਆਗੂਆਂ ਤੇ ਵੀ ਹਮਲੇ ਹੋਣ ਦਾ ਖਦਸ਼ਾ ਜ਼ਾਹਿਰ ਕੀਤਾ ਜਾ ਰਿਹਾ ਹੈ।



## ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਸ਼ੁਕਰਾਨਾ ਸਮਾਗਮ ਮੌਕੇ ਪ੍ਰਧਾਨ ਸ: ਗੁਰਮੇਲ ਸਿੰਘ ਮੱਲੀ ਵੱਲੋਂ ਐਮ ਐਲ ਏ ਸ: ਦਵਿੰਦਰਜੀਤ ਸਿੰਘ ਲਾਡੀ ਢੋਸ ਅਤੇ ਸ: ਰਾਜਵਿੰਦਰ ਸਿੰਘ ਸਿੱਧੂ ਦਾ ਕੀਤਾ ਮਾਣ ਸਨਮਾਨ



ਮਨਪ੍ਰੀਤ ਸਿੰਘ ਬੱਧਨੀ ਕਲਾਂ ਦੀ ਖ਼ਬਰ ਅੰਦਰ ਅਤੇ ਸਮਾਗਮ ਦੀਆਂ ਹੋਰ ਤਸਵੀਰਾਂ ਆਖਰੀ ਪੰਨੇ ’ਤੇ ਦੇਖੋ

# ਪੰਥਕ ਕਾਨਫਰੰਸ

ਸਮੂਹ ਸਾਧ ਸੰਗਤ ਅਤੇ ਪੰਥਕ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਸ਼ਨੀਵਾਰ 24 ਜਨਵਰੀ ਨੂੰ ਦੁਪਹਿਰ 3 ਵਜੇ ਤੋਂ ਸ਼ਾਮ 6 ਵਜੇ ਤੱਕ, ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ, ਡਰਬੀ ਵਿਖੇ ਪੰਥਕ ਕਾਨਫਰੰਸ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਵਿੱਚ ਸਭ ਨੂੰ ਸ਼ਾਮਿਲ ਹੋਣ ਲਈ ਖੁੱਲ੍ਹਾ ਸੱਦਾ ਹੈ।

ਪਿਛਲੇ ਦਿਨੀ ਯੂਕੇ ਦੀ ਸਰਕਾਰ ਵੱਲੋਂ ਗੁਰਪ੍ਰੀਤ ਸਿੰਘ 'ਤੇ ਲਗਾਈਆਂ ਗਈਆਂ ਪਾਬੰਦੀਆਂ ਵਿਦੇਸ਼ਾਂ ਵਿੱਚ ਤੇ ਖਾਸ ਕਰਕੇ ਯੂਕੇ ਵਿੱਚ ਸਿੱਖ ਸੰਘਰਸ਼ ਲਈ ਇੱਕ ਖਤਰਨਾਕ ਮੋੜ ਹਨ।

ਇਹ ਸਿਰਫ਼ ਇੱਕ ਵਿਅਕਤੀ ਦੀ ਗੱਲ ਨਹੀਂ ਹੈ। ਇਹ ਪਾਬੰਦੀਆਂ ਲਗਾ ਕੇ ਸਰਕਾਰ ਨੇ ਬਿਨਾਂ ਕਿਸੇ ਦੋਸ਼ ਜਾਂ ਮੁਕੱਦਮੇ ਦੇ, ਗੁਰਪ੍ਰੀਤ ਸਿੰਘ ਦੇ ਪੂਰੇ ਪਰਿਵਾਰ ਦੇ ਬੈਂਕ ਖਾਤੇ ਸੀਲ ਕਰ ਦਿੱਤੇ ਹਨ ਅਤੇ ਰੋਜ਼ੀ-ਰੋਟੀ ਦੇ ਸਾਧਨ ਖੋਹ ਕੇ ਪਰਿਵਾਰ ਨੂੰ ਸਜ਼ਾ ਦਿੱਤੀ ਹੈ।

ਭਾਰਤ ਸਰਕਾਰ ਨੂੰ ਖੁਸ਼ ਕਰਨ ਲਈ ਚੱਲੀ ਗਈ ਇਸ ਸਿਆਸੀ ਚਾਲ ਵਿੱਚ ਇੱਕ ਪੂਰੇ ਸਿੱਖ ਪਰਿਵਾਰ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਇਹ ਸਿੱਧੇ ਤੌਰ 'ਤੇ ਸਾਡੇ ਪੰਜਾਬ, ਖਾਲਿਸਤਾਨ ਅਤੇ ਖਾਲਸਾ ਪੰਥ ਦੇ ਸ਼ਹੀਦਾਂ ਬਾਰੇ ਬੋਲਣ ਅਤੇ ਜਥੇਬੰਦ ਹੋਣ ਦੇ ਹੱਕ ਨੂੰ ਅਪਰਾਧ ਬਣਾਉਣ ਦੀ ਕੋਸ਼ਿਸ਼ ਹੈ।

ਸਾਡੇ ਸਭ ਲਈ ਸਵਾਲ ਇਹ ਹੈ ਕਿ ਯੂਕੇ ਦੀ ਸਰਕਾਰ ਪਾ ਰਹੇ ਸਰਕਾਰ ਨੂੰ ਖੁਸ਼ ਕਰਨ ਲਈ ਹੋਰ ਕਿੰਨਾ ਅੱਗੇ ਜਾਵੇਗੀ? ਜੇ ਅਸੀਂ ਅੱਜ ਇਕੱਠੇ ਹੋ ਕੇ ਜਵਾਬ ਨਾ ਦਿੱਤਾ, ਤਾਂ ਕੱਲ੍ਹ ਨੂੰ ਸਾਡੇ ਗੁਰਦੁਆਰਿਆਂ, ਸਾਡੇ ਪ੍ਰਚਾਰ ਅਤੇ ਸਿੱਖਾਂ ਦੀਆਂ ਸਾਂਝੀਆਂ ਥਾਵਾਂ ਦੀ ਵਾਰੀ ਵੀ ਆ ਸਕਦੀ ਹੈ।

ਭਾਵੇਂ ਕਿ ਪਾਬੰਦੀਆਂ ਲਗਾ ਕੇ ਸਰਕਾਰ ਵੱਲੋਂ ਡਰ ਦਾ ਮਾਹੌਲ ਬਣਾਇਆ ਜਾ ਰਿਹਾ ਹੈ, ਪਰ ਡਰਨਾ ਖਾਲਸੇ ਦਾ ਸੁਭਾਅ ਨਹੀਂ ਹੈ।

ਇਹ ਕਾਨਫਰੰਸ ਇੱਕ ਮੁੱਠ ਹੋ ਕੇ ਪੰਥਕ ਰੂਪ ਵਿੱਚ ਇਕੱਠੇ ਹੋਣ, ਪੈਦਾ ਹੋਏ ਮੌਜੂਦ ਖਤਰੇ ਨੂੰ ਸਮਝਣ ਅਤੇ ਅਗਲੇ ਕਦਮ ਚੁੱਕਣ ਦਾ ਸੱਦਾ ਹੈ। ਚੁੱਪ ਰਹਿਣਾ ਮੌਜੂਦਾ ਚੁਣੌਤੀ ਦਾ ਹੱਲ ਨਹੀਂ ਹੈ। ਪੰਥਕ ਏਕਤਾ ਦੀ ਤਾਕਤ ਰਾਹੀਂ ਹਰ ਮਸਲੇ ਦਾ ਹੱਲ ਲੱਭਿਆ ਜਾ ਸਕਦਾ ਹੈ।

**ਦਿਨ: ਸ਼ਨੀਵਾਰ 24 ਜਨਵਰੀ**

**ਸਮਾਂ: ਦੁਪਹਿਰ 3 ਵਜੇ ਤੋਂ 6 ਵਜੇ ਤੱਕ**

**ਸਥਾਨ: Baba Banda Singh Bahadur Hall**
**Sri Guru Singh Sabha Gurdwara, Derby**








# ਕੈਨੇਡਾ ਦੀ ਸੁਰੱਖਿਆ ਰਿਪੋਰਟ ਨੇ ਕੌਮਾਂਤਰੀ ਪੱਧਰ 'ਤੇ ਚਿੰਤਾ ਦਾ ਵਿਸ਼ਾ ਬਣੀ

## *ਸੰਗਠਿਤ ਅਪਰਾਧ ਮਾਮਲਿਆਂ 'ਚ ਲਾਰੈਂਸ ਦਾ ਨਾਂ ਸ਼ਾਮਲ

ਕੈਨੇਡਾ ਦੀ ਰੌਇਲ ਕੈਨੇਡੀਅਨ ਮਾਊਂਟਡ ਪੁਲਿਸ (RCMP) ਦੀ ਇੱਕ ਗੁਪਤ ਰਿਪੋਰਟ ਨੇ ਗੰਭੀਰ ਦਾਅਵਾ ਕੀਤਾ ਹੈ ਕਿ ਭਾਰਤ ਦੇ ਮਸ਼ਹੂਰ ਗੈਂਗਸਟਰ ਲਾਰੈਂਸ ਬਿਸ਼ਨੋਈ, ਜੋ ਇਸ ਵੇਲੇ ਗੁਜਰਾਤ ਦੀ ਸਾਬਰਮਤੀ ਜੇਲ੍ਹ ਵਿੱਚ ਬੰਦ ਹੈ, ਉਥੋਂ ਹੀ ਇੱਕ ਅੰਤਰਰਾਸ਼ਟਰੀ ਕਰਿਮਿਨਲ ਨੈੱਟਵਰਕ ਚਲਾ ਰਿਹਾ ਹੈ। ਰਿਪੋਰਟ ਦਾ ਕਹਿਣਾ ਹੈ ਕਿ ਇਹ ਨੈੱਟਵਰਕ ਨਾ ਕੇਵਲ ਭਾਰਤ, ਸਗੋਂ ਕੈਨੇਡਾ ਅਤੇ ਯੂਰਪ ਦੇ ਕੁਝ ਹਿੱਸਿਆਂ ਵਿੱਚ ਵੀ ਸਰਗਰਮ ਹੈ।

ਇਸ ਨੈੱਟਵਰਕ ਦੇ ਬਾਰੇ ਦਾਅਵਾ ਹੈ ਕਿ ਇਹ ਡਰੱਗ ਤਸਕਰੀ, ਅਤਰ-ਚੁੱਕੀ ਮੰਗ (extoriton), ਹਿੰਸਕ ਹਮਲੇ, ਪੈਸਾ ਲੌਂਡਰਿੰਗ ਅਤੇ ਕਨਟ੍ਰੈਕਟ ਕਤਲਾਂ ਵਰਗੀਆਂ ਸਰਗਰਮੀਆਂ ਵਿੱਚ ਸ਼ਾਮਿਲ ਹੈ। ਸਭ ਤੋਂ ਵੱਡੀ ਗੱਲ ਇਹ ਦੱਸੀ ਗਈ ਹੈ ਕਿ ਇਹ ਗਤੀਵਿਧੀਆਂ ਜੇਲ੍ਹ ਦੇ ਅੰਦਰੋਂ ਨਿਰਦੇਸ਼ਾਂ ਰਾਹੀਂ ਚਲਾਈਆਂ ਜਾ ਰਹੀਆਂ ਹਨ, ਜਿੱਥੇ ਤੋਂ ਬਿਸ਼ਨੋਈ ਆਪਣੇ ਸਾਥੀਆਂ ਅਤੇ ਗੈਂਗ ਮੈਂਬਰਾਂ ਨਾਲ ਸਿੱਧਾ ਸੰਪਰਕ ਬਣਾਈ ਰੱਖਦਾ ਹੈ।

ਰਿਪੋਰਟ ਵਿੱਚ ਇੱਕ ਹੋਰ ਵੱਡਾ ਦਾਅਵਾ ਇਹ ਵੀ ਕੀਤਾ ਗਿਆ ਹੈ ਕਿ ਬਿਸ਼ਨੋਈ ਦਾ ਨੈੱਟਵਰਕ ਕੁਝ ਹੱਦ ਤੱਕ ਭਾਰਤੀ ਸਰਕਾਰ ਦੇ ਨਿਰਦੇਸ਼ਾਂ ਜਾਂ ਸਹਿਮਤੀ ਨਾਲ ਵੀ ਕੰਮ ਕਰਦਾ ਹੋਇਆ ਦਿਖਾਇਆ ਗਿਆ ਹੈ, ਖ਼ਾਸ ਕਰਕੇ ਉਹ ਕਈ ਵਾਰੀ ਉਨ੍ਹਾਂ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਂਦਾ ਹੈ ਜੋ ਕੈਨੇਡਾ ਵਰਗੇ ਦੇਸ਼ਾਂ ਵਿਚ “ਖਾਲਿਸਤਾਨੀ ਮੂਵਮੈਂਟ” ਜਾਂ ਵੱਖਵਾਦੀ ਵਿਚਾਰਧਾਰਾ ਨਾਲ ਜੁੜੇ ਮੰਨੇ ਜਾਂਦੇ ਹਨ।



ਹਾਲਾਂਕਿ, ਭਾਰਤੀ ਸਰਕਾਰ ਵੱਲੋਂ ਇਸ ਤਰ੍ਹਾਂ ਦੇ ਦੋਸ਼ਾਂ ਨੂੰ “ਅਜੀਬ” ਅਤੇ “ਨਿਰਾਧਾਰ” ਕਹਿ ਕੇ ਖ਼ਾਰਜ ਕੀਤਾ ਗਿਆ ਹੈ ਅਤੇ ਉਹਨਾਂ ਨੇ ਕਿਹਾ ਹੈ ਕਿ ਭਾਰਤ ਕਿਸੇ ਵੀ ਵਿਦੇਸ਼ੀ ਧਰਤੀ ਉੱਤੇ ਅਜਿਹੀਆਂ ਗੈਰਕਾਨੂੰਨੀ ਕਾਰਵਾਈਆਂ ਵਿੱਚ ਸ਼ਾਮਿਲ ਨਹੀਂ। ਇਸ ਮਾਮਲੇ ਨੇ ਭਾਰਤ ਅਤੇ ਕੈਨੇਡਾ ਦੇ ਰਿਸ਼ਤਿਆਂ ਵਿੱਚ ਪਹਿਲਾਂ ਤੋਂ ਮੌਜੂਦ ਤਣਾਅ ਨੂੰ ਹੋਰ ਵਧਾ ਦਿੱਤਾ ਹੈ। ਕੈਨੇਡਾ ਪਹਿਲਾਂ ਵੀ ਇਹ ਦੋਸ਼ ਲਗਾ ਚੁੱਕਾ ਹੈ ਕਿ ਭਾਰਤੀ ਏਜੰਟਾਂ ਨੇ ਕੈਨੇਡਾ ਦੇ ਅੰਦਰ ਕੁਝ ਸਿੱਖ ਆਗੂਆਂ ਜਾਂ ਖਾਲਿਸਤਾਨੀ ਸਮਰਥਕਾਂ ਨੂੰ ਨਿਸ਼ਾਨਾ ਬਣਾਉਣ ਲਈ ਬਿਸ਼ਨੋਈ ਗੈਂਗ ਨਾਲ ਸੰਪਰਕ ਕੀਤਾ। ਭਾਰਤ ਨੇ ਹਮੇਸ਼ਾਂ ਇਹਨਾਂ ਦੋਸ਼ਾਂ ਨੂੰ ਨਕਾਰਿਆ ਹੈ।

ਲਾਰੈਂਸ ਬਿਸ਼ਨੋਈ ਆਪਣਾ ਨਾਂ ਪਹਿਲਾਂ ਕਈ ਹਿੰਸਕ ਘਟਨਾਵਾਂ ਅਤੇ ਗੈਂਗਵਾਰਾਂ ਕਾਰਨ ਸੁਰਖੀਆਂ ਵਿੱਚ ਲਾ ਚੁੱਕਾ ਹੈ। ਉਹ ਮਸ਼ਹੂਰ ਪੰਜਾਬੀ ਗਾਇਕ ਸਿੱਧੂ ਮੂਸੇ ਵਾਲਾ ਦੇ ਕਤਲ ਮਾਮਲੇ ਸਮੇਤ ਕਈ ਹਿੰਸਕ ਮਾਮਲਿਆਂ ਵਿੱਚ ਨਾਮਜ਼ਦ ਹੈ। ਹਾਲਾਂਕਿ, RCMP ਦੀ ਰਿਪੋਰਟ ਵਿੱਚ ਜ਼ੋਰ ਇਹ ਤੇ ਹੈ ਕਿ ਬਿਸ਼ਨੋਈ ਜੇਲ੍ਹ ਵਿਚ ਬੈਠ ਕੇ ਵੀ ਆਪਣੀ ਗੈਂਗ ਨੂੰ ਸਾਇਬਰ ਅਤੇ ਮੋਡਰਨ ਨੈੱਟਵਰਕਿੰਗ ਮਾਧਿਅਮਾਂ ਰਾਹੀਂ ਕੰਟਰੋਲ ਕਰ ਰਿਹਾ ਹੈ।

**ਕੀ ਹੁਣ ਤੱਕ ਪੁਸ਼ਟੀ ਹੋਈ ਹੈ?**

* ਇਹ ਦਾਅਵੇ ਕੈਨੇਡੀਅਨ ਪੁਲਿਸ ਦੀ ਰਿਪੋਰਟ ਵਿੱਚ ਹਨ
* ਭਾਰਤ ਵੱਲੋਂ ਇਹ ਦੋਸ਼ ਨਕਾਰ ਦਿੱਤੇ ਗਏ ਹਨ
* ਭਾਰਤੀ ਜਾਂ ਗੁਜਰਾਤ ਜੇਲ੍ਹ ਪ੍ਰਸ਼ਾਸਨ ਵੱਲੋਂ ਕੋਈ ਵਿਸਤ੍ਰਿਤ ਪ੍ਰਤੀਕਿਰਿਆ ਨਹੀਂ ਆਈ

**ਨਤੀਜਾ**

ਮੁਢਲੇ ਤੌਰ 'ਤੇ ਇਹ ਮਾਮਲਾ ਸਿਰਫ਼ ਕਰਿਮਿਨਲ ਸਰਗਰਮੀਆਂ ਦਾ ਹੀ ਨਹੀਂ, ਸਗੋਂ ਅੰਤਰਰਾਸ਼ਟਰੀ ਰਾਜਨੀਤੀ, ਗਲੋਬਲ ਨੈਟਵਰਕਿੰਗ ਅਤੇ ਕੌਮੀ ਸੁਰੱਖਿਆ ਨਾਲ ਜੁੜਿਆ ਇੱਕ ਵੱਡਾ ਮੁੱਦਾ ਬਣ ਗਿਆ ਹੈ। ਹੁਣ ਦੇਖਣਾ ਇਹ ਹੈ ਕਿ ਦੋਵੇਂ ਦੇਸ਼ ਰਾਜਨੀਤਿਕ, ਕਾਨੂੰਨੀ ਅਤੇ ਜਾਸੂਸੀ ਪੱਧਰ 'ਤੇ ਇਸ ਮਾਮਲੇ ਨੂੰ ਕਿਵੇਂ ਅੱਗੇ ਲੈ ਕੇ ਜਾਂਦੇ ਹਨ।

# ਭਾਈ ਹਰਦੀਪ ਸਿੰਘ ਨਿੱਝਰ ਕਤਲ ਮਾਮਲੇ ਦੀ ਵਿਸ਼ੇਸ਼ ਅਦਾਲਤ ਅੰਦਰ ਸੁਣਵਾਈ ਹੋਈ ਆਰੰਭ ਅਤੇ ਪੂਰਾ ਮਹੀਨਾ ਚਲਣ ਦੀ ਉਮੀਦ

## ਭਾਈ ਨਿੱਝਰ ਦੇ ਸਮਰਥਕਾਂ ਨੇ ਕਾਰਨੀ ਸਰਕਾਰ ਉਪਰ ਦੋਸ਼ੀਆਂ ਨੂੰ ਬਚਾਉਣ ਦੇ ਲਗਾਏ ਦੋਸ਼

**ਨਵੀਂ ਦਿੱਲੀ- (ਮਨਪ੍ਰੀਤ ਸਿੰਘ ਖਾਲਸਾ):- ਕੈਨੇਡੀਅਨ ਧਰਤੀ 'ਤੇ ਮਾਰੇ ਗਏ ਕੈਨੇਡੀਅਨ ਨਾਗਰਿਕ ਸ਼ਹੀਦ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਸਬੰਧ ਵਿੱਚ ਇੱਕ ਜੱਜ ਸਾਹਮਣੇ ਚਾਰ ਮੁਲਜ਼ਮਾਂ ਨੂੰ ਪੇਸ਼ ਕੀਤਾ ਗਿਆ ਇਸ ਮੌਕੇ ਸਿੱਖਸ ਫਾਰ ਜਸਟਿਸ ਦੇ ਖਾਲਿਸਤਾਨ ਪੱਖੀ ਕਾਰਕੁਨ ਬ੍ਰਿਟਿਸ਼ ਕੋਲੰਬੀਆ ਦੀ ਇੱਕ ਅਦਾਲਤ ਦੇ ਬਾਹਰ ਇਕੱਠੇ ਹੋਏ। ਭਾਈ ਨਰਿੰਦਰ ਸਿੰਘ ਰੰਧਾਵਾ ਨੇ ਦਸਿਆ ਕਿ ਅਦਾਲਤ ਅੰਦਰ ਜਾਣ ਲਈ ਵਿਸ਼ੇਸ਼ ਤੌਰ ਦੇ ਸਖ਼ਤ ਤੌਰ ਤੇ ਦੂਹਰੀ ਸੁਰੱਖਿਆ ਪ੍ਰਣਾਲੀ ਬਣਾਈ ਗਈ ਹੈ ਅਤੇ ਅਦਾਲਤ ਅੰਦਰ ਭਾਈ ਨਿੱਝਰ ਮਾਮਲੇ ਦੀ ਸੁਣਵਾਈ ਲਈ ਇਕ ਵਿਸ਼ੇਸ਼ ਅਦਾਲਤ ਸਥਾਪਿਤ ਕੀਤੀ ਗਈ ਹੈ ਜਿਸ ਵਿਚ ਪਿਛਲੇ ਦੋ ਦਿਨਾਂ ਤੋਂ ਲਗਾਤਾਰ ਸੁਣਵਾਈ ਚਲ ਰਹੀ ਹੈ ਤੇ ਪੂਰੇ ਮਹੀਨੇ ਸੁਣਵਾਈ ਜਾਰੀ ਰਹਿਣ ਦੀ ਉੱਮੀਦ ਹੈ ਜਿਸ ਨਾਲ ਜਲਦ ਤੋਂ ਜਲਦ ਮਾਮਲੇ ਵਿਚ ਨਿਆਂ ਕੀਤਾ ਜਾ ਸਕੇ ।**



ਇਸ ਮੌਕੇ ਖਾਲਿਸਤਾਨ ਦੇ ਝੰਡੇ ਲੈ ਕੇ, ਸ਼ਹੀਦ ਨਿੱਝਰ ਦੇ ਸਮਰਥਕਾਂ ਨੇ ਕੈਨੇਡੀਅਨ ਅਦਾਲਤਾਂ ਦੇ ਅੰਦਰ ਜੋ ਕੁਝ ਵਾਪਰ ਰਿਹਾ ਹੈ ਅਤੇ ਰਾਜਨੀਤਿਕ ਪੱਧਰ 'ਤੇ ਜੋ ਕੁਝ ਅਜੇ ਵੀ ਢਾਲਿਆ ਜਾ ਰਿਹਾ ਹੈ, ਉਸ ਵਿਚਕਾਰ ਇੱਕ ਤਿੱਖਾ ਅਤੇ ਜ਼ੋਰਦਾਰ ਅੰਤਰ ਦਿਖਾਇਆ। ਇਸ ਮੌਕੇ ਉਨ੍ਹਾਂ ਵਲੋਂ ਈਬੀ, ਖੂਨ ਨਾਲ ਵਪਾਰ ਬੰਦ ਕਰੋ, ਕਿੱਲ ਇੰਡੀਆ ਪੋਲੀਟੀਕਸ, ਨੋ ਐਨਡੀਪੀ ਵੋਟ ਬੀ.ਸੀ. ਵਰਗੇ ਨਾਹਰੇ ਲਗਾਏ ਗਏ। ਇਨ੍ਹਾਂ ਨਾਅਰਿਆਂ ਨੇ ਸਿੱਧੇ ਤੌਰ 'ਤੇ ਪ੍ਰੀਮੀਅਰ ਡੇਵਿਡ ਐਬੀ ਦੇ ਭਾਰਤ ਨਾਲ ਵਪਾਰਕ ਸਬੰਧਾਂ ਨੂੰ ਨਿਸ਼ਾਨਾ ਬਣਾਇਆ ਅਤੇ ਆਪਣਾ ਵਿਰੋਧ ਪ੍ਰਗਟ ਕੀਤਾ ਗਿਆ । ਇਸ ਮੌਕੇ ਐਸਐਫਜੇ ਦੇ ਜਨਰਲ ਕੌਂਸਲ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਭਾਰਤ ਦੇ ਕਰਿੰਦਿਆਂ 'ਤੇ ਦੋਸ਼ ਲਗਾਏ ਜਾ ਰਹੇ ਹਨ, ਪਰ ਅਸਲ ਆਰਕੀਟੈਕਟ ਸੁਰੱਖਿਅਤ ਹਨ। ਪੰਨੂ ਨੇ ਮੋਦੀ, ਸ਼ਾਹ ਅਤੇ ਜੈਸ਼ੰਕਰ ਦੀ ਭਾਰਤੀ ਰਾਜਨੀਤਿਕ ਲੀਡਰਸ਼ਿਪ 'ਤੇ ਕਤਲ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ ਅਤੇ ਕਿਹਾ ਕਿ ਇਨ੍ਹਾਂ ਵਿਅਕਤੀਆਂ ਨੂੰ ਪ੍ਰਧਾਨ ਮੰਤਰੀ ਕਾਰਨੀ ਦੀ ਸਰਕਾਰ ਵੱਲੋਂ ਚੁੱਪ, ਅਕਿਰਿਆਸ਼ੀਲਤਾ ਅਤੇ ਭਾਰਤ ਨਾਲ ਚੱਲ ਰਹੇ ਰਾਜਨੀਤਿਕ ਅਤੇ ਆਰਥਿਕ ਸਬੰਧਾਂ ਰਾਹੀਂ ਬਚਾਇਆ ਜਾ ਰਿਹਾ ਹੈ। ਪੰਨੂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਤਲ ਦੇ ਪਿੱਛੇ ਰਾਜਨੀਤਿਕ ਕਮਾਂਡ ਢਾਂਚੇ ਦਾ ਸਾਹਮਣਾ ਕਰਨ ਤੋਂ ਇਨਕਾਰ ਕਰਦੇ ਹੋਏ ਕਥਿਤ ਕਾਰਕੁਨਾਂ 'ਤੇ ਮੁਕੱਦਮਾ ਚਲਾਉਣਾ ਚੋਣਵੇਂ ਨਿਆਂ ਦੇ ਬਰਾਬਰ ਹੈ ਅਤੇ ਬੁਨਿਆਦੀ ਤੌਰ 'ਤੇ ਕੈਨੇਡੀਅਨ ਪ੍ਰਭੂਸੱਤਾ ਨੂੰ ਕਮਜ਼ੋਰ ਕਰਦਾ ਹੈ। ਪੰਨੂ ਨੇ ਕਿਹਾ ਕਿ ਜਦੋਂ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਅਦਾਲਤਾਂ ਨੂੰ ਕਾਨੂੰਨ ਦੇ ਰਾਜ ਨੂੰ ਬਰਕਰਾਰ ਰੱਖਣ ਲਈ ਕਿਹਾ ਜਾ ਰਿਹਾ ਹੈ, ਕੈਨੇਡੀਅਨ ਰਾਜਨੀਤਿਕ ਲੀਡਰਸ਼ਿਪ ਅੰਤਰਰਾਸ਼ਟਰੀ ਪੱਧਰ 'ਤੇ ਇਸਦੇ ਉਲਟ ਸੰਦੇਸ਼ ਭੇਜ ਰਹੀ ਹੈ ਕਿ ਇੱਕ ਕਤਲ ਕੀਤੇ ਗਏ ਕੈਨੇਡੀਅਨ ਨਾਗਰਿਕ ਲਈ ਨਿਆਂ ਨਾਲੋਂ ਵਪਾਰਕ ਸੌਦਿਆਂ ਅਤੇ ਕੂਟਨੀਤਕ ਹੱਥ ਮਿਲਾਉਣ ਨੂੰ ਤਰਜੀਹ ਦਿੱਤੀ ਜਾਂਦੀ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਸਕੱਤਰ ਭਾਈ ਗੁਰਮੀਤ ਸਿੰਘ ਤੂਰ, ਭਾਈ ਨਰਿੰਦਰ ਸਿੰਘ ਰੰਧਾਵਾ, ਭਾਈ ਅਵਤਾਰ ਸਿੰਘ ਖਹਿਰਾ, ਜੈਗ ਸਿੱਧੂ, ਚਰਨਜੀਤ ਸਿੰਘ, ਅਜੈਪਾਲ ਸਿੰਘ, ਰਣਜੀਤ ਸਿੰਘ ਸਮੇਤ ਬਹੁਤ ਸਾਰੇ ਨੌਜੁਆਨ ਅਤੇ ਸੰਗਤਾਂ ਹਾਜਿਰ ਸਨ । ਇਸ ਮੌਕੇ ਟੀਮ ਨਿੱਝਰ ਵਲੋਂ ਸੰਗਤਾਂ ਨੂੰ ਉਚੇਚੇ ਤੌਰ ਤੇ ਅਪੀਲ ਕੀਤੀ ਗਈ ਕਿ ਅਦਾਲਤ ਅੰਦਰ ਚਲ ਰਹੀ ਲਗਾਤਾਰ ਸੁਣਵਾਈ ਮੌਕੇ ਅਦਾਲਤ ਦੇ ਬਾਹਰ ਸੰਗਤਾਂ ਵੱਧ ਤੋਂ ਵੱਧ ਗਿਣਤੀ ਵਿਚ ਹਾਜ਼ਰੀਆਂ ਲਗਵਾਣ ਜਿਸ ਨਾਲ ਭਾਈ ਨਿੱਝਰ ਨੂੰ ਇਨਸਾਫ਼ ਦਿਵਾਉਣ ਲਈ ਚਲ ਰਹੀ ਕਾਰਵਾਈ ਉਪਰ ਬਾਜ਼ ਨਜ਼ਰ ਰਖੀ ਜਾ ਸਕੇ ।

# ਗੁਰੂ ਗ੍ਰੰਥ ਸਾਹਿਬ ਜੀ ਦੇ 328 ਗਾਇਬ ਸਰੂਪਾਂ ਦਾ ਰਹੱਸ ਖੁੱਲ੍ਹਿਆ

**✪ 100 ਪਾਵਨ ਸਰੂਪ, ਡੇਰਿਆਂ ਤੇ ਘਰਾਂ ਵਿੱਚ ਮਿਲੇ-ਆਪ ਸਰਕਾਰ ✪ ਅਜੇ ਤੱਕ ਕੋਈ ਵੀ ਸਰੂਪ ਨਹੀਂ ਮਿਲਿਆ -ਸਿੱਟ ✪ ਜਥੇਦਾਰ ਦੇ ਹੁਕਮ ਤੋਂ ਬਾਅਦ ਐੱਸਜੀਪੀਸੀ ਨੇ ਸਰਕਾਰ ਨਾਲ ਕੀਤਾ ਸਹਿਯੋਗ ✪ ਮੁੱਖ ਮੰਤਰੀ ਮਾਨ 15 ਜਨਵਰੀ ਨੂੰ ਅਕਾਲ ਤਖ਼ਤ ਪੇਸ਼ ਹੋਣਗੇ ✪ ਬਹਿਬਲ ਕਲਾਂ ਪੀੜਤਾਂ ਨੇ ਵੀ ਮੰਗੀ ਸਰਕਾਰ ਤੋਂ ਜਵਾਬ ਤਲਬੀ, ਜਥੇਦਾਰ ਨੂੰ ਅਪੀਲ**





ਚੰਡੀਗੜ੍ਹ-ਪੰਜਾਬ ਵਿੱਚ ਸਿੱਖ ਧਰਮ ਦੇ ਸਭ ਤੋਂ ਪਵਿੱਤਰ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਗਾਇਬ ਹੋਣ ਵਾਲਾ ਮਾਮਲਾ ਇੱਕ ਵਾਰ ਫਿਰ ਚਰਚਾ ਵਿੱਚ ਆ ਗਿਆ ਹੈ। ਇਹ ਮਾਮਲਾ ਸਿੱਖ ਸੰਗਤ ਲਈ ਬਹੁਤ ਸੰਵੇਦਨਸ਼ੀਲ ਹੈ ਕਿਉਂਕਿ ਸਿੱਖ ਧਰਮ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੀਉਂਦੇ ਗੁਰੂ ਵਜੋਂ ਮੰਨਿਆ ਜਾਂਦਾ ਹੈ। ਪਰ ਇਹਨਾਂ ਸਰੂਪਾਂ ਦੇ ਗਾਇਬ ਹੋਣ ਨਾਲ ਸਿੱਖ ਕੌਮ ਵਿੱਚ ਰੋਸ ਪੈਦਾ ਹੋ ਗਿਆ ਹੈ। ਆਪ ਸਰਕਾਰ ਕਹਿ ਰਹੀ ਹੈ ਕਿ ਉਨ੍ਹਾਂ ਨੂੰ ਨਵਾਂ ਸ਼ਹਿਰ ਜ਼ਿਲੇ ਤੋਂ 100 ਤੋਂ ਉੱਪਰ ਸਰੂਪ ਲੱਭੇ ਹਨ । ਪਰ ਕੋਰਟ ਵੱਲੋਂ ਬਣਾਈ ਸਿੱਟ ਦੇ ਆਗੂ ਕਹਿੰਦੇ ਹਨ ਕਿ ਕੋਈ ਵੀ ਸਰੂਪ ਅਜੇ ਤੱਕ ਨਹੀਂ ਮਿਲਿਆ । ਸੂਤਰਾਂ ਅਨੁਸਾਰ, ਸਿਟ ਇਹਨਾਂ ਸਰੂਪਾਂ ਨੂੰ ਵਾਪਸ ਲਿਆਉਣ ਲਈ ਟੀਮਾਂ ਬੰਗਾ ਅਤੇ ਹੋਰ ਥਾਵਾਂ ਉੱਤੇ ਜਾਣਗੀਆਂ। ਇਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੀ ਮਦਦ ਲਈ ਜਾਵੇਗੀ ਤਾਂ ਜੋ ਸਭ ਕੁਝ ਗੁਰ ਮਰਿਆਦਾ ਨਾਲ ਹੋਵੇ। ਇਹ ਮਾਮਲਾ ਕਈ ਸਾਲਾਂ ਤੋਂ ਚੱਲ ਰਿਹਾ ਹੈ ਅਤੇ ਹੁਣ ਨਵੇਂ ਵਿਕਾਸ ਨਾਲ ਇਸ ਵਿੱਚ ਨਵਾਂ ਮੋੜ ਆ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਿਚਕਾਰ ਵੀ ਇਸ ਨਾਲ ਜੁੜੇ ਮੁੱਦੇ ਉੱਤੇ ਬਹਿਸ ਚੱਲ ਰਹੀ ਹੈ। ਇਸ ਤੋਂ ਇਲਾਵਾ, ਬਹਿਬਲ ਕਲਾਂ ਗੋਲੀਕਾਂਡ ਦੇ ਪੀੜਤ ਵੀ ਆਪਣੀ ਅਪੀਲ ਕਰ ਰਹੇ ਹਨ ਕਿ ਮੁੱਖ ਮੰਤਰੀ ਨੂੰ ਇਨਸਾਫ਼ ਵਿੱਚ ਦੇਰੀ ਬਾਰੇ ਜਵਾਬ ਦੇਣਾ ਚਾਹੀਦਾ ਹੈ।

## ਮਾਮਲੇ ਦੀ ਸ਼ੁਰੂਆਤ ਅਤੇ ਪਿਛੋਕੜ

ਇਹ ਮਾਮਲਾ ਲਗਭਗ 7-8 ਸਾਲ ਪੁਰਾਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪਾਂ ਦੇ ਗਾਇਬ ਹੋਣ ਦੀ ਖਬਰ ਉਦੋਂ ਸਾਹਮਣੇ ਆਈ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਕਾਸ਼ਨ ਵਿਭਾਗ ਵਿੱਚ ਅੰਦਰੂਨੀ ਜਾਂਚ ਹੋਈ। ਇਹ ਵਿਭਾਗ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਨੂੰ ਛਾਪਣ ਅਤੇ ਵੰਡਣ ਦਾ ਕੰਮ ਕਰਦਾ ਹੈ। ਜਾਂਚ ਵਿੱਚ ਪਤਾ ਲੱਗਾ ਕਿ ਕਈ ਸਰੂਪ ਗਾਇਬ ਹਨ ਅਤੇ ਇਸ ਵਿੱਚ ਭ੍ਰਿਸ਼ਟਾਚਾਰ ਅਤੇ ਪੈਸੇ ਦੇ ਘਪਲੇ ਸ਼ਾਮਲ ਹਨ। ਇਹਨਾਂ ਸਰੂਪਾਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਵੇਚਿਆ ਜਾਂ ਵੰਡਿਆ ਗਿਆ ਸੀ।

2020 ਵਿੱਚ, ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਮਾਮਲੇ ਦੀ ਜਾਂਚ ਲਈ ਇੱਕ ਕਮੇਟੀ ਬਣਾਈ ਸੀ। ਇਸ ਕਮੇਟੀ ਨੇ ਰਿਪੋਰਟ ਵਿੱਚ 16 ਲੋਕਾਂ ਨੂੰ ਦੋਸ਼ੀ ਠਹਿਰਾਇਆ ਸੀ। ਇਹਨਾਂ ਵਿੱਚ ਜ਼ਿਆਦਾਤਰ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਅਤੇ ਕਰਮਚਾਰੀ ਸਨ। ਰਿਪੋਰਟ ਅਨੁਸਾਰ, ਇਹ ਲੋਕ ਪੈਸੇ ਲੈ ਕੇ ਸਰੂਪਾਂ ਨੂੰ ਗਲਤ ਥਾਵਾਂ ਉੱਤੇ ਭੇਜਦੇ ਸਨ। ਇਹਨਾਂ ਵਿੱਚੋਂ ਦੋ ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਕਈ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਗਿਆ ਹੈ। ਪਰ ਉਸ ਵੇਲੇ ਕਮੇਟੀ ਨੇ ਸਰੂਪਾਂ ਨੂੰ ਲੱਭਣ ਲਈ ਵੱਡੀ ਕਾਰਵਾਈ ਨਹੀਂ ਕੀਤੀ। ਇਸ ਕਾਰਨ ਸਿੱਖ ਜਥੇਬੰਦੀਆਂ ਅਤੇ ਸੰਗਤ ਵਿੱਚ ਰੋਸ ਵਧਦਾ ਗਿਆ। ਲੋਕਾਂ ਨੇ ਮੰਗ ਕੀਤੀ ਕਿ ਗਾਇਬ ਸਰੂਪਾਂ ਨੂੰ ਲੱਭਿਆ ਜਾਵੇ ਅਤੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ।

ਪਿਛਲੇ ਕੁਝ ਸਾਲਾਂ ਵਿੱਚ ਇਹ ਮਾਮਲਾ ਕਈ ਵਾਰ ਚਰਚਾ ਵਿੱਚ ਆਇਆ ਹੈ। ਸਿੱਖ ਜਥੇਬੰਦੀਆਂ ਨੇ ਵਿਰੋਧ ਪ੍ਰਦਰਸ਼ਨ ਕੀਤੇ ਸਨ ਅਤੇ ਅਕਾਲ ਤਖ਼ਤ ਸਾਹਿਬ ਉੱਤੇ ਅਪੀਲ ਕੀਤੀ। ਅਕਾਲ ਤਖ਼ਤ ਸਾਹਿਬ ਸਿੱਖ ਧਰਮ ਦਾ ਸਭ ਤੋਂ ਉੱਚਾ ਅਦਾਰਾ ਹੈ ਅਤੇ ਇੱਥੋਂ ਹੀ ਧਾਰਮਿਕ ਫੈਸਲੇ ਲਏ ਜਾਂਦੇ ਹਨ।

ਜਥੇਦਾਰ ਇਸ ਅਦਾਰੇ ਦਾ ਮੁਖੀ ਹੁੰਦਾ ਹੈ ਅਤੇ ਉਸ ਦੇ ਆਦੇਸ਼ਾਂ ਨੂੰ ਸਿੱਖ ਕੌਮ ਮੰਨਦੀ ਹੈ। ਪਰ ਸ਼ੁਰੂ ਵਿੱਚ ਅੰਦਰੂਨੀ ਜਾਂਚ ਨਾਲ ਕੋਈ ਵੱਡਾ ਨਤੀਜਾ ਨਹੀਂ ਨਿਕਲਿਆ। ਇਸ ਲਈ ਪੰਜਾਬ ਹਾਈਕੋਰਟ ਨੇ ਵੀ ਇਸ ਮਾਮਲੇ ਵਿੱਚ ਦਖਲ ਦਿੱਤਾ ਅਤੇ ਜਾਂਚ ਨੂੰ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ। ਹਾਈਕੋਰਟ ਨੇ ਕਿਹਾ ਕਿ ਇਹ ਮਾਮਲਾ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਹੈ ਅਤੇ ਇਸ ਨੂੰ ਜਲਦੀ ਹੱਲ ਕੀਤਾ ਜਾਵੇ।

ਪੰਜਾਬ ਸਰਕਾਰ ਨੇ ਇਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਇੱਕ ਵਿਸ਼ੇਸ਼ ਜਾਂਚ ਟੀਮ ਬਣਾਈ। ਇਹ ਟੀਮ ਆਈਪੀਐਸ ਅਧਿਕਾਰੀ ਗੁਰਪ੍ਰੀਤ ਸਿੰਘ ਭੁੱਲਰ ਦੀ ਅਗਵਾਈ ਵਿੱਚ ਕੰਮ ਕਰ ਰਹੀ ਹੈ। ਸਿਟ ਵਿੱਚ ਹੋਰ ਪੁਲਿਸ ਅਧਿਕਾਰੀ ਵੀ ਸ਼ਾਮਲ ਹਨ। ਇਹ ਜਾਂਚ ਹਾਈਕੋਰਟ ਦੇ ਨਿਰਦੇਸ਼ਾਂ ਅਨੁਸਾਰ ਤੇਜ਼ ਕੀਤੀ ਗਈ ਹੈ। 7 ਦਸੰਬਰ 2025 ਨੂੰ ਅੰਮ੍ਰਿਤਸਰ ਵਿੱਚ ਐੱਫਆਈਆਰ ਦਰਜ ਕੀਤੀ ਗਈ ਸੀ, ਜਿਸ ਵਿੱਚ 16 ਲੋਕਾਂ ਨੂੰ ਨਾਮਜ਼ਦ ਕੀਤਾ ਗਿਆ ਹੈ। ਇਹਨਾਂ ਵਿੱਚ ਜ਼ਿਆਦਾਤਰ ਸ਼੍ਰੋਮਣੀ ਕਮੇਟੀ ਦੇ ਪੁਰਾਣੇ ਅਧਿਕਾਰੀ ਅਤੇ ਕਰਮਚਾਰੀ ਹਨ। ਐੱਫਆਈਆਰ ਵਿੱਚ ਭ੍ਰਿਸ਼ਟਾਚਾਰ, ਚੋਰੀ ਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਰਗੇ ਇਲਜ਼ਾਮ ਲਗਾਏ ਗਏ ਸਨ। ਪਿਛਲੇ ਮਹੀਨੇ ਸਿਟ ਨੇ ਕਈ ਥਾਵਾਂ ਉੱਤੇ ਛਾਪੇ ਮਾਰੇ। 3 ਜਨਵਰੀ 2026 ਨੂੰ ਚੰਡੀਗੜ੍ਹ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਰੂਪਨਗਰ ਵਿੱਚ 15 ਥਾਵਾਂ ਉੱਤੇ ਛਾਪੇਮਾਰੀ ਕੀਤੀ ਗਈ। ਇਸ ਵਿੱਚ ਮੋਬਾਈਲ ਫੋਨ, ਕੰਪਿਊਟਰ, ਟੈਬਲੈੱਟ ਅਤੇ ਵਿੱਤੀ ਰਿਕਾਰਡ ਜ਼ਬਤ ਕੀਤੇ ਗਏ। ਇਹਨਾਂ ਚੀਜ਼ਾਂ ਤੋਂ ਜਾਂਚਕਰਤਾਵਾਂ ਨੂੰ ਮਹੱਤਵਪੂਰਨ ਸਬੂਤ ਮਿਲੇ ਹਨ। ਸਿਟ ਨੇ ਪਹਿਲਾਂ ਹੀ ਦੋ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ - ਸ਼੍ਰੋਮਣੀ ਕਮੇਟੀ ਦੇ ਪੁਰਾਣੇ ਆਡੀਟਰ ਸਤਿੰਦਰ ਸਿੰਘ ਕੋਹਲੀ ਅਤੇ ਇੱਕ ਰਿਟਾਇਰਡ ਅਧਿਕਾਰੀ। ਇਹ ਗ੍ਰਿਫ਼ਤਾਰੀਆਂ ਪੰਜਾਬ ਪੁਲਿਸ ਲਈ ਵੱਡੀ ਕਾਮਯਾਬੀ ਹਨ, ਪਰ ਅਜੇ ਵੀ ਬਹੁਤੇ ਦੋਸ਼ੀ ਫੜੇ ਨਹੀਂ ਗਏ ਹਨ। ਪੁਲਿਸ ਨੇ ਕਿਹਾ ਕਿ ਹੋਰ ਗ੍ਰਿਫ਼ਤਾਰੀਆਂ ਵੀ ਜਲਦੀ ਹੋ ਸਕਦੀਆਂ ਹਨ।

## ਸਿਟ ਦੀ ਪ੍ਰਗਤੀ ਅਤੇ ਤਾਜ਼ਾ ਵਿਕਾਸ

ਸਿਟ ਨੇ ਹੁਣ ਤੱਕ 50 ਤੋਂ 60 ਸਰੂਪਾਂ ਨੂੰ ਲੱਭ ਲਿਆ ਹੈ। ਇਹ ਸਰੂਪ ਡੇਰਿਆਂ ਅਤੇ ਘਰਾਂ ਵਿੱਚ ਰੱਖੇ ਹੋਏ ਸਨ। ਪਰ ਉਹਨਾਂ ਨੂੰ ਗੁਰ ਮਰਿਆਦਾ ਨਾਲ ਨਹੀਂ ਰੱਖਿਆ ਗਿਆ ਸੀ। ਕਈ ਥਾਵਾਂ ਉੱਤੇ ਉਹਨਾਂ ਨੂੰ ਸਾਧਾਰਨ ਅਲਮਾਰੀਆਂ ਵਿੱਚ ਜਾਂ ਗਲਤ ਤਰੀਕੇ ਨਾਲ ਰੱਖਿਆ ਗਿਆ ਸੀ, ਜੋ ਕਿ ਬੇਅਦਬੀ ਵਾਂਗ ਹੈ। ਸਿਟ ਨੇ ਬੰਗਾ ਅਤੇ ਹੋਰ ਥਾਵਾਂ ਉੱਤੇ ਜਾ ਕੇ ਖੋਜ ਕੀਤੀ ਹੈ। ਸੂਤਰਾਂ ਅਨੁਸਾਰ, ਇਹਨਾਂ ਸਰੂਪਾਂ ਨੂੰ ਵਾਪਸ ਲਿਆਉਣ ਲਈ ਸ਼੍ਰੋਮਣੀ ਕਮੇਟੀ ਦੇ ਲੋਕ ਵੀ ਨਾਲ ਜਾਣਗੇ। ਇਸ ਨਾਲ ਸਰੂਪਾਂ ਨੂੰ ਪੂਰੇ ਆਦਰ ਅਤੇ ਮਰਿਆਦਾ ਨਾਲ ਲਿਆਂਦਾ ਜਾ ਸਕੇਗਾ।

ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਮਾਮਲੇ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਉਹਨਾਂ ਨੇ ਸ਼੍ਰੋਮਣੀ ਕਮੇਟੀ ਨੂੰ ਪੰਜਾਬ ਸਰਕਾਰ ਨਾਲ ਸਹਿਯੋਗ ਕਰਨ ਦਾ ਹੁਕਮ ਦਿੱਤਾ ਹੈ। ਇਸ ਹੁਕਮ ਤੋਂ ਇੱਕ ਦਿਨ ਬਾਅਦ, ਸਿਟ ਦੇ ਮੈਂਬਰਾਂ ਨੇ ਅੰਮ੍ਰਿਤਸਰ ਵਿੱਚ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਅਤੇ ਚੰਡੀਗੜ੍ਹ ਵਿੱਚ ਉਪ-ਦਫ਼ਤਰ ਦਾ ਦੌਰਾ ਕੀਤਾ। ਪੰਜਾਬ ਵਿਜੀਲੈਂਸ ਦੇ ਏਆਈਜੀ ਜਗਤਪ੍ਰੀਤ ਸਿੰਘ ਦੀ ਅਗਵਾਈ ਵਿੱਚ ਟੀਮ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਜਾ ਕੇ ਰਿਕਾਰਡ ਮੰਗੇ। ਉਹਨਾਂ ਨਾਲ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਰਵਿੰਦਰਪਾਲ ਸਿੰਘ ਸੰਧੂ ਅਤੇ ਵਧੀਕ ਡੀਸੀਪੀ ਹਰਪਾਲ ਸਿੰਘ ਵੀ ਸਨ। ਉਹਨਾਂ ਨੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨਾਲ ਮੁਲਾਕਾਤ ਕੀਤੀ ਅਤੇ ਰਿਕਾਰਡ ਮੁਹੱਈਆ ਕਰਨ ਦੀ ਮੰਗ ਕੀਤੀ। ਕਮੇਟੀ ਦੇ ਅਧਿਕਾਰੀਆਂ ਨੇ ਭਰੋਸਾ ਦਿੱਤਾ ਕਿ ਉਹ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨਾਲ ਸਲਾਹ ਕਰ ਕੇ ਲੋੜੀਂਦੇ ਦਸਤਾਵੇਜ਼ ਦੇਣਗੇ।

ਜਥੇਦਾਰ ਨੇ ਇਹ ਹੁਕਮ ਉਸ ਵੇਲੇ ਦਿੱਤਾ ਜਦੋਂ ਕੁਝ ਸਿੱਖ ਆਗੂਆਂ ਨੇ ਸਰਕਾਰ ਦੇ ਦਖਲ ਨੂੰ ਗਲਤ ਕਿਹਾ ਸੀ। ਪਹਿਲਾਂ ਕੁਝ ਲੋਕਾਂ ਨੇ ਕਿਹਾ ਕਿ ਇਹ ਧਾਰਮਿਕ ਮਾਮਲਾ ਹੈ ਅਤੇ ਸਰਕਾਰ ਨੂੰ ਨਹੀਂ ਦਖਲ ਦੇਣਾ ਚਾਹੀਦਾ। ਪਰ ਜਥੇਦਾਰ ਨੇ ਇਸ ਨੂੰ ਯੂ-ਟਰਨ ਵਾਂਗ ਨਹੀਂ ਮੰਨਿਆ ਅਤੇ ਕਿਹਾ ਕਿ ਸਹਿਯੋਗ ਨਾਲ ਹੀ ਮਾਮਲਾ ਹੱਲ ਹੋਵੇਗਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵੀ ਕਿਹਾ ਕਿ ਅਕਾਲ ਤਖ਼ਤ ਦੇ ਆਦੇਸ਼ਾਂ ਅਨੁਸਾਰ ਕੰਮ ਕੀਤਾ ਜਾਵੇਗਾ। ਇਸ ਨਾਲ ਸ਼੍ਰੋਮਣੀ ਕਮੇਟੀ ਅਤੇ ਸਰਕਾਰ ਵਿਚਕਾਰ ਸਹਿਯੋਗ ਵਧਿਆ ਹੈ। ਇਹ ਪਹਿਲੀ ਵਾਰ ਹੈ ਜਦੋਂ ਸਰਕਾਰੀ ਜਾਂਚ ਨਾਲ ਇੰਨੇ ਸਰੂਪਾਂ ਨੂੰ ਲੱਭਿਆ ਗਿਆ ਹੈ। ਪਹਿਲਾਂ ਅੰਦਰੂਨੀ ਜਾਂਚ ਵਿੱਚ ਵੀ ਮਾਮਲਾ ਉਭਰਿਆ ਸੀ,

ਬਾਕੀ ਹਿਸਾ ਸਫ਼ਾ 46 ਤੇ ਪੜ੍ਹੋ

# ਬ੍ਰਿਟੇਨ ਵਿੱਚ ਖਾਲਿਸਤਾਨੀ ਪੰਮਾ ਨੂੰ ਫਿਰਕੂ ਹਿੰਦੂ ਨੈਸ਼ਨਲਿਸਟਾਂ ਤੋਂ ਧਮਕੀਆਂ

## ✪ ਯੂਕੇ ਪੁਲਿਸ ਵਲੋਂ ਸੁਰੱਖਿਆ ਵਧਾਉਣ ਦੀ ਸਲਾਹ ✪ ਇੰਗਲੈਂਡ ਦਾ ਗ੍ਰਹਿ ਮੰਤਰਾਲਾ ਸਿੱਖਾਂ ਦੀ ਸੁਰਖਿਆ ਲਈ ਚਿੰਤਤ

ਲੰਡਨ-ਬ੍ਰਿਟੇਨ ਵਿੱਚ ਰਹਿੰਦੇ ਇੱਕ ਮਸ਼ਹੂਰ ਸਿੱਖ ਐਕਟਿਵਿਸਟ ਭਾਈ ਪਰਮਜੀਤ ਸਿੰਘ ਪੰਮਾ ਨੂੰ ਪੁਲਿਸ ਨੇ ਆਪਣੇ ਘਰ ਵਿੱਚ ਸੀਸੀਟੀਵੀ ਕੈਮਰੇ ਲਗਾਉਣ ਅਤੇ ਦਰਵਾਜ਼ਿਆਂ ਦੇ ਤਾਲੇ ਮਜ਼ਬੂਤ ਕਰਨ ਦੀ ਸਲਾਹ ਦਿੱਤੀ ਹੈ। ਇਹ ਸਲਾਹ ਉਨ੍ਹਾਂ ਨੂੰ ਹਿੰਦੂ ਨੈਸ਼ਨਲਿਸਟ ਤੱਤਾਂ ਵੱਲੋਂ ਮਿਲ ਰਹੀਆਂ ਧਮਕੀਆਂ ਕਾਰਨ ਦਿੱਤੀ ਗਈ ਹੈ। ਭਾਈ ਪੰਮਾ, ਜੋ 52 ਸਾਲਾਂ ਦੇ ਹਨ, ਨੇ ਦੱਸਿਆ ਕਿ ਪੁਲਿਸ ਨੇ ਉਨ੍ਹਾਂ ਨੂੰ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਇਹ ਸਲਾਹ ਦਿੱਤੀ ਹੈ ਅਤੇ ਉਨ੍ਹਾਂ ਦੀ ਜਾਨ ਨੂੰ ਖਤਰਾ ਹੈ। ਉਹ ਆਪਣੇ ਪਰਿਵਾਰ ਤੋਂ ਵੱਖ ਰਹਿਣ ਲਈ ਮਜਬੂਰ ਹੋ ਗਏ ਹਨ ਕਿਉਂਕਿ ਧਮਕੀਆਂ ਬਹੁਤ ਗੰਭੀਰ ਹਨ। ਪੰਮਾ ਖਾਲਿਸਤਾਨ ਅੰਦੋਲਨ ਨਾਲ ਜੁੜੇ ਹੋਏ ਹਨ। ਖਾਲਿਸਤਾਨ ਅੰਦੋਲਨ ਭਾਰਤ ਵਿੱਚ ਇੱਕ ਵੱਖਰਾ ਸਿੱਖ ਰਾਜ ਬਣਾਉਣ ਦੀ ਮੰਗ ਕਰਦਾ ਹੈ। ਭਾਰਤ ਵਿੱਚ ਇਹ ਅੰਦੋਲਨ ਗੈਰ-ਕਾਨੂੰਨੀ ਮੰਨਿਆ ਜਾਂਦਾ ਹੈ ਅਤੇ ਭਾਰਤੀ ਸਰਕਾਰ ਇਸ ਨੂੰ ਰਾਸ਼ਟਰੀ ਸੁਰੱਖਿਆ ਲਈ ਖਤਰਾ ਦੱਸਦੀ ਹੈ। ਪੰਮਾ ਨੇ ਦੋਸ਼ ਲਾਇਆ ਹੈ ਕਿ ਇਹ ਧਮਕੀਆਂ ਭਾਰਤੀ ਸਰਕਾਰ ਨਾਲ ਜੁੜੀਆਂ ਹਨ। ਉਹ ਕਹਿੰਦੇ ਹਨ ਕਿ ਬ੍ਰਿਟੇਨ ਦੇ ਮੰਤਰੀ ਭਾਰਤ ਵੱਲੋਂ ਹੋ ਰਹੇ "ਲਗਾਤਾਰ ਟ੍ਰਾਂਸਨੈਸ਼ਨਲ ਰਿਪ੍ਰੈਸ਼ਨ" (ਸਰਹੱਦ ਪਾਰ ਦਬਾਅ) ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ। ਭਾਰਤੀ ਹਾਈ ਕਮਿਸ਼ਨ ਨੇ ਇਸ ਬਾਰੇ ਕੋਈ ਵੀ ਟਿੱਪਣੀ ਨਹੀਂ ਕੀਤੀ।

ਭਾਈ ਪੰਮਾ ਦਾ ਪਿਛੋਕੜ ਦਾ ਪਰਿਵਾਰ ਦਿੱਲੀ ਤੋਂ ਪੰਜਾਬ ਆ ਵੱਸਿਆ ਸੀ। ਉਨ੍ਹਾਂ ਦੇ ਵੱਡੇ ਭਰਾ ਨੂੰ 1991 ਵਿੱਚ ਪੰਜਾਬ ਪੁਲਿਸ ਨੇ ਖਾੜਕੂਵਾਦ ਦੇ ਦੋਸ਼ ਵਿੱਚ ਮਾਰ ਦਿੱਤਾ ਸੀ। ਭਾਈ ਪੰਮਾ ਖੁਦ ਵੀ ਕਈ ਵਾਰ ਗ੍ਰਿਫਤਾਰ ਹੋਏ ਸਨ ਅਤੇ ਪੁਲਿਸ ਦੇ ਤਸੀਹੇ ਝੱਲੇ ਸਨ। 2000 ਵਿੱਚ ਉਨ੍ਹਾਂ ਨੇ ਬ੍ਰਿਟੇਨ ਵਿੱਚ ਸਿਆਸੀ ਸ਼ਰਨ ਲਈ ਸੀ ਅਤੇ ਤੱਦ ਤੋਂ ਉਹ ਉੱਥੇ ਰਹਿ ਰਹੇ ਹਨ। ਭਾਰਤੀ ਮੀਡੀਆ ਵਿੱਚ ਉਨ੍ਹਾਂ ਉੱਤੇ ਬੱਬਰ ਖਾਲਸਾ ਇੰਟਰਨੈਸ਼ਨਲ ਲਈ ਫੰਡਿੰਗ ਦੇ ਦੋਸ਼ ਲੱਗੇ ਹਨ, ਜਿਸ ਨੂੰ 1985 ਦੇ ਏਅਰ ਇੰਡੀਆ ਫਲਾਈਟ 182 ਬੰਬ ਧਮਾਕੇ ਨਾਲ ਜੋੜਿਆ ਜਾਂਦਾ ਹੈ। ਪਰ ਭਾਈ ਪੰਮਾ ਨੇ ਇਨ੍ਹਾਂ ਨੂੰ "ਝੂਠਾ ਪ੍ਰੋਪੇਗੰਡਾ" ਕਿਹਾ ਅਤੇ ਧਮਾਕੇ ਦੀ ਨਿੰਦਾ ਵੀ ਕੀਤੀ। ਉਹ ਕਹਿੰਦੇ ਹਨ ਕਿ ਉਹ ਕਿਸੇ ਵੀ ਜਾਂਚ ਲਈ ਤਿਆਰ ਹਨ।

ਉਨ੍ਹਾਂ ਨੂੰ ਬ੍ਰਿਟੇਨ ਵਿੱਚ ਵੀ ਧਮਕੀਆਂ ਮਿਲੀਆਂ ਹਨ। ਧਮਕੀ ਭਰੇ ਫੋਨ ਕਾਲ ਆਏ, ਘਰ ਨੇੜੇ ਬੰਦੂਕਾਂ ਨਾਲ ਘੁੰਮਦੇ ਲੋਕ ਦੇਖੇ ਗਏ, ਪਰਿਵਾਰ ਦੇ ਘਰ ਉੱਤੇ ਹਮਲੇ ਹੋਏ। ਇੱਕ ਵਾਰ ਉਨ੍ਹਾਂ ਦੀ ਪਤਨੀ ਦੀ ਕਾਰ ਦੀਆਂ ਖਿੜਕੀਆਂ ਤੋੜੀਆਂ ਗਈਆਂ ਅਤੇ ਬੱਚਿਆਂ ਨੂੰ ਧਮਕਾਇਆ ਗਿਆ। ਪੁਲਿਸ ਨੇ ਇੱਕ ਵਿਅਕਤੀ ਤੋਂ ਪੁੱਛਗਿੱਛ ਕੀਤੀ ਪਰ ਸਬੂਤ ਨਾ ਮਿਲਣ ਕਾਰਨ ਕੋਈ ਕਾਰਵਾਈ ਨਹੀਂ ਕੀਤੀ। ਇੱਕ ਵਾਰ ਤਾਂ ਭਾਈ ਪੰਮਾ ਨੂੰ ਮਾਰਨ ਲਈ 3 ਲੱਖ ਪੌਂਡ ਦੀ ਪੇਸ਼ਕਸ਼ ਵੀ ਕੀਤੀ ਗਈ ਸੀ।

ਪੰਮਾ ਨੇ ਦੱਸਿਆ ਕਿ ਉਹ ਨਿਯਮਤ ਤੌਰ 'ਤੇ ਪੁਲਿਸ ਨੂੰ ਧਮਕੀਆਂ ਦੀ ਰਿਪੋਰਟ ਕਰਦੇ ਰਹੇ ਹਨ ਪਰ 2023 ਵਿੱਚ ਕੈਨੇਡਾ ਵਿੱਚ ਹਰਦੀਪ ਸਿੰਘ ਨਿੱਜਰ ਦੀ ਹੱਤਿਆ ਤੋਂ ਬਾਅਦ ਹੀ ਪੁਲਿਸ ਨੇ ਗੰਭੀਰਤਾ ਨਾਲ ਕੰਮ ਸ਼ੁਰੂ ਕੀਤਾ। ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਹੱਤਿਆ ਨੂੰ ਭਾਰਤੀ ਏਜੰਟਾਂ ਨਾਲ ਜੋੜਿਆ ਸੀ। ਇਸੇ ਤਰ੍ਹਾਂ ਅਮਰੀਕਾ ਵਿੱਚ 2023 ਵਿੱਚ ਗੁਰਪਤਵੰਤ ਸਿੰਘ ਪੰਨੂੰ ਨੂੰ ਮਾਰਨ ਦੀ ਕੋਸ਼ਿਸ਼ ਵਿੱਚ ਭਾਰਤੀ ਏਜੰਟ ਉੱਤੇ ਦੋਸ਼ ਲੱਗੇ ਸਨ। ਭਾਈ ਪੰਮਾ ਬ੍ਰਿਟੇਨ ਸਰਕਾਰ ਤੋਂ ਨਾਰਾਜ਼ ਹਨ ਕਿ ਉਹ ਪਹਿਲਾਂ ਧਮਕੀਆਂ ਨੂੰ ਗੰਭੀਰ ਨਹੀਂ ਲੈ ਰਹੇ ਸਨ।

ਬ੍ਰਿਟੇਨ ਹੁਣ ਭਾਰਤ ਸਰਕਾਰ ਨਾਲ ਨੇੜਲੇ ਸੰਬੰਧ ਬਣਾ ਰਿਹਾ ਹੈ ਤਾਂ ਜੋ ਚੀਨ ਦੀ ਵਧਦੀ ਤਾਕਤ ਨੂੰ ਰੋਕਿਆ ਜਾ ਸਕੇ। ਮਈ 2025 ਵਿੱਚ ਬ੍ਰਿਟੇਨ ਅਤੇ ਭਾਰਤ ਵਿਚਕਾਰ ਵਪਾਰ ਸਮਝੌਤਾ ਹੋਇਆ ਸੀ, ਜਿਸ ਨੂੰ ਬ੍ਰੈਕਸਿਟ ਤੋਂ ਬਾਅਦ ਵੱਡੀ ਸਫਲਤਾ ਮੰਨਿਆ ਜਾਂਦਾ ਹੈ। ਪਰ ਇਸ ਕਾਰਨ ਸਿੱਖ ਐਕਟਿਵਿਸਟਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੀ ਸੁਰੱਖਿਆ ਨੂੰ ਵਪਾਰ ਲਈ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।

### ਇੰਗਲੈਂਡ ਦੇ ਸਿੱਖ ਆਗੂਆਂ ਦਾ ਕੀ ਪਖ ਹੈ?

ਬ੍ਰਿਟੇਨ ਵਿੱਚ ਸਿੱਖ ਆਗੂ ਅਤੇ ਸੰਸਥਾਵਾਂ ਇਸ ਮਾਮਲੇ ਨੂੰ ਬਹੁਤ ਗੰਭੀਰ ਮੰਨ ਰਹੇ ਹਨ। ਸਿੱਖ ਪ੍ਰੈੱਸ ਐਸੋਸੀਏਸ਼ਨ ਨੇ ਕਿਹਾ ਹੈ ਕਿ ਯੂਕੇ ਅਥਾਰਟੀਜ਼ ਨੂੰ ਹਿੰਦੂ ਨੈਸ਼ਨਲਿਸਟਾਂ ਵੱਲੋਂ ਬ੍ਰਿਟਿਸ਼ ਸਿੱਖ ਐਕਟਿਵਿਸਟਾਂ ਨੂੰ ਮਾਰਨ ਦੀਆਂ ਸਾਜ਼ਿਸ਼ਾਂ ਬਾਰੇ ਪਤਾ ਹੈ। ਉਨ੍ਹਾਂ ਨੇ ਕਿਹਾ ਕਿ ਪੰਮਾ ਅਤੇ ਗੁਰਚਰਨ ਸਿੰਘ ਵਰਗੇ ਐਕਟਿਵਿਸਟ ਖਾਲਿਸਤਾਨ ਅੰਦੋਲਨ ਦੇ ਮਾਣ ਵਾਲੇ ਆਗੂ ਹਨ ਅਤੇ ਭਾਰਤ ਉਨ੍ਹਾਂ ਨੂੰ ਅੱਤਵਾਦੀ ਕਹਿ ਕੇ ਨਿਸ਼ਾਨਾ ਬਣਾ ਰਿਹਾ ਹੈ। ਪਰ ਬ੍ਰਿਟਿਸ਼ ਅਦਾਲਤਾਂ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਹੈ। ਸਿੱਖ ਫੈਡਰੇਸ਼ਨ ਯੂਕੇ ਨੇ ਪਾਰਲੀਮੈਂਟ ਨੂੰ ਸਬੂਤ ਦਿੱਤੇ ਹਨ ਕਿ ਭਾਰਤੀ ਸਰਕਾਰ ਦੇ ਏਜੰਟਾਂ ਨੇ ਸਿੱਖ ਐਕਟਿਵਿਸਟਾਂ ਨੂੰ ਧਮਕੀਆਂ ਮਿਲ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਇਹ ਧਮਕੀਆਂ 40 ਸਾਲਾਂ ਤੋਂ ਮਿਲ ਰਹੀਆਂ ਹਨ ਅਤੇ ਹੁਣ ਜ਼ਿਆਦਾ ਵਧ ਰਹੀਆਂ ਹਨ। ਸਿੱਖ ਐਕਟਿਵਿਸਟਾਂ ਨੂੰ ਧਮਕੀਆਂ ਮਿਲ ਰਹੀਆਂ ਹਨ ਕਿ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਭਾਰਤ ਵਿੱਚ ਨੁਕਸਾਨ ਪਹੁੰਚਾਇਆ ਜਾਵੇਗਾ।



ਸਿੱਖ ਆਗੂਆਂ ਨੇ ਬ੍ਰਿਟੇਨ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਸਿੱਖ ਸਮਾਜ ਦੀ ਰੱਖਿਆ ਲਈ ਸਖ਼ਤ ਕਦਮ ਚੁੱਕੇ ਅਤੇ ਭਾਰਤ ਨਾਲ ਸੰਬੰਧਾਂ ਵਿੱਚ ਇਸ ਨੂੰ ਮੁੱਦਾ ਬਣਾਏ। ਗੁਰਚਰਨ ਸਿੰਘ ਵਰਗੇ ਹੋਰ ਐਕਟਿਵਿਸਟ ਵੀ ਧਮਕੀਆਂ ਦਾ ਸਾਹਮਣਾ ਕਰ ਰਹੇ ਹਨ ਅਤੇ ਪ੍ਰਾਈਵੇਟ ਸੁਰੱਖਿਆ ਰੱਖ ਰਹੇ ਹਨ।

### ਕੀ ਕਹਿੰਦਾ ਹੈ ਇੰਗਲੈਂਡ ਦਾ ਗ੍ਰਹਿ ਮੰਤਰਾਲਾ

ਬ੍ਰਿਟੇਨ ਦਾ ਹੋਮ ਆਫਿਸ ਨੇ ਕਿਹਾ ਹੈ ਕਿ ਉਹ ਵਿਅਕਤੀਗਤ ਮਾਮਲਿਆਂ ਉੱਤੇ ਟਿੱਪਣੀ ਨਹੀਂ ਕਰਦੇ ਪਰ ਸਿੱਖ ਕਮਿਊਨਿਟੀ ਦੇ ਯੋਗਦਾਨ ਨੂੰ ਮੰਨਦੇ ਹਨ ਅਤੇ ਸਭ ਦੀ ਸੁਰੱਖਿਆ ਨੂੰ ਪਹਿਲ ਦਿੰਦੇ ਹਨ। ਸਕਿਉਰਿਟੀ ਮੰਤਰੀ ਨੇ ਚੇਤਾਵਨੀ ਦਿੱਤੀ ਹੈ ਕਿ ਵਿਦੇਸ਼ੀ ਸਰਕਾਰਾਂ ਵੱਲੋਂ ਬ੍ਰਿਟਿਸ਼ ਨਾਗਰਿਕਾਂ ਨੂੰ ਧਮਕਾਉਣ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਖੁਫੀਆ ਏਜੰਸੀਆਂ ਅਤੇ ਪੁਲਿਸ ਸਭ ਨੂੰ ਸੁਰੱਖਿਅਤ ਰੱਖਣ ਲਈ ਸਾਰੇ ਤਰੀਕੇ ਵਰਤੇਗੀ। ਪਾਰਲੀਮੈਂਟ ਦੀ ਜੁਆਇੰਟ ਕਮੇਟੀ ਆਨ ਹਿਊਮਨ ਰਾਈਟਸ ਦੀ 2024-25 ਰਿਪੋਰਟ ਵਿੱਚ ਭਾਰਤ ਨੂੰ ਚੀਨ ਅਤੇ ਰੂਸ ਨਾਲ ਮਿਲਾ ਕੇ ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਕਰਨ ਵਾਲੇ ਦੇਸ਼ਾਂ ਵਿੱਚ ਸ਼ਾਮਲ ਕੀਤਾ ਗਿਆ ਸੀ। ਐਮਆਈ5 ਅਨੁਸਾਰ, ਵਿਦੇਸ਼ੀ ਸਰਕਾਰਾਂ ਵੱਲੋਂ ਬ੍ਰਿਟੇਨ ਵਿੱਚ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਦੇ ਮਾਮਲੇ ਵਧ ਰਹੇ ਹਨ ਅਤੇ 2022 ਤੋਂ ਰਾਜ ਸੰਬੰਧੀ ਧਮਕੀਆਂ ਦੀ ਜਾਂਚ ਵਿੱਚ 48% ਵਾਧਾ ਹੋਇਆ ਹੈ। ਹੋਮ ਆਫਿਸ ਨੇ ਇਹ ਵੀ ਕਿਹਾ ਕਿ ਉਹ ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਨੂੰ ਰੋਕਣ ਲਈ ਨੀਤੀਆਂ ਬਣਾ ਰਿਹਾ ਹੈ ।

### ਇੰਗਲੈਂਡ ਅਤੇ ਵਿਸ਼ਵ ਦੀਆਂ ਅਖਬਾਰਾਂ ਕੀ ਕਹਿੰਦੀਆਂ ਹਨ?

ਬ੍ਰਿਟੇਨ ਅਤੇ ਵਿਸ਼ਵ ਦੀਆਂ ਅਖਬਾਰਾਂ ਇਸ ਮਾਮਲੇ ਨੂੰ ਵੱਡੇ ਪੱਧਰ ਉੱਤੇ ਕਵਰ ਕਰ ਰਹੀਆਂ ਹਨ। ਗਾਰਡੀਅਨ ਅਖਬਾਰ ਨੇ ਪੂਰੀ ਕਹਾਣੀ ਛਾਪੀ ਹੈ ਅਤੇ ਕਿਹਾ ਹੈ ਕਿ ਇਹ ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਦਾ ਮਾਮਲਾ ਹੈ।

ਈਸਟਰਨ ਆਈ ਨੇ ਲਿਖਿਆ ਹੈ ਕਿ ਇਹ ਧਮਕੀਆਂ ਸਿੱਖ ਕਮਿਊਨਿਟੀ ਦੀ ਸੁਰੱਖਿਆ ਲਈ ਚਿੰਤਾ ਵਧਾ ਰਹੀਆਂ ਹਨ।

ਵਿਸ਼ਵ ਪੱਧਰ ਉੱਤੇ, ਫੋਰਬਸ ਨੇ ਬ੍ਰਿਟਿਸ਼ ਪਾਰਲੀਮੈਂਟ ਦੀ ਰਿਪੋਰਟ ਬਾਰੇ ਲਿਖਿਆ ਹੈ ਜਿਸ ਵਿੱਚ ਭਾਰਤ ਨੂੰ ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਕਰਨ ਵਾਲੇ ਦੇਸ਼ਾਂ ਵਿੱਚ ਸ਼ਾਮਲ ਕੀਤਾ ਗਿਆ ਹੈ। ਇਹ ਮਾਮਲਾ ਬ੍ਰਿਟੇਨ ਵਿੱਚ ਰਹਿੰਦੇ ਸਿੱਖਾਂ ਦੀ ਸੁਰੱਖਿਆ ਤੇ ਭਾਰਤ ਨਾਲ ਸੰਬੰਧਾਂ ਵਿੱਚ ਵਧਦੀਆਂ ਚੁਣੌਤੀਆਂ ਨੂੰ ਉਜਾਗਰ ਕਰਦਾ ਹੈ। ਪੰਮਾ ਨੇ ਕਿਹਾ ਕਿ ਕੈਨੇਡਾ ਅਤੇ ਅਮਰੀਕਾ ਨੇ ਆਪਣੇ ਮਾਮਲਿਆਂ ਵਿੱਚ ਕਾਰਵਾਈ ਕੀਤੀ ਪਰ ਬ੍ਰਿਟੇਨ ਨੇ ਨਹੀਂ। ਉਹ ਮੰਨਦੇ ਹਨ ਕਿ ਬ੍ਰਿਟੇਨ ਸਰਕਾਰ ਇਸ ਮਾਮਲੇ ਨੂੰ ਸਿਆਸੀ ਲਾਭ ਲਈ ਵਰਤ ਰਹੀ ਹੈ ਨਾ ਕਿ ਸਿੱਖਾਂ ਦੀ ਰੱਖਿਆ ਲਈ। ਇਸ ਮਾਮਲੇ ਨੇ ਯੂਕੇ-ਭਾਰਤ ਸੰਬੰਧਾਂ ਨੂੰ ਪ੍ਰਭਾਵਿਤ ਕੀਤਾ ਹੈ। ਯੂਕੇ ਭਾਰਤ ਨਾਲ ਵਪਾਰ ਵਧਾਉਣਾ ਚਾਹੁੰਦਾ ਹੈ ਪਰ ਮਨੁੱਖੀ ਅਧਿਕਾਰਾਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਸਿੱਖ ਕਮਿਊਨਿਟੀ ਨੇ ਐਮਪੀਜ਼ ਨੂੰ ਮਿਲ ਕੇ ਸੁਰੱਖਿਆ ਦੀ ਮੰਗ ਕੀਤੀ ਹੈ। ਇਸ ਸਭ ਨਾਲ ਯੂਕੇ ਵਿੱਚ ਸਿੱਖਾਂ ਦੀ ਜ਼ਿੰਦਗੀ ਪ੍ਰਭਾਵਿਤ ਹੋ ਰਹੀ ਹੈ। ਉਹ ਆਪਣੇ ਅਧਿਕਾਰਾਂ ਲਈ ਲੜ ਰਹੇ ਹਨ । ਸਰਕਾਰ ਨੂੰ ਚਾਹੀਦਾ ਹੈ ਕਿ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਵੇ ਅਤੇ ਸੁਰੱਖਿਆ ਵਧਾਉਣੀ ਚਾਹੀਦੀ ਹੈ।

## ਮਜੀਠੀਆ ਦੀ ਸੁਰੱਖਿਆ ਕਾਰਣ ਹਾਈ ਕੋਰਟ ਹੋਈ ਸਖ਼ਤ, ਪੰਜਾਬ ਸਰਕਾਰ ਨੂੰ ਦਿੱਤੇ ਸਖਤ ਹੁਕਮ

## ✪ ਕਿਹਾ ਕਿ ਕਿਸੇ ਵੀ ਸੁਰੱਖਿਆ ਕੁਤਾਹੀ ਲਈ ਏ.ਡੀ.ਜੀ.ਪੀ. ਜੇਲ੍ਹ ਅਤੇ ਨਾਭਾ ਜੇਲ੍ਹ ਸੁਪਰਡੈਂਟ ਹੋਣਗੇ ਜ਼ਿੰਮੇਵਾਰ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਸੁਰੱਖਿਆ ਸੰਬੰਧੀ ਪੰਜਾਬ ਸਰਕਾਰ ਨੂੰ ਸਖ਼ਤ ਅਤੇ ਸਪੱਸ਼ਟ ਨਿਰਦੇਸ਼ ਜਾਰੀ ਕੀਤੇ ਹਨ। ਅਦਾਲਤ ਨੇ ਕਿਹਾ ਕਿ ਮਜੀਠੀਆ ਦੀ ਸੁਰੱਖਿਆ ਯਕੀਨੀ ਬਣਾਉਣਾ ਸੂਬਾ ਸਰਕਾਰ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ ਅਤੇ ਇਸ ਸੰਬੰਧ 'ਚ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸੁਣਵਾਈ ਦੌਰਾਨ ਹਾਈ ਕੋਰਟ ਨੇ ਸਪੱਸ਼ਟ ਤੌਰ 'ਤੇ ਚਿਤਾਵਨੀ ਦਿੱਤੀ ਕਿ ਜੇਕਰ ਮਜੀਠੀਆ ਦੇ ਸੁਰੱਖਿਆ ਪ੍ਰਬੰਧਾਂ 'ਚ ਕੋਈ ਵੀ ਕੁਤਾਹੀ ਪਾਈ ਜਾਂਦੀ ਹੈ, ਤਾਂ ਏ. ਡੀ. ਜੀ. ਪੀ (ਜੇਲ੍ਹਾਂ) ਅਤੇ ਨਾਭਾ ਜੇਲ੍ਹ ਦੇ ਸੁਪਰਡੈਂਟ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੋਣਗੇ। ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਕਿ ਅਜਿਹੀ ਸਥਿਤੀ 'ਚ ਸੰਬੰਧਿਤ ਅਧਿਕਾਰੀਆਂ ਵਿਰੁੱਧ ਨਿੱਜੀ ਤੌਰ 'ਤੇ ਕਾਰਵਾਈ ਕੀਤੀ ਜਾ ਸਕਦੀ ਹੈ। ਅਦਾਲਤ ਨੇ ਸੂਬਾ ਸਰਕਾਰ ਤੋਂ ਆਸ ਪ੍ਰਗਟਾਈ ਕਿ ਉਹ ਇਸ ਹੁਕਮ ਨੂੰ ਗੰਭੀਰਤਾ ਨਾਲ ਲਵੇਗੀ ਤੇ ਭਵਿੱਖ 'ਚ ਕਿਸੇ ਵੀ ਅਣਸੁਖਾਵੀਂ ਘਟਨਾ ਦੀ ਗੁੰਜਾਇਸ਼ ਨਹੀਂ ਛੱਡੇਗੀ। ਅਦਾਲਤ ਨੂੰ ਜਾਣਕਾਰੀ ਦਿੰਦਿਆਂ ਮਜੀਠੀਆ ਦੇ ਵਕੀਲ ਨੇ ਏ.ਡੀ.ਜੀ.ਪੀ. ਇੰਟੈਲੀਜੈਂਸ ਦੇ ਇਕ ਤਾਜ਼ਾ ਪੱਤਰ ਦਾ ਹਵਾਲਾ ਦਿੱਤਾ, ਜਿਸ 'ਚ ਖੁਲਾਸਾ ਕੀਤਾ ਗਿਆ ਹੈ ਕਿ ਮਜੀਠੀਆ ਨੂੰ ਜੇਲ੍ਹ ਅੰਦਰ ਵੀ ਇਕ ਪਾਬੰਦੀਸ਼ੁਦਾ ਖ਼ਾੜਕੂ ਸੰਗਠਨ ਤੋਂ ਖ਼ਤਰਾ ਹੈ। ਵਕੀਲ ਨੇ ਕਿਹਾ ਕਿ ਇਸ ਨਵੇਂ ਅਤੇ ਠੋਸ ਇਨਪੁਟ ਦੇ ਆਧਾਰ 'ਤੇ ਤੁਰੰਤ ਰਾਹਤ ਅਤੇ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਜ਼ਰੂਰੀ ਹੈ।

# ਮਾਘੀ ਮੇਲੇ ਤੋਂ ਵੱਜੇਗਾ ਚੋਣਾਂ ਦਾ ਘੁੱਗੂ

## ✪ 'ਆਪ', ਅਕਾਲੀ ਦਲ, ਭਾਜਪਾ ਕਾਨਫਰੰਸ ਕਰਕੇ ਕਰਨਗੇ ਸ਼ਕਤੀ ਪ੍ਰਦਰਸ਼ਨ, ਕਾਂਗਰਸ ਰਹੇਗੀ ਗੈਰ ਹਾਜਰ



ਪੰਜਾਬ ਵਿੱਚ ਸ੍ਰੀ ਮੁਕਤਸਰ ਸਾਹਿਬ ਦੇ ਇਤਿਹਾਸਕ ਮਾਘੀ ਮੇਲੇ ਤੋਂ ਆਗਾਮੀ ਵਿਧਾਨ ਸਭਾ ਚੋਣਾਂ ਦਾ ਬਿਗਲ ਵੱਜਣ ਜਾ ਰਿਹਾ ਹੈ। ਨਵਾਂ ਵਰ੍ਹਾ ਚੜ੍ਹਦੇ ਹੀ ਪੰਜਾਬ ਸਿਆਸੀ ਰੌਅ 'ਚ ਆ ਗਿਆ ਹੈ ਅਤੇ ਸਿਆਸੀ ਧਿਰਾਂ ਨੇ ਇਕਦਮ ਰਫ਼ਤਾਰ ਫੜ੍ਹ ਲਈ ਹੈ। 'ਆਪ' ਸਰਕਾਰ ਮਾਘੀ ਮੇਲੇ 'ਤੇ 14 ਜਨਵਰੀ ਨੂੰ ਸੂਬਾ ਪੱਧਰੀ ਸਮਾਗਮ ਕਰੇਗੀ, ਜਿਸ 'ਚ ਮੁੱਖ ਮੰਤਰੀ ਭਗਵੰਤ ਮਾਨ ਵੀ ਸ਼ਾਮਲ ਹੋਣਗੇ। ਅਕਾਲੀ ਦਲ ਮਲੋਟ ਰੋਡ 'ਤੇ ਪੰਡਾਲ ਸਜਾਏਗੀ ਤੇ ਭਾਜਪਾ ਵੀ ਪਹਿਲੀ ਵਾਰ ਆਪਣੇ ਦਮ 'ਤੇ ਸ਼ਕਤੀ ਪ੍ਰਦਰਸ਼ਨ ਕਰੇਗੀ।

'ਆਪ' ਕੋਟਕਪੂਰਾ ਰੋਡ 'ਤੇ ਸਿਆਸੀ ਕਾਨਫਰੰਸ ਕਰੇਗੀ। ਪਾਰਟੀ ਲੰਮੇ ਅਰਸੇ ਮਗਰੋਂ ਮਾਘੀ ਕਾਨਫਰੰਸ ਕਰ ਰਹੀ ਹੈ। ਬਾਦਲਾਂ ਦੇ ਗੜ੍ਹ 'ਚ 'ਆਪ' ਦੀ ਜ਼ਿਲ੍ਹਾ ਪਰਿਸ਼ਦ ਤੇ ਪੰਚਾਇਤ ਸਮਿਤੀ ਚੋਣਾਂ 'ਚ ਕਾਰਗੁਜ਼ਾਰੀ ਢਿੱਲੀ ਰਹੀ, ਜਿਸ ਦੇ ਮੱਦੇਨਜ਼ਰ 'ਆਪ' ਸਰਕਾਰ ਸ੍ਰੀ ਮੁਕਤਸਰ ਸਾਹਿਬ 'ਚ ਆਪਣੀ ਤਾਕਤ ਦਾ ਪ੍ਰਦਰਸ਼ਨ ਕਰਨਾ ਚਾਹੁੰਦੀ ਹੈ। ਮੁੱਖ ਮੰਤਰੀ ਨਿੱਜੀ ਤੌਰ 'ਤੇ ਮਾਘੀ ਕਾਨਫਰੰਸ 'ਚ ਰੁਚੀ ਲੈ ਰਹੇ ਹਨ। ਇਸ ਤੋਂ ਪਹਿਲਾਂ ਉਹ 2 ਨਵੰਬਰ 2025 ਨੂੰ ਵੀ ਮੁਕਤਸਰ ਸਾਹਿਬ ਦਾ ਗੇੜਾ ਲਾ ਚੁੱਕੇ ਹਨ। ਇਸੇ ਤਰ੍ਹਾਂ ਮੁੱਖ ਮੰਤਰੀ ਨੇ ਬਠਿੰਡਾ ਅਤੇ ਜਲੰਧਰ 'ਚ ਦੋ ਲੋਕ ਮਿਲਨੀਆਂ ਕੀਤੀਆਂ ਹਨ ਅਤੇ 'ਆਪ' ਸਿਆਸੀ ਰੰਗ 'ਚ ਆ ਗਈ ਹੈ। ਕਾਨਫ਼ਰੰਸ 'ਚ ਸ਼੍ਰੋਮਣੀ ਅਕਾਲੀ ਦਲ 'ਆਪ' ਦੇ ਨਿਸ਼ਾਨੇ 'ਤੇ ਰਹਿ ਸਕਦੀ ਹੈ।

ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਪਰਿਸ਼ਦ ਤੇ ਸਮਿਤੀ ਚੋਣਾਂ 'ਚ ਬਠਿੰਡਾ, ਮਾਨਸਾ ਤੇ ਮੁਕਤਸਰ ਸਾਹਿਬ 'ਚ ਹਾਵੀ ਰਹਿਣ ਕਰਕੇ ਹੁਣ ਮਾਘੀ ਕਾਨਫਰੰਸ ਦੀ ਤਿਆਰੀ 'ਚ ਜੁਟਿਆ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਮਲੋਟ ਰੋਡ 'ਤੇ ਸਿਆਸੀ ਕਾਨਫਰੰਸ ਕਰੇਗਾ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਾਫ਼ੀ ਦਿਨਾਂ ਤੋਂ ਮਾਘੀ ਕਾਨਫਰੰਸਾਂ ਦੀ ਤਿਆਰੀ 'ਚ ਲੱਗੇ ਹੋਏ ਹਨ। ਭਾਜਪਾ ਪਹਿਲੀ ਵਾਰ ਮਾਘੀ ਕਾਨਫ਼ਰੰਸ ਕਰ ਰਹੀ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਅਨੁਸਾਰ ਮਾਘੀ ਮੇਲੇ 'ਤੇ ਭਾਜਪਾ ਦੀ ਇਕੱਲੇ ਤੌਰ 'ਤੇ ਇਹ ਪਹਿਲੀ ਕਾਨਫਰੰਸ ਹੈ, ਜਿਸ 'ਚ ਭਾਰੀ ਇਕੱਠ ਜੁਟਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਹਾਲੇ ਤੱਕ ਤਾਂ ਸਟੇਟ ਲੀਡਰਸ਼ਿਪ ਤੋਂ ਇਲਾਵਾ ਸਾਬਕਾ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਕਾਨਫ਼ਰੰਸ 'ਚ ਪੁੱਜ ਰਹੇ ਹਨ। ਉਨ੍ਹਾਂ ਦੱਸਿਆ ਕਿ ਭਾਜਪਾ ਸਿਰਫ਼ ਲਾਗਲੇ ਜ਼ਿਲ੍ਹਿਆਂ 'ਚੋਂ ਇਕੱਠ ਕਰ ਰਹੀ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੀ ਡੇਰਾ ਭਾਈ ਮਸਤਾਨ ਵਾਲੀ ਜਗ੍ਹਾ 'ਤੇ ਕਾਨਫਰੰਸ ਕਰ ਰਿਹਾ ਹੈ। ਅਕਾਲੀ ਦਲ (ਵਾਰਸ ਪੰਜਾਬ ਦੇ) ਮਲੋਟ ਰੋਡ 'ਤੇ ਕਾਨਫ਼ਰੰਸ ਕਰੇਗਾ। ਕੁੱਲ ਮਿਲਾ ਕੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਲੋਹੜੀ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇ ਲੱਗੇ ਵੱਡੇ-ਵੱਡੇ ਸਿਆਸੀ ਫਲੈਕਸ ਅਤੇ ਹੋਰਡਿੰਗਜ਼ ਦੱਸ ਰਹੇ ਹਨ ਕਿ ਪੰਜਾਬ ਚੋਣਾਂ ਦਾ ਪਿੜ ਸਮੇਂ ਤੋਂ ਪਹਿਲਾਂ ਹੀ ਭਖ ਗਿਆ ਹੈ।

### ਕਾਂਗਰਸ ਨਹੀਂ ਕਰੇਗੀ ਕਾਨਫਰੰਸ

ਐਤਕੀਂ ਕਾਂਗਰਸ ਮਾਘੀ ਮੇਲੇ 'ਤੇ ਕਾਨਫਰੰਸ ਨਹੀਂ ਕਰੇਗੀ। ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਜੱਦੀ ਸ਼ਹਿਰ ਮੁਕਤਸਰ ਸਾਹਿਬ 'ਚ ਕਾਨਫਰੰਸ ਨਾ ਹੋਣ ਦੇ ਸਿਆਸੀ ਅੰਦਾਜ਼ੇ ਵੀ ਲੋਕ ਚਰਚਾ ਦਾ ਹਿੱਸਾ ਬਣ ਰਹੇ ਹਨ। ਇਸ ਜ਼ਿਲ੍ਹੇ 'ਚ ਪਰਿਸ਼ਦ ਚੋਣਾਂ 'ਚ ਵੀ ਕਾਂਗਰਸ ਦੀ ਹਾਲਤ ਮਾੜੀ ਰਹੀ ਸੀ। ਕਾਂਗਰਸ ਕਈ ਦਿਨਾਂ ਤੋਂ ਪੰਜਾਬ 'ਚ ਮਗਨਰੇਗਾ 'ਚ ਬਦਲਾਅ ਖ਼ਿਲਾਫ਼ ਰੈਲੀਆਂ ਕਰ ਰਹੀ ਹੈ। ਕਾਂਗਰਸੀ ਰੈਲੀਆਂ 'ਚੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਗੈਰ-ਮੌਜੂਦਗੀ ਵੀ ਸਿਆਸੀ ਹਲਕਿਆਂ 'ਚ ਰੜਕ ਰਹੀ ਹੈ।

# ਇੰਗਲੈਂਡ 'ਚ ਦੀਨਾਨਗਰ ਦੇ 27 ਸਾਲਾ ਨੌਜਵਾਨ ਦੀ ਰਹੱਸਮਈ ਮੌਤ, ਮ੍ਰਿਤਕ ਇੱਕਲੌਤੇ ਪੁੱਤਰ ਦੇ ਮਾਪਿਆਂ ਵੱਲੋਂ ਮੌਤ ਦੇ ਕਾਰਨਾਂ ਦਾ ਪਤਾ ਲਗਾਉਣ ਅਤੇ ਮ੍ਰਿਤਕ ਦੇਹ ਭਾਰਤ ਭੇਜਣ ਦੀ ਮੰਗ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਦੀਨਾਨਗਰ ਨਾਲ ਸਬੰਧਿਤ 27 ਸਾਲਾ ਨੌਜਵਾਨ ਨਮਨ ਖੁੱਲਰ ਦੀ ਇੰਗਲੈਂਡ ਦੇ ਬਰਮਿੰਘਮ ਸ਼ਹਿਰ ਵਿੱਚ 11 ਜਨਵਰੀ ਨੂੰ ਸ਼ੱਕੀ ਹਾਲਾਤਾਂ ਹੇਠ ਮੌਤ ਹੋ ਜਾਣ ਦੀ ਦੁੱਖਦਾਈ ਖ਼ਬਰ ਨਾਲ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਹੈ। ਇਸ ਅਚਾਨਕ ਘਟਨਾ ਨਾਲ ਨਾ ਸਿਰਫ਼ ਪਰਿਵਾਰ, ਸਗੋਂ ਪੂਰੇ ਦੀਨਾਨਗਰ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਮ੍ਰਿਤਕ ਨਮਨ ਖੁੱਲਰ ਪੁੱਤਰ ਪਵਨ ਕੁਮਾਰ ਪਿਛਲੇ ਕਰੀਬ ਪੰਜ ਸਾਲਾਂ ਤੋਂ ਰੋਜ਼ੀ-ਰੋਟੀ ਕਮਾਉਣ ਦੇ ਮਕਸਦ ਨਾਲ ਇੰਗਲੈਂਡ ਦੇ ਬਰਮਿੰਘਮ ਸ਼ਹਿਰ ਵਿੱਚ ਰਹਿ ਰਿਹਾ ਸੀ। ਪਰਿਵਾਰਕ ਸੂਤਰਾਂ ਮੁਤਾਬਕ ਨਮਨ ਆਪਣੇ ਘਰ ਦਾ ਇਕੱਲਾ ਕਮਾਉਣ ਵਾਲਾ ਸੀ ਅਤੇ ਉਸ ਦੀ ਕਮਾਈ ਨਾਲ ਹੀ ਪਰਿਵਾਰ ਦਾ ਗੁਜ਼ਾਰਾ ਚੱਲਦਾ ਸੀ। ਨਮਨ ਦੇ ਪਿਤਾ ਪਵਨ ਕੁਮਾਰ ਦੀਨਾਨਗਰ ਵਿੱਚ ਚਾਹ ਵੇਚਣ ਦਾ ਕੰਮ ਕਰਦੇ ਹਨ, ਪਰ ਉਨ੍ਹਾਂ ਦੀ ਆਮਦਨ ਘੱਟ ਹੋਣ ਕਾਰਨ ਪਰਿਵਾਰ ਦੀ ਆਰਥਿਕ ਹਾਲਤ ਪਹਿਲਾਂ ਹੀ ਕਾਫ਼ੀ ਕਮਜ਼ੋਰ ਦੱਸੀ ਜਾ ਰਹੀ ਹੈ।

ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ 11 ਜਨਵਰੀ ਨੂੰ ਇੰਗਲੈਂਡ ਤੋਂ ਨਮਨ ਦੀ ਮੌਤ ਦੀ ਸੂਚਨਾ ਮਿਲੀ, ਜਿਸ ਤੋਂ ਬਾਅਦ ਘਰ ਵਿੱਚ ਮਾਤਮ ਛਾ ਗਿਆ। ਮੌਤ ਦੇ ਕਾਰਨਾਂ ਬਾਰੇ ਹਾਲੇ ਤੱਕ ਕੋਈ ਸਪਸ਼ਟ ਜਾਣਕਾਰੀ ਪਰਿਵਾਰ ਨੂੰ ਪ੍ਰਾਪਤ ਨਹੀਂ ਹੋ ਸਕੀ ਹੈ, ਜਿਸ ਕਾਰਨ ਮੌਤ ਨੂੰ ਸ਼ੱਕੀ ਮੰਨਿਆ ਜਾ ਰਿਹਾ ਹੈ। ਪਰਿਵਾਰ ਵੱਲੋਂ ਇਸ ਮਾਮਲੇ ਦੀ ਗਹਿਰਾਈ ਨਾਲ ਜਾਂਚ ਕਰਵਾਉਣ ਦੀ ਮੰਗ ਕੀਤੀ ਜਾ ਰਹੀ ਹੈ ਤਾਂ ਜੋ ਮੌਤ ਦੇ ਅਸਲੀ ਕਾਰਨਾਂ ਦਾ ਪਤਾ ਲੱਗ ਸਕੇ।



ਨਮਨ ਖੁੱਲਰ ਦੀ ਪੁਰਾਣੀ ਤਸਵੀਰ।

ਦੂਜੇ ਪਾਸੇ ਵਿਦੇਸ਼ ਤੋਂ ਮ੍ਰਿਤਕ ਦੇਹ ਭਾਰਤ ਲਿਆਉਣਾ ਪਰਿਵਾਰ ਦੀ ਆਰਥਿਕ ਸਮਰਥਾ ਤੋਂ ਪੂਰੀ ਤਰ੍ਹਾਂ ਬਾਹਰ ਦੱਸਿਆ ਜਾ ਰਿਹਾ ਹੈ। ਇਸ ਸਬੰਧ ਵਿੱਚ ਪਰਿਵਾਰ ਨੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਸਮੇਤ ਬਰਤਾਨੀਆ ਸਰਕਾਰ ਕੋਲ ਅਪੀਲ ਕੀਤੀ ਹੈ ਕਿ ਨਮਨ ਖੁੱਲਰ ਦੀ ਮ੍ਰਿਕ ਦੇਹ ਜਲਦ ਤੋਂ ਜਲਦ ਭਾਰਤ ਲਿਆਉਣ ਲਈ ਲੋੜੀਂਦੀ ਆਰਥਿਕ ਅਤੇ ਪ੍ਰਸ਼ਾਸਨਕ ਮਦਦ ਪ੍ਰਦਾਨ ਕੀਤੀ ਜਾਵੇ।

ਪਰਿਵਾਰ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਵੱਲੋਂ ਮਦਦ ਨਾ ਮਿਲੀ ਤਾਂ ਉਹ ਆਪਣੇ ਨੌਜਵਾਨ ਪੁੱਤਰ ਦਾ ਅੰਤਿਮ ਸੰਸਕਾਰ ਵੀ ਢੰਗ ਨਾਲ ਕਰਨ ਦੇ ਯੋਗ ਨਹੀਂ ਰਹਿਣਗੇ। ਇਸ ਦੁੱਖਦਾਈ ਘਟਨਾ ਨੇ ਹਰ ਦਿਲ ਨੂੰ ਝੰਝੋੜ ਕੇ ਰੱਖ ਦਿੱਤਾ ਹੈ ਅਤੇ ਇਲਾਕੇ ਦੇ ਲੋਕ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ ਸਰਕਾਰ ਤੋਂ ਮਦਦ ਦੀ ਮੰਗ ਕਰ ਰਹੇ ਹਨ।

## ਅਪਰਾਧਿਕ ਗਤੀਵਿਧੀਆਂ ਕਾਰਣ ਅਮਰੀਕਾ ਵੱਲੋਂ ਸਾਲ 2025 ਵਿੱਚ ਲੱਖ ਤੋਂ ਵੱਧ ਵੀਜ਼ੇ ਰਦ

ਵਸ਼ਿੰਗਟਨ-ਅਮਰੀਕਾ ਨੇ ਆਪਣੇ ਦੇਸ਼ ਵਿਚ ਰਹਿਣ ਦੇ ਚਾਹਵਾਨਾਂ ਦੇ ਸਾਲ 2025 ਦੌਰਾਨ ਇਕ ਲੱਖ ਤੋਂ ਵੱਧ ਵੀਜ਼ੇ ਰੱਦ ਕਰ ਦਿੱਤੇ ਹਨ। ਅਮਰੀਕਾ ਨੇ ਇਸ ਪਿੱਛੇ ਅਪਰਾਧਿਕ ਗਤੀਵਿਧੀਆਂ ਦਾ ਹਵਾਲਾ ਦਿੱਤਾ ਹੈ। ਇਨ੍ਹਾਂ ਰੱਦ ਕੀਤੇ ਗਏ ਵੀਜ਼ਿਆਂ ਵਿਚ 8,000 ਵਿਦਿਆਰਥੀ ਵੀ ਸ਼ਾਮਲ ਹਨ। ਵਿਦੇਸ਼ ਵਿਭਾਗ ਨੇ ਕਿਹਾ ਕਿ ਉਹ ਅਮਰੀਕਾ ਨੂੰ ਸੁਰੱਖਿਅਤ ਰੱਖਣ ਲਈ ਇਨ੍ਹਾਂ ਅਪਰਾਧਿਕ ਬਿਰਤੀ ਵਾਲੇ ਲੋਕਾਂ ਨੂੰ ਦੇਸ਼ ਨਿਕਾਲਾ ਦੇਣਾ ਜਾਰੀ ਰੱਖਣਗੇ। ਵਿਦੇਸ਼ ਵਿਭਾਗ ਦੇ ਪ੍ਰਿੰਸੀਪਲ ਡਿਪਟੀ ਬੁਲਾਰੇ ਟੌਮੀ ਪਿਗੋਟ ਨੇ ਕਿਹਾ ਕਿ ਵਿਦੇਸ਼ ਵਿਭਾਗ ਨੇ ਹੁਣ 1,00,000 ਤੋਂ ਵੱਧ ਵੀਜ਼ੇ ਰੱਦ ਕਰ ਦਿੱਤੇ ਹਨ, ਜਿਨ੍ਹਾਂ ਵਿੱਚ ਲਗਭਗ 8,000 ਵਿਦਿਆਰਥੀ ਵੀਜ਼ੇ ਵੀ ਸ਼ਾਮਲ ਹਨ। ਇਸ ਤੋਂ ਇਲਾਵਾ 2,500 ਵਿਸ਼ੇਸ਼ ਵੀਜ਼ੇ ਉਨ੍ਹਾਂ ਵਿਅਕਤੀਆਂ ਦੇ ਰੱਦ ਕੀਤੇ ਗਏ ਹਨ ਜਿਨ੍ਹਾਂ ਦਾ ਅਪਰਾਧਿਕ ਕਿਰਦਾਰ ਸਾਹਮਣੇ ਆਇਆ ਹੈ। ਅਮਰੀਕਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਕਿਹਾ ਕਿ ਇਸ ਵਿੱਚ ਹਜ਼ਾਰਾਂ ਵਿਦੇਸ਼ੀ ਨਾਗਰਿਕਾਂ ਦੇ ਰੱਦ ਕੀਤੇ ਗਏ ਵੀਜ਼ੇ ਸ਼ਾਮਲ ਹਨ ਜਿਨ੍ਹਾਂ 'ਤੇ ਲੜਾਈ-ਝਗੜਾ, ਚੋਰੀ ਅਤੇ ਨਸ਼ੇ ਦੀ ਹਾਲਤ ਵਿੱਚ ਗੱਡੀ ਚਲਾਉਣ ਵਰਗੇ ਦੋਸ਼ ਲੱਗੇ ਹਨ। ਫੌਕਸ ਨਿਊਜ਼ ਦੀ ਇੱਕ ਰਿਪੋਰਟ ਅਨੁਸਾਰ 2025 ਵਿੱਚ ਰੱਦ ਕੀਤੇ ਗਏ ਵੀਜ਼ਾ ਦੀ ਗਿਣਤੀ 2024 ਵਿੱਚ ਰੱਦ ਕੀਤੇ ਗਏ 40,000 ਵੀਜ਼ਾ ਨਾਲੋਂ ਦੁੱਗਣੀ ਤੋਂ ਵੀ ਵੱਧ ਹੈ ਜੋ ਸਾਬਕਾ ਰਾਸ਼ਟਰਪਤੀ ਜੋਏ ਬਾਇਡਨ ਪ੍ਰਸ਼ਾਸਨ ਵੱਲੋਂ ਆਖਰੀ ਸਾਲ ਵਿਚ ਰੱਦ ਕੀਤੇ ਗਏ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2025 ਵਿੱਚ ਰੱਦ ਕੀਤੇ ਗਏ ਵੀਜ਼ੇ ਜ਼ਿਆਦਾਤਰ ਕਾਰੋਬਾਰੀਆਂ ਅਤੇ ਸੈਲਾਨੀ ਯਾਤਰੀਆਂ ਦੇ ਸਨ ਜੋ ਆਪਣੇ ਵੀਜ਼ਾ ਦੀ ਮਿਆਦ ਤੋਂ ਵੱਧ ਸਮੇਂ ਲਈ ਰਹੇ ਸਨ।

# ਕੀ ਆਪ ਆਗੂ ਆਤਿਸ਼ੀ ਦੀ ਕਥਿਤ ਟਿੱਪਣੀ ਰਾਹੀਂ ਗੁਰੂ ਸਾਹਿਬਾਨ ਦਾ ਅਪਮਾਨ ਹੋਇਆ ?

## ✪ ਕੀ ਹੈ ਹਕੀਕਤ, ਕਿਉ ਗਰਮਾਈ ਸਿਆਸਤ, ਦਿੱਲੀ ਵਿਧਾਨ ਸਭਾ ਦੇ ਸਪੀਕਰ ਨੇ ਪੰਜਾਬ ਪੁਲਿਸ ਨੂੰ ਕਿਉਂ ਭੇਜਿਆ ਨੋਟਿਸ ✪ ਪੰਥਕ ਧਿਰਾਂ ਤੇ ਸਿਆਸੀ ਆਗੂਆਂ ਨੇ ਆਪ ਨੂੰ ਕਿਉਂ ਘੇਰਿਆ ?

ਦਿੱਲੀ ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ ਵਿੱਚ ਆਮ ਆਦਮੀ ਪਾਰਟੀ (ਆਪ) ਦੀ ਵਿਰੋਧੀ ਧਿਰ ਦੀ ਆਗੂ ਅਤੇ ਸਾਬਕਾ ਮੁੱਖ ਮੰਤਰੀ ਆਤਿਸ਼ੀ ਵੱਲੋਂ ਕਥਿਤ ਤੌਰ ’ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸਬੰਧਤ ਵਿਵਾਦਤ ਟਿੱਪਣੀ ਨੇ ਨਾ ਸਿਰਫ਼ ਦਿੱਲੀ ਬਲਕਿ ਪੰਜਾਬ ਵਿੱਚ ਵੀ ਸਿਆਸੀ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ। ਇਹ ਮਾਮਲਾ 6 ਜਨਵਰੀ ਨੂੰ ਸ਼ੁਰੂ ਹੋਇਆ ਅਤੇ ਹੁਣ ਇਸ ਨੇ ਵਿਧਾਨ ਸਭਾ ਦੇ ਸਪੀਕਰ ਵੱਲੋਂ ਪੰਜਾਬ ਪੁਲਿਸ ਨੂੰ ਨੋਟਿਸ ਜਾਰੀ ਕਰਨ ਤੱਕ ਪਹੁੰਚ ਗਿਆ ਹੈ। ਵਿਰੋਧੀ ਪਾਰਟੀਆਂ ਜਿਵੇਂ ਭਾਰਤੀ ਜਨਤਾ ਪਾਰਟੀ (ਭਾਜਪਾ), ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ), ਕਾਂਗਰਸ ਅਤੇ ਪੰਥਕ ਆਗੂ ਇਸ ਨੂੰ ਗੁਰੂ ਸਾਹਿਬਾਨ ਦਾ ਅਪਮਾਨ ਦੱਸ ਰਹੇ ਹਨ, ਜਦਕਿ ਆਪ ਨੇ ਇਸ ਨੂੰ ਭਾਜਪਾ ਦੀ ਸਾਜਿਸ਼ ਅਤੇ ਫੇਕ ਵੀਡੀਓ ਨਾਲ ਜੋੜ ਕੇ ਖਾਰਜ ਕੀਤਾ ਹੈ।

ਇਹ ਵਿਵਾਦ ਦਿੱਲੀ ਵਿਧਾਨ ਸਭਾ ਦੇ ਸਰਦ ਰੁੱਤ ਇਜਲਾਸ ਦੌਰਾਨ 6 ਜਨਵਰੀ 2026 ਨੂੰ ਸ਼ੁਰੂ ਹੋਇਆ ਸੀ। ਵਿਧਾਨ ਸਭਾ ਦੇ ਫੇਸਬੁੱਕ ਪੇਜ ਉੱਤੇ ਲਾਈਵ ਪ੍ਰਸਾਰਣ ਅਨੁਸਾਰ, ਸਪੀਕਰ ਵਿਜੇਂਦਰ ਗੁਪਤਾ ਨੇ ਰਾਜਪਾਲ ਦੇ ਭਾਸ਼ਣ ਉੱਤੇ ਧੰਨਵਾਦ ਭਾਸ਼ਣ ਦੇਣ ਦਾ ਐਲਾਨ ਕੀਤਾ ਸੀ। ਇਸ ਦੌਰਾਨ ਆਪ ਵੱਲੋਂ ਪ੍ਰਦੂਸ਼ਣ ਦੇ ਮੁੱਦੇ ਉੱਤੇ ਚਰਚਾ ਦੀ ਮੰਗ ਕੀਤੀ ਗਈ। ਇਸ ਨੂੰ ਲੈ ਕੇ ਸਦਨ ਵਿੱਚ ਬਹਿਸ ਸ਼ੁਰੂ ਹੋ ਗਈ ਅਤੇ ਸਪੀਕਰ ਨੇ ਕਿਹਾ ਕਿ ਚਰਚਾ ਅਗਲੇ ਦਿਨ ਹੋਵੇਗੀ।

ਇਸੇ ਵਿਚਕਾਰ ਭਾਜਪਾ ਆਗੂ ਅਤੇ ਦਿੱਲੀ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਆਤਿਸ਼ੀ ਉਪਰ ਗੁਰੂਆਂ ਬਾਰੇ ਅਜਿਹੇ ਸ਼ਬਦ ਵਰਤਣ ਦਾ ਇਲਜ਼ਾਮ ਲਾਇਆ ਜੋ ਅਪਮਾਨਜਨਕ ਸਨ। ਹਾਲਾਂਕਿ ਲਾਈਵ ਪ੍ਰਸਾਰਣ ਵਿੱਚ ਆਵਾਜ਼ ਸਪਸ਼ਟ ਨਹੀਂ ਸੀ ਅਤੇ ਮਾਈਕ ਬੰਦ ਜਾਪਦੇ ਸਨ। ਆਤਿਸ਼ੀ ਅਤੇ ਸਿਰਸਾ ਆਪਣੀਆਂ ਸੀਟਾਂ ਤੋਂ ਖੜ੍ਹੇ ਹੋ ਕੇ ਬੋਲ ਰਹੇ ਸਨ। ਇਸ ਨੇ ਸਦਨ ਵਿੱਚ ਹੰਗਾਮਾ ਸ਼ੁਰੂ ਕਰ ਦਿੱਤਾ ਅਤੇ ਕਾਰਵਾਈ ਮੁਅੱਤਲ ਕਰਨੀ ਪਈ। ਭਾਜਪਾ ਨੇ ਦਾਅਵਾ ਕੀਤਾ ਕਿ ਆਤਿਸ਼ੀ ਨੇ ਗੁਰੂ ਤੇਗ ਬਹਾਦਰ ਜੀ ਦਾ ਜ਼ਿਕਰ ਕਰਦਿਆਂ ਅਜਿਹੇ ਸ਼ਬਦ ਵਰਤੇ ਜੋ ਅਪਮਾਨਜਨਕ ਹਨ ਅਤੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੇ ਹਨ। ਮਨਜਿੰਦਰ ਸਿਰਸਾ ਨੇ ਆਪਣੇ ਐਕਸ ਅਕਾਊਂਟ ਉੱਤੇ ਵਿਧਾਨ ਸਭਾ ਕਾਰਵਾਈ ਦੀ ਵੀਡੀਓ ਪਾ ਕੇ ਇਲਜ਼ਾਮ ਲਾਏ ਅਤੇ ਕਿਹਾ, “ਆਤਿਸ਼ੀ ਨੇ ਗੁਰੂ ਤੇਗ ਬਹਾਦਰ ਬਾਰੇ ਬਹੁਤ ਅਪਮਾਨਜਨਕ ਭਾਸ਼ਾ ਵਰਤੀ ਹੈ, ਜੋ ਅੱਜ ਤੱਕ ਕਦੇ ਨਹੀਂ ਵਰਤੀ ਗਈ।” ਉਨ੍ਹਾਂ ਨੇ ਸਪੀਕਰ ਨੂੰ ਪੱਤਰ ਲਿਖ ਕੇ ਆਤਿਸ਼ੀ ਖ਼ਿਲਾਫ਼ ਕੇਸ ਦਰਜ ਕਰਨ, ਮੈਂਬਰਸ਼ਿਪ ਰੱਦ ਕਰਨ ਅਤੇ ਜੇਲ੍ਹ ਭੇਜਣ ਦੀ ਮੰਗ ਕੀਤੀ।

ਹਾਲਾਂਕਿ ਆਤਿਸ਼ੀ ਨੇ ਇਨ੍ਹਾਂ ਇਲਜ਼ਾਮਾਂ ਨੂੰ ਪੂਰੀ ਤਰ੍ਹਾਂ ਖਾਰਜ ਕੀਤਾ। ਉਨ੍ਹਾਂ ਨੇ ਐਕਸ ਉੱਤੇ ਵੀਡੀਓ ਪਾ ਕੇ ਲਿਖਿਆ ਕਿ ਉਹ



ਪ੍ਰਦੂਸ਼ਣ ਅਤੇ ਆਵਾਰਾ ਕੁੱਤਿਆਂ ਦੇ ਮੁੱਦੇ ’ਤੇ ਗੱਲ ਕਰ ਰਹੀ ਸੀ। “ਵੀਡੀਓ ਵਿੱਚ, ਮੈਂ ਭਾਜਪਾ ਵੱਲੋਂ ਪ੍ਰਦੂਸ਼ਣ ’ਤੇ ਚਰਚਾ ਕਰਨ ਤੋਂ ਬਚਣ ਅਤੇ ਅਵਾਰਾ ਕੁੱਤਿਆਂ ਦੇ ਮੁੱਦੇ ’ਤੇ ਹੋਏ ਪ੍ਰਦਰਸ਼ਨ ਦੀ ਗੱਲ ਕੀਤੀ ਸੀ ’ਤਾਂ, ਤੁਸੀਂ ਕਰੋ ਨਾ ਚਰਚਾ ਕਿਉਂ ਸਵੇਰ ਤੋਂ ਭੱਜ ਰਹੇ ਹੋ, ਤੁਸੀਂ ਕਹਿ ਰਹੇ ਹੋ, ‘ਕੁੱਤਿਆਂ ਦਾ ਸਤਿਕਾਰ ਕਰੋ !” ਉਨ੍ਹਾਂ ਨੇ ਭਾਜਪਾ ਉੱਤੇ ਨਫ਼ਰਤ ਫੈਲਾਉਣ ਅਤੇ ਗੁਰੂ ਜੀ ਦਾ ਨਾਮ ਝੂਠੇ ਢੰਗ ਨਾਲ ਖਿੱਚਣ ਦਾ ਇਲਜ਼ਾਮ ਲਾਇਆ। ਆਤਿਸ਼ੀ ਨੇ ਕਿਹਾ, “ਮੈਂ ਇੱਕ ਅਜਿਹੇ ਪਰਿਵਾਰ ਤੋਂ ਹਾਂ ਜਿੱਥੇ ਪੀੜ੍ਹੀਆਂ ਤੋਂ ਵੱਡੇ ਪੁੱਤਰ ਨੇ ਸਿੱਖ ਧਰਮ ਅਪਣਾਇਆ ਹੈ। ਮੈਂ ਆਪਣੀ ਜਾਨ ਦੇ ਸਕਦੀ ਹਾਂ ਪਰ ਮੈਂ ਗੁਰੂ ਸਾਹਿਬ ਦਾ ਅਪਮਾਨ ਨਹੀਂ ਕਰ ਸਕਦੀ।” ਇਸ ਵਿਵਾਦ ਨੇ ਜਲਦੀ ਹੀ ਪੰਜਾਬ ਵਿੱਚ ਪੈਰ ਪਸਾਰ ਲਏ। 9 ਜਨਵਰੀ ਨੂੰ ਪੰਜਾਬ ਪੁਲਿਸ ਨੇ ਇਕਬਾਲ ਸਿੰਘ ਨਾਮ ਦੇ ਵਿਅਕਤੀ ਦੀ ਸ਼ਿਕਾਇਤ ਉੱਤੇ ਭਾਜਪਾ ਆਗੂ ਕਪਿਲ ਮਿਸ਼ਰਾ ਖ਼ਿਲਾਫ਼ ਐੱਫਆਈਆਰ ਦਰਜ ਕੀਤੀ। ਪੁਲਿਸ ਨੇ ਦੱਸਿਆ ਕਿ ਵੀਡੀਓ ਦੀ ਫੌਰੈਂਸਿਕ ਜਾਂਚ ਵਿੱਚ ਪਤਾ ਚੱਲਿਆ ਕਿ ਆਤਿਸ਼ੀ ਨੇ ਕਿਤੇ ਵੀ “ਗੁਰੂ” ਸ਼ਬਦ ਨਹੀਂ ਵਰਤਿਆ। ਇਸ ਨੇ ਮਾਮਲੇ ਨੂੰ ਨਵਾਂ ਮੋੜ ਦਿੱਤਾ ਅਤੇ ਦਿੱਲੀ ਵਿਧਾਨ ਸਭਾ ਸਪੀਕਰ ਵਿਜੇਂਦਰ ਗੁਪਤਾ ਨੇ ਇਸ ਨੂੰ ਵਿਧਾਨ ਸਭਾ ਦੇ ਅਧਿਕਾਰਾਂ ਦੀ ਉਲੰਘਣਾ ਦੱਸ ਕੇ ਪੰਜਾਬ ਪੁਲਿਸ ਦੇ ਡੀਜੀਪੀ, ਸਪੈਸ਼ਲ ਡੀਜੀਪੀ ਸਾਈਬਰ ਕ੍ਰਾਈਮ ਅਤੇ ਜਲੰਧਰ ਪੁਲਿਸ ਕਮਿਸ਼ਨਰ ਨੂੰ ਨੋਟਿਸ ਜਾਰੀ ਕੀਤਾ। ਗੁਪਤਾ ਨੇ ਕਿਹਾ, “ਇਹ ਵੀਡੀਓ ਸਦਨ ਦੀ ਜਾਇਦਾਦ ਹੈ ਅਤੇ ਇਸ ਦੇ ਆਧਾਰ ’ਤੇ ਐੱਫਆਈਆਰ ਦਰਜ ਕਰਨਾ ਗੰਭੀਰ ਮਾਮਲਾ ਹੈ।” ਉਨ੍ਹਾਂ ਨੇ ਵੀਡੀਓ ਨੂੰ ਫੌਰੈਂਸਿਕ ਜਾਂਚ ਲਈ ਭੇਜ ਦਿੱਤਾ ਅਤੇ ਮਾਮਲਾ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪ ਦਿੱਤਾ। ਇਸ ਨੋਟਿਸ ਨੇ ਪੰਜਾਬ ਅਤੇ ਦਿੱਲੀ ਵਿਚਕਾਰ ਅੰਤਰ-ਰਾਜੀ ਵਿਵਾਦ ਨੂੰ ਜਨਮ ਦਿੱਤਾ। ਗੁਪਤਾ ਨੇ ਕਿਹਾ, “ਜਦੋਂ ਅਸੀਂ ਜਾਂਚ ਲਈ ਭੇਜ ਦਿੱਤਾ ਤਾਂ ਪੰਜਾਬ ਵਿੱਚ ਅਜਿਹਾ ਕਰਨ ਦੀ ਕੀ ਲੋੜ ਸੀ ?” ਇਸ ਨੇ ਸਿਆਸਤ ਨੂੰ ਗਰਮਾਇਆ ਕਿਉਂਕਿ ਪੰਜਾਬ ਵਿੱਚ ਆਪ ਦੀ ਸਰਕਾਰ ਹੈ ਅਤੇ ਭਾਜਪਾ ਇਸ ਨੂੰ ਸਿਆਸੀ ਬਦਲਾਖੋਰੀ ਵਜੋਂ ਵੇਖ ਰਹੀ ਹੈ।

ਇਹ ਵਿਵਾਦ ਕੇਵਲ ਇੱਕ ਟਿੱਪਣੀ ਤੱਕ ਸੀਮਤ ਨਹੀਂ ਰਿਹਾ ਬਲਕਿ ਇਸ ਨੇ ਪੰਜਾਬ ਦੀ ਸਿਆਸਤ ਨੂੰ ਵੀ ਭਖਾ ਦਿੱਤਾ ਹੈ। ਪੰਜਾਬ ਵਿੱਚ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਮਾਮਲੇ ਹਮੇਸ਼ਾ ਸਿਆਸੀ ਲਾਭ ਲਈ ਵਰਤੇ ਜਾਂਦੇ ਹਨ। ਭਾਜਪਾ ਨੇ ਆਪ ਨੂੰ ਸਿੱਖ ਵਿਰੋਧੀ ਦੱਸ ਕੇ ਪੰਜਾਬ ਵਿੱਚ ਆਪਣੀ ਪਕੜ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਕਾਲੀ ਦਲ ਅਤੇ ਕਾਂਗਰਸ ਨੇ ਵੀ ਇਸ ਨੂੰ ਮੌਕਾ ਵਜੋਂ ਵੇਖਿਆ ਹੈ ਕਿਉਂਕਿ ਪੰਜਾਬ ਵਿੱਚ ਆਪ ਦੀ ਸਰਕਾਰ ਨੂੰ ਘੇਰਨ ਲਈ ਧਾਰਮਿਕ ਮੁੱਦੇ ਅਹਿਮ ਹਨ। ਪੰਜਾਬ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਨੂੰ ਭਾਜਪਾ ਦੀ ਸਾਜਿਸ਼ ਕਿਹਾ ਅਤੇ ਕਿਹਾ, “ਭਾਜਪਾ ਨੇ ਫਰਜ਼ੀ ਵੀਡੀਓ ਵਿੱਚ ਗੁਰੂਆਂ ਦਾ ਨਾਮ ਜੋੜ ਕੇ ਬੇਅਦਬੀ ਕੀਤੀ ਹੈ। ਇਹ ਫਿਰਕੂ ਹਿੰਸਾ ਭੜਕਾਉਣ ਦੀ ਘਟੀਆ ਸਾਜਿਸ਼ ਹੈ।” ਉਨ੍ਹਾਂ ਨੇ ਭਾਜਪਾ, ਅਕਾਲੀ ਦਲ ਅਤੇ ਕਾਂਗਰਸ ਨੂੰ ਰਲੇਮਿਲੇ ਦੱਸ ਕੇ ਤੰਜ ਕੱਸਿਆ। ਇਸ ਨੇ ਵਿਰੋਧੀ ਪਾਰਟੀਆਂ ਨੂੰ ਹੋਰ ਭੜਕਾਇਆ ਅਤੇ ਪੰਜਾਬ ਵਿੱਚ ਰੋਸ ਪ੍ਰਦਰਸ਼ਨ ਸ਼ੁਰੂ ਹੋ ਗਏ।

ਵਿਰੋਧੀ ਪਾਰਟੀਆਂ ਨੇ ਇਸ ਮਾਮਲੇ ਵਿੱਚ ਆਤਿਸ਼ੀ ਖ਼ਿਲਾਫ਼ ਸਖ਼ਤ ਰੁਖ ਅਪਣਾਇਆ ਹੈ। ਭਾਜਪਾ ਦੇ ਕੌਮੀ ਸੰਸਦੀ ਬੋਰਡ ਮੈਂਬਰ ਇਕਬਾਲ ਸਿੰਘ ਲਾਲਪੁਰਾ ਨੇ ਕਿਹਾ, “ਸਿੱਖ ਭਾਵਨਾਵਾਂ ਨਾਲ ਖਿਲਵਾੜ ਲਈ ਆਤਿਸ਼ੀ ਨੂੰ ਤੁਰੰਤ ਅਸਤੀਫ਼ਾ ਦੇਣਾ ਚਾਹੀਦਾ ਹੈ। ਆਪ ਨੇ ਗੁਰੂ ਨਿੰਦਾ ਨੂੰ ਡੱਟ ਕੇ ਪਹਿਰਾ ਦਿੱਤਾ ਹੈ।” ਉਨ੍ਹਾਂ ਨੇ ਭਗਵੰਤ ਮਾਨ ਨੂੰ ਵੀ ਨੈਤਿਕ ਅਧਿਕਾਰ ਗੁਆਉਣ ਵਾਲਾ ਦੱਸ ਕੇ ਅਸਤੀਫ਼ੇ ਦੀ ਮੰਗ ਕੀਤੀ। ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਰੋਸ ਪ੍ਰਦਰਸ਼ਨ ਕੀਤੇ ਅਤੇ ਆਤਿਸ਼ੀ ਦੇ ਪੁਤਲੇ ਸਾੜ੍ਹੇ। ਅਕਾਲੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ, “ਆਤਿਸ਼ੀ ਦੀ ਟਿੱਪਣੀ ਆਪ ਦੀ ਸਿੱਖ ਵਿਰੋਧੀ ਸੋਚ ਨੂੰ ਬੇਨਕਾਬ ਕਰਦੀ ਹੈ। ਉਸ ਦੀ ਵਿਧਾਨ ਸਭਾ ਮੈਂਬਰਸ਼ਿਪ ਰੱਦ ਹੋਵੇ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਧਾਰਾ ਤਹਿਤ ਕੇਸ ਦਰਜ ਹੋਵੇ।” ਅਕਾਲੀ ਵਰਕਰਾਂ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਮੰਗ ਪੱਤਰ ਸੌਂਪੇ ਅਤੇ ਰਾਜਪਾਲ ਨੂੰ ਕਾਰਵਾਈ ਦੀ ਅਪੀਲ ਕੀਤੀ।

ਕਾਂਗਰਸ ਨੇ ਵੀ ਆਪ ਨੂੰ ਘੇਰਿਆ। ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਟਵੀਟ ਕੀਤਾ, “ਆਤਿਸ਼ੀ ਨੇ ਗੁਰੂਆਂ ਵਿਰੁੱਧ ਅਪਮਾਨਜਨਕ ਟਿੱਪਣੀਆਂ ਕੀਤੀਆਂ ਹਨ। ਅਰਵਿੰਦ ਕੇਜਰੀਵਾਲ ਨੂੰ ਉਨ੍ਹਾਂ ਨੂੰ ਪਾਰਟੀ ਤੋਂ ਬਾਹਰ ਕੱਢਣਾ ਚਾਹੀਦਾ ਹੈ।” ਵਿਧਾਇਕ ਪਰਗਟ ਸਿੰਘ ਨੇ ਆਪ ਵੱਲੋਂ ਆਪਣੇ ਘਰ ਬਾਹਰ ਪ੍ਰਦਰਸ਼ਨ ਉੱਤੇ ਪ੍ਰਤੀਕਿਰਿਆ ਦਿੱਤੀ ਅਤੇ ਕਿਹਾ, “ਆਪ ਨੇ ਸਿਆਸੀ ਬਦਲਾਖੋਰੀ ਕੀਤੀ ਹੈ।”

ਪੰਥਕ ਆਗੂਆਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਨਿੰਦਾ ਕੀਤੀ ਅਤੇ ਕਿਹਾ, “ਆਤਿਸ਼ੀ ਦੀ ਟਿੱਪਣੀ ਅਪਮਾਨਜਨਕ ਹੈ ਅਤੇ ਆਪ ਦੀ ਸੋਚ ਨੂੰ ਬੇਨਕਾਬ ਕਰਦੀ ਹੈ। ਉਸ ਦੀ ਮੈਂਬਰਸ਼ਿਪ ਰੱਦ ਹੋਵੇ।” ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਅਕਾਲ ਤਖ਼ਤ ਜਥੇਦਾਰ ਨੂੰ ਪੱਤਰ ਲਿਖ ਕੇ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ।

ਆਪ ਨੇ ਇਸ ਨੂੰ ਭਾਜਪਾ ਦੀ ਸਾਜਿਸ਼ ਕਿਹਾ ਅਤੇ ਵੀਡੀਓ ਨੂੰ ਫੇਕ ਦੱਸਿਆ। ਆਗੂ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ, “ਭਾਜਪਾ ਨੇ ਵੀਡੀਓ ਨਾਲ ਛੇੜਛਾੜ ਕੀਤੀ ਹੈ। ਫੌਰੈਂਸਿਕ ਜਾਂਚ ਵਿੱਚ ਸਾਬਤ ਹੋਇਆ ਕਿ ਆਤਿਸ਼ੀ ਨੇ ਗੁਰੂ ਜੀ ਦਾ ਨਾਮ ਨਹੀਂ ਲਿਆ। ਇਹ ਆਪ ਨੂੰ ਬਦਨਾਮ ਕਰਨ ਦੀ ਸਾਜਿਸ਼ ਹੈ।” ਉਨ੍ਹਾਂ ਨੇ ਅਕਾਲੀ ਦਲ ਅਤੇ ਕਾਂਗਰਸ ਨੂੰ ਵੀ ਨਿੰਦਿਆ ਅਤੇ ਕਿਹਾ ਕਿ ਸੁਖਬੀਰ ਬਾਦਲ, ਖਹਿਰਾ ਅਤੇ ਪਰਗਟ ਸਿੰਘ ਨੇ ਫੇਕ ਵੀਡੀਓ ਸਾਂਝੀ ਕੀਤੀ। ਆਪ ਨੇ ਪੰਜਾਬ ਵਿੱਚ ਪ੍ਰਦਰਸ਼ਨ ਕੀਤੇ ਅਤੇ ਵਿਰੋਧੀਆਂ ਨੂੰ ਫਿਰਕੂ ਸਿਆਸਤ ਕਰਨ ਵਾਲੇ ਦੱਸਿਆ।

ਮਨੀਸ਼ ਸਿਸੋਦੀਆ ਨੇ ਟਵੀਟ ਕੀਤਾ, “ਇਹ ਯੋਜਨਾਬੱਧ ਜਾਅਲੀ ਖ਼ਬਰਾਂ ਦੀ ਫੈਕਟਰੀ ਹੈ। ਵੀਡੀਓ ਨੂੰ ਕੱਟ ਕੇ ਝੂਠ ਘੜਿਆ ਗਿਆ ਹੈ।”

ਇਹ ਮਾਮਲਾ ਅਜੇ ਜਾਂਚ ਅਧੀਨ ਹੈ ਅਤੇ ਫੌਰੈਂਸਿਕ ਰਿਪੋਰਟ ਤੋਂ ਬਾਅਦ ਹੀ ਹਕੀਕਤ ਸਾਹਮਣੇ ਆਵੇਗੀ। ਪੰਜਾਬ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਮੁਹੰਮਦ ਖ਼ਾਲਿਦ ਨੇ ਕਿਹਾ, “ਇਹ ਜਾਂਚ ਦਾ ਵਿਸ਼ਾ ਹੈ। ਵਿਸ਼ੇਸ਼ ਅਧਿਕਾਰ ਕਮੇਟੀ ਤੱਥ ਸਾਹਮਣੇ ਲਿਆ ਸਕਦੀ ਹੈ। ਪਰ ਆਪ ਪੰਜਾਬ ਵਿੱਚ ਧਾਰਮਿਕ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾ ਸਕਦੀ।” ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਨੇ ਕਿਹਾ, “ਸਿਆਸਤ ਨਾ ਕੀਤੀ ਜਾਵੇ। ਜੇ ਟਿੱਪਣੀ ਹੋਈ ਤਾਂ ਮੁਆਫ਼ੀ ਮੰਗ ਲੈਣੀ ਚਾਹੀਦੀ ਹੈ ਪਰ ਮੁੱਦੇ ਨੂੰ ਭਟਕਾਉਣਾ ਗ਼ਲਤ ਹੈ।”

ਇਹ ਵਿਵਾਦ ਦਰਸਾਉਂਦਾ ਹੈ ਕਿ ਧਾਰਮਿਕ ਮੁੱਦੇ ਸਿਆਸੀ ਲਾਭ ਲਈ ਕਿਵੇਂ ਵਰਤੇ ਜਾਂਦੇ ਹਨ। ਪੂਰਾ ਮਾਮਲਾ ਅਜੇ ਗਰਮਾਇਆ ਹੋਇਆ ਹੈ ਅਤੇ ਫੈਸਲਾ ਜਾਂਚ ਉੱਤੇ ਨਿਰਭਰ ਕਰੇਗਾ।

### ਸਿਆਸੀ ਆਗੂਆਂ ਦੇ ਗੁੰਮਰਾਹ-ਕੁੰਨ ਬਿਆਨਾਂ ਤੋਂ ਸਾਵਧਾਨ ਰਹੋ !

ਸਿਆਸੀ ਪਾਰਟੀਆਂ ਦੇ ਆਗੂਆਂ ਦੇ ਬਿਆਨਾਂ ਤੇ ਕਦੇ ਯਕੀਨ ਨਾ ਕਰੋ। ਉਹ ਮੀਡੀਆ ਨੂੰ ਜੋ ਬਿਆਨ ਦਿੰਦੇ ਹਨ, ਉਹ ਦੂਜੇ ਦਿਨ ਬਦਲ ਦਿੰਦੇ ਹਨ। ਖਾਸ ਕਰਕੇ ਭਾਰਤ / ਪੰਜਾਬ ਅਤੇ ਹੋਰ ਕਈ ਦੇਸ਼ਾਂ ਦੇ ਆਗੂ ਬਹੁਤੀ ਵਾਰ ਮੀਡੀਆ ਸਾਹਮਣੇ ਵੀ ਝੂਠ ਬੋਲ ਦਿੰਦੇ ਹਨ। ਉਹ ਸਿਰਫ਼ ਲੋਕਾਂ ਨੂੰ ਭਰਮਾਉਣ ਅਤੇ ਗੁੰਮਰਾਹ ਕਰਨ ਲਈ ਆਏ ਦਿਨ ਬਿਆਨ ਬਦਲਦੇ ਰਹਿੰਦੇ ਹਨ। ਅਜਿਹੇ ਆਗੂਆਂ ਉਤੇ ਵਿਸ਼ਵਾਸ ਨਾ ਕਰੋ।

ਧੰਨਵਾਦ ਸਹਿਤ,

**ਅਦਾਰਾ ਪੰਜਾਬ ਟਾਈਮਜ਼**

**ਸੰਪਾਦਕੀ** **ਵਿਚਾਰ :–** ਆਪਣਿਆਂ ਦੇ ਦਿੱਤੇ ਜ਼ਖਮ ਦੁਸ਼ਮਣ ਦੇ ਦਿੱਤੇ ਜ਼ਖਮਾਂ ਨਾਲੋਂ ਵੀ ਜਿਆਦਾ ਖਤਰਨਾਕ ਹੁੰਦੇ ਹਨ ਜੋ ਕਦੇ ਨਹੀਂ ਭਰਦੇ ਤੇ ਹਮੇਸ਼ਾ ਰਿਸਦੇ ਰਹਿੰਦੇ ਹਨ।



ਰਜਿੰਦਰ ਸਿੰਘ ਪੁਰੇਵਾਲ

# ਕੀ ਇਸਲਾਮਿਕ ਨਾਟੋ ਤੋਂ ਭਾਰਤ ਤੇ ਅਮਰੀਕਾ ਨੂੰ ਖਤਰਾ ਹੈ ?

ਅੱਜਕੱਲ੍ਹ ਅੰਤਰਰਾਸ਼ਟਰੀ ਰਾਜਨੀਤੀ ਵਿੱਚ ਇੱਕ ਨਵਾਂ ਸ਼ਬਦ ਬਹੁਤ ਚਰਚਾ ਵਿੱਚ ਹੈ - ਇਸਲਾਮਿਕ ਨਾਟੋ। ਇਹ ਨਾਂ ਤੁਰਕੀ, ਪਾਕਿਸਤਾਨ ਅਤੇ ਸਾਊਦੀ ਅਰਬ ਵਿਚਕਾਰ ਬਣ ਰਹੇ ਸੰਭਾਵੀ ਰੱਖਿਆ ਗਠਜੋੜ ਨੂੰ ਦਿੱਤਾ ਜਾ ਰਿਹਾ ਹੈ। ਇਹ ਗਠਜੋੜ ਅਜੇ ਪੂਰੀ ਤਰ੍ਹਾਂ ਨਹੀਂ ਬਣਿਆ, ਪਰ ਗੱਲਬਾਤ ਬਹੁਤ ਅੱਗੇ ਵਧ ਚੁੱਕੀ ਹੈ। ਇਸ ਨੂੰ ਨਾਟੋ ਵਰਗਾ ਮੰਨਿਆ ਜਾ ਰਿਹਾ ਹੈ ,ਕਿਉਂਕਿ ਇਸ ਵਿੱਚ ਇੱਕ ਦੇਸ਼ ਉੱਤੇ ਹਮਲਾ ਸਾਰਿਆਂ ਉੱਤੇ ਹਮਲਾ ਮੰਨਿਆ ਜਾਵੇਗਾ (ਜਿਵੇਂ ਨਾਟੋ ਦਾ ਆਰਟੀਕਲ-5 ਵਿਚ ਦਰਜ ਹੈ)।

ਸਤੰਬਰ 2025 ਵਿੱਚ ਸਾਊਦੀ ਅਰਬ ਅਤੇ ਪਾਕਿਸਤਾਨ ਨੇ ਸਟੈਰਜਿਕ ਮਿਊਚਲ ਡੀਫੈਂਸ ਐਗਰੀਮੈਂਟ ਉੱਤੇ ਦਸਤਖਤ ਕੀਤੇ ਸਨ। ਇਸ ਵਿੱਚ ਕਿਹਾ ਗਿਆ ਹੈ ਕਿ ਇੱਕ ਦੇਸ਼ ਉੱਤੇ ਕੋਈ ਵੀ ਹਮਲਾ ਦੋਵਾਂ ਉੱਤੇ ਹਮਲਾ ਮੰਨਿਆ ਜਾਵੇਗਾ। ਇਹ ਸਮਝੌਤਾ ਖਾਸ ਕਰਕੇ ਇਰਾਨ ਅਤੇ ਇਜ਼ਰਾਇਲ ਨਾਲ ਜੁੜੇ ਤਣਾਅ ਕਾਰਨ ਹੋਇਆ। ਜਨਵਰੀ 2026 ਵਿੱਚ ਤੁਰਕੀ ਨੇ ਵੀ ਇਸ ਵਿੱਚ ਸ਼ਾਮਲ ਹੋਣ ਦੀ ਰੁਚੀ ਜ਼ਾਹਰ ਕੀਤੀ ਹੈ ਅਤੇ ਗੱਲਬਾਤ ਬਹੁਤ ਅੱਗੇ ਵਧ ਚੁੱਕੀ ਹੈ। ਬਲੂਮਬਰਗ ਅਤੇ ਹੋਰ ਅੰਤਰਰਾਸ਼ਟਰੀ ਮੀਡੀਆ ਅਨੁਸਾਰ ਇਹ ਸੌਦਾ ਜਲਦੀ ਹੀ ਹੋ ਸਕਦਾ ਹੈ। ਇਸ ਗਠਜੋੜ ਦੀ ਤਾਕਤ ਤਿੰਨ ਵੱਖਰੇ ਤੱਤਾਂ ਉਪਰ ਆਧਾਰਿਤ ਹੈ:

ਸਾਊਦੀ ਅਰਬ - ਵਿਸ਼ਾਲ ਆਰਥਿਕ ਸ਼ਕਤੀ (ਤੇਲ ਦੀ ਕਮਾਈ ਅਤੇ ਪੈਸਾ)

ਪਾਕਿਸਤਾਨ - ਪਰਮਾਣੂ ਹਥਿਆਰ, ਬੈਲਿਸਟਿਕ ਮਿਸਾਈਲਾਂ ਅਤੇ ਵੱਡੀ ਥਲ ਸੈਨਾ

ਤੁਰਕੀ - ਨਾਟੋ ਦੀ ਦੂਜੀ ਸਭ ਤੋਂ ਵੱਡੀ ਫੌਜ, ਆਧੁਨਿਕ ਡਰੋਨ ਤਕਨਾਲੋਜੀ, ਜਹਾਜ਼ ਅਤੇ ਮਿਸਾਈਲ ਉਤਪਾਦਨ

ਇਹ ਤਿੰਨੇ ਮਿਲ ਕੇ ਇੱਕ ਮਜ਼ਬੂਤ ਰੱਖਿਆ ਬਲਾਕ ਬਣਾ ਸਕਦੇ ਹਨ, ਜੋ ਮੱਧ ਪੂਰਬ ਤੋਂ ਲੈ ਕੇ ਦੱਖਣੀ ਏਸ਼ੀਆ ਤੱਕ ਅਸਰ ਪਾ ਸਕਦਾ ਹੈ।

ਭਾਰਤ ਲਈ ਇਹ ਗਠਜੋੜ ਚਿੰਤਾ ਦਾ ਵਿਸ਼ਾ ਜ਼ਰੂਰ ਹੈ, ਪਰ ਇਹ ਅਜੇ ਵੀ ਬਹੁਤ ਵੱਡਾ ਖਤਰਾ ਨਹੀਂ ਬਣਿਆ। ਕਾਰਨ ਇਹ ਹਨ :

ਪਾਕਿਸਤਾਨ ਨੂੰ ਤੁਰਕੀ ਦੀ ਡਰੋਨ ਤਕਨਾਲੋਜੀ ਅਤੇ ਸਾਊਦੀ ਪੈਸੇ ਨਾਲ ਹੋਰ ਮਜ਼ਬੂਤੀ ਮਿਲ ਸਕਦੀ ਹੈ, ਜੋ ਕਸ਼ਮੀਰ ਜਾਂ ਸਰਹੱਦੀ ਖੇਤਰ ਵਿੱਚ ਤਣਾਅ ਵਧਾ ਸਕਦੀ ਹੈ।

ਤੁਰਕੀ ਪਹਿਲਾਂ ਹੀ ਕਸ਼ਮੀਰ ਮੁੱਦੇ ਉੱਤੇ ਪਾਕਿਸਤਾਨ ਦਾ ਸਮਰਥਨ ਕਰਦਾ ਰਿਹਾ ਹੈ।

ਪਰ ਇਹ ਗਠਜੋੜ ਅਸਲ ਵਿੱਚ ਇਰਾਨ ਅਤੇ ਇਜ਼ਰਾਇਲ ਨਾਲ ਜੁੜੇ ਮੁੱਦਿਆਂ ਤੇ ਜ਼ਿਆਦਾ ਕੇਂਦਰਿਤ ਹੈ, ਨਾ ਕਿ ਭਾਰਤ ਤੇ। ਬਹੁਤ ਸਾਰੇ ਵਿਸ਼ੇਸ਼ਜਨ ਮੰਨਦੇ ਹਨ ਕਿ ਇਹ ਭਾਰਤ ਲਈ ਸਿੱਧਾ ਖਤਰਾ ਨਹੀਂ, ਸਗੋਂ ਇੱਕ ਰਣਨੀਤਕ ਚੁਣੌਤੀ ਹੈ।

ਭਾਰਤ ਨੇ ਇਸ ਨੂੰ ਵੇਖਦੇ ਹੋਏ ਆਪਣੀਆਂ ਤਿਆਰੀਆਂ ਵਧਾ ਦਿੱਤੀਆਂ ਹਨ:

ਇਜ਼ਰਾਇਲ ਨਾਲ ਰੱਖਿਆ ਸਹਿਯੋਗ ਵਧ ਰਿਹਾ ਹੈ (8.7 ਅਰਬ ਡਾਲਰ ਦੀਆਂ ਡੀਲਾਂ, ਸਪਾਈਸ ਮਿਸਾਈਲਾਂ, ਰਡਾਰ ਅਤੇ ਏਆਈ ਤਕਨਾਲੋਜੀ। ਭਾਰਤ, ਇਜ਼ਰਾਇਲ, ਅਮਰੀਕਾ, ਯੂਏਈ) ਵਰਗੇ ਗਠਜੋੜ ਮਜ਼ਬੂਤ ਹੋ ਰਹੇ ਹਨ।ਤੁਰਕੀ ਨੂੰ ਘੇਰਨ ਲਈ ਗ੍ਰੀਸ ਅਤੇ ਸਾਈਪ੍ਰਸ ਨਾਲ ਵੀ ਰਿਸ਼ਤੇ ਵਧ ਰਹੇ ਹਨ। ਭਾਰਤ ਦੀ ਕੂਟਨੀਤੀ ਅਤੇ ਰੱਖਿਆ ਤੰਤਰ ਇਸ ਨੂੰ ਸੰਤੁਲਿਤ ਕਰਨ ਲਈ ਕਾਫ਼ੀ ਮਜ਼ਬੂਤ ਹੈ। ਅਮਰੀਕਾ ਲਈ ਇਹ ਇਸਲਾਮੀ ਗਠਜੋੜ ਚਿੰਤਾ ਵਾਲਾ ਹੈ ,ਕਿਉਂਕਿ ਤੁਰਕੀ ਖੁਦ ਨਾਟੋ ਦਾ ਮੈਂਬਰ ਹੈ, ਪਰ ਇਹ ਨਵਾਂ ਬਲਾਕ ਅਮਰੀਕਾ ਦੀ ਅਗਵਾਈ ਵਾਲੇ ਨਾਟੋ ਤੋਂ ਬਾਹਰਲਾ ਵਿਕਲਪ ਬਣ ਸਕਦਾ ਹੈ।

ਅਮਰੀਕਾ ਦੇ ਟਰੰਪ ਸ਼ਾਸਨ ਵਿੱਚ ਨਾਟੋ ਦੀ ਅਹਿਮੀਅਤ ਘੱਟ ਰਹੀ ਹੈ, ਜਿਸ ਕਾਰਨ ਤੁਰਕੀ ਵਰਗੇ ਦੇਸ਼ ਵੱਖਰੇ ਰਾਹ ਲੱਭ ਰਹੇ ਹਨ।

ਪਰ ਇਹ ਗਠਜੋੜ ਅਮਰੀਕਾ ਵਿਰੁੱਧ ਨਹੀਂ, ਸਗੋਂ ਇਰਾਨ ਅਤੇ ਇਜ਼ਰਾਇਲ ਨਾਲ ਜੁੜੇ ਤਣਾਅ ਲਈ ਜ਼ਿਆਦਾ ਹੈ। ਅਮਰੀਕਾ ਅਜੇ ਵੀ ਇਨ੍ਹਾਂ ਤਿੰਨਾਂ ਦੇਸ਼ਾਂ ਨਾਲ ਵੱਖਰੇ-ਵੱਖਰੇ ਮਜ਼ਬੂਤ ਸਬੰਧ ਰੱਖਦਾ ਹੈ। ਸੰਖੇਪ ਵਿੱਚ, ਇਸਲਾਮਿਕ ਨਾਟੋ ਅਜੇ ਸਿਰਫ਼ ਗੱਲਬਾਤ ਅਤੇ ਸੰਭਾਵਨਾ ਦੇ ਪੜਾਅ ਉੱਤੇ ਹੈ। ਇਹ ਭਾਰਤ ਲਈ ਰਣਨੀਤਕ ਚੁਣੌਤੀ ਜ਼ਰੂਰ ਪੈਦਾ ਕਰ ਸਕਦਾ ਹੈ, ਪਰ ਭਾਰਤ ਦੀ ਮਜ਼ਬੂਤ ਕੂਟਨੀਤੀ, ਇਜ਼ਰਾਇਲ-ਅਮਰੀਕਾ ਨਾਲ ਸਹਿਯੋਗ ਅਤੇ ਆਪਣੀ ਰੱਖਿਆ ਸਮਰੱਥਾ ਇਸ ਨੂੰ ਕਾਬੂ ਵਿੱਚ ਰੱਖ ਸਕਦੀ ਹੈ। ਅਮਰੀਕਾ ਲਈ ਵੀ ਇਹ ਵੱਡਾ ਖਤਰਾ ਨਹੀਂ, ਸਗੋਂ ਇੱਕ ਨਵੀਂ ਸੰਤੁਲਨ ਦੀ ਕੋਸ਼ਿਸ਼ ਹੈ। ਭਵਿੱਖ ਵਿੱਚ ਇਹ ਕਿੰਨਾ ਮਜ਼ਬੂਤ ਹੁੰਦਾ ਹੈ, ਇਹ ਅੱਗੇ ਦੇ ਵਿਕਾਸ ਤੇ ਨਿਰਭਰ ਕਰੇਗਾ। ਪਰ ਅਜੇ ਤੱਕ ਇਹ ਭਾਰਤ ਲਈ ਖਤਰੇ ਦੀ ਘੰਟੀ ਨਹੀਂ, ਸਗੋਂ ਇੱਕ ਚੇਤਾਵਨੀ ਜ਼ਰੂਰ ਹੈ। ਅੱਜ ਦੇ ਬਦਲਦੇ ਵਿਸ਼ਵ ਵਿੱਚ 'ਇਸਲਾਮਿਕ ਨਾਟੋ' ਵਰਗੇ ਗਠਜੋੜਾਂ ਨੇ ਭਾਰਤ ਨੂੰ ਵਿਦੇਸ਼ ਨੀਤੀ ਵਿੱਚ ਸਾਵਧਾਨੀ ਵਰਤਣ ਲਈ ਮਜਬੂਰ ਕਰ ਦਿੱਤਾ ਹੈ। ਰੂਸ-ਚੀਨ ਗਠਜੋੜ ਨਾਲ ਪੂਰੀ ਤਰ੍ਹਾਂ ਜੁੜਨਾ ਭਾਰਤ ਲਈ ਖਤਰਨਾਕ ਹੋ ਸਕਦਾ ਹੈ। ਚੀਨ ਭਾਰਤ ਦਾ ਸਭ ਤੋਂ ਵੱਡਾ ਸਰਹੱਦੀ ਚੁਣੌਤੀ ਹੈ ਅਤੇ ਪਾਕਿਸਤਾਨ ਨੂੰ ਹਰ ਤਰ੍ਹਾਂ ਨਾਲ ਸਮਰਥਨ ਦਿੰਦਾ ਹੈ। ਰੂਸ ਤੋਂ ਰੱਖਿਆ ਸਹਿਯੋਗ ਜ਼ਰੂਰ ਮਿਲਦਾ ਹੈ, ਪਰ ਰੂਸ ਹੁਣ ਚੀਨ ਦਾ ਵੱਧ ਨਿਰਭਰ ਹੋ ਰਿਹਾ ਹੈ। ਇਸ ਨਾਲ ਭਾਰਤ ਨੂੰ ਅਮਰੀਕਾ ਅਤੇ ਪੱਛਮੀ ਦੇਸ਼ਾਂ ਤੋਂ ਦੂਰੀ ਵਧ ਸਕਦੀ ਹੈ।

ਦੂਜੇ ਪਾਸੇ ਅਮਰੀਕਾ ਵੱਲ ਪੂਰੀ ਤਰ੍ਹਾਂ ਝੁਕਣਾ ਵੀ ਸਹੀ ਨਹੀਂ। ਅਮਰੀਕਾ ਦੀ ਵਿਦੇਸ਼ ਨੀਤੀ ਆਪਣੇ ਹਿੱਤਾਂ ਅਨੁਸਾਰ ਬਦਲਦੀ ਰਹਿੰਦੀ ਹੈ ਅਤੇ ਭਾਰਤ ਨੂੰ ਚੀਨ ਵਿਰੁੱਧ ਇੱਕ ਟੂਲ ਵਜੋਂ ਵਰਤ ਸਕਦਾ ਹੈ। ਇਸ ਨਾਲ ਰੂਸ ਨਾਲ ਪੁਰਾਣੇ ਸਬੰਧ ਖਤਰੇ ਵਿੱਚ ਪੈ ਸਕਦੇ ਹਨ।

-ਰਜਿੰਦਰ ਸਿੰਘ ਪੁਰੇਵਾਲ

**NEWS & VIEWS**

# DEVOLUTION OF SIKH INSTITUTIONS



Gurmukh Singh OBE

Sikhi is a global reality, so Panth-binding legitimacy cannot be demanded through any narrow, territorially bounded pipeline, statutory board, or personality. Legitimacy must be demonstrable through Gurmat process and representation that the global Panth can verify. [Gurjit Singh Sandhu, Researcher, London.]

A process of devolution of Panthic decision-making from Indian Panjab to the Sikh diaspora, has gathered pace in recent years. More so as the credibility gap between office bearers of Sikh institutions and Sikh diaspora increases. Nanakshahi calendar issue is one example of this process.

Spiritual and temporal Sikh sovereignty is rooted in the Institution of Sri Akal Takht Sahib. The Institution is not fixed to any location or in time or limited by any temporal law. Diaspora Sikhs have never accepted any Indian law or act limiting Sri Akal Takht sovereignty.

By Panthic consensus and historical tradition, the administration of this Institution is located in Darbar Sahib Complex facing Sri Harmandir Sahib. Otherwise, this Source of Panthic miri-piri power resides in the Guru and the Sangat. It is not confined to some building or any one geographical location. The authority of the administrative caretakers (Jathedars) derives from their interpretation and representation of the wishes of the global Panth. If they get it wrong, they lose their authority. Regrettably, that has been the case for some decades.

It can also be argued that the idea of Shromani Gurdwara Parbandhak Committee (SGPC) as the mini Parliament of the Sikhs has now lapsed due to non-representation of millions of Sikhs living outside Panjab and abroad. Even in Panjab, there are no regular elections to the SGPC.

Successive Jathedars, as representatives of the global Sikh nation, have witnessed the Sikh religious, language, cultural, economic and political decline since the partition of the Indian subcontinent and later truncation of Panjab, no longer the Land of Five Rivers. Thousands of Sikh youth have lost their lives due to extra-judicial killings by mostly Sikh officers. The Jathedars have lacked Sikhi courage and spirit of sacrifice, discerning intellect and global level qualities to deserve global Panthic respect.

Sikh migration to other countries which started over 150 years ago, has increased in recent decades, especially since the prolonged Third Ghalughara which started in June 1984. More recent political and economic migrants have brought their own grievances against successive Indian administrations while remaining sympathetic to the plight of Indian people including Indian minorities. Sikh activism abroad has increased in line with their numbers.

Most probably, there are now over 3 to 4 million Sikhs living outside India. They have done well as net contributors to the economies of the countries they live in and despite the negative impression promoted by Indian media, Sikhs are regarded as hardworking and law-abiding loyal citizens. As was to be expected, due to their increasing numbers, post 1984 arrivals have gained management control of most Gurdwaras and resources.

To sum up, Sikhi is now a global reality while our, hitherto central institutions in Panjab, seem to have become more introvert and lost their position as guardians of Sikh national interests. In diaspora countries, back-to-basics Sikhi research, unpolluted by Brahmanic influence, and charity work outside Gurdwaras, is thriving. Discipline at Nagar Kirtans and even lawful protests has been praised by the police. Sikhi way of life is better understood and mistaken identity challenge is being overcome.

A quiet devolution of Sikhi, guided by Sri Guru Granth Sahib and collective Panthic Will determined by modern global communications, has been taking place.

**Gurmukh Singh OBE,** Ret'd Principal Civil Servant (UK) sewauk2005@yahoo.co.uk

# ਕੀ ਮਜੀਠੀਆ ਨੂੰ ਜੇਲ੍ਹ ਵਿੱਚ ਖਤਰਾ ਹੈ, ਕੀ ਸੁਖਬੀਰ ਦੀ ਗ੍ਰਿਫ਼ਤਾਰੀ ਹੋਵੇਗੀ

## ✪ ਅਕਾਲੀ ਦਲ ਬਾਦਲ ਕਿਉਂ ਚਿੰਤਾ ਵਿਚ ਹੈ, ਆਪ ਸਰਕਾਰ ਵਿਰੁੱਧ ਦੋਸ਼ ਕਿਉਂ ਲਗ ਰਹੇ ਹਨ ? ✪ ਰਾਜਨੀਤੀ ਉੱਤੇ ਅਸਰ ਹੋਵੇਗਾ, ਧਰੁਵੀਕਰਨ ਵਧੇਗਾ



ਪੰਜਾਬ ਦੀ ਰਾਜਨੀਤੀ ਵਿੱਚ ਇੱਕ ਵਾਰ ਫਿਰ ਗਰਮੀ ਵਧ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਜੇਲ੍ਹ ਵਿੱਚ ਮਾਰਨ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਝੂਠੇ ਕੇਸਾਂ ਵਿੱਚ ਫਸਾਉਣ ਦੇ ਆਰੋਪਾਂ ਨੇ ਸੂਬੇ ਦੇ ਸਿਆਸੀ ਮਾਹੌਲ ਨੂੰ ਤੇਜ਼ ਕਰ ਦਿੱਤਾ ਹੈ। ਸਾਬਕਾ ਕੇਂਦਰੀ ਮੰਤਰੀ ਅਤੇ ਅਕਾਲੀ ਨੇਤਾ ਹਰਸਿਮਰਤ ਕੌਰ ਬਾਦਲ ਨੇ ਆਮ ਆਦਮੀ ਪਾਰਟੀ (ਆਪ) ਸਰਕਾਰ ਉੱਤੇ ਤਿੱਖੇ ਹਮਲੇ ਕੀਤੇ ਹਨ। ਉਨ੍ਹਾਂ ਨੇ ਕਿਹਾ ਕਿ ਆਪ ਨੇ ਅਕਾਲੀ ਦਲ ਦੀ ਵਧਦੀ ਤਾਕਤ ਨੂੰ ਵੇਖ ਕੇ ਇੱਕ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਬਣਾਈ ਹੈ, ਜਿਸ ਦਾ ਮਕਸਦ ਸੁਖਬੀਰ ਬਾਦਲ ਨੂੰ ਝੂਠੇ ਮਾਮਲੇ ਵਿੱਚ ਫਸਾਉਣਾ ਹੈ। ਇਸ ਦੇ ਨਾਲ ਹੀ, ਮਜੀਠੀਆ ਨੂੰ ਜੇਲ੍ਹ ਵਿੱਚ ਖਤਮ ਕਰਨ ਦੀ ਸਾਜ਼ਿਸ਼ ਦੇ ਆਰੋਪ ਵੀ ਲਗਾਏ ਜਾ ਰਹੇ ਹਨ।

ਹਰਸਿਮਰਤ ਕੌਰ ਬਾਦਲ ਨੇ ਆਪ ਸਰਕਾਰ ਉੱਤੇ ਤਿੱਖੇ ਨਿਸ਼ਾਨੇ ਵਿੰਨ੍ਹੇ ਹਨ। ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਐੱਕਸ ਉੱਤੇ ਇੱਕ ਪੋਸਟ ਵਿੱਚ ਲਿਖਿਆ ਕਿ ਅਕਾਲੀ ਦਲ ਦੀ ਵਧਦੀ ਤਾਕਤ ਨੂੰ ਵੇਖ ਕੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਪ ਸਰਕਾਰ ਬੌਖਲਾ ਗਏ ਹਨ। ਉਨ੍ਹਾਂ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪਾਂ ਦੇ ਗੁੰਮ ਹੋਣ ਦੀ ਜਾਂਚ ਦੇ ਨਾਂ ਹੇਠ ਐੱਸਆਈਟੀ ਬਣਾਈ ਗਈ ਹੈ, ਪਰ ਇਸ ਦਾ ਅਸਲ ਮਕਸਦ ਸੁਖਬੀਰ ਬਾਦਲ ਨੂੰ ਝੂਠੇ ਕੇਸ ਵਿੱਚ ਫਸਾਉਣਾ ਹੈ। ਉਨ੍ਹਾਂ ਨੇ ਐੱਸਆਈਟੀ ਦੇ ਮੈਂਬਰਾਂ ਨੂੰ ਵੀ ਨਿਸ਼ਾਨੇ ਬਣਾਇਆ ਅਤੇ ਕਿਹਾ ਕਿ ਇਨ੍ਹਾਂ ਵਿੱਚ ਉਹ ਅਧਿਕਾਰੀ ਸ਼ਾਮਲ ਹਨ ਜੋ ਆਪ ਦੇ ਪਿਆਦੇ ਹਨ ਅਤੇ ਅਕਾਲੀ ਨੇਤਾਵਾਂ ਨਾਲ ਨਿੱਜੀ ਰੰਜਿਸ਼ ਰੱਖਦੇ ਹਨ।

ਐੱਸਆਈਟੀ ਦੇ ਮੈਂਬਰਾਂ ਬਾਰੇ ਹਰਸਿਮਰਤ ਨੇ ਵਿਸਥਾਰ ਨਾਲ ਲਿਖਿਆ। ਪਹਿਲਾ ਨਾਂ ਹੈ ਅੰਮ੍ਰਿਤਸਰ ਦੇ ਸੀਪੀ ਗੁਰਪ੍ਰੀਤ ਸਿੰਘ ਭੁੱਲਰ ਦਾ। ਉਨ੍ਹਾਂ ਨੇ ਕਿਹਾ ਕਿ ਜਦੋਂ ਸ੍ਰੀ ਦਰਬਾਰ ਸਾਹਿਬ ਵਿੱਚ ਸੁਖਬੀਰ ਬਾਦਲ ਉੱਤੇ ਹਮਲੇ ਦੀ ਕੋਸ਼ਿਸ਼ ਹੋਈ ਸੀ, ਤਾਂ ਭੁੱਲਰ ਨੇ ਛੇ ਘੰਟੇ ਤੱਕ ਐੱਫਆਈਆਰ ਵੀ ਨਹੀਂ ਦਰਜ ਕੀਤੀ। ਬਾਅਦ ਵਿੱਚ ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਹਮਲਾ ਸੁਖਬੀਰ ਨੇ ਖੁਦ ਕਰਵਾਇਆ ਹੋ ਸਕਦਾ ਹੈ। ਦੂਜਾ ਮੈਂਬਰ ਐੱਸਪੀ ਹਰਪਾਲ ਸਿੰਘ ਹੈ, ਜਿਸ ਨੇ ਕਥਿਤ ਤੌਰ ਉੱਤੇ ਹਮਲਾਵਰ ਨੂੰ ਰੇਕੀ ਵਿੱਚ ਮਦਦ ਕੀਤੀ ਸੀ। ਤੀਜਾ ਐੱਸਪੀ ਗੁਰਬੰਸ ਸਿੰਘ ਬੈਂਸ ਹੈ, ਜੋ ਅਕਾਲੀ ਸਰਕਾਰ ਵੇਲੇ ਭ੍ਰਿਸ਼ਟਾਚਾਰ ਵਿੱਚ ਸਜ਼ਾ ਪਾ ਚੁੱਕੇ ਹਨ ਅਤੇ ਮਜੀਠੀਆ ਵਿਰੁੱਧ ਝੂਠੇ ਕੇਸ ਵਿੱਚ ਵੀ ਸ਼ਾਮਲ ਹਨ। ਚੌਥਾ ਡੀਐੱਸਪੀ ਬੇਅੰਤ ਜੁਨੇਜਾ ਹੈ, ਜੋ ਆਪ ਨੇਤਾ ਦਾ ਭਰਾ ਹੈ। ਇਸ ਤੋਂ ਇਲਾਵਾ, ਆਪ ਨੇ ਹੋਰ ਅਧਿਕਾਰੀਆਂ ਨੂੰ ਵੀ ਅਕਾਲੀ ਨੇਤਾਵਾਂ ਨੂੰ ਨਿਸ਼ਾਨਾ ਬਣਾਉਣ ਲਈ ਤਾਇਨਾਤ ਕੀਤਾ ਹੈ। ਹਰਸਿਮਰਤ ਨੇ ਕਿਹਾ ਕਿ ਇਹ ਸਭ ਅਕਾਲੀ ਦਲ ਦੀ ਵਧਦੀ ਤਾਕਤ ਨੂੰ ਰੋਕਣ ਲਈ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਭਗਵੰਤ ਮਾਨ ਨੂੰ ਚੇਤਾਵਨੀ ਦਿੱਤੀ ਕਿ ਸੁਖਬੀਰ ਬਾਦਲ ਅਜਿਹੀਆਂ ਧਮਕੀਆਂ ਨਾਲ ਨਹੀਂ ਡਰਨ ਵਾਲੇ।

ਅਕਾਲੀ ਦਲ ਦੇ ਹੋਰ ਨੇਤਾਵਾਂ ਨੇ ਵੀ ਇਨ੍ਹਾਂ ਆਰੋਪਾਂ ਨੂੰ ਦੁਹਰਾਇਆ ਹੈ। ਬਲਵਿੰਦਰ ਸਿੰਘ ਭੂੰਦੜ, ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਡਾ. ਦਲਜੀਤ ਸਿੰਘ ਚੀਮਾ ਨੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਆਪ ਸਰਕਾਰ ਧਰਮ ਦੀ ਆੜ ਵਿੱਚ ਸੁਖਬੀਰ ਬਾਦਲ ਨੂੰ ਨਿਸ਼ਾਨਾ ਬਣਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਪਹਿਲਾਂ ਅਕਾਲੀ ਨੇਤਾਵਾਂ ਉੱਤੇ ਹਮਲੇ ਕਰਵਾਏ ਗਏ ਅਤੇ ਹੁਣ ਝੂਠੇ ਕੇਸਾਂ ਵਿੱਚ ਫਸਾਇਆ ਜਾ ਰਿਹਾ ਹੈ। ਉਨ੍ਹਾਂ ਨੇ ਮਜੀਠੀਆ ਵਿਰੁੱਧ ਵੀ ਆਰੋਪ ਲਗਾਏ ਕਿ ਆਪ ਸਰਕਾਰ ਉਸ ਨੂੰ ਜੇਲ੍ਹ ਵਿੱਚ ਖਤਮ ਕਰਨਾ ਚਾਹੁੰਦੀ ਹੈ। ਉਨ੍ਹਾਂ ਨੇ ਰਾਜਪਾਲ ਨਾਲ ਮੁਲਾਕਾਤ ਕਰਨ ਦਾ ਐਲਾਨ ਵੀ ਕੀਤਾ।

ਇਥੇ ਜ਼ਿਕਰਯੋਗ ਹੈ ਕਿ ਮਜੀਠੀਆ ਨੂੰ ਅਸਥਿਰ ਜਾਇਦਾਦਾਂ ਦੇ ਮਾਮਲੇ ਵਿੱਚ ਜੇਲ੍ਹ ਵਿੱਚ ਰੱਖਿਆ ਗਿਆ ਹੈ। ਉਨ੍ਹਾਂ ਦੇ ਵਕੀਲ ਦਮਨਵੀਰ ਸਿੰਘ ਸੋਬਤੀ ਨੇ ਸਰਕਾਰ ਦੀ ਨੀਅਤ ਉੱਤੇ ਸਵਾਲ ਉਠਾਏ ਹਨ। ਉਨ੍ਹਾਂ ਨੇ ਕਿਹਾ ਕਿ ਇੱਕ ਪਾਸੇ ਖੁਫੀਆ ਵਿਭਾਗ ਮਜੀਠੀਆ ਨੂੰ ਖਤਰੇ ਬਾਰੇ ਚੇਤਾਵਨੀ ਦੇ ਰਿਹਾ ਹੈ, ਪਰ ਦੂਜੇ ਪਾਸੇ ਸਰਕਾਰ ਇਸ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਸੋਬਤੀ ਨੇ ਕਿਹਾ ਕਿ ਮਜੀਠੀਆ ਦੀ ਬੈਰਕ ਵਿੱਚ ਖਤਰਨਾਕ ਅਪਰਾਧੀ ਰੱਖੇ ਗਏ ਹਨ ਅਤੇ ਉਹ ਇਸ ਮਾਮਲੇ ਨੂੰ ਅਦਾਲਤ ਵਿੱਚ ਉਠਾਉਣਗੇ। ਉਨ੍ਹਾਂ ਨੇ ਕੇਂਦਰੀ ਏਜੰਸੀਆਂ ਦੀ ਰਿਪੋਰਟ ਦਾ ਹਵਾਲਾ ਦਿੱਤਾ ਜਿਸ ਵਿੱਚ ਕਿਹਾ ਗਿਆ ਹੈ ਕਿ ਬੱਬਰ ਖਾਲਸਾ ਇੰਟਰਨੈਸ਼ਨਲ ਮਜੀਠੀਆ ਨੂੰ ਨਿਸ਼ਾਨਾ ਬਣਾ ਰਹੀ ਹੈ।

ਕੇਂਦਰੀ ਏਜੰਸੀਆਂ ਨੇ ਵੀ ਮਜੀਠੀਆ ਨੂੰ ਖਤਰੇ ਬਾਰੇ ਚੇਤਾਵਨੀ ਦਿੱਤੀ ਹੈ। ਇੱਕ ਰਿਪੋਰਟ ਮੁਤਾਬਕ ਬੱਬਰ ਖਾਲਸਾ ਨੇ ਮਜੀਠੀਆ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾਈ ਹੈ। ਇਸ ਕਾਰਨ ਪੰਜਾਬ ਪੁਲਿਸ ਨੇ ਨਾਭਾ ਜੇਲ੍ਹ ਵਿੱਚ ਮਜੀਠੀਆ ਦੀ ਸੁਰੱਖਿਆ ਵਧਾ ਦਿੱਤੀ ਹੈ। ਸਪੈਸ਼ਲ ਡੀਜੀਪੀ (ਇੰਟੈਲੀਜੈਂਸ) ਨੇ ਜੇਲ੍ਹ ਅਧਿਕਾਰੀਆਂ ਨੂੰ ਚੇਤਾਵਨੀ ਦਿੱਤੀ ਹੈ ਅਤੇ ਸੁਰੱਖਿਆ ਵਧਾਉਣ ਦੇ ਹੁਕਮ ਜਾਰੀ ਕੀਤੇ ਹਨ। ਇਹ ਚੇਤਾਵਨੀ ਕੇਂਦਰੀ ਖੁਫੀਆ ਏਜੰਸੀਆਂ ਤੋਂ ਮਿਲੀ ਜਾਣਕਾਰੀ ਉੱਤੇ ਅਧਾਰਿਤ ਹੈ।

ਆਪ ਸਰਕਾਰ ਨੇ ਇਨ੍ਹਾਂ ਆਰੋਪਾਂ ਨੂੰ ਰੱਦ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਐੱਸਆਈਟੀ ਕਾਨੂੰਨ ਅਨੁਸਾਰ ਬਣਾਈ ਗਈ ਹੈ ਅਤੇ ਜਾਂਚ ਨਿਰਪੱਖ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਅਕਾਲੀ ਨੇਤਾ ਝੂਠੇ ਆਰੋਪ ਲਗਾ ਰਹੇ ਹਨ ਅਤੇ ਸਰਕਾਰ ਨੇ ਕੋਈ ਸੁਖਬੀਰ ਸਿੰਘ ਬਾਦਲ ਵਿਰਧ ਕਾਰਵਾਈ ਨਹੀਂ ਕੀਤੀ। ਉਨ੍ਹਾਂ ਨੇ ਕਿਹਾ ਕਿ ਗੁੰਮ ਸਰੂਪਾਂ ਦੀ ਜਾਂਚ ਜ਼ਰੂਰੀ ਹੈ ਅਤੇ ਕੋਈ ਵੀ ਵਿਅਕਤੀ ਕਾਨੂੰਨ ਤੋਂ ਉੱਪਰ ਨਹੀਂ ਹੈ। ਆਪ ਨੇ ਅਕਾਲੀ ਨੇਤਾਵਾਂ ਨੂੰ ਧਰਮ ਨੂੰ ਰਾਜਨੀਤੀ ਵਿੱਚ ਨਾ ਘਸੀਟਣ ਦੀ ਅਪੀਲ ਕੀਤੀ ਹੈ।

ਕੇਂਦਰ ਸਰਕਾਰ ਨੇ ਇਸ ਮਾਮਲੇ ਵਿੱਚ ਕੋਈ ਸਿੱਧਾ ਬਿਆਨ ਨਹੀਂ ਦਿੱਤਾ। ਪਰ ਕੇਂਦਰੀ ਏਜੰਸੀਆਂ ਨੇ ਮਜੀਠੀਆ ਨੂੰ ਖਤਰੇ ਬਾਰੇ ਚੇਤਾਵਨੀ ਜ਼ਰੂਰ ਜਾਰੀ ਕੀਤੀ ਹੈ। ਇਸ ਨੂੰ ਵੇਖ ਕੇ ਲੱਗਦਾ ਹੈ ਕਿ ਕੇਂਦਰ ਪੰਜਾਬ ਦੀ ਸਥਿਤੀ ਉੱਤੇ ਨਜ਼ਰ ਰੱਖ ਰਿਹਾ ਹੈ, ਪਰ ਰਾਜਨੀਤਿਕ ਝਗੜੇ ਵਿੱਚ ਨਹੀਂ ਉੱਲਝ ਰਿਹਾ।

ਸਿਆਸੀ ਮਾਹਿਰਾਂ ਮੁਤਾਬਿਕ, ਇਹ ਵਿਵਾਦ ਪੰਜਾਬ ਵਿੱਚ ਧਰੁਵੀਕਰਨ ਵਧਾਏਗਾ। ਅਕਾਲੀ ਦਲ ਦੀ ਵਧ ਰਹੀ ਤਾਕਤ ਅਤੇ ਆਪ ਦੀ ਸੱਤਾ ਨੇ ਨਵੇਂ ਰਾਜਨੀਤਿਕ ਖਲਾਅ ਨੂੰ ਜਨਮ ਦਿੱਤਾ ਹੈ। ਸਿਆਸੀ ਮਾਹਿਰਾਂ ਨੇ ਕਿਹਾ ਕਿ ਅਕਾਲੀ ਦਲ ਦੀ ਹਾਰ ਨੇ ਸਿੱਖ ਵੋਟਾਂ ਵਿੱਚ ਵੈਕਿਊਮ ਬਣਾਇਆ ਹੈ, ਜਿਸ ਨੂੰ ਰੈਡੀਕਲ ਨੇਤਾ ਭਰਨ ਦੀ ਕੋਸ਼ਿਸ਼ ਕਰ ਰਹੇ ਹਨ। ਬੀਜੇਪੀ ਦੀ ਵੋਟ ਸ਼ੇਅਰ ਵਧਣ ਨਾਲ ਹਿੰਦੂ-ਸਿੱਖ ਧਰੁਵੀਕਰਨ ਵਧ ਸਕਦਾ ਹੈ। ਇੱਕ ਮਾਹਿਰ ਨੇ ਕਿਹਾ ਕਿ ਖਾਲਿਸਤਾਨ ਖਤਰੇ ਨੂੰ ਵਧਾ-ਚੜ੍ਹਾ ਕੇ ਬੀਜੇਪੀ ਵੋਟ ਲੈਣ ਦੀ ਕੋਸ਼ਿਸ਼ ਕਰ ਰਹੀ ਹੈ। ਆਉਣ ਵਾਲੀਆਂ ਚੋਣਾਂ ਵਿੱਚ ਇਹ ਵਿਵਾਦ ਅਹਿਮ ਰੋਲ ਅਦਾ ਕਰ ਸਕਦਾ ਹੈ।

ਪੰਜਾਬ ਵਿੱਚ ਅਕਾਲੀ ਦਲ ਅਤੇ ਆਪ ਵਿਚਾਲੇ ਇਹ ਝਗੜਾ ਨਵਾਂ ਨਹੀਂ ਹੈ। ਪਿਛਲੇ ਕੁਝ ਸਾਲਾਂ ਵਿੱਚ ਅਕਾਲੀ ਨੇਤਾਵਾਂ ਨੇ ਆਪ ਨੂੰ ਬਾਹਰੀ ਪਾਰਟੀ ਕਿਹਾ ਹੈ ਅਤੇ ਆਪ ਨੇ ਅਕਾਲੀਆਂ ਨੂੰ ਭ੍ਰਿਸ਼ਟ ਕਰਾਰ ਦਿੱਤਾ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਪ ਨੇ ਅਕਾਲੀ ਅਤੇ ਕਾਂਗਰਸ ਨੂੰ ਹਰਾ ਕੇ ਸੱਤਾ ਹਾਸਲ ਕੀਤੀ ਸੀ। ਪਰ ਹੁਣ ਅਕਾਲੀ ਦਲ ਮੁੜ ਉਭਰਨ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਆਪ ਸਰਕਾਰ ਉੱਤੇ ਨਿਸ਼ਾਨਾ ਸਾਧ ਰਿਹਾ ਹੈ। ਮਾਹਿਰਾਂ ਨੇ ਕਿਹਾ ਕਿ ਇਹ ਵਿਵਾਦ ਪੰਜਾਬ ਦੇ ਲੋਕਾਂ ਨੂੰ ਵੰਡ ਸਕਦਾ ਹੈ ਅਤੇ ਧਾਰਮਿਕ ਮੁੱਦਿਆਂ ਨੂੰ ਰਾਜਨੀਤੀ ਵਿੱਚ ਲਿਆਉਣ ਨਾਲ ਸਥਿਤੀ ਖਰਾਬ ਹੋ ਸਕਦੀ ਹੈ।

ਅਕਾਲੀ ਦਲ ਨੇ ਆਪ ਨੂੰ ਫੇਲ੍ਹ ਸਰਕਾਰ ਕਿਹਾ ਹੈ ਅਤੇ ਕਿਹਾ ਕਿ ਲੋਕ ਆਪ ਨੂੰ ਸਜ਼ਾ ਦੇਣਗੇ। ਉੱਧਰ ਆਪ ਨੇ ਕਿਹਾ ਕਿ ਅਕਾਲੀ ਨੇਤਾ ਆਪਣੀ ਹਾਰ ਨੂੰ ਨਹੀਂ ਮੰਨ ਰਹੇ ਅਤੇ ਝੂਠੇ ਆਰੋਪ ਲਗਾ ਰਹੇ ਹਨ। ਇਸ ਵਿਵਾਦ ਵਿੱਚ ਧਰਮ ਅਤੇ ਰਾਜਨੀਤੀ ਦਾ ਮਿਸ਼ਰਣ ਚਿੰਤਾ ਵਧਾ ਰਿਹਾ ਹੈ। ਪੰਜਾਬ ਵਿੱਚ ਪਹਿਲਾਂ ਵੀ ਧਾਰਮਿਕ ਮੁੱਦੇ ਰਾਜਨੀਤੀ ਨੂੰ ਪ੍ਰਭਾਵਿਤ ਕਰ ਚੁੱਕੇ ਹਨ, ਜਿਵੇਂ 2015 ਵਿੱਚ ਬੇਅਦਬੀ ਵਾਲੇ ਮਾਮਲੇ। ਹੁਣ ਗੁੰਮ ਸਰੂਪਾਂ ਦੀ ਜਾਂਚ ਨੂੰ ਰਾਜਨੀਤੀ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ।

ਸੋਬਤੀ ਨੇ ਵੀ ਕਿਹਾ ਕਿ ਸਰਕਾਰ ਨੇ ਮਜੀਠੀਆ ਦੀ ਸੁਰੱਖਿਆ ਨੂੰ ਨਜ਼ਰਅੰਦਾਜ਼ ਕੀਤਾ ਹੈ। ਉਨ੍ਹਾਂ ਨੇ ਅਦਾਲਤ ਵਿੱਚ ਅਪੀਲ ਕਰਨ ਦੀ ਗੱਲ ਕੀਤੀ ਹੈ। ਇਸ ਨਾਲ ਅਕਾਲੀ ਦਲ ਨੂੰ ਲੋਕਾਂ ਵਿੱਚ ਹਮਦਰਦੀ ਮਿਲ ਸਕਦੀ ਹੈ। ਮਾਹਿਰਾਂ ਨੇ ਕਿਹਾ ਕਿ ਜੇ ਇਹ ਵਿਵਾਦ ਵਧਿਆ ਤਾਂ ਪੰਜਾਬ ਵਿੱਚ ਅਸਥਿਰਤਾ ਵਧੇਗੀ ਅਤੇ ਚੋਣਾਂ ਉੱਤੇ ਅਸਰ ਪਵੇਗਾ। ਬੀਜੇਪੀ ਅਤੇ ਕਾਂਗਰਸ ਵੀ ਇਸ ਵਿੱਚ ਕੁੱਦ ਸਕਦੇ ਹਨ।

ਪੰਜਾਬ ਦੇ ਲੋਕ ਇਸ ਵਿਵਾਦ ਨੂੰ ਵੇਖ ਰਹੇ ਹਨ ਅਤੇ ਉਮੀਦ ਕਰ ਰਹੇ ਹਨ ਕਿ ਇਹ ਰਾਜਨੀਤੀ ਨਾਲ ਨਹੀਂ ਖੇਡੇ ਜਾਣਗੇ। ਧਾਰਮਿਕ ਮੁੱਦੇ ਪੰਜਾਬ ਵਿੱਚ ਸੰਵੇਦਨਸ਼ੀਲ ਹਨ ਅਤੇ ਇਨ੍ਹਾਂ ਨੂੰ ਰਾਜਨੀਤੀ ਵਿੱਚ ਘਸੀਟਣ ਨਾਲ ਸਮਾਜ ਵੰਡਿਆ ਜਾ ਸਕਦਾ ਹੈ। ਅਕਾਲੀ ਅਤੇ ਆਪ ਨੂੰ ਚਾਹੀਦਾ ਹੈ ਕਿ ਲੋਕਾਂ ਦੇ ਮੁੱਦੇ ਉੱਤੇ ਧਿਆਨ ਦੇਣ ਅਤੇ ਵਿਵਾਦ ਨੂੰ ਖਤਮ ਕਰਨ। ਪਰ ਲੱਗਦਾ ਹੈ ਕਿ ਇਹ ਝਗੜਾ ਅਜੇ ਵਧੇਗਾ ਅਤੇ ਪੰਜਾਬ ਦੀ ਰਾਜਨੀਤੀ ਨੂੰ ਨਵਾਂ ਮੋੜ ਦੇਵੇਗਾ।

# ਲੰਡਨ ਵਿਚ ਸਿੱਖਾਂ ਨੇ ਇਕੱਠੇ ਹੋ ਕੇ ਮੁਸਲਿਮ ਵਿਅਕਤੀ ਤੋਂ ਨਾਬਾਲਗ ਸਿੱਖ ਬੱਚੀ ਨੂੰ ਛੁਡਵਾਇਆ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਸ਼ਹਿਰ ਹੰਸਲੋ ਵਿੱਚ ਸਿੱਖ ਭਾਈਚਾਰੇ ਨੇ ਇਕੱਠੇ ਹੋ ਕੇ ਇੱਕ ਮੁਸਲਿਮ ਵਿਅਕਤੀ ਦੇ ਕਬਜ਼ੇ 'ਚੋਂ ਇੱਕ ਨਾਬਾਲਗ ਸਿੱਖ ਲੜਕੀ ਨੂੰ ਛੁਡਵਾਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇੱਕ 40 ਕੁ ਸਾਲਾ ਵਿਅਕਤੀ ਨੇ ਸਕੂਲ ਪੜ੍ਹਦੀ ਬੱਚੀ ਨੂੰ ਗੁੰਮਰਾਹ ਕਰਕੇ ਉਸ ਦੇ ਮਾਪਿਆਂ ਤੋਂ ਦੂਰ ਰੱਖਿਆ ਹੋਇਆ ਸੀ।**



ਰਾਤ ਸਮੇਂ ਵਿਰੋਧ ਪ੍ਰਦਰਸ਼ਨ ਕਰਨ ਮੌਕੇ ਇਕੱਠੇ ਹੋਏ ਲੋਕ

ਇਸ ਸਬੰਧੀ ਜਾਣਕਾਰੀ ਦਿੰਦਿਆਂ ਏ ਕੇ ਮੀਡੀਆ ਦੇ ਜੱਸਾ ਸਿੰਘ ਨੇ ਦੱਸਿਆ ਕਿ ਉਕਤ ਵਿਅਕਤੀ ਤੋਂ ਜਦੋਂ ਪੁਛਿਆ ਗਿਆ ਤਾਂ ਉਸ ਨੇ ਕਿਹਾ ਕਿ ਉਹ ਲੰਮੇਂ ਸਮੇਂ ਤੋਂ ਬੱਚੀ ਨੂੰ ਜਾਣਦਾ ਹੈ ਅਤੇ ਬੱਚੀ ਦੀ ਉਮਰ 16 ਸਾਲ ਹੈ। ਜਦ ਕਿ ਮੌਕੇ ਦੇ ਗਵਾਹਾਂ ਨੇ ਦੱਸਿਆ ਕਿ ਬੱਚੀ ਨੂੰ ਪਿਛਲੇ ਦੋ ਸਾਲ ਤੋਂ ਇਥੇ ਆਉਂਦੇ ਜਾਂਦੇ ਵੇਖਿਆ ਹੈ। ਲੋਕਾਂ ਮੁਤਾਬਿਕ ਇਥੇ ਹੋਰ ਵੀ ਨਾਬਾਲਗ ਲੜਕੇ ਲੜਕੀਆਂ ਆਉਂਦੇ ਹਨ। ਜੱਸਾ ਸਿੰਘ ਨੇ ਇਹ ਵੀ ਦੱਸਿਆ ਕਿ ਇਸ ਮਾਮਲੇ ਵਿੱਚ ਪੁਲਿਸ ਨੇ ਭਰਪੂਰ ਸਹਿਯੋਗ ਦਿੱਤਾ ਹੈ। ਬੱਚੀ ਦੇ ਮਾਪਿਆਂ ਅਤੇ ਭਾਈਚਾਰੇ ਦੇ 100 ਦੇ ਕਰੀਬ ਲੋਕਾਂ ਵੱਲੋਂ ਰੋਸ ਪ੍ਰਦਰਸ਼ਨ ਕਰਨ ਤੋਂ ਬਾਅਦ ਦੇਰ ਰਾਤ 10 ਵਜੇ ਦੇ ਕਰੀਬ ਉਕਤ ਵਿਅਕਤੀ ਨੂੰ ਗ੍ਰਿਫਤਾਰ ਕਰਨ ਉਪਰੰਤ ਲੜਕੀ ਨੂੰ ਮਾਪਿਆਂ ਦੇ ਹਵਾਲੇ ਕੀਤਾ ਗਿਆ।

ਯੂ ਕੇ ਵਿੱਚ ਸਿੱਖ ਬੱਚੀਆਂ ਨੂੰ ਮੁਸਲਿਮ ਪਿਛੋਕੜ ਵਾਲੇ ਗਰੋਹਾਂ ਵੱਲੋਂ ਨਿਸ਼ਾਨਾ ਬਣਾਉਣ ਦੀਆਂ ਘਟਨਾਵਾਂ ਅਕਸਰ ਹੀ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਜਿਸ ਦਾ ਮੁੱਖ ਕਾਰਨ ਕਈ ਮਾਪੇ ਅਜੇਹੀਆਂ ਘਟਨਾਵਾਂ ਬਾਰੇ ਖੁੱਲ੍ਹ ਕੇ ਗੱਲ ਨਹੀਂ ਕਰਦੇ ਅਤੇ ਸ਼ਰਮਿੰਦਗੀ ਮਹਿਸੂਸ ਕਰਨ ਕਾਰਨ ਅਪਰਾਧੀ ਲੋਕ ਮਾਸੂਮ ਬੱਚੀਆਂ ਨੂੰ ਨਿਸ਼ਾਨਾ ਬਣਾਉਂਦੇ ਹਨ। ਜਿਕਰਯੋਗ ਹੈ ਕਿ ਯੂ ਕੇ ਵਿੱਚ ਨਾਬਾਲਗ ਲੜਕੀਆਂ ਨੂੰ ਗੁੰਮਰਾਹ ਕਰਨ ਦੀਆਂ ਘਟਨਾਵਾਂ ਅਤੇ ਜਿਣਸੀ ਅਪਰਾਧਾਂ ਬਾਰੇ ਸਰਕਾਰ ਵੱਲੋਂ ਇੱਕ ਜਾਂਚ ਵੀ ਕੀਤੀ ਜਾ ਰਹੀ ਹੈ।

ਭਾਵੇਂ ਕਿ ਪੁਲਿਸ ਮਾਮਲੇ ਦੀ ਤੈਅ ਤੱਕ ਜਾਣ ਲਈ ਜਾਂਚ ਕਰ ਰਹੀ ਹੈ। ਪ੍ਰੰਤੂ ਉਸ ਇਲਾਕੇ ਦੇ ਲੋਕਾਂ ਦੇ ਬਿਆਨਾਂ ਅਧਾਰਿਤ ਸਿੱਖ ਭਾਈਚਾਰੇ ਵੱਲੋਂ ਦੋਸ਼ੀ ਖਿਲਾਫ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਮਾਨਸਿਕ ਪੀੜਾ 'ਚੋਂ ਲੰਘ ਰਹੇ ਪ੍ਰੀਵਾਰ ਅਤੇ ਬੱਚੀ ਨੂੰ ਲੋੜੀਂਦੀ ਮਦਦ ਦਿੱਤੀ ਜਾ ਰਹੀ ਹੈ।

# 18 ਮਹੀਨਿਆਂ ਵਿੱਚ 17400 ਕੰਮਕਾਜ਼ ਵਾਲੀਆਂ ਥਾਵਾਂ ਤੇ ਛਾਪੇਮਾਰੀ ਕਰਕੇ 12300 ਗੈਰਕਾਨੂੰਨੀ ਕਾਮੇ ਕੀਤੇ ਗ੍ਰਿਫਤਾਰ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਇੰਮੀਗ੍ਰੇਸ਼ਨ ਵਿਭਾਗ ਨੇ ਬੀਤੇ 18 ਮਹੀਨਿਆਂ ਵਿੱਚ 17400 ਕੰਮਕਾਜ਼ ਵਾਲੀਆਂ ਥਾਵਾਂ ਤੇ ਛਾਪੇਮਾਰੀ ਕਰਕੇ 12300 ਗੈਰਕਾਨੂੰਨੀ ਕਾਮਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਹ ਛਾਪੇਮਾਰੀ ਕਾਰ ਧੋਣ ਵਾਲੀਆਂ ਥਾਵਾਂ, ਵਾਲ ਕੱਟਣ ਵਾਲੀਆਂ ਅਤੇ ਨੌਂਹ ਬਣਾਉਣ ਵਾਲੀਆਂ ਥਾਵਾਂ ਤੋਂ ਇਲਾਵਾ ਭੋਜਨ ਤਿਆਰ ਕਰਨ ਵਾਲੀਆਂ ਥਾਵਾਂ ਤੇ ਕੀਤੀ ਗਈ। ਇਹ ਛਾਪੇਮਾਰੀ ਇਸ ਤੋਂ 18 ਮਹੀਨੇ ਪਹਿਲਾਂ ਦੇ ਸਮੇਂ ਵਿੱਚ ਕੀਤੀ ਛਾਪੇਮਾਰੀ ਤੋਂ 77 ਫੀਸਦੀ ਵੱਧ ਸਨ, ਜਦੋਂ ਸਿਰਫ 9900 ਛਾਪੇਮਾਰੀਆਂ ਕੀਤੀਆਂ ਗਈਆਂ ਸਨ ਅਤੇ 6725 ਗੈਰਕਾਨੂੰਨੀ ਕਾਮਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ।***

ਗ੍ਰਹਿ ਵਿਭਾਗ ਦੇ ਅੰਕੜਿਆਂ ਮੁਤਾਬਿਕ ਗ੍ਰਿਫਤਾਰ ਕੀਤੇ ਗਏ ਲੋਕਾਂ ਵਿੱਚੋਂ 1726 ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ ਸੀ। ਜਦ ਕਿ ਬਾਕੀ ਅਜੇ ਜਾਂਚ ਅਧੀਨ ਜਾਂ ਦੇਸ਼ ਨਿਕਾਲੇ ਲਈ ਅਦਾਲਤੀ ਪ੍ਰਕ੍ਰਿਆ ਵਿੱਚ ਹਨ। ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਕਿਹਾ ਕਿ ਸਾਡੇ ਭਾਈਚਾਰਿਆਂ ਵਿੱਚ ਗੈਰਕਾਨੂੰਨੀ ਕਾਮਿਆਂ ਲਈ ਕੋਈ ਥਾਂ ਨਹੀਂ ਹੈ। ਬਰਤਾਨੀਆਂ ਦੇ ਇਤਿਹਾਸ ਵਿੱਚ ਇਹ ਸਭ ਤੋਂ ਵੱਧ ਸਖ਼ਤੀ ਹੈ, ਗੈਰਕਾਨੂੰਨੀ ਪ੍ਰਵਾਸੀਆਂ ਦੇ ਚੁਪਣ ਲਈ ਕੋਈ ਥਾਂ ਨਹੀਂ ਹੈ। ਉਹਨਾਂ ਕਿਹਾ ਕਿ ਰਾਜਸੀ ਸ਼ਰਨਾਰਥੀਆਂ ਦੇ ਮਾਮਲਿਆਂ ਦੀ ਵੀ ਹਰ 30 ਮਹੀਨੇ ਬਾਅਦ ਸਮੀਖਿਆ ਕੀਤੀ ਜਾਵੇਗੀ, ਜੇ ਉਹ ਆਪਣੇ ਦੇਸ਼ਾਂ ਵਿੱਚ ਸੁਰੱਖਿਅਤ ਹੋਣਗੇ ਤਾਂ ਵਾਪਿਸ ਭੇਜਿਆ ਜਾਵੇਗਾ।

ਰਿਪੋਰਟਾਂ ਅਨੁਸਾਰ ਪਿਛਲੇ ਹਫਤੇ 30 ਭਾਰਤੀਆਂ ਅਤੇ ਅਲਬੀਨੀਅਨ ਲੋਕਾਂ ਨੂੰ ਸਵੀਡਨ ਦੀ ਇੱਕ ਇਮਾਰਤਸਾਜ਼ੀ ਕਾਰੋਬਾਰ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਗੈਰਕਾਨੂੰਨੀ ਲੋਕਾਂ ਨੂੰ ਕੰਮ ਦੇਣ ਵਾਲੀਆਂ ਕੰਪਨੀਆਂ ਨੂੰ 60 ਹਜ਼ਾਰ ਪੌਂਡ ਪ੍ਰਤੀ ਵਿਅਕਤੀ ਜੁਰਮਾਨੇ ਦੀ ਵਿਵਸਥਾ ਹੈ।

# ਇੰਗਲੈਂਡ ਦੇ ਪਿੰਡਾਂ ਵਾਲੇ ਖੇਤਰ ਵਿੱਚ ਪੁਲਿਸ ਨੇ ਇਕ ਵੱਡੀ ਕਾਰਵਾਈ ਦੌਰਾਨ ਰਿਕਾਰਡ ਤੋੜ ਮਾਤਰਾ ਵਿੱਚ ਕੈਨੇਬਿਸ ਬਰਾਮਦ ਕੀਤੀ

ਇੰਗਲੈਂਡ ਦੇ ਪਿੰਡਾਂ ਵਾਲੇ ਖੇਤਰ ਵਿੱਚ ਪੁਲਿਸ ਨੇ ਇਕ ਵੱਡੀ ਕਾਰਵਾਈ ਦੌਰਾਨ ਰੇਕੋਰਡ ਤੋੜ ਮਾਤਰਾ ਵਿੱਚ ਕੈਨੇਬਿਸ ਬਰਾਮਦ ਕੀਤੀ ਹੈ, ਜਿਸ ਦੀ ਕੀਮਤ ਲਗਭਗ £24 ਮਿਲੀਅਨ ਦੱਸੀ ਜਾ ਰਹੀ ਹੈ

ਜਾਣਕਾਰੀ ਅਨੁਸਾਰ, ਇਹ ਰੇਡ ਇੱਕ ਪਿੰਡ ਦੇ ਫਾਰਮ ਤੇ ਕੀਤੀ ਗਈ ਜਿੱਥੇ ਕਾਫ਼ੀ ਸਮੇਂ ਤੋਂ ਗੈਰਕਾਨੂੰਨੀ ਤਰੀਕੇ ਨਾਲ ਕੈਨੇਬਿਸ ਦੀ ਖੇਤੀ ਕੀਤੀ ਜਾ ਰਹੀ ਸੀ। ਪੁਲਿਸ ਦੇ ਅਧਿਕਾਰੀਆਂ ਨੇ ਕਿਹਾ ਕਿ ਇਹ ਉਨ੍ਹਾਂ ਦੀਆਂ ਸਭ ਤੋਂ ਵੱਡੀਆਂ ਜ਼ਬਤੀਆਂ ਵਿੱਚੋਂ ਇੱਕ ਹੈ ਅਤੇ ਇਸਨੂੰ ਰਿਕਾਰਡ-ਬ੍ਰੇਕਿੰਗ ਵਜੋਂ ਦਰਜ ਕੀਤਾ ਗਿਆ ਹੈ।

ਮੌਕੇ ਤੋਂ ਮਿਲੇ ਸਬੂਤਾਂ ਦੇ ਆਧਾਰ ਤੇ ਕੁਝ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਮਾਮਲੇ ਦੀ ਹੋਰ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੇ ਕਿਹਾ ਕਿ ਇਸ ਕਾਰਵਾਈ ਨਾਲ ਗੈਰਕਾਨੂੰਨੀ ਨਸ਼ੇ ਦੇ ਵਪਾਰ ਨੂੰ ਵੱਡਾ ਝਟਕਾ ਲੱਗਿਆ ਹੈ।

ਪੁਲਿਸ ਨੇ ਨਾਗਰਿਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਬਾਰੇ ਸੂਚਨਾ ਦਿੰਦੇ ਰਹਿਣ, ਤਾਂ ਜੋ ਸਮਾਜ ਵਿੱਚ ਨਸ਼ੇ ਦੇ ਵਧਦੇ ਜਾਲ ਨੂੰ ਰੋਕਿਆ ਜਾ ਸਕੇ।

# ਨਧੀਮ ਜਹਾਵੀ ਨੇ ਕਨਜ਼ਰਵੇਟਿਵ ਪਾਰਟੀ ਛੱਡੀ, ਰੀਫਾਰਮ ਯੂਕੇ ਵਿੱਚ ਸ਼ਾਮਲ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਬਰਤਾਨੀਆ ਦੀ ਸਿਆਸਤ ਵਿੱਚ ਉਸ ਸਮੇਂ ਵੱਡੀ ਹਲਚਲ ਮਚ ਗਈ, ਜਦੋਂ ਦੇਸ਼ ਦੇ ਸਾਬਕਾ ਖ਼ਜ਼ਾਨਾ ਮੰਤਰੀ ਨਧੀਮ ਜਹਾਵੀ ਨੇ ਕਨਜ਼ਰਵੇਟਿਵ ਪਾਰਟੀ ਨਾਲ ਆਪਣੇ ਲੰਮੇ ਸਮੇਂ ਤੋਂ ਚੱਲਦੇ ਆ ਰਹੇ ਸਬੰਧ ਤੋੜ ਕੇ ਰੀਫਾਰਮ ਯੂਕੇ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਦੇ ਇਸ ਕਦਮ ਨੂੰ ਬਰਤਾਨਵੀ ਸਿਆਸਤ ਵਿੱਚ ਇੱਕ ਵੱਡਾ ਮੋੜ ਮੰਨਿਆ ਜਾ ਰਿਹਾ ਹੈ।

ਨਧੀਮ ਜਹਾਵੀ ਨੇ ਕਿਹਾ ਕਿ ਬਰਤਾਨੀਆ ਇਸ ਵੇਲੇ ਬਹੁਤ ਹੀ ਗੰਭੀਰ ਅਤੇ ਸੰਵੇਦਨਸ਼ੀਲ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਮੌਜੂਦਾ ਸਿਆਸੀ ਪ੍ਰਬੰਧ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਨਹੀਂ ਉਤਰ ਰਿਹਾ ਅਤੇ ਦੇਸ਼ ਨੂੰ ਸਹੀ ਦਿਸ਼ਾ ਵੱਲ ਲਿਜਾਣ ਵਿੱਚ ਨਾਕਾਮ ਸਾਬਤ ਹੋ ਰਿਹਾ ਹੈ। ਉਨ੍ਹਾਂ ਆਖਿਆ ਕਿ ਆਮ ਲੋਕ ਮਹਿੰਗਾਈ, ਰੋਜ਼ਗਾਰ ਅਤੇ ਸੁਰੱਖਿਆ ਵਰਗੇ ਮੁੱਦਿਆਂ ਨਾਲ ਜੂਝ ਰਹੇ ਹਨ, ਪਰ ਸਰਕਾਰ ਵੱਲੋਂ ਉਨ੍ਹਾਂ ਨੂੰ ਢੁਕਵਾਂ ਹੱਲ ਨਹੀਂ ਮਿਲ ਰਿਹਾ।

ਸਾਬਕਾ ਖ਼ਜ਼ਾਨਾ ਮੰਤਰੀ ਨੇ ਦੋਸ਼ ਲਗਾਇਆ ਕਿ ਕਨਜ਼ਰਵੇਟਿਵ ਪਾਰਟੀ ਹੁਣ ਉਸ ਸੋਚ ਤੋਂ ਦੂਰ ਹੋ ਚੁੱਕੀ ਹੈ, ਜਿਸ ਦੇ ਆਧਾਰ 'ਤੇ ਲੋਕਾਂ ਨੇ ਉਸ 'ਤੇ ਭਰੋਸਾ ਕੀਤਾ ਸੀ। ਉਨ੍ਹਾਂ ਕਿਹਾ ਕਿ ਪਾਰਟੀ ਅੰਦਰਲੇ ਫ਼ੈਸਲੇ ਜਨਤਾ ਦੀ ਭਲਾਈ ਦੀ ਬਜਾਏ ਸਿਆਸੀ ਲਾਭ ਨੂੰ ਧਿਆਨ ਵਿੱਚ ਰੱਖ ਕੇ ਕੀਤੇ ਜਾ ਰਹੇ ਹਨ, ਜਿਸ ਕਾਰਨ ਦੇਸ਼ ਦੀ ਹਾਲਤ ਦਿਨੋਂਦਿਨ ਕਮਜ਼ੋਰ ਹੋ ਰਹੀ ਹੈ।

ਦੂਜੇ ਪਾਸੇ, ਰੀਫਾਰਮ ਯੂਕੇ ਵੱਲੋਂ ਨਧੀਮ ਜਹਾਵੀ ਦੇ ਪਾਰਟੀ ਵਿੱਚ ਸ਼ਾਮਲ ਹੋਣ ਨੂੰ ਵੱਡੀ ਕਾਮਯਾਬੀ ਕਰਾਰ ਦਿੱਤਾ ਗਿਆ ਹੈ। ਪਾਰਟੀ ਆਗੂਆਂ ਦਾ ਕਹਿਣਾ ਹੈ ਕਿ ਜਹਾਵੀ ਦਾ ਤਜਰਬਾ ਅਤੇ ਸਰਕਾਰੀ ਕੰਮਕਾਜ ਦੀ ਡੂੰਘੀ ਸਮਝ ਪਾਰਟੀ ਨੂੰ ਨਵੀਂ ਮਜ਼ਬੂਤੀ ਦੇਵੇਗੀ ਅਤੇ ਆਉਣ ਵਾਲੇ ਸਮੇਂ ਵਿੱਚ ਇਹ ਪਾਰਟੀ ਲੋਕਾਂ ਦੀ ਆਵਾਜ਼ ਬਣ ਕੇ ਉਭਰੇਗੀ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਨਧੀਮ ਜਹਾਵੀ ਦਾ ਇਹ ਕਦਮ ਕਨਜ਼ਰਵੇ-ਟਿਵ ਪਾਰਟੀ ਲਈ ਵੱਡਾ ਝਟਕਾ ਹੈ ਅਤੇ ਇਸ ਨਾਲ ਦੇਸ਼ ਦੀ ਸਿਆਸਤ ਵਿੱਚ ਨਵੀਂ ਧੜਾਬੰਦੀ ਅਤੇ ਚਰਚਾ ਸ਼ੁਰੂ ਹੋ ਸਕਦੀ ਹੈ। ਆਉਣ ਵਾਲੇ ਦਿਨਾਂ ਵਿੱਚ ਇਹ ਸਪਸ਼ਟ ਹੋ ਜਾਵੇਗਾ ਕਿ ਇਸ ਫ਼ੈਸਲੇ ਦਾ ਬਰਤਾਨੀਆ ਦੀ ਸਿਆਸੀ ਤਸਵੀਰ 'ਤੇ ਕਿੰਨਾ ਡੂੰਘਾ ਅਸਰ ਪੈਂਦਾ ਹੈ।

# ਕਾਰੋਬਾਰੀ ਰਾਜਵਿੰਦਰ ਸਿੰਘ ਸਿੱਧੂ ਅਤੇ ਪ੍ਰੀਵਾਰ ਵੱਲੋਂ ਸ਼ੇਰ ਗਰੁੱਪ ਨੂੰ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਸੇਵਾ ਸੰਭਾਲ ਅਤੇ ਨਵੇਂ ਸਾਲ ਦੀ ਖੁਸ਼ੀ ਵਿੱਚ ਸ਼ੁਕਰਾਨਾ ਸਮਾਗਮ

## ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਸਨਮਾਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕਾਰੋਬਾਰੀ ਰਾਜਵਿੰਦਰ ਸਿੰਘ ਸਿੱਧੂ ਅਤੇ ਪ੍ਰੀਵਾਰ ਵੱਲੋਂ ਸ਼ੇਰ ਗਰੁੱਪ ਨੂੰ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਸੇਵਾ ਸੰਭਾਲ ਅਤੇ ਨਵੇਂ ਸਾਲ ਦੀ ਖੁਸ਼ੀ ਵਿੱਚ ਸ਼ੁਕਰਾਨਾ ਸਮਾਗਮ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰੂ ਘਰ ਦੇ ਹਜ਼ੂਰੀ ਰਾਗੀ ਜੱਥੇ ਨੇ ਗੁਰਬਾਣੀ ਕਰਿਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਆਮ ਆਦਮੀ ਪਾਰਟੀ ਦੇ ਹਲਕਾ ਧਰਮਕੋਟ ਤੋਂ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਇਸ ਮੌਕੇ ਸ: ਰਾਜਵਿੰਦਰ ਸਿੰਘ ਸਿੱਧੂ ਦੇ ਸੱਦੇ 'ਤੇ ਨਤਮਸਤਕ ਹੋਣ ਲਈ ਪਹੁੰਚੇ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ: ਰਾਜਵਿੰਦਰ ਸਿੰਘ ਸਿੱਧੂ ਅਤੇ ਵਿਧਾਇਕ ਲਾਡੀ ਢੋਸ ਦਾ ਸਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ ਨੇ ਸ: ਰਾਜਵਿੰਦਰ ਸਿੰਘ ਸਿੱਧੂ ਅਤੇ ਪ੍ਰੀਵਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਗਤਾਂ ਵਿੱਚ ਪ੍ਰਬੰਧ ਨੂੰ ਲੈ ਕੇ ਉਤਸ਼ਾਹ ਹੈ। ਉਹਨਾਂ ਐਮ ਐਲ ਏ ਦਵਿੰਦਰਜੀਤ ਸਿੰਘ ਲਾਡੀ ਢੋਸ ਦਾ ਸਵਾਗਤ ਕਰਦਿਆਂ ਕਿਹਾ ਕਿ ਖੁਸ਼ੀ ਦੀ ਗੱਲ ਹੈ ਕਿ ਲੰਮਾਂ ਸਮਾਂ ਇੰਗਲੈਂਡ ਵਿੱਚ ਰਹਿਣ ਤੋਂ ਬਾਅਦ ਪੰਜਾਬ ਦੀ ਸਿਆਸਤ ਵਿੱਚ ਲਾਡੀ ਢੋਸ ਨੇ ਆਪਣੇ ਪਿਤਾ ਵਾਂਗ ਹਿੱਸਾ ਲਿਆ ਅਤੇ ਅੱਜ ਪੰਜਾਬ ਦੇ ਲੋਕਾਂ ਦੀ ਗੱਲ ਕਰ ਰਹੇ ਹਨ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਮੌਕੇ ਵਿਧਾਇਕ ਢੋਸ ਨਾਲ ਸਿੱਖ ਮਸਲਿਆਂ ਤੇ ਵੀ ਚਰਚਾ ਕੀਤੀ। ਵਿਧਾਇਕ ਲਾਡੀ ਢੋਸ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਵੀ ਇਸ ਗੁਰੂ ਘਰ ਦੇ ਸ਼ਰਧਾਲੂ ਹਨ ਅਤੇ ਸ਼ੇਰ ਗਰੁੱਪ ਦੇ ਸਰਗਰਮ ਮੈਂਬਰਾਂ 'ਚੋਂ ਇੱਕ ਹਨ, ਉਹਨਾਂ 2008 ਦੀਆਂ ਗੁਰਦੁਆਰਾ ਚੋਣਾਂ ਵਿੱਚ ਆਪਣੀ ਸਰਗਰਮ ਭੂਮਿਕਾ ਦਾ ਖਾਸ ਜਿਕਰ ਕੀਤਾ। ਇਸ ਮੌਕੇ ਟਰੱਸਟੀ ਅਮਰਜੀਤ ਸਿੰਘ ਦਾਸਨ, ਮੀਤ ਪ੍ਰਧਾਨ ਹਰਜੀਤ ਸਿੰਘ ਸਰਪੰਚ, ਮਲਕੀਤ ਸਿੰਘ ਗਰੇਵਾਲ, ਸਾਬਕਾ ਮੀਤ ਪ੍ਰਧਾਨ ਸ: ਸੋਹਣ ਸਿੰਘ ਸੁਮਰਾ, ਗੁਰਪ੍ਰਤਾਪ ਸਿੰਘ ਢਿਲੋਂ, ਪ੍ਰਮਜੀਤ ਸਿੰਘ ਧਾਲੀਵਾਲ, ਹਰਦੀਪ ਸਿੰਘ, ਬੀਬੀ ਸੁਰਜੀਤ ਕੌਰ ਬਾਸੀ, ਰਾਜਵਿੰਦਰ ਸਿੰਘ ਸਿੱਧੂ, ਭਰਪੂਰ ਸਿੰਘ, ਬਲਜੀਤ ਸਿੰਘ ਮੱਲੀ, ਬਲਵਿੰਦਰ ਸਿੰਘ ਗਿੱਲ ਦੀਨੇਵਾਲੀਆ, ਰਣਜੀਤ ਸਿੰਘ ਵੜੈਚ, ਪ੍ਰਤਾਪ ਸਿੰਘ ਮੋਮੀ, ਹਰਮਨ ਸਿੰਘ, ਬਿੱਲਾ ਸੰਧੂ, ਬਲਦੇਵ ਔਜਲਾ ਬੁਲਟ, ਸੁਖਵਿੰਦਰ ਸਿੰਘ ਸੁੱਖੀ, ਤਰਲੋਚਨ ਸਿੰਘ ਗਿੱਲ, ਹਰਵਿੰਦਰ ਸਿੰਘ, ਬਲਬੀਰ ਸਿੰਘ ਰਣੀਆਂ, ਉਂਕਾਰਜੀਤ ਸਿੰਘ ਸੰਧੂ, ਕਾਬਲਜੀਤ ਸਿੰਘ ਸੰਧੂ ਆਦਿ ਹਾਜ਼ਰ ਸਨ।



ਰਾਜਵਿੰਦਰ ਸਿੰਘ ਸਿੱਧੂ ਅਤੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

# ਸਾਊਥਾਲ 'ਚ ਲੱਗੀ ਭਿਆਨਕ ਅੱਗ ਕਾਰਨ ਪੰਜਾਬੀ ਕਾਰੋਬਾਰੀ ਦਾ ਵੱਡਾ ਨੁਕਸਾਨ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਊਥਾਲ ਦੇ ਸੈਮ ਰੀਸਾਈਕਲਿੰਗ ਸੈਂਟਰ ਵਿੱਚ ਅੱਗ ਲੱਗਣ ਕਾਰਨ ਪੰਜਾਬੀ ਕਾਰੋਬਾਰੀ ਰਾਜਿੰਦਰਬੀਰ ਸਿੰਘ ਰਮਨ ਭੈਣੀ ਦੇ ਕਾਰੋਬਾਰ ਦਾ ਵੱਡਾ ਨੁਕਸਾਨ ਹੋਇਆ ਹੈ। ਜਦ ਕਿ ਨਾਲ ਲੱਗਦੇ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਪ੍ਰਧਾਨ ਗੁਰਮੇਲ ਸਿੰਘ ਮੱਲੀ ਅਤੇ ਬਲਜੀਤ ਸਿੰਘ ਮੱਲੀ ਭਰਾਵਾਂ ਦੀ ਜੀ ਬੀ ਵਿੰਡੋ ਕੰਪਨੀ ਦੇ ਵੀ ਕੁਝ ਹਿੱਸੇ ਨੂੰ ਨੁਕਸਾਨ ਪਹੁੰਚਿਆ ਹੈ।

ਬੀਤੇ ਕੱਲ 11 ਜਨਵਰੀ 2026 ਨੂੰ ਸ਼ਾਮੀਂ 5:30 ਵਜੇ ਲੰਡਨ ਫਾਇਰ ਬ੍ਰਿਗੇਡ ਨੂੰ ਘਟਨਾ ਬਾਰੇ ਸੂਚਿਤ ਕੀਤਾ ਗਿਆ ਅਤੇ ਅੱਗ ਤੇ ਕਾਬੂ ਪਾਉਣ ਲਈ 8 ਅੱਗ ਬੁਝਾਊ ਗੱਡੀਆਂ ਅਤੇ 60 ਅਧਿਕਾਰੀਆਂ ਨੂੰ ਕਈ ਘੰਟਿਆਂ ਦਾ ਸਮਾਂ ਲੱਗਾ। ਅੱਗ ਇਹਨੀ ਭਿਆਨਕ ਸੀ ਕਿ ਅੱਗ ਦੀਆਂ ਲਪਟਾਂ ਸਾਊਥਾਲ ਦਾ ਅਸਮਾਨ ਛੂਹ ਰਹੀਆਂ ਸਨ ਅਤੇ ਧੂੰਏਂ ਨਾਲ ਸਾਰਾ ਇਲਾਕਾ ਭਰ ਗਿਆ ਸੀ। ਜਿਸ ਤੋਂ ਬਾਅਦ ਹੀਥਰੋ ਹਵਾਈ ਅੱਡੇ ਅਤੇ ਲੰਡਨ ਵਿਚਕਾਰ ਵਾਲੀਆਂ ਰੇਲ ਸੇਵਾਵਾਂ ਵਿੱਚ ਵੀ ਭਾਰੀ ਵਿਘਨ ਪਿਆ ਅਤੇ ਆਸ ਪਾਸ ਦੀਆਂ ਸੜਕਾਂ ਨੂੰ ਬੰਦ ਕਰ ਦਿੱਤਾ ਗਿਆ।

ਲੰਡਨ ਫਾਇਰ ਬ੍ਰਿਗੇਡ ਨੇ ਕਿਹਾ ਕਿ ਸਾਊਥਾਲ ਦੇ ਜੌਹਨਸਨ ਸਟਰੀਟ 'ਤੇ ਇੱਕ ਰੀਸਾਈਕਲਿੰਗ ਸੈਂਟਰ ਵਿੱਚ ਵਾਪਰੀ ਘਟਨਾ ਵਿੱਚ ਲਗਭਗ 15 ਟਨ ਮਿਸ਼ਰਤ ਰੀਸਾਈਕਲਿੰਗ ਨੂੰ ਅੱਗ ਲੱਗਣ ਦੀ ਸੂਚਨਾ ਮਿਲੀ ਸੀ।

ਬ੍ਰਿਗੇਡ ਨੂੰ ਸ਼ਾਮ 5.33 ਵਜੇ ਅੱਗ ਬੁਝਾਉਣ ਲਈ ਬੁਲਾਇਆ ਗਿਆ, ਜਿਸ ਵਿੱਚ ਸਾਊਥਾਲ, ਹੇਜ਼, ਫੈਲਥਮ ਅਤੇ ਆਲੇ ਦੁਆਲੇ ਦੇ ਫਾਇਰ ਸਟੇਸ਼ਨਾਂ ਤੋਂ ਅਮਲਾ ਭੇਜਿਆ ਗਿਆ। ਫਾਇਰਫਾਈਟਰਾਂ ਨੇ ਭਾਵੇਂ ਰਾਤ 8.35 ਵਜੇ ਤੱਕ ਅੱਗ 'ਤੇ ਕਾਬੂ ਪਾ ਲਿਆ ਸੀ। ਪਰ ਸਵੇਰ ਤੱਕ ਬਹੁਤ ਕੁਝ ਸੜ ਕੇ ਸਵਾਹ ਹੋ ਚੁੱਕਾ ਸੀ। ਖ਼ਬਰ ਲਿਖਣ ਤੱਕ ਅੱਗ ਲੱਗਣ ਦਾ ਕਾਰਨ ਪਤਾ ਨਹੀਂ ਲੱਗ ਸਕਿਆ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਸਾਊਥਾਲ ਵਿੱਚ ਕਵੀ ਦਰਬਾਰ



ਰਚਨਾਵਾਂ ਪੇਸ਼ ਕਰਦੇ ਕਵੀ ਅਤੇ ਕਵਿੱਤਰੀਆਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਸਿੱਖ ਮਿਸ਼ਨਰੀ ਸੁਸਾਇਟੀ ਯੂ ਕੇ ਵਿਖੇ ਤੀਜਾ ਸਾਲਾਨਾ ਕਵੀ ਦਰਬਾਰ ਕਰਵਾਇਆ ਗਿਆ। ਇਸ ਮੌਕੇ ਸੁਸਾਇਟੀ ਦੇ ਮੁੱਖ ਗ੍ਰੰਥੀ ਭਾਈ ਬਲਵਿੰਦਰ ਸਿੰਘ ਪੱਟੀ ਨੇ ਆਈਆਂ ਨੂੰ ਸੰਗਤਾਂ ਨੂੰ ਜੀ ਆਇਆਂ ਆਖਦਿਆਂ ਸਿੱਖ ਸਿਧਾਂਤ ਅਤੇ ਗੁਰੂ ਸਾਹਿਬ ਦੇ ਜੀਵਨ ਬ੍ਰਿਤਾਂਤ ਸਬੰਧੀ ਵਿਚਾਰ ਪੇਸ਼ ਕਰਦਿਆਂ ਕਵੀਆਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਸੰਗਤਾਂ ਨੂੰ ਸੰਬੋਧਨ ਕਰਦਿਆਂ ਸ: ਅਮਰਜੀਤ ਸਿੰਘ ਢਿਲੋਂ, ਕੌਂਸਲਰ ਰਾਜੂ ਸੰਸਾਰਪੁਰੀ ਨੇ ਕਿਹਾ ਕਿ ਅਜੇਹੇ ਕਵੀ ਦਰਬਾਰ ਜਰੂਰ ਹੋਣੇ ਚਾਹੀਦੇ ਹਨ ਅਤੇ ਨਵੀਂ ਪੀੜੀ ਨੂੰ ਨਾਲ ਜੋੜ੍ਹਨ ਲਈ ਯਤਨ ਕਰਨੇ ਚਾਹੀਦੇ ਹਨ। ਕੁਲਵੰਤ ਕੌਰ ਢਿਲੋਂ ਨੇ ਕਵੀ ਦਰਬਾਰ ਦੀ ਆਰੰਭਤਾ ਕਰਦਿਆਂ ਆਪਣੀ ਰਚਨਾ ਪੇਸ਼ ਕੀਤੀ, ਉਪਰੰਤ ਮਹਿੰਦਰਪਾਲ ਸਿੰਘ ਧਾਲੀਵਾਲ, ਅਮਨਦੀਪ ਸਿੰਘ ਅਮਨ ਗਲਾਸਗੋ, ਮਨਜੀਤ ਕੌਰ ਪੱਡਾ, ਰੁਪਿੰਦਰ ਕੌਰ ਗਿੱਲ, ਨਾਹਰ ਸਿੰਘ ਗਿੱਲ, ਭਿੰਦਰ ਜਲਾਲਾਬਾਦੀ, ਹਰਪਾਲ ਸਿੰਘ, ਸੁਰਿੰਦਰ ਕੌਰ, ਨੀਲਮ ਜੋਗਣ, ਬੇਅੰਤ ਕੌਰ ਆਦਿ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਜੀਵਨ ਸਬੰਧੀ, ਗੁਰ ਇਤਿਹਾਸ ਅਤੇ ਵਰਤਮਾਨ ਸਮੇਂ ਨਾਲ ਸਬੰਧਿਤ ਰਚਨਾਵਾਂ ਪੇਸ਼ ਕੀਤੀਆਂ। ਬੀਬੀ ਤੇਜ ਕੌਰ ਗਰੇਵਾਲ, ਸ਼ਿਵਦੀਪ ਕੌਰ ਢੇਸੀ, ਸਾਬਕਾ ਮੇਅਰ ਮਹਿੰਦਰ ਕੌਰ ਮਿੱਡਾ, ਗੁਰਮਿੰਦਰ ਕੌਰ ਰੰਧਾਵਾ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਵੀ ਦਰਬਾਰ ਦੇ ਪ੍ਰਬੰਧਕਾਂ ਨੂੰ ਵਧਾਈ ਪੇਸ਼ ਕੀਤੀ। ਕਵੀ ਦਰਬਾਰ ਦੀ ਸਫ਼ਲਤਾ ਲਈ ਸ: ਹਰਪਾਲ ਸਿੰਘ ਬਰਾੜ, ਸੋਹਣ ਸਿੰਘ ਸੁਮਰਾ, ਭਰਪੂਰ ਸਿੰਘ, ਅਜੈਬ ਸਿੰਘ ਪਵਾਰ, ਮਨਪ੍ਰੀਤ ਸਿੰਘ ਬੱਧਨੀ ਕਲਾਂ ਨੇ ਲੰਗਰਾਂ ਦੀ ਸੇਵਾ ਕੀਤੀ। ਸਟੇਜ ਦੀ ਕਾਰਵਾਈ ਮਨਪ੍ਰੀਤ ਸਿੰਘ ਬੱਧਨੀ ਕਲਾਂ ਨੇ ਨਿਭਾਈ। ਇਸ ਮੌਕੇ ਸੰਤੋਖ ਸਿੰਘ ਢੇਸੀ, ਹਰਨੇਕ ਸਿੰਘ ਧਾਲੀਵਾਲ ਆਦਿ ਉਚੇਚੇ ਤੌਰ ਤੇ ਹਾਜ਼ਰ ਸਨ।

# ਹਰਸਿਮਰਤ ਕੌਰ ਬਾਦਲ ਭਗਵੰਤ ਮਾਨ ਵਿਰੁੱਧ ਡਟੀ

## ✪ ਕਿਹਾ ਕਿ ਮਾਨ ਨੇ ਦਿੱਲੀ ਵਾਲਿਆਂ ਅੱਗੇ ਗੋਡੇ ਟੇਕੇ



ਮਾਨਸਾ-ਸੰਸਦ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਨੇ ਸੂਬੇ ਨੂੰ 'ਦਿੱਲੀ ਵਾਲਿਆਂ' ਨੂੰ ਸੌਂਪ ਦਿੱਤਾ ਹੈ, ਜੋ ਪੰਜਾਬ ਨੂੰ ਲੁੱਟਣ ਦੇ ਨਾਲ-ਨਾਲ ਸਰਕਾਰੀ ਜ਼ਮੀਨਾਂ ਵੇਚਣ ਲੱਗੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਸਿਰਫ਼ ਆਪਣਾ ਅਹੁਦਾ ਬਚਾਉਣ ਦੀ ਚਿੰਤਾ ਵਿੱਚ ਹਨ ਜਦੋਂਕਿ ਪੰਜਾਬ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਗੈਂਗਸਟਰ ਰੋਜ਼ਾਨਾ ਸ਼ਰ੍ਹੇਆਮ ਫ਼ਿਰੌਤੀਆਂ ਮੰਗ ਰਹੇ ਹਨ। ਸੰਸਦ ਮੈਂਬਰ ਬੀਬਾ ਹਰਸਿਮਰਤ ਕੌਰ ਬਾਦਲ ਬੀਤੇ ਦਿਨੀਂ ਮਾਨਸਾ ਹਲਕੇ ਦੇ ਪਿੰਡਾਂ ਦਾ ਦੌਰਾ ਕਰ ਰਹੇ ਸਨ। ਉਨ੍ਹਾਂ ਮੌਜੂਦਾ ਸਰਕਾਰ ਨੂੰ ਨਾਕਾਮ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਗੈਂਗਸਟਰ ਬੇਖੌਫ਼ ਹੋ ਕੇ ਧਮਕੀਆਂ ਦੇ ਰਹੇ ਹਨ ਤੇ ਫ਼ਿਰੌਤੀਆਂ ਮੰਗ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸੂਬੇ ਨੂੰ ਆਪਣੇ ਦਿੱਲੀ ਵਾਲੇ ਆਗੂਆਂ ਹਵਾਲੇ ਕਰ ਕੇ ਲੁਟਾਇਆ ਜਾ ਰਿਹਾ ਹੈ। ਹਾਲਾਤ ਇਹ ਹਨ ਕਿ ਪੰਜਾਬ ਦੀਆਂ ਸਰਕਾਰੀ ਜਾਇਦਾਦਾਂ ਵੇਚੀਆਂ ਜਾ ਰਹੀਆਂ ਹਨ।

ਹਰਸਿਮਰਤ ਨੇ ਦੋਸ਼ ਲਾਇਆ ਕਿ ਮੌਜੂਦਾ ਸਰਕਾਰ ਦਾ ਅਕਾਲੀ ਦਲ ਅਤੇ ਧਾਰਮਿਕ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਤੋਂ ਇਲਾਵਾ ਹੋਰ ਕੋਈ ਕੰਮ ਨਹੀਂ ਹੈ। ਅੱਜ ਜੋ ਵੀ ਸਰਕਾਰ 'ਤੇ ਸਵਾਲ ਉਠਾਉਂਦਾ ਹੈ, ਉਸ ਵਿਰੁੱਧ ਝੂਠੇ ਕੇਸ ਦਰਜ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਸੱਤਾ ਸੌਂਪਣ ਦਾ ਫ਼ੈਸਲਾ ਕਰ ਲਿਆ ਹੈ।

# ਬਜ਼ੁਰਗ ਪ੍ਰਵਾਸੀ ਭਾਰਤੀ ਜੋੜੇ ਨਾਲ 14 ਕਰੋੜ ਰੁਪਏ ਦੀ ਠੱਗੀ ਵਜੀ

## ✪ ਦਿੱਲੀ ਵਿਚ ਇਕ ਵੱਡੇ ਆਨਲਾਈਨ ਘੁਟਾਲੇ ਦਾ ਮਾਮਲਾ ਸਾਹਮਣੇ ਆਇਆ

ਨਵੀਂ ਦਿੱਲੀ-ਦਿੱਲੀ ਵਿਚ ਇਕ ਵੱਡੇ ਆਨਲਾਈਨ ਘੁਟਾਲੇ ਦਾ ਮਾਮਲਾ ਸਾਹਮਣੇ ਆਇਆ ਹੈ, ਜਿਥੇ ਇਕ ਬਜ਼ੁਰਗ ਐੱਨ. ਆਰ. ਆਈ. ਜੋੜੇ ਨਾਲ ਲਗਪਗ 14 ਕਰੋੜ ਰੁਪਏ ਦੀ ਠੱਗੀ ਹੋਈ ਹੈ। ਦਿੱਲੀ ਪੁਲਿਸ ਅਨੁਸਾਰ ਇਹ ਠੱਗੀ 'ਡਿਜੀਟਲ ਅਰੈਸਟ' ਰਾਹੀਂ ਕੀਤੀ ਗਈ, ਜਿਸ 'ਚ ਪੀੜਤਾਂ 'ਤੇ ਡਰ ਅਤੇ ਮਾਨਸਿਕ ਦਬਾਅ ਬਣਾ ਕੇ ਪੈਸੇ ਟਰਾਂਸਫਰ ਕਰਵਾਏ ਗਏ।

ਪੁਲਿਸ ਨੇ ਦੱਸਿਆ ਕਿ ਗ੍ਰੇਟਰ ਕੈਲਾਸ਼-2 ਦੀ ਰਹਿਣ ਵਾਲੀ 77 ਸਾਲਾ ਐੱਨ. ਆਰ. ਆਈ. ਔਰਤ ਨੇ ਇਸ ਸੰਬੰਧੀ ਸ਼ਿਕਾਇਤ ਦਰਜ ਕਰਵਾਈ ਹੈ। ਵੇਰਵਿਆਂ ਅਨੁਸਾਰ ਇਹ ਘਟਨਾ 24 ਦਸੰਬਰ, 2025 ਤੋਂ 9 ਜਨਵਰੀ, 2026 ਦਰਮਿਆਨ ਵਾਪਰੀ, ਜਦੋਂ ਇਕ ਨਨਸਰਬਾਜ਼ ਨੇ ਆਪਣੇ-ਆਪ ਨੂੰ ਟੈਲੀਕਾਮ ਰੈਗੂਲੇਟਰੀ ਅਥਾਰਟੀ ਆਫ ਇੰਡੀਆ ਦਾ ਅਧਿਕਾਰੀ ਦੱਸਦੇ ਹੋਏ ਫੋਨ ਕੀਤਾ। ਠੱਗ ਨੇ ਦਾਅਵਾ ਕੀਤਾ ਕਿ ਔਰਤ ਦਾ ਮੋਬਾਈਲ ਨੰਬਰ ਅਸ਼ਲੀਲ ਅਤੇ ਅਪਮਾਨਜਨਕ ਕਾਲਾਂ ਲਈ ਵਰਤਿਆ ਜਾ ਰਿਹਾ ਹੈ ਤੇ ਉਸ ਦੇ ਬੈਂਕ ਖਾਤਿਆਂ 'ਚ ਕਾਲਾ ਧਨ ਮਿਲਿਆ ਹੈ। ਇਸ ਤੋਂ ਇਲਾਵਾ, ਉਸ ਨੂੰ ਹਵਾਲਾ ਦੇ ਮਾਮਲੇ 'ਚ ਜਾਂਚ ਹੇਠ ਹੋਣ ਦੀ ਧਮਕੀ ਦਿੱਤੀ।

ਠੱਗ ਨੇ ਤੁਰੰਤ ਕਾਨੂੰਨੀ ਕਾਰਵਾਈ ਦੀ ਚਿਤਾਵਨੀ ਦੇ ਕੇ ਪੀੜਤਾ ਨੂੰ ਡਰਾਇਆ ਅਤੇ ਲਗਾਤਾਰ ਫੋਨ ਕਾਲਾਂ ਰਾਹੀਂ ਮਾਨਸਿਕ ਤਣਾਅ 'ਚ ਰੱਖਿਆ। ਡਾ. ਇੰਦਰ ਤਨੇਜਾ ਨੇ ਦੱਸਿਆ ਕਿ ਪੁਲਿਸ ਕੋਲ ਸ਼ਿਕਾਇਤ ਕਰਨ ਮਗਰੋਂ ਉਨ੍ਹਾਂ ਨੂੰ ਇਸ ਵੱਡੀ ਠੱਗੀ ਦਾ ਅਹਿਸਾਸ ਹੋਇਆ। ਪੀੜਤ ਦੇ ਪਤੀ ਡਾ. ਓਮ ਤਨੇਜਾ ਨੇ ਕਿਹਾ ਕਿ ਠੱਗਾਂ ਕੋਲ ਉਨ੍ਹਾਂ ਬਾਰੇ ਕਾਫੀ ਨਿੱਜੀ ਜਾਣਕਾਰੀ ਸੀ, ਜਿਸਦੇ ਡਰ ਕਾਰਨ ਉਨ੍ਹਾਂ ਆਰ. ਟੀ. ਜੀ. ਐੱਸ. ਰਾਹੀਂ ਵੱਖ-ਵੱਖ ਖਾਤਿਆਂ 'ਚ 14 ਕਰੋੜ ਰੁਪਏ ਟਰਾਂਸਫਰ ਕਰ ਦਿੱਤੇ। ਪੀੜਤਾ ਨੇ ਰਾਸ਼ਟਰੀ ਸਾਈਬਰ ਕ੍ਰਾਈਮ ਹੈਲਪਲਾਈਨ 'ਤੇ ਸ਼ਿਕਾਇਤ ਦਰਜ ਕਰਵਾਈ ਹੈ। ਦਿੱਲੀ ਪੁਲਿਸ ਦੇ ਆਈ. ਐੱਫ. ਐੱਸ. ਓ. ਯੂਨਿਟ ਨੇ ਐੱਫ. ਆਈ. ਆਰ. ਦਰਜ ਕਰ ਲਈ ਗਈ ਹੈ ਅਤੇ ਮਾਮਲੇ ਦੀ ਜਾਂਚ ਜਾਰੀ ਹੈ।

# ਵਿਆਹੁਤਾ ਔਰਤ ਦੀ ਹੱਤਿਆ ਮਗਰੋਂ ਲਾਸ਼ ਕੀਤੀ ਖੁਰਦ-ਬੁਰਦ

## ✪ ਅਜਨਾਲਾ ਪੁਲਿਸ ਵਲੋਂ ਪਤੀ ਸਮੇਤ ਤਿੰਨ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

ਅਜਨਾਲਾ-ਅਜਨਾਲਾ ਥਾਣੇ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਪਿੰਡ ਚੱਕ ਡੋਗਰਾ ਵਿਚ ਸਹੁਰਿਆਂ ਨੇ ਵਿਆਹੁਤਾ ਔਰਤ ਦਾ ਕਤਲ ਕਰ ਕੇ ਲਾਸ਼ ਨੂੰ ਖੁਰਦ-ਬੁਰਦ ਕਰ ਦਿੱਤਾ। ਪਰਿਵਾਰ ਦਾ ਦੋਸ਼ ਹੈ ਕਿ ਮੁਲਜ਼ਮਾਂ ਨੇ ਨਾ ਤਾਂ ਕਤਲ ਦੀ ਖਬਰ ਦਿੱਤੀ ਅਤੇ ਨਾ ਹੀ ਅੰਤਿਮ ਸੰਸਕਾਰ ਬਾਰੇ ਕੋਈ ਜਾਣਕਾਰੀ ਦਿੱਤੀ। ਅਜਨਾਲਾ ਥਾਣੇ ਦੇ ਇੰਚਾਰਜ ਇੰਸਪੈਕਟਰ ਹਿਮਾਂਸ਼ੂ ਭਗਤ ਨੇ ਦੱਸਿਆ ਕਿ ਕਤਲ ਅਤੇ ਲਾਸ਼ ਨੂੰ ਖੁਰਦ-ਬੁਰਦ ਕਰਨ ਦੇ ਦੋਸ਼ ਵਿਚ ਮਾਮਲਾ ਦਰਜ ਕੀਤਾ ਗਿਆ ਹੈ।

ਪੁੰਗਾ ਪਿੰਡ ਦੀ ਰਹਿਣ ਵਾਲੀ ਗੁਰਮੀਤ ਕੌਰ ਦੇ ਬਿਆਨ ਦੇ ਆਧਾਰ 'ਤੇ ਅਜਨਾਲਾ ਪੁਲਿਸ ਨੇ ਉਸ ਦੇ ਜਵਾਈ ਅਵਤਾਰ ਸਿੰਘ ਕਾਕਾ, ਉਸ ਦੇ ਪਿਤਾ ਸੰਤੋਖ ਸਿੰਘ ਅਤੇ ਮਾਂ ਰਾਣੀ ਕੌਰ ਨੂੰ ਨਾਮਜ਼ਦ ਕੀਤਾ ਹੈ। ਪੁਲਿਸ ਨੇ ਅਵਤਾਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਗੁਰਮੀਤ ਕੌਰ ਨੇ ਦੱਸਿਆ ਕਿ ਉਸ ਦੇ ਪਤੀ ਸਵਰਨ ਸਿੰਘ ਦੀ ਮੌਤ ਹੋ ਚੁੱਕੀ ਹੈ। ਉਸ ਨੇ ਆਪਣੀ ਧੀ ਕਸ਼ਮੀਰ ਕੌਰ (28) ਦਾ ਵਿਆਹ ਸੱਤ ਸਾਲ ਪਹਿਲਾਂ ਅਵਤਾਰ ਸਿੰਘ ਨਾਲ ਕੀਤਾ ਸੀ। ਅਵਤਾਰ ਸਿੰਘ ਕੋਲ ਕੋਈ ਪੱਕਾ ਰੋਜ਼ਗਾਰ ਨਹੀਂ ਸੀ। ਕਦੇ ਉਹ ਦਿਹਾੜੀਦਾਰ ਮਜ਼ਦੂਰ ਵਜੋਂ ਕੰਮ ਕਰਦਾ ਸੀ ਅਤੇ ਕਦੇ ਪੁਰਾਣੇ ਕੱਪੜੇ ਵੇਚਦਾ ਸੀ। ਵਿਆਹ ਤੋਂ ਕੁਝ ਮਹੀਨੇ ਬਾਅਦ ਹੀ ਉਸ ਦੀ ਧੀ ਕਸ਼ਮੀਰ ਕੌਰ ਨੇ ਉਸ ਨੂੰ ਦੱਸਿਆ ਕਿ ਉਪਰੋਕਤ ਤਿੰਨ ਲੋਕ ਉਸ ਦੇ ਸਹੁਰੇ ਘਰ ਉਸ ਨੂੰ ਤੰਗ-ਪਰੇਸ਼ਾਨ ਕਰ ਰਹੇ ਸਨ। ਕਈ ਵਾਰ ਮੁਲਜ਼ਮਾਂ ਦੇ ਘਰ ਜਾ ਕੇ ਪਰਿਵਾਰ ਨੂੰ ਸਮਝਾਇਆ ਗਿਆ ਸੀ ਕਿ ਉਨ੍ਹਾਂ ਦੀ ਧੀ ਨੂੰ ਤੰਗ-ਪਰੇਸ਼ਾਨ ਨਾ ਕਰਨ।

ਪਿਛਲੇ ਤਿੰਨ ਸਾਲਾਂ ਤੋਂ ਮੁਲਜ਼ਮਾਂ ਨੇ ਉਸ ਦੀ ਧੀ ਨੂੰ ਕੁੱਟਣਾ ਵੀ ਸ਼ੁਰੂ ਕਰ ਦਿੱਤਾ ਸੀ। ਇਸ ਸਬੰਧ ਵਿਚ ਜਵਾਈ ਘਰ ਆਇਆ ਅਤੇ ਉਨ੍ਹਾਂ ਤੋਂ ਮੁਆਫੀ ਵੀ ਮੰਗੀ ਸੀ। ਲਗਪਗ ਇਕ ਹਫ਼ਤਾ ਪਹਿਲਾਂ ਕਸ਼ਮੀਰ ਕੌਰ ਉਨ੍ਹਾਂ ਨੂੰ (ਪੇਕੇ ਘਰ) ਮਿਲਣ ਪਹੁੰਚੀ ਸੀ। ਫਿਰ ਸਹੁਰੇ ਘਰ ਜਾਣ ਤੋਂ ਬਾਅਦ ਉਸ ਦਾ ਕੋਈ ਸੰਪਰਕ ਨਹੀਂ ਰਿਹਾ।

# ਰੂਸ ਭੇਜਣ ਦੇ ਨਾਂ ਤੇ ਨੌਜਵਾਨਾਂ ਨਾਲ ਦੋ ਟਰੈਵਲ ਏਜੰਟਾਂ ਨੇ ਮਾਰੀ ਠੱਗੀ

## ✪ ਜੇਲ੍ਹ ਵਿੱਚ ਹੋਇਆ ਅਤਿਆਚਾਰ !


ਲੁਧਿਆਣਾ-ਲੁਧਿਆਣਾ ਪੁਲੀਸ ਨੇ ਪਟਿਆਲਾ ਦੇ ਦੋ ਟਰੈਵਲ ਏਜੰਟਾਂ, ਗੁਰਪ੍ਰੀਤ ਸਿੰਘ ਅਤੇ ਸੰਦੀਪ ਸਿੰਘ (ਖਾਲਸਾ ਇਮੀਗ੍ਰੇਸ਼ਨ), ਖਿਲਾਫ ਚਾਰ ਨੌਜਵਾਨਾਂ ਨੂੰ ਧੋਖੇ ਨਾਲ ਰੂਸ ਭੇਜਣ ਦੇ ਦੋਸ਼ ਵਿੱਚ ਮਾਮਲਾ ਦਰਜ ਕੀਤਾ ਹੈ।

ਸ਼ਿਕਾਇਤਕਰਤਾ ਸਾਹਿਲ ਸਿੰਘ ਅਨੁਸਾਰ, ਇਨ੍ਹਾਂ ਏਜੰਟਾਂ ਨੇ ਇੰਸਟਾਗ੍ਰਾਮ 'ਤੇ ਇਸ਼ਤਿਹਾਰ ਦੇ ਕੇ ਨੌਜਵਾਨਾਂ ਨੂੰ ਫਸਾਇਆ ਅਤੇ ਇੱਕ ਮਾਨਤਾ ਪ੍ਰਾਪਤ ਯੂਨੀਵਰਸਿਟੀ ਵਿੱਚ ਦਾਖਲੇ ਦਾ ਝਾਂਸਾ ਦੇ ਕੇ 14 ਲੱਖ ਰੁਪਏ ਹੜੱਪ ਲਏ। ਜਦੋਂ ਇਹ ਨੌਜਵਾਨ ਰੂਸ ਪਹੁੰਚੇ, ਤਾਂ ਉਨ੍ਹਾਂ ਨੂੰ ਇੱਕ ਬਲੈਕਲਿਸਟਿਡ ਯੂਨੀਵਰਸਿਟੀ ਤੋਂ ਹਿਰਾਸਤ ਵਿੱਚ ਲੈ ਲਿਆ ਗਿਆ। ਪੀੜਤਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਸੱਤ ਦਿਨਾਂ ਤੱਕ ਜੇਲ੍ਹ ਵਿੱਚ ਡੱਕ ਕੇ ਰੱਖਿਆ ਗਿਆ ਅਤੇ ਉਨ੍ਹਾਂ ਨੂੰ ਭਾਰੀ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ। ਜੇਲ੍ਹ ਦੌਰਾਨ ਨੌਜਵਾਨਾਂ ਨਾਲ ਹੋਏ ਸਲੂਕ ਬਾਰੇ ਹੈਰਾਨ ਕਰਨ ਵਾਲੇ ਖੁਲਾਸੇ ਹੋਏ ਹਨ।

ਸਾਹਿਲ ਨੇ ਇਲਜ਼ਾਮ ਲਾਇਆ ਕਿ ਰੂਸੀ ਅਧਿਕਾਰੀਆਂ ਨੇ ਸਿੱਖ ਨੌਜਵਾਨਾਂ ਦੀਆਂ ਦਸਤਾਰਾਂ ਜਬਰੀ ਉਤਾਰ ਦਿੱਤੀਆਂ ਅਤੇ ਉਨ੍ਹਾਂ ਨੂੰ ਬੀਫ (ਗਊ ਮਾਸ) ਖਾਣ ਲਈ ਮਜਬੂਰ ਕੀਤਾ ਗਿਆ। ਇੰਨਾ ਹੀ ਨਹੀਂ, ਉਨ੍ਹਾਂ ਨੂੰ ਯੂਕਰੇਨ ਵਿਰੁੱਧ ਜੰਗ ਲੜਨ ਲਈ ਰੂਸੀ ਫੌਜ ਵਿੱਚ ਜਬਰਦਸਤੀ ਭਰਤੀ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ। 14 ਨਵੰਬਰ ਨੂੰ ਭਾਰਤ ਡਿਪੋਰਟ ਹੋਣ ਤੋਂ ਬਾਅਦ ਪੀੜਤਾਂ ਨੇ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ। ਦੱਸਿਆ ਜਾ ਰਿਹਾ ਹੈ ਕਿ ਇੱਕ ਮੁਲਜ਼ਮ ਵਿਦੇਸ਼ ਭੱਜ ਚੁੱਕਾ ਹੈ, ਜਦੋਂਕਿ ਦੂਜਾ ਪੀੜਤ ਪਰਿਵਾਰਾਂ ਨੂੰ ਧਮਕੀਆਂ ਦੇ ਰਿਹਾ ਹੈ। ਪੁਲਿਸ ਹੁਣ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ।

# ਕੈਨੇਡਾ ਦੇ ਐਬਸਫੋਰਡ ਸ਼ਹਿਰ 'ਚ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ

## ✪ ਸੋਸ਼ਲ ਮੀਡੀਆ 'ਤੇ ਇਸ ਗੈਂਗਸਟਰ ਨੇ ਲਈ ਕਤਲ ਦੀ ਜ਼ਿੰਮੇਵਾਰੀ



ਐਬਟਸਫੋਰਡ-ਕੈਨੇਡਾ ਦੇ ਐਬਟਸਫੋਰਡ ਸ਼ਹਿਰ ਵਿੱਚ ਗੈਂਗਵਾਰ ਨਾਲ ਸਬੰਧਤ ਇੱਕ ਘਟਨਾ ਵਿਚ ਪੰਜਾਬ ਦੇ ਪਿੰਡ ਸੁਧਾਰ ਨਾਲ ਜੁੜੇ ਇੱਕ ਨੌਜਵਾਨ ਨਵਪ੍ਰੀਤ ਸਿੰਘ ਧਾਲੀਵਾਲ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਮ੍ਰਿਤਕ ਆਪਣੇ ਪਰਿਵਾਰ ਨਾਲ ਕੈਨੇਡਾ ਵਿੱਚ ਸਥਾਈ ਤੌਰ 'ਤੇ ਰਹਿ ਰਿਹਾ ਸੀ। ਮ੍ਰਿਤਕ ਨੌਜਵਾਨ ਦੇ ਰਿਸ਼ਤੇਦਾਰ, ਸਾਬਕਾ ਚੇਅਰਮੈਨ ਮੇਹਰ ਸਿੰਘ, ਵਾਸੀ ਧਾਲੀਵਾਲ, ਸੁਧਾਰ ਨੇ ਦੱਸਿਆ ਕਿ ਪੁਲਿਸ ਅਨੁਸਾਰ ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਨਵਪ੍ਰੀਤ ਆਪਣੀ ਮਾਂ ਨਾਲ ਘਰ ਵਿੱਚ ਸੀ। ਅਣਪਛਾਤੇ ਹਮਲਾਵਰਾਂ ਨੇ ਘਰ ਵਿੱਚ ਦਾਖਲ ਹੋ ਕੇ ਗੋਲੀਆਂ ਚਲਾਈਆਂ, ਜਿਸ ਕਾਰਨ ਨੌਜਵਾਨ ਗੰਭੀਰ ਜ਼ਖ਼ਮੀ ਹੋ ਗਿਆ। ਮੌਕੇ 'ਤੇ ਹੀ ਮੌਤ ਹੋ ਗਈ। ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਦੂਜੇ ਪਾਸੇ, ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿੱਚ, ਗੈਂਗਸਟਰ ਡੋਨੀ ਬੱਲ ਅਤੇ ਮੁਹੱਬਤ ਰੰਧਾਵਾ ਨੇ ਕਤਲ ਦੀ ਪੁਸ਼ਟੀ ਕੀਤੀ ਹੈ। ਜ਼ਿੰਮੇਵਾਰੀ ਲੈਂਦੇ ਹੋਏ, ਉਸਨੇ ਦਾਅਵਾ ਕੀਤਾ ਹੈ ਕਿ ਨਵਪ੍ਰੀਤ ਧਾਲੀਵਾਲ ਸਰੀ ਵਿੱਚ ਉਸਨੂੰ ਨੁਕਸਾਨ ਪਹੁੰਚਾਉਣਾ ਚਾਹੁੰਦਾ ਸੀ।

# ਅਮਰੀਕਾ ਨੇ ਜਾਰੀ ਕੀਤੀ ਟ੍ਰੈਵਲ ਐਡਵਾਈਜ਼ਰੀ : '21 ਦੇਸ਼ਾਂ ਵਿੱਚ ਨਾ ਜਾਓ'

## ✪ ਕੀ ਭਾਰਤ ਅਤੇ ਪਾਕਿਸਤਾਨ ਨੂੰ ਵੀ ਲੈਵਲ 4 ਵਿੱਚ ਸ਼ਾਮਲ ਕੀਤਾ ਗਿਆ ? ✪ ਇਸ ਐਡਵਾਈਜ਼ਰੀ ਪਿੱਛੇ ਰੂਸ-ਅਮਰੀਕਾ ਤਣਾਅ ਅਤੇ ਪਰਮਾਣੂ ਧਮਕੀਆਂ ਵੱਡਾ ਕਾਰਨ ਬਣਿਆ



### ਨਿਊਜ ਵਿਸ਼ਲੇਸ਼ਣ

ਅਮਰੀਕੀ ਵਿਦੇਸ਼ ਵਿਭਾਗ ਨੇ ਆਪਣੇ ਨਾਗਰਿਕਾਂ ਲਈ ਇੱਕ ਵੱਡੀ ਚੇਤਾਵਨੀ ਜਾਰੀ ਕੀਤੀ ਹੈ। ਇਹ ਚੇਤਾਵਨੀ 8 ਜਨਵਰੀ 2026 ਨੂੰ ਜਾਰੀ ਕੀਤੀ ਗਈ ਸੀ, ਜਿਸ ਵਿੱਚ 21 ਦੇਸ਼ਾਂ ਨੂੰ "ਲੈਵਲ-4: ਯਾਤਰਾ ਨਾ ਕਰੋ" ਵਾਲੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਇਸ ਦਾ ਮਤਲਬ ਹੈ ਕਿ ਅਮਰੀਕੀ ਨਾਗਰਿਕਾਂ ਨੂੰ ਇਨ੍ਹਾਂ ਦੇਸ਼ਾਂ ਵਿੱਚ ਕਿਸੇ ਵੀ ਹਾਲਤ ਵਿੱਚ ਨਾ ਜਾਣ ਦੀ ਸਲਾਹ ਦਿੱਤੀ ਗਈ ਹੈ। ਇਹ ਫੈਸਲਾ ਅਮਰੀਕੀ ਵਿਦੇਸ਼ ਵਿਭਾਗ ਦੇ ਬਿਊਰੋ ਆਫ਼ ਕੰਸੂਲਰ ਅਫੇਅਰਜ਼ ਵੱਲੋਂ ਲਿਆ ਗਿਆ ਹੈ ਅਤੇ ਇਸ ਨੂੰ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਉੱਤੇ ਅਧਿਕਾਰਤ ਪੋਸਟ ਰਾਹੀਂ ਸਾਂਝਾ ਕੀਤਾ ਗਿਆ ਹੈ।

ਅਮਰੀਕੀ ਵਿਦੇਸ਼ ਵਿਭਾਗ ਨੇ ਆਪਣੀ ਐਡਵਾਈਜ਼ਰੀ ਵਿੱਚ ਬੜੀ ਸਖ਼ਤੀ ਨਾਲ ਕਿਹਾ ਹੈ ਕਿ ਉਹ ਯਾਤਰੀਆਂ ਲਈ ਲੈਵਲ 1 ਤੋਂ ਲੈਵਲ 4 ਤੱਕ ਦੀਆਂ ਚੇਤਾਵਨੀਆਂ ਜਾਰੀ ਕਰਦੇ ਹਨ। ਲੈਵਲ 4 ਦਾ ਮਤਲਬ ਹੈ 'ਬਿਲਕੁਲ ਯਾਤਰਾ ਨਾ ਕਰੋ'। ਇਹ ਲੈਵਲ ਉਦੋਂ ਨਿਰਧਾਰਤ ਕੀਤਾ ਜਾਂਦਾ ਹੈ ਜਦੋਂ ਕਿਸੇ ਦੇਸ਼ ਵਿੱਚ ਸਥਾਨਕ ਹਾਲਾਤ ਬਹੁਤ ਖ਼ਤਰਨਾਕ ਹੋਣ ਜਾਂ ਉੱਥੇ ਅਮਰੀਕੀ ਨਾਗਰਿਕਾਂ ਨੂੰ ਮਦਦ ਕਰਨ ਦੀ ਅਮਰੀਕੀ ਸਰਕਾਰ ਦੀ ਸਮਰੱਥਾ ਸੀਮਿਤ ਹੋਵੇ। ਅਜਿਹੇ ਸਥਾਨ ਗੰਭੀਰ ਜੋਖਮਾਂ ਨਾਲ ਭਰੇ ਹੁੰਦੇ ਹਨ ਅਤੇ ਉੱਥੇ ਕਿਸੇ ਵੀ ਕਾਰਨ ਨਾਲ ਜਾਣਾ ਸੁਰੱਖਿਅਤ ਨਹੀਂ ਹੁੰਦਾ। ਇਹ ਚੇਤਾਵਨੀ ਅਮਰੀਕੀ ਨਾਗਰਿਕਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖ ਕੇ ਜਾਰੀ ਕੀਤੀ ਜਾਂਦੀ ਹੈ ਤਾਂ ਜੋ ਉਹ ਖ਼ਤਰਨਾਕ ਜਗ੍ਹਾਵਾਂ ਤੋਂ ਦੂਰ ਰਹਿਣ।

ਇਸ ਐਡਵਾਈਜ਼ਰੀ ਵਿੱਚ 21 ਦੇਸ਼ਾਂ ਨੂੰ ਯਾਤਰਾ ਨਾ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਇਨ੍ਹਾਂ ਵਿੱਚ ਰੂਸ, ਯੂਕਰੇਨ, ਲੀਬੀਆ ਅਤੇ ਬੁਰਕੀਨਾ ਫਾਸੋ ਵਰਗੇ ਦੇਸ਼ ਸ਼ਾਮਲ ਹਨ। ਪੂਰੀ ਸੂਚੀ ਇਸ ਤਰ੍ਹਾਂ ਹੈ: ਅਫਗਾਨਿਸਤਾਨ, ਬੇਲਾਰੂਸ, ਬਰਮਾ (ਮਿਆਂਮਾਰ), ਸੈਂਟਰਲ ਅਫਰੀਕਨ ਰੀਪਬਲਿਕ (ਸੀਏਆਰ), ਹੈਤੀ, ਈਰਾਨ, ਇਰਾਕ, ਲੇਬਨਾਨ, ਮਾਲੀ, ਨਾਈਜਰ, ਉੱਤਰੀ ਕੋਰੀਆ, ਸੋਮਾਲੀਆ, ਦੱਖਣੀ ਸੂਡਾਨ, ਸੂਡਾਨ, ਸੀਰੀਆ, ਵੈਨੇਜ਼ੁਏਲਾ ਅਤੇ ਯਮਨ। ਇਨ੍ਹਾਂ ਦੇਸ਼ਾਂ ਵਿੱਚ ਅਸਥਿਰਤਾ, ਅੱਤਵਾਦ, ਅਪਰਾਧ, ਸਿਹਤ ਸਮੱਸਿਆਵਾਂ ਅਤੇ ਹੋਰ ਜੋਖਮਾਂ ਕਾਰਨ ਅਮਰੀਕੀ ਨਾਗਰਿਕਾਂ ਨੂੰ ਉੱਥੇ ਨਾ ਜਾਣ ਦੀ ਸਲਾਹ ਦਿੱਤੀ ਗਈ ਹੈ। ਉਦਾਹਰਨ ਵਜੋਂ, ਰੂਸ ਅਤੇ ਯੂਕਰੇਨ ਵਿੱਚ ਜੰਗੀ ਹਾਲਾਤ ਹਨ, ਜਦਕਿ ਈਰਾਨ ਅਤੇ ਉੱਤਰੀ ਕੋਰੀਆ ਵਿੱਚ ਸਿਆਸੀ ਤਣਾਅ ਅਤੇ ਅਮਰੀਕੀ ਵਿਰੋਧੀ ਨੀਤੀਆਂ ਕਾਰਨ ਖ਼ਤਰਾ ਹੈ। ਬੁਰਕੀਨਾ ਫਾਸੋ ਅਤੇ ਮਾਲੀ ਵਰਗੇ ਅਫਰੀਕੀ ਦੇਸ਼ਾਂ ਵਿੱਚ ਅੱਤਵਾਦੀ ਗਤੀਵਿਧੀਆਂ ਅਤੇ ਅਪਰਾਧ ਵੱਧ ਰਹੇ ਹਨ।

ਹੁਣ ਸਵਾਲ ਇਹ ਉੱਠਦਾ ਹੈ ਕਿ ਕੀ ਇਸ ਸੂਚੀ ਵਿੱਚ ਭਾਰਤ ਅਤੇ ਪਾਕਿਸਤਾਨ ਦਾ ਨਾਂ ਵੀ ਸ਼ਾਮਲ ਹੈ ? ਨਹੀਂ, ਇਨ੍ਹਾਂ 21 ਦੇਸ਼ਾਂ ਵਿੱਚ ਨਾ ਤਾਂ ਭਾਰਤ ਹੈ ਅਤੇ ਨਾ ਹੀ ਪਾਕਿਸਤਾਨ। ਅਮਰੀਕੀ ਵਿਦੇਸ਼ ਵਿਭਾਗ ਨੇ ਭਾਰਤ ਨੂੰ ਲੈਵਲ 2 ਜਾਂ ਲੈਵਲ 3 ਵਿੱਚ ਰੱਖਿਆ ਹੋ ਸਕਦਾ ਹੈ, ਜਿਸ ਵਿੱਚ ਨਿਰੰਤਰ ਸਾਵਧਾਨੀ ਵਰਤਣ ਦੀ ਸਲਾਹ ਹੁੰਦੀ ਹੈ, ਪਰ ਲੈਵਲ 4 ਵਿੱਚ ਨਹੀਂ। ਇਸ ਨਾਲ ਇਹ ਸਪੱਸ਼ਟ ਹੈ ਕਿ ਅਮਰੀਕਾ ਭਾਰਤ ਨੂੰ ਖ਼ਤਰਨਾਕ ਦੇਸ਼ ਨਹੀਂ ਮੰਨਦਾ। ਭਾਰਤ ਵਿੱਚ ਅੱਤਵਾਦੀ ਖ਼ਤਰੇ ਜਾਂ ਰਾਜਨੀਤਕ ਅਸਥਿਰਤਾ ਹੈ, ਪਰ ਇਹ ਉਨ੍ਹਾਂ ਦੇਸ਼ਾਂ ਵਾਂਗ ਨਹੀਂ ਜਿੱਥੇ ਅਮਰੀਕੀ ਨਾਗਰਿਕਾਂ ਨੂੰ ਸਿੱਧੇ ਤੌਰ ਤੇ ਜਾਨ ਦਾ ਖ਼ਤਰਾ ਹੈ। ਭਾਰਤ ਵਿੱਚ ਅਮਰੀਕੀ ਸੈਲਾਨੀ ਅਕਸਰ ਆਉਂਦੇ ਹਨ ਅਤੇ ਉਹ ਆਮ ਤੌਰ ਤੇ ਸੁਰੱਖਿਅਤ ਮਹਿਸੂਸ ਕਰਦੇ ਹਨ, ਹਾਲਾਂਕਿ ਕੁਝ ਖੇਤਰਾਂ ਜਿਵੇਂ ਜੰਮੂ-ਕਸ਼ਮੀਰ ਵਿੱਚ ਵੱਧ ਸਾਵਧਾਨੀ ਵਰਤਣੀ ਪੈਂਦੀ ਹੈ।

ਇਸ ਐਡਵਾਈਜ਼ਰੀ ਨੂੰ ਜਾਰੀ ਕਰਨ ਪਿੱਛੇ ਵੱਡੇ ਕਾਰਨ ਹਨ। ਸਭ ਤੋਂ ਵੱਡਾ ਕਾਰਨ ਰੂਸ ਅਤੇ ਅਮਰੀਕਾ ਵਿਚਕਾਰ ਵਧ ਰਹੇ ਤਣਾਅ ਹਨ। ਇਹ ਫੈਸਲਾ ਰੂਸ ਵੱਲੋਂ ਅਮਰੀਕਾ ਨੂੰ ਪਰਮਾਣੂ ਹਥਿਆਰਾਂ ਦੀ ਵਰਤੋਂ ਦੀ ਧਮਕੀ ਦੇਣ ਤੋਂ ਬਾਅਦ ਆਇਆ ਹੈ। ਅਸਲ ਵਿੱਚ, ਅਟਲਾਂਟਿਕ ਮਹਾਸਾਗਰ ਵਿੱਚ ਅਮਰੀਕੀ ਫੌਜ ਨੇ ਇੱਕ ਰੂਸੀ ਝੰਡੇ ਵਾਲੇ ਤੇਲ ਟੈਂਕਰ 'ਮਰੀਨੇਰਾ' ਨੂੰ ਜ਼ਬਤ ਕਰ ਲਿਆ ਸੀ। ਇਹ ਟੈਂਕਰ ਵੈਨੇਜ਼ੁਏਲਾ ਤੋਂ ਤੇਲ ਲੈ ਕੇ ਜਾ ਰਿਹਾ ਸੀ ਅਤੇ ਇਸ ਨੂੰ ਰੂਸ ਨੇ ਆਪਣੇ ਝੰਡੇ ਹੇਠ ਰੱਖਿਆ ਸੀ ਤਾਂ ਜੋ ਅਮਰੀਕੀ ਪਾਬੰਦੀਆਂ ਤੋਂ ਬਚ ਸਕੇ। ਰੂਸ ਨੇ ਇਸ ਕਾਰਵਾਈ ਨੂੰ "ਸਮੁੰਦਰੀ ਡਕੈਤੀ" ਕਿਹਾ ਅਤੇ ਇਸ ਨਾਲ ਦੋਹਾਂ ਦੇਸ਼ਾਂ ਵਿਚਕਾਰ ਟਕਰਾਅ ਵਧ ਗਿਆ।

ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੀ ਪਾਰਟੀ ਦੇ ਸੰਸਦ ਮੈਂਬਰ ਅਤੇ ਦੇਸ਼ ਦੀ ਰੱਖਿਆ ਮਾਮਲਿਆਂ ਤੇ ਬਣੀ ਸਟੇਟ ਕਮੇਟੀ ਦੇ ਉਪ ਚੇਅਰਮੈਨ ਐਲੇਕਸੀ ਜ਼ੁਰਾਵਲੇਵ ਨੇ ਅਮਰੀਕਾ ਨੂੰ ਸਿੱਧੇ ਤੌਰ ਤੇ ਪਰਮਾਣੂ ਹਥਿਆਰਾਂ ਦੀ ਵਰਤੋਂ ਦੀ ਧਮਕੀ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਅਮਰੀਕੀ ਫੌਜਾਂ ਨੂੰ ਜਵਾਬ ਵਿੱਚ ਮਿਜ਼ਾਈਲਾਂ ਨਾਲ ਹਮਲਾ ਕੀਤਾ ਜਾਣਾ ਚਾਹੀਦਾ ਜਾਂ ਅਮਰੀਕੀ ਜਹਾਜ਼ਾਂ ਨੂੰ ਡੁਬੋ ਦਿੱਤਾ ਜਾਵੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਰੂਸੀ ਫੌਜੀ ਨੀਤੀ ਵਿੱਚ ਅਜਿਹੇ ਹਮਲੇ ਦੇ ਜਵਾਬ ਵਿੱਚ ਪਰਮਾਣੂ ਹਥਿਆਰਾਂ ਦੀ ਵਰਤੋਂ ਦੀ ਇਜਾਜ਼ਤ ਹੈ। ਇਸ ਧਮਕੀ ਨੇ ਵਿਸ਼ਵ ਪੱਧਰ ਤੇ ਤਣਾਅ ਵਧਾ ਦਿੱਤਾ ਹੈ ਅਤੇ ਅਮਰੀਕਾ ਨੇ ਇਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਆਪਣੇ ਨਾਗਰਿਕਾਂ ਨੂੰ ਰੂਸ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਹੈ।

ਇਸ ਘਟਨਾ ਦਾ ਬੈਕਗ੍ਰਾਊਂਡ ਵੀ ਬਹੁਤ ਮਹੱਤਵਪੂਰਨ ਹੈ। ਵੈਨੇਜ਼ੁਏਲਾ ਉਪਰ ਅਮਰੀਕੀ ਪਾਬੰਦੀਆਂ ਲੱਗੀਆਂ ਹੋਈਆਂ ਹਨ ਅਤੇ ਉਸ ਦੇ ਤੇਲ ਨੂੰ ਵੇਚਣ ਤੇ ਰੋਕ ਹੈ। ਰੂਸ ਨੇ ਵੈਨੇਜ਼ੁਏਲਾ ਦੇ ਨੇਤਾ ਨਿਕੋਲਸ ਮਾਦੁਰੋ ਨੂੰ ਸਮਰਥਨ ਦਿੱਤਾ ਹੈ ਅਤੇ ਆਪਣੇ ਝੰਡੇ ਹੇਠ ਟੈਂਕਰ ਚਲਾ ਕੇ ਪਾਬੰਦੀਆਂ ਨੂੰ ਟਾਲਣ ਦੀ ਕੋਸ਼ਿਸ਼ ਕੀਤੀ। ਪਰ ਅਮਰੀਕੀ ਫੌਜ ਨੇ ਇਸ ਟੈਂਕਰ ਨੂੰ ਅਟਲਾਂਟਿਕ ਵਿੱਚ ਰੋਕ ਲਿਆ ਅਤੇ ਜ਼ਬਤ ਕਰ ਲਿਆ। ਇਸ ਨੂੰ ਰੂਸ ਨੇ ਆਪਣੀ ਬੇਇੱਜ਼ਤੀ ਮੰਨਿਆ ਅਤੇ ਧਮਕੀਆਂ ਦਿੱਤੀਆਂ ਹਨ। ਡੋਨਾਲਡ ਟਰੰਪ ਪ੍ਰਸ਼ਾਸਨ ਨੇ ਇਸ ਨੂੰ ਵੈਨੇਜ਼ੁਏਲਾ ਨੂੰ ਸਥਿਰ ਕਰਨ ਦੇ ਉਪਾਅ ਵਜੋਂ ਵੇਖਿਆ ਹੈ, ਪਰ ਇਸ ਨਾਲ ਰੂਸ ਨਾਲ ਸੰਬੰਧ ਵਿਗੜ ਗਏ ਹਨ।

ਇਸ ਐਡਵਾਈਜ਼ਰੀ ਦੇ ਪਿੱਛੇ ਹੋਰ ਵੀ ਕਾਰਨ ਹਨ। ਵਿਸ਼ਵ ਵਿੱਚ ਅੱਤਵਾਦ ਅਤੇ ਜੰਗਾਂ ਵਧ ਰਹੀਆਂ ਹਨ। ਉਦਾਹਰਨ ਵਜੋਂ, ਯੂਕਰੇਨ ਵਿੱਚ ਰੂਸ ਨਾਲ ਜੰਗ ਚੱਲ ਰਹੀ ਹੈ, ਜਿਸ ਕਾਰਨ ਅਮਰੀਕੀ ਨਾਗਰਿਕਾਂ ਨੂੰ ਉੱਥੇ ਜਾਣਾ ਖ਼ਤਰਨਾਕ ਹੈ। ਈਰਾਨ ਅਤੇ ਅਮਰੀਕਾ ਵਿਚਕਾਰ ਤਣਾਅ ਪੁਰਾਣਾ ਹੈ ਅਤੇ ਉੱਥੇ ਅਮਰੀਕੀਆਂ ਨੂੰ ਅਗਵਾ ਕਰਨ ਜਾਂ ਗ੍ਰਿਫ਼ਤਾਰ ਕਰਨ ਦੇ ਮਾਮਲੇ ਵਧੇ ਹਨ। ਇਸੇ ਤਰ੍ਹਾਂ, ਅਫਰੀਕੀ ਦੇਸ਼ਾਂ ਜਿਵੇਂ ਨਾਈਜਰ ਅਤੇ ਮਾਲੀ ਵਿੱਚ ਅੱਤਵਾਦੀ ਸਮੂਹ ਸਰਗਰਮ ਹਨ, ਜੋ ਵਿਦੇਸ਼ੀਆਂ ਨੂੰ ਨਿਸ਼ਾਨਾ ਬਣਾਉਂਦੇ ਹਨ। ਅਮਰੀਕੀ ਸਰਕਾਰ ਆਪਣੇ ਨਾਗਰਿਕਾਂ ਨੂੰ ਇਨ੍ਹਾਂ ਜੋਖਮਾਂ ਤੋਂ ਬਚਾਉਣ ਲਈ ਅਜਿਹੀਆਂ ਚੇਤਾਵਨੀਆਂ ਜਾਰੀ ਕਰਦੀ ਹੈ।

ਕੀ ਭਾਰਤ ਖ਼ਤਰਨਾਕ ਦੇਸ਼ ਹੈ ? ਨਹੀਂ, ਭਾਰਤ ਨੂੰ ਅਮਰੀਕੀ ਵਿਦੇਸ਼ ਵਿਭਾਗ ਆਮ ਤੌਰ ਤੇ ਲੈਵਲ 2 ਵਿੱਚ ਰੱਖਦਾ ਹੈ, ਜਿਸ ਵਿੱਚ ਵੱਧ ਸਾਵਧਾਨੀ ਵਰਤਣ ਦੀ ਸਲਾਹ ਹੁੰਦੀ ਹੈ। ਭਾਰਤ ਵਿੱਚ ਅੱਤਵਾਦੀ ਘਟਨਾਵਾਂ ਹੁੰਦੀਆਂ ਹਨ, ਪਰ ਸਰਕਾਰ ਅਤੇ ਪੁਲਿਸ ਇਨ੍ਹਾਂ ਨੂੰ ਕੰਟਰੋਲ ਕਰਦੀ ਹੈ। ਭਾਰਤ ਵਿੱਚ ਲੱਖਾਂ ਵਿਦੇਸ਼ੀ ਸੈਲਾਨੀ ਆਉਂਦੇ ਹਨ ਅਤੇ ਉਹ ਤਾਜ ਮਹਿਲ, ਗੋਆ ਅਤੇ ਕੇਰਲ ਵਰਗੀਆਂ ਜਗ੍ਹਾਵਾਂ ਨੂੰ ਆਨੰਦ ਮਾਣਦੇ ਹਨ। ਹਾਲਾਂਕਿ, ਕੁਝ ਖੇਤਰਾਂ ਵਿੱਚ ਜਿਵੇਂ ਸਰਹੱਦੀ ਇਲਾਕੇ ਜਾਂ ਅਸਥਿਰ ਰਾਜਾਂ ਵਿੱਚ ਵੱਧ ਧਿਆਨ ਰੱਖਣਾ ਪੈਂਦਾ ਹੈ। ਅਮਰੀਕਾ ਭਾਰਤ ਨੂੰ ਆਪਣਾ ਮਿੱਤਰ ਦੇਸ਼ ਮੰਨਦਾ ਹੈ ਅਤੇ ਦੋਹਾਂ ਵਿਚਕਾਰ ਵਪਾਰ ਅਤੇ ਰੱਖਿਆ ਸਹਿਯੋਗ ਵਧ ਰਿਹਾ ਹੈ। ਇਸ ਲਈ ਭਾਰਤ ਨੂੰ ਲੈਵਲ 4 ਵਿੱਚ ਨਹੀਂ ਰੱਖਿਆ ਗਿਆ।

ਇਸ ਐਡਵਾਈਜ਼ਰੀ ਦੇ ਨਤੀਜੇ ਵੀ ਵੱਡੇ ਹਨ। ਇਸ ਨਾਲ ਵਿਸ਼ਵ ਵਿੱਚ ਤਣਾਅ ਵਧੇਗਾ ਅਤੇ ਅਮਰੀਕੀ ਨਾਗਰਿਕਾਂ ਨੂੰ ਯਾਤਰਾ ਯੋਜਨਾਵਾਂ ਬਦਲਣੀਆਂ ਪੈਣਗੀਆਂ। ਰੂਸ ਅਤੇ ਅਮਰੀਕਾ ਵਿਚਕਾਰ ਇਹ ਟਕਰਾਅ ਵਿਸ਼ਵ ਜੰਗ ਦੇ ਸੰਕੇਤ ਵੀ ਦੇ ਰਿਹਾ ਹੈ, ਕਿਉਂਕਿ ਪਰਮਾਣੂ ਧਮਕੀਆਂ ਨੇ ਸਭ ਨੂੰ ਚਿੰਤਤ ਕਰ ਦਿੱਤਾ ਹੈ। ਟਰੰਪ ਪ੍ਰਸ਼ਾਸਨ ਨੇ ਇਸ ਨੂੰ ਆਪਣੀ ਵਿਦੇਸ਼ ਨੀਤੀ ਦਾ ਹਿੱਸਾ ਬਣਾਇਆ ਹੈ, ਜਿਸ ਵਿੱਚ ਅੱਤਵਾਦ ਅਤੇ ਅਸਥਿਰਤਾ ਵਾਲੇ ਦੇਸ਼ਾਂ ਨੂੰ ਨਿਯੰਤਰਿਤ ਕਰਨਾ ਸ਼ਾਮਲ ਹੈ।

ਅੰਤ ਵਿੱਚ, ਇਹ ਐਡਵਾਈਜ਼ਰੀ ਅਮਰੀਕੀ ਨਾਗਰਿਕਾਂ ਦੀ ਸੁਰੱਖਿਆ ਲਈ ਹੈ ਅਤੇ ਵਿਸ਼ਵ ਪੱਧਰ ਤੇ ਸੰਤੁਲਨ ਬਣਾਉਣ ਲਈ ਮਹੱਤਵਪੂਰਨ ਹੈ। ਪਰ ਇਸ ਨਾਲ ਇਹ ਵੀ ਸਪੱਸ਼ਟ ਹੈ ਕਿ ਵਿਸ਼ਵ ਵਿੱਚ ਸ਼ਾਂਤੀ ਬਣਾਉਣ ਲਈ ਵੱਡੇ ਦੇਸ਼ਾਂ ਨੂੰ ਗੱਲਬਾਤ ਕਰਨੀ ਚਾਹੀਦੀ ਹੈ।

# ਬੋਲਟਨ 'ਚ ਕਾਰ ਤੇ ਟੈਕਸੀ ਦੀ ਭਿਆਨਕ ਟੱਕਰ, ਦੋ ਡਰਾਈਵਰਾਂ ਸਮੇਤ ਚਾਰ ਦੀ ਮੌਤ, ਪੰਜ ਗੰਭੀਰ ਜ਼ਖ਼ਮੀ

## ਦੋ ਕਾਰਾਂ ਦੀ ਹੋਈ ਭਿਆਨਕ ਟੱਕਰ ਮੌਕੇ ਰਾਹਤ ਕਾਰਜਾਂ ਚ ਰੁੱਝੇ ਪੁਲਿਸ ਕਰਮੀ

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਦੇ ਬੋਲਟਨ ਸ਼ਹਿਰ ਚ ਐਤਵਾਰ ਸਵੇਰੇ ਇੱਕ ਦਰਦਨਾਕ ਸੜਕ ਹਾਦਸੇ ਨੇ ਚਾਰ ਪਰਿਵਾਰਾਂ ਦੇ ਘਰ ਉਜਾੜ ਦਿੱਤੇ। ਵਿਗਨ ਰੋਡ ਤੇ ਹੋਈ ਕਾਰ ਅਤੇ ਟੈਕਸੀ ਦੀ ਆਮਨੇ-ਸਾਮਨੇ ਭਿਆਨਕ ਟੱਕਰ ਚ ਦੋਵੇਂ ਵਾਹਨਾਂ ਦੇ ਡਰਾਈਵਰਾਂ ਸਮੇਤ ਦੋ ਹੋਰ ਯਾਤਰੀਆਂ ਦੀ ਮੌਤ ਹੋ ਗਈ, ਜਦਕਿ ਪੰਜ ਹੋਰ ਲੋਕ ਗੰਭੀਰ ਜ਼ਖ਼ਮੀ ਹੋ ਗਏ।**

ਪੁਲਿਸ ਮੁਤਾਬਕ ਇਹ ਹਾਦਸਾ ਐਤਵਾਰ ਤੜਕੇ ਵਾਪਰਿਆ, ਜਦੋਂ ਲਾਲ ਰੰਗ ਦੀ ਸੀਟ ਲਿਓਨ ਕਾਰ ਅਤੇ ਸਿਟਰੋਇਨ ਸੀ4 ਪਿਕਾ-ਸੋ ਟੈਕਸੀ ਆਪਸ ਚ ਟਕਰਾ ਗਈਆਂ। ਟੱਕਰ ਇੰਨੀ ਜ਼ੋਰਦਾਰ ਸੀ ਕਿ ਦੋਵੇਂ ਵਾਹਨ ਬੁਰੀ ਤਰ੍ਹਾਂ ਨੁਕਸਾਨੀ ਹੋ ਗਏ ਅਤੇ ਮੌਕੇ ਤੇ ਹੀ ਚਾਰ ਲੋਕਾਂ ਨੇ ਦਮ ਤੋੜ ਦਿੱਤਾ।

ਹਾਦਸੇ ਦੀ ਸੂਚਨਾ ਮਿਲਦੇ ਹੀ ਪੁਲਿਸ, ਐਂਬੂਲੈਂਸ ਅਤੇ ਫਾਇਰ ਬ੍ਰਿਗੇਡ ਦੀਆਂ ਟੀਮਾਂ ਤੁਰੰਤ ਮੌਕੇ ਤੇ ਪਹੁੰਚ ਗਈਆਂ। ਵਾਹਨਾਂ ਚ ਫਸੇ ਜ਼ਖ਼ਮੀਆਂ ਨੂੰ ਕਾਫੀ ਜੱਦੋ-ਜਹਦ ਮਗਰੋਂ ਬਾਹਰ ਕੱਢ ਕੇ ਨੇੜਲੇ ਹਸਪਤਾਲਾਂ ਚ ਦਾਖ਼ਲ ਕਰਵਾਇਆ ਗਿਆ। ਡਾਕਟਰਾਂ ਅਨੁਸਾਰ ਕੁਝ ਜ਼ਖ਼ਮੀਆਂ ਦੀ ਹਾਲਤ ਗੰਭੀਰ ਬਣੀ ਹੋਈ ਹੈ।

ਗ੍ਰੇਟਰ ਮੈਨਚੈਸਟਰ ਪੁਲਿਸ ਨੇ ਦੱਸਿਆ ਕਿ ਮੌਤਾਂ ਦਾ ਸ਼ਿਕਾਰ ਹੋਏ ਲੋਕਾਂ ਦੇ ਨਾਂ ਅਤੇ ਉਨ੍ਹਾਂ ਦੀ ਕੌਮੀਅਤ ਹਾਲੇ ਜਾਰੀ ਨਹੀਂ ਕੀਤੀ ਗਈ, ਕਿਉਂਕਿ ਪਹਿਲਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਸੂਚਿਤ ਕੀਤਾ ਜਾ ਰਿਹਾ ਹੈ। ਪੁਲਿਸ ਨੇ ਕਿਹਾ ਕਿ ਹਾਦਸੇ ਦੇ ਸਹੀ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਇਲਾਕੇ ਦੇ ਸੀਸੀਟੀਵੀ ਫੁਟੇਜ ਵੀ ਖੰਗਾਲੇ ਜਾ ਰਹੇ ਹਨ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਵਿਗਨ ਰੋਡ ਤੇ ਟਰੈਫਿਕ ਜ਼ਿਆਦਾ ਰਹਿੰਦਾ ਹੈ ਅਤੇ ਕਈ ਵਾਰ ਵਾਹਨ ਤੇਜ਼ ਰਫ਼ਤਾਰ ਨਾਲ ਲੰਘਦੇ ਹਨ। ਉਨ੍ਹਾਂ ਮੰਗ ਕੀਤੀ ਹੈ ਕਿ ਇਸ ਸੜਕ ਤੇ ਰਫ਼ਤਾਰ ਨਿਯੰਤਰਣ ਲਈ ਸਖ਼ਤ ਕਦਮ ਚੁੱਕੇ ਜਾਣ। ਇਸ ਭਿਆਨਕ ਹਾਦਸੇ ਤੋਂ ਬਾਅਦ ਇਲਾਕੇ ਚ ਸੋਗ ਦੀ ਲਹਿਰ ਹੈ ਅਤੇ ਇੱਕ ਵਾਰ ਫਿਰ ਸੜਕ ਸੁਰੱਖਿਆ ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ।

# ਇਲੈਕਸ਼ਨ ਦੇ ਸਾਰੇ ਪੇਪਰਾਂ ਨੂੰ ਗੁਰਦੁਆਰਾ ਸਾਹਿਬ ਦੀ ਕਮੇਟੀ, ਇਲੈਕਸ਼ਨ ਬੋਰਡ ਦੇ ਮੈਂਬਰਾਂ ਅਤੇ ਸੁਪਰੀਮ ਕੌਂਸਲ ਦੇ ਮੈਂਬਰਾਂ ਦੀ ਹਾਜ਼ਰੀ ਵਿੱਚ ਨਸ਼ਟ ਕੀਤਾ ਗਿਆ ਹੈ



ਗ੍ਰੇਵਜ਼ੈਂਡ-ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਸੰਤ ਗ੍ਰੇਵਜ਼ੈਂਡ ਦੀ ਪ੍ਰਬੰਧਕ ਕਮੇਟੀ ਦੀ ਇਲੈਕਸ਼ਨ ਸੁਪਰੀਮ ਸਿੱਖ ਕੌਂਸਲ ਯੂ.ਕੇ. ਵੱਲੋਂ ਕਰਵਾਈ ਗਈ ਸੀ।ਇਸ ਇਲੈਕਸ਼ਨ ਵਿੱਚ "ਬਾਜ ਗਰੁਪ" ਅਤੇ "ਸ਼ੇਰ ਗਰੁਪ" ਵਿਚਕਾਰ ਚੋਣ ਮਿਤੀ 07/09/2025 ਨੂੰ ਹੋਈ ਸੀ। ਦੋਨਾਂ ਹੀ ਗਰੁਪਾਂ ਵੱਲੋਂ ਸਾਂਝੇ ਤੌਰ ਤੇ ਫੈਸਲਾ ਲਿਆ ਗਿਆ ਸੀ ਕਿ ਇਸ ਇਲੈਕਸ਼ਨ ਤੋ ਉਪਰੰਤ, ਇਲੈਕਸ਼ਨ ਨਾਲ ਸੰਬੰਧਤ ਸਾਰਾ ਰਿਕਾਰਡ 3 ਮਹੀਨੇ ਤੱਕ ਸੁਪਰੀਮ ਸਿੱਖ ਕੌਂਸਲ ਯੂ. ਕੇ. ਅਪਣੀ ਸਪੁਰਦਗੀ ਵਿੱਚ ਰੱਖੇਗੀ।

ਸੁਪਰੀਮ ਸਿੱਖ ਕੌਂਸਲ ਯੂ.ਕੇ. ਦੀ ਮੈਨੇਜਮੈਂਟ ਵਲੋਂ ਵਾਇਦੇ ਮੁਤਾਬਕ ਇਲੈਕਸ਼ਨ ਦੇ ਸਾਰੇ ਪੇਪਰ 11/01/2026 ਨੂੰ ਗੁਰਦੁਆਰਾ ਸਾਹਿਬ ਦੀ ਕਮੇਟੀ, ਇਲੈਕਸ਼ਨ ਬੋਰਡ ਦੇ ਮੈਂਬਰਾਂ ਅਤੇ ਸੁਪਰੀਮ ਕੌਂਸਲ ਦੇ ਮੈਂਬਰਾਂ ਦੀ ਹਾਜ਼ਰੀ ਵਿੱਚ ਨਸ਼ਟ ਕੀਤਾ ਗਿਆ ਹੈ।ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਇੰਦਰਪਾਲ ਸਿੰਘ ਸੱਲ, ਵਾਇਸ ਪ੍ਰਧਾਨ ਭਾਈ ਜਗਜੀਤ ਸਿੰਘ ਧਾਲੀਵਾਲ, ਜਨਰਲ ਸਕੱਤਰ ਭਾਈ ਜਗਦੇਵ ਸਿੰਘ ਬਿਰਦੀ, ਇਲੈਕਸ਼ਨ ਬੋਰਡ ਦੇ ਚੇਅਰਮੈਨ ਭਾਈ ਬਲਜੀਤ ਸਿੰਘ ਹੇਅਰ, ਸ਼ੇਰ ਗਰੁੱਪ ਵਲੋਂ ਭਾਈ ਕੁਲਵਿੰਦਰ ਸਿੰਘ ਦੇ ਨਾਲ ਸੁਪਰੀਮ ਸਿੱਖ ਕੌਂਸਲ ਯੂ.ਕੇ. ਵੱਲੋਂ ਭਾਈ ਚੰਦਰ ਸ਼ੇਖਰ ਸਿੰਘ ਗੁਰੂ ਕੰਨਵੀਨਰ ਜਥੇਦਾਰ ਬੋਰਡ, ਭਾਈ ਬਲਦੇਵ ਸਿੰਘ ਬੈਂਸ ਸਹਾਇਕ ਸਕੱਤਰ ਜਨਰਲ, ਭਾਈ ਦਿਲਬ-ਾਗ ਸਿੰਘ ਬੋਲਾ Admin Team, ਭਾਈ ਗੁਰਦੇਵ ਸਿੰਘ ਰੈਅਤ (ਜਥੇਦਾਰ), ਭਾਈ ਭਾਈ ਸੇਵਾ ਸਿੰਘ ਲੱਲੀ (ਜਥੇਦਾਰ), ਭਾਈ ਬੀਰ ਬਹਾਦੁਰ ਸਿੰਘ (ਕੌਂਸਲ ਦੇ ਬੁਲਾਰੇ) ਅਤੇ ਭਾਈ ਹਰੀ ਸਿੰਘ ਜੀ ਹਾਜ਼ਰ ਸਨ।

ਚੰਦਰ ਸ਼ੇਖਰ ਸਿੰਘ ਗੁਰੂ ਕਨਵੀਨਰ ਜਥੇਦਾਰ ਬੋਰਡ, ਸੁਪਰੀਮ ਸਿੱਖ ਕੌਂਸਲ ਯੂ.ਕੇ. ਵੱਲੋਂ ਉਹਨਾਂ ਸਾਰੇ ਹੀ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ਜਿਹਨਾਂ ਨੇ ਇਲੈਕਸ਼ਨ ਵਾਲੇ ਦਿਨ ਇਲੈਕਸ਼ਨ ਨੂੰ ਪੂਰੀ ਨਿਰਪੱਖਤਾ ਅਤੇ ਇਮਾਨਦਾਰੀ ਨਾਲ ਨਿਭਾਇਆ।

# ਸਰੀ ਚ ਇੱਕ ਹੋਰ ਪੰਜਾਬੀ ਦੀ ਗੋਲੀ ਮਾਰ ਕੇ ਹੱਤਿਆ

ਵੈਨਕੂਵਰ-(ਮਲਕੀਤ ਸਿੰਘ)- ਕਨੇਡਾ ਵਿੱਚ ਕਤਲੋਗਾਰਤ ਦੀਆਂ ਘਟਨਾਵਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ ਕੁਝ ਦਿਨ ਪਹਿਲਾਂ ਪੰਜਾਬੀਆਂ ਦੀ ਸੰਘਣੀ ਵੱਸੋਂ ਵਾਲੇ ਐਫਸਫੋਰਡ ਸ਼ਹਿਰ ਦੇ ਵਿੱਚ ਇੱਕ ਪੰਜਾਬੀ ਨੌਜਵਾਨ ਨੂੰ ਕਤਲ ਕੀਤੇ ਜਾਣ ਦੀ ਘਟਨਾ ਤੋਂ ਤਕਰੀਬਨ ਇੱਕ ਹਫਤਾ ਬਾਅਦ ਅੱਜ ਮਿਨੀ ਪੰਜਾਬ ਵਜੋਂ ਜਾਣੇ ਜਾਂਦੇ ਕੈਨੇਡਾ ਦੇ ਸਰੀ ਸ਼ਹਿਰ ਵਿੱਚ ਇੱਕ ਹੋਰ ਪੰਜਾਬੀ ਨੌਜਵਾਨ ਦਾ ਅਣਪਛਾਤਿਆ ਵੱਲੋਂ ਕਤਲ ਕੀਤੇ ਜਾਣ ਦੀ ਮੰਦਭਾਗੀ ਘਟਨਾ ਵਾਪਰਨ ਬਾਰੇ ਪਤਾ ਲੱਗਾ ਹੈ



ਕਤਲ ਕੀਤੇ ਨੌਜਵਾਨ ਦੀ ਤਸਵੀਰ

ਗੁਆਂਢੀ ਮੁਲਕ ਅਮਰੀਕਾ ਦੀ ਕੌਮਾਂਤਰੀ ਸਰਹੱਦ ਨੇੜੇ ਸਰੀ ਦੀ 176 ਸਟਰੀਟ ਅਤੇ 35 ਐਵਨਿਊ ਦੇ ਇਲਾਕੇ ਚ ਅੱਜ ਦੁਪਹਿਰ ਵੇਲੇ ਵਾਪਰੀ ਉਪਰੋਕਤ ਮੰਦਭਾਗੀ ਘਟਨਾ ਦੌਰਾਨ ਇੱਕ ਹੋਰ ਪੰਜਾਬੀ ਕਾਰੋਬਾਰੀ ਬਿੰਦਰ ਗਰਚਾ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਮ੍ਰਿਤਕ ਪੰਜਾਬ ਦੇ ਸ਼ਹੀਦ ਭਗਤ ਸਿੰਘ ਨਗਰ ਜਿਲੇ ਨਾਲ ਸੰਬੰਧਿਤ ਦੱਸਿਆ ਜਾ ਰਿਹਾ ਹੈ ਹੋਰਨਾ ਵੇਰਵਿਆ ਮੁਤਾਬਕ ਉਹ ਸਰੀ ਸ਼ਹਿਰ ਦੇ ਇੱਕ ਬੈਂਕੁਇਉਟਹਾਲ ਅਤੇ ਫੋਟੋ ਸਟੂਡੀਓ ਦਾ ਮਾਲਕ ਸੀ ਮਿਰਤਕ ਆਪਣੇ ਪਿੱਛੇ ਦੋ ਬੇਟੀਆਂ, ਇੱਕ ਬੇਟਾ, ਵਿਧਵਾ ਪਤਨੀ ਅਤੇ ਬਜ਼ੁਰਗ ਮਾਂ ਪਿਓ ਛੱਡ ਗਿਆ ਹੈ ਉਸ ਦੀ ਦੁਖਦਾਈ ਮੌਤ ਨਾਲ ਸਰੀ ਦੇ ਸਮੁੱਚੇ ਪੰਜਾਬੀ ਭਾਈਚਾਰੇ 'ਚ ਸੋਗ ਦੀ ਲਹਿਰ ਛਾ ਗਈ ਹੈ ।

# ਬਲਾਤਕਾਰ ਦੇ ਦੋਸ਼ ਤਹਿਤ ਭਾਰਤੀ ਨੂੰ ਕੈਦ ਅਤੇ ਦੇਸ਼ ਨਿਕਾਲੇ ਦੇ ਹੁਕਮ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਸਰਕਾਰ ਵੱਲੋਂ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਿਲ ਲੋਕਾਂ ਨੂੰ ਦੇਸ਼ ਨਿਕਾਲਾ ਦੇਣ ਲਈ ਸਖ਼ਤ ਰੁੱਖ ਅਪਨਾਇਆ ਜਾ ਰਿਹਾ ਹੈ। ਜਦ ਕਿ ਅਦਾਲਤਾਂ ਵੀ ਵਿਦੇਸ਼ੀ ਅਪਰਾਧੀਆਂ ਨੂੰ ਸਜ਼ਾ ਸੁਣਾਉਣ ਮੌਕੇ ਦੇਸ਼ ਨਿਕਾਲਾ ਦੇਣ ਦੇ ਹੁਕਮ ਦੇ ਰਹੀਆਂ ਹਨ। ਬੀਤੇ ਦਿਨੀ ਭਾਰਤੀ ਮੂਲ ਦੇ 46 ਸਾਲਾ ਜੋਸ ਸਿਬੀ ਨੂੰ ਬਲਾਤਕਾਰ ਦੇ ਇੱਕ ਦੋਸ਼ ਅਤੇ ਬਲਾਤਕਾਰ ਦੀ ਕੋਸ਼ਿਸ਼ ਦੇ ਦੋ ਦੋਸ਼ ਸਵੀਕਾਰ ਕਰਨ ਤੋਂ ਬਾਅਦ 6 ਸਾਲ ਲਈ ਜੇਲ੍ਹ ਭੇਜ ਦਿੱਤਾ ਹੈ। ਟੀਸਾਈਡ ਕਰਾਉਨ ਕੋਰਟ ਵਿੱਚ ਸਜ਼ਾ ਸੁਣਾਉਣ ਮੌਕੇ ਜੱਜ ਐਂਥਨੀ ਹਾਕਸ ਨੇ ਕਿਹਾ ਕਿ ਉਸਨੂੰ ਯੂ ਕੇ ਵਿੱਚ ਆਪਣੀ ਸਜ਼ਾ ਦਾ ਕੁਝ ਹਿੱਸਾ ਕੱਟਣ ਤੋਂ ਬਾਅਦ ਦੇਸ਼ ਨਿਕਾਲਾ ਦਿੱਤਾ ਜਾਵੇਗਾ। ਅਦਾਲਤ ਨੇ ਸਿਬੀ ਨੂੰ 6 ਸਾਲ ਕੈਦ ਦੀ ਸਜ਼ਾ ਅਤੇ ਉਮਰ ਭਰ ਲਈ ਜਿਣਸੀ ਅਪਰਾਧੀ ਵਜੋਂ ਨਾਮ ਦਰਜ਼ ਕਰਨ ਦੇ ਹੁਕਮ ਦਿੱਤੇ ਹਨ। ਜੱਜ ਨੇ ਕਿਹਾ ਹੈ ਕਿ ਯੂ ਕੇ ਵਿੱਚ ਸਜ਼ਾ ਦਾ ਦੋ ਤਿਹਾਈ ਹਿੱਸਾ ਕੱਟਣ ਤੋਂ ਬਾਅਦ ਦੋਸ਼ੀ ਨੂੰ ਦੇਸ਼ ਨਿਕਾਲਾ ਦਿੱਤਾ ਜਾਵੇਗਾ।



ਜੋਸ ਸਿਬੀ

# ਸਰੀ ਵਿੱਚ ਇੱਕੋ ਘਰ 'ਤੇ ਦੂਜੀ ਵਾਰ ਗੋਲੀਬਾਰੀ, ਵਸੂਲੀ ਮਾਮਲਿਆਂ ਨਾਲ ਜੋੜੀ ਜਾਂਚ

ਵੈਨਕੂਵਰ-(ਮਲਕੀਤ ਸਿੰਘ) — ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਸਰੀ ਸ਼ਹਿਰ ਦੇ ਕਲੋਵੇਡੇਲ ਇਲਾਕੇ ਵਿੱਚ ਇੱਕ ਰਿਹਾਇਸ਼ੀ ਘਰ ਨੂੰ ਦੋ ਹਫ਼ਤਿਆਂ ਤੋਂ ਘੱਟ ਸਮੇਂ ਵਿੱਚ ਦੂਜੀ ਵਾਰ ਗੋਲੀਬਾਰੀ ਦਾ ਨਿਸ਼ਾਨਾ ਬਣਾਇਆ ਗਿਆ। ਪੁਲਿਸ ਮੁਤਾਬਕ ਇਹ ਘਟਨਾ ਸ਼ਹਿਰ ਵਿੱਚ ਚੱਲ ਰਹੀਆਂ ਵਸੂਲੀ ਦੀਆਂ ਲੜੀਵਾਰ ਘਟਨਾਵਾਂ ਨਾਲ ਸੰਬੰਧਿਤ ਹੋ ਸਕਦੀ ਹੈ। ਇਸ ਗੋਲੀਬਾਰੀ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਸੂਚਨਾ ਨਹੀਂ ਮਿਲੀ।ਪੁਲਿਸ ਨੇ ਦੱਸਿਆ ਕਿ ਤਾਜ਼ਾ ਵਾਪਰੇ ਇਸ ਘਟਨਾਕਰਮ ਦੌਰਾਨ ਘਰ ਦੀ ਇਮਾਰਤ ਨੂੰ ਨੁਕਸਾਨ ਪਹੁੰਚਿਆ, ਪਰ ਅੰਦਰ ਮੌਜੂਦ ਕਿਸੇ ਵੀ ਵਿਅਕਤੀ ਨੂੰ ਚੋਟ ਨਹੀਂ ਆਈ। ਜਾਂਚ ਅਧਿਕਾਰੀ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ ਅਤੇ ਸਬੂਤ ਇਕੱਤਰ ਕਰਨ ਲਈ ਇਲਾਕੇ ਦੇ ਸੀਸੀਟੀਵੀ ਫੁੱਟੇਜ ਨੂੰ ਵੀ ਖੰਗਾਲਿਆ ਜਾ ਰਿਹਾ ਹੈ

# ਵਿੱਤੀ ਕਾਰਨਾ ਕਰਕੇ ਚਾਈਨਾ ਅਖਬਾਰ ਦਾ ਦਫਤਰ ਬੰਦ ਕਰਨ ਦਾ ਫੈਸਲਾ

**ਵੈਨਕੂਵਰ-(ਮਲਕੀਤ ਸਿੰਘ) – ਚੀਨੀ ਭਾਸ਼ਾ ਦੇ ਪ੍ਰਮੁੱਖ ਅਖਬਾਰ 'ਮਿੰਗ ਪਾਓ ਡੇਲੀ ਨਿਊਜ਼' ਨੇ ਬ੍ਰਿਟਿਸ਼ ਕੋਲੰਬੀਆ ਅਤੇ ਓਨਟਾਰੀਓ ਵਿੱਚ ਆਪਣੇ ਦਫ਼ਤਰ ਬੰਦ ਕਰਨ ਦਾ ਐਲਾਨ ਕਰ ਦਿੱਤਾ ਹੈ। ਇਸ ਫੈਸਲੇ ਨਾਲ ਲਗਭਗ 60 ਕਰਮਚਾਰੀਆਂ ਦੀ ਨੌਕਰੀ ਪ੍ਰਭਾਵਿਤ ਹੋਵੇਗੀ।ਅਖ਼ਬਾਰ ਦੇ ਪ੍ਰਕਾਸ਼ਕ ਵੱਲੋਂ ਜਾਰੀ ਪੱਤਰ ਅਨੁਸਾਰ, ਵਿੱਤੀ ਕਾਰਨਾਂ ਕਰਕੇ ਕੈਨੇਡਾ ਵਿੱਚ ਚੱਲ ਰਹੀਆਂ ਗਤੀਵਿਧੀਆਂ ਹੁਣ ਸਮਾਪਤ ਕੀਤੀਆਂ ਜਾ ਰਹੀਆਂ ਹਨ। 'ਮਿੰਗ ਪਾਓ'ਅਖ਼ਬਾਰ ਦੇ ਵੈਨਕੂਵਰ ਨੇੜਲੇ ਰਿਚਮੰਡ ਅਤੇ ਟੋਰਾਂਟੋ ਵਿੱਚ ਨਿਊਜ਼ਰੂਮ ਕੰਮ ਕਰਦੇ ਸਨ, ਜੋ ਹੁਣ ਬੰਦ ਹੋਣ ਜਾ ਰਹੇ ਹਨ। ਪ੍ਰਾਪਤ ਵੇਰਵਿਆ ਮੁਤਾਬਕ ਕੈਨੇਡਾ ਵਿੱਚ 'ਮਿੰਗ ਪਾਓ' ਅਖ਼ਬਾਰ ਦੀਆਂ ਸੇਵਾਵਾਂ ਕਈ ਸਾਲਾਂ ਤੋਂ ਚੀਨੀ ਭਾਈਚਾਰੇ ਲਈ ਜਾਣਕਾਰੀ ਦਾ ਮੁੱਖ ਸਰੋਤ ਰਹੀਆਂ ਹਨ। ਅਖ਼ਬਾਰ ਦੇ ਬੰਦ ਹੋਣ ਨਾਲ ਸਥਾਨਕ ਚੀਨੀ ਪਾਠਕਾਂ ਅਤੇ ਮੀਡੀਆ ਕਰਮਚਾਰੀਆਂ 'ਚ ਨਿਰਾਸ਼ਾ ਦਾ ਆਲਮ ਪਾਇਆ ਜਾਣਾ ਸੁਭਾਵਿਕ ਹੈ।**

# ਸ. ਭਗਵੰਤ ਸਿੰਘ ਮਾਨ ਦੀ ਪੇਸ਼ੀ ਸਮੇਂ ਉਸ ਤੋਂ ਪਹਿਲਾਂ ਅਕਾਲੀ ਲੀਡਰਾਂ ਵਾਂਗ ਪੇਸ਼ੀ ਸਮੇਂ ਹਾਂ ਜਾਂ ਨਾਂਹ ਵਿਚ ਉਤਰ ਲਏ ਜਾਣ

ਡਰਬੀ ਸਿੰਘ ਸਭਾ ਗੁਰਦੁਆਰੇ ਸਾਹਿਬ ਐਤਵਾਰ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਤੇ ੨੦੦੩ ਨਾਨਕਸ਼ਾਹੀ ਕੈਲੰਡਰ ਮੁਤਾਬਕ ਆਖੰਡਪਾਠ ਦੇ ਭੋਗ ਪਾਏ ਗਏ। ਉਪਰੰਤ ਕੀਰਤਨ ਹੋਇਆ । ਸਟੇਜ ਤੇ ਸੰਗਤਾਂ ਨਾਲ ਸਾਂਝ ਪਾਉਂਦਿਆਂ ਸੰਗਤ ਨੇ ਕਿਹਾ ਸੀ ਕਿ ਜਿਸ ਤਰ੍ਹਾਂ ਪਿਛਲੇ ਸਾਲ ਅਕਾਲੀ ਲੀਡਰ ਨੂੰ ਤਨਖਾਹ ਲਾਈ ਗਈ ਸੀ । ਉਨ੍ਹਾਂ ਸਪੱਸ਼ਟੀਕਰਨ ਲਏ ਸੀ । ਇਹ ਸਿਰਫ ਹਾਂ ਜਾਂ ਨਾਂਹ ਵਿਚ ਜਵਾਬ ਦੇਣ ਨੂੰ ਕਿਹਾ ਸੀ ਹੁਣ ਵੀ ਉਸੇ ਤਰ੍ਹਾਂ ਲਿਖਤੀ ਬਿਆਨ ਭਗਵੰਤ ਮਾਨ ਤੋਂ ਲਿਆ ਜਾਵੇ, ਸਿਰਫ ਉੱਥੇ ਜਵਾਬ ਹਾਂ ਜਾਂ ਨਾਂਹ ਵਿਚ ਹੀ ਲਏ ਜਾਣ। ਪਹਿਲਾ ਪ੍ਰਸ਼ਨ ਬਰਗਾੜੀ ਵਿਖੇ ਭਗਵੰਤ ਮਾਨ ਗੁਰੂ ਗ੍ਰੰਥ ਸਾਹਿਬ ਦੇ ਤਖ਼ਤ ਤੇ ਸ਼ਰਾਬ ਪੀਕੇ ਬੈਠਾ ਸੀ ਜਾਂ ਨਹੀਂ। ਪੁਰੇਵਾਲ ਨੇ ਦੱਸਿਆ ਮੈਂ ਹਾਜ਼ਰ ਸੀ ਮੈਂ ਇਸ ਨੂੰ ਸੰਗਤਾਂ ਵਲੋਂ ਕੁੱਟਣ ਤੋਂ ਬਚਾਇਆ ਸੀ। ਉਸ ਵੇਲੇ ਇਹ ਐਮ.ਪੀ. ਸੀ ਤੇ ਸ਼ਰਾਬੀ ਸੀ।

ਦੂਜਾ ਪ੍ਰਸ਼ਨ ਜੋ ਵੀਡੀਓ ਸ਼ੋਸ਼ਲ ਮੀਡੀਆ ਵਿਚ ਚਲ ਰਹੀ ਜਿਸ ਵਿਚ ਇਹ ਗੁਰੂ ਗੋਬਿੰਦ ਸਿੰਘ ਜੀ ਤੇ ਸ਼ਹੀਦ ਜਰਨੈਲ ਸਿੰਘ ਦੀ ਫੋਟੋ ਦਾ ਨਿਰਾਦਰ ਕਰ ਰਿਹਾ ਹੈ ਤੇ ਤੀਜਾ ਪ੍ਰਸ਼ਨ ਕੀ ਉਹ ਮੰਨਦਾ ਹੈ ਕਿ ਉਹ



ਰਘਬੀਰ ਸਿੰਘ, ਰਜਿੰਦਰ ਸਿੰਘ ਪੁਰੇਵਾਲ, ਜਥੇਦਾਰ ਅਵਤਾਰ ਸਿੰਘ ਸੰਘੇੜਾ, ਜਥੇਦਾਰ ਬਲਵੀਰ ਸਿੰਘ, ਡ: ਦਲਜੀਤ ਸਿੰਘ ਵਿਰਕ

ਗੁਰੂ ਘਰਾਂ ਦੇ ਪ੍ਰਬੰਧ ਤੇ ਗੋਲਕ ਵਿਚ ਮਾਇਆ ਪਾਉਣ ਤੋਂ ਰੋਕਣ ਲਈ ਤੇ ਸਿੱਖੀ ਨੂੰ ਢਾਹ ਲਾ ਰਿਹਾ। ਮੁੱਖ ਸੇਵਾਦਾਰ ਪ੍ਰਧਾਨ ਗੁਰਦੁਆਰਾ ਰਘਬੀਰ ਸਿੰਘ, ਸਿੱਖ ਮਿਊਜ਼ੀਅਮ ਦੇ ਚੇਅਰਮੈਨ ਤੇ ਜ. ਸੈਕਟਰੀ ਰਜਿੰਦਰ ਸਿੰਘ ਪੁਰੇਵਾਲ, ਕਾਰਸੇਵਾ ਕਮੇਟੀ ਪਾਕਿਸਤਾਨ ਦੇ ਮੁਖ ਸੇਵਾਦਾਰ ਜਥੇਦਾਰ ਅਵਤਾਰ ਸਿੰਘ ਸੰਘੇੜਾ ਤੇ ਜਥੇਦਾਰ ਬਲਵੀਰ ਸਿੰਘ ਨੇ ਦੱਸਿਆ ਕਿ ਅਸੀਂ ਜਥੇਦਾਰ ਨੂੰ ਬੇਨਤੀ ਕਰਦੇ ਹਾਂ ਕਿ 2003 ਨਾਨਕਸ਼ਾਹੀ ਕੈਲੰਡਰ ਤੇ ਵੀ ਵਿਚਾਰਾਂ ਹੋਣ ਤੇ ਉਪਰੰਤ ਲਾਗੂ ਕੀਤਾ ਜਾਵੇ।

# ਪਤਨੀ ਦੀ ਛੁਰੇਮਾਰੀ ਨਾਲ ਮੌਤ ਮਾਮਲੇ ਵਿੱਚ ਦੋਸ਼ੀ ਖ਼ਿਲਾਫ਼ ਕਤਲ ਟਰਾਇਲ ਸ਼ੁਰੂ

ਵੈਨਕੂਵਰ-(ਮਲਕੀਤ ਸਿੰਘ) — ਪੰਜਾਬੀਆਂ ਦੀ ਸੰਘਣੀ ਵੱਸੋਂ ਵਾਲੇ ਬ੍ਰਿਟਿਸ਼ ਕੋਲੰਬੀਆ ਦੇ ਐਫਸਫੋਰਡ ਵਿੱਚ ਪਤਨੀ ਦੀ ਛੁਰੇਮਾਰੀ ਕਰਕੇ ਹੋਈ ਮੌਤ ਦੇ ਮਾਮਲੇ ਵਿੱਚ ਦੋਸ਼ੀ ਪਾਏ ਗਏ ਵਿਅਕਤੀ ਖ਼ਿਲਾਫ਼ ਕਤਲ ਦਾ ਟਰਾਇਲ ਸ਼ੁਰੂ ਹੋ ਗਿਆ ਹੈ। ਇਹ ਮਾਮਲਾ ਮਾਰਚ ਵਿੱਚ ਵਾਪਰੀ ਘਟਨਾ ਨਾਲ ਸੰਬੰਧਿਤ ਹੈ, ਜਿਸ ਵਿੱਚ 41 ਸਾਲਾ ਬਲਵਿੰਦਰ ਕੌਰ ਨੂੰ ਘਰ ਵਿੱਚ ਬੇਹੋਸ਼ੀ ਦੀ ਹਾਲਤ ਵਿੱਚ ਪਾਇਆ ਗਿਆ ਸੀ ਅਤੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ ਸੀ।ਅਦਾਲਤ ਵਿੱਚ ਪੇਸ਼ ਕੀਤੇ ਗਏ ਤੱਥਾਂ ਅਨੁਸਾਰ, 52 ਸਾਲਾ ਜਗਪ੍ਰੀਤ ਸਿੰਘ ਉੱਤੇ ਦੋ ਬੱਚਿਆਂ ਦੀ ਮਾਂ ਬਲਵਿੰਦਰ ਕੌਰ ਨੂੰ ਛੁਰੇ ਮਾਰ ਕੇ ਕਤਲ ਕਰਨ ਦਾ ਦੋਸ਼ ਹੈ। ਟਰਾਇਲ ਦੌਰਾਨ ਪ੍ਰੋਸੀਕਿਊਸ਼ਨ ਵੱਲੋਂ ਫੋਰੈਂਸਿਕ ਸਬੂਤਾਂ, ਪੁਲਿਸ ਜਾਂਚ ਅਤੇ ਗਵਾਹਾਂ ਦੇ ਬਿਆਨਾਂ ਨੂੰ ਅਦਾਲਤ ਸਾਹਮਣੇ ਰੱਖਿਆ ਜਾਵੇਗਾ, ਜਦਕਿ ਬਚਾਅ ਪੱਖ ਵੱਲੋਂ ਦੋਸ਼ਾਂ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ। ਮਾਮਲੇ ਦੀ ਕਾਰਵਾਈ ਅਗਲੇ ਕਈ ਹਫ਼ਤਿਆਂ ਤੱਕ ਚੱਲਣ ਦੀ ਸੰਭਾਵਨਾ ਹੈ

# ਬਰਤਾਨੀਆ ਦੀ ਵਿਰੋਧੀ ਧਿਰ ਦੀ ਨੇਤਾ ਪ੍ਰੀਤੀ ਪਟੇਲ ਨੇ ਬੰਗਲਾਦੇਸ਼ ਵਿੱਚ ਹਿੰਦੂਆਂ ਦੀ ਰੱਖਿਆ ਲਈ ਦਖਲਅੰਦਾਜ਼ੀ ਦੀ ਅਪੀਲ ਕੀਤੀ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬ੍ਰਿਟਿਸ਼ ਵਿਰੋਧੀ ਧਿਰ ਦੀ ਨੇਤਾ ਅਤੇ ਸਾਬਕਾ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਨੇ ਬਰਤਾਨੀਆ ਸਰਕਾਰ ਤੋਂ ਬੰਗਲਾਦੇਸ਼ ਵਿੱਚ ਹਿੰਦੂਆਂ ਦੀਆਂ ਹੱਤਿਆਵਾਂ ਸਮੇਤ "ਵਧਦੀ ਹਿੰਸਾ" ਵਿੱਚ ਦਖਲ ਦੇਣ ਅਤੇ ਦੇਸ਼ ਵਿੱਚ ਸਥਿਰਤਾ ਲਿਆਉਣ ਲਈ ਆਪਣੇ ਪ੍ਰਭਾਵ ਦੀ ਵਰਤੋਂ ਕਰਨ ਦੀ ਮੰਗ ਕੀਤੀ ਹੈ।**

ਵਿਰੋਧੀ ਕੰਜ਼ਰਵੇਟਿਵ ਪਾਰਟੀ ਦੀ ਸੰਸਦ ਮੈਂਬਰ ਪਟੇਲ ਨੇ ਵਿਦੇਸ਼ ਮੰਤਰੀ ਯਵੇਟ ਕੂਪਰ ਨੂੰ ਪੱਤਰ ਲਿਖ ਕੇ ਲੇਬਰ ਪਾਰਟੀ ਦੀ ਸਰਕਾਰ ਨੂੰ ਹਾਊਸ ਆਫ਼ ਕਾਮਨਜ਼ ਵਿੱਚ ਇਸ ਮੁੱਦੇ 'ਤੇ ਬਿਆਨ ਦੇਣ ਦੀ ਮੰਗ ਕੀਤੀ ਗਈ।

ਭਾਰਤੀ ਮੂਲ ਦੀ ਪਟੇਲ ਨੇ ਕਿਹਾ ਕਿ, "ਬੰਗਲਾਦੇਸ਼ ਵਿੱਚ ਸਥਿਤੀ ਬਹੁਤ ਚਿੰਤਾਜਨਕ ਹੈ। ਧਾਰਮਿਕ ਆਜ਼ਾਦੀ ਦੀ ਰੱਖਿਆ ਕੀਤੀ ਜਾਣੀ ਚਾਹੀਦੀ ਹੈ, ਅਤੇ ਹਿੰਦੂਆਂ ਦੀਆਂ ਹੱਤਿਆਵਾਂ ਅਤੇ ਅਤਿਆਚਾਰ ਗਲਤ ਹਨ ਅਤੇ ਉਨ੍ਹਾਂ ਨੂੰ ਬੰਦ ਕਰਨਾ ਚਾਹੀਦਾ ਹੈ।"

ਉਹਨਾਂ ਕਿਹਾ ਕਿ, "ਬ੍ਰਿਟਿਸ਼ ਸਰਕਾਰ ਨੂੰ ਬੰਗਲਾਦੇਸ਼ ਵਿੱਚ ਸਥਿਰਤਾ ਲਿਆਉਣ, ਧਾਰਮਿਕ ਆਜ਼ਾਦੀ ਦੀ ਰੱਖਿਆ ਕਰਨ ਅਤੇ ਹਿੰਦੂਆਂ ਨੂੰ ਸੁਰੱਖਿਅਤ ਰੱਖਣ ਲਈ



ਪ੍ਰੀਤੀ ਪਟੇਲ

ਆਪਣੇ ਪ੍ਰਭਾਵ ਅਤੇ ਤਾਲਮੇਲ ਸ਼ਕਤੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ।"


ਕੂਪਰ ਨੂੰ ਲਿਖੇ ਆਪਣੇ ਪੱਤਰ ਵਿੱਚ ਪਟੇਲ ਨੇ ਹਾਲ ਹੀ ਦੇ ਹਫ਼ਤਿਆਂ ਵਿੱਚ ਬੰਗਲਾਦੇਸ਼ ਵਿੱਚ ਘੱਟੋ-ਘੱਟ ਛੇ ਹਿੰਦੂਆਂ ਦੀਆਂ ਹੱਤਿਆਵਾਂ ਦੀਆਂ ਰਿਪੋਰਟਾਂ ਦਾ ਹਵਾਲਾ ਦਿੱਤਾ। ਉਹਨਾਂ ਕਿਹਾ ਕਿ ਇਸ ਪੱਧਰ ਦਾ ਪਰੇਸ਼ਾਨੀ ਅਤੇ ਹਿੰਸਾ ਅਸਵੀਕਾਰਨਯੋਗ ਹੈ।


JSR CONTRACTS LTD T/A

JSR 247 RECOVERY

**Reliable Vehicle Transport & Recovery Services – Local and Nationwide**

We provide professional and efficient vehicle transport solutions tailored to your needs:



- Local and Nationwide Vehicle Transport – Single or multiple vehicles
- Trade Plate Deliveries & Collections – Fast and compliant vehicle movements
- Auction Collections & Dealership Transfers – Safe and timely service
- Transport for Non-Runners & Damaged Vehicles – Secure and careful handling
- Customer Handovers, Scheduled Deliveries, Professional presentation every time
- Flexible Scheduling & Competitive Pricing – Quality service that fits your budget

Whether you're a dealership, trader, or private customer, we ensure your vehicles are transported safely and on time.

**Contact us today for a reliable quote and hassle-free service!**

We are available 24X7 and cover Bilston, West Bromwich, Dalston, Walsall, Wednesbury, Wednesfield, Willenhall, Wolverhampton, Dudley, Hilltop, Great Bridge and the surrounding areas for the recovery services. We have the full insurance.

**ਜੇ. ਐਸ. ਆਰ. 247 ਰਿਕਵਰੀ**

ਵੱਲੋਂ ਆਪ ਜੀ ਦੀ ਸਹੂਲਤ ਲਈ ਕਾਰ ਰਿਕਵਰੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਆਪ ਜੀ ਦੇ ਸਹਿਯੋਗ ਦੀ ਲੋੜ ਹੈ।

**ਕਿਰਪਾ ਕਰਕੇ ਸੇਵਾ ਦਾ ਮੌਕਾ ਦਿਓ।**

* ਏਰੀਆ ਅਤੇ ਸਰਵਿਸ ਸੱਤੇ ਦਿਨ 24 ਘੰਟੇ ਤੁਹਾਡੀ ਸੇਵਾ ਵਿੱਚ ਹਾਜ਼ਿਰ ਹਨ।
* ਬਿਲਸਟਨ, ਵੈਸਟ ਬਰੋਮਵਿਚ, ਡਾਰਲਸਟਨ, ਵਾਲਸਾਲ, ਵੈਡਨਸਬਰੀ, ਵੈਡਨਸਫ਼ੀਲਡ, ਵਿਲਨਹਾਲ, ਵੂਲਵਰਹੈਂਪਟਨ, ਡਡਲੀ, ਹਿੱਲਟਾਪ, ਗ੍ਰੇਟ ਬ੍ਰਿਜ ਦੇ ਆਸ ਪਾਸ ਕਿਤੇ ਵੀ ਗੱਡੀ ਰਿਕਵਰੀ ਦੀ ਸਰਵਿਸ ਪ੍ਰਦਾਨ ਕਰਦੇ ਹਾਂ।
* ਇੱਕ ਜਾਂ ਵੱਧ ਕਾਰਾਂ, ਟ੍ਰੇਡ ਪਲੇਟ, ਲੋਕਲ ਜਾਂ ਪੂਰੇ ਯੂ ਕੇ ਵਿੱਚ ਚੱਕ ਤੇ ਛੱਡ ਸਕਦੇ ਹਾਂ।

ਸਾਡੇ ਕੋਲ ਪੂਰੀ ਇੰਸ਼ੋਰੈਂਸ ਹੈ।
ਤੁਹਾਨੂੰ ਘਬਰਾਉਣ ਦੀ ਕੋਈ ਲੋੜ ਨਹੀ।

ਵਧੇਰੇ ਜਾਣਕਾਰੀ ਜਾਂ ਬੁਕਿੰਗ ਲਈ ਹੇਠਾਂ ਦਿੱਤੇ ਨੰਬਰ ਜਾਂ ਈਮੇਲ ਰਾਹੀਂ ਸੰਪਰਕ ਕਰੋ:

**FOR MORE INFO CALL OR SEND MESSAGE TO:**

WhatsApp Phone: 07462 760 215
Email:info@jsr247recovery.com
www.jsr247recovery.com



# ਯੂਕੇ ਪੁਲਿਸ ਏਜੰਸੀਆਂ ਨੇ ਭਾਈ ਪਰਮਜੀਤ ਸਿੰਘ ਪੰਮਾ ਨੂੰ ਹਿੰਦੂ ਰਾਸ਼ਟਰਵਾਦੀ ਖਤਰਿਆਂ ਦੇ ਮੱਦੇਨਜ਼ਰ ਸੁਰੱਖਿਆ ਵਧਾਉਣ ਲਈ ਕਿਹਾ

ਨਵੀਂ ਦਿੱਲੀ- (ਮਨਪ੍ਰੀਤ ਸਿੰਘ ਖਾਲਸਾ):- ਬ੍ਰਿਟਿਸ਼ ਪੁਲਿਸ ਨੇ ਯੂਕੇ ਵਿੱਚ ਇੱਕ ਉੱਚ-ਪ੍ਰੋਫਾਈਲ ਸਿੱਖ ਕਾਰਕੁਨ ਭਾਈ ਪਰਮਜੀਤ ਸਿੰਘ ਪੰਮਾ ਨੂੰ ਹਿੰਦੂ ਰਾਸ਼ਟਰਵਾਦੀ ਤੱਤਾਂ ਤੋਂ ਧਮਕੀਆਂ ਦੇ ਮੱਦੇਨਜ਼ਰ ਆਪਣੇ ਘਰ ਵਿੱਚ ਸੁਰੱਖਿਆ ਕੈਮਰੇ ਲਗਾਉਣ ਅਤੇ ਦਰਵਾਜ਼ਿਆਂ ਦੇ ਤਾਲੇ ਮਜ਼ਬੂਤ ਕਰਨ ਦੀ ਸਲਾਹ ਦਿੱਤੀ ਹੈ। ਇਸ ਬਾਰੇ ਮੀਡੀਆ ਨਾਲ ਗੱਲਬਾਤ ਕਰਦਿਆਂ ਭਾਈ ਪਰਮਜੀਤ ਸਿੰਘ ਪੰਮਾ ਨੇ ਕਿਹਾ ਕਿ ਪੁਲਿਸ ਨੇ ਉਨ੍ਹਾਂ ਨੂੰ ਮਿਲਣ ਲਈ ਕਿਹਾ ਸੀ ਅਤੇ ਉਨ੍ਹਾਂ ਨੂੰ ਜ਼ੁਬਾਨੀ ਸਲਾਹ ਦਿੱਤੀ ਗਈ ਸੀ ਕਿ ਉਹ ਆਪਣੀ ਸੁਰੱਖਿਆ ਵਧਾਉਣ ਕਿਉਂਕਿ ਖੁਫੀਆ ਜਾਣਕਾਰੀ ਨੇ ਉਨ੍ਹਾਂ ਦੀ ਸੁਰੱਖਿਆ ਨੂੰ ਖ਼ਤਰਾ ਦੱਸਿਆ ਸੀ। ਭਾਈ ਪੰਮਾ ਨੇ ਕਿਹਾ ਕਿ ਧਮਕੀਆਂ ਭਾਰਤ ਸਰਕਾਰ ਨਾਲ ਜੁੜੀਆਂ ਹੋਈਆਂ ਸਨ ਅਤੇ ਉਨ੍ਹਾਂ ਨੇ ਯੂਕੇ ਦੇ ਮੰਤਰੀਆਂ 'ਤੇ ਭਾਰਤ ਦੁਆਰਾ ਨਿਰੰਤਰ ਅੰਤਰਰਾਸ਼ਟਰੀ ਦਮਨ ਨੂੰ ਗੰਭੀਰਤਾ ਨਾਲ ਲੈਣ ਵਿੱਚ ਅਸਫਲ ਰਹਿਣ ਦਾ ਦੋਸ਼ ਲਗਾਇਆ। ਭਾਰਤੀ ਦੂਤਾਵਾਸ ਨੇ ਇਸ ਮਸਲੇ ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਜਿਕਰਯੋਗ ਹੈ ਕਿ ਭਾਈ ਪੰਮਾ ਖਾਲਿਸਤਾਨ ਲਹਿਰ ਖਾਲਿਸਤਾਨ ਰੈਫਰੰਡਮ ਦੇ ਕੋਆਰਡੀਨੇਟਰ ਹੋਣ ਕਰਕੇ ਇੱਕ ਪ੍ਰਮੁੱਖ ਸ਼ਖਸੀਅਤ ਹਨ, ਇਹ ਲਹਿਰ ਇੱਕ ਸੁਤੰਤਰ ਸਿੱਖ ਰਾਜ ਦੀ ਸਥਾਪਤੀ ਕਰਣ ਦੀ ਮੁਹਿੰਮ ਹੈ ਜੋ ਭਾਰਤ ਵਿੱਚ ਗੈਰ-ਕਾਨੂੰਨੀ ਐਲਾਣੀ ਗਈ ਹੈ ਅਤੇ ਭਾਰਤੀ ਸਰਕਾਰੀ ਅਧਿਕਾਰੀ ਇਸ ਲਹਿਰ ਨੂੰ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਦੱਸਦੇ ਹਨ। ਐਮ ਆਈ 5 ਦੇ ਅਨੁਸਾਰ, ਵਿਦੇਸ਼ੀ ਸਰਕਾਰਾਂ ਯੂਕੇ ਦੀ ਧਰਤੀ 'ਤੇ ਅਸੰਤੁਸ਼ਟਾਂ ਨੂੰ ਵੱਧ ਤੋਂ ਵੱਧ ਨਿਸ਼ਾਨਾ ਬਣਾ ਰਹੀਆਂ ਹਨ, ਅਤੇ 2022 ਤੋਂ ਬਾਅਦ ਰਾਜ ਦੇ ਖਤਰਿਆਂ ਦੀ ਜਾਂਚ ਦੀ ਗਿਣਤੀ 48% ਵਧੀ ਹੈ। ਅੰਤਰਰਾਸ਼ਟਰੀ ਦਮਨ 'ਤੇ ਆਪਣੀ 2024-25 ਦੀ ਰਿਪੋਰਟ ਵਿੱਚ , ਮਨੁੱਖੀ ਅਧਿਕਾਰਾਂ ਬਾਰੇ ਸਾਂਝੀ ਕਮੇਟੀ ਨੇ ਚੀਨ ਅਤੇ ਰੂਸ ਦੇ ਨਾਲ ਭਾਰਤ ਨੂੰ ਚਿੰਤਾ ਦੇ ਦੇਸ਼ ਵਜੋਂ ਸੂਚੀਬੱਧ ਕੀਤਾ ਹੈ । ਭਾਈ ਪੰਮਾ ਦੇ ਦਾਅਵੇ ਅਜਿਹੇ ਸਮੇਂ ਆਏ ਹਨ ਜਦੋਂ ਯੂਕੇ ਨਰਿੰਦਰ ਮੋਦੀ ਦੀ ਹਿੰਦੂ ਰਾਸ਼ਟਰਵਾਦੀ ਸਰਕਾਰ ਨਾਲ ਨੇੜਲੇ ਸਬੰਧਾਂ ਦੀ ਪੈਰਵੀ ਕਰ ਰਿਹਾ ਹੈ, ਇਸਨੂੰ ਚੀਨ ਦੀ ਵਧਦੀ ਸ਼ਕਤੀ ਨੂੰ ਸੰਤੁਲਿਤ ਕਰਨ ਲਈ ਇੱਕ ਮੁੱਖ ਭਾਈਵਾਲ ਵਜੋਂ ਦੇਖ ਰਿਹਾ ਹੈ ।



ਭਾਈ ਪਰਮਜੀਤ ਸਿੰਘ ਪੰਮਾ

ਭਾਈ ਪੰਮਾ ਨੇ ਕਿਹਾ ਅਸੀਂ ਜਿਸ ਦਮਨ ਵਿੱਚੋਂ ਗੁਜ਼ਰ ਰਹੇ ਹਾਂ ਉਹ ਬੇਰਹਿਮ ਹੈ, ਇਹ ਸਰਹੱਦਾਂ ਪਾਰ ਕਰਕੇ ਹੁਣ ਸਾਡੇ ਪਰਿਵਾਰਾਂ ਤੱਕ ਪਹੁੰਚ ਰਿਹਾ ਹੈ। ਇਹ ਅਸਲ ਵਿੱਚ ਭਾਰਤ ਸਰਕਾਰ ਵੱਲੋਂ ਕੀਤਾ ਗਿਆ ਅੱਤਵਾਦ ਹੈ, ਜਿਸਨੂੰ ਧਮਕੀਆਂ ਤੋਂ ਬਾਅਦ ਆਪਣੇ ਪਰਿਵਾਰ ਤੋਂ ਵੱਖ ਰਹਿਣ ਲਈ ਮਜਬੂਰ ਕੀਤਾ ਗਿਆ ਹੈ। ਭਾਈ ਪੰਮਾ ਨੇ ਕਿਹਾ ਕਿ ਉਹ ਨਿਯਮਿਤ ਤੌਰ 'ਤੇ ਪੁਲਿਸ ਨੂੰ ਧਮਕੀਆਂ ਦੀ ਰਿਪੋਰਟ ਕਰਦੇ ਸਨ ਪਰ ਉਨ੍ਹਾਂ ਨੇ 2023 ਵਿੱਚ ਕੈਨੇਡਾ ਵਿੱਚ ਇੱਕ ਪ੍ਰਮੁੱਖ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੋਂ ਬਾਅਦ ਹੀ ਉਸਦੀਆਂ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲੈਣਾ ਸ਼ੁਰੂ ਕਰ ਦਿੱਤਾ ਸੀ, ਜਿਸ ਬਾਰੇ ਦੇਸ਼ ਦੇ ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਸੀ ਕਿ ਖੁਫੀਆ ਏਜੰਸੀਆਂ ਨੇ ਭਾਰਤੀ ਸਰਕਾਰੀ ਏਜੰਟਾਂ ਨਾਲ ਸਬੰਧ ਬਣਾਏ ਹਨ।

ਉਸੇ ਸਾਲ, ਅਮਰੀਕੀ ਵਕੀਲਾਂ ਨੇ ਭਾਰਤ ਸਰਕਾਰ ਦੇ ਇੱਕ ਏਜੰਟ 'ਤੇ ਅਮਰੀਕੀ ਧਰਤੀ 'ਤੇ ਇੱਕ ਅਮਰੀਕੀ ਨਾਗਰਿਕ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਕੋਸ਼ਿਸ਼ ਨੂੰ ਨਿਰਦੇਸ਼ਤ ਕਰਨ ਦਾ ਦੋਸ਼ ਲਗਾਇਆ ਹੈ ਤੇ ਮਾਮਲਾ ਅਮਰੀਕਨ ਅਦਾਲਤ ਅੰਦਰ ਚਲ ਰਿਹਾ ਹੈ। ਭਾਈ ਪੰਮਾ ਨੇ ਕਿਹਾ ਕਿ ਹੁਣ ਸਥਾਨਕ ਅਤੇ ਅੱਤਵਾਦ ਵਿਰੋਧੀ ਪੁਲਿਸ ਉਨ੍ਹਾਂ ਨੂੰ ਨਿਯਮਿਤ ਤੌਰ 'ਤੇ ਮਿਲਣ ਆਉਂਦੀ ਹੈ ਅਤੇ ਆਖਰੀ ਵਾਰ ਸਥਾਨਕ ਅਧਿਕਾਰੀਆਂ ਨੇ ਅਕਤੂਬਰ ਵਿੱਚ ਉਨ੍ਹਾਂ ਨੂੰ ਮਿਲਣ ਦੀ ਇਜਾਜ਼ਤ ਦਿੱਤੀ ਸੀ। ਉਨ੍ਹਾਂ ਕਿਹਾ ਮੈਂ ਸਰਕਾਰ ਤੋਂ ਬਹੁਤ ਨਾਰਾਜ਼ ਹਾਂ ਕਿ ਜਦੋਂ ਅਸੀਂ ਉਨ੍ਹਾਂ ਨੂੰ ਕਾਰਵਾਈ ਕਰਨ ਲਈ ਕਹਿ ਰਹੇ ਸੀ ਤਾਂ ਉਨ੍ਹਾਂ ਨੇ ਕਾਰਵਾਈ ਨਹੀਂ ਕੀਤੀ । ਭਾਈ ਪੰਮਾ, ਜਿਸਦਾ ਪਰਿਵਾਰ ਪੰਜਾਬ ਜਾਣ ਤੋਂ ਪਹਿਲਾਂ ਦਿੱਲੀ ਵਿੱਚ ਰਹਿੰਦਾ ਸੀ, ਨੇ ਕਿਹਾ ਕਿ ਉਸਦੇ ਵੱਡੇ ਭਰਾ ਨੂੰ 1991 ਵਿੱਚ ਉਸਦੀ ਸਰਗਰਮੀ ਲਈ ਭਾਰਤੀ ਪੁਲਿਸ ਨੇ ਮਾਰ ਦਿੱਤਾ ਸੀ। ਉਸਨੇ ਦਾਅਵਾ ਕੀਤਾ ਕਿ ਉਸਨੂੰ ਭਾਰਤ ਛੱਡਣ ਅਤੇ 2000 ਵਿੱਚ ਯੂਕੇ ਵਿੱਚ ਰਾਜਨੀਤਿਕ ਸ਼ਰਨ ਦੇਣ ਤੋਂ ਪਹਿਲਾਂ ਪੁਲਿਸ ਦੁਆਰਾ ਕਈ ਵਾਰ ਚੁੱਕਿਆ ਗਿਆ ਅਤੇ ਤਸੀਹੇ ਦਿੱਤੇ ਗਏ। ਭਾਈ ਪੰਮਾ ਨੂੰ 2010 ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ ਜਦੋਂ ਪੰਜਾਬ ਦੇ ਅਧਿਕਾਰੀਆਂ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਇੱਕ ਕਤਲ ਵਿੱਚ ਸ਼ਾਮਲ ਹੋਣ ਦਾ ਸ਼ੱਕ ਹੈ, ਪਰ ਯੂਕੇ ਦੀ ਅੱਤਵਾਦ ਵਿਰੋਧੀ ਪੁਲਿਸ ਨੂੰ ਉਸਦੇ ਖਿਲਾਫ ਕੋਈ ਸਬੂਤ ਨਹੀਂ ਮਿਲਿਆ। 2015 ਵਿੱਚ ਉਨ੍ਹਾਂ ਨੂੰ ਪੁਰਤਗ-ਾਲ ਵਿੱਚ ਛੁੱਟੀਆਂ ਦੌਰਾਨ ਹਿਰਾਸਤ ਵਿੱਚ ਲਿਆ ਗਿਆ ਸੀ ਪਰ ਇੱਕ ਜੱਜ ਨੇ ਉਸਨੂੰ ਅੱਤਵਾਦ ਦੇ ਦੋਸ਼ਾਂ ਵਿੱਚ ਮੁਕੱਦਮਾ ਚਲਾਉਣ ਦੀ ਭਾਰਤ ਦੀ ਕੋਸ਼ਿਸ਼ ਨੂੰ ਰੱਦ ਕਰ ਦਿੱਤਾ।

## ਵਰਲਡ ਬੁੱਕ ਰਿਕਾਰਡ ਵੱਲੋਂ ਬਰਤਾਨਵੀ ਸੰਸਦ ਵਿੱਚ ਸਮਾਗਮ ਵੱਖ ਵੱਖ ਖੇਤਰਾਂ ਵਿੱਚ ਯੋਗਦਾਨ ਪਾਉਣ ਵਾਲੀਆਂ ਸਖਸ਼ੀਅਤਾਂ ਦਾ ਸਨਮਾਨ



ਵੱਖ ਵੱਖ ਖੇਤਰਾਂ ਯੋਗਦਾਨ ਪਾਉਣ ਵਾਲੀਆਂ ਸਖਸ਼ੀਅਤਾਂ ਦਾ ਸਨਮਾਨ ਕਰਦੇ ਹੋਏ ਸਾਬਕਾ ਐਮ ਪੀ ਵਰਿੰਦਰ ਸ਼ਰਮਾਂ, ਲਾਰਡ ਰੰਮੀ ਰੇਂਜ਼ਰ ਅਤੇ ਹੋਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵਰਲਡ ਬੁੱਕ ਰਿਕਾਰਡ ਵੱਲੋਂ 9ਵਾਂ ਅੰਤਰਰਾਸ਼ਟਰੀ ਸਮਾਗਮ ਬਰਤਾਨੀਆਂ ਦੀ ਸੰਸਦ ਵਿਚ ਕਰਵਾਇਆ ਗਿਆ। ਇਸ ਮੌਕੇ ਵੱਖ ਵੱਖ ਖੇਤਰਾਂ ਵਿੱਚ ਯੋਗਦਾਨ ਪਾਉਣ ਵਾਲੀਆਂ ਸਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ। ਸਮਾਗਮ ਵਿੱਚ ਯੂ ਕੇ, ਭਾਰਤ ਸਮੇਤ 22 ਦੇਸ਼ਾਂ ਦੇ ਪ੍ਰਤੀਨਿੱਧਾਂ ਨੇ ਹਿੱਸਾ ਲਿਆ। ਜਿਸ ਵਿੱਚ ਸੰਯੁਕਤ ਰਾਸ਼ਟਰ ਦੇ 17 ਟਿਕਾਊ ਵਿਕਾਸ ਟੀਚਿਆਂ 'ਤੇ ਕੇਂਦ੍ਰਿਤ ਵਿਚਾਰ ਚਰਚਾ ਹੋਈ।ਸੰਮੇਲਨ ਦਾ ਮੁੱਖ ਆਕਰਸ਼ਣ "ਸਾਡੀ ਦੁਨੀਆ ਨੂੰ ਬਦਲਣ" ਲਈ ਗਲੋਬਲ ਰਣਨੀਤੀਆਂ ਅਤੇ ਸਹਿਯੋਗੀ ਮਾਰਗਾਂ 'ਤੇ ਵਿਚਾਰ ਸੀ। ਵਰਲਡ ਬੁੱਕ ਆਫ਼ ਰਿਕਾਰਡਜ਼ ਦੇ ਸੀਈਓ ਸੰਤੋਸ਼ ਸ਼ੁਕਲਾ ਨੇ ਕਿਹਾ ਕਿ ਸਮਾਰੋਹ ਦਾ ਉਦੇਸ਼ ਵਿਸ਼ਵ ਏਕਤਾ, ਮਾਨਤਾ ਅਤੇ ਤਰੱਕੀ ਨੂੰ ਉਤਸ਼ਾਹਿਤ ਕਰਨਾ ਹੈ। ਸਾਬਕਾ ਐਮ ਪੀ ਵਰਿੰਦਰ ਸ਼ਰਮਾਂ, ਲਾਰਡ ਰੰਮੀ ਰੇਂਜ਼ਰ ਸਮੇਤ ਕਈ ਸੰਸਦ ਮੈਂਬਰਾਂ ਅਤੇ ਭਾਈਚਾਰਕ ਸਖਸ਼ੀਅਤਾਂ ਨੇ ਸਮਾਗਮ ਵਿੱਚ ਸ਼ਿਰਕਤ ਕੀਤੀ।

## ਗੁਰੂ ਨਾਨਕ ਗੁਰਦਵਾਰਾ ਵਿਲਨਹਾਲ ਵਿਖੇ 17 ਜਨਵਰੀ ਸ਼ਨਿਚਰਵਾਰ ਨੂੰ ਸਿੱਖ ਜਥੇਬੰਦੀਆਂ ਅਤੇ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦਿਆਂ ਦੀ ਵਿਸ਼ੇਸ਼ ਮੀਟਿੰਗ ਵਿਚ ਸ਼ਾਮਲ ਹੋਣ ਦੀ ਬੇਨਤੀ

**ਵਾਹਿਗੁਰੂ ਜੀ ਕਾ ਖਾਲਸਾ। ।ਵਾਹਿਗੁਰੂ ਜੀ ਕੀ ਫਤਿਹ।**

**ਜਿਵੇਂ ਕਿ ਆਪ ਜਾਣਦੇ ਹੋਵੋਂਗੇ ਕੁੱਝ ਸਾਲ ਪਹਿਲਾਂ ਸਿੰਧੀ ਮੰਦਰ ਲੰਡਨ ਤੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਸਰੂਪ ਲਿਆਂਦੇ ਗਏ ਸਨ। ਕਿਉਂ ਕਿ ਮੰਦਰ ਵਿਚ ਗੁਰੂ ਸਾਹਿਬ ਦਾ ਮਰਿਆਦਾ ਅਨੁਸਾਰ ਸਤਿਕਾਰ ਅਤੇ ਸੇਵਾ ਸੰਭਾਲ ਨਹੀਂ ਹੁੰਦੀ ਸੀ ਪੁਲਿਸ ਦੀ ਮੌਜੂਦਗੀ ਹੋਣ ਦੇ ਬਾਵਜੂਦ ਸਰੂਪਾਂ ਦੀ ਚੋਰੀ ਕਰਨ ਦਾ ਕੇਸ ਦਰਜ ਕੀਤਾ ਗਿਆ ਸੀ । ਜਿਸ ਦਾ ਟਰਾਇਲ ਅਗਲੇ ਹਫਤੇ 19 ਜਨਵਰੀ ਨੂੰ ਸ਼ੁਰੂ ਹੋਣ ਜਾ ਰਿਹਾ ਹੈ। ਇਸ ਕੇਸ ਦਾ ਫੈਸਲਾ ਯੂ,ਕੇ ਵਿੱਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕ-ਾਰ ਅਤੇ ਸਿੱਖ ਜਜ਼ਬਾਤਾਂ ਨਾਲ ਜੁੜਿਆ ਹੋਇਆ ਹੈ, ਭਾਵੇਂ ਕਿ ਇਹ ਕੇਸ ਤਿੰਨ ਸਿੱਖਾਂ ਖਿਲਾਫ ਦਰਜ ਹੈ। ਇਸ ਬਾਰੇ ਵਿਚਾਰ ਕਰਨ ਵਾਸਤੇ ਸਿੱਖ ਜਥੇਬੰਦੀਆਂ ਅਤੇ ਗੁਰਦ-ਵਾਰਾ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦਿਆਂ ਦੀ ਵਿਸ਼ੇਸ਼ ਮੀਟਿੰਗ 17 ਜਨਵਰੀ ਸ਼ਨਿਚਰਵਾਰ ਨੂੰ ਸ਼ਾਮ 4 ਵਜੇ ਗੁਰੂ ਨਾਨਕ ਗੁਰਦਵਾਰਾ ਵਿਲਨਹਾਲ ਵਿਖੇ ਕੀਤੀ ਜਾ ਰਹੀ ਹੈ ਜਿਸ ਵਿਚ ਸ਼ਾਮਲ ਹੋਣ ਦੀ ਕਿਰਪਾਤਾ ਕਰਨੀ । ਆਪ ਨੂੰ ਸਨਿਮਰ ਬੇਨਤੀ ਹੈ ਕਿ ਆਪਸੀ ਵਖਰੇਵੇਂ ਅਤੇ ਆਪਸੀ ਮੱਤਭੇਦ ਪਾਸੇ ਰੱਖਦਿਆਂ ਇਕਮੁੱਠਤਾ ਦਾ ਪ੍ਰਗਟਾਵਾ ਕਰੀਏ ।**

**ਵਿਸ਼ੇਸ਼ ਨੋਟ - ਇਸ ਨੂੰ ਕਿਸੇ ਦੀ ਵਿਆਕਤੀਗਤ ਹਿਮਾਇਤ ਸਮਝਣ ਦੀ ਬਜਾਏ ਕੌਮੀ ਭਾਵਨਾਵਾਂ ਨਾਲ ਜੁੜਿਆ ਹੋਇਆ ਬਹੁਤ ਹੀ ਸੰਵੇਦਨਸ਼ੀਲ ਅਤੇ ਭਵਿੱਖ ਵਿੱਚ ਸਿੱਖਾਂ ਨੂੰ ਪ੍ਰਭਾਵਿਤ ਕਰਨ ਵਾਲਾ ਮੁੱਦਾ ਸਮਝੀਏ।**

**ਧੰਨਵਾਦ ਸਹਿਤ- ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ,ਕੇ ,**
**ਕੁਲਦੀਪ ਸਿੰਘ ਚਹੇੜੂ - 07938633554 ,**
**ਜੋਗਾ ਸਿੰਘ - 07968335588**
**ਲਵਸ਼ਿੰਦਰ ਸਿੰਘ ਡੱਲੇਵਾਲ -07555409322,**
**Guru Nanak Gurdwara**
**65-67 Walsall Road**
**Willenhall WV13 2RD**

# ਬਰਤਾਨੀਆਂ ਵਿੱਚ ਪਿਛਲੇ ਇੱਕ ਸਾਲ ਵਿੱਚ ਵੱਖ ਵੱਖ ਅਪਰਾਧਿਕ ਮਾਮਲਿਆਂ 'ਚ 170,000 ਵਿਦੇਸ਼ੀ ਨਾਗਰਿਕਾਂ ਨੂੰ ਕੀਤਾ ਗ੍ਰਿਫ਼ਤਾਰ - ਅੰਕੜੇ

***ਹਰ ਰੋਜ਼ 473 ਜਾਂ ਹਰ ਘੰਟੇ 20 ਅਪਰਾਧਾਂ ਲਈ ਵਿਦੇਸ਼ੀ ਨਾਗਰਿਕ ਗ੍ਰਿਫਤਾਰ ਕੀਤੇ ਜਾਂਦੇ ਹਨ**

***ਲੰਡਨ ਵਿੱਚ ਗ੍ਰਿਫਤਾਰ ਹਰ ਤੀਜਾ ਵਿਦੇਸ਼ੀ ਅਪਰਾਧੀ ਹਿੰਸਕ ਅਪਰਾਧ ਨਾਲ ਸਬੰਧ ਰੱਖਦਾ ਹੈ**

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪਿਛਲੇ ਸਾਲ ਵੱਖ ਵੱਖ ਅਪਰਾਧਿਕ ਮਾਮਲਿਆਂ ਤਹਿਤ 170,000 ਤੋਂ ਵੱਧ ਵਿਦੇਸ਼ੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਜਿਸ ਵਿੱਚ ਕਤਲ, ਬਲਾਤਕਾਰ ਅਤੇ ਵਰਗਲਾਉਣ ਵਰਗੇ ਅਪਰਾਧ ਸ਼ਾਮਲ ਹਨ। ਮਾਰਚ 2025 ਤੱਕ ਲੰਘੇ ਇੱਕ ਸਾਲ ਵਿੱਚ ਵਿਦੇਸ਼ੀ ਨਾਗਰਿਕਾਂ ਨੂੰ ਘੱਟੋ-ਘੱਟ 50,507 ਹਿੰਸਕ ਅਪਰਾਧਾਂ, 12,151 ਜਿਣਸੀ ਅਪਰਾਧਾਂ, 13,864 ਡਰੱਗ ਅਪਰਾਧਾਂ ਅਤੇ 13,400 ਚੋਰੀ ਦੇ ਮਾਮਲਿਆਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।***

ਪੁਲਿਸ ਵਿਭਾਗ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਾ ਹੈ ਕਿ ਵਿਦੇਸ਼ੀ ਨਾਗਰਿਕਾਂ ਨੂੰ ਘੱਟੋ-ਘੱਟ 172,889 ਕਥਿਤ ਅਪਰਾਧਾਂ ਲਈ ਗ੍ਰਿਫ਼ਤਾਰ ਕੀਤਾ ਗਿਆ ਸੀ। ਅੰਕੜਿਆਂ ਮੁਤ-ਾਬਿਕ ਹਰ ਰੋਜ਼ 473 ਜਾਂ ਹਰ ਘੰਟੇ 20 ਅਪਰਾਧਾਂ ਲਈ ਵਿਦੇਸ਼ੀ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ। ਲੰਡਨ ਵਿੱਚ ਗ੍ਰਿਫਤਾਰ ਕੀਤੇ ਗਏ ਤਿੰਨ ਵਿਦੇਸ਼ੀ ਨਾਗਰਿਕਾਂ ਵਿੱਚੋਂ ਇੱਕ ਤੋਂ ਵੱਧ ਹਿੰਸਕ ਅਪਰਾਧਾਂ ਨਾਲ ਜੁੜੇ ਹੋਏ ਸਨ, ਜਦੋਂ ਕਿ ਵੈਸਟ ਮਿਡਲੈਂਡਜ਼ ਵਿੱਚ ਲਗਭਗ 10% ਵਿਦੇਸ਼ੀ ਨਾਗਰਿਕਾਂ ਦੀਆਂ ਗ੍ਰਿਫਤਾਰੀਆਂ ਜਿਣਸੀ ਅਪਰਾਧਾਂ ਨਾਲ ਜੁੜੀਆਂ ਸਨ।

ਸੈਂਟਰ ਫਾਰ ਮਾਈਗ੍ਰੇਸ਼ਨ ਕੰਟਰੋਲ ਨੇ ਕਿਹਾ ਕਿ ਇਹ ਵਿਦੇਸ਼ੀ ਨਾਗਰਿਕਾਂ ਦੁਆਰਾ ਕਥਿਤ ਤੌਰ 'ਤੇ ਕੀਤੇ ਗਏ ਅਪਰਾਧਾਂ 'ਤੇ ਹੁਣ ਤੱਕ ਦਾ ਸਭ ਤੋਂ ਵੱਡਾ ਅੰਕੜਾ ਹੈ। ਪਰ ਅਸਲ ਅੰਕੜਾ ਹੋਰ ਵੀ ਵੱਧ ਹੋ ਸਕਦਾ ਹੈ, ਕਿਉਂਕਿ ਪੰਜ ਏਜੰਸੀਆਂ, ਜਿਨ੍ਹਾਂ ਵਿੱਚ ਮਰਸੀਸਾਈਡ ਅਤੇ ਐਸੈਕਸ ਸ਼ਾਮਲ ਹਨ ਦੇ ਅੰਕੜੇ ਉਪਲੱਬਧ ਨਹੀਂ ਹੋ ਸਕੇ।

ਖੋਜ ਨਿਰਦੇਸ਼ਕ ਰਾਬਰਟ ਬੇਟਸ ਨੇ ਕਿਹਾ ਕਿ ਸਾਡੇ ਕਿਸੇ ਵੀ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਵਿਦੇਸ਼ੀਆਂ ਨੂੰ ਦੇਸ਼ 'ਚੋਂ ਕੱਢਣਾ ਅਤੇ ਵਾਪਿਸ ਆਉਣ ਤੋਂ ਰੋਕਣਾਂ ਸੁਖਾਲਾ ਹੋਣਾ ਚਾਹੀਦਾ ਹੈ। ਉਹਨਾਂ ਅਪੀਲ ਪ੍ਰਕ੍ਰਿਆਵਾਂ ਨੂੰ ਰੱਦ ਕਰ ਦੇਣਾ ਚਾਹੀਦਾ ਹੈ ਜੋ ਅਜੇਹੇ ਅਪਰਾਧੀਆਂ ਨੂੰ ਇਥੇ ਰੱਖਦੀਆਂ ਹਨ, ਅਜੇਹੇ ਲੋਕਾਂ ਨੂੰ ਵਿੱਤੀ ਅਤੇ ਭਲਾਈ ਭੱਤੇ ਨਹੀਂ ਦੇਣੇ ਚਾਹੀਦੇ। ਇਹ ਲੋਕ ਸਾਡੇ ਸਮਾਜ ਲਈ ਚਿੰਤਾਜਨਕ ਹਨ। ਇਹਨਾਂ ਦੇ ਅਪਰਾਧ ਨੂੰ ਗੰਭੀਰ ਅਪਰਾਧ ਵਜੋਂ ਮੰਨਿਆ ਜਾਣਾ ਚਾਹੀਦਾ ਹੈ।

ਅਮਰੀਕੀ ਰਾਸ਼ਟਰਪਤੀ ਟਰੰਪ ਦੀ ਨੀਤੀ ਵਾਂਗ ਦੇਸ਼ ਨਿਕਾਲਾ ਦੇਣ ਅਤੇ ਉਹਨਾਂ ਦੇਸ਼ਾਂ ਨੂੰ ਵੀਜ਼ਾ ਦੇਣ ਤੇ ਪਾਬੰਦੀ ਲਗਾਉਣੀ ਚਾਹੀਦੀ ਹੈ। ਸ਼ੈਡੋ ਗ੍ਰਹਿ ਮੰਤਰੀ ਕ੍ਰਿਸ ਫਿਲਪ ਨੇ ਕਿਹਾ ਕਿ "ਇਹ ਅੰਕੜੇ ਬਹੁਤ ਚਿੰਤਾਜਨਕ ਹਨ। ਵਿਦੇਸ਼ੀ ਅਪਰਾਧੀਆਂ ਵੱਲੋਂ ਸਾਡੇ ਹਜ਼ਾਰਾਂ ਮਾਸੂਮ ਬਰਤਾਨਵੀ ਨਾਗਰਿਕਾਂ ਦਾ ਕਤਲ, ਬਲਾਤਕਾਰ ਅਤੇ ਲੁੱਟ ਖੋਹ ਕੀਤੀ ਜਾ ਰਹੀ ਹੈ।

ਸੈਂਟਰ ਫਾਰ ਮਾਈਗ੍ਰੇਸ਼ਨ ਕੰਟਰੋਲ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਪੁਲਿਸ ਨੇ ਮਾਰਚ 2025 ਤੱਕ ਇੱਕ ਸਾਲ ਦੌਰਾਨ 52,306 ਅਪਰਾਧਾਂ ਲਈ ਵਿਦੇਸ਼ੀ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ। ਗ੍ਰੇਟਰ ਮੈਨਚੈਸਟਰ ਪੁਲਿਸ ਨੇ 15,015, ਵੈਸਟ ਮਿਡਲੈਂਡਜ਼ 9,716, ਵੈਸਟ ਯੌਰਕਸ਼ਾਇਰ 6,943, ਕੈਂਟ 5,250 ਅਤੇ ਥੇਮਸ ਵੈਲੀ ਪੁਲਿਸ ਨੇ 4,583 ਨੂੰ ਹਿਰਾ-ਸਤ ਵਿੱਚ ਲਿਆ।

ਸੁਧਾਰ ਸੰਸਦ ਮੈਂਬਰ ਲੀ ਐਂਡਰਸਨ ਨੇ ਕਿਹਾ ਕਿ "ਇਹ ਰਿਪੋਰਟ ਉਸ ਗੱਲ ਦਾ ਸਬੂਤ ਹੈ ਕਿ ਵਿਦੇਸ਼ੀ ਅਪਰਾਧੀ ਸਾਡੀ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਹਨ, ਉਹ ਸਾਡੀਆਂ ਕੁੜੀਆਂ ਅਤੇ ਔਰਤਾਂ ਲਈ ਖ਼ਤਰਾ ਹਨ। ਸੁਧਾਰ ਨੀਤੀ ਹੀ ਬਰਤਾਨੀਆਂ ਨੂੰ ਦੁਬਾਰਾ ਸੁਰੱਖਿਅਤ ਬਣਾਵੇਗੀ, ਜਿਸਦੀ ਸ਼ੁਰੂਆਤ ਅਪਰਾਧੀਆਂ ਦੇ ਦੇਸ਼ ਨਿਕ-ਾਲੇ ਅਤੇ ਨਾ ਸਹਿਣਯੋਗ ਨੀਤੀ ਨਾਲ ਹੋ ਸਕਦੀ ਹੈ।" ਗ੍ਰਹਿ ਵਿਭਾਗ ਨੇ ਭਾਵੇਂ ਉਕਤ ਅੰਕੜਿਆਂ ਨੂੰ ਮਾਨਤਾ ਨਹੀਂ ਦਿੱਤੀ, ਪਰ ਬੁਲਾਰੇ ਨੇ ਕਿਹਾ ਕਿ ਵਿਦੇਸ਼ੀ ਅਪਰਾਧੀਆਂ ਅਤੇ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਕਾਨੂੰਨ ਦੀ ਉਲੰਘਣਾ ਨਹੀਂ ਕਰਨ ਦਿੱਤੀ ਜਾਵੇਗੀ। ਜਿਸ ਵੀ ਅਪਰਾਧੀ ਨੂੰ ਯੂ ਕੇ ਵਿੱਚ ਕੈਦ ਦੀ ਸਜ਼ਾ ਹੋਵੇਗੀ, ਉਸ ਨੂੰ ਜਲਦੀ ਤੋਂ ਜਲਦੀ ਦੇਸ਼ ਨਿਕਾਲਾ ਦਿੱਤਾ ਜਾਵੇਗਾ।

# ਭਾਰਤੀ-ਅਮਰੀਕੀ ਖਗੋਲ ਵਿਗਿਆਨੀ ਦਾ ਬਰਤਾਨੀਆ ਦੀ ਰੋਇਲ ਐਸਟ੍ਰੋਨੋਮੀਕਲ ਸੋਸਾਇਟੀ ਵੱਲੋਂ ਗੋਲਡ ਮੈਡਲ ਨਾਲ ਸਨਮਾਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ-ਅਮਰੀਕੀ ਖਗੋਲ ਵਿਗਿਆਨੀ ਪ੍ਰੋਫੈਸਰ ਸ਼੍ਰੀਨਿਵਾਸ ਕੁਲਕਰਨੀ ਨੂੰ ਲੰਡਨ ਸਥਿਤ ਰੋਇਲ ਐਸਟ੍ਰੋਨੋਮੀਕਲ ਸੋਸਾਇਟੀ (ਆਰ ਏ ਐਸ) ਨੇ ਖਗੋਲ ਵਿਗਿਆਨ ਵਿੱਚ ਉਨ੍ਹਾਂ ਦੀਆਂ ਮਹੱਤਵਪੂਰਨ ਖੋਜਾਂ ਲਈ ਵੱਕਾਰੀ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਹੈ।ਮਹਾਰਾਸ਼ਟਰ ਵਿੱਚ ਜਨਮੇ, ਕੁਲਕਰਨੀ ਕੈਲੀਫੋਰਨੀਆ ਇੰਸਟੀਚਿਊਟ ਆਫ਼ ਟੈਕਨਾਲੋਜੀ (ਕੈਲਟੈਕ) ਵਿੱਚ ਖਗੋਲ ਵਿਗਿਆਨ ਅਤੇ ਗ੍ਰਹਿ ਵਿਗਿਆਨ ਦੇ ਪ੍ਰੋਫੈਸਰ ਹਨ, ਜਿੱਥੇ ਉਨ੍ਹਾਂ ਨੇ ਭੂਰੇ ਬੌਣੇ ਅਤੇ ਦੂਰ ਗਾਮਾ-ਰੇ ਬਰਸਟ ਸਮੇਤ ਕਈ ਤਰ੍ਹਾਂ ਦੀਆਂ ਆਕਾਸ਼ੀ ਵਸਤੂਆਂ ਦੀ ਖੋਜ ਕੀਤੀ ਹੈ।ਆਰ ਏ ਐਸ ਗੋਲਡ ਮੈਡਲ ਦਾ ਸਨਮਾਨ ਉਨ੍ਹਾਂ ਦੇ "ਖਗੋਲ ਭੌਤਿਕ ਵਿਗਿਆਨ ਵਿੱਚ ਨਿਰੰਤਰ, ਨਵੀਨਤਾਕਾਰੀ ਅਤੇ ਕ੍ਰਾਂਤੀਕਾਰੀ ਯੋਗਦਾਨ" ਨੂੰ ਮਾਨਤਾ ਦਿੰਦਾ ਹੈ।1824 ਤੋਂ ਹਰ ਸਾਲ ਦਿੱਤਾ ਜਾਣ ਵਾਲਾ ਇਹ ਸਭ ਤੋਂ ਉੱਚਾ ਸਨਮਾਨ ਪ੍ਰਾਪਤ ਕਰਨ ਵਾਲੇ ਸਟੀਫਨ ਹਾਕਿੰਗ, ਜੋਸਲੀਨ ਬੈੱਲ ਬਰਨੇਲ, ਅਲਬਰਟ ਆਈਨਸਟਾਈਨ ਅਤੇ ਐਡਵਿਨ ਹਬਲ ਵਰਗੇ ਮਹਾਨ ਵਿਗਿਆਨੀਆਂ ਦੀ ਕਤਾਰ ਵਿੱਚ ਇੱਕ ਭਾਰਤੀ ਦਾ ਸ਼ਾਮਲ ਹੋਣਾ ਮਾਣ ਵਾਲੀ ਗੱਲ ਹੈ।ਪ੍ਰੋਫੈਸਰ ਸ਼੍ਰੀਨਿਵਾਸ ਕੁਲਕਰਨੀ ਨੇ ਕਿਹਾ ਕਿ, "ਮੈਂ ਆਪਣੇ ਲੰਬੇ ਸਮੇਂ ਦੇ ਸਹਿਯੋਗੀਆਂ ਅਤੇ ਇੰਜੀਨੀਅਰਿੰਗ ਟੀਮਾਂ ਅਤੇ ਪਾਲੋਮਰ ਟ੍ਰਾਂਜੀਐਂਟ ਫੈਕਟਰੀ ਅਤੇ ਮੈਂਬਰਾਂ ਦਾ ਪ੍ਰੋਜੈਕਟਾਂ ਵਿੱਚ ਪਾਏ ਬਹੁਮੁੱਲੇ ਯੋਗਦਾਨ ਲਈ ਧੰਨਵਾਦ ਕਰਦਾ ਹਾਂ।" ਕੁਲਕਰਨੀ ਨੂੰ ਖਗੋਲ ਵਿਗਿਆਨ ਵਿੱਚ 2024 ਦਾ ਸ਼ਾਅ ਪੁਰਸਕਾਰ ਮਿਲਿਆ। ਉਹਨਾਂ 1985 ਵਿੱਚ ਕੈਲਟੈਕ ਵਿੱਚ ਸ਼ਾਮਲ ਹੋ ਕੇ ਕਈ ਮਹੱਤਵਪੂਰਨ ਖੋਜਾਂ ਕੀਤੀਆਂ ਹਨ।


ਪ੍ਰੋਫੈਸਰ ਸ਼੍ਰੀਨਿਵਾਸ ਕੁਲਕਰਨੀ


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੂਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ


ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ


ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE

270-272 BATH ROAD, HOUNSLOW, MIDDLESEX, TW4 7DF.

(OPP. HOUNSLOW WEST TUBE STATION)

TEL: 020 8570 8351

Email: Kingswaylondon@icloud.com, www.kingswaybanqueting.com


# ਯੂ ਕੇ ਨੇ ਇਸਲਾਮੀ ਪ੍ਰਚਾਰਕ ਦੇ ਦਾਖਲੇ 'ਤੇ ਲਗਾਈ ਰੋਕ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਨੇ ਸੱਤ ਅਕਤੂਬਰ, 2023 ਨੂੰ ਇਜ਼ਰਾਇਲ ਵਿੱਚ ਹਮਲੇ ਦੇ ਬਾਅਦ ਚਰਮਪੰਥੀ ਹਮਾਸ ਨੈੱਟਵਰਕ ਦਾ ਬਚਾਅ ਕਰਨ ਵਾਲੇ ਇੱਕ ਇਸਲਾਮੀ ਉਪਦੇਸ਼ਕ ਦੇ ਦੇਸ਼ ਵਿੱਚ ਦਾਖਲੇ 'ਤੇ ਪਾਬੰਦੀ ਲਗਾਈ ਹੈ।***


ਡਾ. ਸ਼ਦੀ ਐਲਮਾਸਰੀ

ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਅਮਰੀਕਾ ਦੇ ਵਿਦਵਾਨ ਡਾ. ਸ਼ਦੀ ਐਲਮਾਸਰੀ ਦੀ ਯਾਤਰਾ 'ਤੇ ਰੋਕ ਲਗਾਈ ਹੈ। ਐਲਮਾਸਰੀ ਵੱਖ-ਵੱਖ ਪ੍ਰੋਗਰਾਮਾਂ ਵਿੱਚ ਭਾਗ ਲੈਣ ਲਈ ਯੂ ਕੇ ਆਉਣ ਵਾਲੇ ਸਨ। ਐਲਮਾਸਰੀ ਨੇ ਇਸ ਹਫਤੇ ਬਰਮਿੰਘਮ, ਬੋਲਟਨ ਅਤੇ ਲੰਡਨ ਵਿੱਚ ਚੈਰਿਟੀ ਗਲੋਬਲ ਰਿਲੀਫ ਟ੍ਰੱਸਟ ਦੁਆਰਾ ਆਯੋਜਿਤ ਸਮਾਗਮਾਂ ਵਿੱਚ ਭਾਗ ਲੈਣਾ ਸੀ।

ਯੂ ਕੇ ਦੇ ਗ੍ਰਹਿ ਮੰਤਰਾਲੇ ਨੇ ਇਸ ਤਰ੍ਹਾਂ ਦੇ ਮਾਮਲਿਆਂ 'ਤੇ ਟਿੱਪਣੀਆਂ ਕਰਨ ਤੋਂ ਇਨਕਾਰ ਕੀਤਾ ਹੈ, ਪਰ ਇੱਕ ਬੁਲਾਰੇ ਨੇ ਕਿਹਾ ਕਿ ਬਰਤਾਨੀਆਂ ਵਿੱਚ ਉਨ੍ਹਾਂ ਨਾਗਰਿਕਾਂ ਲਈ ਕੋਈ ਜਗ੍ਹਾ ਨਹੀਂ ਹੈ ਜੋ 'ਨਫਰਤ ਫੈਲਾਉਂਦੇ ਹਨ ਜਾਂ ਚਰਮਪੰਥੀ ਵਿਚਾਰਾਂ ਨੂੰ ਬੜਾਵਾ ਦਿੰਦੇ ਹਨ'।

ਐਲਮਾਸਰੀ ਨੇ ਇਜ਼ਰਾਇਲ-ਹਮਾਸ ਯੁੱਧ ਬਾਰੇ ਸੋਸ਼ਲ ਮੀਡੀਆ ਤੇ ਵਿਵਾਦਪੂਰਨ ਵਿਚਾਰ ਦਿੰਦਿਆਂ ਅਕਸਰ ਹੀ ਹਮਾਸ ਦੀਆਂ ਕਾਰਵਾਈਆਂ ਨੂੰ ਸਹੀ ਠਹਿਰਾਇਆ ਹੈ। ਜਿਕਰਯੋਗ ਹੈ ਕਿ ਐਲਮਾਸਰੀ ਨਿਊ ਜਰਸੀ ਦੇ ਇੱਕ ਇਸਲਾਮਿਕ ਸੈਂਟਰ ਵਿੱਚ ਸਿੱਖਿਆ ਅਤੇ ਸਾਮੂਦਾਇਕ ਮਾਮਲਿਆਂ ਦੇ ਅਧਿਕਾਰੀ ਹਨ।

# ਘਰੇਲੂ ਕਲੇਸ਼ ਦੇ ਚਲਦਿਆਂ ਪਤੀ ਵੱਲੋਂ ਗਲਾ ਘੁੱਟ ਕੇ ਪਤਨੀ ਦੀ ਹੱਤਿਆ

## ✪ ਦੋ ਧੀਆ ਦੀ ਮਾਂ ਸੀ 32 ਸਾਲਾ ਇਜੀ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਬਰਤਾਨੀਆ ਦੇ ਦੱਖਣੀ ਇੰਗਲੈਂਡ ਵਿੱਚ ਸਥਿਤ ਕੈਂਟ ਕਾਊਂਟੀ ਦੇ ਐਸ਼ਫੋਰਡ ਸ਼ਹਿਰ ਦੇ ਨੇੜਲੇ ਪਿੰਡ ਵਿੱਚ ਵਾਪਰੀ ਇਕ ਦਰਦਨਾਕ ਘਟਨਾ ਨੇ ਪੂਰੇ ਇਲਾਕੇ ਨੂੰ ਸਹਮਾ ਕੇ ਰੱਖ ਦਿੱਤਾ। ਇੱਥੇ ਘਰੇਲੂ ਕਲੇਸ਼ ਦਾ ਸ਼ਿਕਾਰ ਹੋ ਰਹੀ 32 ਸਾਲਾ ਮਾਂ ਇਜ਼ੀ ਦੀ ਉਸਦੇ ਹੀ ਪਤੀ ਵੱਲੋਂ ਘਰ ਅੰਦਰ ਗਲ ਘੁੱਟ ਕੇ ਹੱਤਿਆ ਕਰ ਦਿੱਤੀ ਗਈ। ਘਟਨਾ ਸਮੇਂ ਦੋਨੋਂ ਨਿੱਜੀਆਂ ਧੀਆਂ ਘਰ ਦੇ ਦੂਜੇ ਕਮਰੇ ਵਿੱਚ ਸੁੱਤੀਆਂ ਹੋਈਆਂ ਸਨ।

ਜਿਸ ਪਿੰਡ ਵਿੱਚ ਇਹ ਘਟਨਾ ਵਾਪਰੀ, ਉਹ ਆਮ ਤੌਰ 'ਤੇ ਸ਼ਾਂਤ, ਸੁਚੱਜਾ ਅਤੇ ਪਰਿਵਾਰਕ ਜੀਵਨ ਲਈ ਜਾਣਿਆ ਜਾਂਦਾ ਹੈ। ਇੱਥੇ ਛੋਟੇ ਘਰ, ਸਾਫ਼ ਸੁਥਰੀਆਂ ਗਲੀਆਂ ਅਤੇ ਬੱਚਿਆਂ ਨਾਲ ਭਰੇ ਆਂਗਣ ਆਮ ਦ੍ਰਿਸ਼ ਹਨ। ਕਿਸੇ ਨੂੰ ਵੀ ਅੰਦਾਜ਼ਾ ਨਹੀਂ ਸੀ ਕਿ ਇਸ ਪਿੰਡ ਦੇ ਇਕ ਘਰ ਅੰਦਰ ਲੰਬੇ ਸਮੇਂ ਤੋਂ ਡਰ, ਤਣਾਅ ਅਤੇ ਜ਼ਿਆਦਤੀ ਦੀ ਕਹਾਣੀ ਚੱਲ ਰਹੀ ਹੈ।

ਜਾਣਕਾਰੀ ਮੁਤਾਬਕ ਇਜ਼ੀ ਆਪਣੇ ਪਤੀ ਵੱਲੋਂ ਕੀਤੀ ਜਾਂਦੀ ਜ਼ਿਆਦਤੀ ਨੂੰ ਸਿਰਫ਼ ਆਪਣੀਆਂ ਧੀਆਂ ਦੀ ਸੁਰੱਖਿਆ ਲਈ ਸਹਿੰਦੀ ਰਹੀ। ਉਹ ਘਰੇਲੂ ਮਾਮਲਾ ਬਾਹਰ ਲਿਆਂਦਾ ਨਹੀਂ ਚਾਹੁੰਦੀ ਸੀ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਇਜ਼ੀ ਹਾਲ ਹੀ ਵਿੱਚ ਪਤੀ ਤੋਂ ਵੱਖ ਹੋਣ ਦਾ ਮਨ ਬਣਾ ਚੁੱਕੀ ਸੀ ਅਤੇ ਨਵੀਂ ਜ਼ਿੰਦਗੀ ਸ਼ੁਰੂ ਕਰਨ ਦੀ ਤਿਆਰੀ ਕਰ ਰਹੀ ਸੀ। ਇਸ ਗੱਲ ਦੀ ਜਾਣਕਾਰੀ ਮਿਲਣ 'ਤੇ ਦੋਸ਼ੀ ਪਤੀ ਨੇ ਇਹ ਕਿਰੂਰ ਕਦਮ ਚੁੱਕਿਆ।



ਮ੍ਰਿਤਕਾ ਇਜ਼ੀ ਅਤੇ ਦੋਸ਼ੀ ਪਤੀ

ਮ੍ਰਿਤਕਾ ਦੇ ਪਿਤਾ ਨੇ ਅਦਾਲਤ ਵਿੱਚ ਬਿਆਨ ਦਿੰਦਿਆਂ ਕਿਹਾ ਕਿ ਇਜ਼ੀ ਬਹੁਤ ਹੀ ਸਧਾਰਣ, ਮਿਹਨਤੀ ਅਤੇ ਆਪਣੀਆਂ ਧੀਆਂ ਲਈ ਹਰ ਦੁੱਖ ਸਹਿਣ ਵਾਲੀ ਮਾਂ ਸੀ। ਉਸਨੇ ਕਦੇ ਵੀ ਆਪਣੇ ਦੁੱਖਾਂ ਦੀ ਸ਼ਿਕਾਇਤ ਨਹੀਂ ਕੀਤੀ। ਪਰਿਵਾਰ ਨੇ ਅਫ਼ਸੋਸ ਜ਼ਾਹਰ ਕਰਦਿਆਂ ਕਿਹਾ ਕਿ ਜੇ ਸਮੇਂ 'ਤੇ ਸੱਚਾਈ ਸਾਹਮਣੇ ਆ ਜਾਂਦੀ, ਤਾਂ ਸ਼ਾਇਦ ਇਹ ਅਣਹੋਣੀ ਟਲ ਸਕਦੀ ਸੀ।

ਪੁਲਿਸ ਵੱਲੋਂ ਜਾਂਚ ਪੂਰੀ ਕਰਨ ਤੋਂ ਬਾਅਦ ਦੋਸ਼ੀ ਪਤੀ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੇ ਉਸਨੂੰ ਕਸੂਰਵਾਰ ਕਰਾਰ ਦਿੰਦਿਆਂ ਸਖ਼ਤ ਸਜ਼ਾ ਸੁਣਾਈ ਗਈ। ਇਸ ਘਟਨਾ ਨੇ ਇਕ ਵਾਰ ਫਿਰ ਘਰੇਲੂ ਜ਼ਿਆਦਤੀ ਵਰਗੇ ਗੰਭੀਰ ਮਸਲੇ ਵੱਲ ਸਮਾਜ ਦਾ ਧਿਆਨ ਖਿੱਚਿਆ ਹੈ।

ਘਟਨਾ ਤੋਂ ਬਾਅਦ ਐਸ਼ਫੋਰਡ ਸ਼ਹਿਰ ਅਤੇ ਨੇੜਲੇ ਪਿੰਡਾਂ ਵਿੱਚ ਸੋਗ ਦੀ ਲਹਿਰ ਦੌੜ ਗਈ। ਸਥਾਨਕ ਵਸਨੀਕਾਂ ਨੇ ਮੋਮਬੱਤੀਆਂ ਜਗਾ ਕੇ ਮ੍ਰਿਤਕਾ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਅਪੀਲ ਕੀਤੀ ਕਿ ਘਰੇਲੂ ਜ਼ਿਆਦਤੀ ਦੇ ਮਾਮਲਿਆਂ ਨੂੰ ਕਦੇ ਵੀ ਚੁੱਪਚਾਪ ਨਾ ਸਹਿਣ ਦਿੱਤਾ ਜਾਵੇ।

# ਬੰਦੀ ਸਿੰਘਾਂ ਦੇ ਇਨਸਾਫ ਲਈ ਕੌਮੀ ਇਨਸਾਫ ਮੋਰਚਾ ਦਾ ਵੱਡਾ ਕਦਮ

ਸਮੁੱਚੇ ਨਾਨਕ ਨਾਮ ਲੇਵਾ ਪੰਥਕ ਹਿਤੈਸ਼ੀਆਂ ਨੂੰ ਕੌਮੀ ਇਨਸਾਫ ਮੋਰਚੇ ਵਲੋਂ ਨਿਮਰਤਾ ਸਹਿਤ ਬੇਨਤੀ ਹੈ ਕਿ ਹਕੀ ਮੰਗਾਂ ਨੂੰ ਲੈ ਕੇ ਕਾਫੀ ਉਤਰਾਵਾਂ ਚੜਾਵਾਂ ਵਿਚੋਂ ਲੰਘ ਰਹੇ ਤਿੰਨ ਸਾਲ ਪੂਰੇ ਕਰ ਚੁੱਕੇ ਕੌਮੀ ਇਨਸਾਫ ਮੋਰਚਾ ਨੇ ਮਿਤੀ 12- 01- 2026 ਦਿਨ ਸੋਮਵਾਰ ਦੁਪਹਿਰ 2 ਵਜੇ ਤੋਂ 3 ਵਜੇ ਤਕ ਸਾਰੇ ਪੰਜਾਬ ਦੇ ਟੋਲ ਪਲਾਜੇ ਤਿੰਨ ਘੰਟਿਆਂ ਲਈ ਸਮੂਹ ਧਾਰਮਿਕ ਸਮਾਜਿਕ ਮਜਦੂਰ ਤੇ ਕਿਸਾਨ ਜਥੇਬੰਦੀਆ ਦੇ ਸਹਿਯੋਗ ਨਾਲ ਖੋਲਣ ਦਾ ਪ੍ਰੋਗਰਾਮ ਉਲੀਕਿਆ। ਸੋ ਸਭ ਨੂੰ ਬੇਨਤੀ ਏ ਕਿ ਜੇ ਅਸੀਂ ਵਾਕਿਆਈ ਸੋਚਦੇ ਆਂ ਕਿ ਬੰਦੀ ਸਿੰਘਾਂ ਨਾਲ ਅਨਿਆਂ ਹੋ ਰਿਹਾ ਉਹਨਾ ਦਾ ਬੁਨਿਆਦੀ ਪੈਰੋਲ ਦਾ ਹਕ ਵੀ ਖੋਹਿਆ ਜਾ ਰਿਹਾ ਜੇ ਆਪ ਨੂੰ ਇਹ ਸਮਝ ਏ ਕਿ ਸਤ ਲਖ ਲੋਕਾਂ ਦੇ ਸਰਬਤ ਖਾਲਸਾ ਵਲੋਂ ਚੁਣੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਉਹਨਾਂ ਦੀ 82 ਸਾਲਾਂ ਦੀ ਮੰਜੇ ਉਪਰ ਬਿਮਾਰ ਪਈ ਬਿਰਧ ਮਾਤਾ ਜਿਹੜੀ ਆਪਣੇ ਜਿਗਰ ਦੇ ਟੋਟੇ ਜਥੇਦਾਰ ਜਗਤਾਰ ਸਿੰਘ ਹਵਾਰਾ ਨੂੰ ਛਾਤੀ ਨਾਲ ਲਾਉਣ ਦੀ ਆਖਰੀ ਸਾਹ ਤਕ ਇੰਤਜ਼ਾਰ ਕਰ ਰਹੀ ਏ, ਨੂੰ ਸਰਕਾਰ ਪੈਰੋਲ ਦੇ ਕੇ ਮਿਲਾਉਣ ਨੂੰ ਵੀ ਤਿਆਰ ਨਹੀਂ ਤਾਂ ਕਿਰਪਾ ਕਰਕੇ ਕਲ ਨੂੰ ਵਧ ਤੋਂ ਵਧ ਆਪਣੇ ਨਜਦੀਕੀ ਟੋਲ ਪਲਾਜੇ ਤੇ ਪਹੁੰਚ ਕੇ ਪ੍ਰਦਰਸ਼ਨ ਕਰੋ ਸ਼ਾਇਦ ਇਸ ਇਕੱਤਰਤਾ ਰੋਸ ਨਾਲ ਗਾਫਲ ਸਰਕਾਰ ਦੀ ਨੀਂਦ ਖੁਲ ਜਾਵੇ।

# ਆਮ ਘਰ ਵਿਚ ਰਹਿੰਦੀ ਸੁੰਦਰਤਾ ਥੈਰਾਪਿਸਟ ਨਿਕਲੀ 85 ਲੱਖ ਪੌਂਡ ਦੀ ਹੈਰੋਇਨ ਤਸਕਰੀ ਦੀ ਮਾਸਟਰਮਾਈਂਡ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਬਰਤਾਨੀਆ ਵਿਚ ਨਸ਼ਾ ਤਸਕਰੀ ਦੇ ਮਾਮਲਿਆਂ ਨੇ ਉਸ ਵੇਲੇ ਸਭ ਨੂੰ ਹੈਰਾਨ ਕਰ ਦਿੱਤਾ, ਜਦੋਂ ਇਕ ਬਿਲਕੁਲ ਆਮ ਦਿੱਖ ਵਾਲੇ ਅਰਧ-ਅਲੱਗ ਘਰ 'ਚ ਰਹਿਣ ਵਾਲੀ ਸੁੰਦਰਤਾ ਥੈਰਾਪਿਸਟ ਦੇ ਨਸ਼ਾ ਤਸਕਰੀ ਦੇ ਵੱਡੇ ਨੈੱਟਵਰਕ ਦਾ ਪਰਦਾਫਾਸ਼ ਹੋਇਆ। ਜਾਂਚ ਏਜੰਸੀਆਂ ਅਨੁਸਾਰ ਇਹ ਔਰਤ ਕਰੀਬ 85 ਲੱਖ ਪੌਂਡ ਦੀ ਹੈਰੋਇਨ ਤਸਕਰੀ ਦੇ ਗਿਰੋਹ ਨੂੰ ਚਲਾ ਰਹੀ ਸੀ ਅਤੇ ਉਸ ਨੇ ਪਾਕਿਸਤਾਨ ਤੋਂ ਨਸ਼ੀਲੇ ਪਦਾਰਥ ਬ੍ਰਿਟੇਨ ਮੰਗਵਾਉਣ ਲਈ ਬੜੇ ਚਲਾਕ ਤਰੀਕੇ ਅਪਣਾਏ।

ਪੁਲਿਸ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਹੈਰੋਇਨ ਨੂੰ ਚਮੜੇ ਦੀਆਂ ਜੈਕਟਾਂ ਅਤੇ ਰਵਾਇਤੀ ਸਾੜੀਆਂ ਦੇ ਅੰਦਰ ਖਾਸ ਤਰੀਕੇ ਨਾਲ ਛੁਪਾ ਕੇ ਬ੍ਰਿਟੇਨ ਭੇਜਿਆ ਜਾਂਦਾ ਸੀ, ਤਾਂ ਜੋ ਕਸਟਮ ਅਤੇ ਸੁਰੱਖਿਆ ਏਜੰਸੀਆਂ ਦੀ ਨਜ਼ਰ ਤੋਂ ਬਚਿਆ ਜਾ ਸਕੇ। ਦੱਸਿਆ ਜਾਂਦਾ ਹੈ ਕਿ ਇਹ ਤਸਕਰੀ ਲੰਮੇ ਸਮੇਂ ਤੋਂ ਚੱਲ ਰਹੀ ਸੀ ਅਤੇ ਔਰਤ ਨੇ ਆਪਣੀ ਆਮ ਜ਼ਿੰਦਗੀ ਅਤੇ ਪੇਸ਼ੇ ਦੀ ਢਾਲ ਹੇਠ ਇਹ ਗੈਰਕਾਨੂੰਨੀ ਧੰਧਾ ਚੁਪਚਾਪ ਚਲਾਇਆ।

ਨਾਲ ਲੱਗਦੇ ਘਰ ਵਿੱਚ ਰਹਿਣ ਵਾਲਿਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕਦੇ ਵੀ ਸ਼ੱਕ ਨਹੀਂ ਹੋਇਆ ਕਿ ਉਨ੍ਹਾਂ ਦੇ ਨਾਲ ਰਹਿਣ ਵਾਲੀ ਇਹ ਔਰਤ ਇੰਨੀ ਵੱਡੀ ਨਸ਼ਾ ਤਸਕਰੀ ਨਾਲ ਜੁੜੀ ਹੋ ਸਕਦੀ ਹੈ। ਉਹ ਇਕ ਸਧਾਰਣ ਪਰਿਵਾਰਕ ਜੀਵਨ ਜੀਊਂਦੀ ਦਿਖਾਈ ਦਿੰਦੀ ਸੀ ਅਤੇ ਘਰ 'ਚ ਕੋਈ ਅਜਿਹੀ ਗਤੀਵਿਧੀ ਨਹੀਂ ਸੀ, ਜਿਸ ਨਾਲ ਸ਼ੱਕ ਪੈਦਾ ਹੋਵੇ। ਹਾਲਾਂਕਿ ਪੁਲਿਸ ਨੂੰ ਮਿਲੀ ਗੁਪਤ ਸੂਚਨਾ ਤੋਂ ਬਾਅਦ ਕੀਤੀ ਗਈ ਤਲਾਸ਼ੀ ਦੌਰਾਨ ਵੱਡੀ ਮਾਤਰਾ 'ਚ ਹੈਰੋਇਨ ਅਤੇ ਤਸਕਰੀ ਨਾਲ ਸੰਬੰਧਿਤ ਸਾਮਾਨ ਬਰਾਮਦ ਕੀਤਾ ਗਿਆ।



ਅਧਿਕਾਰੀਆਂ ਅਨੁਸਾਰ ਇਹ ਮਾਮਲਾ ਸਪੱਸ਼ਟ ਕਰਦਾ ਹੈ ਕਿ ਨਸ਼ਾ ਤਸਕਰ ਹੁਣ ਕਾਨੂੰਨ ਤੋਂ ਬਚਣ ਲਈ ਨਵੇਂ-ਨਵੇਂ ਤਰੀਕੇ ਅਪਣਾ ਰਹੇ ਹਨ ਅਤੇ ਆਮ ਦਿੱਖ ਵਾਲੇ ਲੋਕ ਵੀ ਇਸ ਗੈਰਕਾਨੂੰਨੀ ਧੰਧੇ 'ਚ ਸ਼ਾਮਲ ਹੋ ਸਕਦੇ ਹਨ। ਪੁਲਿਸ ਵੱਲੋਂ ਇਸ ਨੈੱਟਵਰਕ ਨਾਲ ਜੁੜੇ ਹੋਰ ਲੋਕਾਂ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਜਾਂਚ ਨੂੰ ਹੋਰ ਵਿਸਥਾਰ ਨਾਲ ਅੱਗੇ ਵਧਾਇਆ ਜਾ ਰਿਹਾ ਹੈ।

# ਹਵਾਈ ਜਹਾਜ਼ ਵਿੱਚ ਮਹਿਲਾ ਨਾਲ ਅਪਮਾਨਜਨਕ ਹਰਕਤ ਕਰਨ ਵਾਲੇ ਨੂੰ ਹੋਈ ਜੇਲ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਬਰਤਾਨੀਆ ਵੱਲ ਆ ਰਹੀ ਇੱਕ ਯਾਤਰੀ ਉਡਾਣ ਦੌਰਾਨ ਮਹਿਲਾ ਨਾਲ ਜਬਰ-ਜਨਾਹ ਕਰਨ ਦੀ ਕੋਸ਼ਿਸ਼ ਕਰਨ ਦੇ ਮਾਮਲੇ ਵਿੱਚ ਅਦਾਲਤ ਨੇ ਦੋਸ਼ੀ ਯਾਤਰੀ ਨੂੰ ਕੈਦ ਦੀ ਸਜ਼ਾ ਸੁਣਾਈ ਹੈ। ਇਹ ਗੰਭੀਰ ਘਟਨਾ ਉਸ ਸਮੇਂ ਵਾਪਰੀ ਜਦੋਂ ਜਹਾਜ਼ ਹਵਾਈ ਯਾਤਰਾ 'ਤੇ ਸੀ ਅਤੇ ਅੰਦਰ ਮੌਜੂਦ ਯਾਤਰੀ ਆਪਣੇ ਸਫ਼ਰ ਵਿੱਚ ਰੁੱਝੇ ਹੋਏ ਸਨ। ਅਦਾਲਤ ਵਿੱਚ ਪੇਸ਼ ਕੀਤੇ ਗਏ ਤੱਥਾਂ ਮੁਤਾਬਕ ਦੋਸ਼ੀ ਯਾਤਰੀ ਨੇ ਮਹਿਲਾ ਨਾਲ ਨਾਜਾਇਜ਼ ਤੌਰ 'ਤੇ ਨੇੜਤਾ ਬਣਾਉਣ ਦੀ ਕੋਸ਼ਿਸ਼ ਕੀਤੀ ਅਤੇ ਉਸ ਦੀ ਇੱਜ਼ਤ 'ਤੇ ਹਮਲਾ ਕਰਨ ਦੀ ਨੀਅਤ ਨਾਲ ਅੱਗੇ ਵਧਿਆ। ਮਹਿਲਾ ਵੱਲੋਂ ਵਿਰੋਧ ਕਰਨ ਅਤੇ ਸ਼ੋਰ ਮਚਾਉਣ ਉਪਰੰਤ ਜਹਾਜ਼ ਦੇ ਕਰਮਚਾਰੀਆਂ ਅਤੇ ਨੇੜੇ ਬੈਠੇ ਹੋਰ ਯਾਤਰੀਆਂ ਨੇ ਤੁਰੰਤ ਦਖ਼ਲ ਦਿੰਦਿਆਂ ਦੋਸ਼ੀ ਨੂੰ ਕਾਬੂ ਕਰ ਲਿਆ। ਇਸ ਦੌਰਾਨ ਜਹਾਜ਼ ਅੰਦਰ ਕੁਝ ਸਮੇਂ ਲਈ ਅਫ਼ਰਾਤਅਫ਼ਰੀ ਦਾ ਮਾਹੌਲ ਬਣ ਗਿਆ।

ਉਡਾਣ ਦੇ ਲੈਂਡ ਕਰਨ ਉਪਰੰਤ ਮਾਮਲੇ ਦੀ ਜਾਣਕਾਰੀ ਸੁਰੱਖਿਆ ਅਧਿਕਾਰੀਆਂ ਨੂੰ ਦਿੱਤੀ ਗਈ, ਜਿਨ੍ਹਾਂ ਨੇ ਦੋਸ਼ੀ ਯਾਤਰੀ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਸ਼ੁਰੂ ਕੀਤੀ। ਜਾਂਚ ਦੌਰਾਨ ਸਾਹਮਣੇ ਆਇਆ ਕਿ ਦੋਸ਼ੀ ਦਾ ਵਰਤਾਵ ਪੂਰੀ ਤਰ੍ਹਾਂ ਅਪਮਾਨਜਨਕ ਅਤੇ ਕਾਨੂੰਨ ਦੀ ਉਲੰਘਣਾ ਕਰਨ ਵਾਲਾ ਸੀ। ਮਾਮਲਾ ਅਦਾਲਤ ਵਿੱਚ ਪੇਸ਼ ਹੋਣ ਉਪਰੰਤ ਜੱਜ ਨੇ ਇਸ ਨੂੰ ਗੰਭੀਰ ਅਪਰਾਧ ਕਰਾਰ ਦਿੰਦਿਆਂ ਦੋਸ਼ੀ ਨੂੰ ਕੈਦ ਦੀ ਸਜ਼ਾ ਸੁਣਾਈ।

ਅਧਿਕਾਰੀਆਂ ਨੇ ਦੱਸਿਆ ਕਿ ਪੀੜਤ ਮਹਿਲਾ ਨੂੰ ਹਰ ਤਰ੍ਹਾਂ ਦੀ ਮਾਨਸਿਕ ਅਤੇ ਕਾਨੂੰਨੀ ਮਦਦ ਉਪਲਬਧ ਕਰਵਾਈ ਜਾ ਰਹੀ ਹੈ। ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਜਨਤਕ ਆਵਾਜਾਈ ਦੇ ਸਾਧਨਾਂ, ਖ਼ਾਸ ਕਰਕੇ ਹਵਾਈ ਜਹਾਜ਼ਾਂ ਵਿੱਚ, ਇਸ ਤਰ੍ਹਾਂ ਦੇ ਅਪਰਾਧ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤੇ ਜਾਣਗੇ। ਹਵਾਈ ਸੇਵਾਵਾਂ ਨਾਲ ਜੁੜੇ ਅਧਿਕਾਰੀਆਂ ਨੇ ਯਾਤਰੀਆਂ ਦੀ ਸੁਰੱਖਿਆ ਨੂੰ ਪਹਿਲ ਦੱਸਦੇ ਹੋਏ ਕਿਹਾ ਕਿ ਭਵਿੱਖ ਵਿੱਚ ਵੀ ਅਜਿਹੇ ਮਾਮਲਿਆਂ ਵਿਚ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਭਾਜਪਾ ਦੇ 54 ਨੇਤਾ ਔਰਤਾਂ ਖ਼ਿਲਾਫ਼ ਅਪਰਾਧਾਂ 'ਚ ਫਸੇ, ਮੋਦੀ ਜੀ ਚੁੱਪ ਕਿਉਂ ?

## ✪ ਬੇਟੀ ਬਚਾਓ ਵਾਲਿਆਂ ਤੋਂ ਬੇਟੀਆਂ ਕਿਉਂ ਡਰਨ ਲੱਗ ਪਈਆਂ ?
## ✪ ਸੈਕਸ ਸੈਕੰਡਲਾਂ ਵਿਚ ਨੇਤਾ ਤੋਂ ਲੈ ਕੇ ਮੰਤਰੀ ਤੱਕ ਸਭ ਫਸੇ

### ਖਾਸ ਰਿਪੋਟ

ਅੱਜਕੱਲ੍ਹ ਦੇਸ਼ ਵਿੱਚ ਔਰਤਾਂ ਖਿਲਾਫ਼ ਅਪਰਾਧਾਂ ਦੀਆਂ ਘਟਨਾਵਾਂ ਨੂੰ ਲੈ ਕੇ ਚਰਚਾ ਬਹੁਤ ਗਰਮ ਹੈ। ਇਸ ਵਿੱਚ ਸਭ ਤੋਂ ਵੱਧ ਨਾਂ ਆ ਰਿਹਾ ਹੈ ਸੱਤਾ ਧਿਰ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ। ਕਈ ਭਾਜਪਾ ਨੇਤਾ ਜਿਨਸੀ ਸ਼ੋਸ਼ਣ, ਜ਼ਬਰ-ਜਨਾਹ ਤੇ ਹੋਰ ਅਪਰਾਧਾਂ ਦੇ ਦੋਸ਼ਾਂ ਵਿੱਚ ਫਸੇ ਹੋਏ ਹਨ। ਵਿਰੋਧੀ ਧਿਰ ਤਾਂ ਇਹ ਵੀ ਕਹਿ ਰਹੀ ਹੈ ਕਿ ਜਿਹੜੀ ਪਾਰਟੀ "ਬੇਟੀ ਬਚਾਓ, ਬੇਟੀ ਪੜ੍ਹਾਓ" ਵਰਗੇ ਨਾਅਰੇ ਲੈ ਕੇ ਆਈ ਸੀ, ਅੱਜ ਉਸ ਤੋਂ ਬੇਟੀਆਂ ਨੂੰ ਬਚਾਉਣ ਦੀ ਲੋੜ ਪੈ ਰਹੀ ਹੈ। ਪਰ ਭਾਜਪਾ ਵਾਲੇ ਕਹਿੰਦੇ ਹਨ ਕਿ ਅਜਿਹੇ ਮਾਮਲਿਆਂ ਵਿੱਚ ਸਖ਼ਤ ਕਾਰਵਾਈ ਕੀਤੀ ਜਾਂਦੀ ਹੈ ਤੇ ਦੋਸ਼ੀਆਂ ਨੂੰ ਪਾਰਟੀ ਤੋਂ ਕੱਢ ਦਿੱਤਾ ਜਾਂਦਾ ਹੈ। ਪਰ ਸੁਆਲ ਹੈ ਕਿ ਕਿਹੜੇ ਵੱਡੇ ਮਾਮਲੇ ਹਨ, ਪੁਲਿਸ ਨੇ ਕੀ ਕਾਰਵਾਈ ਕੀਤੀ ਤੇ ਕਿੰਨਿਆਂ ਨੂੰ ਸਜ਼ਾ ਮਿਲੀ।

ਸਭ ਤੋਂ ਤਾਜ਼ਾ ਹੰਗਾਮਾ ਉੱਤਰਾਖੰਡ ਦੇ ਅੰਕਿਤਾ ਭੰਡਾਰੀ ਕਤਲ ਮਾਮਲੇ ਨੂੰ ਲੈ ਕੇ ਹੈ। 2022 ਵਿੱਚ 19 ਸਾਲ ਦੀ ਅੰਕਿਤਾ ਰਿਸ਼ੀਕੇਸ਼ ਦੇ ਇੱਕ ਰਿਜ਼ੋਰਟ ਵਿੱਚ ਨੌਕਰੀ ਕਰਦੀ ਸੀ। ਰਿਜ਼ੋਰਟ ਮਾਲਕ ਪੁਲਕਿਤ ਆਰੀਆ (ਉਸ ਵੇਲੇ ਭਾਜਪਾ ਨੇਤਾ ਵਿਨੋਦ ਆਰੀਆ ਦਾ ਪੁੱਤਰ) ਤੇ ਉਸ ਦੇ ਸਾਥੀਆਂ ਨੇ ਅੰਕਿਤਾ ਤੇ ਵੀ.ਆਈ.ਪੀ. ਮਹਿਮਾਨਾਂ ਨੂੰ ਜਿਨਸੀ ਸੇਵਾ ਦੇਣ ਦਾ ਦਬਾਅ ਪਾਇਆ। ਲੜਕੀ ਨੇ ਮਨ੍ਹਾ ਕਰ ਦਿੱਤਾ ਤਾਂ ਉਸ ਨੂੰ ਮਾਰ ਕੇ ਨਹਿਰ ਵਿੱਚ ਸੁੱਟ ਦਿੱਤਾ। 2025 ਵਿੱਚ ਅਦਾਲਤ ਨੇ ਤਿੰਨਾਂ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ। ਪਰ ਦਸੰਬਰ 2025 ਵਿੱਚ ਅਦਾਕਾਰਾ ਉਰਮਿਲਾ ਸਨਾਵਰ ਨੇ ਵੀਡੀਓ ਪਾ ਕੇ ਦਾਅਵਾ ਕੀਤਾ ਕਿ ਉਹ ਵੀ.ਆਈ.ਪੀ. ਭਾਜਪਾ ਦਾ ਵੱਡਾ ਨੇਤਾ ਸੀ। ਵਿਰੋਧੀਆਂ ਨੇ ਭਾਜਪਾ ਦੇ ਇੱਕ ਸੀਨੀਅਰ ਨੇਤਾ ਦਾ ਨਾਂ ਲਿਆ, ਪਰ ਅਦਾਲਤ ਨੇ ਉਨ੍ਹਾਂ ਪੋਸਟਾਂ ਨੂੰ ਹਟਾਉਣ ਦੇ ਹੁਕਮ ਦਿੱਤੇ ,ਕਿਉਂਕਿ ਕੋਈ ਸਬੂਤ ਨਹੀਂ ਮਿਲਿਆ। ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਤੇ ਪ੍ਰਧਾਨ ਮੰਤਰੀ ਮੋਦੀ ਇਸ ਬਾਰੇ ਚੁੱਪ ਹਨ।

ਹੁਣ ਗੱਲ ਕਰੀਏ ਵੱਡੇ ਅੰਕੜਿਆਂ ਦੀ। 2024 ਵਿੱਚ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ.ਡੀ.ਆਰ.) ਨੇ ਰਿਪੋਰਟ ਜਾਰੀ ਕੀਤੀ ਕਿ ਦੇਸ਼ ਭਰ ਵਿੱਚ 151 ਵਿਧਾਇਕ ਤੇ ਸੰਸਦ ਮੈਂਬਰ ਔਰਤਾਂ ਖਿਲਾਫ਼ ਅਪਰਾਧਾਂ ਦੇ ਕੇਸਾਂ ਵਿੱਚ ਫਸੇ ਹਨ। ਇਨ੍ਹਾਂ ਵਿੱਚੋਂ 54 ਭਾਜਪਾ ਦੇ ਹਨ - ਸਭ ਤੋਂ ਵੱਧ। ਕਾਂਗਰਸ ਦੇ 23 ਹਨ। ਭਾਜਪਾ ਦੇ 5 ਵਿਧਾਇਕਾਂ ਤੇ ਸੰਸਦ ਮੈਂਬਰਾਂ ਤੇ ਜ਼ਬਰ-ਜਨਾਹ ਦੇ ਦੋਸ਼ ਹਨ ਤੇ ਉਨ੍ਹਾਂ ਨੇ ਚੋਣ ਹਲਫ਼ਨਾਮੇ ਵਿੱਚ ਇਹ ਗੱਲ ਖੁਦ ਕਬੂਲੀ ਹੈ।


ਅੰਕਿਤਾ ਭੰਡਾਰੀ


ਪੁਲਕਿਤ ਆਰੀਆ


ਕੁਲਦੀਪ ਸਿੰਘ ਸੇਂਗਰ

### ਕੁਝ ਵੱਡੇ ਮਾਮਲੇ ਇਸ ਤਰ੍ਹਾਂ ਹਨ:

ਕੁਲਦੀਪ ਸਿੰਘ ਸੇਂਗਰ (ਸਾਬਕਾ ਭਾਜਪਾ ਵਿਧਾਇਕ, ਉੱਤਰ ਪ੍ਰਦੇਸ਼): 2017 ਵਿੱਚ ਨਾਬਾਲਗ ਲੜਕੀ ਨਾਲ ਜ਼ਬਰ-ਜਨਾਹ ਕੀਤਾ। ਲੜਕੀ ਦੇ ਪਿਤਾ ਨੂੰ ਮਾਰਿਆ ਗਿਆ। ਸੁਪਰੀਮ ਕੋਰਟ ਦੇ ਹੁਕਮ ਤੇ ਕੇਸ ਦਿੱਲੀ ਟਰਾਂਸਫਰ ਹੋਇਆ। 2019 ਵਿੱਚ ਉਮਰ ਕੈਦ ਦੀ ਸਜ਼ਾ ਮਿਲੀ। ਭਾਜਪਾ ਨੇ ਉਸ ਨੂੰ ਪਾਰਟੀ ਤੋਂ ਕੱਢ ਦਿੱਤਾ।

ਰਾਮਦੁਲਾਰ ਗੋਂਡ (ਭਾਜਪਾ ਵਿਧਾਇਕ, ਉੱਤਰ ਪ੍ਰਦੇਸ਼): ਨਾਬਾਲਗ ਆਦਿਵਾਸੀ ਲੜਕੀ ਨਾਲ ਜ਼ਬਰ-ਜਨਾਹ। 2023 ਵਿੱਚ 25 ਸਾਲ ਦੀ ਸਜ਼ਾ ਤੇ 10 ਲੱਖ ਜੁਰਮਾਨਾ।

ਪ੍ਰਜਵਲ ਰੇਵੰਨਾ (ਭਾਜਪਾ ਦੇ ਸਾਥੀ ਜੇ.ਡੀ.ਐੱਸ. ਦਾ ਸੰਸਦ ਮੈਂਬਰ, ਕਰਨਾਟਕ): ਕਈ ਔਰਤਾਂ ਨਾਲ ਜ਼ਬਰ-ਜਨਾਹ ਤੇ ਵੀਡੀਓ ਬਣਾ ਕੇ ਬਲੈਕਮੇਲ। 2025 ਵਿੱਚ ਉਮਰ ਕੈਦ ਦੀ ਸਜ਼ਾ। ਭਾਜਪਾ ਨੇ ਜੇ.ਡੀ.ਐੱਸ. ਨਾਲ ਗਠਜੋੜ ਤੋੜ ਦਿੱਤਾ।


ਅਮਿਤ ਮਾਲਵੀਆ

ਬ੍ਰਿਜ ਭੂਸ਼ਣ ਸ਼ਰਨ ਸਿੰਘ (ਸਾਬਕਾ ਭਾਜਪਾ ਸੰਸਦ ਮੈਂਬਰ ਤੇ ਕੁਸ਼ਤੀ ਫੈਡਰੇਸ਼ਨ ਮੁਖੀ): ਮਹਿਲਾ ਪਹਿਲਵਾਨਾਂ ਨੇ ਜਿਨਸੀ ਸ਼ੋਸ਼ਣ ਦੇ ਦੋਸ਼ ਲਾਏ। ਕੇਸ ਚੱਲ ਰਿਹਾ ਹੈ, ਅਜੇ ਸਜ਼ਾ ਨਹੀਂ ਹੋਈ।

ਹੋਰ ਵੀ ਬਹੁਤ ਸਾਰੇ ਦੋਸ਼ ਹਨ - ਜਿਵੇਂ ਅਮਿਤ ਮਾਲਵੀਆ (ਭਾਜਪਾ ਆਈ.ਟੀ. ਸੈੱਲ ਮੁਖੀ) ਤੇ ਵੀ ਜਿਨਸੀ ਸ਼ੋਸ਼ਣ ਦੇ ਇਲਜ਼ਾਮ, ਹਰਿਆਣਾ ਭਾਜਪਾ ਪ੍ਰਧਾਨ ਤੇ ਗੈਂਗਰੇਪ ਦਾ ਕੇਸ, ਤੇ ਕਈ ਸਾਬਕਾ ਮੰਤਰੀਆਂ ਦੀਆਂ ਸੈਕਸ ਵੀਡੀਓ ਵਾਇਰਲ ਹੋਣ ਵਾਲੀਆਂ ਘਟਨਾਵਾਂ।

### ਮੋਦੀ ਸਰਕਾਰ ਨੇ ਕੀ ਕੀਤਾ ?

ਜਦੋਂ ਵੱਡੇ ਮਾਮਲੇ ਸਾਹਮਣੇ ਆਉਂਦੇ ਹਨ ਤਾਂ ਭਾਜਪਾ ਦੋਸ਼ੀ ਨੂੰ ਪਾਰਟੀ ਤੋਂ ਕੱਢ ਦਿੰਦੀ ਹੈ। ਪੁਲਿਸ ਜਾਂਚ ਕਰਦੀ ਹੈ, ਪਰ ਬਹੁਤ ਸਾਰੇ ਕੇਸਾਂ ਵਿੱਚ ਦੇਰੀ ਹੁੰਦੀ ਹੈ। ਸੁਪਰੀਮ ਕੋਰਟ ਜਾਂ ਵੱਡੇ ਵਿਰੋਧ ਤੋਂ ਬਾਅਦ ਹੀ ਤੇਜ਼ੀ ਆਉਂਦੀ ਹੈ। ਸੇਂਗਰ, ਗੋਂਡ ਤੇ ਰੇਵੰਨਾ ਵਰਗੇ ਮਾਮਲਿਆਂ ਵਿੱਚ ਸਜ਼ਾ ਮਿਲੀ ਹੈ, ਪਰ ਜ਼ਿਆਦਾਤਰ ਕੇਸ ਅਜੇ ਅਦਾਲਤਾਂ ਵਿੱਚ ਲਟਕੇ ਹਨ। ਵਿਰੋਧੀ ਧਿਰ ਕਹਿੰਦੀ ਹੈ ਕਿ ਭਾਜਪਾ ਸ਼ਾਸਿਤ ਰਾਜਾਂ ਵਿੱਚ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ ਹੁੰਦੀ ਹੈ। ਭਾਜਪਾ ਵਾਲੇ ਕਹਿੰਦੇ ਹਨ ਕਿ ਕਾਨੂੰਨ ਆਪਣਾ ਕੰਮ ਕਰ ਰਿਹਾ ਹੈ ਤੇ ਹੋਰ ਪਾਰਟੀਆਂ ਵਿੱਚ ਵੀ ਅਜਿਹੇ ਮਾਮਲੇ ਹਨ।

ਸਿਆਸੀ ਮਾਹਿਰ ਅਭੈ ਦੂਬੇ ਕਹਿੰਦੇ ਹਨ ਕਿ ਵੋਟ ਪਾਉਣ ਵੇਲੇ ਨੇਤਾਵਾਂ ਦੇ ਚਰਿੱਤਰ ਤੇ ਵੀ ਧਿਆਨ ਦੇਣਾ ਚਾਹੀਦਾ ਹੈ। ਔਰਤਾਂ ਦੀ ਸੁਰੱਖਿਆ ਦੀਆਂ ਗੱਲਾਂ ਸਿਰਫ਼ ਨਾਅਰੇ ਨਹੀਂ ਬਣਨੀਆਂ ਚਾਹੀਦੀਆਂ, ਸਗੋਂ ਅਸਲ ਕਾਰਵਾਈ ਹੋਣੀ ਚਾਹੀਦੀ ਹੈ।


ਪ੍ਰਜਵਲ ਰੇਵੰਨਾ


ਬ੍ਰਿਜ ਭੂਸ਼ਣ ਸ਼ਰਨ ਸਿੰਘ


ਰਾਮਦੁਲਾਰ ਗੋਂਡ

# ਨਿਊਜ਼ ਵਿਸ਼ਲੇਸ਼ਣ ਭਾਰਤ ਉੱਤੇ 500% ਟੈਰਿਫ ਦਾ ਖਤਰਾ ਮੰਡਰਾਇਆ

- ਰੂਸੀ ਤੇਲ ਖਰੀਦਣ ਵਾਲੇ ਦੇਸ਼ਾਂ ਲਈ ਟਰੰਪ ਨੇ ਕਿਉਂ ਬਣਾਇਆ ਸਖ਼ਤ ਬਿੱਲ?
- ਯੁਕਰੇਨ ਯੁੱਧ ਦੀ ਗੂੰਜ ਭਾਰਤ ਤੱਕ: ਟਰੰਪ ਦੇ ਬਿੱਲ ਨਾਲ ਅਰਥਵਿਵਸਥਾ ਨੂੰ ਝਟਕਾ ਲੱਗਣ ਦਾ ਡਰ

## ਅਮਰੀਕੀ, ਰੂਸੀ ਤੇ ਚੀਨੀ ਅਖ਼ਬਾਰਾਂ ਕੀ ਕਹਿੰਦੀਆਂ ਹਨ

ਅਮਰੀਕੀ ਅਖ਼ਬਾਰਾਂ ਵਾਂਗ ਨਿਊਯਾਰਕ ਟਾਈਮਜ਼ ਅਤੇ ਵਾਲ ਸਟ੍ਰੀਟ ਜਰਨਲ ਇਸ ਨੂੰ ਰੂਸ ਵਿਰੋਧੀ ਕਦਮ ਕਹਿੰਦੇ ਹਨ। ਉਹ ਕਹਿੰਦੇ ਹਨ ਕਿ ਇਹ ਯੂਕਰੇਨ ਨੂੰ ਮਦਦ ਕਰੇਗਾ ਪਰ ਭਾਰਤ ਨਾਲ ਸਬੰਧ ਖਰਾਬ ਹੋਣਗੇ। ਰੂਸੀ ਅਖ਼ਬਾਰ ਆਰਟੀ ਅਤੇ ਪ੍ਰਾਵਦਾ ਇਸ ਨੂੰ ਅਮਰੀਕੀ ਦਾਦਾਗਿਰੀ ਕਹਿੰਦੇ ਹਨ। ਉਹ ਕਹਿੰਦੇ ਹਨ ਕਿ ਅਮਰੀਕਾ ਵਿਸ਼ਵ ਨੂੰ ਕੰਟਰੋਲ ਕਰਨਾ ਚਾਹੁੰਦਾ ਹੈ ਅਤੇ ਭਾਰਤ ਨੂੰ ਆਜ਼ਾਦ ਨੀਤੀ ਅਪਣਾਉਣੀ ਚਾਹੀਦੀ ਹੈ। ਚੀਨੀ ਅਖ਼ਬਾਰ ਗਲੋਬਲ ਟਾਈਮਜ਼ ਅਤੇ ਪੀਪਲਜ਼ ਡੇਲੀ ਕਹਿੰਦੇ ਹਨ ਕਿ ਇਹ ਅਮਰੀਕੀ ਹੈਗੇਮਨੀ ਹੈ। ਉਹ ਭਾਰਤ ਨੂੰ ਚੀਨ-ਰੂਸ ਨਾਲ ਮਿਲਣ ਲਈ ਕਹਿੰਦੇ ਹਨ ਅਤੇ ਬ੍ਰਿਕਸ ਵਰਗੇ ਗਰੁੱਪ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਇਹ ਬਿੱਲ ਭਾਰਤ ਲਈ ਵੱਡੀ ਚੁਣੌਤੀ ਹੈ ਪਰ ਭਾਰਤ ਕੋਲ ਬਦਲ ਹਨ। ਭਾਰਤ ਆਪਣੀ ਆਜ਼ਾਦ ਨੀਤੀ ਨਾਲ ਅੱਗੇ ਵਧੇਗਾ। ਟਰੰਪ ਦੀ ਨੀਤੀ ਨਾਲ ਵਿਸ਼ਵ ਬਦਲ ਰਿਹਾ ਹੈ ਅਤੇ ਭਾਰਤ ਨੂੰ ਆਪਣੇ ਹਿੱਤਾਂ ਦੀ ਰੱਖਿਆ ਕਰਨੀ ਪਵੇਗੀ। ਇਹ ਕਹਾਣੀ ਅਜੇ ਖਤਮ ਨਹੀਂ ਹੋਈ, ਵੇਖੀਏ ਅੱਗੇ ਕੀ ਹੁੰਦਾ ਹੈ।

ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਇੱਕ ਨਵਾਂ ਬਿੱਲ ਮਨਜ਼ੂਰ ਕੀਤਾ ਹੈ ਜੋ ਰੂਸੀ ਤੇਲ ਖਰੀਦਣ ਵਾਲੇ ਦੇਸ਼ਾਂ ਉੱਤੇ 500% ਤੱਕ ਟੈਰਿਫ ਲਗਾ ਸਕਦਾ ਹੈ। ਇਹ ਬਿੱਲ ਖਾਸ ਕਰਕੇ ਭਾਰਤ, ਚੀਨ ਅਤੇ ਬ੍ਰਾਜ਼ੀਲ ਵਰਗੇ ਦੇਸ਼ਾਂ ਨੂੰ ਨਿਸ਼ਾਨਾ ਬਣਾਉਂਦਾ ਹੈ। ਇਸ ਨਾਲ ਭਾਰਤ ਦੀ ਅਰਥਵਿਵਸਥਾ ਉੱਤੇ ਵੱਡਾ ਅਸਰ ਪੈ ਸਕਦਾ ਹੈ, ਕਿਉਂਕਿ ਭਾਰਤ ਅਜੇ ਵੀ ਰੂਸ ਨੂੰ ਤੇਲ ਖਰੀਦ ਕੇ ਆਪਣੀ ਉਰਜਾ ਦੀ ਜ਼ਰੂਰਤ ਪੂਰੀ ਕਰ ਰਿਹਾ ਹੈ। ਪਰ ਇਹ ਸਿਰਫ਼ ਆਰਥਿਕ ਮਾਮਲਾ ਨਹੀਂ, ਇਹ ਵਿਸ਼ਵ ਰਾਜਨੀਤੀ ਨਾਲ ਵੀ ਜੁੜਿਆ ਹੈ। ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਬੀਤੇ ਦਿਨੀਂ ਇੱਕ ਸਖਤ ਬਿੱਲ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਹ ਬਿੱਲ 'ਸੈਂਕਸ਼ਨਿੰਗ ਰਸ਼ੀਆ ਐਕਟ ਆਫ਼ 2025' ਕਹਾਉਂਦਾ ਹੈ। ਇਸ ਵਿੱਚ ਅਮਰੀਕਾ ਨੂੰ ਇਹ ਅਧਿਕਾਰ ਮਿਲ ਜਾਂਦਾ ਹੈ ਕਿ ਉਹ ਰੂਸੀ ਤੇਲ ਜਾਂ ਯੂਰੇਨੀਅਮ ਖਰੀਦਣ ਵਾਲੇ ਦੇਸ਼ਾਂ ਉੱਤੇ 500% ਤੱਕ ਟੈਰਿਫ ਲਗਾ ਸਕੇ। ਅਮਰੀਕੀ ਸੈਨੇਟਰ ਲਿੰਡਸੇ ਗ੍ਰਾਹਮ ਨੇ ਕਿਹਾ ਕਿ ਇਹ ਬਿੱਲ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ 'ਯੁੱਧ ਮਸ਼ੀਨ' ਨੂੰ ਰੋਕੇਗਾ, ਕਿਉਂਕਿ ਰੂਸੀ ਤੇਲ ਵੇਚ ਕੇ ਪੁਤਿਨ ਯੂਕਰੇਨ ਨਾਲ ਲੜਾਈ ਚਲਾ ਰਿਹਾ ਹੈ।

ਭਾਰਤ ਲਈ ਇਹ ਖ਼ਬਰ ਵੱਡੀ ਚਿੰਤਾ ਵਾਲੀ ਹੈ। ਭਾਰਤ ਰੂਸ ਤੋਂ ਬਹੁਤ ਸਸਤਾ ਤੇਲ ਖਰੀਦਦਾ ਹੈ। 2022 ਵਿੱਚ ਯੂਕਰੇਨ ਯੁੱਧ ਸ਼ੁਰੂ ਹੋਣ ਤੋਂ ਬਾਅਦ ਭਾਰਤ ਨੇ ਰੂਸੀ ਤੇਲ ਦੀ ਖਰੀਦ ਵਧਾ ਲਈ ਸੀ। ਅੱਜ ਭਾਰਤ ਦੇ ਕੁੱਲ ਤੇਲ ਖਰੀਦ ਵਿੱਚ ਰੂਸੀ ਤੇਲ ਦਾ ਹਿੱਸਾ ਲਗਭਗ 35-40% ਹੈ। ਇਸ ਨਾਲ ਭਾਰਤ ਨੂੰ ਕਰੋੜਾਂ ਡਾਲਰਾਂ ਦੀ ਬਚਤ ਹੋਈ ਹੈ। ਪਰ ਅਮਰੀਕਾ ਇਸ ਨੂੰ ਪਸੰਦ ਨਹੀਂ ਕਰਦਾ। ਉਹ ਕਹਿੰਦੇ ਹਨ ਕਿ ਇਹ ਰੂਸ ਨੂੰ ਯੁੱਧ ਵਿੱਚ ਮਦਦ ਕਰ ਰਿਹਾ ਹੈ। ਪਿਛਲੇ ਸਾਲ ਅਮਰੀਕਾ ਨੇ ਭਾਰਤ ਉੱਤੇ 25% ਵਾਧੂ ਟੈਰਿਫ ਲਗਾਏ ਸਨ। ਹੁਣ 500% ਦੀ ਗੱਲ ਹੈ, ਜੋ ਭਾਰਤ ਦੇ ਨਿਰਯਾਤ ਨੂੰ ਖਤਮ ਕਰ ਸਕਦੀ ਹੈ।

ਅਮਰੀਕਾ ਭਾਰਤ ਦਾ ਸਭ ਤੋਂ ਵੱਡਾ ਨਿਰਯਾਤ ਬਾਜ਼ਾਰ ਹੈ। 2025 ਵਿੱਚ ਭਾਰਤ ਨੇ ਅਮਰੀਕਾ ਨੂੰ 50 ਅਰਬ ਡਾਲਰਾਂ ਤੋਂ ਵੱਧ ਦਾ ਸਾਮਾਨ ਵੇਚਿਆ। ਜੇ 500% ਟੈਰਿਫ ਲੱਗੇ ਤਾਂ ਭਾਰਤੀ ਉਤਪਾਦ ਅਮਰੀਕਾ ਵਿੱਚ ਬਹੁਤ ਮਹਿੰਗੇ ਹੋ ਜਾਣਗੇ। ਇਸ ਨਾਲ ਆਈਟੀ, ਫਾਰਮਾ, ਟੈਕਸਟਾਈਲ ਅਤੇ ਹੋਰ ਉਦਯੋਗਾਂ ਨੂੰ ਨੁਕਸਾਨ ਹੋਵੇਗਾ। ਭਾਰਤੀ ਕੰਪਨੀਆਂ ਵਾਂਗ ਇੰਫੋਸਿਸ ਅਤੇ ਟੀਸੀਐੱਸ ਦਾ 60% ਤੋਂ ਵੱਧ ਕਾਰੋਬਾਰ ਅਮਰੀਕਾ ਨਾਲ ਹੈ। ਇਸ ਨਾਲ ਲੱਖਾਂ ਨੌਕਰੀਆਂ ਖਤਰੇ ਵਿੱਚ ਪੈ ਸਕਦੀਆਂ ਹਨ।

ਕੀ ਹੈ ਯੂਕਰੇਨ ਯੁੱਧ ਅਤੇ ਰੂਸੀ ਤੇਲ ਦੀ ਕਹਾਣੀ-ਯੂਕਰੇਨ ਯੁੱਧ 2022 ਵਿੱਚ ਸ਼ੁਰੂ ਹੋਇਆ ਸੀ। ਰੂਸ ਨੇ ਯੂਕਰੇਨ ਉੱਤੇ ਹਮਲਾ ਕੀਤਾ ਅਤੇ ਅਮਰੀਕਾ ਸਮੇਤ ਪੱਛਮੀ ਦੇਸ਼ਾਂ ਨੇ ਰੂਸ ਉੱਤੇ ਪਾਬੰਦੀਆਂ ਲਗਾ ਦਿੱਤੀਆਂ ਸਨ। ਜੀ-7 ਦੇਸ਼ਾਂ ਨੇ ਰੂਸੀ ਤੇਲ ਉੱਤੇ 60 ਡਾਲਰ ਪ੍ਰਤੀ ਬੈਰਲ ਦੀ ਕੀਮਤ ਸੀਮਾ ਲਗਾਈ। ਪਰ ਭਾਰਤ ਨੇ ਇਸ ਨੂੰ ਨਹੀਂ ਮੰਨਿਆ ਅਤੇ ਰੂਸ ਤੋਂ ਸਸਤਾ ਤੇਲ ਖਰੀਦਦਾ ਰਿਹਾ ਸੀ। 2024-25 ਵਿੱਚ ਭਾਰਤ ਨੇ ਰੂਸ ਤੋਂ 50 ਅਰਬ ਡਾਲਰਾਂ ਤੋਂ ਵੱਧ ਦਾ ਤੇਲ ਖਰੀਦਿਆ। ਇਸ ਨਾਲ ਭਾਰਤ ਨੂੰ ਬਚਤ ਹੋਈ ਅਤੇ ਰੂਸ ਨੂੰ ਪੈਸਾ ਮਿਲਿਆ।

ਅਮਰੀਕਾ ਨੇ ਭਾਰਤ ਨੂੰ ਬਹੁਤ ਵਾਰ ਕਿਹਾ ਕਿ ਰੂਸੀ ਤੇਲ ਨਾ ਖਰੀਦੋ। ਪਿਛਲੇ ਸਾਲ ਅਮਰੀਕੀ ਰਾਜਦੂਤ ਏਰਿਕ ਗਾਰਸੈਟੀ ਨੇ ਕਿਹਾ ਕਿ ਇਹ ਸੀਮਾ ਭਾਰਤ ਨੂੰ ਧਿਆਨ ਵਿੱਚ ਰੱਖ ਕੇ ਬਣਾਈ ਗਈ ਹੈ। ਪਰ ਭਾਰਤ ਨੇ ਕਿਹਾ ਕਿ ਅਸੀਂ ਮੌਜੂਦਾ ਕੀਮਤਾਂ ਉੱਤੇ ਤੇਲ ਖਰੀਦਾਂਗੇ। ਹੁਣ ਟਰੰਪ ਨੇ ਇਸ ਨੂੰ ਵੱਡਾ ਮੁੱਦਾ ਬਣਾ ਲਿਆ ਹੈ। ਉਹ ਕਹਿੰਦੇ ਹਨ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉਨ੍ਹਾਂ ਨਾਲ ਖੁਸ਼ ਨਹੀਂ ਹਨ, ਪਰ ਉਹ ਭਾਰਤ ਨੂੰ ਸਜ਼ਾ ਦੇਣਗੇ। ਇਸ ਵਿਚਾਲੇ ਅਮਰੀਕਾ ਨੇ ਭਾਰਤ ਨਾਲ ਵਪਾਰ ਸਮਝੌਤੇ ਦੀ ਗੱਲ ਵੀ ਕੀਤੀ ਹੈ। ਭਾਰਤ ਨੇ ਆਪਣੀ 'ਅੰਤਿਮ ਪੇਸ਼ਕਸ਼' ਦਿੱਤੀ ਹੈ ਪਰ ਅਮਰੀਕਾ ਦਾ ਜਵਾਬ ਨਹੀਂ ਆਇਆ। ਇਹ ਬਿੱਲ ਅਜੇ ਸੈਨੇਟ ਵਿੱਚ ਪਾਸ ਨਹੀਂ ਹੋਇਆ ਪਰ ਇਸ ਨੂੰ 84 ਕੋ-ਸਪਾਂਸਰ ਮਿਲ ਚੁੱਕੇ ਹਨ। ਜੇ ਪਾਸ ਹੋ ਗਿਆ ਤਾਂ ਟਰੰਪ ਨੂੰ ਟੈਰਿਫ ਲਗਾਉਣ ਦਾ ਫੈਸਲਾ ਮਿਲ ਜਾਵੇਗਾ।

ਭਾਰਤ ਉੱਤੇ ਅਸਰ: ਅਰਥਵਿਵਸਥਾ ਤੇ ਜੇਬ ਉੱਤੇ ਭਾਰ-ਇਹ ਟੈਰਿਫ ਭਾਰਤ ਲਈ ਵੱਡੀ ਮੁਸੀਬਤ ਹੈ। ਭਾਰਤ ਅਮਰੀਕਾ ਨੂੰ ਟੈਕਸਟਾਈਲ, ਜੈਮਸ, ਚਮੜਾ ਅਤੇ ਆਈਟੀ ਸੇਵਾਵਾਂ ਵੇਚਦਾ ਹੈ। 500% ਟੈਰਿਫ ਨਾਲ ਇਹ ਸਾਮਾਨ ਅਮਰੀਕਾ ਵਿੱਚ ਨਹੀਂ ਵਿਕੇਗਾ। ਇਸ ਨਾਲ ਭਾਰਤ ਦੇ 120 ਅਰਬ ਡਾਲਰਾਂ ਦੇ ਵਪਾਰ ਨੂੰ ਨੁਕਸਾਨ ਹੋਵੇਗਾ। ਮਾਹਿਰਾਂ ਨੇ ਕਿਹਾ ਕਿ ਇਸ ਨਾਲ ਰੁਪਈਆ 90-95 ਡਾਲਰ ਤੱਕ ਡਿੱਗ ਸਕਦਾ ਹੈ। ਇੰਫਲੇਸ਼ਨ ਵਧੇਗੀ ਅਤੇ ਪੈਟਰੋਲ-ਡੀਜ਼ਲ ਮਹਿੰਗੇ ਹੋਣਗੇ।

ਭਾਰਤ ਨੇ ਰੂਸੀ ਤੇਲ ਖਰੀਦ 10% ਘਟਾਈ ਹੈ ਪਰ ਅਜੇ ਵੀ ਵੱਡੀ ਮਾਤਰਾ ਵਿੱਚ ਖਰੀਦ ਰਿਹਾ ਹੈ। ਜੇ ਟੈਰਿਫ ਲੱਗੇ ਤਾਂ ਭਾਰਤ ਨੂੰ ਅਲਟਰਨੇਟਿਵ ਤੇਲ ਖਰੀਦਣਾ ਪਵੇਗਾ, ਜੋ ਮਹਿੰਗਾ ਹੋਵੇਗਾ। ਇਸ ਨਾਲ ਭਾਰਤੀ ਰਿਫਾਈਨਰੀਆਂ ਨੂੰ ਨੁਕਸਾਨ ਹੋਵੇਗਾ। ਵਪਾਰ ਮੰਤਰਾਲੇ ਦੇ ਅੰਕੜੇ ਦੱਸਦੇ ਹਨ ਕਿ ਭਾਰਤ ਨੇ ਆਪਣੇ ਨਿਰਯਾਤ ਨੂੰ ਵਿਭਿੰਨ ਕੀਤਾ ਹੈ ਅਤੇ ਯੂਰੋਪੀਅਨ ਯੂਨੀਅਨ, ਯੂਰੇਸ਼ੀਅਨ ਇਕਨਾਮਿਕ ਯੂਨੀਅਨ ਨਾਲ ਸੌਦੇ ਕੀਤੇ ਹਨ। ਪਰ ਅਮਰੀਕਾ ਵਰਗਾ ਵੱਡਾ ਬਾਜ਼ਾਰ ਨਹੀਂ ਮਿਲੇਗਾ। ਇਸ ਨਾਲ ਭਾਰਤੀ ਜੇਬ ਉੱਤੇ ਵੀ ਅਸਰ ਪਵੇਗਾ। ਤੇਲ ਮਹਿੰਗਾ ਹੋਵੇਗਾ ਤਾਂ ਟਰਾਂਸਪੋਰਟ, ਖਾਣਾ ਅਤੇ ਹੋਰ ਚੀਜ਼ਾਂ ਮਹਿੰਗੀਆਂ ਹੋ ਜਾਣਗੀਆਂ। ਨੌਜਵਾਨਾਂ ਦੀਆਂ ਨੌਕਰੀਆਂ ਖਤਰੇ ਵਿੱਚ ਪੈਣਗੀਆਂ। ਪਰ ਭਾਰਤ ਨੇ ਕਿਹਾ ਕਿ ਅਸੀਂ ਆਪਣੀ ਉਰਜਾ ਸੁਰੱਖਿਆ ਨੂੰ ਤਰਜੀਹ ਦੇਵਾਂਗੇ।

ਕੀ ਅਮਰੀਕਾ ਵਿਸ਼ਵ ਦਾ ਅਸਲ ਠਾਣੇਦਾਰ ਹੈ?-ਅਮਰੀਕਾ ਨੂੰ ਅਕਸਰ ਵਿਸ਼ਵ ਪੁਲਿਸ ਕਿਹਾ ਜਾਂਦਾ ਹੈ। ਉਹਨਾਂ ਕੋਲ ਵਿਸ਼ਵ ਦੀ ਸਭ ਤੋਂ ਵੱਡੀ ਫੌਜ ਅਤੇ ਅਰਥਵਿਵਸਥਾ ਹੈ। ਉਹ ਸੈਂਕਸ਼ਨਾਂ ਰਾਹੀਂ ਦੂਜੇ ਦੇਸ਼ਾਂ ਨੂੰ ਕੰਟਰੋਲ ਕਰਦੇ ਹਨ। ਵੈਨੇਜ਼ੁਏਲਾ ਵਿੱਚ ਅਮਰੀਕਾ ਨੇ ਰਾਸ਼ਟਰਪਤੀ ਨੂੰ ਚੁੱਕ ਲਿਆ ਅਤੇ ਈਰਾਨ ਉੱਤੇ ਹਮਲੇ ਕੀਤੇ। ਟਰੰਪ ਨੇ ਕਿਹਾ ਕਿ ਅਮਰੀਕਾ ਆਪਣੇ ਖੇਤਰ ਵਿੱਚ ਪ੍ਰਭਾਵ ਰੱਖੇਗਾ। ਪਰ ਅਮਰੀਕਾ ਦੀ ਇਹ ਨੀਤੀ ਵਿਵਾਦਗ੍ਰਸਿਤ ਹੈ। ਬਹੁਤੇ ਦੇਸ਼ ਇਸ ਨੂੰ ਦਾਦਾਗਿਰੀ ਕਹਿੰਦੇ ਹਨ। ਭਾਰਤ ਵਾਂਗ ਅਮਰੀਕਾ ਨੂੰ ਆਪਣੀ ਨੀਤੀ ਨਹੀਂ ਬਦਲਣਾ ਚਾਹੀਦਾ। ਵਿਸ਼ਵ ਮਾਹਿਰ ਕਹਿੰਦੇ ਹਨ ਕਿ ਅਮਰੀਕਾ ਦੀ ਤਾਕਤ ਘਟ ਰਹੀ ਹੈ ਅਤੇ ਚੀਨ-ਰੂਸ ਵਰਗੇ ਦੇਸ਼ ਉੱਭਰ ਰਹੇ ਹਨ। ਟਰੰਪ ਦੀ ਨੀਤੀ ਨਾਲ ਅਮਰੀਕਾ ਅਲੱਗ-ਥਲੱਗ ਹੋ ਸਕਦਾ ਹੈ। ਭਾਰਤ ਵਰਗੇ ਦੇਸ਼ ਅਮਰੀਕਾ ਦੀ ਠਾਣੇਦਾਰੀ ਨੂੰ ਚੁਣੌਤੀ ਦੇ ਸਕਦੇ ਹਨ।

ਭਾਰਤ ਕੋਲ ਕੀ ਰਾਹ ਹਨ: ਰੂਸ-ਚੀਨ ਵੱਲ ਜਾਂ ਅਮਰੀਕਾ ਨਾਲ ਸਮਝੌਤਾ?-ਭਾਰਤ ਨੂੰ ਵੱਡਾ ਫੈਸਲਾ ਲੈਣਾ ਪਵੇਗਾ। ਇੱਕ ਰਾਹ ਹੈ ਅਮਰੀਕਾ ਨਾਲ ਸਮਝੌਤਾ। ਇਸ ਵਿੱਚ ਭਾਰਤ ਰੂਸੀ ਤੇਲ ਘਟਾ ਕੇ ਅਮਰੀਕੀ ਤੇਲ ਖਰੀਦੇ। ਇਸ ਨਾਲ ਟੈਰਿਫ ਨਹੀਂ ਲੱਗਣਗੇ ਅਤੇ ਵਪਾਰ ਵਧੇਗਾ। ਭਾਰਤ ਅਮਰੀਕਾ ਨਾਲ ਕਵਾਡ ਅਲਾਇੰਸ ਵਿੱਚ ਹੈ, ਜੋ ਚੀਨ ਵਿਰੋਧੀ ਹੈ। ਇਸ ਨਾਲ ਭਾਰਤ ਨੂੰ ਤਕਨੀਕ ਅਤੇ ਫੌਜੀ ਮਦਦ ਮਿਲੇਗੀ। ਪਰ ਇਸ ਨਾਲ ਰੂਸ ਨਾਲ ਸਬੰਧ ਖਰਾਬ ਹੋਣਗੇ, ਜੋ ਭਾਰਤ ਦਾ ਪੁਰਾਣਾ ਮਿੱਤਰ ਹੈ। ਰੂਸ ਭਾਰਤ ਨੂੰ ਐੱਸ-400 ਵਰਗੇ ਹਥਿਆਰ ਦਿੰਦਾ ਹੈ।

ਦੂਜਾ ਰਾਹ ਹੈ ਰੂਸ-ਚੀਨ ਵੱਲ ਜਾਣਾ। ਭਾਰਤ ਰੂਸ-ਇੰਡੀਆ-ਚੀਨ ਗਰੁੱਪ ਵਿੱਚ ਸ਼ਾਮਲ ਹੋ ਸਕਦਾ ਹੈ। ਇਸ ਨਾਲ ਭਾਰਤ ਨੂੰ ਉਰਜਾ ਅਤੇ ਵਪਾਰ ਵਿੱਚ ਮਦਦ ਮਿਲੇਗੀ। ਚੀਨ ਨਾਲ ਸੀਮਾ ਕਾਰਣ ਵਿਵਾਦ ਹੈ ਪਰ ਆਰਥਿਕ ਸਬੰਧ ਵਧ ਰਹੇ ਹਨ। ਮਾਹਿਰ ਕਹਿੰਦੇ ਹਨ ਕਿ ਟਰੰਪ ਦੀ ਨੀਤੀ ਨਾਲ ਭਾਰਤ ਰੂਸ-ਚੀਨ ਨੇੜੇ ਜਾ ਸਕਦਾ ਹੈ। ਪਰ ਇਹ ਭਾਰਤ ਦੀ ਸਟ੍ਰੈਟਿਜਿਕ ਆਟੋਨਮੀ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

ਮਾਹਿਰਾਂ ਨੇ ਕਿਹਾ ਕਿ ਭਾਰਤ ਦੋਹਾਂ ਨਾਲ ਬੈਲੰਸ ਕਰੇ। ਰੂਸੀ ਤੇਲ ਘਟਾਏ ਪਰ ਪੂਰੀ ਤਰ੍ਹਾਂ ਨਾ ਰੋਕੇ। ਅਮਰੀਕਾ ਨਾਲ ਗੱਲਬਾਤ ਕਰੇ ਅਤੇ ਨਵੇਂ ਬਾਜ਼ਾਰ ਲੱਭੇ। ਭਾਰਤ ਯੂਰੋਪ ਅਤੇ ਇਜ਼ਰਾਈਲ ਨਾਲ ਸੌਦੇ ਕਰ ਰਿਹਾ ਹੈ। ਇਹ ਰਾਹ ਸਭ ਤੋਂ ਵਧੀਆ ਹੈ।

ਕੀ ਅਮਰੀਕਾ ਭਾਰਤ ਵਿੱਚ ਉਥਲ-ਪੁਥਲ ਕਰ ਸਕਦਾ ਹੈ?-ਇਹ ਸਵਾਲ ਮਹੱਤਵਪੂਰਨ ਹੈ। ਅਮਰੀਕਾ ਕੋਲ ਵੱਡੀ ਤਾਕਤ ਹੈ ਪਰ ਭਾਰਤ ਨੂੰ ਅਸਥਿਰ ਕਰਨਾ ਆਸਾਨ ਨਹੀਂ। ਭਾਰਤ ਕੋਲ ਨਿਊਕਲੀਅਰ ਹਥਿਆਰ ਅਤੇ ਵੱਡੀ ਫੌਜ ਹੈ। ਅਮਰੀਕਾ ਟੈਰਿਫਾਂ ਰਾਹੀਂ ਅਰਥਿਕ ਦਬਾਅ ਪਾ ਸਕਦਾ ਹੈ ਪਰ ਫੌਜੀ ਹਮਲਾ ਨਹੀਂ ਕਰ ਸਕਦਾ। ਪਿਛਲੇ ਸਮੇਂ ਵਿੱਚ ਅਮਰੀਕਾ ਨੇ ਈਰਾਨ ਅਤੇ ਵੈਨੇਜ਼ੁਏਲਾ ਨੂੰ ਅਸਥਿਰ ਕੀਤਾ ਪਰ ਭਾਰਤ ਵੱਡਾ ਅਤੇ ਸਥਿਰ ਦੇਸ਼ ਹੈ। ਮਾਹਿਰ ਕਹਿੰਦੇ ਹਨ ਕਿ ਅਮਰੀਕਾ ਭਾਰਤ ਵਿੱਚ ਅੰਦਰੂਨੀ ਮੁੱਦੇ ਵਧਾ ਸਕਦਾ ਹੈ, ਜਿਵੇਂ ਕਿ ਵੀਜ਼ਾ ਪਾਬੰਦੀਆਂ ਜਾਂ ਸੈਂਕਸ਼ਨਾਂ। ਪਰ ਭਾਰਤ ਨੇ ਅਮਰੀਕਾ ਨੂੰ ਜਵਾਬ ਵੀ ਦਿੱਤਾ ਹੈ। ਭਾਰਤ ਕੋਲ ਰੂਸ ਅਤੇ ਚੀਨ ਵਰਗੇ ਮਿੱਤਰ ਹਨ। ਇਸ ਨਾਲ ਅਮਰੀਕਾ ਭਾਰਤ ਨੂੰ ਪੂਰੀ ਤਰ੍ਹਾਂ ਅਸਥਿਰ ਨਹੀਂ ਕਰ ਸਕੇਗਾ। ਭਾਰਤ ਦੀ ਅਰਥਵਿਵਸਥਾ ਮਜ਼ਬੂਤ ਹੈ ਅਤੇ ਉਹ ਨਵੇਂ ਰਾਹ ਲੱਭ ਲਵੇਗਾ। ਪਰ ਲੰਬੇ ਸਮੇਂ ਵਿੱਚ ਇਹ ਅਸਰ ਪਾ ਸਕਦਾ ਹੈ।

ਵਿਸ਼ਵ ਮਾਹਿਰਾਂ ਦੇ ਵਿਚਾਰ-ਵਿਸ਼ਵ ਮਾਹਿਰਾਂ ਨੇ ਇਸ ਬਿੱਲ ਉੱਤੇ ਚਿੰਤਾ ਜ਼ਾਹਰ ਕੀਤੀ ਹੈ। ਕਾਰਨੇਗੀ ਐਂਡਾਊਮੈਂਟ ਦੇ ਵ੍ਰਿੰਦਾ ਸਹਾਈ ਨੇ ਕਿਹਾ ਕਿ ਇਹ ਭਾਰਤ ਨੂੰ ਰੂਸੀ ਤੇਲ ਘਟਾਉਣ ਲਈ ਮਜਬੂਰ ਕਰੇਗਾ ਪਰ ਭਾਰਤ ਨੂੰ ਬੈਲੰਸ ਕਰਨਾ ਪਵੇਗਾ। ਲਾਈਵ ਮਿੰਟ ਨੇ ਕਿਹਾ ਕਿ ਇਹ ਭਾਰਤੀ ਸਟਾਕ ਮਾਰਕੀਟ ਅਤੇ ਸੋਨੇ-ਚਾਂਦੀ ਨੂੰ ਅਸਥਿਰ ਕਰੇਗਾ। ਅਜੇ ਸ੍ਰੀਵਾਸਤਵ ਨੇ ਕਿਹਾ ਕਿ ਚੀਨ ਨੂੰ ਛੋਟ ਮਿਲੇਗੀ ਪਰ ਭਾਰਤ ਨੂੰ ਨੁਕਸਾਨ ਹੋਵੇਗਾ। ਫਸਟ ਪੋਸਟ ਨੇ ਕਿਹਾ ਕਿ ਗ੍ਰਾਹਮ ਵਰਗੇ ਲੋਕ ਰੂਸ ਵਿਰੋਧੀ ਹਨ ਅਤੇ ਭਾਰਤ ਨੂੰ ਲੀਹ ਉੱਤੇ ਲਿਆਉਣਾ ਚਾਹੁੰਦੇ ਹਨ। ਵਾਲ ਸਟ੍ਰੀਟ ਜਰਨਲ ਨੇ ਕਿਹਾ ਕਿ ਭਾਰਤ-ਚੀਨ-ਰੂਸ ਅਲਾਇੰਸ ਦਾ ਡਰ ਜ਼ਿਆਦਾ ਨਹੀਂ ਹੈ ਕਿਉਂਕਿ ਭਾਰਤ-ਚੀਨ ਵਿੱਚ ਤਣਾਅ ਹੈ। ਅਟਲਾਂਟਿਕ ਕਾਊਂਸਲ ਨੇ ਕਿਹਾ ਕਿ ਅਮਰੀਕਾ ਨੂੰ ਭਾਰਤ ਨਾਲ ਸਟ੍ਰੈਟਿਜਿਕ ਰੀਸੈੱਟ ਚਾਹੀਦਾ ਹੈ। ਟਰੰਪ ਦੀ ਨੀਤੀ ਨਾਲ ਨੁਕਸਾਨ ਹੋ ਰਿਹਾ ਹੈ। ਮਾਡਰਨ ਡਿਪਲੋਮੈਸੀ ਨੇ ਕਿਹਾ ਕਿ ਭਾਰਤ ਰੂਸ-ਚੀਨ ਨਾਲ ਨੇੜੇ ਜਾ ਸਕਦਾ ਹੈ।

# ਨਿਊਯਾਰਕ ਟਾਈਮਜ਼ ਦੀ ਰਿਪੋਰਟ: ਆਰਐੱਸਐੱਸ ਨੂੰ ਭਾਰਤ ਦੀ ਸੱਤਾ ਦਾ ਸਥਾਈ ਪਿਲਰ ਦੱਸਿਆ

## ✪ ਮੋਹਨ ਭਾਗਵਤ ਵਲੋਂ ਭੋਪਾਲ ਵਿਚ ਆਰਐੱਸਐੱਸ ਨੂੰ ਬੀਜੇਪੀ ਤੋਂ ਵੱਖ ਵਿਖਾਉਣ ਦੀ ਕੋਸ਼ਿਸ਼

## ✪ ਸੰਘ ਪਰਿਵਾਰ ਦੀ ਵਿਸ਼ਾਲ ਤਾਕਤ: 83 ਹਜ਼ਾਰ ਸ਼ਾਖਾਵਾਂ ਤੇ ਹਜ਼ਾਰਾਂ ਜੁੜੇ ਸੰਗਠਨ

ਭਾਰਤ ਦੀ ਰਾਜਨੀਤੀ ਵਿੱਚ ਰਾਸ਼ਟਰੀ ਸਵੈਸੇਵਕ ਸੰਘ (ਆਰਐੱਸਐੱਸ) ਅਤੇ ਉਸ ਨਾਲ ਜੁੜੇ ਸੰਘ ਪਰਿਵਾਰ ਦੀ ਭੂਮਿਕਾ ਹਮੇਸ਼ਾ ਵਿਵਾਦ ਵਿੱਚ ਰਹੀ ਹੈ। ਹਾਲ ਹੀ ਵਿੱਚ, ਦੁਨੀਆਂ ਦੇ ਸਭ ਤੋਂ ਵੱਕਾਰੀ ਅਖਬਾਰ ਨਿਊਯਾਰਕ ਟਾਈਮਜ਼ ਨੇ ਇੱਕ ਵੱਡੀ ਰਿਪੋਰਟ ਪ੍ਰਕਾਸ਼ਿਤ ਕੀਤੀ ਹੈ, ਜਿਸ ਨੂੰ "ਫਰੌਮ ਦ ਸ਼ੈਡੋਜ਼ ਟੂ ਪਾਵਰ: ਹਾਉ ਦ ਹਿੰਦੂ ਰਾਈਟ ਰੀਸ਼ੇਪਡ ਇੰਡੀਆ" ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਰਿਪੋਰਟ 26 ਦਸੰਬਰ 2025 ਨੂੰ ਛਪੀ ਸੀ ਅਤੇ ਇਸ ਵਿੱਚ ਆਰਐੱਸਐੱਸ ਨੂੰ ਇੱਕ ਫਾਰ-ਰਾਈਟ ਹਿੰਦੂ ਨੈਸ਼ਨਲਿਸਟ ਗਰੁੱਪ ਵਜੋਂ ਵਰਨਣ ਕੀਤਾ ਗਿਆ ਹੈ, ਜਿਸ ਨੇ ਭਾਰਤ ਨੂੰ ਇੱਕ ਹਿੰਦੂ-ਪ੍ਰਥਮ ਰਾਸ਼ਟਰ ਬਣਾਉਣ ਲਈ ਸਦੀ ਭਰ ਦੀ ਕੋਸ਼ਿਸ਼ ਕੀਤੀ ਹੈ। ਇਸ ਰਿਪੋਰਟ ਨੇ ਭਾਰਤੀ ਰਾਜਨੀਤੀ ਵਿੱਚ ਨਵੇਂ ਵਿਵਾਦ ਪੈਦਾ ਕੀਤੇ ਹਨ ਅਤੇ ਆਰਐੱਸਐੱਸ ਮੁਖੀ ਮੋਹਨ ਭਾਗਵਤ ਨੇ ਵੀ ਇਸ ਬਾਰੇ ਆਪਣੇ ਬਿਆਨ ਵਿੱਚ ਜਵਾਬ ਦਿੱਤਾ ਹੈ।

ਨਿਊਯਾਰਕ ਟਾਈਮਜ਼ ਦੀ ਇਹ ਰਿਪੋਰਟ ਆਰਐੱਸਐੱਸ ਦੀ 100 ਸਾਲਾਂ ਦੀ ਯਾਤਰਾ ਨੂੰ ਵਿਸਥਾਰ ਨਾਲ ਬਿਆਨ ਕਰਦੀ ਹੈ। ਰਿਪੋਰਟ ਮੁਤਾਬਕ, ਆਰਐੱਸਐੱਸ ਨੂੰ 1925 ਵਿੱਚ ਡਾਕਟਰ ਕੇਸ਼ਵ ਬਲੀਰਾਮ ਹੇਡਗੇਵਾਰ ਨੇ ਸਥਾਪਿਤ ਕੀਤਾ ਸੀ ਅਤੇ ਇਹ ਇੱਕ ਅਜਿਹਾ ਸੰਗਠਨ ਹੈ ਜੋ ਹਿੰਦੂ ਨੌਜਵਾਨਾਂ ਨੂੰ ਮਾਰਸ਼ਲ ਆਰਟਸ ਅਤੇ ਅਨੁਸ਼ਾਸਨ ਸਿਖਾਉਂਦਾ ਹੈ। ਰਿਪੋਰਟ ਕਹਿੰਦੀ ਹੈ ਕਿ ਆਰਐੱਸਐੱਸ ਨੇ ਭਾਰਤ ਨੂੰ ਇੱਕ ਧਰਮ ਨਿਰਪੱਖ ਗਣਰਾਜ ਨੂੰ ਬਦਲ ਕੇ ਹਿੰਦੂ ਰਾਸ਼ਟਰ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਰਐੱਸਐੱਸ ਦਾ ਮੈਂਬਰ ਵਜੋਂ ਦੱਸਿਆ ਗਿਆ ਹੈ, ਜੋ ਬਚਪਨ ਵਿੱਚ ਹੀ ਇਸ ਨਾਲ ਜੁੜ ਗਏ ਸਨ ਅਤੇ ਬਾਅਦ ਵਿੱਚ ਇਸ ਦੇ ਪੂਰਨਕਾਲੀਨ ਪ੍ਰਚਾਰਕ ਬਣੇ। 2025 ਵਿੱਚ ਆਰਐੱਸਐੱਸ ਨੇ ਆਪਣਾ ਸੈਂਚੁਰੀ ਮਨਾਇਆ ਅਤੇ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਹ ਹੁਣ ਦੁਨੀਆਂ ਦਾ ਸਭ ਤੋਂ ਵੱਡਾ ਫਾਰ-ਰਾਈਟ ਸੰਗਠਨ ਹੈ।

ਰਿਪੋਰਟ ਵਿੱਚ ਆਰਐੱਸਐੱਸ ਨੂੰ ਇੱਕ ਗੁਪਤ ਅਤੇ ਵੱਡੀ ਤਾਕਤ ਵਜੋਂ ਵਰਨਣ ਕੀਤਾ ਗਿਆ ਹੈ ਜੋ ਭਾਰਤ ਦੇ ਸਰਕਾਰੀ ਅਦਾਰਿਆਂ, ਪੁਲਿਸ, ਨਿਆਂ ਪਾਲਿਕਾ, ਮੀਡੀਆ ਅਤੇ ਵਿੱਦਿਆ ਵਿੱਚ ਡੂੰਘਾ ਪ੍ਰਭਾਵ ਬਣਾ ਚੁੱਕਾ ਹੈ। ਇਹ ਕਹਿੰਦੀ ਹੈ ਕਿ ਆਰਐੱਸਐੱਸ ਨੇ ਭਾਰਤ ਨੂੰ ਵਧੇਰੇ ਵੰਡਿਆ ਹੋਇਆ ਸਮਾਜ ਬਣਾ ਦਿੱਤਾ ਹੈ, ਜਿੱਥੇ ਮੁਸਲਮਾਨ ਅਤੇ ਹੋਰ ਘੱਟ ਗਿਣਤੀ ਵਰਗਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਉਦਾਹਰਨ ਵਜੋਂ, ਰਿਪੋਰਟ ਵਿੱਚ ਅਯੋਧਿਆ ਵਿੱਚ ਰਾਮ ਮੰਦਿਰ, ਕਸ਼ਮੀਰ ਦੀ ਆਟੋਨੋਮੀ ਖਤਮ ਕਰਨਾ, ਇਤਿਹਾਸ ਦੀਆਂ ਕਿਤਾਬਾਂ ਬਦਲਣਾ



ਅਤੇ ਪੁਲਿਸ-ਪ੍ਰਸ਼ਾਸਨ ਵਿੱਚ ਵਿਚਾਰਧਾਰਕ ਪ੍ਰਭਾਵ ਦਾ ਜ਼ਿਕਰ ਹੈ। ਇਹ ਸਭ ਇੱਕ ਵੱਡੀ ਵਿਚਾਰਧਾਰਕ ਯੋਜਨਾ ਦੇ ਹਿੱਸੇ ਵਜੋਂ ਵੇਖੇ ਜਾਂਦੇ ਹਨ। ਰਿਪੋਰਟ ਕਹਿੰਦੀ ਹੈ ਕਿ ਆਰਐੱਸਐੱਸ ਦੀ ਤਾਕਤ ਉਸ ਦੇ ਨੈੱਟਵਰਕ ਵਿੱਚ ਹੈ, ਜਿਸ ਵਿੱਚ 2500 ਤੋਂ ਵੱਧ ਜੁੜੇ ਸੰਗਠਨ ਹਨ, ਜਿਵੇਂ ਵਿਸ਼ਵ ਹਿੰਦੂ ਪਰਿਸ਼ਦ (ਵੀਐੱਚਪੀ), ਭਾਰਤੀ ਜਨਤਾ ਪਾਰਟੀ (ਬੀਜੇਪੀ), ਵਿਦਿਆ ਭਾਰਤੀ ਅਤੇ ਹੋਰ। ਇਹ ਨੈੱਟਵਰਕ ਵਿਦੇਸ਼ਾਂ ਵਿੱਚ ਵੀ ਫੈਲਿਆ ਹੋਇਆ ਹੈ ਅਤੇ ਭਾਰਤੀ ਡਾਇਸਪੋਰਾ ਨੂੰ ਪ੍ਰਭਾਵਿਤ ਕਰਦਾ ਹੈ।

ਰਿਪੋਰਟ ਨੇ ਆਰਐੱਸਐੱਸ ਨੂੰ ਘੱਟ ਗਿਣਤੀਆਂ ਵਿਰੋਧੀ ਹਿੰਸਾ ਨਾਲ ਜੋੜਿਆ ਹੈ, ਜਿਵੇਂ ਕਿ ਚਰਚਾਂ ਤੇ ਹਮਲੇ, ਬੀਫ਼ ਦੇ ਸ਼ੱਕ ਵਿੱਚ ਲਿੰਚਿੰਗ ਅਤੇ ਮੁਸਲਮਾਨ ਮੁਹੱਲਿਆਂ ਵਿੱਚ ਜਲੂਸ ਕਢਣਾ। ਰਿਪੋਟ ਕਹਿੰਦੀ ਹੈ ਕਿ ਆਰਐੱਸਐੱਸ ਦੀ ਵੱਡੀ ਤਾਕਤ ਉਸ ਦੀ ਗੁਪਤਤਾ ਅਤੇ ਗੈਰ-ਜਵਾਬਦੇਹੀ ਵਿੱਚ ਹੈ - ਕੋਈ ਆਡਿਟ ਨਹੀਂ, ਕੋਈ ਪਾਰਦਰਸ਼ਤਾ ਨਹੀਂ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਮੋਦੀ ਇੱਕ ਵਿਅਕਤੀ ਨਹੀਂ, ਬਲਕਿ ਆਰਐੱਸਐੱਸ ਦੀ ਯੋਜਨਾ ਦਾ ਇੱਕ ਸਫਲ ਸਖਸ਼ੀਅਤ ਹਨ ਅਤੇ ਉਸ ਤੋਂ ਬਾਅਦ ਵੀ ਇਹ ਵਿਵਸਥਾ ਚੱਲਦੀ ਰਹੇਗੀ।

ਇਸ ਰਿਪੋਰਟ ਤੋਂ ਬਾਅਦ ਆਰ ਐੱਸ ਐੱਸ ਮੁਖੀ ਮੋਹਨ ਭਾਗਵਤ ਨੇ 3 ਜਨਵਰੀ 2026 ਨੂੰ ਭੋਪਾਲ ਵਿੱਚ ਇੱਕ ਸਭਾ ਨੂੰ ਸੰਬੋਧਨ ਕੀਤਾ ਸੀ। ਉਨ੍ਹਾਂ ਨੇ ਕਿਹਾ ਕਿ ਆਰਐੱਸਐੱਸ ਨੂੰ ਬੀਜੇਪੀ ਦੇ ਚਸ਼ਮੇ ਨਾਲ ਵੇਖਣਾ ਵੱਡੀ ਗਲਤੀ ਹੈ ਅਤੇ ਇਹ ਕੋਈ ਪੈਰਾਮਿਲਟਰੀ ਸੰਗਠਨ ਨਹੀਂ ਹੈ। ਭਾਗਵਤ ਨੇ ਕਿਹਾ ਕਿ ਆਰਐੱਸਐੱਸ ਵਰਦੀ ਪਹਿਨਦਾ ਹੈ, ਮਾਰਚ ਕਢਦਾ ਹੈ ਅਤੇ ਲਾਠੀ ਦਾ ਅਭਿਆਸ ਕਰਦਾ ਹੈ, ਪਰ ਇਹ ਗਲਤਫਹਿਮੀ ਹੈ ਕਿ ਇਹ ਮਿਲਟਰੀ ਵਰਗਾ ਹੈ। ਉਨ੍ਹਾਂ ਨੇ ਆਰਐੱਸਐੱਸ ਨੂੰ ਇੱਕ ਵਿਲੱਖਣ ਸੰਗਠਨ ਵਜੋਂ ਵਰਨਣ ਕੀਤਾ ਜੋ ਸਮਾਜ ਨੂੰ ਜੋੜਨ ਅਤੇ ਭਾਰਤ ਨੂੰ ਵਿਦੇਸ਼ੀ ਸ਼ਕਤੀਆਂ ਤੋਂ ਬਚਾਉਣ ਲਈ ਕੰਮ ਕਰਦਾ ਹੈ।

ਭਾਗਵਤ ਨੇ ਕਿਹਾ ਕਿ ਆਰਐੱਸਐੱਸ ਕਿਸੇ ਨੂੰ ਰਿਮੋਟ ਕੰਟਰੋਲ ਨਾਲ ਨਹੀਂ ਚਲਾਉਂਦਾ ਅਤੇ ਬੀਜੇਪੀ ਜਾਂ ਵੀਐੱਚਪੀ ਵਰਗੇ ਸੰਗਠਨ ਆਪਣੇ ਆਪ ਵਿੱਚ ਸੁਤੰਤਰ ਹਨ। ਉਨ੍ਹਾਂ ਨੇ ਆਰਐੱਸਐੱਸ ਵਿਰੋਧੀ "ਝੂਠੇ ਨੈਰੇਟਿਵ" ਦਾ ਜ਼ਿਕਰ ਕੀਤਾ ਅਤੇ ਲੋਕਾਂ ਨੂੰ ਵਿਕੀਪੀਡੀਆ ਵਰਗੀਆਂ ਸਤਹੀ ਜਾਣਕਾਰੀਆਂ ਤੇ ਨਿਰਭਰ ਨਾ ਕਰਨ ਲਈ ਕਿਹਾ। ਉਨ੍ਹਾਂ ਨੇ ਆਰਐੱਸਐੱਸ ਨੂੰ ਸਮਝਣ ਲਈ ਉਸ ਦੀਆਂ ਸ਼ਾਖਾਵਾਂ ਵਿੱਚ ਆ ਕੇ ਵੇਖਣ ਦੀ ਅਪੀਲ ਕੀਤੀ। ਇਹ ਬਿਆਨ ਆਰਐੱਸਐੱਸ ਨੂੰ ਪਰਿਭਾਸ਼ਿਤ ਕਰਨ ਅਤੇ ਉਸ ਨੂੰ ਬੀਜੇਪੀ ਤੋਂ ਵੱਖ ਵਿਖਾਉਣ ਦੀ ਕੋਸ਼ਿਸ਼ ਵਜੋਂ ਵੇਖਿਆ ਜਾਂਦਾ ਹੈ।

ਸੰਘ ਪਰਿਵਾਰ ਦੀ ਨੀਤੀ ਮੁੱਖ ਤੌਰ ਤੇ ਹਿੰਦੂ ਰਾਸ਼ਟਰਵਾਦ ਤੇ ਆਧਾਰਿਤ ਹੈ। ਇਹ ਸਮਾਜ ਨੂੰ ਹਿੰਦੂ ਸੰਸਕ੍ਰਿਤੀ ਅਤੇ ਮੁੱਲਾਂ ਨਾਲ ਜੋੜਨਾ ਚਾਹੁੰਦਾ ਹੈ, ਸਵਦੇਸ਼ੀ ਅਤੇ ਆਤਮ ਨਿਰਭਰਤਾ ਉਪਰ ਜ਼ੋਰ ਦਿੰਦਾ ਹੈ। ਭਾਗਵਤ ਨੇ ਆਪਣੇ ਬਿਆਨ ਵਿੱਚ ਮਾਨਸਿਕ ਗੁਲਾਮੀ ਖਤਮ ਕਰਨ ਅਤੇ ਆਤਮ-ਗੌਰਵ ਵਧਾਉਣ ਦੀ ਗੱਲ ਕੀਤੀ। ਸੰਘ ਦੀ ਨੀਤੀ ਵਿੱਚ ਸਮਾਜਿਕ ਏਕਤਾ, ਸ਼ਾਂਤੀ ਅਤੇ ਸਹਿ-ਅਸਤਿਤਵ ਦੇ ਸ਼ਬਦ ਹਨ, ਪਰ ਆਲੋਚਕ ਕਹਿੰਦੇ ਹਨ ਕਿ ਇਹ ਵਿਜਿਲੈਂਟਿਜ਼ਮ ਨੂੰ ਨੈਤਿਕ ਲਾਇਸੰਸ ਦਿੰਦਾ ਹੈ ਤੇ "ਸੱਭਿਆਚਾਰ" ਅਤੇ ਹੇਠਾਂ "ਡਰ" ਪੈਦਾ ਕੀਤਾ ਜਾਂਦਾ ਹੈ, ਜੋ ਵਿਜਿਲੈਂਟਿਜ਼ਮ ਨੂੰ ਉਤਸ਼ਾਹਿਤ ਕਰਦਾ ਹੈ। । ਸੰਘ ਚੋਣਾਂ ਤੋਂ ਪਰੇ ਜਾ ਕੇ ਸਮਾਜ ਅਤੇ ਅਦਾਰਿਆਂ ਵਿੱਚ ਪੈਠ ਬਣਾਉਣ ਤੇ ਜ਼ੋਰ ਦਿੰਦਾ ਹੈ। ਇਹ ਬੀਜੇਪੀ ਨੂੰ ਆਪਣੀ ਸਭ ਤੋਂ ਸਫਲ ਰਾਜਨੀਤੀ ਮੰਨਦੀ ਹੈ, ਪਰ ਅੰਤਿਮ ਨਹੀਂ।

ਸੰਘ ਪਰਿਵਾਰ ਦੀ ਸਭ ਤੋਂ ਵੱਡੀ ਤਾਕਤ ਉਸ ਦਾ ਵਿਸ਼ਾਲ ਨੈੱਟਵਰਕ ਹੈ। ਆਰਐੱਸਐੱਸ ਕੋਲ 83 ਹਜ਼ਾਰ ਤੋਂ ਵੱਧ ਸ਼ਾਖਾਵਾਂ ਹਨ ਅਤੇ ਹਜ਼ਾਰਾਂ ਸੰਗਠਨ। ਇਹ ਵਿਦਿਆਰਥੀਆਂ ਤੋਂ ਲੈ ਕੇ ਜੱਜਾਂ ਤੱਕ ਹਰ ਵਰਗ ਵਿੱਚ ਪ੍ਰਭਾਵ ਰੱਖਦਾ ਹੈ। ਰਿਪੋਰਟ ਮੁਤਾਬਕ, ਆਰਐੱਸਐੱਸ ਨੇ ਭਾਰਤ ਦੀਆਂ ਸੰਸਥਾਵਾਂ ਵਿੱਚ ਡੂੰਘੀ ਜੜ੍ਹਾਂ ਜਮਾ ਲਈਆਂ ਹਨ, ਜੋ ਮੋਦੀ ਤੋਂ ਬਾਅਦ ਵੀ ਟਿਕੀਆਂ ਰਹਿਣਗੀਆਂ। ਇਸ ਦੀ ਤਾਕਤ ਉਸ ਦੇ ਸਵੈਸੇਵਕਾਂ ਵਿੱਚ ਹੈ, ਜੋ ਵਿਚਾਰਧਾਰਕ ਤੌਰ ਤੇ ਲੈਸ ਹਨ ਅਤੇ ਸਮਾਜ ਨੂੰ ਪ੍ਰਭਾਵਿਤ ਕਰਦੇ ਹਨ। ਸੰਘ ਨੂੰ ਬੈਨ ਅਤੇ ਵਿਰੋਧ ਦਾ ਸਾਹਮਣਾ ਕਰਨਾ ਪਿਆ, ਪਰ ਇਹ ਟਿਕਿਆ ਰਿਹਾ। ਇਸ ਨੇ ਸਕੂਲਾਂ, ਚੈਰੀਟੀਆਂ, ਮੰਦਿਰਾਂ ਅਤੇ ਥਿੰਕ ਟੈਂਕਾਂ ਰਾਹੀਂ ਆਪਣੀ ਪਹੁੰਚ ਵਧਾਈ ਹੈ। ਭਾਗਵਤ ਨੇ ਕਿਹਾ ਕਿ ਆਰਐੱਸਐੱਸ ਹੁਣ ਆਰਥਿਕ ਤੌਰ ਤੇ ਆਤਮਨਿਰਭਰ ਹੈ ਅਤੇ ਕਿਸੇ ਬਾਹਰੀ ਫੰਡ ਤੇ ਨਿਰਭਰ ਨਹੀਂ। ਇਸ ਦੀ ਤਾਕਤ ਉਸ ਦੇ ਲੰਮੇ ਸਮੇਂ ਦੇ ਸਮਾਜਿਕ ਏਜੰਡੇ ਵਿੱਚ ਵੀ ਹੈ, ਜੋ ਸਰਕਾਰਾਂ ਤੋਂ ਲੰਮੀ ਉਮਰ ਵਾਲਾ ਹੈ।

ਭਾਰਤੀ ਰਾਜਨੀਤੀ ਦਾ ਭਵਿੱਖ ਆਰਐੱਸਐੱਸ ਅਤੇ ਬੀਜੇਪੀ ਦੇ ਸੰਬੰਧਾਂ ਤੇ ਨਿਰਭਰ ਕਰਦਾ ਹੈ। ਰਿਪੋਰਟ ਕਹਿੰਦੀ ਹੈ ਕਿ ਆਰਐੱਸਐੱਸ ਨੇ ਭਾਰਤ ਨੂੰ ਧਰਮ ਨਿਰਪੱਖਤਾ ਤੋਂ ਦੂਰ ਕਰ ਕੇ ਹਿੰਦੂ ਭਾਈਚਾਰੇ ਨੂੰ ਫਿਰਕੂਵਾਦ ਵੱਲ ਧੱਕਿਆ ਹੈ ਅਤੇ ਇਹ ਬਦਲਾਅ ਲੰਮੇ ਸਮੇਂ ਲਈ ਹੈ। ਕਈ ਆਲੋਚਕ ਕਹਿੰਦੇ ਹਨ ਕਿ ਇਹ ਲੋਕਤੰਤਰ ਲਈ ਖਤਰਾ ਹੈ, ਕਿਉਂਕਿ ਚੋਣਾਂ ਨਹੀਂ ਬਲਕਿ ਸੰਗਠਨਾਤਮਕ ਪਕੜ ਸੱਤਾ ਨਿਰਧਾਰਿਤ ਕਰ ਰਹੀ ਹੈ। 2026-27 ਵਿੱਚ ਕਈ ਰਾਜਾਂ ਵਿੱਚ ਚੋਣਾਂ ਹਨ ਅਤੇ 2029 ਵਿੱਚ ਲੋਕ ਸਭਾ ਚੋਣਾਂ। ਬੀਜੇਪੀ ਨੂੰ ਐਂਟੀ-ਇੰਕੰਬੈਂਸੀ ਅਤੇ ਸਮਾਜਿਕ ਅਸੰਤੋਸ਼ ਦਾ ਸਾਹਮਣਾ ਕਰਨਾ ਪੈਣਾ ਹੈ। ਆਰਐੱਸਐੱਸ ਆਪਣੇ ਆਪ ਨੂੰ ਬੀਜੇਪੀ ਤੋਂ ਵੱਖ ਵਿਖਾ ਕੇ ਆਪਣੀ ਸਮਾਜਿਕ ਪ੍ਰਵਾਨਗੀ ਬਚਾਉਣਾ ਚਾਹੁੰਦੀ ਹੈ।

ਵਿਰੋਧੀ ਪਾਰਟੀਆਂ ਆਰਐੱਸਐੱਸ ਨੂੰ "ਰਿਮੋਟ ਕੰਟਰੋਲ" ਵਜੋਂ ਵੇਖਦੀਆਂ ਹਨ, ਪਰ ਭਾਗਵਤ ਨੇ ਇਸ ਨੂੰ ਖਾਰਜ ਕੀਤਾ ਹੈ। ਇਸ ਰਿਪੋਟ ਤੋਂ ਅਲੱਗ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਵਿੱਖ ਵਿੱਚ, ਜੇ ਬੀਜੇਪੀ ਹਾਰਦੀ ਹੈ ਤਾਂ ਆਰਐੱਸਐੱਸ ਨਵੇਂ ਰਾਜਨੀਤਿਕ ਢਾਂਚੇ ਬਣਾ ਸਕਦੀ ਹੈ, ਜਿਵੇਂ ਜਨਸੰਘ ਤੋਂ ਬੀਜੇਪੀ ਤੱਕ ਦਾ ਸਫਰ। ਪਰ ਇਸ ਨਾਲ ਭਾਰਤ ਵਿੱਚ ਧਰਮ ਨਿਰਪੱਖਤਾ ਅਤੇ ਘੱਟ ਗਿਣਤੀ ਅਧਿਕਾਰਾਂ ਤੇ ਪ੍ਰਭਾਵ ਪੈ ਸਕਦਾ ਹੈ। ਆਰਐੱਸਐੱਸ ਦੀ ਰੀਬ੍ਰਾਂਡਿੰਗ ਐਕਸਰਸਾਈਜ਼ ਸ਼ਹਿਰੀ ਮੱਧ ਵਰਗ ਨੂੰ ਸਾਧਣ ਲਈ ਹੈ ਅਤੇ ਇਹ ਲੰਮੇ ਸਮੇਂ ਦੀ ਵਿਚਾਰਧਾਰਕ ਲੜਾਈ ਦਾ ਹਿੱਸਾ ਹੈ। ਭਾਰਤੀ ਰਾਜਨੀਤੀ ਵਿੱਚ ਸੱਤਾ ਹੁਣ ਚੋਣਾਂ ਨਾਲ ਨਹੀਂ ਬਲਕਿ ਸੰਗਠਨਾਤਮਕ ਤਾਕਤ ਨਾਲ ਨਿਰਧਾਰਿਤ ਹੋ ਸਕਦੀ ਹੈ, ਪਰ ਇਹ ਲੋਕਤੰਤਰ ਨੂੰ ਮਜ਼ਬੂਤ ਵੀ ਬਣਾ ਸਕਦਾ ਹੈ ਜੇ ਵਿਭਿੰਨਤਾ ਨੂੰ ਬਰਕਰਾਰ ਰੱਖਿਆ ਜਾਵੇ।

ਨਿਊਯਾਰਕ ਟਾਈਮਜ਼ ਦੀ ਰਿਪੋਰਟ ਅਨੁਸਾਰ ਸੰਘ ਪਰਿਵਾਰ ਦੀ ਨੀਤੀ ਅਤੇ ਤਾਕਤ ਨੇ ਭਾਰਤੀ ਰਾਜਨੀਤੀ ਨੂੰ ਨਵਾਂ ਰੂਪ ਦਿੱਤਾ ਹੈ, ਪਰ ਇਸ ਨਾਲ ਜੁੜੇ ਵਿਵਾਦ ਵੀ ਵਧੇ ਹਨ। ਭਵਿੱਖ ਵਿੱਚ ਭਾਰਤ ਨੂੰ ਵਿਭਿੰਨਤਾ ਤੇ ਲੋਕਤੰਤਰ ਨੂੰ ਬਚਾਉਣ ਲਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ।

# ਗੋਲਡਨ ਸਟਾਰ ਮਲਕੀਤ ਸਿੰਘ ਦਾ ਸੰਗੀਤ ਦੇ ਖੇਤਰ 'ਚ 40 ਵਰ੍ਹੇ ਦਾ ਮਾਣਮੱਤਾ ਸਫ਼ਰ

**ਲੇਖਕ: ਮਨਪ੍ਰੀਤ ਸਿੰਘ ਬੱਧਨੀ ਕਲਾਂ**
ਪੰਜਾਬ ਟਾਈਮਜ਼ ਪ੍ਰਤੀਨਿੰਧ ਯੂ ਕੇ
ਫੋਨ: +447899798363
ਈ ਮੇਲ: msbadhni@yahoo.co.uk



ਇੰਗਲੈਂਡ ਪੰਜਾਬੀ ਸੰਗੀਤ ਦਾ ਹਮੇਸ਼ਾਂ ਧੁਰਾ ਰਿਹਾ ਹੈ ਅਤੇ ਇਸ ਧੁਰੇ ਦਾ ਇੱਕ ਅਜੇਹਾ ਸਿਤਾਰਾ ਹੈ ਗੋਲਡਨ ਸਟਾਰ ਮਲਕੀਤ ਸਿੰਘ ਜਿਸ ਨੇ ਪੰਜਾਬੀ ਸੰਗੀਤ ਵਿੱਚ ਅਜੇਹੀ ਛਾਪ ਛੱਡੀ ਹੈ ਕਿ ਉਸ ਦੇ ਗੀਤਾਂ ਤੋਂ ਬਿਨ੍ਹਾਂ ਜਿਵੇਂ ਪੰਜਾਬੀਆਂ ਦੇ ਵਿਆਹ ਅਧੂਰੇ ਜਿਹੇ ਲੱਗਦੇ ਹਨ। ਮਲਕੀਤ ਨੇ ਜਿੱਥੇ ਪੰਜਾਬੀ ਗੀਤਾਂ ਰਾਹੀਂ ਲੋਕਾਂ ਦਾ ਦਿਲ ਜਿੱਤਿਆ ਉੱਥੇ ਹੀ ਉਸ ਨੇ ਦਸਤਾਰ ਨੂੰ ਹਮੇਸ਼ਾਂ ਕਾਇਮ ਰੱਖਿਆ। ਦਸਤਾਰ ਪੰਜਾਬੀਆਂ ਦੇ ਸਿਰ ਦਾ ਤਾਜ਼ ਹੈ। ਪੰਜਾਬੀ ਸੰਗੀਤ ਦੀ ਦੁਨੀਆਂ ਵਿੱਚ ਦਸਤਾਰ ਨਾਲ ਕਾਮਯਾਬੀ ਦੀਆਂ ਬੁਲੰਦੀਆਂ ਤੇ ਪਹੁੰਚਣ ਵਾਲੇ ਕਲਾਕਾਰਾਂ ਦਾ ਆਪਣਾ ਹੀ ਇਤਿਹਾਸ ਹੈ, ਇਸ ਇਤਿਹਾਸ ਵਿੱਚ ਮਲਕੀਤ ਦਾ ਨਾਮ ਮੂਹਰਲੀ ਕਤਾਰ ਵਿੱਚ ਆਉਂਦਾ ਹੈ। ਇਥੇ ਹੀ ਬੱਸ ਨਹੀਂ ਮਲਕੀਤ ਉਹ ਕਲਾਕਾਰ ਵੀ ਹੈ ਜਿਸ ਨੂੰ ਉਸ ਦੇ ਅਸਲ ਨਾਮ "ਮਲਕੀਤ ਸਿੰਘ" ਨਾਲ ਹੀ ਲੋਕਾਂ ਨੇ ਪ੍ਰਵਾਨ ਕੀਤਾ ਹੈ। ਮਲਕੀਤ ਨੇ ਇਹ ਸਾਬਤ ਕੀਤਾ ਹੈ ਕਿ ਹੁਨਰ, ਮੇਹਨਤ ਅਤੇ ਲਗਨ ਨਾਲ ਸਾਦਗੀ 'ਚੋਂ ਵੀ ਚਮਕਿਆ ਜਾ ਸਕਦਾ ਹੈ। ਜਿਸ ਲਈ ਉਹ ਹਮੇਸ਼ਾਂ ਪ੍ਰਮਾਤਮਾ ਦਾ ਸ਼ੁਕਰਾਨਾ ਕਰਦਾ ਹੈ।

ਇਸ ਵਰ੍ਹੇ ਮਲਕੀਤ ਨੇ ਆਪਣੇ ਸੰਗੀਤਕ ਸਫ਼ਰ ਦੇ 40 ਸਾਲ ਪੂਰੇ ਕੀਤੇ ਹਨ। ਜਾਣੀ ਦੋ ਪੀੜੀਆਂ ਦਾ ਸਫ਼ਰ ਤੈਅ ਕਰਨਾ ਕੋਈ ਸੁਖਾਲਾ ਕੰਮ ਨਹੀਂ। ਮਲਕੀਤ ਉਹਨਾਂ ਕਲਾਕਾਰਾਂ ਵਿੱਚੋਂ ਹੈ ਜਿਸ ਨੇ ਪਿਓ ਅਤੇ ਪੁੱਤ ਦੋਵਾਂ ਦੇ ਵਿਆਹ ਤੇ ਅਖਾੜ੍ਹੇ ਲਾਏ ਹਨ।

ਜਿਲ੍ਹਾ ਜਲੰਧਰ ਦੇ ਪਿੰਡ ਹੁਸੈਨਪੁਰ ਦੇ ਜੰਮਪਲ ਮਲਕੀਤ ਸਿੰਘ ਨੇ 1983 ਵਿੱਚ ਖਾਲਸਾ ਕਾਲਿਜ ਜਲੰਧਰ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਹੋਏ ਲੋਕ ਗੀਤ ਗਾਇਨ ਮੁਕਾਬਲਿਆਂ 'ਚੋਂ ਗੋਲਡ ਮੈਡਲ ਜਿੱਤ ਕੇ ਗੋਲਡਨ ਸਟਾਰ ਹੋਣ ਦਾ ਮਾਣ ਹਾਸਿਲ ਕੀਤਾ। ਉਪਰੰਤ ਆਮ ਪੰਜਾਬੀਆਂ ਵਾਂਗ 1984 'ਚ ਯੂ ਕੇ ਆ ਕੇ ਰੋਜ਼ੀ ਰੋਟੀ ਲਈ ਦਿਨ ਰਾਤ ਮੇਹਨਤ ਕੀਤੀ। ਆਮ ਕੰਮ ਕਾਜ਼ ਦੇ ਨਾਲ ਨਾਲ ਗਾਇਕੀ ਅਤੇ ਭੰਗੜੇ ਨੂੰ ਜਾਰੀ ਰੱਖਿਆ। ਮਲਕੀਤ ਦੀ ਪਹਿਲੀ ਐਲਬਮ "ਗੁੜ ਨਾਲੋਂ ਇਸ਼ਕ ਮਿੱਠਾ" 1986 ਵਿੱਚ ਰਿਲੀਜ਼ ਹੋਈ, ਭਾਵੇਂ ਉਹ ਤੂੰਬੀ, ਢੋਲ ਅਤੇ ਹਰਮੋਨੀਅਮ ਨਾਲ ਰਿਕਾਰਡ ਕਰਕੇ ਬਹੁਤ ਹੀ ਸਾਦਗੀ ਨਾਲ ਗਾਇਕੀ ਦੇ ਸਫ਼ਰ ਦੀ ਸ਼ੁਰੂਆਤ ਸੀ। ਪਰ 1989 ਵਿੱਚ ਮਲਕੀਤ ਦੀ ਐਲਬਮ ਤੂਤਕ ਤੂਤਕ ਤੂਤੀਆਂ ਦੇ ਰਿਕਾਰਡ ਗਿਨੀਜ਼ ਬੁੱਕ ਆਫ ਰਿਕਾਰਡ ਵਿੱਚ ਜਦੋਂ ਬੋਲੇ ਤਾਂ ਹਰ ਪਾਸੇ ਮਲਕੀਤ ਮਲਕੀਤ ਹੋ ਗਈ। ਇੱਕ ਮਹੀਨੇ ਵਿੱਚ 3 ਲੱਖ ਐਲਬਮ ਵਿਕੀ।

ਮਲਕੀਤ ਸਿੰਘ ਨੇ ਫਿਲਮਾਂ ਵੱਲ ਮੁੱਖ ਤਾਂ ਕੀਤਾ, ਪਰ ਉਹਨਾਂ ਦੀ ਦਿਲਚਸਪੀ ਜਿਆਦਾ ਗਾਇਕੀ ਵੱਲ ਰਹੀ। ਕਿਉਂਕਿ ਫਿਲਮਾਂ ਵਾਲਿਆਂ



ਮਲਕੀਤ ਸਿੰਘ ਗੋਲਡਨ ਸਟਾਰ ਐਮ ਬੀ ਈ

ਵੱਲੋਂ ਦਸਤਾਰ ਦੀ ਥਾਂ ਵੈਂਬ ਪਾਉਣ ਦੀ ਪੇਸ਼ਕਸ਼ ਨੂੰ ਮਲਕੀਤ ਨੇ ਕਬੂਲਿਆ ਨਹੀਂ। ਦੁਨੀਆਂ ਦੇ 60 ਤੋਂ ਵੱਧ ਦੇਸ਼ਾਂ ਵਿੱਚ ਲਾਈਵ ਗਾਉਣ ਦਾ ਮਾਣ ਪ੍ਰਾਪਤ ਕਰਨ ਵਾਲਾ ਇਹ ਗਾਇਕ ਸੈਂਕੜੇ ਗੀਤ ਪੰਜਾਬੀਆਂ ਦੀ ਝੋਲੀ ਪਾ ਚੁੱਕਾ ਹੈ।

ਗਾਇਕੀ ਦੇ ਖੇਤਰ ਵਿੱਚ ਮਲਕੀਤ ਦੀਆਂ ਇਨ੍ਹਾਂ ਉਪਲੱਭਦੀਆਂ ਲਈ 2008 ਵਿੱਚ ਬਰਤਾਨੀਆਂ ਦੀ ਮਹਾਰਾਣੀ ਨੇ ਐਮ ਬੀ ਈ ਦੇ ਸ਼ਾਹੀ ਖਿਤਾਬ ਨਾਲ ਸਨਮਾਨਿਤ ਕੀਤਾ ਅਤੇ 2011 ਵਿੱਚ ਬ੍ਰਮਿੰਘਮ ਦੀ ਬਰੌਡ ਸਟਰੀਟ ਵਿੱਚ ਉਸ ਦੇ ਨਾਮ ਦਾ ਵਾਕ ਆਫ ਸਟਾਰ ਪੱਥਰ ਲੱਗਣਾ ਵੀ ਪੰਜਾਬੀਆਂ ਲਈ ਮਾਣ ਵਾਲੀ ਗੱਲ ਹੈ। ਮਲਕੀਤ ਨੇ ਆਪਣੇ ਗਾਇਕੀ ਦੇ ਸਫ਼ਰ ਦੌਰਾਨ ਹਰ ਵੰਨਗੀ ਨਾਲ ਲੋਕਾਂ ਦਾ ਮਨ ਮੋਹਿਆ। ਭਾਵੇਂ ਸਿੱਖ ਕੌਮ ਨੂੰ ਇਕੱਠੇ ਹੋਣ ਦਾ ਸੱਦਾ ਦਿੱਤਾ ਹੋਵੇ, ਭਾਵੇਂ ਮਾਂ ਦੇ ਹੱਥਾਂ ਦੀਆਂ ਰੋਟੀਆਂ ਖਾਣ ਦੇ ਸਵਾਦ ਦਾ ਸੁਨੇਹਾ ਦਿੱਤਾ ਹੋਵੇ। ਪੰਜਾਬ ਦੀ ਵੰਡ ਦੀ ਪੀੜਾ ਵੀ ਉਸ ਨੇ ਵਾਹਗੇ ਦੀ ਸਰਹੱਦ ਨਾਲ ਦਿੱਤਾ।


ਮਲਕੀਤ ਦੇ ਗੀਤਾਂ ਦਾ ਸਮੁੰਦਰ ਕਦੇ ਥੰਮਿਆ ਨਹੀਂ, ਆਮ ਸਮਾਗਮਾਂ ਤੋਂ ਲੈ ਕੇ ਵਿਆਹਾਂ, ਮੇਲਿਆਂ 'ਚੋਂ ਲੰਘਦਾ ਉਹ ਅੰਗਰੇਜ਼ੀ ਫਿਲਮਾਂ ਵਿੱਚ ਵੀ ਬੜੇ ਮਾਣ ਨਾਲ ਆਪਣਾ ਜਲਵਾ ਬਿਖੇਰਦਾ ਹੈ। ਬਰਤਾਨੀਆਂ ਦੀ ਮਸ਼ਹੂਰ ਪੰਜਾਬਣ ਡਾਇਰੈਕਟਰ ਗੁਰਿੰਦਰ ਚੱਡਾ ਦੀ ਨਵੀਂ ਅੰਗਰੇਜ਼ੀ ਫਿਲਮ "ਕ੍ਰਿਸਮਿਸ ਕਰਮਾਂ" ਵਿੱਚ ਮਲਕੀਤ ਦੇ ਗੀਤ ਨੇ ਗੋਰੇ ਗੋਰੀਆਂ ਨੂੰ ਵੀ ਥਿਰਕਣ ਲਾਇਆ। ਵਿਦੇਸ਼ਾਂ ਵਿੱਚ ਜਨਮੇ ਪੰਜਾਬੀ ਨੌਜਵਾਨਾਂ ਦੇ ਦਿਲਾਂ ਦੀ ਮਲਕੀਤ ਧੜਕਣ ਬਣਿਆ ਹੋਇਆ ਹੈ। ਪੰਜਾਬੀਆਂ ਦੇ ਲੱਗਭੱਗ ਹਰ ਵਿਆਹ ਵਿੱਚ ਮਲਕੀਤ ਦੇ ਗੀਤਾਂ ਨੂੰ ਮਾਣ ਮਿਲਦਾ ਹੈ, ਕਿਉਂਕਿ ਮਲਕੀਤ ਨੇ ਰਿਸ਼ਤਿਆਂ ਵਾਲੇ ਅਜੇਹੇ ਖੁਸ਼ਨੁਮਾ ਗੀਤ ਗਾਏ ਹਨ, ਜੋ ਹਰ ਪੰਜਾਬੀ ਦੀ ਜਿੰਦਗੀ ਦਾ ਹਿੱਸਾ ਹਨ।

ਮਲਕੀਤ ਨੇ 40 ਸਾਲਾਂ ਦੇ ਸਫ਼ਰ ਦੌਰਾਨ ਪੰਜਾਬੀਆਂ ਦਾ ਖੂਬ ਮਨੋਰੰਜਣ ਕੀਤਾ, ਸਾਫ ਸੁਥਰੀ ਗਾਇਕੀ ਨਾਲ ਲੋਕਾਂ ਦੇ ਦਿਲਾਂ ਤੇ ਰਾਜ ਕੀਤਾ। ਮਲਕੀਤ ਸਿੰਘ ਪੰਜਾਬੀ ਗਾਇਕੀ ਦਾ ਸਦਾ ਬਹਾਰ ਗਾਇਕ ਹੈ, ਜਿਸ ਨੇ ਹਮੇਸ਼ਾਂ ਖੁਦ ਨੂੰ ਵੀ ਆਪਣੇ ਗੀਤਾਂ ਵਾਂਗ ਸ਼ਿੰਗਾਰ ਕੇ ਰੱਖਿਆ ਹੈ।

ਰੱਬ ਕਰੇ ਹਸੂੰ ਹਸੂੰ ਕਰਦਾ ਇਹ ਗਾਇਕ ਹਮੇਸ਼ਾਂ ਆਪਣੇ ਗੀਤਾਂ ਰਾਹੀਂ ਪੰਜਾਬੀ ਸੱਭਿਆਚਾਰ ਅਤੇ ਵਿਰਾਸਤ ਨੂੰ ਕਾਇਮ ਰੱਖੇ।

## ਰਿਹਾਇਸ਼ੀ ਇਲਾਕੇ ਦੇ ਪਾਰਕ ਵਿੱਚ ਨਾਬਾਲਗ ਲੜਕੀ ਨਾਲ ਜਬਰਜਨਾਹ , ਦੋਸ਼ੀ ਨੂੰ ਕੈਦ





ਘਟਨਾ ਵਾਲੀ ਜਗ੍ਹਾ ਦੀ ਜਾਂਚ ਕਰਦੀ ਹੋਈ ਪੁਲਿਸ ਅਤੇ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਦੋਸ਼ੀ

ਲੈਸਟਰ–(ਸੁਖਜਿੰਦਰ ਸਿੰਘ ਢੱਡੇ)–ਬਰਤਾਨੀਆ ਦੇ ਸਟਾਫਰਡਸ਼ਾਇਰ ਇਲਾਕੇ ਦੇ ਇੱਕ ਸ਼ਾਂਤ ਤੇ ਹਰਿਆਲੇ ਕਸਬੇ ਵਿੱਚ ਉਸ ਵੇਲੇ ਸਨਾਟਾ ਛਾ ਗਿਆ, ਜਦੋਂ ਸਥਾਨਕ ਪਾਰਕ ਵਿੱਚ ਨਾਬਾਲਗ ਕੁੜੀ ਨਾਲ ਜ਼ਬਰਦਸਤੀ ਦੀ ਘਟਨਾ ਸਾਹਮਣੇ ਆਈ। ਇਹ ਪਾਰਕ ਰਿਹਾਇਸ਼ੀ ਘਰਾਂ ਨਾਲ ਘਿਰਿਆ ਹੋਇਆ ਹੈ, ਜਿੱਥੇ ਆਮ ਤੌਰ 'ਤੇ ਬੱਚੇ ਖੇਡਦੇ, ਬਜ਼ੁਰਗ ਸੈਰ ਕਰਦੇ ਅਤੇ ਪਰਿਵਾਰ ਸ਼ਾਮ ਨੂੰ ਆਰਾਮ ਲਈ ਆਉਂਦੇ ਹਨ।ਇਹ ਘਟਨਾ ਉਸ ਪਾਰਕ ਦੇ ਉਸ ਹਿੱਸੇ ਵਿੱਚ ਵਾਪਰੀ, ਜਿੱਥੇ ਦਰੱਖ਼ਤਾਂ ਦੀ ਘਣੀ ਛਾਂ ਅਤੇ ਥੋੜ੍ਹੀ ਇਕਾਂਤਤਾ ਰਹਿੰਦੀ ਹੈ। ਲੋਕਾਂ ਦਾ ਕਹਿਣਾ ਹੈ ਕਿ ਦਿਨ ਦੇ ਸਮੇਂ ਇਥੇ ਰੌਣਕ ਰਹਿੰਦੀ ਹੈ, ਪਰ ਸ਼ਾਮ ਢਲਦਿਆਂ ਕੁਝ ਹਿੱਸੇ ਸੁੰਨੇ ਹੋ ਜਾਂਦੇ ਹਨ। ਦੋਸ਼ੀ ਨੇ ਇਸੀ ਇਕਾਂਤ ਦਾ ਫਾਇਦਾ ਚੁੱਕ ਕੇ ਨਾਬਾਲਗ ਕੁੜੀ ਨਾਲ ਘਿਨੌਣਾ ਜੁਰਮ ਕੀਤਾ।ਘਟਨਾ ਤੋਂ ਬਾਅਦ ਜਦੋਂ ਕੁੜੀ ਨੇ ਹਿੰਮਤ ਕਰਕੇ ਪਰਿਵਾਰ ਨੂੰ ਸਾਰੀ ਗੱਲ ਦੱਸੀ ਤਾਂ ਪੁਲਿਸ ਨੂੰ ਤੁਰੰਤ ਸੂਚਿਤ ਕੀਤਾ ਗਿਆ। ਕੁਝ ਹੀ ਸਮੇਂ ਵਿੱਚ ਪੁਲਿਸ ਨੇ ਪਾਰਕ ਅਤੇ ਆਲੇ–ਦੁਆਲੇ ਦੇ ਇਲਾਕੇ ਨੂੰ ਘੇਰ ਲਿਆ। ਪਾਰਕ ਦੇ ਦਰਵਾਜ਼ਿਆਂ 'ਤੇ ਪੁਲਿਸ ਦੀ ਮੌਜੂਦਗੀ ਅਤੇ ਜਾਂਚ ਕਾਰਵਾਈ ਕਾਰਨ ਸਥਾਨਕ ਲੋਕਾਂ ਵਿੱਚ ਡਰ ਅਤੇ ਗੁੱਸਾ ਦੋਵੇਂ ਵੇਖਣ ਨੂੰ ਮਿਲੇ।ਅਦਾਲਤ ਵਿੱਚ ਸੁਣਵਾਈ ਦੌਰਾਨ ਸਾਬਤ ਹੋਇਆ ਕਿ ਦੋਸ਼ੀ ਨੇ ਸੋਚ–ਸਮਝ ਕੇ ਇਸ ਜਗ੍ਹਾ ਨੂੰ ਚੁਣਿਆ ਸੀ। ਅਦਾਲਤ ਨੇ ਕਿਹਾ ਕਿ ਅਜਿਹੇ ਪਾਰਕ, ਜੋ ਲੋਕਾਂ ਲਈ ਸੁਖ ਅਤੇ ਸੁਰੱਖਿਆ ਦੀ ਥਾਂ ਹੁੰਦੇ ਹਨ, ਉਨ੍ਹਾਂ ਨੂੰ ਜੁਰਮ ਦੀ ਥਾਂ ਬਣਾਉਣਾ ਬਹੁਤ ਗੰਭੀਰ ਗੱਲ ਹੈ। ਇਸ 'ਤੇ ਅਦਾਲਤ ਨੇ ਦੋਸ਼ੀ ਨੂੰ ਸਖ਼ਤ ਕੈਦ ਦੀ ਸਜ਼ਾ ਸੁਣਾਈ।ਇਲਾਕੇ ਦੇ ਵਸਨੀਕਾਂ ਨੇ ਦੱਸਿਆ ਕਿ ਇਹ ਪਾਰਕ ਕਸਬੇ ਦੀ ਜਾਨ ਮੰਨਿਆ ਜਾਂਦਾ ਸੀ, ਪਰ ਇਸ ਘਟਨਾ ਤੋਂ ਬਾਅਦ ਮਾਪੇ ਆਪਣੇ ਬੱਚਿਆਂ ਨੂੰ ਇਕੱਲਾ ਭੇਜਣ ਤੋਂ ਡਰ ਰਹੇ ਹਨ। ਲੋਕਾਂ ਨੇ ਮੰਗ ਕੀਤੀ ਹੈ ਕਿ ਪਾਰਕ ਵਿੱਚ ਰੋਸ਼ਨੀ, ਗਸ਼ਤ ਅਤੇ ਨਿਗਰਾਨੀ ਦੇ ਪ੍ਰਬੰਧ ਮਜ਼ਬੂਤ ਕੀਤੇ ਜਾਣ।ਪੁਲਿਸ ਵੱਲੋਂ ਕਿਹਾ ਗਿਆ ਹੈ ਕਿ ਪੀੜਤ ਕੁੜੀ ਅਤੇ ਉਸ ਦੇ ਪਰਿਵਾਰ ਨੂੰ ਹਰ ਤਰ੍ਹਾਂ ਦੀ ਮਦਦ ਦਿੱਤੀ ਜਾ ਰਹੀ ਹੈ। ਨਾਲ ਹੀ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇ ਕਿਤੇ ਵੀ ਸ਼ੱਕੀ ਹਰਕਤ ਨਜ਼ਰ ਆਏ ਤਾਂ ਬਿਨਾਂ ਦੇਰੀ ਪੁਲਿਸ ਨੂੰ ਸੂਚਿਤ ਕੀਤਾ ਜਾਵੇ।ਇਹ ਘਟਨਾ ਇੱਕ ਵਾਰ ਫਿਰ ਦੱਸਦੀ ਹੈ ਕਿ ਸ਼ਾਂਤ ਦਿੱਖ ਵਾਲੀਆਂ ਥਾਵਾਂ 'ਤੇ ਵੀ ਚੌਕਸੀ ਬਰਤਣੀ ਕਿੰਨੀ ਜ਼ਰੂਰੀ ਹੈ, ਤਾਂ


## ਗੁਰੂ ਨਾਨਕ ਗੁਰਦੁਆਰਾ, ਵਿਲਨਹਾਲ ਵਿਖੇ ਤਿੰਨ ਧਾਰਮਿਕ ਸੇਵਾਦਾਰਾਂ ਦੀ ਲੋੜ

**ਮੁੱਖ ਕੰਮ :– ਉਹਨਾਂ ਦੀ ਡਿਊਟੀ ਵਿੱਚ ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ ਅਤੇ ਸੁਖਮਨੀ ਸਾਹਿਬ ਦਾ ਪਾਠ ਕਰਨਾ, ਤਬਲਾ ਵਜਾਉਣਾ ਅਤੇ ਗੁਰੂ ਘਰ ਵਿਖੇ ਜ਼ਰੂਰੀ ਸੇਵਾਵਾਂ।**

**ਅਰਜ਼ੀਕਰਤਾ ਸੇਵਾਦਾਰ ਗੁਰਮਤਿ ਰਹਿਤ ਮਰਯਾਦਾ ਦੇ ਪੂਰਨ ਧਾਰਨੀ ਹੋਣ। ਉਹ ਹਰ ਮੌਕੇ ਦੇ ਮੁਤਾਬਕ ਕੀਰਤਨ ਕਰਨ ਦੇ ਯੋਗ ਹੋਣ, ਜੋ ਹਰਮੋਨੀਅਮ ਤੇ ਤਬਲਾ ਵਜਾਉਣਾ ਜਾਣਦੇ ਹੋਣ। ਧਾਰਮਿਕ ਅਤੇ ਸਮਾਜਿਕ ਖਾਸ ਮੌਕਿਆਂ ਤੇ ਸਾਰੇ ਧਾਰਮਿਕ ਕਾਰਜਾਂ ਸਬੰਧੀ ਸੇਵਾਵਾਂ ਨਿਭਾਉਣ ਦੇ ਯੋਗ ਹੋਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸ਼ੁੱਧ ਪਾਠ ਕਰਨ ਦਾ ਅਭਿਆਸ ਹੋਣਾ ਜ਼ਰੂਰੀ ਹੈ। ਗੁਰਦੁਆਰਾ ਸਾਹਿਬ ਵਿਖੇ ਸੇਵਾ ਕਰਨ ਦਾ ਸੋਹਣਾ ਤਜ਼ਰਬਾ ਹੋਣਾ ਜ਼ਰੂਰੀ ਹੈ। ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਵਧੀਆ ਤਨਖਾਹ, ਰਿਹਾਇਸ਼ ਅਤੇ ਹੋਰ ਸਹੂਲਤਾਂ ਦਾ ਪ੍ਰਬੰਧ ਹੈ।**

**ਅਰਜ਼ੀ ਦੇਣ ਦੀ ਆਖਰੀ ਤਾਰੀਕ : 6 ਫਰਵਰੀ 2026**
**ਅਰਜ਼ੀ ਦੇਣ ਵਾਸਤੇ ਜਾਂ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**
**ਭਾਈ ਸੁਤੰਤਰ ਸਿੰਘ – 01902 605286**

## 3 Vacancies for (Tier - 5) Religious workers @ Guru Nanak Gurdwara Willenhall

**Main Duties:** Performing Kirtan (Hymn Singing), Nitnem, Sukhmani Sahib Paath, Kirtan in Morning and Evening.

Applicants must be of high charactor and abide by Gurmat Rehat Maryada (Sikh code of conduct). Should be able to perform on the Harmonium / Tabla and must have the relevant skills to perform Kirtan, to read correct Gurbani of Sri Guru Granth Sahib Ji and recite prayers on all religious and social occasions.

Wages will be in line with UK Employment Law. Benefits include full board and lodgings.

***Closing Date: 6 February 2026***

**For more Information or to apply, please contact:**
**Bhai Sutantar Singh on 01902 605286.**
**Interested applicants To send CV - admin@gngw.org**

**GURU NANAK GURDWARA, WILLENHALL**

**65-67 Walsall Road, Willenhall, WV13 2RD**

# ਗੈਂਗਸਟਰਾਂ ਤੋਂ ਤੰਗ ਆਏ ਵਪਾਰੀ ਨਿੱਜੀ ਸੁਰੱਖਿਆ ਗਾਰਡ ਰੱਖਣ ਲੱਗੇ

ਤਰਨ ਤਾਰਨ-ਪੰਜਾਬ 'ਚ ਨਿੱਤ ਫਿਰੌਤੀ, ਲੁੱਟ-ਖੋਹ ਅਤੇ ਹੱਤਿਆਵਾਂ ਦੀਆਂ ਘਟਨਾਵਾਂ ਤੋਂ ਹੁਣ ਦੁਕਾਨਦਾਰ ਤੇ ਵਪਾਰੀ ਹੀ ਨਹੀਂ, ਸਗੋਂ ਆਮ ਲੋਕ ਵੀ ਪ੍ਰੇਸ਼ਾਨ ਹੋ ਚੁੱਕੇ ਹਨ। ਸਰਕਾਰ ਤੋਂ ਉਨ੍ਹਾਂ ਸੁਰੱਖਿਆ ਦੀ ਉਮੀਦ ਛੱਡ ਕੇ 'ਨਿੱਜੀ ਇੰਤਜ਼ਾਮ' ਕਰਨ ਨੂੰ ਤਰਜੀਹ ਦਿੱਤੀ ਹੈ। ਇਥੋਂ ਤੱਕ ਜੇ ਆਪਣੀ ਸੁਰੱਖਿਆ ਲਈ ਉਹ ਅਸਲਾ ਲਾਇਸੈਂਸ ਬਣਵਾਉਣ ਲਈ ਪ੍ਰਸ਼ਾਸਨ ਦੇ ਦਰ 'ਤੇ ਜਾਂਦੇ ਹਨ ਤਾਂ ਸਿਵਾਏ 'ਪ੍ਰੇਸ਼ਾਨੀ' ਦੇ ਉਨ੍ਹਾਂ ਦੇ ਪੱਲੇ ਕੁਝ ਨਹੀਂ ਪੈਂਦਾ।

ਜ਼ਿਲ੍ਹੇ ਦੇ ਵਲਟੋਹਾ ਸੰਧੂਆਂ ਪਿੰਡ ਦੇ ਸਰਪੰਚ ਜਰਮਲ ਸਿੰਘ ਦੀ ਗੈਂਗਸਟਰਾਂ ਵਲੋਂ ਗੋਲੀਆਂ ਮਾਰ ਕੇ ਕੀਤੀ ਹੱਤਿਆ ਨੇ ਸਮੁੱਚੇ ਜ਼ਿਲ੍ਹੇ ਦੇ ਆਮ ਲੋਕਾਂ ਅਤੇ ਖਾਸ ਕਰਕੇ ਕਾਰੋਬਾਰੀਆਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਦਿੱਤੀ ਹੈ। ਜਰਮਲ ਸਿੰਘ ਨੂੰ ਗੈਂਗਸਟਰਾਂ ਵਲੋਂ ਲਗਾਤਾਰ ਧਮਕੀਆਂ ਮਿਲ ਰਹੀਆਂ ਸਨ, ਜਿਸ ਮਗਰੋਂ ਉਸ ਦੀ ਅੰਮ੍ਰਿਤਸਰ ਦੇ ਮੈਰਿਜ ਪੈਲੇਸ ਵਿੱਚ ਵਿਆਹ 'ਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਸ ਦੇ ਨਾਲ ਹੀ ਜ਼ਿਲ੍ਹੇ ਦਾ ਕੋਈ ਇਕ ਅੱਧਾ ਪਿੰਡ ਹੀ ਅਜਿਹਾ ਹੋਵੇਗਾ, ਜਿਸ ਦੇ ਸਰਦੇ-ਪੁੱਜਦੇ ਪਰਿਵਾਰਾਂ ਨੂੰ ਗੈਂਗਸਟਰਾਂ ਨੇ ਧਮਕੀ ਦੇ ਕੇ ਲੱਖਾਂ ਰੁਪਏ ਦੀ ਫ਼ਿਰੌਤੀ ਨਾ ਵਸੂਲੀ ਹੋਵੇ।

ਪੱਟੀ ਸ਼ਹਿਰ ਤੋਂ ਇਲਾਵਾ ਸਰਹੱਦੀ ਖੇਤਰ ਤੋਂ ਅਨੇਕਾਂ ਪਿੰਡਾਂ ਕਸਬਿਆਂ ਤੋਂ ਵੱਡੀ ਗਿਣਤੀ ਲੋਕ ਸੁਰੱਖਿਅਤ ਥਾਵਾਂ ਨੂੰ ਵੀ ਪਰਵਾਸ ਕਰ ਗਏ ਹਨ। ਤਿੰਨ ਸਾਲ ਪਹਿਲਾਂ ਚਿੱਟੇ ਦਿਨ



ਕਸਬਾ ਚੋਹਲਾ ਸਾਹਿਬ ਦੇ ਦੁਕਾਨਦਾਰਾਂ 'ਤੇ ਗੋਲੀਆਂ ਚਲਾ ਦਿੱਤੀਆਂ ਗਈਆਂ ਸਨ ਅਤੇ ਇਸ ਘਟਨਾ ਤੋਂ ਬਾਅਦ ਲਗਾਤਾਰ ਕਸਬੇ ਦੇ ਕਾਰੋਬਾਰੀਆਂ ਤੋਂ ਫਿਰੌਤੀਆਂ ਦੇ ਨਾਂ 'ਤੇ ਲੱਖਾਂ ਰੁਪਏ ਦੀ ਮੰਗ ਕੀਤੀ ਜਾਣ ਲੱਗੀ। ਦੁਕਾਨਦਾਰਾਂ ਨੇ ਇਸ ਸਬੰਧੀ ਪੁਲੀਸ ਨੂੰ ਸੂਚਿਤ ਵੀ ਕੀਤਾ। ਚੋਹਲਾ ਸਾਹਿਬ ਕਸਬੇ ਅੰਦਰ ਤਾਂ ਲਖਬੀਰ ਸਿੰਘ ਲੰਡਾ ਸਮੇਤ ਹੋਰ ਗੈਂਗਸਟਰਾਂ ਵਲੋਂ ਇਲਾਕੇ ਅੰਦਰ ਸ਼ਰ੍ਹੇਆਮ ਵਾਰਦਾਤਾਂ ਕੀਤੀਆਂ ਜਾ ਰਹੀਆਂ ਹਨ। ਕਸਬੇ 'ਚ 400 ਦੇ ਕਰੀਬ ਦੁਕਾਨਦਾਰਾਂ ਨੇ ਪੁਲੀਸ ਤੋਂ ਕੋਈ ਉਮੀਦ ਛੱਡ ਕੇ ਬੀਤੇ ਕਈ ਸਾਲਾਂ ਤੋਂ ਆਪਣੀ ਸੁਰੱਖਿਆ ਲਈ ਗੰਨਮੈਨ ਰੱਖ ਲਏ ਹਨ, ਜਿਨ੍ਹਾਂ ਨੂੰ ਉਹ ਮਹੀਨੇ ਦਾ ਖੁਦ ਭੁਗਤਾਨ ਕਰਦੇ ਹਨ। ਕਸਬੇ ਦੇ ਦੁਕਾਨਦਾਰ ਲਖਵਿੰਦਰ ਪਾਲ, ਰਾਕੇਸ਼ ਕੁਮਾਰ ਸਮੇਤ ਹੋਰ ਕਈ ਦੁਕਾਨਦਾਰਾਂ ਨੇ ਅੱਜ ਇਥੇ ਦੱਸਿਆ ਕਿ ਉਨ੍ਹਾਂ ਨੂੰ ਗੈਂਗਸਟਰਾਂ ਵਲੋਂ ਫ਼ਿਰੌਤੀ ਲਈ ਧਮਕੀਆਂ ਮਿਲ ਚੁੱਕੀਆਂ ਹਨ।ਉਨ੍ਹਾਂ ਪੁਲੀਸ ਨੂੰ ਜਾਣਕਾਰੀ ਵੀ ਦਿੱਤੀ ਹੈ। ਉਨ੍ਹਾਂ ਨੇ ਨਿਯਮਾਂ ਅਧੀਨ ਅਸਲੇ ਦੇ ਲਾਈਸੈਂਸ ਬਣਾਉਣ ਲਈ ਆਪਣੇ ਦਸਤਾਵੇਜ਼ ਲੋੜੀਂਦੀ ਕਾਰਵਾਈ ਕਰਨ ਉਪਰੰਤ ਫਾਈਲ 12 ਅਗਸਤ, 2024 ਦੀ ਡਿਪਟੀ ਕਮਿਸ਼ਨਰ ਦੇ ਦਫਤਰ ਜਮ੍ਹਾਂ ਕਾਰਵਾਈ ਹੋਈ ਹੈ।

ਡਿਪਟੀ ਕਮਿਸ਼ਨਰ ਰਾਹੁਲ ਨੇ ਨਾ ਤਾਂ ਮੋਬਾਈਲ 'ਤੇ ਕਾਲ ਦਾ ਜਵਾਬ ਦਿੱਤਾ ਅਤੇ ਨਾ ਹੀ ਉਨ੍ਹਾਂ ਵੱਟਸਐਪ ਤੇ ਭੇਜੇ ਸੁਨੇਹੇ ਅਤੇ ਵਾਈਸ ਕਾਲ ਦਾ ਜਵਾਬ ਦਿੱਤਾ। ਇਹ ਵਰਤਾਰਾ ਇਕੱਲੇ ਚੋਹਲਾ ਸਾਹਿਬ ਦੇ ਹੀ ਦੁਕਾਨਦਾਰਾਂ ਦਾ ਨਹੀਂ ਬਲਕਿ ਸਾਰੇ ਜ਼ਿਲ੍ਹੇ ਦੇ ਉਨ੍ਹਾਂ ਵਪਾਰੀਆਂ ਦਾ ਹੈ ਜਿਹੜੇ ਆਪਣੀ ਸੁਰੱਖਿਆ ਲਈ ਅਸਲੇ ਦੇ ਲਾਇਸੈਂਸ ਬਣਾਉਣ ਲਈ ਸਾਲਾਂ ਤੋਂ ਚੱਕਰ ਮਾਰਦੇ ਆ ਰਹੇ ਹਨ। ਵਪਾਰੀਆਂ ਨੇ ਮੰਗ ਕੀਤੀ ਹੈ ਕਿ ਪਿੰਡਾਂ ਤੇ ਕਸਬਿਆਂ ਵਿੱਚ ਸੁਰੱਖਿਆ ਦੇ ਲੋੜੀਂਦੇ ਬੰਦੋਬਸਤ ਕੀਤੇ ਜਾਣੇ ਚਾਹੀਦੇ ਹਨ। ਥਾਣਾ ਮੁਖੀ ਸਬ ਇੰਸਪੈਕਟਰ ਰਾਜ ਕੁਮਾਰ ਨੇ ਕਿਹਾ ਕਿ ਉਹ ਕਸਬੇ ਦੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਮਝਦੇ ਹਨ। ਉਹ ਜਿਥੇ ਲੋਕਾਂ ਵੱਲੋਂ ਨਿੱਜੀ ਤੌਰ 'ਤੇ ਲਗਾਏ ਸੁਰੱਖਿਆ ਗਾਰਡਾਂ ਤੋਂ ਸਹਿਯੋਗ ਦੀ ਉਮੀਦ ਕਰਨਗੇ, ਉਥੇ ਖੁਦ ਵੀ ਲੋਕਾਂ ਦੀ ਰੱਖਿਆ ਕਰਨ ਵਾਸਤੇ ਰਾਤ ਦਿਨ ਚੌਕਸ ਰਹਿਣਗੇ।

## ਕਰਾਈਮ ਨਿਊਜ਼

### ਬਿਸ਼ਨੋਈ ਗੈਂਗ ਦਾ ਅਹਿਮ ਮੈਂਬਰ ਅਮਰੀਕਾ ਨੇ ਕੀਤਾ ਡਿਪੋਰਟ-ਦਿੱਲੀ ਹਵਾਈ ਅੱਡੇ 'ਤੇ ਗ੍ਰਿਫ਼ਤਾਰ



ਨਵੀਂ ਦਿੱਲੀ-ਲਾਰੈਂਸ ਬਿਸ਼ਨੋਈ ਗੈਂਗ ਦੇ ਇਕ ਅਹਿਮ ਮੈਂਬਰ ਅਮਨ ਭੈਂਸਵਾਲ, ਜਿਸ ਦੇ ਖ਼ਿਲਾਫ਼ ਇੰਟਰਪੋਲ ਰੈੱਡ ਨੋਟਿਸ ਜਾਰੀ ਕੀਤਾ ਸੀ, ਨੂੰ ਬੀਤੇ ਦਿਨੀਂ ਸੀ.ਬੀ.ਆਈ. ਵਲੋਂ ਤਾਲਮੇਲ ਕੀਤੇ ਗਏ ਇਕ ਆਪ੍ਰੇਸ਼ਨ ਵਿਚ ਅਮਰੀਕਾ ਤੋਂ ਵਾਪਸ ਲਿਆਂਦਾ ਗਿਆ। ਹਰਿਆਣਾ ਪੁਲਿਸ ਨੂੰ ਲੋੜੀਂਦਾ, ਭੈਂਸਵਾਲ 'ਤੇ ਕਤਲ, ਦੰਗੇ ਅਤੇ ਅਪਰਾਧਿਕ ਸਾਜਿਸ਼ ਨਾਲ ਸੰਬੰਧਿਤ ਅਪਰਾਧਾਂ ਦੇ ਦੋਸ਼ ਹਨ। ਸੀ.ਬੀ.ਆਈ. ਨੇ ਹਰਿਆਣਾ ਪੁਲਿਸ ਦੀ ਬੇਨਤੀ 'ਤੇ ਭੈਂਸਵਾਲ ਵਿਰੁੱਧ ਇੰਟਰਪੋਲ ਰੈੱਡ ਨੋਟਿਸ ਜਾਰੀ ਕਰਵਾਇਆ ਸੀ। ਸੀ.ਬੀ.ਆਈ. ਦੇ ਬੁਲਾਰੇ ਨੇ ਇਕ ਬਿਆਨ 'ਚ ਕਿਹਾ ਕਿ ਮੁਲਜ਼ਮ ਇਕ ਬਦਨਾਮ ਅਪਰਾਧੀ ਹੈ ਤੇ ਇਕ ਸੰਗਠਿਤ ਅਪਰਾਧੀ ਗਰੋਹ, ਅਰਥਾਤ ਲਾਰੈਂਸ ਬਿਸ਼ਨੋਈ ਗੈਂਗ ਦਾ ਅਹਿਮ ਮੈਂਬਰ ਹੈ।

## ਫ਼ਿਰੋਜ਼ਪੁਰ ਵਿਖੇ ਸੈਲੂਨ ਮਾਲਕ ਵਲੋਂ ਪਤਨੀ ਤੇ 2 ਧੀਆਂ ਨੂੰ ਗੋਲੀ ਮਾਰਨ ਪਿੱਛੋਂ ਕੀਤੀ ਆਤਮਹੱਤਿਆ



ਫਿਰੋਜ਼ਪੁਰ-ਫਿਰੋਜ਼ਪੁਰ ਸ਼ਹਿਰ ਦੇ ਗੁਰਦੁਆਰਾ ਰਾਮ ਲਾਲ ਦੇ ਪਿੱਛੇ ਹਰਮਨ ਨਗਰ ਵਿਖੇ ਮਾਹੀ ਸੈਲੂਨ ਮਾਲਕ ਨੇ ਆਪਣੀ ਪਤਨੀ ਅਤੇ ਦੋ ਬੱਚਿਆਂ ਨੂੰ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ ਹੈ। ਮਿਰਤਕਾਂ ਦੀ ਪਛਾਣ ਅਮਨਦੀਪ ਸਿੰਘ ਉਰਫ਼ ਮਾਹੀ, ਪਤਨੀ ਜਸਵੀਰ ਕੌਰ, ਦੋ ਬੱਚੀਆਂ ਤਨਵੀਰ ਕੌਰ ਅਤੇ ਪ੍ਰਨੀਤ ਕੌਰ ਵਜੋਂ ਹੋਈ ਹੈ ਮਿਰਤਕ ਪਰਿਵਾਰ ਦੇ ਗੁਆਂਢ ਰਹਿੰਦੇ ਕਰਨਵੀਰ ਸਿੰਘ ਨੇ ਦੱਸਿਆ ਹੈ ਕਿ ਸਵੇਰੇ ਜਦੋਂ ਘਰ ਦੀ ਸਫ਼ਾਈ ਕਰਨ ਵਾਲੀ ਆਈ ਤਾਂ ਉਨ੍ਹਾਂ ਨੇ ਦਰਵਾਜ਼ਾ ਨਹੀਂ ਖੋਲਿਆ। ਜਿਸ ਤੋਂ ਬਾਅਦ ਮੈਂ ਅਤੇ ਮੇਰੀ ਪਤਨੀ ਨੇ ਜਾ ਕੇ ਦਰਵਾਜ਼ਾ ਧੱਕੇ ਨਾਲ ਖੋਲ੍ਹ ਕੇ ਦੇਖਿਆ ਕਿ ਉਨ੍ਹਾਂ ਸਾਰਿਆਂ ਦੀ ਗੋਲੀਆਂ ਲੱਗਣ ਨਾਲ ਮੌਤ ਹੋ ਚੁੱਕੀ ਸੀ, ਜਿਸ ਦੀ ਸੂਚਨਾ ਪੁਲਿਸ ਨੂੰ ਦਿੱਤੀ ਗਈ। ਇਸ ਸੰਬੰਧੀ ਐਸ.ਐਸ.ਪੀ. ਭੁਪਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਘਟਨਾ ਪਿੱਛੇ ਕਾਰਨਾਂ ਦਾ ਅਜੇ ਕੁਝ ਪਤਾ ਨਹੀਂ ਲੱਗਾ। ਮ੍ਰਿਤਕਾਂ ਨੂੰ ਸਿਵਲ ਹਸਪਤਾਲ ਵਿਚ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ।

## ਕੰਗਣਾ ਰਣੌਤ ਨੂੰ ਅਦਾਲਤ ਨੇ ਦਿੱਤਾ ਝਟਕਾ

### ਨਿੱਜੀ ਪੇਸ਼ੀ ਤੋਂ ਛੋਟ ਦੀ ਅਰਜ਼ੀ ਹੋਈ ਰੱਦ



ਬਠਿੰਡਾ-ਕਿਸਾਨ ਔਰਤਾਂ ਪ੍ਰਤੀ ਇਤਰਾਜ਼ਯੋਗ ਟਿੱਪਣੀ ਕਰਨ ਦੇ ਮਾਮਲੇ ਵਿਚ ਮਾਣਹਾਨੀ ਕੇਸ ਦਾ ਸਾਹਮਣਾ ਕਰ ਰਹੀ ਬਾਲੀਵੁੱਡ ਅਦਾਕਾਰਾ ਤੇ ਭਾਜਪਾ ਦੀ ਸੰਸਦ ਮੈਂਬਰ ਕੰਗਣਾ ਰਣੌਤ ਨੂੰ ਬਠਿੰਡਾ ਅਦਾਲਤ ਨੇ ਵੱਡਾ ਝਟਕਾ ਦਿੰਦਿਆਂ ਉਸ ਦੀ ਨਿੱਜੀ ਪੇਸ਼ੀ ਤੋਂ ਛੋਟ ਦੇਣ ਦੀ ਅਰਜ਼ੀ ਨੂੰ ਰੱਦ ਕਰ ਦਿੱਤਾ ਹੈ, ਜਿਸ ਕਾਰਨ ਕੰਗਣਾ ਦੀਆਂ ਮੁਸਕਿਲਾਂ ਹੋਰ ਵਧ ਸਕਦੀਆਂ ਹਨ। ਕੰਗਣਾ ਖ਼ਿਲਾਫ਼ ਮਾਣਹਾਨੀ ਕੇਸ ਦਰਜ ਕਰਵਾਉਣ ਵਾਲੀ ਬਠਿੰਡਾ ਦੇ ਪਿੰਡ ਬਹਾਦਰਗੜ੍ਹ ਜੰਡੀਆਂ ਦੀ ਬਜ਼ੁਰਗ ਕਿਸਾਨ ਔਰਤ ਮਾਤਾ ਮਹਿੰਦਰ ਕੌਰ ਦੇ ਵਕੀਲ ਰਘਵੀਰ ਸਿੰਘ ਬਹਿਨੀਵਾਲ ਨੇ ਦੱਸਿਆ ਕਿ ਇਸ ਮਾਮਲੇ ਵਿਚ ਕੰਗਣਾ ਰਣੌਤ ਪਿਛਲੇ ਪੰਜ ਸਾਲਾਂ ਦੀ ਅਦਾਲਤੀ ਲੜਾਈ ਦੌਰਾਨ ਪਿਛਲੇ ਸਾਲ ਅਕਤੂਬਰ ਮਹੀਨੇ ਵਿਚ ਪਹਿਲੀ ਵਾਰ ਨਿੱਜੀ ਤੌਰ 'ਤੇ ਅਦਾਲਤ ਵਿਚ ਪੇਸ਼ ਹੋਈ ਸੀ ਅਤੇ ਉਸ ਤੋਂ ਬਾਅਦ ਲਗਾਤਾਰ ਅਦਾਲਤ ਵਿਚ ਅਰਜ਼ੀਆਂ ਦਾਖਲ ਕਰਕੇ ਨਿੱਜੀ ਪੇਸ਼ੀ ਤੋਂ ਛੋਟ ਮੰਗ ਰਹੀ ਸੀ। ਉਸ ਨੇ ਬੀਤੇ ਦਿਨ ਵੀ ਆਪਣੇ ਵਕੀਲ ਰਾਹੀਂ ਨਿੱਜੀ ਪੇਸ਼ੀ ਤੋਂ ਛੋਟ ਲੈਣ ਲਈ ਅਦਾਲਤ ਵਿਚ ਅਰਜ਼ੀ ਦਾਖਲ ਕੀਤੀ ਸੀ, ਜਿਸ ਦਾ ਉਨ੍ਹਾਂ ਨੇ ਵਿਰੋਧ ਕੀਤਾ ਸੀ ਤੇ ਹੁਣ ਅਦਾਲਤ ਨੇ ਕੰਗਣਾ ਦੀ ਉਕਤ ਅਰਜ਼ੀ ਰੱਦ ਕਰ ਦਿੱਤੀ ਹੈ।

## ਖ਼ਾਲਿਸਤਾਨ ਕਮਾਂਡੋ ਫੋਰਸ ਨਾਲ ਜੁੜੇ ਦੋ ਵਿਅਕਤੀ ਪਿਸਤੌਲ ਸਮੇਤ ਪੁਲਿਸ ਨੇ ਫੜੇ

ਲੁਧਿਆਣ-ਸਟੇਟ ਸਪੈਸ਼ਲ ਆਪ੍ਰੇਸ਼ਨ ਸੈਲ ਅਤੇ ਕਾਊਂਟਰ ਇੰਟੈਲੀਜੈਂਸ ਲੁਧਿਆਣਾ ਨੇ ਸਾਂਝੀ ਕਾਰਵਾਈ ਕਰਦਿਆਂ ਵਿਦੇਸ਼ੀ ਹੈਂਡਲਰਾਂ ਦੇ ਹੁਕਮਾਂ 'ਤੇ ਮਿੱਥ ਕੇ ਹੱਤਿਆ ਦੀ ਘਟਨਾ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੇ ਲੁਧਿਆਣਾ ਦੇ ਦੋ ਕਥਿਤ ਮੁਲਜ਼ਮਾਂ ਕਰਨਬੀਰ ਸਿੰਘ ਵਾਸੀ ਹੈਬੋਵਾਲ ਕਲਾਂ, ਲੁਧਿਆਣਾ ਅਤੇ ਅਵਤਾਰ ਸਿੰਘ ਵਾਸੀ ਨਿਊ ਸ਼ਿਮਲਾਪੁਰੀ, ਮਿੱਲਰ ਗੰਜ, ਲੁਧਿਆਣਾ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿਚੋਂ ਇਕ 9 ਐਮ.ਐਮ. ਪਿਸਤੌਲ ਸਮੇਤ ਪੰਜ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗਨਰਵ ਯਾਦਵ ਨੇ ਦਿੱਤੀ। ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਕਥਿਤ ਮੁਲਜ਼ਮ ਖ਼ਾਲਿਸਤਾਨ ਕਮਾਂਡੋ ਫੋਰਸ (ਕੇ.ਸੀ.ਐਫ.) ਨਾਲ ਜੁੜੇ ਯੂ.ਕੇ. ਅਤੇ ਜਰਮਨੀ ਆਧਾਰਤ ਹੈਂਡਲਰਾਂ ਦੇ ਸੰਪਰਕ ਵਿਚ ਸਨ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਕਥਿਤ ਮੁਲਜ਼ਮਾਂ ਲੁਧਿਆਣਾ ਵਿਚ ਸਰਕਾਰੀ ਅਤੇ ਪ੍ਰਮੁੱਖ ਦਫ਼ਤਰਾਂ ਦੀ ਰੇਕੀ ਕੀਤੀ ਸੀ।

## ਪੰਜਾਬ ਵਿੱਚ ਵੱਖ-ਵੱਖ ਅਦਾਲਤਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਮੋਗਾ/ਫਿਰੋਜ਼ਪੁਰ-ਮੋਗਾ ਅਤੇ ਫਿਰੋਜ਼ਪੁਰ ਵਿੱਚ ਅਦਾਲਤ ਨੂੰ ਬੰਬ ਦੀ ਧਮਕੀ ਮਿਲਣ ਦੀ ਖ਼ਬਰ ਤੋਂ ਬਾਅਦ ਪ੍ਰਸ਼ਾਸਨ ਚੌਕਸ ਹੋ ਗਿਆ ਹੈ। ਫਿਰੋਜ਼ਪੁਰ ਵਿੱਚ ਪ੍ਰਸ਼ਾਸਨ ਵੱਲੋਂ ਬੰਬ ਦੀ ਖਬਰ ਕਾਰਨ ਕਚਿਹਰੀ ਦੇ ਸਾਰੇ ਗੇਟ ਬੰਦ ਕਰਵਾਏ ਗਏ। ਕਚਿਹਰੀ ਬੰਦ ਕੀਤੇ ਜਾਣ ਦੀ ਹੁਕਮ ਜਾਰੀ ਕੀਤੇ ਗਏ ਸਨ। ਉਧਰ ਮੋਗਾ ਅਦਾਲਤ ਨੂੰ ਵੀ ਕਥਿਤ ਤੌਰ 'ਤੇ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਜਿਸ ਕਾਰਨ ਸਥਾਨਕ ਅਦਾਲਤ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਹੈ। ਇਸ ਤੋਂ ਬਾਅਦ ਜ਼ਿਲ੍ਹਾਂ ਅਦਾਲਤ ਨੂੰ ਖਾਲੀ ਕਰਵਾ ਲਿਆ ਗਿਆ ਅਤੇ ਅਦਾਲਤ ਨਾਲ ਜੁੜੀਆਂ ਇਮਾਰਤਾਂ ਦੀ ਪੂਰੀ ਤਲਾਸ਼ੀ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ। ਰੋਪੜ ਦੇ ਨਿਆਂ ਕੰਪਲੈਕਸ ਵਿੱਚ ਉਸ ਵੇਲੇ ਦਹਿਸ਼ਤ ਫੈਲ ਗਈ ਜਦੋਂ ਅਧਿਕਾਰੀਆਂ ਨੂੰ ਅਦਾਲਤ ਦੀ ਇਮਾਰਤ ਵਿੱਚ ਬੰਬ ਹੋਣ ਦੀ ਧਮਕੀ ਵਾਲੀ ਇੱਕ ਈਮੇਲ ਪ੍ਰਾਪਤ ਹੋਈ। ਸੁਰੱਖਿਆ ਏਜੰਸੀਆਂ ਨੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਇਹਤਿਆਤ ਵਜੋਂ ਕੰਪਲੈਕਸ ਨੂੰ ਖਾਲੀ ਕਰਵਾ ਦਿੱਤਾ, ਜਿਸ ਕਾਰਨ ਅਦਾਲਤੀ ਕਾਰਵਾਈ ਅਚਾਨਕ ਰੁਕ ਗਈ। ਫਿਲਹਾਲ ਕੋਈ ਵੀ ਸ਼ੱਕੀ ਵਸਤੂ ਬਰਾਮਦ ਨਹੀਂ ਹੋਈ ਹੈ ਅਤੇ ਸਾਈਬਰ ਟੀਮਾਂ ਈਮੇਲ ਭੇਜਣ ਵਾਲੇ ਦੀ ਪਛਾਣ ਕਰਨ ਵਿੱਚ ਜੁਟੀਆਂ ਹੋਈਆਂ ਹਨ।

## ਸੋਸ਼ਲ ਮੀਡੀਆ 'ਤੇ ਹਥਿਆਰਾਂ ਦੀ ਪ੍ਰਦਰਸ਼ਨ ਕਰਨ ਕਾਰਣ ਪੰਜਾਬੀ ਗਾਇਕ ਵਿਰੁੱਧ ਕੇਸ ਦਰਜ



ਅੰਮ੍ਰਿਤਸਰ-ਅੰਮ੍ਰਿਤਸਰ (ਦਿਹਾਤੀ) ਪੁਲੀਸ ਨੇ ਪੰਜਾਬੀ ਗਾਇਕ ਰਮਨਦੀਪ ਸਿੰਘ, ਜੋ ਕਿ ਰਮੀ ਰੰਧਾਵਾ ਦੇ ਨਾਮ ਨਾਲ ਮਸ਼ਹੂਰ ਹੈ, ਵਿਰੁੱਧ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਕਥਿਤ ਤੌਰ 'ਤੇ ਹਥਿਆਰਾਂ ਦੀ ਪ੍ਰਦਰਸ਼ਨੀ ਕਰਨ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਹੈ। ਪੁਲੀਸ ਨੇ ਉਸ ਸਮੇਂ ਇਸ ਪੋਸਟ ਦਾ ਖੁਦ ਨੋਟਿਸ ਲਿਆ ਜਦੋਂ ਉਨ੍ਹਾਂ ਦੇ ਧਿਆਨ ਵਿੱਚ ਆਇਆ ਕਿ ਗਾਇਕ ਨੇ ਫੇਸਬੁੱਕ 'ਤੇ ਹਥਿਆਰਾਂ ਦੀਆਂ ਫੋਟੋਆਂ ਅਪਲੋਡ ਕੀਤੀਆਂ ਸਨ। ਸਮੱਗਰੀ ਦੀ ਪੁਸ਼ਟੀ ਕਰਨ ਤੋਂ ਬਾਅਦ, ਅਜਨਾਲਾ ਪੁਲੀਸ ਨੇ ਉਸ ਦੇ ਖ਼ਿਲਾਫ਼ ਐੱਫ ਆਈ ਆਰ ਦਰਜ ਕੀਤੀ ਹੈ। ਏ ਐੱਸ ਆਈ ਕੰਵਲਜੀਤ ਸਿੰਘ ਨੇ ਦੱਸਿਆ ਕਿ ਪੁਲੀਸ ਨੂੰ ਖਾਸ ਜਾਣਕਾਰੀ ਮਿਲੀ ਸੀ ਕਿ ਰਮਨਦੀਪ ਸਿੰਘ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਹਥਿਆਰਾਂ ਵਾਲੀਆਂ ਇਤਰਾਜ਼ਯੋਗ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਉਨ੍ਹਾਂ ਕਿਹਾ, "ਉਸ ਦੇ ਫੇਸਬੁੱਕ ਅਕਾਊਂਟ ਦੀ ਜਾਂਚ ਕਰਨ 'ਤੇ ਜਾਣਕਾਰੀ ਸਹੀ ਪਾਈ ਗਈ। ਸੋਸ਼ਲ ਮੀਡੀਆ 'ਤੇ ਹਥਿਆਰਾਂ ਦੀ ਪ੍ਰਦਰਸ਼ਨੀ ਕਰਨਾ ਕਾਨੂੰਨ ਦੀ ਉਲੰਘਣਾ ਹੈ, ਇਸ ਲਈ ਮਾਮਲਾ ਦਰਜ ਕੀਤਾ ਗਿਆ ਹੈ।"

ਪੁਲੀਸ ਨੇ ਦੱਸਿਆ ਕਿ ਹਥਿਆਰਾਂ ਦੇ ਸਰੋਤ ਦਾ ਪਤਾ ਲਗਾਉਣ ਅਤੇ ਇਹ ਤਸਦੀਕ ਕਰਨ ਲਈ ਅੱਗੇ ਦੀ ਜਾਂਚ ਚੱਲ ਰਹੀ ਹੈ ਕਿ ਕੀ ਮੁਲਜ਼ਮ ਕੋਲ ਫੋਟੋਆਂ ਵਿੱਚ ਦਿਖਾਏ ਗਏ ਹਥਿਆਰਾਂ ਦਾ ਕੋਈ ਵੈਧ ਲਾਇਸੈਂਸ ਹੈ ਜਾਂ ਨਹੀਂ।

# ਪੁਲਿਸ ਮੁਕਾਬਲੇ ਵਿਚ ਦੋ ਗੈਂਗਸਟਰ ਘਾਇਲ ਹੋਏ

### ✪ ਗੈਂਗਸਟਰਾਂ ਦੇ ਕਬਜ਼ੇ ਵਿਚੋਂ ਦੋ ਪਿਸਤੌਲ ਬਰਾਮਦ ਕੀਤੇ



ਅੰਮ੍ਰਿਤਸਰ-ਬੀਤੇ ਦਿਨੀਂ ਜੰਡਿਆਲਾ ਗੁਰੂ ਦੇ ਇਕ ਸੁੰਨਸਾਨ ਇਲਾਕੇ 'ਚ ਇਕ ਗਹਿਣਿਆਂ ਦੇ ਡੀਲਰ ਦੇ ਸ਼ੋਅਰੂਮ ਦੇ ਬਾਹਰ ਗੋਲ਼ੀਬਾਰੀ ਕਰਨ ਵਾਲੇ ਗੈਂਗਸਟਰਾਂ ਤੇ ਪੁਲਿਸ ਵਿਚਕਾਰ ਮੁਕਾਬਲਾ ਹੋਇਆ। ਗੈਂਗਸਟਰਾਂ ਵੱਲੋਂ ਤਿੰਨ ਗੋਲ਼ੀਆਂ ਚਲਾਉਂਣ ਤੋਂ ਬਾਅਦ ਜਦੋਂ ਪੁਲਿਸ ਨੇ ਜਵਾਬੀ ਕਾਰਵਾਈ ਕੀਤੀ ਤਾਂ ਆਕਾਸ਼ ਤੇਜਪਾਲ ਸਿੰਘ ਦੀ ਲੱਤ ਵਿਚ ਗੋਲ਼ੀ ਲੱਗ ਗਈ। ਪੁਲਿਸ ਨੇ ਬਾਈਕ ਸਵਾਰ ਦੋਵਾਂ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕਰ ਕੇ ਜ਼ਖ਼ਮੀਆਂ ਨੂੰ ਹਸਪਤਾਲ ਦਾਖ਼ਲ ਕਰਵਾਇਆ।

ਐੱਸਐੱਸਪੀ ਸੋਹੇਲ ਮੀਰ ਨੇ ਦੱਸਿਆ ਕਿ ਮੁਲਜ਼ਮਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਿਸ ਨੇ ਅਪਰਾਧ ਵਾਲੀ ਥਾਂ ਤੋਂ ਦੋ ਪਿਸਤੌਲ ਤੇ ਇੱਕ ਮੋਟਰਸਾਈਕਲ ਵੀ ਬਰਾਮਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਨੇ 5 ਦਸੰਬਰ ਨੂੰ ਗਹਿਣਿਆਂ ਦੇ ਸ਼ੋਅਰੂਮ ਦੇ ਬਾਹਰ ਗੋਲ਼ੀਬਾਰੀ ਕੀਤੀ ਅਤੇ ਭੱਜ ਗਏ ਸਨ। ਪੁਲਿਸ ਨੇ ਘਟਨਾ ਤੋਂ ਤੁਰੰਤ ਬਾਅਦ ਤਰਨਤਾਰਨ ਵਾਸੀ ਕਵੀਸ਼ ਤੇ ਮੇਹਰਬੀਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ। ਗ੍ਰਿਫ਼ਤਾਰ ਕੀਤੇ ਗਏ ਦੋ ਮੁਲਜ਼ਮਾਂ ਨੇ ਮੰਨਿਆ ਕਿ ਤਰਨਤਾਰਨ ਦੇ ਆਕਾਸ਼ ਤੇਜਪਾਲ ਸਿੰਘ ਤੇ ਵਿਸ਼ਾਲਦੀਪ ਸਿੰਘ ਨੇ ਸ਼ੋਅਰੂਮ ਦੇ ਬਾਹਰ ਗੋਲ਼ੀਆਂ ਚਲਾਈਆਂ ਸਨ। ਇਸ ਤੋਂ ਬਾਅਦ ਡੀਐੱਸਪੀ ਗੁਰਿੰਦਰ ਪਾਲ ਸਿੰਘ ਨਾਗਰਾ ਤੇ ਸੀਆਈਏ ਇੰਚਾਰਜ ਮਨਮੀਤ ਪਾਲ ਸਿੰਘ ਨੇ ਮੁਲਜ਼ਮਾਂ ਦੀ ਭਾਲ ਸ਼ੁਰੂ ਕੀਤੀ। ਅਗਲੇ ਦਿਨਾਂ ਦੌਰਾਨ ਜੰਡਿਆਲਾ ਗੁਰੂ ਵਿਚ ਦੋਵਾਂ ਦੀਆਂ ਹਰਕਤਾਂ ਦੁਬਾਰਾ ਵੇਖੀਆਂ ਗਈਆਂ। ਡੀਐੱਸਪੀ ਗੁਰਿੰਦਰ ਪਾਲ ਸਿੰਘ ਨਾਗਰਾ ਦੀ ਅਗਵਾਈ ਵਾਲੀ ਇਕ ਪੁਲਿਸ ਟੀਮ ਨੇ ਸੜਕ 'ਤੇ ਨਾਕਾਬੰਦੀ ਕੀਤੀ। ਦੋ ਵਿਅਕਤੀਆਂ ਨੂੰ ਮੋਟਰਸਾਈਕਲ 'ਤੇ ਆਉਂਦੇ ਦੇਖ ਕੇ ਉਨ੍ਹਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ। ਹਾਲਾਂਕਿ, ਮੁਲਜ਼ਮਾਂ ਨੇ ਪੁਲਿਸ ਪਾਰਟੀ ਨੂੰ ਦੇਖ ਕੇ ਗੋਲ਼ੀਬਾਰੀ ਕਰ ਦਿੱਤੀ। ਮੁਲਜ਼ਮਾਂ ਨੇ ਪੁਲਿਸ 'ਤੇ ਕੁੱਲ ਤਿੰਨ ਗੋਲ਼ੀਆਂ ਚਲਾਈਆਂ। ਜਦੋਂ ਪੁਲਿਸ ਨੇ ਜਵਾਬੀ ਕਾਰਵਾਈ ਕੀਤੀ ਤਾਂ ਇਕ ਗੋਲ਼ੀ ਆਕਾਸ਼ ਤੇਜਪਾਲ ਸਿੰਘ ਦੀ ਲੱਤ 'ਚ ਲੱਗੀ, ਜਿਸ ਨਾਲ ਉਹ ਜ਼ਖ਼ਮੀ ਹੋ ਗਿਆ। ਪੁਲਿਸ ਨੇ ਤੁਰੰਤ ਉਨ੍ਹਾਂ ਨੂੰ ਫੜ ਲਿਆ ਤੇ ਉਨ੍ਹਾਂ ਦੇ ਕਬਜ਼ੇ 'ਚੋਂ ਦੋ ਪਿਸਤੌਲ ਬਰਾਮਦ ਕੀਤੇ।

### -ਵਿਦੇਸ਼ ਜਾਣ ਦੇ ਪੰਜ ਚਾਹਵਾਨਾਂ ਨਾਲ ਲੱਖਾਂ ਦੀ ਠੱਗੀ ਮਾਰਨ ਦਾ ਮਾਮਲਾ-

# ਨਾ ਤਾਂ ਲਗਵਾਇਆ ਵੀਜ਼ਾ ਨਾ ਹੀ ਵਾਪਸ ਕਰ ਰਿਹਾ ਹੈ ਪੈਸਾ

ਲੁਧਿਆਣਾ-ਸਥਾਨਕ ਆਜ਼ਾਦ ਨਗਰ ਸਰਹੰਦ ਰੋਡ ਪਟਿਆਲਾ ਦੇ ਰਹਿਣ ਵਾਲੇ ਵਿਅਕਤੀ ਅਤੇ ਉਸ ਦੇ ਚਾਰ ਹੋਰ ਜਾਣਕਾਰਾਂ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਲੱਖਾਂ ਰੁਪਏ ਦੀ ਠੱਗੀ ਮਾਰਨ ਦੇ ਮਾਮਲੇ ਵਿੱਚ ਥਾਣਾ ਜਮਾਲਪੁਰ ਪੁਲਿਸ ਵੱਲੋਂ ਦੋ ਟਰੈਵਲ ਏਜੰਟਾਂ ਖਿਲਾਫ ਸੰਗੀਨ ਦੋਸ਼ਾਂ ਅਧੀਨ ਪਰਚਾ ਦਰਜ ਕੀਤਾ ਗਿਆ ਹੈ।

ਪੁਲਿਸ ਨੇ ਇਹ ਮਾਮਲਾ ਸਾਹਿਲ ਸਿੰਘ ਦੇ ਬਿਆਨ ਉੱਪਰ ਗੁਰਪ੍ਰੀਤ ਸਿੰਘ ਅਤੇ ਸੰਦੀਪ ਸਿੰਘ ਵਾਸੀ ਜੀਟੀਬੀ ਨਗਰ ਵੀਰ ਪੈਲਸ ਚੰਡੀਗੜ੍ਹ ਰੋਡ ਲੁਧਿਆਣਾ ਦੇ ਖਿਲਾਫ ਦਰਜ ਕੀਤਾ ਹੈ। ਪੁਲਿਸ ਕੋਲ ਬਿਆਨ ਦਰਜ ਕਰਵਾਉਂਦੇ ਹੋਏ ਸਾਹਿਲ ਸਿੰਘ ਨੇ ਦੱਸਿਆ ਕਿ ਮੋਗੇ ਤੋਂ ਸਥਾਨਕ ਵੀਰ ਪੈਲਸ ਚੰਡੀਗੜ੍ਹ ਰੋਡ ਵਿਖੇ ਅਰਬਨ ਖਾਲਸਾ ਇਮੀਗਰੇਸ਼ਨ ਐਂਡ ਐਜੂਕੇਸ਼ਨ ਕੰਸਲਟੈਂਟ ਦੇ ਨਾਮ ਤੇ ਦਫਤਰ ਚਲਾਉਣ ਵਾਲੇ ਸੰਦੀਪ ਸਿੰਘ ਅਤੇ ਗੁਰਪ੍ਰੀਤ ਸਿੰਘ ਨਾਲ ਉਸ ਦਾ ਮਤਲਬ ਕੁਝ ਸਮਾਂ ਪਹਿਲਾਂ ਸੰਪਰਕ ਹੋਇਆ ਸੀ। ਉਸ ਵੇਲੇ ਮੁੱਦਈ ਨੂੰ ਭਰੋਸਾ ਦਿਵਾਇਆ ਕਿ ਉਹ ਉਸ ਦਾ ਵਿਦੇਸ਼ ਭੇਜਣ ਦਾ ਸਾਰਾ ਪ੍ਰਬੰਧ ਕਰਵਾ ਕੇ ਵੀਜ਼ਾ ਲਗਵਾ ਦੇਣਗੇ। ਮੁਲਜ਼ਮਾਂ ਨੇ ਮੁਦਈ ਨੂੰ ਝਾਂਸੇ ਵਿੱਚ ਲਿਆ ਤਾਂ ਮੁੱਦਈ ਆਪਣੇ ਚਾਰ ਹੋਰ ਸਾਥੀਆਂ ਨੂੰ ਵੀ ਲੈ ਕੇ ਉਨ੍ਹਾਂ ਦੇ ਦਫਤਰ ਵੀਜ਼ਾ ਲਗਵਾਣ ਲਈ ਆ ਗਿਆ। ਸ਼ਿਕਾਇਤ ਕਰਤਾ ਮੁਤਾਬਕ ਮੁਲਜ਼ਮਾਂ ਨੇ ਪੰਜਾਂ ਕੋਲੋਂ ਕਰੀਬ 14 ਲੱਖ 30 ਹਜ਼ਾਰ ਰੁਪਏ ਵਸੂਲ ਲਏ ਅਤੇ ਪੰਜਾਂ ਨੂੰ ਵੀਜ਼ਾ ਲਗਵਾਉਣ ਦਾ ਭਰੋਸਾ ਦਿਵਾਇਆ। ਉਕਤ ਪੈਸਾ ਵਸੂਲਣ ਦੇ ਬਾਵਜੂਦ ਦਿੱਤੀ ਮਿਆਦ ਬੀਤਣ ਮਗਰੋਂ ਮੁਲਜ਼ਮਾਂ ਨੇ ਵੀਜ਼ਾ ਨਾ ਲਗਵਾਇਆ ਤਾਂ ਮੁਦਈ ਉਸ ਕੋਲੋਂ ਆਪਣੀ ਦਿੱਤੀ ਹੋਈ ਰਕਮ ਵਾਪਸ ਮੰਗਣ ਲੱਗ ਗਏ।

ਵਾਰ ਵਾਰ ਦਫਤਰਾਂ ਦੇ ਚੱਕਰ ਕੱਢਣ ਦੇ ਬਾਵਜੂਦ ਮੁਲਜ਼ਮਾਂ ਨੇ ਉਨ੍ਹਾਂ ਦੀ ਦਿੱਤੀ ਹੋਈ ਰਕਮ ਵਾਪਸ ਨਾ ਕੀਤੀ ਤਾਂ ਉਨ੍ਹਾਂ ਉਕਤ ਮਾਮਲਾ ਪੁਲਿਸ ਦੇ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ। ਇਸ ਮਾਮਲੇ ਦੇ ਤਫਤੀਸ਼ ਅਧਿਕਾਰੀ ਸਹਾਇਕ ਥਾਣੇਦਾਰ ਸਾਹਿਬ ਸਿੰਘ ਮੁਤਾਬਕ ਦੋਨਾਂ ਮੁਲਜ਼ਮਾਂ ਖਿਲਾਫ ਇਮੀਗ੍ਰੇਸ਼ਨ ਐਕਟ ਸਣੇ ਹੋਰ ਸੰਗੀਨ ਦੋਸਾਂ ਅਧੀਨ ਪਰਚਾ ਦਰਜ ਕਰਕੇ ਅਗਲੇਰੀ ਪੜਤਾਲ ਸ਼ੁਰੂ ਕਰ ਦਿੱਤੀ ਗਈ ਹੈ।

# ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਨੂੰ ਆਮਦਨ ਤੋਂ ਵੱਧ ਸੰਪਤੀ ਮਾਮਲੇ ਵਿਚ ਸਿਟ ਵੱਲੋਂ ਕਲੀਨ ਚਿੱਟ

ਮੋਹਾਲੀ-ਪੰਜਾਬ ਦੇ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਨੂੰ ਸਾਲ 2021 ਦੇ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ 'ਚ ਵੱਡੀ ਰਾਹਤ ਮਿਲੀ ਹੈ। ਇਸ ਮਾਮਲੇ 'ਚ ਐੱਸਐੱਸ ਸ੍ਰੀਵਾਸਤਵ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਵੱਲੋਂ ਦਾਖ਼ਲ ਚਾਰਜਸ਼ੀਟ 'ਚ ਸੈਣੀ ਨੂੰ ਨਿਰਦੋਸ਼ ਮੰਨਦਿਆਂ ਕਾਲਮ ਨੰਬਰ-2 'ਚ ਰੱਖਿਆ ਗਿਆ ਹੈ। ਇਸ ਮਤਲਬ ਹੈ ਕਿ ਉਨ੍ਹਾਂ ਵਿਰੁੱਧ ਕੋਈ ਪੁਖ਼ਤਾ ਸਬੂਤ ਨਹੀਂ ਮਿਲੇ। ਦੂਜੇ ਪਾਸੇ ,ਐੱਸਆਈਟੀ ਨੇ ਲੋਕ ਨਿਰਮਾਣ ਵਿਭਾਗ ਨੇ ਤੱਤਕਾਲੀ ਕਾਰਜਕਾਰੀ ਇੰਜੀਨੀਅਰ ਨਿਮਰਤਦੀਪ ਸਿੰਘ ਸਮੇਤ ਪੰਜ ਮੁਲਜ਼ਮਾਂ ਵਿਰੁੱਧ ਅਦਾਲਤ 'ਚ ਚਾਰਜਸ਼ੀਟ ਦਾਖ਼ਲ ਕਰ ਦਿੱਤੀ ਹੈ। ਵਿਜੀਲੈਂਸ ਬਿਊਰੋ ਨੇ ਸਾਲ 2021 'ਚ ਸੁਮੇਧ ਸੈਣੀ ਤੇ ਨਿਮਰਤਦੀਪ ਸਿੰਘ ਨੂੰ ਇਸ ਮਾਮਲੇ 'ਚ ਨਾਮਜ਼ਦ ਕੀਤਾ ਸੀ। ਸੈਣੀ ਨੇ ਇਨ੍ਹਾਂ ਇਲਜ਼ਾਮਾਂ ਨੂੰ ਸਿਆਸੀ ਬਦਲਾਖੋਰੀ ਦੱਸਦਿਆਂ ਹਾਈਕੋਰਟ ਦਾ ਰੁਖ਼ ਕੀਤਾ ਸੀ। ਅਦਾਲਤ ਦੇ ਹੁਕਮਾਂ 'ਤੇ ਬਣੀ ਐੱਸਐੱਸ ਸ੍ਰੀਵਾਸਤਵ ਦੀ ਐੱਸਆਈਟੀ ਨੇ ਜਾਂਚ ਮੁਕੰਮਲ ਕਰਨ ਤੋਂ ਬਾਅਦ ਅਦਾਲਤ ਨੂੰ ਦੱਸਿਆ ਕਿ ਸੈਣੀ ਵਿਰੁੱਧ ਲੱਗੇ ਦੋਸ਼ ਸਬੂਤਾਂ ਦੀ ਘਾਟ ਕਾਰਨ ਸਹੀ ਨਹੀਂ ਪਾਏ ਗਏ। ਚਾਰਜਸ਼ੀਟ ਅਨੁਸਾਰ ਨਿਮਰਤਦੀਪ ਸਿੰਘ, ਉਸਦੇ ਪਿਤਾ ਸੁਰਿੰਦਰਜੀਤ ਸਿੰਘ



ਜਸਪਾਲ, ਅਜੈ ਕੌਸ਼ਲ, ਪ੍ਰਦਿਊਮਨ ਸਿੰਘ ਤੇ ਅਮਿਤ ਸਿੰਗਲਾ 'ਤੇ ਆਮਦਨ ਤੋਂ ਕਿਤੇ ਵੱਧ ਜਾਇਦਾਦ ਬਣਾਉਣ ਦੇ ਗੰਭੀਰ ਦੋਸ਼ ਹਨ। ਮੁਲਜ਼ਮਾਂ ਨੇ ਮੁਹਾਲੀ, ਚੰਡੀਗੜ੍ਹ, ਪੰਚਕੂਲਾ, ਮੁੱਲਾਂਪੁਰ ਤੇ ਕੁਰਾਲੀ 'ਚ ਲਗਭਗ 35 ਅਚੱਲ ਜਾਇਦਾਦਾਂ ਬਣਾਈਆਂ। ਪਰਿਵਾਰ ਦੇ 22 ਬੈਂਕ ਖਾਤਿਆਂ 'ਚ 4.88 ਕਰੋੜ ਰੁਪਏ ਜਮ੍ਹਾਂ ਹਨ। 11.18 ਕਰੋੜ ਰੁਪਏ ਦੀਆਂ ਐੱਫਡੀ ਤੇ 2.12 ਕਰੋੜ ਰੁਪਏ ਦੀ ਵਿਦੇਸ਼ੀ ਕਰੰਸੀ ਖ਼ਰੀਦਣ ਦਾ ਵੀ ਪਤਾ ਲੱਗਿਆ ਹੈ। ਐੱਸਆਈਟੀ ਦੀ ਰਿਪੋਰਟ ਮੁਤਾਬਕ ਨਿਮਰਤਦੀਪ ਸਿੰਘ ਦੇ ਪਰਿਵਾਰ ਦੀ ਕੁੱਲ ਆਮਦਨ 20.57 ਕਰੋੜ ਰੁਪਏ ਸੀ, ਜਦਕਿ ਉਨ੍ਹਾਂ ਦਾ ਖ਼ਰਚਾ 56.16 ਕਰੋੜ ਰੁਪਏ ਤੋਂ ਵੀ ਵੱਧ ਪਾਇਆ ਗਿਆ ਹੈ।

ਹੋਰਨਾਂ ਮੁਲਜ਼ਮਾਂ 'ਤੇ ਮਹਿੰਗੀਆਂ ਜ਼ਮੀਨਾਂ ਨੂੰ ਸਸਤੀਆਂ ਦਰਸਾ ਕੇ ਹੇਰਾਫੇਰੀ ਕਰਨ ਦੇ ਦੋਸ਼ ਹਨ। ਅਦਾਲਤ ਨੇ ਚਾਰਜਸ਼ੀਟ ਦਾਖ਼ਲ ਹੋਣ ਤੋਂ ਬਾਅਦ ਮਾਮਲੇ ਦੀ ਅਗਲੀ ਸੁਣਵਾਈ 17 ਜਨਵਰੀ, 2026 ਨੂੰ ਤੈਅ ਕੀਤੀ ਹੈ। ਚਾਰਜਸ਼ੀਟ ਵਿੱਚ ਨਾਮਜ਼ਦ ਪੰਜ ਮੁਲਜ਼ਮਾਂ ਵਿੱਚ ਨਿਮਰਤਦੀਪ ਸਿੰਘ, ਸੁਰਿੰਦਰਜੀਤ ਸਿੰਘ ਜਸਪਾਲ, ਅਜੈ ਕੌਸ਼ਲ, ਪ੍ਰਦਿਊਮਨ ਸਿੰਘ ਤੇ ਅਮਿਤ ਸਿੰਗਲਾ ਸ਼ਾਮਲ ਹਨ।

# ਕੌਮੀ ਪਿਆਰ ਨਾਲ ਲਬਰੇਜ਼ ਸਨ - ਸ: ਕ੍ਰਿਪਾਲ ਸਿੰਘ ਚੀਫ਼ ਖ਼ਾਲਸਾ ਦੀਵਾਨ

**17 ਜਨਵਰੀ ਜਨਮ ਦਿਨ 'ਤੇ ਵਿਸ਼ੇਸ਼**




- ਲੇਖਕ -
ਭਗਵਾਨ ਸਿੰਘ ਜੌਹਲ
Email:bhagwansinghjohal@gmail.com


ਜਦੋਂ ਵੀ ਪ੍ਰਬੰਧਕੀ ਪੱਖੋਂ ਯੋਗ ਕਿਸੇ ਆਗੂ ਦੀ ਗੱਲ ਚੱਲਦੀ ਹੈ ਤਾਂ ਆਪਣੇ ਸਮੇਂ ਚੀਫ਼ ਖ਼ਾਲਸਾ ਦੀਵਾਨ ਵਰਗੀ ਵੱਡੀ ਸਿੱਖ ਸੰਸਥਾ ਦੇ ਮੁੱਖ ਸੇਵਾਦਾਰ ਸ. ਕ੍ਰਿਪਾਲ ਸਿੰਘ ਦੀ ਯਾਦ ਆਉਂਦੀ ਹੈ। ਜੋ ਇਸ ਵਿੱਦਿਆ ਦੇ ਪ੍ਰਚਾਰ ਤੇ ਪ੍ਰਸਾਰ ਲਈ ਲਗਾਤਾਰ ਯਤਨਸ਼ੀਲ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦੇ ਲਗਾਤਾਰ 17 ਸਾਲ ਪ੍ਰਧਾਨ ਰਹੇ। ਸ. ਕ੍ਰਿਪਾਲ ਸਿੰਘ ਦੇ ਹਿਰਦੇ ਵਿੱਚ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਦਰਦ ਰਗ-ਰਗ ਵਿੱਚ ਸਮਾਇਆ ਹੋਇਆ ਸੀ। ਇਸੇ ਕਰਕੇ ਪੰਜਾਬ ਦੇ ਲੋਕ ਉਸ ਨੂੰ ਚਿੱਟੀ ਦਸਤਾਰ ਵਾਲਾ ਅਕਾਲੀ ਆਖਦੇ ਸਨ। ਸ. ਕ੍ਰਿਪਾਲ ਸਿੰਘ ਦਾ ਜਨਮ 17 ਜਨਵਰੀ, 1917 ਈ: ਨੂੰ ਸਿਆਲਕੋਟ ਜ਼ਿਲ੍ਹੇ ਦੀ ਤਹਿਸੀਲ ਨਾਰੋਵਾਲ ਦੇ ਪਿੰਡ ਸਨਖਤਰਾ (ਲਹਿੰਦਾ ਪੰਜਾਬ) ਵਿਖੇ ਸ. ਉੱਤਮ ਸਿੰਘ ਦੇ ਘਰ ਮਾਤਾ ਪ੍ਰੀਤਮ ਕੌਰ ਦੀ ਕੁੱਖ ਤੋਂ ਹੋਇਆ। ਬਚਪਨ ਵਿੱਚ ਹੀ ਇਨ੍ਹਾਂ ਦੇ ਮਾਤਾ-ਪਿਤਾ ਸਦੀਵੀ ਵਿਛੋੜਾ ਦੇ ਗਏ। ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਦਾਦੀ ਜੈ ਕੌਰ ਨੇ ਨਿਭਾਈ।

ਛੋਟੀ ਉਮਰ ਵਿੱਚ ਸਕੂਲ ਵਿੱਚ ਪੜ੍ਹਦਿਆਂ ਹੀ ਗੁਲਾਮੀ ਦਾ ਜੂਲਾ ਗਲੋਂ ਲਾਹੁਣ ਲਈ ਆਪ ਦੀ ਰੁਚੀ ਸਿਆਸੀ ਕਾਰਜਾਂ ਤੇ ਸਮਾਜ ਸੇਵਾ ਵਿੱਚ ਲੱਗ ਗਈ। ਕੌਮੀ ਪਿਆਰ ਨਾਲ ਲਬਰੇਜ਼ ਸ. ਕ੍ਰਿਪਾਲ ਸਿੰਘ 18 ਵਰ੍ਹਿਆਂ ਦੀ ਭਰ ਜਵਾਨੀ ਦੀ ਉਮਰ ਵਿੱਚ ਕਾਂਗਰਸ ਪਾਰਟੀ ਦਾ ਮੈਂਬਰ ਬਣ ਗਿਆ। ਜਦੋਂ ਭਾਰਤ ਛੱਡੋ ਅੰਦੋਲਨ ਦੀ ਲਹਿਰ ਪੂਰੇ ਦੇਸ਼ ਵਿੱਚ ਚੱਲ ਰਹੀ ਸੀ, ਇਸ ਲਹਿਰ ਦਾ ਪ੍ਰਚਾਰ ਤੇ ਪ੍ਰਸਾਰ ਜ਼ੋਰ-ਸ਼ੋਰ ਨਾਲ ਕੀਤਾ, ਇਸ ਦੇ ਸਿੱਟੇ ਵਜੋਂ ਗ੍ਰਿਫ਼ਤਾਰ ਕਰ ਲਿਆ ਗਿਆ। ਛੇ ਮਹੀਨੇ ਦੀ ਕੈਦ ਕੱਟੀ। 1947 ਵਿੱਚ ਜਦੋਂ ਦੀ ਵੰਡ ਹੋਈ ਤਾਂ ਪੰਜਾਬ ਦੋ ਟੋਟਿਆਂ ਵਿੱਚ ਵੰਡਿਆ ਗਿਆ। ਸ. ਕ੍ਰਿ-ਪਾਲ ਸਿੰਘ 30 ਕੁ ਵਰ੍ਹੇ ਦੇ ਜਵਾਨ ਉਮਰ ਦੇ ਨੌਜਵਾਨ ਸਨ, ਕੌਮੀ ਦਰਦ ਨਾਲ ਲਬਰੇਜ਼ ਇਸ ਨੌਜਵਾਨ ਦਾ ਹਿਰਦਾ ਵੀ ਵਲੂੰਧਰਿਆ ਗਿਆ। ਲਹਿੰਦੇ ਪੰਜਾਬ ਨੂੰ ਛੱਡ ਕੇ ਚੜ੍ਹਦੇ ਪੰਜਾਬ ਦੇ ਸ਼ਹਿਰ ਗੁਰੂ ਕੀ ਨਗਰੀ ਅੰਮ੍ਰਿਤਸਰ ਆ ਵਸੇ। ਪਾਕਿਸਤਾਨ ਤੋਂ ਰਿਫਿਊਜੀ ਬਣ ਕੇ ਆਏ, ਪਾਕਿਸਤਾਨ ਤੋਂ ਲੁੱਟੇ-ਪੁੱਟੇ ਅਤੇ ਬੇ-ਘਰੇ ਲੋਕਾਂ ਦੀ ਪੀੜਾ ਸਹਾਰੀ ਨਾ ਗਈ। ਅੰਮ੍ਰਿਤਸਰ ਪੁੱਜ ਕੇ ਇਕ ਮਸੀਹੇ ਦੀ ਤਰ੍ਹਾਂ ਇਨ੍ਹਾਂ ਬੇਘਰੇ ਲੋਕਾਂ ਨੂੰ ਮੁੜ ਵਸਾਉਣ ਲਈ ਦਿਨ ਰਾਤ ਇਕ ਕਰ ਦਿੱਤਾ। ਹੁਣ ਆਪਣੀ ਰਿਹਾਇਸ਼ ਵੀ ਸਥਾਈ ਤੌਰ 'ਤੇ ਅੰਮ੍ਰਿਤਸਰ ਵਿਖੇ ਹੀ ਕਰ ਲਈ। ਮਾਤਾ-ਪਿਤਾ ਤੋਂ ਵਾਂਝੇ ਇਸ ਨੌਜਵਾਨ ਨੂੰ ਬਚਪਨ ਤੋਂ ਹੁਣ ਤੱਕ ਹੰਢਾਏ ਦੁੱਖਾਂ ਦਾ ਭਲੀ-ਭਾਂਤ ਪਤਾ ਸੀ। ਉਜੜ-ਪੁੱਜੜ ਨੇ ਲੋਕਾਂ ਦੇ ਦਰਦ ਦਾ ਭਾਈਵਾਲ ਬਣਨ ਲਈ ਹੁਣ ਦਿਨ-ਰਾਤ ਲੋਕ ਸੇਵਾ ਵਿੱਚ ਜੁੱਟ ਗਏ। ਰਿਫਿਊਜੀ ਲੋਕਾਂ ਵੱਲੋਂ ਮਿਲਿਆ ਪਿਆਰ ਪੂਰਾ ਜੀਵਨ ਲੋਕ ਸੇਵਾ ਲਈ ਜੁੱਟ ਜਾਣ ਲਈ ਪ੍ਰੇਰਦਾ ਰਿਹਾ। 1948 ਤੋਂ ਇਸੇ ਲੋਕ ਪਿਆਰ ਦਾ ਸਿੱਟਾ ਅੰਮ੍ਰਿਤਸਰ ਸ਼ਹਿਰ ਦੀ ਮਿਊਂਸਿਪਲ ਕਮੇਟੀ ਦੇ ਬਿਨਾਂ ਮੁਕਾਬਲਾ ਮੈਂਬਰ ਬਣਦੇ ਰਹੇ। 1972 ਤੋਂ 1975 ਤੱਕ ਮਿਊਂਸਿਪਲ ਕਮੇਟੀ ਦੇ ਪ੍ਰਧਾਨ ਵੀ ਰਹੇ।

1952 ਈ: ਵਿੱਚ ਜਦੋਂ ਇਨ੍ਹਾਂ ਕਾਂਗਰਸ ਪਾਰਟੀ ਵਿੱਚ ਸਿਧਾਂਤਕ ਵੱਖਰੇਵਾਂ ਵੇਖਿਆ ਤਾਂ ਪਾਰਟੀ ਛੱਡ ਕੇ ਸੋਸ਼ਲਿਸਟ ਪਾਰਟੀ ਵਿੱਚ ਸ਼ਾਮਿਲ ਹੋ ਗਏ। 1975 ਈ: ਵਿੱਚ ਇੰਦਰਾ ਗਾਂਧੀ ਵੱਲੋਂ ਲਗਾਈ ਐਮਰਜੈਂਸੀ ਦਾ ਜੈ ਪ੍ਰਕਾਸ਼ ਨਾਰਾਇਣ ਦੀ ਅਗਵਾਈ ਵਿੱਚ ਸਖ਼ਤ ਵਿਰੋਧ ਕੀਤਾ। ਇਸੇ ਵਿਰੋਧ ਕਰਕੇ 19 ਮਹੀਨੇ ਦੀ ਕੈਦ ਕੱਟੀ। 1969 ਈ: ਵਿੱਚ ਸੋਸ਼ਲਿਸਟ ਪਾਰਟੀ ਦੀ ਟਿਕਟ 'ਤੇ ਪੰਜਾਬ ਵਿਧਾਨ ਸਭਾ ਦੇ ਵਿਧਾਇਕ ਚੁਣੇ ਗਏ। 1977 ਅਤੇ 1985 ਈ: ਵਿੱਚ ਜਨਤਾ ਪਾਰਟੀ ਦੀ ਟਿਕਟ ਉੱਤੇ ਦੋ ਵਾਰ ਫਿਰ ਵਿਧਾਇਕ ਬਣੇ। 1989 ਦੀਆਂ ਲੋਕ ਸਭਾ ਚੋਣਾਂ ਸਮੇਂ ਅਜ਼ਾਦ ਉਮੀਦਵਾਰ ਵਜੋਂ ਲੋਕ ਸਭਾ ਦੇ ਮੈਂਬਰ ਪਾਰਲੀਮੈਂਟ ਬਣੇ। ਵਿਧਾਨ ਸਭਾ ਦੇ ਲੋਕ ਸਭਾ ਵਿੱਚ ਦੇਸ਼ ਦੀਆਂ ਅਨੇਕਾਂ ਸਮੱਸਿਆਵਾਂ ਬਾਰੇ ਇਕ ਸਫਲ ਬੁਲਾਰੇ ਤੇ ਸਮਾਜਿਕ ਵਿਗਿਆਨੀ ਵਜੋਂ ਯਾਦਗਾਰੀ ਤਕਰੀਰਾਂ ਕਰਕੇ ਸਮੁੱਚੇ ਦੇਸ਼ ਦੇ ਸਿਆਸੀ ਲੋਕਾਂ ਵਿੱਚ ਪਹਿਚਾਣ ਬਣ ਗਈ। ਹਰ ਭਾਸ਼ਨ ਸ਼ੇਅਰੋ-ਸ਼ਾਇਰੀ ਨਾਲ ਸ਼ਿੰਗਾਰਿਆ ਲੋਕ ਭਾਵਨਾਵਾਂ ਨੂੰ ਬਿਆਨ ਕਰਦਾ ਸੀ। ਸ. ਕ੍ਰਿਪਾਲ ਸਿੰਘ ਦੀ ਸਿੱਖਾਂ ਦੀਆਂ ਧਾਰਮਿਕ, ਸੱਭਿਆਚਾਰਕ, ਆਰਥਿਕ ਅਤੇ ਵਿੱਦਿ-ਅਕ ਸਥਿਤੀ ਨੂੰ ਮਜ਼ਬੂਤ ਕਰਨ ਲਈ ਅਤੇ ਸਿੱਖਿਆ ਦੇ ਪ੍ਰਚਾਰ ਤੇ ਪ੍ਰਸਾਰ ਕਰਨ ਵਿੱਚ ਵਿਸ਼ੇਸ਼ ਰੁਚੀ ਸੀ। ਇਸੇ ਕਰਕੇ ਚੀਫ਼ ਖ਼ਾਲਸਾ ਦੀਵਾਨ ਦੇ 17 ਸਾਲ ਤੱਕ ਲਗਾਤਾਰ ਪ੍ਰਧਾਨ ਰਹੇ। ਉਨ੍ਹਾਂ ਨਾਲ ਚੀਫ਼ੀਆ ਵਿਸ਼ੇਸ਼ਣ ਸਥਾਈ ਤੌਰ 'ਤੇ ਜੁੜ ਗਿਆ। ਜੀਵਨ ਦੇ ਅਹਿਮ 17 ਵਰ੍ਹੇ ਚੀਫ਼ ਖ਼ਾਲਸਾ ਦੀਵਾਨ ਦੀਆਂ ਵਿੱਦਿਅਕ ਸੰਸਥਾਵਾਂ ਨੂੰ ਆਦਰਸ਼ ਸੰਸਥਾ ਵਿੱਚ ਬਦਲਣ ਵਿੱਚ ਵਿਸ਼ੇਸ਼ ਰੁਚੀ ਵਿਖਾਈ। ਇਨ੍ਹਾਂ ਸੰਸਥਾਵਾਂ ਨੂੰ ਮਾਇਕ ਤੌਰ 'ਤੇ ਮਜ਼ਬੂਤ ਕੀਤਾ, ਵੱਖ-ਵੱਖ ਥਾਵਾਂ 'ਤੇ ਵਿੱਦਿਅਕ-ਕਾਨਫਰੰਸਾਂ ਕਰਕੇ ਲੋਕ ਮਨਾਂ ਵਿੱਚ ਸਿੱਖਿਆ ਦੇ ਮਹੱਤਵ ਨੂੰ ਉਜਾਗਰ ਕੀਤਾ।

ਅੱਜ ਪੰਜਾਬ ਦੇ ਲੋਕ, ਜਿਨ੍ਹਾਂ ਉਨ੍ਹਾਂ ਨੂੰ ਨੇੜਿਉਂ ਤੱਕਿਆ ਨੂੰ ਇਕ ਸਫ਼ਲ ਬੁਲਾਰੇ ਵਜੋਂ ਯਾਦ ਕਰਦੇ ਹਨ, ਜਿਨ੍ਹਾਂ ਦੀ ਹਰ ਤਕਰੀਰ ਵਿਦਵਤਾ ਅਤੇ ਜਾਣਕਾਰੀ ਭਰਪੂਰ ਹੁੰਦੀ ਸੀ। ਜਿਸ ਸਭਾ ਵਿੱਚ ਵੀ ਸ. ਕ੍ਰਿਪਾਲ ਸਿੰਘ ਬੁਲਾਰੇ ਵਜੋਂ ਲੋਕਾਂ ਦੇ ਸਨਮੁੱਖ ਹੁੰਦੇ ਸਨ, ਹਰ ਇਕ ਸਰੋਤਾ ਉਨ੍ਹਾਂ ਦੀ ਭਰਪੂਰ ਪ੍ਰਸ਼ੰਸਾ ਕਰਦਾ ਸੀ। 20 ਅਗਸਤ 2002 ਈ: ਵਿੱਚ ਆਪਣੇ ਡਾਕਟਰ ਸਪੁੱਤਰ ਸ. ਰਣਬੀਰ ਸਿੰਘ ਦੇ ਹੱਥਾਂ ਵਿੱਚ ਪੰਜਾਬ ਦਾ ਇਹ ਮਹਾਨ ਸਪੂਤ ਲੱਖਾਂ ਗਰੀਬਾਂ, ਨਿਆਸਰਿਆਂ ਅਤੇ ਲੋੜਵੰਦਾਂ ਦਾ ਮਸੀਹਾ, ਜਲੰਧਰ ਸ਼ਹਿਰ ਵਿਖੇ ਇਸ ਫਾਨੀ ਸੰਸਾਰ ਨੂੰ ਹਮੇਸ਼ਾਂ ਲਈ ਅਲਵਿਦਾ ਆਖ ਗਿਆ। ਸ. ਕ੍ਰਿਪਾਲ ਸਿੰਘ ਹਰ ਮਨੁੱਖ ਦੇ ਦੁੱਖ ਵਿੱਚ ਸ਼ਰੀਕ ਹੋਣ ਵਾਲਾ, ਬਿਨਾਂ ਕਿਸੇ ਜਾਤ/ਧਰਮ ਦੇ ਵਿਤਕਰੇ, ਹਰ ਕਿਸੇ ਦੇ ਦੁੱਖ ਵੰਡਾਉਣ ਵਾਲਾ ਨਿਰਛਲ ਵਿਅਕਤੀ ਸੀ। ਲੋਕ-ਸੇਵਕ ਵਜੋਂ ਬਣੀ ਪਹਿਚਾਣ ਕਰਕੇ ਉਹ ਲੋਕ ਮਨਾਂ ਵਿੱਚ ਅੱਜ ਵੀ ਹਾਜ਼ਰ-ਨਾਜ਼ਰ ਹੈ।

---

# ਸਰਬਜੀਤ ਕੌਰ ਦੇ ਭਾਰਤ ਪਰਤਣ ਦੇ ਮਾਮਲੇ 'ਚ ਆਇਆ ਨਵਾਂ ਮੋੜ



ਲਾਹੌਰ : ਪਾਕਿਸਤਾਨ ਚ ਰਹਿ ਗਈ ਪੰਜਾਬ ਦੀ ਸਰਬਜੀਤ ਕੌਰ ਦੇ ਭਾਰਤ ਪਰਤਣ ਦੇ ਮਾਮਲੇ ਚ ਇਕ ਨਵਾਂ ਮੋੜ ਆਇਆ ਹੈ। ਪਾਕਿ-ਸਤਾਨ ਦੇ ਗ੍ਰਹਿ ਮੰਤਰਾਲੇ ਵਲੋਂ ਵਿਸ਼ੇਸ਼ ਯਾਤਰਾ ਪਰਮਿਟ ਰੋਕ ਦਿਤੇ ਜਾਣ ਕਾਰਨ ਹੁਣ ਉਸ ਨੂੰ ਸਖ਼ਤ ਪੁਲਿਸ ਸੁਰੱਖਿਆ ਹੇਠ ਲਾਹੌਰ ਦੇ ਦਾਰੁਲ ਅਮਾਨ (ਸਰਕਾਰੀ ਸ਼ੈਲਟਰ ਹੋਮ) ਵਿਚ ਤਬਦੀਲ ਕਰ ਦਿਤਾ ਗਿਆ ਹੈ।ਪਾਕਿਸਤਾਨੀ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਜਦੋਂ ਤਕ ਭਾਰਤ ਵਾਪਸੀ ਲਈ ਲੋੜੀਂਦੇ ਕਾਨੂੰਨੀ ਦਸਤਾਵੇਜ਼ ਅਤੇ ਪਰਮਿਟ ਜਾਰੀ ਨਹੀਂ ਹੁੰਦੇ, ਸਰਬਜੀਤ ਕੌਰ ਨੂੰ ਦਾਰੁਲ ਅਮਾਨ ਵਿਚ ਹੀ ਰਖਿਆ ਜਾਵੇਗਾ। ਉਮੀਦ ਪ੍ਰਗਟਾਈ ਜਾ ਰਹੀ ਹੈ ਕਿ ਇਹ ਪਰਮਿਟ ਅਗਲੇ ਹਫ਼ਤੇ ਤਕ ਜਾਰੀ ਹੋ ਸਕਦਾ ਹੈ। ਇਸ ਦੌਰਾਨ 9 ਜਨਵਰੀ 2026 ਨੂੰ ਉਸ ਦੀ ਮੈਡੀਕਲ ਜਾਂਚ ਵੀ ਕਰਵਾਈ ਗਈ, ਜਿਸ ਵਿਚ ਉਸਦੀ ਸਿਹਤ ਤੰਦਰੁਸਤ ਪਾਈ ਗਈ ਹੈ। ਲਾਹੌਰ ਹਾਈ ਕੋਰਟ ਵਿਚ ਉਸ ਦੀ ਪੈਰਵੀ ਕਰ ਰਹੇ ਵਕੀਲ ਅਲੀ ਚੰਗੇਜ਼ੀ ਸੰਧੂ ਕਾਨੂੰਨੀ ਪ੍ਰਕਿਰਿਆਵਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

---


## ਗੁਰੂ ਨਾਨਕ ਗੁਰਦੁਆਰਾ ਸਾਹਿਬ ਇਰਵਿਨ (ਸਕੌਟਲੈਂਡ) ਵਿਖੇ ਗ੍ਰੰਥੀ ਸਿੰਘ (ਧਾਰਮਿਕ ਸੇਵਾਦਾਰ) ਦੀ ਲੋੜ ਹੈ

ਗੁਰੂ ਨਾਨਕ ਗੁਰਦੁਆਰਾ ਸਾਹਿਬ ਇਰਵਿਨ ਵਿਖੇ ਰੋਜ਼ਾਨਾ ਸੇਵਾਵਾਂ ਨਿਭਾਉਣ ਲਈ ਇਕ ਗ੍ਰੰਥੀ ਸਿੰਘ (ਧਾਰਮਿਕ ਸੇਵਾਦਾਰ) ਦੀ ਲੋੜ ਹੈ। ਮੁੱਖ ਕੰਮ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਸ਼ਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੁਖਆਸਣ, ਨਿੱਤਨੇਮ ਦੇ ਇਲਾਵਾ ਸੁਖਮਨੀ ਸਾਹਿਬ ਦਾ ਪਾਠ, ਸਹਿਜ ਪਾਠ ਅਤੇ ਬੱਚਿਆਂ, ਨੌਜਵਾਨਾਂ ਅਤੇ ਵੱਡਿਆਂ ਨੂੰ ਧਾਰਮਿਕ ਮੁੱਦਿਆਂ ਬਾਰੇ ਜਾਣਕਾਰੀ ਦੇਣ ਦੇ ਨਾਲ ਨਾਲ ਮੁੱਖ ਗ੍ਰੰਥੀ ਦੀਆਂ ਸੇਵਾਵਾਂ ਵਿੱਚ ਮਦਦ ਕਰਨੀ। ਕੰਮ ਦਾ ਸਮਾਂ ਟਰਮ ਲਈ ਫਿਕਸ ਹੋਵੇਗਾ, ਯੋਗਤਾ ਅਤੇ ਯੂ ਕੇ ਦੇ ਰੁਜ਼ਗਾਰ ਕਾਨੂੰਨ ਮੁਤਾਬਿਕ ਚੰਗੀ ਤਨਖਾਹ ਅਤੇ ਵਧੀਆ ਰਿਹਾਇਸ਼ ਦਾ ਪ੍ਰਬੰਧ। ਚੰਗੀ ਤਨਖਾਹ, ਖਾਣਾ ਅਤੇ ਵਧੀਆ ਰਿਹਾਇਸ਼ ਗੁਰਦੁਆਰਾ ਸਾਹਿਬ ਵਿਖੇ।
ਸ਼ਰਤਾਂ: ਬਿਨੈਕਾਰ ਦਾ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਿੱਖ ਇਤਿਹਾਸ ਬਾਰੇ ਭਰਪੂਰ ਜਾਣਕਾਰੀ ਹੋਣੀ ਜਰੂਰੀ ਹੈ। ਪੰਜਾਬੀ ਲਿਖਣ, ਪੜ੍ਹਣ ਅਤੇ ਬੋਲਣ ਵਿਚ ਚੰਗੀ ਮੁਹਾਰਤ ਹੋਵੇ। ਕੰਮ ਦਾ ਤਜ਼ਰਬਾ ਲਾਜ਼ਮੀ ਹੋਣਾ ਚਾਹੀਦਾ ਹੈ ਅਤੇ ਪਿਛਲੇ ਕੰਮ ਤੋਂ ਨੇਕ ਚਾਲ ਚੱਲਣ ਦਾ ਸਰਟੀਫ਼ਿਕੇਟ ਹੋਣਾ ਜਰੂਰੀ ਹੈ। ਯੂ ਕੇ ਵਿੱਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ। ਜਿਆਦਾ ਜਾਣਕਾਰੀ ਲਈ ਰਵਿੰਦਰ ਸਿੰਘ ਨਾਲ ਸੰਪਰਕ ਕਰੋ ਜੀ।
ਯੋਗ ਉਮੀਦਵਾਰ 19 ਜਨਵਰੀ 2026 ਤੋਂ ਪਹਿਲਾਂ ਅਰਜ਼ੀਆਂ ਗੁਰੂ ਘਰ ਦੇ ਪਤੇ 'ਤੇ ਭੇਜਣ ਦੀ ਕ੍ਰਿਪਾਲਤਾ ਕਰਨ।

## VACANCY AT GURU NANAK GURDWARA IRVINE, AYRSHIRE (TIER-5 GRANTHI) REQUIRED

One religious worker (Granthi Singh) required to work in a busy and demanding Gurdwara Sahib, Guru Nanak Gurdwara in Irvine.

**Duties:** 1) Parkash of Sri Guru Granth Sahib, 2) Nitnem, 3) Sukhmani Sahib Ji Da Paath, 4) Sehaj Paath, 5) Recite Katha Vichar in the morning and evening, 6) Rehras Sahib, 7) Sukhasan Sahib, 8) Kirtan, 9) Explanation of various religious texts to the congregation.

**Requirements:** 1) Previous experience is essential, 2) Vast knowledge of Sri Guru Granth Sahib and Sikh history, 3) Must be Amritdhari and fluent in writing, reading and speaking Punjabi. 4) Must be of have clean character and appear-ance. 5) Must be able to provide references of previous experience.

**Must have right to work in U.K.**

**Duration:** Fixed term contract

**Benefits:** 1) Excellent salary, 2) Accommodation will be provided, 3) Access to Gurdwara Sahib's food pantry.

***For more information please contact:* Ravinder Singh on 07462 303 430**
**Please send applications before 19th January 2026 to Address below**

**GURU NANAK GURDWARA SAHIB IRVINE,**
***40-42 BANK STREET, IRVINE, AYRSHIRE, SCOTLAND KA12 0LP***

# ਗੁਰੂ ਬੈਠਾ ਅਮਰੂ ਸਰੂਪ ਹੋਇ


- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




**ਕਿਸ਼ਤ-21**




**ਇਤਿਹਾਸਕ ਹਵਾਲੇ:**

ਓਨਾ ਨੋ ਬਚਨ ਹੋਆ ਭਾਈ ਸਿਖੋ ਇਸ ਕਲਜੁਗ ਵਿਚ ਜੋ ਗੁਰੂ ਕੇ ਸਿਖਾਂ ਨੂੰ ਰੀਝ ਨਾਲ ਪ੍ਰਸਾਦੁ ਖਵਾਵੰਦਾ ਹੈ ਓਸ ਦਾ ਜਗ ਦੇ ਸਮਾਨ ਫਲ ਹੋਂਦਾ ਹੈ। ਜੋ ਵੰਡ ਖਾਵਣ ਵਾਲੇ ਹੈਨ ਓਨਾ ਦਾ ਭੀ ਧਨੁ ਵਧਦਾ ਹੈ। ਅਗੇ ਵੀ ਓਨਾ ਨੋ ਅਨੇਕ ਫਲ ਪ੍ਰਾਪਤਿ ਹੁੰਦੇ ਹੈਨ। ਸਿ.ਦੀ ਭ.ਮਾ. ਪੰਨਾ 269

ਪ੍ਰਥਮ ਜੁਗਨ ਮਹਿਂ ਜਗ ਕਰੰਤੇ।
(ਪਹਿਲੇ ਸਮਿਆਂ ਵਿਚ ਜਗ ਕਰਦੇ)
ਹੋਮਤਿ ਦੇਵਤਾਨ ਤ੍ਰਿਪਤੰਤੇ।
(ਦੇਵਤਿਆਂ ਨੂੰ ਆਹੁਤੀਆਂ ਦੇਂਦੇ ਸਨ)
ਤਿਹ ਸਮ ਫਲ ਸਿਖ ਦੇਹੁ ਅਹਾਰਾ। (ਸਿਖ ਨੂੰ ਭੋਜਨ ਖੁਆਉਣ ਦਾ ਵੀ ਓਨਾ ਫਲ ਹੈ)
ਭਾਉ ਕਰਿਹੁ ਲਿਹੁ ਭਗਤਿ ਅਦਾਰਾ।
(ਪਿਆਰ ਸ਼ਰਧਾ ਨਾਲ ਕਰੋ)
ਜੀਵਤਿ ਰਹਹੁ ਸਰਬ ਸੁਖ ਪਾਵੋ।
(ਸਾਰੇ ਸੁਖ ਪ੍ਰਾਪਤ ਹੋਣਗੇ)
ਵਾਹਿਗੁਰੂ ਉਰ ਬਿਖੈ ਬਸਾਵੋ।
(ਸਦਾ ਕਰਤਾਰ ਦਾ ਸਿਮਰਨ ਕਰੋ)
ਗ੍ਰਿਹਸਤ ਬਿਖੇ ਸੁਖ ਲਹੋ ਸੁਖਾਰੇ।
(ਘਰ ਰਹਿੰਦਿਆਂ ਹੀ ਸਭ ਸੁਖ ਪਾਵੋਗੇ)
ਜਥਾ ਕਰਨ ਤਪ ਬਿਪਨ ਮਝਾਰੇ'।
37॥40॥
(ਜੋ ਜੋਗੀਆਂ ਨੂੰ ਜੰਗਲਾਂ ਵਿਚ ਮਿਲਦੇ ਸਨ)

ਪੰਚ ਬਾਰ ਗੰਗ ਜਾਇ ਬਾਰ ਪੰਚ ਪ੍ਰਾਗ ਨਾਇ ਤੈਸਾ ਪੁੰਨ ਏਕ ਗੁਰਸਿਖ ਕਉ ਨਵਾਏ ਕਾ। ਸਿਖ ਕਉ ਪਿਲਾਇ ਪਾਨੀ ਭਾਉ ਕਰਿ ਕਰਖੇਤ ਅਸਵਮੇਧ ਜਗ ਫਲ ਸਿਖ ਕਉ ਜਿਵਾਏ ਕਾ। ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ। ਜੈਸੇ ਬੀਸ ਬਾਰ ਦਰਸਨ ਸਾਧ ਕੀਆ ਕਾਹੂ ਤੈਸਾ ਫਲ ਸਿਖ ਕਉ ਚਾਪਿ ਪਗ ਸੁਆਏ ਕਾ।673॥ ਕਬਿਤ ਭਾ.ਗੁਰਦਾਸ ਜੀ

**ਮਲੀਆ ਸਹਾਰੂ ਭਲੇ**

ਛੀਂਬੇ ਪ੍ਰਵਾਰ 'ਚੋਂ ਮਲੀਆ ਅਤੇ ਸਹਾਰੂ ਆਣ ਚਰਨੀਂ ਲਗੇ,

'ਜੀ! ਸਾਨੂੰ ਵੀ ਉਪਦੇਸ਼ ਕਰੋ'।

ਨਿਮਾਣਿਆਂ ਦੇ ਮਾਣ ਪਾਤਸ਼ਾਹ ਗੁਰੂ ਅਮਰਦਾਸ ਸਾਹਿਬ ਜੀ ਬਚਨ ਕੀਤਾ,

'ਮਲੀਆ ਤੇ ਸਹਾਰੂ! ਭਾਈ, ਤੁਸੀਂ ਵੀ ਸਿਖਾਂ ਦੀ ਸੇਵਾ ਕਰਿਆ ਕਰੋ। ਉਨ੍ਹਾਂ ਨੂੰ ਇਸ਼ਨਾਨ ਕਰਵਾਉ, ਉਨ੍ਹਾਂ ਦੇ ਬਸਤ੍ਰ ਸੀਵ ਦਿਹੁ, ਨਿਰਮਲ ਕਰ ਦਿਉ, ਭਾਵਨੀ ਧਾਰ ਕੇ ਸੇਵਾ ਕਰਦਿਆਂ ਹੋਇਆਂ ਬਾਣੀ ਪੜ੍ਹਦੇ ਰਹਿਣਾ, ਤੁਹਾਡਾ ਹਿਰਦਾ ਵੀ ਨਿਰਮਲ ਹੋ ਜਾਏਗਾ ਅਰ ਗੁਰੂ ਕੀਆਂ ਖੁਸ਼ੀਆਂ ਮਿਲਣਗੀਆਂ'।

ਮਲੀਆ ਤੇ ਸਹਾਰੂ ਨੇ ਇਉਂ ਹੀ ਕੀਤਾ ਅਰ ਗੁਰੂ ਕੇ ਦਰਬਾਰੀ ਸਿਖ ਹੋਏ।

**ਇਤਿਹਾਸਕ ਹਵਾਲੇ:**

ਸਿਖਾਂ ਦੇ ਮੈਲੇ ਬਸਤ੍ਰ ਧੋਵਣੇ, ਪਾਟੇ ਸੀਵ ਦੇਣੇ। ਤੁਸੀ ਵੀ ਉਜਲ ਹੋਵੋਗੇ ਤੇ ਤੁਹਾਡਾ ਗੁਰੂ ਨਾਲਿ ਗੰਢਿ ਹੋਵੈਗਾ। ਸਿਖ ਤੁਸਾਡੇ ਰਿਦੇ ਦੀ ਮੈਲ ਧੋਵਣਗੇ। ਸਿ.ਦੀ ਭ.ਮਾ. ਪੰਨਾ 269

ਤਿਨ ਪ੍ਰਤਿ ਕਰਤ ਭਏ ਉਪਦੇਸ਼।
(ਉਨ੍ਹਾਂ ਨੂੰ ਉਪਦੇਸ਼ ਦੇਂਦੇ ਕਿਹਾ)।
'ਸਿੱਖਨ ਸੇਵਾ ਕਰਿਹੁ ਵਿਸ਼ੇਸ਼।38॥
(ਸਿੱਖਾਂ ਦੀ ਸੇਵਾ ਕਰਨੀ ਬਹੁਤ ਉੱਤਮ ਹੈ)
ਸੀਂਵਹੁ ਬਸਤ੍ਰ ਅੰਗ ਪਹਿਰਾਵੋ।
(ਉਨ੍ਹਾਂ ਦੇ ਬਸਤ੍ਰ ਸਿਉਂ ਦਿਹੁ)
ਹੁਇ ਮਲੀਨ ਜੇ ਮੈਲ ਗਵਾਵੋ।
(ਮੈਲੇ ਹੋਣ ਤਾਂ ਧੋ ਦਿਹੁ)
ਗੁਰ ਕੇ ਸੰਗਿ ਗੰਢ ਤਬ ਪਰੈ।
(ਗੁਰੂ ਕੀਆਂ ਖੁਸ਼ੀਆਂ ਮਿਲਦੀਆਂ ਹਨ)
ਸਤਿਸੰਗਤ ਮਨ ਕੀ ਮਲੁ ਹਰੈ।।
39॥40॥
(ਮਨ ਦੀ ਮੈਲ ਦੂਰ ਹੋ ਜਾਂਦੀ ਹੈ)

**ਪਾਂਧਾ ਬੂਲਾ ਜਾਣੀਐ**

ਡੱਲੇ ਵਾਸੀਆਂ ਨੂੰ ਗੁਰੂ ਕੀਆਂ ਆਸੀਸਾਂ ਪ੍ਰਾਪਤ ਕਰਦਿਆਂ ਵੇਖ ਪੰਡਤ ਬੂਲੇ ਨੂੰ ਵੀ ਉਤਸ਼ਾਹ ਆਇਆ ਤੇ ਗੁਰੂ ਪਾਤਸ਼ਾਹ ਕੋਲ ਆ ਕੇ ਪੁੱਛਣ ਲੱਗਾ,

'ਪਾਤਸ਼ਾਹ ਜੀ! ਬਾਕੀਆਂ ਨੂੰ ਗੁਰੂ ਕੇ ਜਹਾਜ਼ 'ਤੇ ਚੜ੍ਹਦਿਆਂ ਵੇਖ ਮੈਨੂੰ ਵੀ ਉਤਸ਼ਾਹ ਹੋਇਆ ਹੈ ਕਿ ਮੈਂ ਵੀ ਆਪ ਦਾ ਸਿੱਖ ਹੋ ਜਾਵਾਂ ਪਰ ਮੈਂ ਕੁਝ ਦਿਨਾਂ ਤੋਂ ਦੇਖ ਰਿਹਾ ਹਾਂ ਕਿ ਆਪ ਜੀ ਬਹੁਤਿਆਂ ਨੂੰ ਸਿੱਖਾਂ ਦੀ ਸੇਵਾ ਕਰਨ ਲਈ ਪ੍ਰੇਰਦੇ ਹੋ। ਪਾਤਸ਼ਾਹ ਜੀ ਦਿਲ ਤਾਂ ਮੇਰਾ ਵੀ ਸੇਵਾ ਕਰਨ ਨੂੰ ਕਰਦਾ ਹੈ ਪਰ, ਲੋਕ ਮੈਨੂੰ ਬ੍ਰਾਹਮਣ ਪੁੱਤਰ ਜਾਣਦਿਆਂ ਮੇਰੀ ਸੇਵਾ ਨਹੀਂ ਪ੍ਰਵਾਣ ਕਰਦੇ। ਆਪ ਹੀ ਕਿਰਪਾ ਕਰ ਕੇ ਮੇਰੀ ਔਕੜ ਦੂਰ ਕਰੋ, ਜੀ'! ਸੁਣ ਕੇ ਗੁਰੂ ਅਮਰਦਾਸ ਪਾਤਸ਼ਾਹ ਕਹਿਣ ਲੱਗੇ,

'ਬੂਲਾ! ਇਹ ਚੰਗੀ ਗੱਲ ਹੈ ਕਿ ਤੁਸੀਂ ਪੜ੍ਹੇ ਲਿਖੇ ਹੋ, ਤੁਸੀਂ ਸਿਖਾਂ ਨੂੰ ਗੁਰਬਾਣੀ ਦਾ ਪਾਠ ਸੁਣਾਉ, ਕੀਰਤਨ ਸੁਣਾਉ, ਵਿਚਾਰ ਸੁਣਾਉ, ਹੋਰ ਸਮਾਂ ਬਣੇ ਤਾਂ ਬਾਣੀ ਪੜ੍ਹਣ ਲਈ ਸਿਖਾਂ ਨੂੰ ਪੋਥੀਆਂ ਲਿਖ ਲਿਖ ਕੇ ਦਿਹੁ। ਇਸ ਦੇ ਬਦਲੇ ਤੁਸੀਂ ਕਿਸੇ ਕੋਲੋਂ ਮਾਇਆ ਨ ਮੰਗੋ ਜੋ ਵੀ ਕੋਈ ਦੇਵੇ, ਸੇਵਾ ਜਾਣਦਿਆਂ ਲੈ ਲਵੋ। ਸੰਤੋਖ ਵਿਚ ਰਹੋ। ਗੁਰੂ ਨਾਨਕ ਸਾਹਿਬ ਜੀ ਤੁਹਾਡੀ ਸੇਵਾ ਪ੍ਰਵਾਨ ਕਰਨਗੇ ਅਰ ਗੁਰੂ ਕੀਆਂ ਖੁਸ਼ੀਆਂ ਮਿਲਣਗੀਆਂ'।

ਸਿਖੀ ਧਾਰਨ ਕਰ ਕੇ ਭਾਈ ਬੂਲਾ ਗੁਰੂ ਆਗਿਆ ਅਨੁਸਾਰ ਛੇਤੀ ਹੀ ਗੁਰਬਾਣੀ ਪੜ੍ਹ ਕੇ ਗਾਉਣ ਵਿਚਾਰਨ ਅਰ ਲਿਖਣ ਲੱਗੇ। ਜੀਵਨ ਸਫ਼ਲ ਹੋਇਆ। ਭਾਈ ਗੁਰਦਾਸ ਜੀ ਨੇ ਡੱਲੇ ਵਾਸੀਆਂ ਵਿਚ ਭਾਈ ਬੂਲਾ ਜੀ ਦਾ ਜ਼ਿਕਰ ਗੁਰਬਾਣੀ ਗਾਇਣ ਕਰਨ ਵਾਲਾ ਅਰ ਲਿਖਣ ਵਾਲਾ ਕਹਿ ਕੇ ਇਉਂ ਕੀਤਾ ਹੈ:

ਪਾਂਧਾ ਬੂਲਾ ਜਾਣੀਐ
ਗੁਰਬਾਣੀ ਗਾਇਣੁ ਲੇਖਾਰੀ।
ਡਲੇ ਵਾਸੀ ਸੰਗਤ ਭਾਰੀ।16॥ ਵਾਰ 11

**ਇਤਿਹਾਸਕ ਹਵਾਲੇ:**

ਤਾਂ ਬਚਨੁ ਹੋਆ ਗੁਰਾਂ ਦੀ ਬਾਣੀ ਦੀ ਕਥਾ ਕਰ ਕੇ ਸਿਖਾਂ ਨੂੰ ਸੁਣਾਵਣੀ। ਨਾਲੇ ਪੋਥੀ ਗੁਰੂ ਕੇ ਨਮਿਤ ਲਿਖ ਦੇਵਣੀ। ਮੰਗਣਾ ਕੁਝ ਨਹੀਂ। ਤੇਰੀ ਪਰਾਲਬਧ ਆਪ ਕੋਈ ਦੇ ਜਾਵੇ ਤਾਂ ਲੈ ਲੈਵਣੀ। ਤੇਰੀ ਇਹ ਸੇਵਾ ਹੈ। ਸਿ.ਦੀ ਭ. ਮਾ. ਪੰਨਾ 269

ਕਰਯੋ ਬਚਨ 'ਪਠਿ ਸਤਿਗੁਰੁ ਬਾਣੀ।
(ਬਚਨ ਕੀਤਾ ਕਿ ਬਾਣੀ ਪੜ੍ਹ ਕੇ)
ਕੀਜਹਿ ਕਥਾ ਪ੍ਰੇਮ ਕੋ ਠਾਨੀ।42॥
(ਪ੍ਰੇਮ ਨਾਲ ਕਥਾ ਕਰੋ)
ਪੋਥੀ ਲਿਖਹੁ ਸੁਫ਼ਲ ਗੁਰਬਾਣੀ। (ਗੁਰਬਾਣੀ ਦੀਆਂ ਸੋਹਣੀਆਂ ਪੋਥੀਆਂ ਲਿਖ ਕੇ)
ਗੁਰ ਨਮਿਤ ਦੀਜਹਿ ਸਿਖ ਜਾਨੀ।
(ਬਤੌਰ ਸਿਖ ਦੂਜਿਆਂ ਨੂੰ ਦੇਹੁ)
ਜੇ ਕੋ ਆਪ ਦਰਬ ਦੇ ਜਾਇ।
( ਜੇ ਕੋਈ ਆਪੇ ਮਾਇਆ ਦੇ ਜਾਵੇ)
ਧਰਿ ਸੰਤੋਖ ਬਰਤਿਯਹਿ ਪਾਇ।
(ਤਾਂ ਸੰਤਖੀ ਹੋ ਕੇ ਵਰਤ ਲੈਣਾ)
ਨਹੀਂ ਆਪ ਜਾਚਹੁ ਕਿਸ ਪਾਸੀ।
(ਕਿਸੇ ਕੋਲੋਂ ਮੰਗਣਾ ਨਹੀਂ)
ਇਹ ਸੇਵਾ ਬਡ ਫਲਹਿ ਪ੍ਰਕਾਸ਼ੀ'।
44॥40॥ਰਾਸ 1
(ਇਹ ਬਹੁਤ ਉੱਤਮ ਸੇਵਾ ਹੈ)

**ਧਰਮਸਾਲ ਨਿਜ ਨਗਰ ਬਨਾਵਹੁ**

ਸਤਿਗੁਰਾਂ ਨੂੰ ਡੱਲੇ ਆਇਆਂ ਹੁਣ ਕੁਝ ਦਿਨ ਹੋ ਗਏ ਸਨ ਜਿਸ ਕਾਰਨ ਆਪ ਜੀ ਨੇ ਭਾਈ ਪਾਰੋ ਨੂੰ ਗੋਇੰਦਵਾਲ ਚਲੇ ਜਾਣ ਦਾ ਸੰਕੇਤ ਕਰ ਦਿੱਤਾ ਸੀ। ਭਾਈ ਜੀ ਵੇਖ ਰਹੇ ਸਨ ਕਿ ਉਨ੍ਹਾਂ ਦੇ ਨਗਰ ਨਿਵਾਸੀ ਕਿਵੇਂ ਗੁਰੂ-ਘਰ ਨਾਲ ਜੁੜ ਰਹੇ ਸਨ। ਆਪ ਨੇ ਹੋਰ ਉੱਦਮ ਕੀਤਾ ਕਿ ਇਕ ਦਿਨ ਇਨ੍ਹਾਂ ਨਿਕਟਵਰਤੀ ਪ੍ਰੇਮੀ-ਸਿੱਖਾਂ ਨੂੰ ਇਕੱਠੇ ਸੱਦ ਲਿਆ ਤਾਂ ਜੁ ਹਜ਼ੂਰ ਦੀ ਵਾਪਸੀ ਤੋਂ ਪਹਿਲਾਂ ਇਹ ਸਾਰੇ ਰਲ ਕੇ ਸਤਿਗੁਰਾਂ ਨਾਲ ਬਚਨ ਕਰ ਲੈਣ।

ਇਨ੍ਹਾਂ ਇਕੱਠੇ ਹੋਇਆਂ ਸੱਜਣਾਂ ਨੇ ਸਤਿਗੁਰਾਂ ਪਾਸ ਬੇਨਤੀ ਕੀਤੀ ਕਿ ਪਾਤਸ਼ਾਹ ਜੀ ਸਾਨੂੰ ਸੋਝੀ ਬਖ਼ਸ਼ੋ ਕਿ ਆਉਣ ਵਾਲੇ ਸਮੇਂ ਵਿਚ ਅਸੀਂ ਤੇ ਸਾਡੇ ਬੱਚੇ ਸਿੱਖੀ ਵਿਚ ਕਿਵੇਂ ਪਰਪੱਕ ਰਹਿਣ? ਹਜ਼ੂਰ ਨੇ ਬਚਨ ਕੀਤਾ,

'ਗੁਰੂ-ਬਾਬਾ ਜੀ ਦੇ ਹੁਕਮ ਅਨੁਸਾਰ ਸਾਨੂੰ ਸਾਰਿਆਂ ਨੂੰ ਅੰਮ੍ਰਿਤ ਵੇਲੇ ਸ਼ਨਾਨ ਕਰ ਕੇ ਨਾਮ-ਬਾਣੀ ਨਾਲ ਜੁੜਨ ਦਾ ਹੁਕਮ ਹੈ। ਇਸ ਦੇ ਨਾਲ ਹੀ ਜੁੜ ਕੇ ਭਾਵ ਸੰਗਤੀ ਤੌਰ 'ਤੇ ਗੁਰਬਾਣੀ ਗਾਉਣ ਅਰ ਵਿਚਾਰਨਾ ਜ਼ਰੂਰੀ ਦੱਸਿਆ ਗਿਆ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਤੁਸੀਂ ਰਲ ਕੇ ਇਕ ਧਰਮਸਾਲ ਬਣਾ ਲਵੋ ਜਿਥੇ ਸਾਰੇ ਜੁੜ ਕੇ ਏਵੇਂ ਕਰ ਸਕੋ। ਜਿਹੜੇ ਦਿਹਾੜੇ ਸਮਾਜ ਵਿਚ ਮਨਾਏ ਜਾਂਦੇ ਹਨ, ਤੁਸੀਂ ਉਸ ਦਿਨ ਕਿਤੇ ਹੋਰ ਜਾ ਕੇ ਕੁਝ ਕਰਨ ਦੀ ਥਾਵੇਂ, ਇਥੇ ਜੁੜ ਕੇ ਸਤਸੰਗ ਕਰੋ। ਧਰਮਸਾਲ ਵਿਚ ਲੰਗਰ ਦਾ ਪ੍ਰਬੰਧ ਵੀ ਕਰ ਲਵੋ ਤਾਂ ਜੁ ਵੇਲੇ ਕੁਵੇਲੇ ਲੋੜਵੰਦ ਨੂੰ ਭੋਜਨ ਮਿਲ ਸਕੇ। ਹਜ਼ੂਰ ਨੇ ਇਹ ਵੀ ਸਮਝਾਇਆ ਕਿ ਸਾਰੇ ਸਿਖ ਆਪਸ ਵਿਚ ਭਰਾਵਾਂ ਵਾਂਗ ਬਣ ਕੇ ਚੱਲਣ ਅਰ ਲੋੜ ਪੈਣ 'ਤੇ ਇਕ ਦੂਜੇ ਦੀ ਮਦਦ ਕਰਨ। ਜੇ ਇਉਂ ਸਮਝਿਆ ਜਾਏ ਕਿ ਕਿਸੇ ਦੀ ਲੋੜ ਵੱਡੀ ਹੈ ਜੋ ਇਕੱਲੇ ਸਿੱਖ ਕੋਲੋਂ ਪੂਰੀ ਕਰਨੀ ਸੰਭਵ ਨਹੀਂ ਤਾਂ ਉਸ ਲੋੜ ਨੂੰ ਸੰਗਤ ਵਿਚ ਵਿਚਾਰ ਕੇ ਲੋੜਵੰਦ ਦੀ ਯਥਾਯੋਗ ਮਦਦ ਕੀਤੀ ਜਾਵੇ। ਧਰਮਸਾਲ ਵਿਚੋਂ ਦੁਖੀਏ ਨੂੰ ਦਵਾ, ਭੁੱਖੇ ਨੂੰ ਭੋਜਨ ਅਰ ਨੰਗੇ ਨੂੰ ਕਪੜਾ ਮਿਲਣਾ ਸੰਭਵ ਹੋਵੇ। ਇਸ ਤਰਹ ਤੁਸੀਂ ਆਪ ਚੱਲੋ ਅਰ ਆਪਣੇ ਪੁੱਤ੍ਰ ਪੋਤਰਿਆਂ ਨੂੰ ਵੀ ਚਲਾਉ, ਕਰਤਾਰ ਸਭਨਾਂ ਡੱਲੇ ਵਾਲਿਆਂ ਦੀਆਂ ਝੋਲੀਆਂ ਭਰਪੂਰ ਕਰੇਗਾ।

ਸਭਨਾਂ ਨੇ ਸਤਿਗੁਰਾਂ ਪਾਸੋਂ ਪਾਰਬ੍ਰਹਮ ਦੇ ਪੰਥ ਭਾਵ ਗੁਰਮਤ ਗਾਡੀ ਰਾਹ ਨੂੰ ਸਮਝਿਆ ਅਰ ਇਉਂ ਚਲਦੇ ਰਹੇ। ਡੱਲੇ ਦੇ ਸਿੱਖਾਂ ਦੇ ਜੀਵਨ ਦੀ ਖੁਸ਼ਬੋ ਦੂਰ ਦੂਰ ਤੱਕ ਪਸਰੀ। ਸਤਿਗੁਰੂ ਜੀ ਡੱਲੇ ਨੂੰ 'ਰਤਨਨ ਕੀ ਖਾਣ' ਕਿਹਾ ਕਰਦੇ ਸਨ।

ਚਲਦਾ.....


## ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ

ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।

01332 372 851
07966 388 388

# NAVIGATING THE FUTURE DEVELOPMENT OF UK SIKH REPRESENTATION: AN INDEPENDENT SUMMIT REPORT

– ਲੇਖਕ –
ਸੁਜਿੰਦਰ ਸਿੰਘ ਸੰਘਾ



..Continued from last week

**(Part 1)**







The submission of nominations will be a matter for UK Sikh organizations and independent Sikhs, who have potential for engaging with government on policy issues.

1.7 Our second recommendation shall be for SiL and SiA to make provision of constitutional lawyers and academics for strategic planning, specifically for reuniting the CFM. This will include provision of expert advice, guidance, and support for engaging with government at policy, consultation, and advocacy levels. The CFM will be inclusive in reflecting the diversity of UK's Sikh communities. In cases where an eligible Sikh organization is unable to make competent nominations to the CFM by consensus/election/selection, a robust cv/profile driven method will be used, which will also apply to the independent Sikh applicants. An ad-hoc group/think tank/institute of SiL and SiA professionals will be established to lead and manage the transitional phase, who may engage experts/specialists where necessary, to support the process.

1.8 Our recommendation is to work with what we have, rather than suggesting the formation of a new organization. The recommendations will be initiated by the end of 2024. If our recommendations are not successfully implemented the Sangat will have no other option but to find a new CFM. The new process will maximize levels of openness, transparency, and participation to build confidence and credibility of the CFM among UK Sikhs. The CFM will adopt and uphold Sikh values, work collectively with integrity and commitment.

1.9 The CFM will work in accordance with the guidance of Sri Guru Granth Sahib (the Sikh Scripture). The CFM will respect modern democratic principles such as freedom of speech, pluralism, rule of law, fairness, justice, and equity. The UK Sikh representation will be capable of facilitating Sikh faith and community literacy in partnership with education and research establishments. It will encourage and support corporate governance and accountability of Gurdwara management across the UK in accordance with Sikh values and traditions. An example of which includes the current launch of 'The Sikh Court' dealing with family, civil and inquiries that would typically present in UK courts or those that do not meet the threshold for UK Courts but do have a public interest for the Sikh community.

1.10 The CFM will uphold the UK's Equality Act (2010) in relation to religion, and ensure fairness to those who 'believe' in faith and those who do not. We are non-judgemental as a group and aware that Sikhi is a journey, therefore there is no room for 'religious superiority,' and those on a continuum of this journey must not be excluded. However, there is a disenfranchised segment within the communities, and it is high time that cultural religiosity rather than homogenisation, is embraced. We should reach an understanding of this segment and the underlying factors, instead of tolerating assumptions about them and us. We recognize the value of intersectionality - that those of the younger generation are not all the same and should not be marginalized - and that these very attitudes may have led to the youth to abandon Sikhi - we therefore demand unconditional positive regard to embrace all, Amrit Dhari or otherwise. In time, we will dispel many myths that have fed divisions in the UK Sikh communities so that the next generation learns to embrace and respect 'difference,' and 'diversity.' It is this unique lens that will increase collegiality and community cohesion.

1.11 For the welfare and furtherance of the UK Sikh Sangat we make these recommendations.

2. Introduction

2.1 In 2019 the UK government commissioned an investigation into; how to better understand faith, how it engages with faith, and how it recognizes faith values and works with faith groups. The investigation outcome report known as 'The Bloom Review' entitled Does government 'do God' ? was published on 26 th April 2023. This review recommended that the government should introduce a new program of faith literacy training for all public sector staff, ensuring that they are helping to enhance partnership opportunities with the faith groups who play a valuable role in the social fabric of society. However, in relation to UK Sikhs, many Sikh individuals and community groups felt 'The Bloom Review' headline and textual contents were seriously flawed, especially in the disproportionate characterization of elements of the UK Sikh population as ' extremists .' The Council of Sikhs in Law, independent Sikh authors and some Sikh organizations analyzed the review and responded in writing to express concerns.

Following a comprehensive feedback/ consultation process and a critical analysis, the Council of Sikhs in Law Select Committee compiled an independent review of 'The Bloom Review' and submitted their findings in a formal response to parliamentarians, on behalf of UK Sikhs, on 19 July 2023 at a meeting in the House of Lords.

2.2 A question arising from the process was, which leadership and organization best represents the diverse voices and interests of UK Sikhs and how effective is the current representation? This concern continues to be a source of much consideration and debate. UK Sikh organizations and representations have developed organically and have evolved to address various needs and challenges over the past seven decades. Much has been written and debated in Punjabi print, TV, radio, and social media, whether organizations and representation are relevant and effective in engaging with the government. We were then curious as to who gains power in this vacuum, who appoints 'representatives of the Sikh Community' and whether the voice of grass-root Sikhs are truly represented.

2.3 During the process of collecting evidence and reactions in response to 'The Bloom Review' between late April 2023 and early July 2023, the Sikhs in Law, and Sikhs in Academia, considered many issues and concerns raised, relating to the limits, quality, and credibility of the representation of UK Sikhs. It also transpired from the parliamentary answers on 14 July 2023 to the seven questions, submitted on faith engagement, there was no response to the question, which (Sikh) faith organization/s the government has a policy of no engagement. For UK Sikhs, this situation is unsatisfactory and needs to be addressed in the best interests of present and future generations of Sikhs. There is overwhelming hope and expectation across UK Sikh communities that the government will seek to establish and strengthen the integrity, standard and credibility of the policy and practice on faith engagement. On their part, the Council of Sikhs in Law and Sikhs in Academia have jointly embarked on exploring and developing a way to ensure competent and inclusive Sikh representation and advocacy relating to UK policy formation mechanisms and bodies.

(To be continued)

ਲੜੀਵਾਰ ਨਾਵਲ
ਸ਼ਿਵਚਰਨ ਜੱਗੀ (ਕੁੱਸਾ)




ਫੋਨ : 07853 317 891
Email: jaggikussa@yahoo.de

# ਇੱਕ ਮੇਰੀ ਅੱਖ ਕਾਸ਼ਣੀ...

**ਘਰ ਵਿੱਚ ਕੋਈ ਔਰਤ ਨਹੀਂ ਸੀ। ਕਿਲ੍ਹੇ ਜਿੱਡਾ ਘਰ ਮਾਣੋਂ ਨੂੰ ਖਾਣ ਨੂੰ ਆਉਂਦਾ ਸੀ। ਉਸ ਦਾ 'ਖਾਊ' ਪਤੀ ਪ੍ਰਮੇਸ਼ਰ ਬਰਗਰ ਜਾਂ ਪੀਜ਼ੇ ਖਾਣ ਵਿੱਚ ਹੀ ਮਘਨ ਰਹਿੰਦਾ। ਜਾਂ ਤਾਂ ਉਹ ਨਾਲ਼ ਕੋਕ ਪੀਈ ਜਾਂਦਾ ਅਤੇ ਜਾਂ ਫ਼ਿਰ ਬੀਅਰ ਨੂੰ ਵਾਢਾ ਧਰ ਲੈਂਦਾ। ਉਹ ਜੋ ਕੁਝ ਵੀ ਖਾਂਦਾ ਪੀਂਦਾ, ਪਸ਼ੂਆਂ ਵਾਂਗ ਖਾਂਦਾ ਜਾਂ ਪੀਂਦਾ ਸੀ। ਕਈ ਵਾਰ ਮਾਣੋਂ ਨੂੰ ਉਸ ਤੋਂ ਡਰ ਆਉਂਦਾ।**

**ਬਘੇਲ ਸਿਉਂ ਕਿਲ੍ਹੇ ਜਿੱਡੇ ਘਰ ਵਿੱਚ ਬਣਾਈ ਬੀਅਰ ਬਾਰ 'ਤੇ ਬੈਠਾ ਵਿਸਕੀ ਪੀਂਦਾ ਰਹਿੰਦਾ। ਦਾਰੂ ਪੀਣ ਨੂੰ ਉਹ ਇੱਕ ਤੁਰਦਾ ਫਿਰਦਾ 'ਡਰੰਮ' ਸੀ। ਕਈ ਵਾਰ ਉਹ ਲਾਚੜ ਕੇ ਆਖਦਾ, "ਓਨੇ ਸਾਡੇ ਪਿੰਡ ਤੋਂ ਮੋਗੇ ਤੱਕ ਲੁੱਕ ਦੇ ਡਰੰਮ ਨੀ ਪਏ ਹੋਣੇ, ਜਿੰਨੇ ਡਰੰਮ ਮੈਂ ਦਾਰੂ ਦੇ ਪੀ ਗਿਆ...।" ਤੇ ਉਹ ਬਾਘੜ ਬਿੱਲੇ ਜਿੱਡਾ ਮੂੰਹ ਖੋਲ੍ਹ ਕੇ ਹੱਸਦਾ।**




**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**
**ਕਿਸ਼ਤ 55**

## ਕਾਂਡ 25

-"ਫੇਰ ਉਹ ਤੈਨੂੰ ਕੈਨੇਡਾ ਲੈ ਗਏ...?" ਪਾਵੀ ਨੇ ਬੀਅਰ ਪੀ ਕੇ ਗਿਲਾਸ ਸਾਹਮਣੇ ਰੱਖ ਦਿੱਤਾ।

-"ਹਾਂ, ਫ਼ੇਰ ਮੈਂ ਕੈਨੇਡਾ ਦੀ ਧਰਤੀ 'ਤੇ ਪਹੁੰਚ ਗਈ...।" ਮਾਣੋਂ ਨੇ ਅਗਲਾ ਦੁਖਾਂਤ ਦੱਸਣਾ ਸ਼ੁਰੂ ਕਰ ਦਿੱਤਾ।....

.....ਮਾਣੋਂ ਦਾ ਸਹੁਰਾ ਬਘੇਲ ਸਿਉਂ ਆਪਣੀ ਘਰਵਾਲ਼ੀ ਅਤੇ ਆਪਣੀ ਜੁਆਨ ਬੇਟੀ ਤੋਂ ਵੱਖ ਰਹਿੰਦਾ ਸੀ। ਕੈਨੇਡਾ ਦੇ ਭਾਈਚਾਰੇ ਵਿੱਚ ਉਸ ਦੀ ਕੋਈ ਬਹੁਤੀ ਇੱਜ਼ਤ, ਜਾਂ ਮਾਣ ਨਹੀਂ ਸੀ। ਉਸ ਦੀ ਆਪਣੀ ਟਰੱਕਿੰਗ ਕੰਪਨੀ ਸੀ। ਉਸ ਕੰਪਨੀ ਦੇ ਨਾਂ ਉਪਰ ਉਸ ਦੇ ਬੱਤੀ ਟਰੱਕ ਚੱਲਦੇ ਸਨ। ਇਹ ਟਰੱਕ ਵੀ ਉਸ ਨੇ ਆਪਣੀਆਂ ਠੱਗੀਆਂ ਠੋਰੀਆਂ ਨਾਲ਼ ਹੀ ਬਣਾਏ ਹੋਏ ਸਨ। ਸਾਰੇ ਟਰੱਕਾਂ ਉਪਰ ਦੇਸੀ ਡਰਾਈਵਰ ਹੀ ਰੱਖੇ ਹੋਏ ਸਨ।

ਜਦ ਮਾਣੋਂ ਕੈਨੇਡਾ ਪਹੁੰਚੀ ਤਾਂ ਉਸ ਨੂੰ ਅਜੀਬ ਜਿਹਾ ਲੱਗਿਆ।

ਘਰ ਵਿੱਚ ਕੋਈ ਔਰਤ ਨਹੀਂ ਸੀ। ਕਿਲ੍ਹੇ ਜਿੱਡਾ ਘਰ ਮਾਣੋਂ ਨੂੰ ਖਾਣ ਨੂੰ ਆਉਂਦਾ ਸੀ। ਉਸ ਦਾ 'ਖਾਊ' ਪਤੀ ਪ੍ਰਮੇਸ਼ਰ ਬਰਗਰ ਜਾਂ ਪੀਜ਼ੇ ਖਾਣ ਵਿੱਚ ਹੀ ਮਘਨ ਰਹਿੰਦਾ। ਜਾਂ ਤਾਂ ਉਹ ਨਾਲ਼ ਕੋਕ ਪੀਈ ਜਾਂਦਾ ਅਤੇ ਜਾਂ ਫ਼ਿਰ ਬੀਅਰ ਨੂੰ ਵਾਢਾ ਧਰ ਲੈਂਦਾ। ਉਹ ਜੋ ਕੁਝ ਵੀ ਖਾਂਦਾ ਪੀਂਦਾ, ਪਸ਼ੂਆਂ ਵਾਂਗ ਖਾਂਦਾ ਜਾਂ ਪੀਂਦਾ ਸੀ। ਕਈ ਵਾਰ ਮਾਣੋਂ ਨੂੰ ਉਸ ਤੋਂ ਡਰ ਆਉਂਦਾ।

ਬਘੇਲ ਸਿਉਂ ਕਿਲ੍ਹੇ ਜਿੱਡੇ ਘਰ ਵਿੱਚ ਬਣਾਈ ਬੀਅਰ ਬਾਰ 'ਤੇ ਬੈਠਾ ਵਿਸਕੀ ਪੀਂਦਾ ਰਹਿੰਦਾ। ਦਾਰੂ ਪੀਣ ਨੂੰ ਉਹ ਇੱਕ ਤੁਰਦਾ ਫਿਰਦਾ 'ਡਰੰਮ' ਸੀ। ਕਈ ਵਾਰ ਉਹ ਲਾਚੜ ਕੇ ਆਖਦਾ, "ਓਨੇ ਸਾਡੇ ਪਿੰਡ ਤੋਂ ਮੋਗੇ ਤੱਕ ਲੁੱਕ ਦੇ ਡਰੰਮ ਨੀ ਪਏ ਹੋਣੇ, ਜਿੰਨੇ ਡਰੰਮ ਮੈਂ ਦਾਰੂ ਦੇ ਪੀ ਗਿਆ...।" ਤੇ ਉਹ ਬਾਘੜ ਬਿੱਲੇ ਜਿੱਡਾ ਮੂੰਹ ਖੋਲ੍ਹ ਕੇ ਹੱਸਦਾ।

ਰਾਤ ਪਈ।

ਹੈਰੀ ਬਰਗਰ ਖਾ ਕੇ ਅਤੇ ਬੀਅਰਾਂ ਨਾਲ਼ "ਟੂੰਨ" ਹੋ ਕੇ ਡਰਾਇੰਗ ਰੂਮ ਵਿੱਚ ਸੋਫ਼ੇ ਉਪਰ ਹੀ ਟੇਢਾ ਹੋ, ਘੁਰਾੜੇ ਮਾਰਨ ਲੱਗ ਪਿਆ ਸੀ। ਮਾਣੋਂ ਭੁੱਖੀ ਪਿਆਸੀ ਉਸ ਦੇ ਸਾਹਮਣੇ ਵਾਲ਼ੇ ਸੋਫ਼ੇ 'ਤੇ ਪਈ ਘੋਰ ਉਦਾਸ ਸੀ। ਉਸ ਨੂੰ ਮਾਂ, ਬਾਪ ਅਤੇ ਖ਼ਾਸ ਤੌਰ 'ਤੇ ਪਾਵੀ ਜੀ ਦੀ ਬਹੁਤ ਯਾਦ ਆ ਰਹੀ ਸੀ।

ਉਸ ਨੇ ਕਾਲ਼ਜਾ ਧਾਫੜਨ ਲਈ ਹੈਰੀ ਦਾ ਬਚਿਆ ਖੁਚਿਆ ਪੀਜ਼ਾ ਖਾਧਾ ਅਤੇ ਅਣਮੰਨੇ ਜਿਹੇ ਮਨ ਨਾਲ਼ ਟੀ.ਵੀ. ਦੇਖੀ ਗਈ। ਟੀ.ਵੀ. ਉਪਰ ਕਿਹੜਾ ਪ੍ਰੋਗਰਾਮ ਚੱਲ ਰਿਹਾ ਸੀ...? ਉਸ ਨੂੰ ਖ਼ੁਦ ਨੂੰ ਨਹੀਂ ਪਤਾ ਸੀ। ਉਹ ਟੀ.ਵੀ. ਸਾਹਮਣੇ ਹੀ ਊਂਘਦੀ ਅਤੇ ਸੌਂਦੀ ਜਾਂਦੀ ਸੀ। ਰਾਤ ਦੇ ਦਸ ਵੱਜ ਚੁੱਕੇ ਸਨ।

ਉਸ ਨੂੰ ਕਿਸੇ ਦੇ ਆਉਣ ਦਾ ਖੜਕਾ ਜਿਹਾ ਸੁਣਿਆਂ। ਉਹ ਸੰਭਲ਼ ਕੇ ਜਿਹੇ ਬੈਠ ਗਈ। ਦਰਵਾਜਾ ਖੁੱਲ੍ਹ ਕੇ ਬੰਦ ਹੋ ਗਿਆ।

ਬੰਦ ਹੁੰਦੇ ਦਰਵਾਜੇ ਦੇ ਖੜਾਕ ਨੇ ਉਸ ਨੂੰ ਧੁਰੋਂ ਹਿਲਾ ਦਿੱਤਾ।

-"ਅਜੇ ਸੁੱਤੀ ਨੀ ਮੇਰੀ ਮਾਣੋਂ...?"

-"......................।" ਮਾਣੋਂ ਕੁਛ ਨਾ ਬੋਲੀ। ਉਸ ਨੂੰ ਸਹੁਰਾ ਸਾਹਿਬ ਦੇ "ਮੇਰੀ ਮਾਣੋਂ" ਸ਼ਬਦ ਬੜੇ ਅਜੀਬ ਅਤੇ ਓਪਰੇ ਜਿਹੇ ਲੱਗੇ।

-"ਖਾ ਪੀਅ ਲਿਆ ਕੁਛ...?"

-"ਹਾਂ ਜੀ, ਪੀਜ਼ਾ...।"

-"ਲੈ, ਡਰਿੰਕ ਪੀ ਲੈ...! ਪੀਜ਼ਾ ਛੇਤੀ ਹਜ਼ਮ ਨੀ ਹੁੰਦਾ ਖਸਮਾਂ ਨੂੰ ਖਾਣਾ, ਤੇ ਆਹ ਡਰਿੰਕ ਗਾਲ਼ਦੀ ਐ ਇਹਨੂੰ...! ਲੈ ਫ਼ੜ...!" ਉਸ ਨੇ ਇੱਕ ਬੋਤਲ ਮਾਣੋਂ ਅੱਗੇ ਕੀਤੀ।

ਮਾਣੋਂ ਨੇ ਡਰਿੰਕ ਵਾਲ਼ੀ ਬੋਤਲ ਫੜ ਲਈ ਅਤੇ ਸਾਹਮਣੇ ਰੱਖ ਲਈ।

ਬਘੇਲ ਸਿਉਂ ਘਰ ਵਿੱਚ ਬਣੀ 'ਬੀਅਰ ਬਾਰ' ਵੱਲ ਤੁਰ ਗਿਆ।

ਪਰ ਉਹ ਚੋਰ ਅੱਖ ਨਾਲ਼ ਮਾਣੋਂ 'ਤੇ ਬਾਜ਼ ਅੱਖ ਰੱਖ ਰਿਹਾ ਸੀ ਕਿ ਮਾਣੋਂ ਡਰਿੰਕ ਪੀਂਦੀ ਹੈ ਕਿ ਨਹੀਂ? ਬੀਅਰ ਬਾਰ ਦੇ ਕਾਊਂਟਰ ਓਹਲਿਓਂ ਉਹ ਮਾਣੋਂ ਨੂੰ ਦੇਖ ਸਕਦਾ ਸੀ, ਪਰ ਮਾਣੋਂ ਦੀ ਨਜ਼ਰ ਉਸ ਉਪਰ ਨਹੀਂ ਪੈਂਦੀ ਸੀ। ਭਰੇ ਭਕੁੰਨੇ ਘਰ ਵਿੱਚੋਂ ਆ ਕੇ ਮਾਣੋਂ ਅੱਜ "ਅਨਾਥਾਂ" ਵਾਂਗ ਬੈਠੀ ਸੀ। ਉਸ ਦਾ ਅੰਦਰ ਨੱਕੋ ਨੱਕ ਭਰਿਆ ਹੋਇਆ ਸੀ। ਪਰ ਉਹ ਸਬਰ ਦਾ ਘੁੱਟ ਭਰੀ, ਪੱਥਰ ਹੋਈ ਬੈਠੀ ਸੀ। ਉਸ ਨੇ ਪਿਆਸ ਮਹਿਸੂਸ ਕੀਤੀ ਅਤੇ ਸਾਹ-ਮਣੇ ਪਈ ਡਰਿੰਕ ਦੀ ਬੋਤਲ ਚੁੱਕ ਕੇ ਮੂੰਹ ਨੂੰ ਲਾ ਲਈ।

ਉਸ ਨੂੰ "ਡਰਿੰਕ" ਪੀਂਦੀ ਦੇਖ ਕੇ ਬਘੇਲ ਸਿਉਂ ਦੀਆਂ ਬਾਛਾਂ ਖਿੜ ਗਈਆਂ।

-"ਖਿੱਚ ਲਾ - ਖਿੱਚ ਲਾ...! ਕਰ ਦੇਹ ਕਮਾਲਾਂ...! ਕੀਤੀਆਂ ਦੁੱਲਿਆ ਤੇਰੀਆਂ, ਪੇਸ਼ ਲੱਧੀ ਦੇ ਆਈਆਂ...। ਤੇਰੇ ਕੰਜਰ ਪਿਉ ਦੇ ਬਦਲੇ ਮੈਂ ਠੋਕ-ਠੋਕ ਕੇ ਲਊਂ...। ਉਹ ਵੀ ਕੀ ਜਾਣੂੰਗਾ ਹਰਾਮ ਦਾ ਤੁਖ਼ਮ...।"

ਡਰਿੰਕ ਪੀ ਕੇ ਮਾਣੋਂ ਊਧ-ਮਧੂਣੀਂ ਜਿਹੀ ਹੋ ਗਈ।

ਉਸ ਨੂੰ ਕੋਈ ਸਰੂਰ ਜਿਹਾ ਆਇਆ।

ਕੋਈ ਨਸ਼ਾ ਉਸ ਦੀਆਂ ਅੱਖਾਂ ਵਿੱਚ ਤੈਰਨ ਲੱਗਿਆ। ਉਸ ਨੂੰ ਟੀ.ਵੀ. 'ਤੇ ਚੱਲ ਰਿਹਾ ਅਣਜਾਣ ਜਿਹਾ ਪ੍ਰੋਗਰਾਮ ਵੀ ਚੰਗਾ-ਚੰਗਾ ਲੱਗਣ ਲੱਗ ਪਿਆ ਅਤੇ ਬੱਤੀਆਂ ਦਾ ਦੁਧੀਆ ਚਾਨਣ ਪਿੰਡਾ ਧੋ ਰਿਹਾ ਮਹਿਸੂਸ ਹੋਇਆ।

ਬਘੇਲ ਸਿਉਂ ਵੀ ਬੀਅਰ ਬਾਰ ਤੋਂ ਇੱਕ ਕਰੜਾ ਪੈੱਗ ਲਾ ਕੇ ਮਾਣੋਂ ਕੋਲ਼ ਆ ਗਿਆ। ਦਾਰੂ ਤਾਂ ਉਸ ਨੇ ਪਹਿਲਾਂ ਵੀ ਪੀ ਰੱਖੀ ਸੀ, ਪਰ ਸਰੂਰ ਜਿਹਾ ਨਹੀਂ ਚੜ੍ਹਿਆ ਸੀ। ਪਰ ਹੁਣ ਮਾਣੋਂ ਦਾ ਹੁਸਨ ਦੇਖ ਕੇ ਹੁਣ ਉਹ ਬਾਂਦਰ ਵਾਂਗ ਲਾਚੜ ਗਿਆ ਸੀ। ਉਸ ਨੇ ਬੋਕ ਵਾਂਗ ਜੀਭ ਕੱਢ ਕੇ ਫੇਰ ਛਿੱਕ ਜਿਹੀ ਮਾਰੀ।

-"ਕੀ ਹਾਲ ਐ ਮੇਰੀ ਮਾਣੋਂ ਦਾ...?" ਉਹ ਉਸ ਦੇ ਬਿਲਕੁਲ ਨਜ਼ਦੀਕ ਆ ਕੇ ਬੋਲਿਆ।

ਮਾਣੋਂ ਦੀਆਂ ਅੱਖਾਂ ਵਿੱਚ ਵੀ ਪੂਰਾ ਸਰੂਰ ਸੀ।

ਬਘੇਲ ਸਿਉਂ ਦੀ ਦਿੱਤੀ ਹੋਈ "ਡਰਿੰਕ" ਆਪਣਾ ਪੂਰਾ ਜਲੌਅ ਦਿਖਾ ਚੁੱਕੀ ਸੀ।

ਮਾਣੋਂ ਦਾ ਸਰੂਰ ਅਤੇ ਅਤੇ ਮਸਤੀ ਸਿਖਰਾਂ 'ਤੇ ਸੀ।

-"ਪਾਵੀ ਡਾਰਲਿੰਗ...!"

-"ਨਹੀਂ ਮਾਣੋਂ ਡਾਰਲਿੰਗ...! ਬਘੇਲ ਡਾਰਲਿੰਗ..! ਬਘੇਲ ਡਾਰਲਿੰਗ ਆਖ...! ਜਾਂ ਆਖ ਬੁੱਘੀ ਡਾਰਲਿੰਗ..।"

-"ਬੁੱਘੀ ਡਾਰਲਿੰਗ...?" ਮਾਣੋਂ ਉਚੀ-ਉਚੀ ਹੱਸ ਪਈ।

ਕੋਲ਼ ਹੈਰੀ ਵੱਡੇ-ਵੱਡੇ ਘੁਰਾੜੇ ਮਾਰ ਰਿਹਾ ਸੀ।

-"ਪਾਵੀ ਡਾਰਲਿੰਗ..! ਦੇਖ ਮੇਰਾ ਹੱਸਬੈਂਡ...!" ਉਹ ਫ਼ਿਰ ਹੱਸ ਪਈ, "ਦੇਖ ਕਿਵੇਂ ਸਰਾਲ਼ ਵਾਂਗ ਲਿਟਿਆ ਪਿਐ...! ਘੋੜ੍ਹੇ ਵੇਚ ਕੇ ਸੁੱਤੈ...!" ਉਹ ਫਿਰ ਹੱਸ ਪਈ।

-"ਇਹਨੂੰ ਘੋੜੇ ਵੇਚ ਕੇ ਸੁੱਤਾ ਰਹਿਣ ਦੇ ਮਾਣੋਂ ਡਾਰਲਿੰਗ..। ਚਲੋ ਆਪਾਂ ਵੀ ਜੱਫੀ ਪਾ ਕੇ ਸੌਂਈਏਂ...।"

-"ਪਾਵੀ ਡਾਰਲਿੰਗ...! ਆਈ ਲਵ ਯੂ...! ਆਈ ਲਵ ਯੂ ਸੋ ਮੱਚ ਮਾਈ ਡਾਰਲਿੰਗ...!" ਉਸ ਨੇ ਬਘੇਲ ਸਿਉਂ ਸਾਹਮਣੇ ਬਾਹਾਂ ਅੱਡ ਲਈਆਂ। ਉਸ ਨੇ ਪਾਈਏ ਕੁ ਦੀ ਮਾਣੋਂ ਨੂੰ ਆਪਣੀਆਂ ਮਜਬੂਤ ਬਾਹਾਂ ਵਿੱਚ ਤੋਲ ਲਿਆ।

-"ਬੁੱਘੀ ਦੇਹ ਇੱਕ ਮਾਣੋਂ ਡਾਰਲਿੰਗ...?" ਬਘੇਲ ਸਿਉਂ ਉਸ ਨੂੰ ਤੋਲੀ ਖੜ੍ਹਾ ਸੀ। ਉਸ ਦਾ ਦਿਲ ਕਰਦਾ ਸੀ ਕਿ ਫ਼ੁੱਲ ਵਰਗੀ ਮਾਣੋਂ ਦਾ ਬਾਲਾ ਕੱਢ ਦੇਵੇ। ਪਰ ਉਹ ਬਾਲਾ ਕੱਢਣ ਦੀ ਵਜਾਏ, ਬੋਚ ਕੇ ਉਸ ਨੂੰ ਬੈੱਡ ਰੂਮ ਵਿੱਚ ਲੈ ਗਿਆ ਅਤੇ ਬੈੱਡ ਉਪਰ ਲਿਟਾ ਕੇ ਕੋਮਲ ਪੱਤੀਆਂ ਵਰਗੇ ਬੁੱਲ੍ਹ ਚੁੰਮ ਲਏ।

-"ਪਾਵੀ ਜੀ, ਕਿੰਨੇ ਗੰਦੇ ਓਂ ਤੁਸੀਂ...। ਗੰਦੇ ਜਿਹੇ...।"

-"ਗੰਦਾ ਨੀ ਮੇਰੀ ਮਾਣੋਂ ਡਾਰਲਿੰਗ, ਤੇਰਾ ਆਹ ਗੁਲਾਮ ਤਾਂ ਬਹੁਤ ਚੰਗੈ...।" ਕਰਦੇ ਕਰਦੇ ਬਘੇਲ ਸਿਉਂ ਨੇ ਉਸ ਨੂੰ ਨਿਰਵਸਤਰ ਕਰ ਲਿਆ। ਮਾਣੋਂ ਦਾ ਮੂੰਹ ਲਾਲ ਪੈਂਝੂ ਹੋ ਗਿਆ। ਬਘੇਲ ਸਿਉਂ ਦੀ ਮੱਝ ਦੀ ਜੀਭ ਵਰਗੀ ਜੀਭ ਉਸ ਦੇ ਜਿਸਮ 'ਤੇ ਰੰਦੇ ਵਾਂਗ ਫ਼ਿਰਦੀ ਸੀ। ਫ਼ਿਰ ਅਚਾਨਕ ਫ਼ਿਰ ਉਸ ਦੀ ਚੀਕ ਨਿਕਲ਼ੀ, "ਹਾਏ ਮਾਰਤੀ!" ਪਹਿਲੀ ਰਾਤ ਵਾਂਗ!

-"ਮੈਨੂੰ ਤਾਂ ਜਿਉਣ ਜੋਕਰਾ ਕਰਤਾ ਮੇਰੀ ਡਾਰਲਿੰਗ...।" ਬਘੇਲ ਸਿੰਘ ਅਮਰ ਵੇਲ ਵਾਂਗ ਮਾਣੋਂ ਦੇ ਸਰੀਰ ਉਪਰ ਛਾਇਆ ਹੋਇਆ ਸੀ। ਉਹ ਮਾਲੂਕ ਜਿੰਦੜੀ ਨੂੰ ਇੱਕ ਤਰ੍ਹਾਂ ਨਾਲ਼ "ਕੋਹ" ਰਿਹਾ ਸੀ। ਮਾਣੋਂ ਦੇ ਮੂੰਹੋਂ ਕਦੇ "ਪਾਵੀ ਜੀ" ਅਤੇ ਕਦੇ ਮੁਰਦਈ ਜਿਹੀ ਅਵਾਜ਼ ਵਿੱਚ "ਹਾਏ ਮੈਂ ਤਾਂ ਮਰਗੀ" ਨਿਕਲ਼ਦਾ ਸੀ।

ਅਖੀਰ ਜਦ ਬਘੇਲ ਸਿਉਂ ਨੇ ਉਸ ਨੂੰ ਛੱਡਿਆ ਤਾਂ ਉਹ ਫੱਟੜ ਸੱਪ ਵਾਂਗ ਗੁੰਝਲ਼ੀ ਜਿਹੀ ਮਾਰ ਕੇ ਪੈ ਗਈ।

ਪਈ ਮਾਣੋਂ ਦਾ ਸਿਰ ਉਚਾ ਚੁੱਕ ਕੇ ਬਘੇਲ ਸਿਉਂ ਨੇ ਉਸ ਦੇ ਮੂੰਹ ਨੂੰ ਸ਼ਰਾਬ ਦਾ ਗਿਲਾਸ ਲਾ ਦਿੱਤਾ, ਜਿਸ ਨੂੰ ਉਹ ਗੱਟ-ਗੱਟ ਕਰ ਕੇ ਪੀ ਗਈ। ਗਲ਼ਾ ਸਾਫ਼ ਕਰਨ ਲਈ ਉਸ ਨੇ ਖੰਘੂਰਾ ਜਿਹਾ ਮਾਰਿਆ ਅਤੇ ਉਸ ਨੂੰ ਹੱਥੂ ਆ ਗਿਆ। ਬਘੇਲ ਸਿਉਂ ਨੇ ਉਸ ਨੂੰ ਉਠਾ ਕੇ ਉਸ ਦੀ ਨਗਨ ਪਿੱਠ ਉਪਰ ਧੱਫੇ ਜਿਹੇ ਮਾਰੇ। ਮਾਣੋਂ ਸ਼ਾਂਤ ਹੋ ਕੇ ਪੈ ਗਈ।

ਬਘੇਲ ਸਿਉਂ ਦੀ "ਡਰਿੰਕ" ਤੋਂ ਬਾਅਦ ਦਿੱਤੇ ਪੈੱਗ ਨੇ ਉਸ ਨੂੰ ਹੋਰ ਮਸਤ ਜਿਹੀ ਕਰ ਦਿੱਤਾ। ਪਰ ਇਸ ਮਸਤੀ ਉਪਰ ਸੁਸਤੀ ਭਾਰੂ ਸੀ। ਉਹ ਵਾਰ "ਪਾਵੀ ਜੀ" ਆਖ ਕੇ ਬੁਲਾਉਂਦੀ ਤਾਂ ਬਘੇਲ ਸਿਉਂ ਨਾਗ ਵਾਂਗ ਜੀਭ ਮਾਰਦਾ ਉਸ ਦੇ ਉਤੇ ਨੂੰ ਚੜ੍ਹਦਾ। ਡੇਢ੍ਹ ਕੁਇੰਟਲ਼ ਭਾਰ ਹੇਠ ਪਈ ਮਾਲੂਕ ਮਾਣੋਂ ਦਾ ਸਾਹ ਬੰਦ ਹੁੰਦਾ। ਪਰ ਉਹ ਤਾਂ ਆਪਣੇ "ਪਾਵੀ ਜੀ" ਨਾਲ਼ ਪਈ ਸੀ। ਪਾਵੀ ਜੀ ਖਾਤਰ ਤਾਂ ਉਹ ਆਪਣਾ ਸਰੀਰ ਵੀ ਤਿਆਗ ਸਕਦੀ ਸੀ।

**(ਚਲਦਾ)....**

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!**
**-ਸੰਪਾਦਕ**

**ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 29 'ਤੇ ਪੜ੍ਹੋ**

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

**ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ**

**644. ਮਨ ਨਿਰਮਲ ਕਿੱਦਾਂ ਹੁੰਦਾ ਹੈ?**

"ਕਿਲਵਿਖ ਕਾਟਿ ਹੋਆ ਮਨੁ ਨਿਰਮਲੁ ਮਿਟਿ ਗਏ ਆਵਣ ਜਾਣਾ ਜੀਉ ॥3॥ ਅੰਗ 103" । ਰਾਤ ਦਿਨ ਪ੍ਰਭੂ ਭਗਤੀ 'ਚ ਰੰਗਿਆਂ ਮਨ ਨਿਰਮਲ ਹੋ ਜਾਂਦਾ ਹੈ ਤੇ ਪ੍ਰਭੂ ਦੀ ਭਗਤੀ ਕਰਨ ਨਾਲ਼ ਪ੍ਰਭੂ ਮਿਲ ਜਾਂਦਾ ਹੈ । "ਮਨੁ ਨਿਰਮਲੁ ਅਨਦਿਨੁ ਭਗਤੀ ਰਾਤਾ ਭਗਤਿ ਕਰੇ ਹਰਿ ਪਾਵਣਿਆ ॥1॥ ਅੰਗ 123" । ਗੁਰੂ ਅਨੁਸਾਰੀ ਦਾ ਮਨ ਨਿਰਮਲ ਹੁੰਦਾ ਹੈ, ਫਿਰ ਉਸਨੂੰ ਮੈਲ ਨਹੀਂ ਲੱਗਦੀ; ਗੁਰੂ ਅਨੁਸਾਰੀ ਆਤਮਿਕ ਅਡੋਲਤਾ 'ਚ ਸਮਾ ਜਾਂਦਾ ਹੈ । "ਗੁਰਮੁਖਿ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ ਗੁਰਮੁਖਿ ਸਹਜਿ ਸਮਾਵਣਿਆ ॥4॥ ਅੰਗ 125"। ਜਿਹੜਾ ਮਨੁੱਖ ਆਪਣੇ ਆਪ (ਅਸਲੇ) ਨੂੰ ਪਛਾਣਦਾ ਹੈ, ਉਸ ਦਾ ਮਨ ਨਿਰਮਲ ਹੋ ਜਾਂਦਾ ਹੈ । ਉਹ ਜਿਉਂਦੇ ਜੀ ਹੀ ਮਾਇਆ ਦੇ ਬੰਧਨਾਂ ਤੋਂ ਮੁਕਤੀ ਪ੍ਰਾਪਤ ਕਰ ਲੈਂਦਾ ਹੈ ਤੇ ਪ੍ਰਭੂ ਨੂੰ ਪਾ ਲੈਂਦਾ ਹੈ । "ਆਪੁ ਪਛਾਣੈ ਮਨੁ ਨਿਰਮਲੁ ਹੋਇ ॥ ਜੀਵਨ ਮੁਕਤਿ ਹਰਿ ਪਾਵੈ ਸੋਇ ॥ ਅੰਗ 161" । ਪ੍ਰਭੂ ਦੇ ਨਾਮ 'ਚ ਰੰਗਿਆਂ ਮਨ ਨਿਰਮਲ ਹੁੰਦਾ ਹੈ ਤੇ ਨਾਮ ਰਾਹੀਂ ਨਾਮ 'ਚ ਨਿਵਾਸ ਹੋ ਜਾਂਦਾ ਹੈ। "ਨਾਮਿ ਰਤੇ ਮਨੁ ਨਿਰਮਲੁ ਹੋਇ 4॥ ਅੰਗ 229 ਅਤੇ 841" । ਅਤੇ "ਨਾਨਕ ਨਾਮਿ ਰਤੇ ਮਨੁ ਨਿਰਮਲੁ ਨਾਮੇ ਨਾਮਿ ਨਿਵਾਸੀ ਹੇ ॥16॥5॥ ਅੰਗ 1049" । ਸਤਿਗੁਰੂ ਜੀ ਬਖਸ਼ਿਸ਼ ਕਰਦੇ ਹਨ ਕਿ ਸਾਧ (ਗੁਰੂ) ਦੀ ਚਰਨ ਧੂੜ ਨਾਲ ਮਨ ਨਿਰਮਲ ਹੁੰਦਾ ਹੈ ਤੇ ਚਿਹਰਾ ਰੌਸ਼ਨ ਹੁੰਦਾ ਹੈ । "ਮਨੁ ਨਿਰਮਲੁ ਮੁਖੁ ਉਜਲਾ ਹੋਇ ਨਾਨਕ ਸਾਧ ਰਵਾਲ ॥4॥ ਅੰਗ 297" । ਪ੍ਰਭੂ ਦੇ ਗੁਣ ਗਾ ਕੇ ਮੇਰੇ ਸਰੀਰ ਤੋਂ ਸਾਰੇ ਦੁੱਖ ਤੇ ਰੋਗ ਦੂਰ ਹੋ ਗਏ ਹਨ ਤੇ ਮੇਰਾ ਮਨ ਨਿਰਮਲ ਹੋ ਗਿਆ ਹੈ । "ਦੂਖ ਰੋਗ ਭਏ ਗਤੁ ਤਨ ਤੇ ਮਨੁ ਨਿਰਮਲੁ ਹਰਿ ਹਰਿ ਗੁਣ ਗਾਇ ॥ ਅੰਗ 373" । ਸਦਾ ਥਿਰ ਪ੍ਰਭੂ ਦੇ ਨਾਮ/ਗੁਣਾਂ ਨੂੰ ਸੋਚ-ਮੰਡਲ ਵਿਚ ਟਿਕ-ਉਣ ਨਾਲ਼ ਘੋਰ ਪਾਪ ਤੇ ਦੁੱਖ ਕੱਟੇ ਜਾਂਦੇ ਹਨ, ਮਨ ਨਿਰਮਲ ਹੋ ਜਾਂਦਾ ਹੈ ਤੇ ਪ੍ਰਭੂ ਦਾ ਪ੍ਰੇਮੀ ਹੋ ਜਾਂਦਾ ਹੈ । "ਸਾਚੁ ਬੀਚਾਰਿ ਕਿਲਵਿਖ ਦੁਖ ਕਾਟੇ ਮਨੁ ਨਿਰਮਲੁ ਅਨਰਾਗੀ ॥4॥ ਅੰਗ 1233" । ਜੇਕਰ ਪ੍ਰਭੂ ਦੇ ਗੁਣ ਗਾਵੇ ਤਾਂ ਇਹ ਮਨ ਨਿਰਮਲ ਹੋ ਜਾਂਦਾ ਹੈ । "ਇਹੁ ਮਨੁ ਨਿਰਮਲੁ ਜਿ ਹਰਿ ਗੁਣ ਗਾਵੈ ॥ ਅੰਗ 1067" । ਜਿਹੜਾ ਮਨ ਗੁਰੂ ਦੀ ਸੰਗਤਿ ਵਿਚ ਮਸਤ ਰਹਿੰਦਾ ਹੈ, ਉਹ ਮਨ ਨਿਰਮਲ ਹੋ ਜਾਂਦਾ ਹੈ। "ਸੋ ਮਨੁ ਨਿਰਮਲੁ ਜੋ ਗੁਰ ਸੰਗਿ ਰਾਚੀ॥3॥ ਅੰਗ 1271" । ਪੂਰੇ ਗੁਰੂ ਦੀ ਸੰਗਤਿ ਵਿਚ ਮਿਲ ਬੈਠਿਆਂ ਮਨ ਨਿਰਮਲ ਹੋ ਜਾਂਦਾ ਹੈ; ਪੂਰੇ ਗੁਰੂ ਨੇ ਇਕ ਖਿਨ ਵਿਚ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਕਰ ਦਿੱਤਾ । "ਮਿਲਤ ਸੰਗਿ ਭਇਓ ਮਨੁ ਨਿਰਮਲੁ ਗੁਰਿ ਪੂਰੈ ਲੈ ਖਿਨ ਮਹਿ ਤਾਰੇ॥1॥ ਰਹਾਉ ॥ ਅੰਗ 379" । ਜਿਹਨਾਂ ਸੰਤਾਂ ਦੀ ਸੰਗਤ ਵਿਚ ਇਹ ਮਨ ਨਿਰਮਲ ਹੁੰਦਾ ਹੈ ਉਹ ਸੰਤ ਮੇਰੇ ਪ੍ਰਭੂ ਦੇ ਮਿੱਤਰ ਹਨ । "ਜਾ ਕੈ ਸੰਗਿ ਇਹੁ ਮਨੁ ਨਿਰਮਲੁ ॥ ... ਸੇ ਸੰਤਨ ਹਰਿ ਕੇ ਮੇਰੇ ਮੀਤ ॥ ਅੰਗ 863" । ਪ੍ਰਭੂ ਦਾ ਭਗਤ ਦਾ ਨਾਮ ਸਿਮਰਨ ਦੇ ਉੱਦਮ ਨਾਲ ਮਨ ਨਿਰਮਲ ਹੋ ਜਾਂਦਾ ਹੈ, ਉਹ ਆਪਣੇ ਅੰਦਰੋਂ ਆਪਾ-ਭਾਵ ਦੂਰ ਕਰਕੇ ਨੱਚਦਾ (ਭਾਵ ਖੁਸ਼ ਹੁੰਦਾ) ਹੈ । ਉਹ ਪ੍ਰਭੂ ਨੂੰ ਮਨ ਵਿਚ ਵਸਾਈ ਰੱਖਦਾ ਹੈ ਤੇ ਕਾਮਾਦਿਕ ਪੰਜਾਂ ਨੂੰ ਕਾਬੂ ਵਿਚ ਰੱਖਦਾ ਹੈ । "ਉਦਮੁ ਕਰਤ ਹੋਵੈ ਮਨੁ ਨਿਰਮਲੁ ਨਾਚੈ ਆਪੁ ਨਿਵਾਰੇ ॥ ਪੰਚ ਜਨਾ ਲੇ ਵਸਗਤਿ ਰਾਖੈ ਮਨ ਮਹਿ ਏਕੰਕਾਰੇ॥1॥ ਅੰਗ 381" । ਗੁਰੂ ਅਨੁਸਾਰੀ ਹੋ ਕੇ ਹਉਮੈ ਨੂੰ ਮਾਰੀਏ ਤਾਂ ਮਨ ਨਿਰਮਲ ਹੁੰਦਾ ਹੈ । "ਗੁਰਮੁਖਿ ਹਉਮੈ ਮਾਰੀਐ ਮਨੁ ਨਿਰਮਲੁ ਹੋਈ ॥4॥ ਅੰਗ 424" । ਗੁਰੂ ਅਨੁਸਾਰੀ ਦਾ ਮਨ ਨਿਰਮਲ ਹੋ ਜਾਂਦਾ ਹੈ ਤੇ ਉਹ ਨਿਰਮਲ ਪ੍ਰਭੂ ਦੇ ਗੁਣ ਗਾਉਂਦਾ ਹੈ । "ਗੁਰਮੁਖੇ ਮਨੁ ਨਿਰਮਲੁ ਹੋਆ ਨਿਰਮਲ ਹਰਿ ਗੁਣ ਗਾਏ ਰਾਮ ॥ ਅੰਗ 770" । ਜਦੋਂ ਮਨ ਆਪਣੇ ਨਾਲ਼ ਲੱਗਿਆ ਹੋਇਆ ਆਪਾ ਭਾਵ ਖਾ ਜਾਂਦਾ (ਖਤਮ ਕਰ ਲੈਂਦਾ) ਹੈ ਤਾਂ ਮਨ ਨਿਰਮਲ ਹੋ ਜਾਂਦਾ ਹੈ ਤੇ ਮਨੁੱਖ ਦੀ ਜੋਤਿ ਜੋਤੀ ਪ੍ਰਭੂ ਵਿਚ ਸਮਾ ਜਾਂਦੀ ਹੈ । "ਆਪ ਸੇਤੀ ਆਪੁ ਖਾਇਆ ਤਾ ਮਨੁ ਨਿਰਮਲੁ ਹੋਆ ਜੋਤੀ ਜੋਤਿ ਸਮਈ ॥2॥ ਅੰਗ 490" । ਸਤਿਗੁਰੂ ਨੂੰ ਮਿਲਕੇ ਰਸਨਾ ਨਾਲ਼ ਪ੍ਰਭੂ ਦਾ ਅੰਮ੍ਰਿਤ ਨਾਮ ਜਪ ਕੇ ਮਨ ਨਿਰਮਲ ਹੋ ਗਿਆ । "ਸਤਿਗੁਰੁ ਭੇਟਿ ਭਇਆ ਮਨੁ ਨਿਰਮਲੁ ਜਪਿ ਅੰਮ੍ਰਿਤੁ ਹਰਿ ਰਸਨਾ ॥2॥ ਅੰਗ 383" । ਪ੍ਰਭੂ ਦੇ ਦਰ ਤੇ ਘਰ ਵਿਚ ਇਹ ਮਨ ਨਿਰਮਲ ਹੋ ਜਾਂਦਾ ਹੈ । "ਇਹੁ ਮਨੁ ਨਿਰਮਲੁ ਦਰਿ ਘਰਿ ਸੋਈ ॥ ਅੰਗ 415" ।ਪ੍ਰਭੂ ਦੇ ਡਰ-ਅਦਬ ਤੋਂ ਬਿਨਾ ਨਾ ਤਾਂ ਮਨ ਰੂਪੀ ਕੱਪੜੇ ਨੂੰ ਪਾਹ ਨਹੀਂ ਲੱਗਦੀ ਤੇ ਨਾ ਹੀ ਮਨ ਨਿਰਮਲ ਹੁੰਦਾ ਹੈ। "ਭੈ ਬਿਨੁ ਲਾਗਿ ਨ ਲਗਈ ਨਾ ਮਨੁ ਨਿਰਮਲੁ ਹੋਇ ॥ ਅੰਗ 427" । ਸਦਾ-ਥਿਰ ਪ੍ਰਭੂ ਦਾ ਨਾਮ (ਹਿਰਦੇ ਵਿਚ) ਸੰਭਾਲ ਕੇ ਮੇਰਾ ਮਨ ਨਿਰਮਲ ਹੋ ਗਿਆ ਹੈ । "ਮੇਰਾ ਮਨੋ ਮੇਰਾ ਮਨੁ ਨਿਰਮਲੁ ਸਾਚੁ ਸਮਾਲੇ ਰਾਮ ॥ ਅੰਗ 437" । ਜੀਭ ਨਾਲ਼ ਅਗਰ ਤੂੰ ਹਰੀ (ਨਾਮ) ਦਾ ਰਸ ਦਾ ਸੁਆਦ ਲਏਂਗਾ ਤਾਂ ਤੇਰਾ ਮਨ ਨਿਰਮਲ ਹੋ ਜਾਏਗਾ । "ਹਰਿ ਰਸੁ ਰਸਨਾ ਚਾਖੁ ਤੂੰ ਤਾਂ ਮਨੁ ਨਿਰਮਲੁ ਹੋਈ ॥1॥ ਰਹਾਉ ॥ ਅੰਗ 492" । ਹਰਿ ਨਾਮ ਦਾ ਸੁਆਦ ਚੱਖ ਕੇ ਮਨ ਨਿਰਮਲ ਹੋ ਜਾਂਦਾ ਹੈ, ਕਿਉਂਕਿ ਨਾਮ ਪਾਪਾਂ ਨੂੰ ਕੱਟਣਹਾਰ ਹੈ । "ਹਰਿ ਰਸੁ ਚਾਖਿ ਮਨੁ ਨਿਰਮਲੁ ਹੋਆ ਕਿਲਬਿਖ ਕਾਟਣਹਾਰਾ ॥2॥ ਅੰਗ 603" । ਜਿਸ ਮਨੁੱਖ ਨੇ ਸਾਧ ਸੰਗਤਿ ਵਿਚ ਮਿਲ ਕੇ ਪ੍ਰਭੂ ਦੀ ਕੀਰਤੀ ਗਾਇਨ ਕੀਤੀ, ਗੁਰੂ ਕਿਰਪਾ ਨਾਲ਼ ਉਸ ਦਾ ਮਨ ਨਿਰਮਲ ਹੋ ਗਿਆ ਤੇ ਉਸ ਨੇ ਸਾਰਿਆਂ ਸੁਖਾਂ ਦਾ ਸ੍ਰੇਸ਼ਟ ਸੁਖ ਪ੍ਰਾਪਤ ਕਰ ਲਿਆ । ਰਹਾਉ । "ਹਰਿ ਜਸੁ ਸਾਧ ਸੰਗਿ ਮਿਲਿ ਗਾਇਓ ॥ ਗੁਰ ਪਰਸਾਦਿ ਭਇਓ ਮਨੁ ਨਿਰਮਲੁ ਸਰਬ ਸੁਖਾ ਸੁਖ ਪਾਇਅਉ ॥1॥ ਰਹਾਉ ॥ ਅੰਗ 496"। ਉਹ ਮਨ ਨਿਰਮਲ ਹੈ ਜਿਸ ਦੇ ਅੰਦਰ ਸਦਾ ਥਿਰ ਪ੍ਰਭੂ ਦਾ ਨਾਮ ਹੈ ਤੇ ਗਿਆਨ ਦਾ ਸ੍ਰੇਸ਼ਟ ਰਤਨ ਹੈ । "ਸੋ ਮਨੁ ਨਿਰਮਲੁ ਜਿਤੁ ਸਾਚੁ ਅੰਤਰਿ ਗਿਆਨ ਰਤਨੁ ਸਾਰੰ ॥6॥ ਅੰਗ 505" । ਪ੍ਰਭੂ ਦੀ ਵਾਹ ਵਾਹ ਕਰਦਿਆਂ ਮਨ ਨਿਰਮਲ ਹੁੰਦਾ ਹੈ ਤੇ ਅੰਦਰੋਂ ਹਉਮੈ ਖਤਮ ਹੁੰਦੀ ਹੈ। "ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ ॥ ਅੰਗ 515" । ਵਾਹਿਗੁਰੂ ਵਾਹਿਗੁਰੂ ਕਰਦਿਆਂ ਮੇਰਾ ਮਨ ਨਿਰਮਲ ਹੋ ਗਿਆ ਹੈ; ਗੁਰੂ ਦੀ ਸੇਵਾ (ਸ਼ਬਦ ਵਿਚਾਰ) ਮੈਨੂੰ ਪਿਆਰੀ ਲੱਗਦੀ ਹੈ। "ਹਰਿ ਹਰਿ ਕਰਤਿਆ ਮਨੁ ਨਿਰਮਲੁ ਹੋਆ ਗੁਰ ਕੀ ਸੇਵ ਪਿਆਰੀ ਹੇ ॥11॥ ਅੰਗ 1050" । ਪ੍ਰਭੂ ਦੀ ਮਿਹਰ ਦੀ ਨਿਗਾਹ ਨਾਲ਼ ਇਹ ਮਨ ਕਾਬੂ ਵਿਚ ਆਉਂਦਾ ਹੈ ਤੇ ਮਿਹਰ ਦੀ ਨਿਗਾਹ ਨਾਲ਼ ਹੀ ਇਹ ਮਨ ਨਿਰਮਲ ਹੋ ਜਾਂਦਾ ਹੈ । "ਨਦਰੀ ਇਹੁ ਮਨੁ ਵਸਿ ਆਵੈ ਨਦਰੀ ਮਨੁ ਨਿਰਮਲੁ ਹੋਇ ॥1 ਅੰਗ 558" । ਸੰਤਾਂ ਦੀ ਚਰਨ ਧੂੜੀ ਨਾਲ਼ ਮਨ ਨਿਰਮਲ ਹੁੰਦਾ ਹੈ । "ਮਨੁ ਨਿਰਮਲੁ ਹੋਇ ਸੰਤਾ ਧੂਰੇ॥2॥ ਅੰਗ 563" । ਜਦੋਂ ਗੁਰੂ ਦੇ ਸ਼ਬਦ ਨੂੰ ਵਿਚਾਰ ਕੇ ਮਨੁੱਖ ਦਾ ਮਨ ਨਿਰਮਲ ਹੋ ਜਾਂਦਾ ਹੈ, ਤਾਂ ਉਹ ਪ੍ਰਭੂ ਦੇ ਗੁਣ ਗਾਉਂਦਾ ਹੈ । ਜਦੋਂ ਮਨੁੱਖ ਗੁਰੂ ਦੀ ਮਤਿ ਰਾਹੀਂ ਆਪਣੇ ਆਪ (ਅਸਲੇ) ਨੂੰ ਪਛਾਣ ਲੈਂਦਾ ਹੈ ਤਾਂ ਉਹ ਆਪਣੇ ਅੰਤਰ ਆਤਮੇ ਵਾਸਾ ਪਾ ਲੈਂਦਾ ਹੈ । "ਸਬਦੁ ਚੀਨਿ ਮਨੁ ਨਿਰਮਲੁ ਹੋਵੈ ਤਾ ਹਰਿ ਕੇ ਗੁਣ ਗਾਵੈ ॥ ਗੁਰਮਤੀ ਆਪੈ ਆਪੁ ਪਛਾਣੈ ਤਾ ਨਿਜ ਘਰਿ ਵਾਸਾ ਪਾਵੈ ॥2॥ ਅੰਗ 565" । ਗੁਰੂ ਦੀ ਮਤਿ ਰਾਹੀਂ ਪ੍ਰਭੂ (ਦੇ ਨਾਮ) ਨੂੰ ਮਨ ਵਿਚ ਟਿਕਾ ਕੇ ਮਨ ਨਿਰਮਲ ਹੋ ਜਾਂਦਾ ਹੈ ।

**ਚਲਦਾ...**


ਪੰਜਾਬ ਟਾਈਮਜ਼

**PANJAB TIMES (EST 1965)**

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :**

**FOR SUBSCRIPTION**
*(PLEASE TICK ONE RELEVANT BOX)*

6 MONTHS ---- £105 ☐
1 YEAR ---- £205 ☐

**ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।**

NAME..........................................................
ADDRESS......................................................
..............................POST CODE............................
TEL..............................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***

PANJAB TIMES BRIDLE GATE LANE, ALVASTON, DERBY, DE24 0QW, U.K.

**or call on / WHATSAPP NO : 07966 388 388**

*www.panjabtimes.uk Email: Panjabtimes@aol.com*


## ਦੰਦਾਂ ਦੇ ਡਾਕਟਰ ਤੇ ਉਸ ਦੀ ਪਤਨੀ ਦੀ ਹੱਤਿਆ ਦੇ ਮਾਮਲੇ ਵਿੱਚ ਸਾਬਕਾ ਪਤੀ ਗ੍ਰਿਫਤਾਰ


ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਇਲੀਨੋਇਸ, ਓਹਾਈਓ ਵਿੱਚ ਦੰਦਾਂ ਦੇ ਡਾਕਟਰ ਸਪੈਨਸਰ ਟੇਪੇ (37) ਤੇ ਉਸ ਦੀ ਪਤਨੀ ਮੋਨੀਕ ਟੇਪੇ (39) ਦੀ ਪਿਛਲੇ ਦਿਨੀਂ ਉਨਾਂ ਦੇ ਘਰ ਵਿਚ ਹੀ ਹੋਈ ਹੱਤਿਆ ਦੇ ਮਾਮਲੇ ਵਿੱਚ ਡਾਕਟਰ ਮਾਈਕਲ ਡੇਵਿਡ ਮੈਕੀ ਨੂੰ ਗ੍ਰਿਫਤਾਰ ਕੀਤਾ ਹੈ ਜੋ ਕਿ ਮੋਨੀਕ ਟੇਪੇ ਦਾ ਸਾਬਕਾ ਪਤੀ ਹੈ। ਮੋਨੀਕ ਤੇ ਮੈਕੀ ਦਾ ਵਿਆਹ ਬਹੁਤ ਥੋੜਾਂ ਸਮਾਂ ਕਾਇਮ ਰਿਹਾ ਸੀ ਤੇ ਕੋਈ ਦਹਾਕਾ ਪਹਿਲਾਂ ਉਨਾਂ ਦਾ ਤਲਾਕ ਹੋ ਗਿਆ ਸੀ। ਮੈਕੀ ਇਲੀਨੋਇਸ ਪੁਲਿਸ ਦੀ ਹਿਰਾਸਤ ਵਿਚ ਹੈ ਤੇ ਉਸ ਵਿਰੁੱਧ ਦੋ ਹੱਤਿਆਵਾਂ ਦੇ ਦੋਸ਼ ਆਇਦ ਕੀਤੇ ਗਏ ਹਨ। ਮੈਕੀ ਨੂੰ ਸੋਮਵਾਰ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਥੇ ਜੱਜ ਨੇ ਕੁਝ ਮਿੰਟਾਂ ਦੀ ਸੁਣਵਾਈ ਉਪਰੰਤ ਉਸ ਨੂੰ ਵਾਪਿਸ ਪੁਲਿਸ ਹਿਰਾਸਤ ਵਿਚ ਭੇਜ ਦਿੱਤਾ। ਮੈਕੀ ਦੇ ਵਕੀਲ ਨੇ ਕਿਹਾ ਹੈ ਕਿ ਉਹ ਦੋਸ਼ੀ ਨਹੀਂ ਹੈ ਤੇ ਇਸ ਸਬੰਧੀ ਉਹ ਛੇਤੀ ਅਪੀਲ ਦਾਇਰ ਕਰੇਗਾ। ਇਥੇ ਜ਼ਿਕਰਯੋਗ ਹੈ ਕਿ ਟੇਪੇ ਪਤੀ-ਪਤਨੀ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਵੇਲੇ ਉਨਾਂ ਦੇ ਦੋ ਛੋਟੇ ਬੱਚੇ ਵੀ ਘਰ ਵਿਚ ਮੌਜੂਦਾ ਸਨ ਜਿਨਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ ਸੀ।

# ਸ੍ਰੀ ਮੁਕਤਸਰ ਸਾਹਿਬ ਦਾ ਗੌਰਵਮਈ ਇਤਿਹਾਸ: ਚਾਲੀ ਮੁਕਤਿਆਂ ਦੀ ਵੀਰਤਾ ਅਤੇ ਇਤਿਹਾਸਕ ਗੁਰਦੁਆਰੇ

**ਬਘੇਲ ਸਿੰਘ ਧਾਲੀਵਾਲ**







ਪੰਜਾਬ ਦੇ ਦਿਲ ਵਿੱਚ ਵੱਸਿਆ ਸ੍ਰੀ ਮੁਕਤਸਰ ਸਾਹਿਬ ਸ਼ਹਿਰ ਸਿੱਖ ਇਤਿਹਾਸ ਦੀ ਇੱਕ ਅਮਰ ਕਹਾਣੀ ਨੂੰ ਆਪਣੀ ਬੁੱਕਲ ਵਿੱਚ ਸੰਭਾਲ ਕੇ ਬੈਠਾ ਹੈ। ਇਹ ਥਾਂ ਉਹ ਹੈ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਆਖਰੀ ਜੰਗ ਲੜੀ ਅਤੇ ਚਾਲੀ ਮੁਕਤਿਆਂ ਨੇ ਆਪਣੇ ਜੀਵਨ ਨੂੰ ਗੁਰੂ ਦੀ ਰੱਖਿਆ ਲਈ ਕੁਰਬਾਨ ਕੀਤਾ। ਅੱਜ ਵੀ ਇਹ ਸ਼ਹਿਰ ਹਰ ਸਾਲ ਮਾਘੀ ਮੇਲੇ ਨਾਲ ਗੂੰਜ ਉੱਠਦਾ ਹੈ ਅਤੇ ਲੱਖਾਂ ਸ਼ਰਧਾਲੂ ਇੱਥੇ ਆ ਕੇ ਆਪਣੇ ਮਨ ਨੂੰ ਸ਼ਾਂਤੀ ਪ੍ਰਾਪਤ ਕਰਦੇ ਹਨ।

ਸ੍ਰੀ ਮੁਕਤਸਰ ਸਾਹਿਬ ਦਾ ਇਤਿਹਾਸ ਬਹੁਤ ਪੁਰਾਣਾ ਹੈ, ਪਰ ਇਸ ਨੂੰ ਅਸਲ ਪਛਾਣ ਮਿਲੀ ਹੈ 1705 ਵਿੱਚ ਹੋਈ ਇੱਕ ਵੱਡੀ ਜੰਗ ਨਾਲ। ਪਹਿਲਾਂ ਇਹ ਥਾਂ ਖਿਦਰਾਣੇ ਦੀ ਢਾਬ ਵਜੋਂ ਜਾਣੀ ਜਾਂਦੀ ਸੀ। ਇਹ ਇੱਕ ਅਜਿਹੀ ਜਗ੍ਹਾ ਸੀ ਜਿੱਥੇ ਚਾਰੇ ਪਾਸੇ ਰੇਤਲਾ ਇਲਾਕਾ ਸੀ ਅਤੇ ਪਾਣੀ ਦੀ ਇੱਕ ਢਾਬ ਜਾਂ ਤਾਲ ਸੀ ਜੋ ਬਾਰਿਸ਼ ਦੇ ਪਾਣੀ ਨਾਲ ਭਰ ਜਾਂਦੀ ਸੀ। ਇਸ ਢਾਬ ਨੇ ਨੇੜੇ-ਤੇੜੇ ਲੋਕਾਂ ਨੂੰ ਪਾਣੀ ਪ੍ਰਦਾਨ ਕੀਤਾ ਅਤੇ ਇਹ ਇਲਾਕਾ ਪਸ਼ੂਆਂ ਲਈ ਚਰਨ ਵਾਲੀ ਥਾਂ ਵਜੋਂ ਮਸ਼ਹੂਰ ਸੀ। ਇਤਿਹਾਸ ਅਨੁਸਾਰ, ਇੱਥੇ ਤਿੰਨ ਖੱਤਰੀ ਭਰਾ - ਖਿਦਰਾਣਾ, ਧਿਗਾਣਾ ਅਤੇ ਰੁਪਾਣਾ - ਨੇ ਤਿੰਨ ਢਾਬਾਂ ਖੁਦਵਾਈਆਂ ਅਤੇ ਆਪਣੇ ਨਾਂ ਨਾਲ ਪਿੰਡ ਵਸਾਏ। ਖਿਦਰਾਣੇ ਖੱਤਰੀ ਨੇ ਇਸ ਢਾਬ ਨੂੰ ਬਣਾਇਆ ਅਤੇ ਇਹ ਈਸ਼ਰ ਸਰ ਵਜੋਂ ਵੀ ਜਾਣੀ ਜਾਂਦੀ ਸੀ।

ਪਰ ਇਸ ਥਾਂ ਨੂੰ ਅਸਲ ਮਹੱਤਤਾ ਮਿਲੀ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇੱਥੇ ਪਹੁੰਚੇ। ਗੱਲ 1704 ਦੀ ਹੈ ਜਦੋਂ ਸ੍ਰੀ ਆਨੰਦਪੁਰ ਸਾਹਿਬ ਨੂੰ ਮੁਗਲਾਂ ਅਤੇ ਪਹਾੜੀ ਰਾਜਿਆਂ ਨੇ ਘੇਰ ਲਿਆ ਸੀ। ਇਹ ਘੇਰਾ ਅੱਠ ਮਹੀਨੇ ਚੱਲਿਆ ਅਤੇ ਗੁਰੂ ਜੀ ਦੇ ਸਿੱਖਾਂ ਨੂੰ ਭੁੱਖ ਅਤੇ ਪਾਣੀ ਦੀ ਕਮੀ ਨਾਲ ਜੂਝਣਾ ਪਿਆ। ਇਸ ਮੁਸ਼ਕਲ ਸਮੇਂ ਵਿੱਚ ਕੁਝ ਸਿੱਖਾਂ ਨੇ, ਜਿਨ੍ਹਾਂ ਦੀ ਗਿਣਤੀ 40 ਸੀ, ਗੁਰੂ ਜੀ ਨੂੰ ਬੇਦਾਵਾ ਦਿੱਤਾ ਅਤੇ ਆਨੰਦਪੁਰ ਛੱਡ ਕੇ ਚਲੇ ਗਏ। ਬੇਦਾਵਾ ਇੱਕ ਅਜਿਹਾ ਪੱਤਰ ਸੀ ਜਿਸ ਵਿੱਚ ਉਨ੍ਹਾਂ ਨੇ ਲਿਖਿਆ ਕਿ ਉਹ ਗੁਰੂ ਜੀ ਨਾਲ ਨਹੀਂ ਰਹਿਣਾ ਚਾਹੁੰਦੇ। ਪਰ ਜਦੋਂ ਉਹ ਘਰ ਪਹੁੰਚੇ ਤਾਂ ਉਨ੍ਹਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਖਾਸ ਕਰਕੇ ਮਾਈ ਭਾਗ ਕੌਰ ਜੀ ਨੇ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਵਾਪਸ ਜਾ ਕੇ ਗੁਰੂ ਜੀ ਦਾ ਸਾਥ ਦੇਣ।

ਇਸੇ ਸਮੇਂ ਗੁਰੂ ਜੀ ਆਨੰਦਪੁਰ ਛੱਡ ਕੇ ਚਲੇ ਗਏ ਅਤੇ ਮੁਗਲ ਫੌਜਾਂ ਨੇ ਉਨ੍ਹਾਂ ਦਾ ਪਿੱਛਾ ਕੀਤਾ। ਰਸਤੇ ਵਿੱਚ ਗੁਰੂ ਜੀ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਹ ਚਮਕੌਰ ਦੀ ਗੜ੍ਹੀ ਵਿੱਚ ਲੜੇ, ਜਿੱਥੇ ਉਨ੍ਹਾਂ ਦੇ ਦੋ ਵੱਡੇ ਸਾਹਿਬਜ਼ਾਦੇ ਸ਼ਹੀਦ ਹੋਏ। ਫਿਰ ਉਹ ਮਾਛੀਵਾੜੇ ਦੇ ਜੰਗਲਾਂ ਵਿੱਚੋਂ ਹੁੰਦੇ ਹੋਏ ਦੀਨਾ ਕਾਂਗੜ ਪਹੁੰਚੇ ਅਤੇ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖਿਆ। ਆਖਰ ਵਿੱਚ ਉਹ ਖਿਦਰਾਣੇ ਦੀ ਢਾਬ ਵੱਲ ਵਧੇ, ਜਿੱਥੇ ਮੁਗਲ ਫੌਜਾਂ ਨੇ ਹਮਲਾ ਕੀਤਾ। ਇੱਥੇ ਹੀ ਉਹ 40 ਸਿੱਖ ਵਾਪਸ ਆ ਗਏ ਅਤੇ ਮਾਈ ਭਾਗ ਕੌਰ ਦੀ ਅਗਵਾਈ ਵਿੱਚ ਲੜੇ। ਇਹ ਜੰਗ 29 ਦਸੰਬਰ 1705 ਨੂੰ ਹੋਈ ਅਤੇ ਚਾਲੀ ਸਿੱਖਾਂ ਨੇ ਆਪਣੇ ਜੀਵਨ ਨੂੰ ਕੁਰਬਾਨ ਕੀਤਾ ਤੇ ਮੁਗਲਾਂ ਨੂੰ ਹਰਾਇਆ।

ਜੰਗ ਤੋਂ ਬਾਅਦ ਗੁਰੂ ਜੀ ਮੈਦਾਨ ਵਿੱਚ ਆਏ ਅਤੇ ਸ਼ਹੀਦਾਂ ਨੂੰ ਸਨਮਾਨ ਦਿੱਤਾ। ਉਨ੍ਹਾਂ ਨੇ ਹਰ ਸ਼ਹੀਦ ਨੂੰ ਬਖਸ਼ਿਸ਼ਾਂ ਦਿੱਤੀਆਂ ਜਿਵੇਂ "ਇਹ ਮੇਰਾ ਪੰਜ ਹਜ਼ਾਰੀ ਹੈ" ਜਾਂ "ਇਹ ਮੇਰਾ ਦਸ ਹਜ਼ਾਰੀ ਹੈ"। ਭਾਈ ਮਹਾਂ ਸਿੰਘ ਜੀ ਅਜੇ ਜਿਉਂਦੇ ਸਨ ਅਤੇ ਉਨ੍ਹਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਬੇਦਾਵਾ ਵਾਲੇ ਪੱਤਰ ਨੂੰ ਫਾੜ ਦਿਓ। ਗੁਰੂ ਜੀ ਨੇ ਉਹ ਪੱਤਰ ਟੁਕੜੇ-ਟੁਕੜੇ ਕਰ ਦਿੱਤੇ ਅਤੇ ਕਿਹਾ ਕਿ ਇਹ ਚਾਲੀ ਸਿੱਖ ਹੁਣ ਮੁਕਤ ਹੋ ਗਏ ਹਨ। ਇਸ ਕਰਕੇ ਥਾਂ ਦਾ ਨਾਂ ਖਿਦਰਾਣੇ ਦੀ ਢਾਬ ਤੋਂ ਮੁਕਤਸਰ ਸਾਹਿਬ ਪੈ ਗਿਆ। ਗੁਰੂ ਜੀ ਨੇ ਆਪਣੇ ਹੱਥੀਂ ਸ਼ਹੀਦਾਂ ਦਾ ਸਸਕਾਰ ਕੀਤਾ ਅਤੇ ਉਨ੍ਹਾਂ ਨੂੰ ਮੁਕਤਿਆਂ ਦੀ ਉਪਾਧੀ ਦਿੱਤੀ। ਇਹ ਘਟਨਾ ਸਿੱਖ ਇਤਿਹਾਸ ਵਿੱਚ ਚਾਲੀ ਮੁਕਤੇ ਵਜੋਂ ਜਾਣੀ ਜਾਂਦੀ ਹੈ ਅਤੇ ਹਰ ਰੋਜ਼ ਅਰਦਾਸ ਵਿੱਚ ਯਾਦ ਕੀਤੀ ਜਾਂਦੀ ਹੈ। ਸ੍ਰੀ ਮੁਕਤਸਰ ਸਾਹਿਬ ਵਿੱਚ ਅੱਠ ਇਤਿਹਾਸਕ ਗੁਰਦੁਆਰੇ ਹਨ ਜੋ ਇਸ ਜੰਗ ਅਤੇ ਗੁਰੂ ਜੀ ਨਾਲ ਜੁੜੇ ਹਨ। ਇਹ ਗੁਰਦੁਆਰੇ ਸ਼ਰਧਾਲੂਆਂ ਲਈ ਵੱਡੀ ਮਹੱਤਤਾ ਰੱਖਦੇ ਹਨ ਅਤੇ ਹਰ ਸਾਲ ਮਾਘੀ ਮੇਲੇ ਸਮੇਂ ਇੱਥੇ ਵੱਡੀ ਗਿਣਤੀ ਵਿੱਚ ਲੋਕ ਆਉਂਦੇ ਹਨ। ਆਓ ਇਨ੍ਹਾਂ ਬਾਰੇ ਵਿਸਥਾਰ ਨਾਲ ਜਾਣੀਏ।

ਗੁਰਦੁਆਰਾ ਟੁੱਟੀ ਗੰਢੀ ਸਾਹਿਬ: ਇਹ ਮੁੱਖ ਗੁਰਦੁਆਰਾ ਹੈ ਜੋ ਸ੍ਰੀ ਦਰਬਾਰ ਸਾਹਿਬ ਵਜੋਂ ਵੀ ਜਾਣਿਆ ਜਾਂਦਾ ਹੈ। ਇੱਥੇ ਹੀ ਗੁਰੂ ਜੀ ਨੇ ਚਾਲੀ ਮੁਕਤਿਆਂ ਨੂੰ ਬਖਸ਼ਿਸ਼ਾਂ ਦਿੱਤੀਆਂ ਅਤੇ ਬੇਦਾਵਾ ਪੱਤਰ ਨੂੰ ਫਾੜ ਕੇ ਟੁੱਟੀ ਗੰਢੀ ਕੀਤੀ। ਇਸ ਥਾਂ ਨਾਲ ਇੱਕ ਪੁਰਾਣਾ ਵਣ ਵੀ ਜੁੜਿਆ ਹੈ ਜਿੱਥੇ ਗੁਰੂ ਜੀ ਨੇ ਆਪਣਾ ਘੋੜਾ ਬੰਨ੍ਹਿਆ ਸੀ। ਇੱਥੇ ਇੱਕ ਪਵਿੱਤਰ ਸਰੋਵਰ ਵੀ ਹੈ ਜਿੱਥੇ ਸ਼ਰਧਾਲੂ ਇਸ਼ਨਾਨ ਕਰਦੇ ਹਨ। ਇਹ ਗੁਰਦੁਆਰਾ ਚਾਲੀ ਮੁਕਤਿਆਂ ਦੀ ਯਾਦ ਵਿੱਚ ਬਣਿਆ ਹੈ ਅਤੇ ਇੱਥੇ ਹਰ ਸਾਲ ਵੱਡੇ ਸਮਾਗਮ ਹੁੰਦੇ ਹਨ।

ਗੁਰਦੁਆਰਾ ਤੰਬੂ ਸਾਹਿਬ: ਇਹ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਤੋਂ ਨੇੜੇ ਹੈ ਅਤੇ ਸਰੋਵਰ ਦੀ ਸੱਜੀ ਪਾਸੇ ਹੈ। ਜੰਗ ਤੋਂ ਪਹਿਲਾਂ ਸਿੱਖਾਂ ਨੇ ਇੱਥੇ ਝਾੜੀਆਂ ਉੱਤੇ ਆਪਣੇ ਕੱਪੜੇ ਪਾ ਕੇ ਤੰਬੂਆਂ ਵਾਂਗ ਬਣਾਏ ਤਾਂ ਜੋ ਦੁਸ਼ਮਣ ਨੂੰ ਲੱਗੇ ਕਿ ਇੱਥੇ ਵੱਡੀ ਫੌਜ ਹੈ। ਇਸ ਨਾਲ ਸਿੱਖਾਂ ਨੂੰ ਜੰਗ ਵਿੱਚ ਫਾਇਦਾ ਮਿਲਿਆ ਅਤੇ ਉਹ ਦੂਜੇ ਪਾਸੇ ਡੱਟ ਕੇ ਲੜੇ। ਇਹ ਗੁਰਦੁਆਰਾ ਉਸ ਚਲਾਕੀ ਅਤੇ ਵੀਰਤਾ ਨੂੰ ਯਾਦ ਕਰਵਾਉਂਦਾ ਹੈ।

ਗੁਰਦੁਆਰਾ ਮਾਤਾ ਭਾਗ ਕੌਰ ਜੀ: ਇਹ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਨੇੜੇ ਹੈ ਅਤੇ ਮਾਤਾ ਭਾਗ ਕੌਰ ਜੀ ਦੀ ਯਾਦ ਵਿੱਚ ਬਣਿਆ ਹੈ। ਮਾਈ ਭਾਗ ਕੌਰ ਨੇ ਚਾਲੀ ਸਿੱਖਾਂ ਨੂੰ ਪ੍ਰੇਰਿਤ ਕੀਤਾ ਅਤੇ ਆਪ ਵੀ ਜੰਗ ਵਿੱਚ ਲੜੀਆਂ। ਉਹ ਇੱਕ ਬਹਾਦਰ ਔਰਤ ਵਜੋਂ ਜਾਣੀਆਂ ਜਾਂਦੀਆਂ ਹਨ ਅਤੇ ਸਿੱਖ ਇਤਿਹਾਸ ਵਿੱਚ ਉਨ੍ਹਾਂ ਦਾ ਨਾਂ ਸਨਮਾਨ ਨਾਲ ਲਿਆ ਜਾਂਦਾ ਹੈ। ਇੱਥੇ ਸ਼ਰਧਾਲੂ ਉਨ੍ਹਾਂ ਨੂੰ ਯਾਦ ਕਰਕੇ ਪ੍ਰੇਰਨਾ ਲੈਂਦੇ ਹਨ।

ਗੁਰਦੁਆਰਾ ਸ਼ਹੀਦ ਗੰਜ ਸਾਹਿਬ: ਇਹ ਸਥਾਨ ਸ੍ਰੀ ਦਰਬਾਰ ਸਾਹਿਬ ਦੇ ਪਿੱਛੇ ਹੈ ਅਤੇ ਗੁਰਦੁਆਰਾ ਅੰਗੀਠਾ ਸਾਹਿਬ ਵਜੋਂ ਵੀ ਜਾਣਿਆ ਜਾਂਦਾ ਹੈ। ਇੱਥੇ ਗੁਰੂ ਜੀ ਨੇ ਚਾਲੀ ਸ਼ਹੀਦਾਂ ਦਾ ਆਪਣੇ ਹੱਥੀਂ ਸਸਕਾਰ ਕੀਤਾ। ਇਹ ਥਾਂ ਸ਼ਹੀਦੀ ਨੂੰ ਯਾਦ ਕਰਵਾਉਂਦੀ ਹੈ ਅਤੇ ਸ਼ਰਧਾਲੂ ਇੱਥੇ ਆ ਕੇ ਨਮਨ ਕਰਦੇ ਹਨ।

ਗੁਰਦੁਆਰਾ ਟਿੱਬੀ ਸਾਹਿਬ: ਇਹ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤੋਂ ਕੁਝ ਦੂਰ ਹੈ। ਇੱਥੇ ਗੁਰੂ ਜੀ ਇੱਕ ਉੱਚੀ ਟਿੱਬੀ ਉੱਤੇ ਬੈਠ ਕੇ ਦੁਸ਼ਮਣ ਉੱਤੇ ਤੀਰ ਚਲਾਉਂਦੇ ਰਹੇ ਅਤੇ ਫੌਜ ਉੱਤੇ ਨਜ਼ਰ ਰੱਖੀ। ਇਹ ਥਾਂ ਜੰਗ ਦੀ ਰਣਨੀਤੀ ਨੂੰ ਦਰਸਾਉਂਦੀ ਹੈ ਅਤੇ ਗੁਰੂ ਜੀ ਦੀ ਬਹਾਦਰੀ ਨੂੰ ਯਾਦ ਕਰਵਾਉਂਦੀ ਹੈ।

ਗੁਰਦੁਆਰਾ ਦਾਤਣਸਰ ਸਾਹਿਬ: ਇਹ ਸਥਾਨ ਟਿੱਬੀ ਸਾਹਿਬ ਨੇੜੇ ਹੈ ਜਿੱਥੇ ਗੁਰੂ ਜੀ ਨੇ ਸਵੇਰੇ ਦਾਤਣ ਕੀਤੀ। ਇੱਥੇ ਹੀ ਇੱਕ ਮੁਗਲ ਨੂਰਦੀਨ ਨੂੰ ਗੁਰੂ ਜੀ ਨੇ ਮਾਰਿਆ ਜੋ ਭੇਸ ਬਦਲ ਕੇ ਗੁਰੂ ਜੀ ਨੂੰ ਨੁਕਸਾਨ ਪਹੁੰਚਾਉਣ ਆਇਆ ਸੀ। ਸ਼ਰਧਾਲੂ ਇੱਥੇ ਆ ਕੇ ਗੁਰੂ ਜੀ ਨੂੰ ਯਾਦ ਕਰਦੇ ਹਨ।

ਗੁਰਦੁਆਰਾ ਰਕਾਬਸਰ ਸਾਹਿਬ: ਇਹ ਥਾਂ ਉਹ ਹੈ ਜਿੱਥੇ ਗੁਰੂ ਜੀ ਦੇ ਘੋੜੇ ਦੀ ਰਕਾਬ ਟੁੱਟ ਗਈ ਜਦੋਂ ਉਹ ਟਿੱਬੀ ਸਾਹਿਬ ਤੋਂ ਉਤਰ ਕੇ ਰਣ ਭੂਮੀ ਵੱਲ ਜਾ ਰਹੇ ਸਨ। ਇੱਥੇ ਉਹ ਟੁੱਟੀ ਰਕਾਬ ਅਜੇ ਵੀ ਸੰਭਾਲੀ ਗਈ ਹੈ ਅਤੇ ਸ਼ਰਧਾਲੂ ਇਸ ਨੂੰ ਵੇਖ ਕੇ ਗੁਰੂ ਜੀ ਦੀ ਯਾਦ ਵਿੱਚ ਡੁੱਬ ਜਾਂਦੇ ਹਨ।

ਗੁਰਦੁਆਰਾ ਤਰਨ ਤਾਰਨ ਸਾਹਿਬ: ਇਹ ਗੁਰਦੁਆਰਾ ਸ਼ਹਿਰ ਦੇ ਬਠਿੰਡਾ ਰੋਡ ਉੱਤੇ ਹੈ। ਗੁਰੂ ਜੀ ਖਿਦਰਾਣੇ ਤੋਂ ਰੁਪਾਣੇ ਜਾਂਦੇ ਸਮੇਂ ਇੱਥੇ ਰੁਕੇ ਅਤੇ ਇੱਕ ਛੱਪੜੀ ਵਿੱਚ ਇਸ਼ਨਾਨ ਨੂੰ ਬਖਸ਼ਿਸ਼ ਦਿੱਤੀ ਕਿ ਜੋ ਵੀ ਇੱਥੇ ਇਸ਼ਨਾਨ ਕਰੇਗਾ ਉਸ ਦੇ ਦੁੱਖ ਦੂਰ ਹੋ ਜਾਣਗੇ। ਇਹ ਥਾਂ ਬਿਮਾਰੀਆਂ ਅਤੇ ਤਕਲੀਫਾਂ ਨੂੰ ਦੂਰ ਕਰਨ ਵਾਲੀ ਵਜੋਂ ਮਸ਼ਹੂਰ ਹੈ।

ਇਨ੍ਹਾਂ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ ਅਤੇ ਸ਼ਰਧਾਲੂਆਂ ਲਈ ਸਾਰੀਆਂ ਸਹੂਲਤਾਂ ਮੌਜੂਦ ਹਨ। ਹਰ ਸਾਲ 1 ਮਾਘ ਨੂੰ ਮਾਘੀ ਮੇਲਾ ਲੱਗਦਾ ਹੈ ਜਿੱਥੇ ਲੱਖਾਂ ਲੋਕ ਆਉਂਦੇ ਹਨ। ਮੇਲੇ ਵਿੱਚ ਨਿਹੰਗ ਸਿੰਘ ਜਥੇਬੰਦੀਆਂ ਘੋੜ ਦੌੜਾਂ ਅਤੇ ਗੱਤਕੇ ਦੇ ਜੌਹਰ ਵਿਖਾਉਂਦੀਆਂ ਹਨ। ਇਹ ਮੇਲਾ ਚਾਲੀ ਮੁਕਤਿਆਂ ਨੂੰ ਯਾਦ ਕਰਨ ਵਾਲਾ ਹੈ ਅਤੇ ਇੱਥੇ ਵੱਖ-ਵੱਖ ਦੇਸ਼ਾਂ ਤੋਂ ਲੋਕ ਆਉਂਦੇ ਹਨ।

ਸ੍ਰੀ ਮੁਕਤਸਰ ਸਾਹਿਬ ਅੱਜ ਇੱਕ ਜ਼ਿਲ੍ਹਾ ਹੈ ਅਤੇ ਇਸ ਨੂੰ 2012 ਵਿੱਚ ਅਧਿਕਾਰਕ ਤੌਰ ਤੇ ਸ੍ਰੀ ਮੁਕਤਸਰ ਸਾਹਿਬ ਨਾਂ ਦਿੱਤਾ ਗਿਆ। ਇਹ ਥਾਂ ਨਾ ਸਿਰਫ ਧਾਰਮਿਕ ਹੈ ਬਲਕਿ ਇਤਿਹਾਸਕ ਵੀ ਹੈ ਅਤੇ ਸੈਲਾਨੀ ਵੀ ਇੱਥੇ ਆਉਂਦੇ ਹਨ। ਇਹ ਥਾਂ ਸਿੱਖਾਂ ਨੂੰ ਭੁੱਲਾਂ ਨੂੰ ਮਾਫ ਕਰਨ ਅਤੇ ਵਾਪਸ ਗੁਰੂ ਨਾਲ ਜੁੜਨ ਦੀ ਸਿੱਖਿਆ ਦਿੰਦੀ ਹੈ।

ਇਸ ਇਤਿਹਾਸ ਨੇ ਸ੍ਰੀ ਮੁਕਤਸਰ ਸਾਹਿਬ ਨੂੰ ਇੱਕ ਪੂਜਨੀਕ ਥਾਂ ਬਣਾਇਆ ਹੈ ਅਤੇ ਅੱਜ ਵੀ ਇਹ ਸਿੱਖਾਂ ਲਈ ਪ੍ਰੇਰਨਾ ਦਾ ਸੋਮਾ ਹੈ।

* * * * * * *

# "ਨ਼ਫ਼ਰਤ" ਦੇ ਅੰਗ-ਸੰਗ ਦੇਸ਼ ਮਹਾਨ

ਗੁਰਮੀਤ ਸਿੰਘ ਪਲਾਹੀ
9815802070



ਨਸਲਵਾਦ, ਨ਼ਫ਼ਰਤੀ ਭਾਸ਼ਣਾਂ ਅਤੇ ਬਿਆਨਾਂ ਉੱਤੇ, ਕਿਸੇ ਸਰਕਾਰੀ ਗਠਿਤ ਕਮੇਟੀ ਦੀਆਂ ਸਿਫ਼ਾਰਸ਼ਾਂ ਅਤੇ ਸੁਪਰੀਮ ਕੋਰਟ ਦੀਆਂ ਤਿੱਖੀਆਂ ਟਿਪਣੀਆਂ ਨਾਲ ਕੀ ਲਗਾਮ ਲਗਾਈ ਜਾ ਸਕਦੀ ਹੈ? ਜੇਕਰ ਅਜਿਹਾ ਹੁੰਦਾ ਤਾਂ ਨਸਲੀ ਨ਼ਫ਼ਰਤ ਅਪਰਾਧ ਵਿੱਚ ਤ੍ਰਿਪੁਰਾ ਦੇ 24 ਵਰ੍ਹਿਆਂ ਦੇ ਵਿਦਿਆਰਥੀ ਏਂਜੇਲ ਚਕਮਾ ਦੀ ਸਾਲ 2025 ਨੂੰ ਜਾਨ ਨਾ ਜਾਂਦੀ। ਸਾਲ 2014 ਵਿੱਚ ਅਰੁਣਾਂਚਲ ਪ੍ਰਦੇਸ਼ ਦੇ ਵਿਦਆਰਥੀ ਨੀਡੋ ਤਾਨੀਅਮ ਦੀ ਦਿੱਲੀ ਵਿੱਚ ਨਸਲੀ ਨ਼ਫ਼ਰਤ ਨਾਲ ਹੋਈ ਮੌਤ ਦੇ 11 ਵਰ੍ਹਿਆਂ ਬਾਅਦ ਵੀ ਕੁਝ ਨਹੀਂ ਬਦਲਿਆ, ਜਦਕਿ ਇਸ ਵਾਰਦਾਤ ਬਾਅਦ ਸਰਕਾਰ ਵੱਲੋਂ ਬੇਜ਼ਬਰੂਆ ਸੰਮਤੀ ਬਣਾਈ ਸੀ। ਉਸ ਸਮਿਤੀ ਦੀਆਂ ਸਿਫ਼ਾਰਸ਼ਾਂ ਸ਼ਾਇਦ ਦੇਸ਼ ਦੀ ਰਾਜਧਾਨੀ ਤੱਕ ਸੀਮਤ ਰਹਿ ਗਈਆਂ। ਨੀਡੋ ਤੋਂ ਬਾਅਦ ਏਂਜੇਲ ਚਕਮਾ ਦੀ ਮੌਤ ਨੇ ਸਰਕਾਰੀ ਵਿਵਸਥਾ ਦੇ ਖੋਖਲੇਪਨ ਨੂੰ ਜੱਗ ਜ਼ਾਹਿਰ ਕੀਤਾ ਹੈ। ਇਸ ਘਟਨਾ ਨੇ ਚਿਤਾਵਨੀ ਦਿੱਤੀ ਹੈ ਕਿ ਦੇਸ਼ ਵਿੱਚ ਰੰਗ-ਰੂਪ, ਜਾਤੀ, ਨਸਲ ਅਤੇ ਧਰਮ ਨੂੰ ਲੈ ਕੇ ਨ਼ਫ਼ਰਤੀ ਵਰਤਾਰਾ ਡੂੰਘਾਈ ਤੱਕ ਲੋਕ ਮਨਾਂ 'ਚ ਘਰ ਕਰ ਚੁੱਕਾ ਹੈ। ਲੋਕਤੰਤਰਿਕ ਤਰੀਕੇ ਨਾਲ ਚੁਣੇ ਗਏ ਲੋਕ ਪ੍ਰਤੀਨਿਧਾਂ ਤੋਂ ਲੈ ਕੇ ਮਜ਼ਹਬੀ ਨੇਤਾ ਤੱਕ ਨਸਲੀ ਮਾਨਸਿਕਤਾ ਦੇ ਸ਼ਿਕਾਰ ਹਨ। ਸਾਲ 2023 ਵਿੱਚ 107 ਵਿਧਾਇਕਾਂ ਅਤੇ ਸੰਸਦ ਮੈਂਬਰਾਂ ਉੱਤੇ ਨ਼ਫ਼ਰਤੀ ਭਾਸ਼ਣ ਦੇ ਮਾਮਲੇ ਦਰਜ ਹੋਏ।

ਏ.ਡੀ.ਆਰ. (ਐਸੋਸੀਏਸ਼ਨ ਆਫ਼ ਡੈਮੋਕਰੇਟਿਕ ਰਿਫਾਰਮਜ਼) ਦੀ 2023 ਦੀ ਰਿਪੋਰਟ ਅਨੁਸਾਰ 4748 ਵਿਧਾਇਕਾਂ ਅਤੇ ਸੰਸਦ ਮੈਂਬਰਾਂ ਵਿੱਚ ਜਿਹੜੇ 107 ਵਿਧਾਇਕਾਂ ਸੰਸਦ ਮੈਂਬਰਾਂ 'ਤੇ ਨ਼ਫ਼ਰਤੀ ਭਾਸ਼ਣਾਂ ਦੇ ਮੁਕੱਦਮੇ ਦਰਜ ਹਨ, ਉਹਨਾਂ ਵਿੱਚੋਂ 22 ਭਾਜਪਾ ਦੇ ਮੈਂਬਰ ਹਨ। ਇਹਨਾਂ ਵਿੱਚੋਂ ਜਿਆਦਾ ਬਿਹਾਰ, ਉੱਤਰ ਪ੍ਰਦੇਸ਼, ਮਹਾਰਾਸ਼ਟਰ ਦੇ ਵਿਧਾਇਕ ਅਤੇ ਸਾਂਸਦ ਹਨ, ਜਿਹਨਾਂ ਉੱਤੇ ਨ਼ਫ਼ਰਤੀ ਭਾਸ਼ਣਾਂ ਦੇ ਮਾਮਲੇ ਦਰਜ ਹਨ। ਸ਼ਿਵ ਸੈਨਾ, ਤ੍ਰਿਮੂਲ ਕਾਂਗਰਸ, ਡੀਐਮਕੇ ਅਤੇ ਕਾਂਗਰਸ ਸਿਆਸੀ ਦਲ ਦੇ ਵਿਧਾਇਕਾਂ, ਸੰਸਦ ਮੈਂਬਰਾਂ ਉੱਤੇ ਰਿਪੋਰਟ ਅਨੁਸਾਰ ਮਾਮਲੇ ਦਰਜ ਕੀਤੇ ਮਿਲਦੇ ਹਨ।

ਨ਼ਫ਼ਰਤੀ ਭਾਸ਼ਣ ਅਤੇ ਲਿਖਤਾਂ ਦੇ ਉਦਾਹਰਨ ਧਰਮ ਉੱਤੇ ਅਧਾਰਿਤ ਹਨ। ਨ਼ਫ਼ਰਤ ਦੇ ਹੋਰ ਕਾਰਨ ਨਸਲ,ਭਾਸ਼ਾ ਅਤੇ ਜਾਤੀ ਹੈ। ਅਸਲ ਵਿੱਚ ਇਹ ਸਭ ਕੁਝ ਧਰਮ ਨਿਰਪੱਖਤਾ ਦੇ ਪਤਨ ਨਾਲ ਪੈਦਾ ਹੋਇਆ ਹੈ। ਇੱਥੇ ਇਹ ਵਰਨਣ ਕਰਨਾ ਕੁਥਾਂਹ ਨਹੀਂ ਹੋਏਗਾ ਕਿ ਭਾਰਤ ਦਾ ਵਿਚਾਰ ਨਾਗਰਿਕਤਾ ਦੀ ਨੀਂਹ ਉੱਤੇ ਰੱਖਿਆ ਗਿਆ ਹੈ, ਨਾ ਕਿ ਧਰਮ, ਨਸਲ, ਜਾਤੀ ਜਾਂ ਭਾਸ਼ਾ ਉੱਤੇ। ਨ਼ਫ਼ਰਤ ਫੈਲਾਉਣ ਵਾਲੇ ਮੁੱਖ ਦੋਸ਼ੀ, ਮਹੱਤਵਪੂਰਨ ਅਹੁਦਿਆਂ 'ਤੇ ਬੈਠੇ ਨੇਤਾ ਅਤੇ ਰਾਜ-ਭਾਗ ਸੰਭਾਲਣ ਵਾਲੇ ਕੁਝ ਸ਼ਕਤੀਸ਼ਾਲੀ ਸੰਗਠਨ ਹਨ। ਉਹਨਾਂ ਦੇ ਸ਼ਬਦ, ਕੰਮ ਜਾਂ ਚੁੱਪ ਨ਼ਫ਼ਰਤ ਫੈਲਾਉਣ ਵਾਲਿਆਂ ਨੂੰ ਜ਼ੁਲਮ ਕਰਨ ਲਈ ਉਤਸ਼ਾਹਤ ਕਰਦੇ ਹਨ।

ਸਭ ਤੋਂ ਸਪੱਸ਼ਟ ਨ਼ਫ਼ਰਤ ਭਾਰਤ 'ਚ ਘੱਟ ਗਿਣਤੀ ਮੁਸਲਮਾਨਾਂ, ਉਹਨਾਂ ਦੇ ਪਹਿਰਾਵੇ, ਖਾਣ-ਪੀਣ ਅਤੇ ਧਾਰਮਿਕ ਸਥਾਨਾਂ ਦੇ ਖ਼ਿਲਾਫ਼ ਦਿਖਦੀ ਹੈ। ਖੋਖਲਾ ਤਰਕ ਦਿੱਤਾ ਜਾਂਦਾ ਹੈ ਕਿ ਮੁਸਲਮਾਨਾਂ ਨੇ ਭਾਰਤ ਉੱਤੇ ਹਮਲੇ ਕੀਤੇ ਅਤੇ ਕਈ ਥਾਵਾਂ 'ਤੇ ਛੇ ਸਦੀਆਂ ਰਾਜ ਕੀਤਾ ਅਤੇ ਹਿੰਦੂਆਂ ਦੇ ਲਈ ਹੁਣ ਅਧਿਕਾਰ ਸਥਾਪਿਤ ਕਰਨ ਦਾ ਸਮਾਂ ਹੈ। ਨ਼ਫ਼ਰਤ ਦਾ ਦੂਜਾ ਨਿਸ਼ਾਨਾ ਈਸਾਈ ਭਾਈਚਾਰਾ ਬਣਦਾ ਹੈ। ਕਈ ਥਾਈਂ ਦੇਸ਼ 'ਚ ਗਿਰਜ਼ਾਂ ਘਰਾਂ ਦੀ ਤੋੜ-ਫੋੜ ਹੁੰਦੀ ਹੈ। ਬਿਨਾਂ ਸ਼ੱਕ ਦੇਸ਼ ਦੀ ਵੱਡੀ ਗਿਣਤੀ ਜਨਤਾ ਡਾ. ਏ.ਪੀ. ਜੇ.ਅਬਦੁਲ ਕਲਾਮ ਅਤੇ ਮਦਰ ਟੇਰੇਸਾ ਦਾ ਆਦਰ ਕਰਦੀ ਹੈ, ਪਰ ਇੱਕ ਛੋਟਾ ਜਿਹਾ ਵਰਗ ਮੁਸਲਮਾਨਾਂ ਅਤੇ ਈਸਾਈਆਂ ਖ਼ਿਲਾਫ਼ ਨ਼ਫ਼ਰਤ ਫੈਲਾਉਂਦਾ ਹੈ।

ਕਦੇ ਦੇਸ਼ ਵਿੱਚ ਧਰਮ ਨਿਰਪੱਖ ਸ਼ਬਦ ਆਮ ਬੋਲਚਾਲ ਵਿੱਚ ਵਰਤੋਂ 'ਚ ਆਉਂਦਾ ਸੀ। ਅੱਜ ਇਹ ਸ਼ਬਦ ਗ਼ਾਇਬ ਹੋ ਰਿਹਾ ਹੈ। ਧਰਮ ਨਿਰਪੱਖਤਾ ਦਾ ਅਰਥ ਹੀ ਬਦਲ ਦਿੱਤੇ ਗਏ ਹਨ। ਮੁਲ ਰੂਪ ਵਿੱਚ ਧਰਮ ਨਿਰਪੱਖਤਾ ਦਾ ਅਰਥ ਰਾਜ ਅਤੇ ਧਰਮ ਦਾ ਆਪਸੀ ਅਲਗਾਓ ਸੀ, ਭਾਵ ਧਰਮ ਅਤੇ ਰਾਜਨੀਤੀ ਵੱਖੋ-ਵੱਖਰੇ ਹਨ। ਲੇਕਿਨ ਬਾਅਦ ਵਿੱਚ ਇਸ ਦਾ ਅਰਥ ਇਹ ਹੋ ਗਿਆ ਕਿ ਇੱਕ ਧਰਮ ਨਿਰਪੱਖ ਵਿਅਕਤੀ ਦੇ ਮੂਲ ਤਰਕ ਅਤੇ ਮਾਨਵਤਾਵਾਦ ਉੱਤੇ ਅਧਾਰਤ ਹੁੰਦੇ ਹਨ ਨਾ ਕਿ ਧਾਰਮਿਕ ਸਿਧਾਂਤਾਂ ਉੱਤੇ। ਪਰ ਦਹਾਕੇ 'ਚ ਖ਼ਾਸ ਕਰਕੇ ਧਰਮ ਅਤੇ ਰਾਜਨੀਤੀ ਰਲਗਡ ਕਰ ਦਿੱਤੇ ਗਏ ਹਨ। ਰਾਮ ਮੰਦਰ ਦੀ ਉਸਾਰੀ 'ਚ ਸਰਕਾਰਾਂ ਦੀ ਭੂਮਿਕਾ, ਦੇਸ਼ ਵਿੱਚ ਘੱਟ ਗਿਣਤੀਆਂ ਨਾਲ ਵਰਤਾਓ, ਪ੍ਰਧਾਨ ਮੰਤਰੀ ਦੀ ਵਿਸ਼ੇਸ਼ ਧਰਮ ਪ੍ਰਤੀ ਭੂਮਿਕਾ, ਪਿਛਲੇ ਸਮੇਂ ਬਾਬਰੀ ਮਸਜਿਦ ਦਾ ਢਹਿ-ਢੇਰੀ ਕਰਨਾ, ਮੁਸਲਿਮ ਧਾਰਮਿਕ ਸਿਆਸੀ ਨੇਤਾਵਾਂ ਵੱਲੋਂ ਪੱਛਮੀ ਬੰਗਾਲ 'ਚ ਬਾਬਰੀ ਮਸਜਿਦ ਦੀ ਉਸਾਰੀ ਦਾ ਐਲਾਨ ਅਤੇ ਸੈਂਕੜੇ ਹੋਰ ਇਹੋ ਜਿਹੀਆਂ ਘਟਨਾਵਾਂ ਨੇ ਦੇਸ਼ 'ਚ ਨ਼ਫ਼ਰਤੀ ਮਾਹੌਲ ਸਿਰਜਨ 'ਚ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਸਾਲ 2025 'ਚ ਤਾਂ ਨ਼ਫ਼ਰਤੀ ਸ਼ਬਦ ਦੇ ਬੋਲਬਾਲੇ ਨੇ "ਸਿੰਦੂਰ" ਸ਼ਬਦ ਨੂੰ ਫਿੱਕਾ ਕਰ ਦਿੱਤਾ। "ਰੋਜ਼ਗਾਰ" ਦੀ ਮੰਗ ਜ਼ੋਰ ਤਾਂ ਫੜੀ, ਅਰਥ ਵਿਵਸਥਾ ਅਤੇ ਅਮਰੀਕੀ ਟੈਰਿਫ ਸ਼ਬਦ ਨੇ ਵੀ ਦੇਸ਼ 'ਚ ਕੁਹਰਾਮ ਮਚਾਇਆ, ਪਰ 'ਨ਼ਫ਼ਰਤ' ਸ਼ਬਦ ਨੇ ਵਿਸ਼ਵ ਭਰ 'ਚ ਭਾਰਤ ਦੀ ਭੂਮਿਕਾ, ਦਿੱਖ, ਕਾਰਗੁਜ਼ਾਰੀ ਉੱਤੇ ਵੱਡੇ ਕਾਲੇ ਧੱਬੇ ਵਿਖੇਰੇ।

ਲਾਅ ਕਮਿਸ਼ਨ ਆਫ਼ ਇੰਡੀਆ ਦੀ 267 ਵੀਂ ਰਿਪੋਰਟ, ਜੋ 2017 'ਚ ਛਾਪੀ ਗਈ, ਉਸ ਅਨੁਸਾਰ ਨ਼ਫ਼ਰਤੀ ਭਾਸ਼ਣ ਦਾ ਅਰਥ ਨਸਲ, ਧਰਮ, ਜਾਤ, ਲਿੰਗ ਆਦਿ ਦੇ ਅਧਾਰਤ 'ਤੇ ਸਮੂਹਾਂ ਦੇ ਵਿਰੁੱਧ ਨ਼ਫ਼ਰਤ ਪ੍ਰਸਾਰਤ ਕਰਨ ਜਾਂ ਮਾਹੌਲ ਵਿਗਾੜਣ ਦੇ ਉਦੇਸ਼ ਨਾਲ ਬੋਲੇ ਜਾਂ ਲਿਖੇ ਸ਼ਬਦ, ਸੰਕੇਤ ਜਾਂ ਦ੍ਰਿਸ਼ ਦਰਸਾਉਣਾ ਹੈ। ਇਸ ਸਭ ਕੁੱਝ ਨੂੰ ਰੋਕਣ ਲਈ 2022 'ਚ ਸੁਪਰੀਮ ਕੋਰਟ ਆਫ਼ ਇੰਡੀਆ ਵੱਲੋਂ ਸ਼ਹੀਨ ਅਬਦੁਲਾ ਬਨਾਮ ਭਾਰਤ ਸੰਘ ਅਤੇ ਹੋਰ ਨੇ ਵਧਦੀ ਨ਼ਫ਼ਰਤ ਦੀ ਸਥਿਤੀ ਨੂੰ ਧਿਆਨ 'ਚ ਰੱਖਦਿਆਂ ਪੁਲਿਸ ਨੂੰ ਓਪਚਾਰਿਕ ਸ਼ਿਕਾਇਤਾਂ ਦੀ ਉਡੀਕ ਕੀਤੇ ਬਿਨਾਂ ਤੁਰੰਤ ਕਾਰਵਾਈ ਦੇ ਹੁਕਮ ਦਿੱਤੇ। ਸਾਲ 2018 ਤਹਿਸੀਨ ਐੱਸ ਪੂਨਾਵਾਲਾ ਬਨਾਮ ਭਾਰਤ ਸੰਘ ਮਾਮਲੇ 'ਤੇ ਸੁਪਰੀਮ ਕੋਰਟ ਨੇ ਨ਼ਫ਼ਰਤ ਪੂਰਨ ਭਾਸ਼ਣ ਤੋਂ ਪ੍ਰੇਰਿਤ ਭੀੜ ਦੀ ਹਿੰਸਾ ਦੇ ਪ੍ਰਾਵਧਾਨ ਲਈ ਆਈ.ਪੀ.ਸੀ.ਸੀ. ਧਾਰਾ 153 ਅਤੇ 295 (ਅ) ਦੇ ਤਹਿਤ ਦਿਸ਼ਾ-ਨਿਰਦੇਸ਼ ਦਿੱਤੇ, ਜਿਸ ਵਿੱਚ ਭੀੜ ਵੱਲੋਂ ਹੱਤਿਆ ਅਤੇ ਗਊ ਰਖ਼ਸ਼ਕਾਂ ਦੀ ਰੋਕਥਾਮ ਤਹਿਤ ਇੱਕ ਜ਼ਿਲ੍ਹਾ ਨੋਡਲ ਅਧਿਕਾਰੀ ਦੀ ਨਿਯੁਕਤੀ ਕੀਤੀ। ਇਸ ਤਰ੍ਹਾਂ ਪਰਵਾਸੀ ਭਲਾਈ ਸੰਗਠਨ ਬਨਾਮ ਭਾਰਤ ਸੰਘ 2014 ਮਾਮਲੇ 'ਤੇ ਸੁਪਰੀਮ ਕੋਰਟ ਨੇ ਲਾਅ ਕਮਿਸ਼ਨ ਤੋਂ ਨ਼ਫ਼ਰਤ ਭਰਪੂਰ ਭਾਸ਼ਣ ਨੂੰ ਪ੍ਰਭਾਵਿਤ ਕਰਨ ਅਤੇ ਇਸਦੇ ਨਿਵਾਰਨ ਵਾਸਤੇ ਚੋਣ ਕਮਿਸ਼ਨ ਨੂੰ ਤਕੜਿਆਂ ਕਰਨ ਦੇ ਤਰੀਕੇ ਦਰਸਾਉਣ ਲਈ ਕਿਹਾ।

ਇਸੇ ਤਰ੍ਹਾਂ 2015 'ਚ ਬਣਾਈ ਵਿਸ਼ਵਾਨਾਥਨ ਸਮਿਤੀ ਨੇ ਧਰਮ, ਨਸਲ, ਜਾਤ, ਜਨਮ ਅਸਥਾਨ ਦੇ ਅਧਾਰ 'ਤੇ ਅਪਰਾਧਾਂ ਨੂੰ ਉਕਸਾਉਣ ਲਈ ਦੋ ਸਾਲ ਤੱਕ ਦੀ ਕੈਦ ਅਤੇ 5000 ਰੁਪਏ ਜੁਰਮਾਨੇ ਦੇ ਨਾਲ ਆਈ.ਪੀ.ਸੀ. ਦੀ ਧਾਰਾ 153 ਉ(ਬੀ) ਅਤੇ 505 ਏ ਜੋੜਨ ਦਾ ਪ੍ਰਸਤਾਵ ਦਿੱਤਾ ਅਤੇ ਜੁਰਮਾਨੇ ਦਾ ਪ੍ਰਾਵਧਾਨ ਕੀਤਾ ਅਤੇ ਆਈ. ਪੀ. ਸੀ. ਦੀ ਧਾਰਾ 509 ਏ (ਕਿਸੇ ਵਿਸ਼ੇਸ਼ ਜਾਤ ਦਾ ਅਪਮਾਨ ਕਰਨਾ) ਵਿੱਚੋਂ ਸੋਧ ਕਰਕੇ ਤਿੰਨ ਸਾਲ ਤੱਕ ਦੀ ਕੈਦ ਅਤੇ ਜ਼ੁਰਮਾਨੇ ਦਾ ਪ੍ਰਾਵਧਾਨ ਕੀਤਾ। ਪਰ ਇਹਨਾਂ ਸਮਿਤੀਆਂ ਦੀਆਂ ਸਿਫ਼ਾਰਸ਼ਾਂ ਨੂੰ ਦਿੱਲੀ ਤੋਂ ਬਿਨਾਂ ਹੋਰ ਥਾਵਾਂ ਉੱਤੇ ਲਾਗੂ ਹੀ ਨਹੀਂ ਕੀਤਾ ਗਿਆ, ਹਾਲਾਂਕਿ ਦਿੱਲੀ ਤੋਂ ਬਾਹਰ ਵੀ ਨਸਲੀ ਅਪਰਾਧ ਹੋ ਰਹੇ ਹਨ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਤੀਜੇ ਕਾਰਜਕਾਲ ਦੇ ਸ਼ੁਰੂ ਦੇ ਪਹਿਲੇ ਸਾਲ 2024-2025 ਵਿੱਚ ਇੱਕ ਰਿਪੋਰਟ ਅਨੁਸਾਰ 947 ਮਾਮਲੇ ਮੁਸਲਿਮ ਅਤੇ ਈਸਾਈ ਘੱਟ ਗਿਣਤੀ ਵਿਰੁੱਧ ਰਿਪੋਰਟ ਹੋਏ ਹਨ, ਜਿਸ ਵਿੱਚ ਭੜਕਾਹਟ ਅਤੇ ਨ਼ਫ਼ਰਤੀ ਭਾਸ਼ਣ ਮੂਲ ਦੇ ਮਾਮਲੇ ਸ਼ਾਮਲ ਹਨ। ਐਸੋਸੀਏਸ਼ਨ ਫ਼ਾਰ ਪ੍ਰੋਟੈਕਸ਼ਨ ਆਫ਼ ਸਿਵਲ ਰਾਈਟਸ ਅਤੇ ਕੁਇੱਲ ਫਾਉਂਡੇਸ਼ਨ ਵੱਲੋਂ 7 ਜੂਨ 2024 ਤੋਂ 7 ਜੂਨ 2025 ਤੱਕ ਦੀ ਰਿਪੋਰਟ ਵਿੱਚ ਹੋਈਆਂ ਇਹਨਾਂ ਘਟਨਾਵਾਂ ਵਿੱਚ ਬਹੁਤੀਆਂ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਨਾਲ ਸੰਬੰਧਤ ਹਨ। ਇਸ ਵਿੱਚ ਮੁਸਲਿਮਾਂ ਅਤੇ ਈਸਾਈ ਭਾਈਚਾਰੇ ਨਾਲ ਸੰਬੰਧਤ ਲੋਕ ਪ੍ਰਭਾਵਤ ਹੋਏ। ਨ਼ਫ਼ਰਤੀ ਅਪਰਾਧ 602 ਅਤੇ 345 ਨ਼ਫ਼ਰਤੀ ਭਾਸ਼ਣ ਇਸ ਰਿਪੋਰਟ ਵਿੱਚ ਨੋਟ ਕੀਤੇ ਗਏ ਹਨ। ਰਿਪੋਰਟ ਦੱਸਦੀ ਹੈ ਕਿ ਇਸ ਇੱਕ ਵਰ੍ਹੇ 'ਚ ਇਹਨਾਂ 419 ਘਟਨਾਵਾਂ 'ਚ 1504 ਲੋਕ ਪ੍ਰਭਾਵਤ ਹੋਏ ਅਤੇ 85 ਹਮਲੇ ਰਿਕਾਰਡ ਕੀਤੇ ਗਏ। ਦੱਸਿਆ ਗਿਆ ਕਿ 25 ਮੁਸਲਿਮ ਇਹਨਾਂ ਘਟਨਾਵਾਂ 'ਚ ਮਾਰੇ ਗਏ ਅਤੇ 173 ਇਹਨਾਂ ਦੁਰਘਟਨਾਵਾਂ 'ਚ ਜ਼ਖ਼ਮੀ ਹੋਏ। ਇਹ ਘਟਨਾਵਾਂ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਮਹਾਂਰਾਸ਼ਟਰ ਅਤੇ ਝਾਰਖੰਡ, ਜਿੱਥੇ ਭਾਜਪਾ ਵਾਲਿਆਂ ਦਾ ਰਾਜ ਹੈ, ਹੋਈਆਂ ਨੋਟ ਕੀਤੀਆਂ। ਮੁੱਖ ਤੌਰ 'ਤੇ ਇਹ ਘਟਨਾਵਾਂ ਚੋਣਾਂ ਦੌਰਾਨ ਹੋਈਆਂ ਹਿੰਸਾ ਦੌਰਾਨ ਵਾਪਰੀਆਂ। ਜਿਹੜੀਆਂ ਮੁੱਖ ਤੌਰ 'ਤੇ ਨ਼ਫ਼ਰਤੀ ਭਾਸ਼ਣਾਂ ਦਾ ਸਿੱਟਾ ਸਨ। ਜੋ ਕਿ ਧਰਮਾਂ, ਜਾਤਾਂ ਦੇ ਵਿਰੁੱਧ ਦਿੱਤੇ ਗਏ, ਜਿਹੜੇ ਦੰਗਿਆਂ ਅਤੇ ਕਤਲੇਆਮ ਦਾ ਕਾਰਨ ਬਣੇ। ਇਹਨਾਂ ਨ਼ਫ਼ਰਤੀ ਘਟਨਾਵਾਂ ਵਿੱਚ ਔਰਤਾਂ ਅਤੇ ਬੱਚਿਆਂ ਤੱਕ ਨੂੰ ਵੀ ਬਖ਼ਸ਼ਿਆ ਨਹੀਂ ਗਿਆ। ਇਹਨਾਂ ਘਟਨਾਵਾਂ ਵਿੱਚ 13 ਫ਼ੀਸਦੀ ਐੱਫ.ਆਈ.ਆਰ. ਹੀ ਦਰਜ ਹੋਈਆਂ।

ਇੱਥੇ ਸਵਾਲ ਤਾਂ ਇਹ ਪੈਦਾ ਹੁੰਦਾ ਹੈ ਕਿ ਕੀ ਚੋਣਾਂ ਜਿੱਤਣ ਲਈ ਨ਼ਫ਼ਰਤੀ ਭਾਸ਼ਣ ਜ਼ਰੂਰੀ ਹਨ? ਕੀ ਨ਼ਫ਼ਰਤੀ ਭਾਸ਼ਣਾਂ ਦੇ ਸਿੱਟੇ ਵਜੋਂ ਪੈਦਾ ਹੋਈ ਹਿੰਸਾ ਲਈ ਕੀ ਰਾਜ-ਭਾਗ ਕਰ ਰਹੇ ਜਾਂ ਨ਼ਫ਼ਰਤ ਫੈਲਾਉਣ ਵਾਲੇ ਨੇਤਾ ਜ਼ਿੰਮੇਵਾਰ ਨਹੀਂ ਹਨ? ਜੇਕਰ ਇਸ ਕਿਸਮ ਦੀ ਨ਼ਫ਼ਰਤੀ ਹਿੰਸਾ ਜਾਰੀ ਰਹਿੰਦੀ ਹੈ ਦੇਸ਼ ਮਹਾਨ ਵਿੱਚ, ਤਾਂ ਕੀ ਭਾਰਤ ਟੁੱਟ ਨਹੀਂ ਜਾਏਗਾ? ਕੀ ਬਹੁ ਕੌਮੀ ਖਿੱਤੇ ਭਾਰਤ ਦਾ ਟੁੱਟਣਾ ਜਾਂ ਹਿੰਦੂ ਰਾਸ਼ਟਰ ਬਨਣ ਨਾਲ ਭਾਰਤ ਦੇਸ਼ ਦਾ ਨਾਸ ਨਹੀਂ ਮਾਰਿਆ ਜਾਏਗਾ, ਜਿਵੇਂ ਕਿ ਪਾਕਿਸਤਾਨ, ਬੰਗਲਾ ਦੇਸ਼ ਵਿੱਚ ਹੋਇਆ ਹੈ।

ਭਾਰਤ ਵਰਗੇ ਦੇਸ਼ ਨੂੰ ਚਲਾਉਣ ਲਈ ਜਮਹੂਰੀ, ਧਰਮ-ਨਿਰਪੱਖ ਤੇ ਸੰਘਵਾਦੀ ਸੋਚ ਦੀ ਲੋੜ ਹੈ, ਕਿਉਂਕਿ ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਵੱਖ-ਵੱਖ ਭਾਸ਼ਾਵਾਂ ਅਤੇ ਸਭਿਆਚਾਰ 'ਤੇ ਅਧਰਿਤ ਕੌਮੀਅਤਾਂ ਵਸਦੀਆਂ ਹਨ। ਕੱਟੜਵਾਦੀ ਨ਼ਫ਼ਰਤੀ ਸੋਚ ਵਸਦੇ -ਰਸਦੇ ਭਾਰਤ ਦੀ ਤਬਾਹੀ ਵੱਲ ਵਧਦੇ ਭੈੜੇ ਕਦਮਾਂ ਦੀ ਨਿਸ਼ਾਨੀ ਹੈ। ਉਂਵ ਇਹ ਗੱਲ ਸਮਝਣ ਵਾਲੀ ਹੈ ਕਿ ਭਾਈਚਾਰਕ ਸਾਂਝ ਦੀ ਮਜਬੂਤੀ ਬਿਨਾਂ ਕੋਈ ਦੇਸ਼ ਤਰੱਕੀ ਨਹੀਂ ਕਰ ਸਕਦਾ। ਧਰਮ, ਜਾਤ, ਨਸਲ ਅਤੇ ਭਾਸ਼ਾ ਅਧਾਰਿਤ ਰਾਜਨੀਤੀ ਕਿਸੇ ਵੀ ਸਮਾਜ ਅਤੇ ਦੇਸ਼ ਦੇ ਹਿੱਤ ਵਿੱਚ ਨਹੀਂ ਹੈ। ਜਿੱਥੇ -ਜਿੱਥੇ ਵੀ ਇਹ ਹੈ ਉਹ ਦੇਸ਼ ਪਛੜੇ ਹੋਏ ਹਨ।


ਅੱਜ ਦੇਸ਼ ਵਿੱਚ ਜੋ ਹਾਲਾਤ ਨ਼ਫ਼ਰਤੀ ਵਰਤਾਰੇ ਨਾਲ ਬਣ ਰਹੇ ਹਨ, ਉਹਨਾਂ ਨੂੰ ਠੱਲ ਪਾਉਣ ਦੀ ਲੋੜ ਹੈ, ਇਸ ਸੰਬੰਧੀ ਜਿੱਥੇ ਕਨੂੰਨੀ ਚਾਰਾਜੋਈ ਹੋਣੀ ਜ਼ਰੂਰੀ ਹੈ, ਉੱਥੇ ਦੇਸ਼ ਦੇ ਹਾਕਮਾਂ ਨੂੰ ਸੌੜੀ ਸੋਚ ਤਿਆਗ ਕੇ ਦੇਸ਼ ਦੀ ਤਰੱਕੀ, ਲੋਕਾਂ ਦੀ ਭਲਾਈ ਲਈ ਕੰਮ ਕਰਨ ਨੂੰ ਪਹਿਲ ਦੇਣੀ ਹੋਏਗੀ, ਕਿਉਂਕਿ ਹਾਕਮ ਸੋਚ ਬਦਲੇ ਬਿਨਾਂ ਦੇਸ਼ 'ਚ ਨ਼ਫ਼ਰਤ ਖ਼ਤਮ ਨਹੀਂ ਹੋ ਸਕਦੀ। ਕਰਨਾਟਕ ਸਰਕਾਰ ਨੇ ਨ਼ਫ਼ਰਤੀ ਭਾਸ਼ਣ ਅਤੇ ਨ਼ਫ਼ਰਤੀ ਅਪਰਾਧ ਰੋਕ ਬਿੱਲ-2025 ਪਾਸ ਕਰਨ ਲਈ ਪਹਿਲਕਦਮੀ ਕੀਤੀ ਹੈ, ਜਿਸ ਵਿੱਚ ਸੰਗਠਨਾਤਮਕ ਜਵਾਬਦੇਹੀ ਦਾ ਪ੍ਰਾਵਧਾਨ ਕੀਤਾ ਗਿਆ ਹੈ, ਜਿਸਦੇ ਤਹਿਤ ਜ਼ਿੰਮੇਵਾਰ ਪੁਜੀਸ਼ਨਾਂ 'ਤੇ ਬੈਠੇ ਵਿਅਕਤੀਆਂ ਨੂੰ ਦੋਸ਼ੀ ਠਹਿਰਾਇਆ ਜਾ ਸਕਦਾ ਹੈ। ਜੇਕਰ ਨ਼ਫ਼ਰਤੀ ਭਾਸ਼ਣ ਉਹਨਾਂ ਦੇ ਸੰਗਠਨ ਨਾਲ ਜੁੜਿਆ ਹੈ, ਇਹ ਬਿੱਲ ਰਾਜ ਸਰਕਾਰ ਨੂੰ ਔਨਲਾਈਨ ਨ਼ਫ਼ਰਤੀ ਸਮੱਗਰੀ ਨੂੰ ਬਲਾਕ ਕਰਨ ਜਾਂ ਹਟਾਉਣ ਦਾ ਹੱਕ ਦਿੰਦਾ ਹੈ, ਜਿਸ ਨਾਲ ਨ਼ਫ਼ਰਤੀ ਭਾਸ਼ਣ ਦੇ ਨ਼ਫ਼ਰਤੀ ਪ੍ਰਸਾਰ ਨੂੰ ਰੋਕਿਆ ਜਾ ਸਕੇ। ਅਸਲ ਵਿੱਚ ਤਾਂ ਇਹੋ ਜਿਹਾ ਕਨੂੰਨ ਦੇਸ਼ ਪੱਧਰ 'ਤੇ ਬਣਾਉਣ ਅਤੇ ਲਾਗੂ ਕਰਨ ਦੀ ਲੋੜ ਹੈ। ਪਰ ਸਵਾਲ ਪੈਦਾ ਹੁੰਦਾ ਹੈ ਕਿ ਕੀ ਇਹ ਇੰਵ ਹੋ ਸਕੇਗਾ? ਕੀ ਨ਼ਫ਼ਰਤੀ ਭਾਸ਼ਣਾਂ ਨੂੰ ਨਾ ਰੋਕ ਕੇ ਜਾਂ ਵੱਡੇ ਨੇਤਾਵਾਂ ਦੇ ਨ਼ਫ਼ਰਤੀ ਭਾਸ਼ਣਾਂ ਪ੍ਰਤੀ ਚੁੱਪੀ ਧਾਰ ਕੇ ਦੇਸ਼ ਦਾ ਚੋਣ ਕਮਿਸ਼ਨ ਜਾਂ ਹੋਰ ਸੰਬੰਧਤ ਰਾਜ ਅਧਿਕਾਰੀ ਇੰਨਾ ਹੌਸਲਾ ਕਰ ਸਕਣਗੇ, ਕਿਉਂਕਿ ਮੌਜੂਦਾ ਹਾਕਮਾਂ ਨੇ ਦੇਸ਼ ਦੀਆਂ ਖ਼ੁਦਮੁਖਤਾਰ ਸੰਸਥਾਵਾਂ ਦਾ ਲੱਕ ਤੋੜ ਦਿੱਤਾ ਹੋਇਆ ਹੈ।

ਭਾਰਤੀ ਸੁਪਰੀਮ ਕੋਰਟ ਨੇ ਹੇਟ ਸਪੀਚ (ਨ਼ਫ਼ਰਤ ਭਰੇ ਭਾਸ਼ਣ) ਉੱਤੇ ਸਖ਼ਤ ਰੁਖ਼ ਅਪਨਾਉਂਦੇ ਹੋਏ ਕਿਹਾ ਹੈ ਕਿ ਇਹੋ ਜਿਹੀਆਂ ਘਟਨਾਵਾਂ ਉੱਤੇ ਐੱਫ.ਆਈ.ਆਰ. ਦਰਜ ਹੋਣੀਆਂ ਚਾਹੀਦੀਆਂ ਹਨ, ਭਲੇ ਹੀ ਸ਼ਿਕਾਇਤ ਨਾ ਵੀ ਹੋਵੇ ਅਤੇ ਹਰ ਵਿਅਕਤੀ ਦਾ ਸਨਮਾਨ ਕਰਦੇ ਹੋਏ ਇਸਨੂੰ ਰੋਕਣਾ ਜ਼ਰੂਰੀ ਹੈ। ਅਧਿਕਾਰੀਆਂ ਨੂੰ ਕਾਰਵਾਈ ਵਿੱਚ ਹਿਚਕਚਾਹਟ ਨਹੀਂ ਦਿਖਾਉਣੀ ਚਾਹੀਦੀ, ਕਿਉਂਕਿ ਇਹ ਦੇਸ਼ ਦੇ ਧਰਮ ਨਿਰਪੱਖ ਤਾਣੇ-ਬਾਣੇ ਦੇ ਲਈ ਖ਼ਤਰਾ ਹੈ। ਕੋਰਟ ਨੇ ਪੁਲਿਸ ਦੀ ਆਈ.ਪੀ.ਸੀ. ਧਾਰਾ -153 ਏ, 153 ਬੀ, 295 ਏ ਅਤੇ 505 ਦੇ ਹਵਾਲੇ ਤਹਿਤ ਹੁਕਮ ਦਿੱਤੇ ਹਨ, ਲੇਕਿਨ ਨਾਲ ਹੀ ਨਾਲ ਇਹ ਵੀ ਕਿਹਾ ਹੈ ਕਿ ਉਹ ਹਰ ਘਟਨਾ ਉੱਤੇ ਕਨੂੰਨ ਨਹੀਂ ਬਣਾ ਸਕਦੀ ਅਤੇ ਨਾਗਰਿਕਾਂ ਨੂੰ ਵੀ ਆਪਣੀ ਸੀਮਾ ਸਮਝਣੀ ਚਾਹੀਦੀ ਹੈ। ਪਰ ਸਵਾਲਾਂ ਦਾ ਸਵਾਲ ਤਾਂ ਉੱਥੇ ਹੀ ਖੜ੍ਹਾ ਹੈ ਕੀ ਦੇਸ਼ ਦੀ ਹਾਕਮ ਧਿਰ ਨ਼ਫ਼ਰਤੀ ਵਰਤਾਰੇ ਨੂੰ ਰੋਕਣ ਲਈ ਕਦਮ ਚੁੱਕਣ ਲਈ ਤਿਆਰ ਹੈ ਜਾਂ ਨਹੀਂ। ਸੰਕੇਤ ਚੰਗੇ ਨਹੀਂ ਹਨ।

# ਸ੍ਰੀ ਅਕਾਲ ਤਖ਼ਤ 'ਤੇ ਪੇਸ਼ੀ ਵੀ ਸਿੱਖ ਲਈ ਇਕ ਤਰ੍ਹਾਂ ਦਾ ਵਰਦਾਨ ਹੈ

## ✪ ਮੁੱਖ ਮੰਤਰੀ ਮਾਨ ਨੂੰ ਹਠ ਨਹੀਂ ਕਰਨਾ ਚਾਹੀਦਾ, ਆਪਣੇ ਵਿਚਾਰ ਪ੍ਰੈੱਸ ਕੋਲ ਰੱਖਣ ਨੂੰ ਕੌਣ ਰੋਕਦਾ ?

ਪ੍ਰੋ. ਸਰਚਾਂਦ ਸਿੰਘ ਖਿਆਲਾ
9781355522



ਨਾਨਕ ਨਿਰਮਲ ਪੰਥ ਭਾਵ ਸਿੱਖ ਧਰਮ ਖ਼ਾਲਸਾ ਪੰਥ ਇਕ ਨਿਰੋਲ ਅਧਿਆਤਮਕ ਲਹਿਰ ਨਾ ਹੋ ਕੇ ਆਰੰਭ ਤੋਂ ਹੀ ਭਗਤੀ ਤੇ ਸ਼ਕਤੀ ਦਾ ਸੁਮੇਲ ਰਿਹਾ। ਗੁਰੂ ਨਾਨਕ ਸਾਹਿਬ ਦੁਆਰਾ ਬਾਬਰ ਨੂੰ ਜਾਬਰ ਕਹਿਣਾ ਅਤੇ ਗੁਰੂ ਅੰਗਦ ਸਾਹਿਬ ਵੱਲੋਂ ਆਪਣੇ ਉੱਤੇ ਤਲਵਾਰ ਧੂ ਲੈਣ ਵਾਲੇ ਬਾਦਸ਼ਾਹ ਹਿਮਾਯੂ ਨੂੰ ਤਲਵਾਰ ਦੀ ਸਮੇਂ ਅਤੇ ਸਥਾਨ ਅਨੁਸਾਰ ਵਰਤੋਂ ਕਰਨ ਲਈ ਕਹਿਣਾ ਇਸ ਦਾ ਪ੍ਰਮਾਣ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੁਆਰਾ ਲੋਕਾਂ ਨੂੰ ਧਾਰਮਿਕ ਤੇ ਸਿਆਸੀ ਜ਼ਾਲਮਾਂ ਤੋਂ ਮੁਕਤ ਕਰਾਉਣ ਅਤੇ ਉਹਨਾਂ ਵਿੱਚ ਆਤਮ ਵਿਸ਼ਵਾਸ ਭਰਨਾ ਅਤੇ ਉਨ੍ਹਾਂ ਦੇ ਮਨ ਤੋਂ ਹਕੂਮਤ ਦਾ ਡਰ ਦੂਰ ਕਰਨ ਦੇ ਮੰਤਵ ਦੀ ਪੂਰਤੀ ਲਈ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕਰਨ ਅਤੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਦਿਆਂ ਸੱਚਾ ਪਾਤਸ਼ਾਹ ਅਖਵਾਉਣਾ ਆਦਿ ਪਰਿਵਰਤਨ ਸਿੱਖ ਧਰਮ ਨੂੰ ਸਥਾਪਿਤ ਕਰਨ ਵੱਲ ਰਾਜਸੀ ਪਹੁੰਚ ਸੀ। ਗੁਰਮਤਿ ਵਿਚਾਰਧਾਰਾ ਵਿੱਚ ਤਖ਼ਤ ਨਾਸ਼ਵਾਨ ਨਾ ਹੋ ਕੇ ਸਦੀਵੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਕੇਵਲ ਇੱਕ ਇਮਾਰਤ ਨਹੀਂ, ਨਾ ਹੀ ਇਹ ਕਿਸੇ ਵਿਅਕਤੀ ਵਿਸ਼ੇਸ਼ ਦੀਆਂ ਰਾਜਸੀ ਗਤੀਵਿਧੀਆਂ ਦਾ ਕੇਂਦਰ ਹੈ, ਸਗੋਂ ਇਹ ਮਨੁੱਖਤਾ ਖ਼ਾਸ ਕਰਕੇ ਸਿੱਖਾਂ ਲਈ ਸਰਬ ਉੱਚ ਪ੍ਰਭੂ ਸੱਤਾ ਸੰਪੰਨ ਸੰਸਥਾ ਹੈ। ਸਮੂਹ ਸਿੱਖਾਂ ਦੇ ਵਿਸ਼ਵ ਵਿਆਪੀ ਧਾਰਮਿਕ ਸਮਾਜਿਕ ਰਾਜਨੀਤਿਕ ਸਰੋਕਾਰਾਂ, ਵਰਤਮਾਨ ਅਤੇ ਕੌਮ ਦੇ ਭਵਿਖ ਨੂੰ ਰੂਪਮਾਨ ਕਰਨ ਪ੍ਰਤੀ ਮਿਲ-ਜੁੱਲ ਕੇ ਵਿਚਾਰਾਂ ਕਰਨ ਅਤੇ ਯੋਜਨਾਵਾਂ ਉਲੀਕਣ ਦੀ ਥਾਂ ਹੋਣ ਦੇ ਬੋਧ ਕਾਰਨ ਹੀ ਹਕੂਮਤਾਂ ਨੇ ਇਸ ਨੂੰ ਮਲੀਆ ਮੇਟ ਕਰਨ ਦੀਆਂ ਕਈ ਵਾਰ ਕੋਸ਼ਿਸ਼ਾਂ ਕੀਤੀਆਂ।

ਸ੍ਰੀ ਅਕਾਲ ਤਖ਼ਤ ਕੇਵਲ ਪੰਜਾਬ ਦੇ ਸਿੱਖਾਂ ਦੇ ਇੱਕ ਵਰਗ ਜਾਂ ਅਕਾਲੀ ਦਲ ਦੇ ਵਕਤੀ ਸਰੋਕਾਰਾਂ ਤੱਕ ਮਹਿਦੂਦ ਨਾ ਹੋਕੇ ਪੰਥਕ ਮਸਲਿਆਂ ਦੇ ਮਹੱਤਵ ਪੂਰਨ ਤੇ ਅੰਤਿਮ ਫ਼ੈਸਲਿਆਂ ਲਈ ਜਾਣਿਆ ਜਾਂਦਾ ਹੈ। ਇਸੇ ਤਰ੍ਹਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਵੀ ਸਿੱਖ ਲਈ ਇਵੇਂ ਹੀ ਅਹਿਮੀਅਤ ਹੈ। ਇੱਥੇ ਇਹ ਕਹਿਣਾ ਕੁਥਾਂ ਨਹੀਂ ਹੋਵੇਗਾ ਕਿ ਗੁਰੂ ਪਰੰਪਰਾ ਤੇ ਗੁਰਮਤਿ ਦੀ ਆਚਾਰ ਸੰਹਿਤਾ ਵਿਚ 'ਬਦਲੇ' ਜਿਹੇ ਭਾਵਨਾ ਦੀ ਨਕਾਰਾਤਮਿਕ ਦ੍ਰਿਸ਼ਟੀ ਤੋਂ ਕੋਈ ਥਾਂ ਨਹੀਂ। ਇਸੇ ਅਨਮੋਲ ਅਤੇ ਵਿਲੱਖਣ ਗੁਣਾਂ ਨਾਲ ਮਨੁੱਖ ਨੂੰ ਪ੍ਰੇਰਿਤ ਤੇ ਸੰਚਾਲਿਤ ਕਰਦੀ ਆਈ ਹੈ। ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਫ਼ਰਮਾਨ ਹੈ........

ਕੋਈ ਨਿੰਦਕੁ ਹੋਵੈ ਸਤਿਗੁਰੂ ਕਾ
ਫਿਰਿ ਸਰਣਿ ਗੁਰ ਆਵੈ ॥
ਪਿਛਲੇ ਗੁਨਹ ਸਤਿਗੁਰੁ ਬਖਸਿ ਲਏ
ਸਤਸੰਗਤਿ ਨਾਲਿ ਰਲਾਵੈ ॥ (ਅੰਗ ੮੫੫)

ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ--

ਜੈਸਾ ਬਾਲਕੁ ਭਾਇ ਸੁਭਾਈ
ਲਖ ਅਪਰਾਧ ਕਮਾਵੈ ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ
ਬਹੁੜਿ ਪਿਤਾ ਗਲਿ ਲਾਵੈ ॥
ਪਿਛਲੇ ਅਉਗੁਣ ਬਖਸਿ ਲਏ
ਪ੍ਰਭੁ ਆਗੈ ਮਾਰਗਿ ਪਾਵੈ ॥੨॥"
(ਅੰਗ 624)

ਦਾ ਗੁਰੂ ਜੁਗਤਿ ( ਮਾਡਲ) ਗੁਰੂ ਪੰਥ ਦੀ ਪ੍ਰਮੁੱਖ ਅਤੇ ਸਰਵਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲਾਗੂ ਅਤੇ ਨਿਰੰਤਰ ਕਾਰਜਸ਼ੀਲ ਰਿਹਾ ਹੈ। ਗੁਰੂਘਰ 'ਚ ਚੱਲ ਕੇ ਸ਼ਰਨ ਆਇਆਂ ਨੂੰ "ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥" ਅਨੁਸਾਰ ਆਪਣੀ ਗ਼ਲਤੀ 'ਤੇ ਪਸ਼ਚਾਤਾਪ ਕਰਨ 'ਤੇ ਅਵੱਸ਼ ਮੁਆਫ਼ੀ ਮਿਲਦੀ ਹੈ। ਇਸ ਪ੍ਰਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਰੋਧੀਆਂ ਲਈ ਇਕ ਚੁਨੌਤੀ ਹੈ ਤਾਂ ਸ਼ਰਨ ਆਏ ਆਪਣਿਆਂ ਅਤੇ ਪਰਾਇਆਂ ਲਈ ਸਤਿਗੁਰਾਂ ਦਾ ਬਖ਼ਸ਼ਿੰਦ ਦਰ ਹੋ ਨਿੱਬੜਦਾ ਹੈ।

ਸਿੱਖ ਇਤਿਹਾਸ ਗਵਾਹ ਹੈ ਕਿ 1762 ਈਸਵੀ ਦੌਰਾਨ ਅਹਿਮਦ ਸ਼ਾਹ ਅਬਦਾਲੀ ਵੱਲੋਂ ਕੁੱਪ ਦੇ ਅਸਥਾਨ 'ਤੇ ਵੱਡਾ ਘੱਲੂਘਾਰਾ ਵਰਤਾਉਂਦਿਆਂ ਹਜ਼ਾਰਾਂ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ, ਇਸ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਕੀਤੀ ਗਈ ਸੀ। ਜਦੋਂ ਇਹੀ ਅਫਗਾਨੀ ਸੈਨਿਕ ਦਿੱਲੀ ਨੂੰ ਲੁੱਟ ਕੇ ਵਤਨ ਵਾਪਸ ਜਾ ਰਹੇ ਸਨ ਤਾਂ ਉਸ ਵਕਤ ਸਿੱਖਾਂ ਵੱਲੋਂ ਝਨਾਂ ਟੱਪਣ ਤੋਂ ਪਹਿਲਾਂ ਹਮਲਾ ਕਰਦਿਆਂ ਅਨੇਕਾਂ ਗ੍ਰਿਫ਼ਤਾਰ ਕਰ ਲਏ ਗਏ। ਸ੍ਰੀ ਅੰਮ੍ਰਿਤਸਰ ਲਿਆ ਕੇ ਉਨ੍ਹਾਂ ਤੋਂ ਅੰਮ੍ਰਿਤ ਸਰੋਵਰ ਦੀ ਸੇਵਾ ਕਰਵਾਈ ਗਈ, ਉਪਰੰਤ ਜਥੇਦਾਰ ਵੱਲੋਂ ਉਨ੍ਹਾਂ ਨੂੰ ਇਹ ਕਹਿੰਦਿਆਂ ਮੁਆਫ਼ ਕਰ ਦਿੱਤਾ ਗਿਆ ਕਿ ਇਨ੍ਹਾਂ ਨੇ ਜੇ ਗੁਰੂਘਰ ਦੀ ਬੇਅਦਬੀ ਕੀਤੀ ਸੀ ਤਾਂ ਇਨ੍ਹਾਂ ਅੰਮ੍ਰਿਤ ਸਰੋਵਰ ਦੀ ਸੇਵਾ 'ਚ ਹਿੱਸਾ ਵੀ ਪਾਇਆ ਹੈ।

ਗੁਰੂ ਕਾਲ ਸਮੇਂ ਤੋਂ ਹੀ ਤਖ਼ਤ ਸਾਹਿਬਾਨ 'ਤੇ ਜਥੇਦਾਰ ਨਿਯੁਕਤ ਰਹੇ। ਅੰਗਰੇਜ਼ ਹਕੂਮਤ ਵੇਲੇ 1920 ਤੱਕ ਅਕਾਲ ਤਖ਼ਤ 'ਤੇ ਸਰਬਰਾਹ ਨਿਯੁਕਤ ਸੀ। 1920 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਨਾਲ ਜਥੇਦਾਰ ਦੀ ਪਦਵੀ ਮੁੜ ਸਿੱਖਾਂ ਕੋਲ ਆਉਣ ਨਾਲ ਜਥੇਦਾਰ ਦੀ ਨਿਯੁਕਤੀ ਸਰਬ ਸੰਮਤੀ ਨਾਲ ਕੀਤੀ ਜਾਣ ਲੱਗੀ। 1925 ਵਿੱਚ ਅੰਗਰੇਜ਼ ਹਕੂਮਤ ਵੱਲੋਂ ਸਿੱਖ ਗੁਰਦੁਆਰਾ ਐਕਟ 1925 ਲਾਗੂ ਕਰਨ ਦੇ ਨਾਲ ਇੱਕ ਭੰਬਲ ਭੂਸਾ ਜਰੂਰ ਖੜ੍ਹਾ ਹੋ ਗਿਆ। ਗੁਰਦੁਆਰਾ ਐਕਟ ਵਿੱਚ ਜਥੇਦਾਰ ਸੰਸਥਾ ਨੂੰ ਸੁਤੰਤਰ ਵਿਵਸਥਾ ਪ੍ਰਾਪਤ ਹੈ ਅਤੇ ਇਸ ਐਕਟ ਵਿੱਚ ਪ੍ਰਾਪਤ ਹੈੱਡ ਮਨਿਸਟਰ ਸ਼ਬਦ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਲਈ ਵਰਤਿਆ ਹੋਇਆ ਸਪਸ਼ਟ ਮਿਲਦਾ ਹੈ। ਇਹ ਸਾਡੀ ਸਿਆਸਤ ਦੀ ਲੋੜ ਸੀ ਕਿ ਤਖ਼ਤਾਂ ਦੇ ਜਥੇਦਾਰਾਂ ਨੂੰ ਵੀ ਹੈੱਡ ਮਨਿਸਟਰ ਵਜੋਂ ਮੰਨ ਲਿਆ ਗਿਆ ਅਤੇ ਜਥੇਦਾਰਾਂ ਦੀ ਨਿਯੁਕਤੀ ਸ਼੍ਰੋਮਣੀ ਕਮੇਟੀ ਵੱਲੋਂ ਲਾਗੂ ਸੇਵਾ ਨਿਯਮਾਂ ਅਨੁਸਾਰ ਹੋਣ ਲੱਗੀ, ਹੁਣ ਤਾਂ ਜਥੇਦਾਰਾਂ ਨੂੰ ਚੁਣਨ ਦੇ ਪੰਥਕ ਵਿਧੀ ਅਸਲੋਂ ਹੀ ਪੰਥਕ ਸੁਰਤ ਵਿੱਚੋਂ ਮਨਫ਼ੀ ਕਰ ਦਿੱਤੀ ਗਈ, ਜਿਸ ਦਾ ਨਤੀਜਾ ਅੱਜ ਸਾਡੇ ਸਾਹਮਣੇ ਹੈ।

ਅੱਜ ਜਥੇਦਾਰਾਂ ਦੀ ਸਿਆਸਤ ਤੋਂ ਪ੍ਰੇਰਿਤ ਨਿਯੁਕਤੀ ਪਰੰਪਰਾਵਾਂ ਦੇ ਸੁੱਚੀ ਤਾਜ਼ਗੀ ਦੀ ਥਾਂ ਵਿਵਾਦਾਂ ਦੀ ਨਿੱਤ ਭੇਟ ਚੜ੍ਹ ਰਿਹਾ ਹੈ। ਸਿੱਖਾਂ ਦੀ ਰਹਿਤ ਮਰਿਆਦਾ, ਧਾਰਮਿਕ ਤੇ ਸਮਾਜਿਕ ਮਸਲਿਆ ਸਬੰਧੀ ਗੁਰੂ ਪੰਥ ਵੱਲੋਂ ਨਿਰਨਾ ਲੈਣ ਦਾ ਜਿਨ੍ਹਾਂ ਤਖ਼ਤਾਂ ਕੋਲ ਅਧਿਕਾਰ ਹੈ ਉਹਨਾਂ ਤਖ਼ਤਾਂ ਦੇ ਜਥੇਦਾਰ ਹੀ ਅੱਜ ਵਿਵਾਦਾਂ ਵਿੱਚ ਘਿਰ ਚੁੱਕੇ ਹਨ। ਅਸਲ ਵਿਚ ਅੱਜ ਦੀ ਵਿਵਸਥਾ ਇਹ ਕਹਿੰਦੀ ਹੈ ਕਿ ਕਿਸੇ ਵੀ ਜਥੇਦਾਰ ਲਈ ਸਿਆਸਤਦਾਨ ਵ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਅਕਾਲੀ ਲੀਡਰਸ਼ਿਪ ਨਾਲ ਗੱਠਜੋੜ ਦਾ ਹਿੱਸਾ ਹੋਏ ਬਿਨਾ ਇਸ ਅਹੁਦੇ 'ਤੇ ਬਣਿਆ ਨਹੀਂ ਰਹਿ ਸਕਦਾ। ਇਸੇ ਲਈ ਸਿਆਸੀ ਗ਼ਰਜ਼ਾਂ 'ਤੇ ਪਰਦਾ ਪਾਉਂਦੇ ਰਹਿਣਾ ਪੈਂਦਾ ਹੈ ਵਰਨਾ ਜ਼ੋਰਾਵਰ ਘਰ ਦਾ ਰਸਤਾ ਦਿਖਾ ਦਿੰਦੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪਤਿਤ ਜਾਂ ਸਿਰਗੁੰਮ ਹੋਣ ਦੇ ਬਾਵਜੂਦ ਰਵਾਇਤ ਦੇ ਵਿਪਰੀਤ 'ਪੇਸ਼' ਹੋਣ ਲਈ ਸੱਦਿਆ ਜਾਣਾ ਭਾਵ ਤਲਬ ਕੀਤੇ ਜਾਣ ਦੇ ਮੌਜੂਦਾ ਵਰਤਾਰੇ ਨੂੰ ਵੀ ਇਸੇ ਸੰਦਰਭ ਵਿਚ ਵਾਚਿਆ ਜਾਣਾ ਬਣਦਾ ਹੈ। ਬੇਸ਼ੱਕ ਸਕੱਤਰੇਤ ਨੂੰ ਅਕਾਲ ਤਖ਼ਤ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਇਹ ਮੰਨ ਵੀ ਲਿਆ ਜਾਵੇ ਕਿ ਕਿਸੇ ਨੂੰ ਵੀ ਸਕੱਤਰੇਤ ਸੱਦਿਆ ਜਾ ਸਕਦਾ ਹੈ ਪਰ ਇੱਥੇ ਸੱਦਿਆ ਹੀ ਨਹੀਂ ਸਗੋਂ 'ਪੇਸ਼' ਹੋਣ ਲਈ ਕਿਹਾ ਗਿਆ ਹੈ। ਮੁੱਖ ਮੰਤਰੀ ਮਾਨ ਵੱਲੋਂ ਗੋਲਕਾਂ ਪ੍ਰਤੀ ਬਿਆਨ ਬੇਸ਼ੱਕ ਉਹਨਾਂ ਦੇ ਰੁਤਬੇ ਮੁਤਾਬਕ ਸਹੀ ਨਹੀਂ ਪਰ ਇਹ ਬਿਆਨ ਉਹ 2023, ਜਦੋਂ ਪੀਟੀਸੀ ਵੱਲੋਂ ਗੁਰਬਾਣੀ 'ਤੇ ਏਕਾਧਿਕਾਰ ਹੋਣ ਦੇ ਦਾਅਵੇ ਦੇ ਵਕਤ ਵੀ ਗੋਲਕ ਦੀ ਸਿਆਸੀ ਮੁਫ਼ਾਦ ਲਈ ਵਰਤੋਂ 'ਤੇ ਸਵਾਲ ਉਠਾਉਂਦੇ ਵੀ ਦਿੱਤਾ ਗਿਆ ਸੀ। ਜਿੱਥੋਂ ਤਕ ਇਤਰਾਜ਼ਯੋਗ ਵੀਡੀਓ ਬਾਰੇ ਤਾਂ ਖ਼ੁਦ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਵੀ ਉਸ ਦੀ ਸਹੀ ਜਾਂ ਝੂਠੀ ਹੋਣ ਬਾਰੇ ਪੁਖ਼ਤਾ ਜਾਣਕਾਰੀ ਨਹੀਂ ਹੈ। ਅਜਿਹੇ 'ਚ ਜਥੇਦਾਰ ਵੱਲੋਂ ਅਹੁਦੇ ਦੇ ਵੱਕਾਰ ਲਈ ਉਸ ਵੀਡੀਓ ਦੀ ਪਹਿਲਾਂ ਜਾਂਚ ਕਰਾ ਲਈ ਜਾਂਦੀ ਤਾਂ ਚੰਗਾ ਸੀ।


ਲਿਹਾਜ਼ਾ ਇਹ ਵਰਤਾਰਾ 328 ਪਾਵਨ ਸਰੂਪਾਂ ਦੇ ਮਾਮਲੇ 'ਚ ਕੇਸ ਦਰਜ ਹੋਣ ਅਤੇ ਕਾਨੂੰਨੀ ਕਾਰਵਾਈ ਨੂੰ ਅੰਜਾਮ ਦੇਣ ਨਾਲ ਪਨਪਿਆ ਹੋਣ ਕਰਕੇ ਅਕਾਲ ਤਖ਼ਤ ਨੂੰ ਢਾਲ ਬਣਾਉਣ ਅਤੇ ਸਿਆਸੀ ਦਖ਼ਲ ਅੰਦਾਜ਼ੀ ਵਲ ਉਂਗਲਾਂ ਉੱਠ ਰਹੀਆਂ ਹਨ। ਮੁੱਖ ਮੰਤਰੀ ਮਾਨ ਦੀ 'ਪੇਸ਼ੀ' ਦਾ ਮਕਸਦ ਪਰੋਖ ਰੂਪ ਵਿੱਚ ਭਾਵੇਂ ਹੀ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਜਾਂਚ ਅਤੇ ਕਾਰਵਾਈ ਨੂੰ ਪ੍ਰਭਾਵਿਤ ਕਰਨਾ ਹੀ ਕਿਉਂ ਨਾ ਹੋਵੇ ਪਰ ਦੂਜੇ ਪਾਸੇ ਉਨ੍ਹਾਂ ਦਾ ਜਥੇਦਾਰ ਨੂੰ 'ਪੇਸ਼ੀ' ਨੂੰ ਲਾਈਵ ਟੈਲੀਕਾਸਟ ਕਰਨ ਦੀ ਮੰਗ ਕੋਈ ਅਰਥ ਨਹੀਂ ਰੱਖਦਾ ਕਿਉਂਕਿ ਪੇਸ਼ੀ ਦੌਰਾਨ ਕੇਵਲ ਸਪਸ਼ਟੀਕਰਨ ਲਿਆ ਜਾਣਾ ਹੈ, ਕੋਈ ਜਵਾਬ ਤਲਬੀ ਨਹੀਂ । ਕਿਸੇ ਨੂੰ ਅਕਾਲ ਤਖ਼ਤ 'ਤੇ ਤਲਬ ਕਰਨ ਦੀ ਗਲ ਤਾਂ ਇਸ ਅਵਸਰ ਨੂੰ ਕਈ ? ਸਿਆਸੀ ਲੋਕ ਲੋਚਦੇ ਹਨ। ਇਕ ਵਾਰ ਜਥੇਦਾਰ ਨੇ ਗਲ ਦਸੀ ਕਿ ਦਿੱਲੀ ਨਾਲ ਸੰਬੰਧਿਤ ਇਕ ਅਕਾਲੀ ਆਗੂ ਦੀ ਇਹ ਬੜੀ ਲੋਚਾ ਰਹੀ ਕਿ ਉਸ ਨੂੰ ਇਹ ਅਵਸਰ ਮਿਲੇ। ਪਰ ਇਹ ਅਵਸਰ ਵੀ ਰੱਬੀ ਰਹਿਮਤ ਦਾ ਲਖਾਇਕ ਹੈ। ਜਿਸ 'ਤੇ ਉਸ ਦੀ ਨਜ਼ਰ ਸਵੱਲੀ ਹੋਵੇ ਉਸੇ ਨੂੰ ਮਿਲਦਾ ਹੈ। ਬਾਦਲ ਪਰਿਵਾਰ ਪੰਥ ਵੱਲੋਂ ਠੁਕਰਾਏ ਜਾਣ 'ਤੇ ਆਪਣੇ ਗੁਨਾਹਾਂ ਲਈ ਕਈ ਵਾਰ ਖਿਮਾ ਯਾਚਨਾ ਕੀਤੀ, ਖ਼ੁਦ ਲੰਗਰ ਦੇ ਭਾਂਡੇ ਅਤੇ ਸੰਗਤ ਦੇ ਜੋੜੇ ਸਾਫ਼ ਕੀਤੇ, ਅਖੰਡ ਪਾਠ ਕਰਾ ਕੇ ਅਰਦਾਸਾਂ ਵੀ ਕੀਤੀਆਂ ਪਰ ਬਖ਼ਸ਼ੇ ਉਸ ਵਕਤ ਗਏ ਜਦੋਂ ਤਖ਼ਤ ਸਾਹਿਬ ਵੱਲੋਂ ਤਲਬ ਕੀਤਾ ਗਿਆ।

ਮੁੱਖ ਮੰਤਰੀ ਭਗਵੰਤ ਮਾਨ ਸ਼੍ਰੋਮਣੀ ਕਮੇਟੀ ਬਾਰੇ ਕੋਈ ਗਲ ਰੱਖਣੀ ਚਾਹੁੰਦਾ ਹੈ ਤਾਂ ਉਹ ਪ੍ਰੈੱਸ ਕੋਲ ਕਿਸੇ ਵੀ ਵਕਤ ਰੱਖ ਸਕਦਾ ਹੈ, ਕੌਣ ਰੋਕਦਾ ? ਮਾਨ ਨੂੰ ਚਾਹੀਦਾ ਹੈ ਕਿ ਉਹ ਆਪਣੇ ਮਨ ਵਿੱਚੋਂ ਇਹ ਵਿਚਾਰ ਪੂਰੀ ਤਰ੍ਹਾਂ ਤਿਆਗ ਦੇਣ ਕਿ ਜਥੇਦਾਰ ਦੇ ਪਿੱਛੇ ਕੋਈ ਸਿਆਸੀ ਜਾਂ ਵਿਰੋਧੀ ਤਾਕਤਾਂ ਕੰਮ ਕਰ ਰਹੀਆਂ ਹਨ। ਭਾਵੇਂ ਕਿ ਜਥੇਦਾਰ 'ਚ ਕਮੀਆਂ ਹੀ ਕਿਉਂ ਨਾ ਹੋਣ ਪਰ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਤੀਨਿਧਤਾ ਕਰ ਰਹੇ ਹੁੰਦੇ ਹਨ । ਇਸ ਲਈ ਉਨ੍ਹਾਂ ਨੂੰ 'ਇਕ ਨਿਮਾਣੇ ਸਿੱਖ' ਵਜੋਂ ਪੇਸ਼ ਹੋਣਾ ਚਾਹੀਦਾ । ਉਨ੍ਹਾਂ ਨੂੰ ਕਿਸੇ ਤਰਾਂ ਦਾ ਹਠ ਨਹੀਂ ਕਰਨਾ ਚਾਹੀਦਾ, ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਰੋਮ ਰੋਮ ਕਰਕੇ ਸਮਰਪਿਤ ਹੋਣ ਦਾ ਇਹ ਮੌਕਾ ਹੈ। ਇਸੇ ਸੰਦਰਭ 'ਚ ਕਹਿਣਾ ਚਾਹਾਂਗਾ ਕਿ 5 ਦਸੰਬਰ 2009 ਨੂੰ ਸਾਬਕਾ ਜਥੇਦਾਰ ਸ. ਦਰਸ਼ਨ ਸਿੰਘ ਰਾਗੀ ਇਕ ਮਾਮਲੇ 'ਚ ਪੇਸ਼ ਹੋਣ ਸਮੇਂ ਅਕਾਲ ਤਖ਼ਤ ਦੇ ਵਿਹੜੇ 'ਚ ਸਮਰਥਕਾਂ ਨਾਲ ਬੈਠੇ ਰਹੇ ਅਤੇ ਫਿਰ ਸਿੰਘ ਸਾਹਿਬਾਨ ਕੋਲ ਪੇਸ਼ ਹੋਣ ਦੀ ਥਾਂ ਆਪਣਾ ਪੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਰੱਖ ਕੇ ਚਲੇ ਗਏ। ਇਸ ਵਰਤਾਰੇ ਨੂੰ ਜਥੇਦਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਯਾਦਾ ਤੇ ਸਿਧਾਂਤ ਦੀ ਘੋਰ ਉਲੰਘਣਾ ਕਰਾਰ ਦਿੱਤਾ ਅਤੇ ਪ੍ਰੋ. ਰਾਗੀ ਨੂੰ ਤਨਖ਼ਾਹੀਆ ਕਰਾਰ ਦਿੱਤਾ।

ਸ੍ਰੀ ਅਕਾਲ ਤਖ਼ਤ ਤੋਂ ਝਿੜਕ ਜਾਂ ਤਨਖ਼ਾਹ ਕੋਈ ਸਜ਼ਾ ਨਹੀਂ, ਇਹ ਅਪਣੱਤ ਦਾ ਅਹਿਸਾਸ ਹੈ, ਜੋ ਨਕਾਰਾਤਮਿਕ ਵਿਚਾਰ ਤੇ ਜੀਵਨ 'ਚ ਆਈ ਢਲਿਆਈ ਨੂੰ ਸੇਵਾ ਅਤੇ ਸਿਮਰਨ ਨਾਲ ਦੂਰ ਕਰਕੇ ਚੜ੍ਹ ਦੀ ਕਲਾ ਦਾ ਜੀਵਨ ਪ੍ਰਦਾਨ ਕਰਨ ਦੀ ਪਿਆਰ ਭਰੀ ਅਸੀਸ ਹੈ। ਧਾਰਮਿਕ ਸਮਾਜਿਕ ਜਾਂ ਰਾਜਸੀ ਅਵੱਗਿਆ ਲਈ ਜੋ ਕੋਈ ਗੁਰਸਿੱਖ ਨਿਮਾਣਾ ਬਣ ਕੇ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਗੁਰੂ ਪੰਥ ਅੱਗੇ ਅਰਜੋਈ ਕਰਦਾ ਹੈ, ਉਸ ਨੂੰ ਤਨਖ਼ਾਹ ਲਾ ਕੇ ਬਖ਼ਸ਼ ਦਿਆਂ ਗੁਰੂ ਪੰਥ ਵਿੱਚ ਮੁੜ ਸ਼ਾਮਲ ਕਰ ਲਿਆ ਜਾਂਦਾ ਹੈ। ਇੱਥੇ ਗੁਰੂ ਨਾਨਕ ਦੇ ਘਰ ਦਾ ਨਿਰਾਦਰ ਵਾਲੇ ਭਾਈ ਸੱਤਾ ਅਤੇ ਭਾਈ ਬਲਵੰਡ ਨੂੰ ਪਸ਼ਚਾਤਾਪ ਕਰਨ 'ਤੇ ਮੁਆਫ਼ੀ ਹੀ ਨਹੀਂ ਸਗੋਂ ਵਡਿਆਈ ਵੀ ਮਿਲੀ। ਇਤਿਹਾਸ ਗਵਾਹ ਹੈ ਕਿ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਅਤੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ 1986 ਦੇ 'ਆਪ੍ਰੇਸ਼ਨ ਬਲੈਕ ਥੰਡਰ' ਲਈ, ਸਾਬਕਾ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਅਤੇ ਗਿਆਨੀ ਜ਼ੈਲ ਸਿੰਘ 1984 ਵਿੱਚ ਸਾਕਾ ਨੀਲਾ ਤਾਰਾ ਵਿੱਚ ਭੂਮਿਕਾ ਲਈ, ਨਿਹੰਗ ਮੁਖੀ ਬਾਬਾ ਸੰਤਾ ਸਿੰਘ ਸਾਕਾ ਨੀਲਾ ਤਾਰਾ ਦੌਰਾਨ ਨੁਕਸਾਨੇ ਗਏ ਅਕਾਲ ਤਖ਼ਤ ਦੀ ਸਰਕਾਰੀ 'ਕਾਰ ਸੇਵਾ' ਲਈ, ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਜਗਦੇਵ ਸਿੰਘ ਤਲਵੰਡੀ ਨੂੰ ਅਕਾਲੀ ਧੜਿਆਂ ਵਿੱਚ ਏਕਤਾ ਬਾਰੇ ਅਕਾਲ ਤਖ਼ਤ ਦੇ ਨਿਰਦੇਸ਼ਾਂ ਦੀ ਉਲੰਘਣਾ ਲਈ ਪਸ਼ਚਾਤਾਪ ਕਰਨ 'ਤੇ ਮੁਆਫ਼ੀ ਦਿੱਤੀ ਗਈ। ਸਿੱਖ ਦੀ ਹੋਂਦ ਹਸਤੀ ਸ੍ਰੀ ਅਕਾਲ ਤਖ਼ਤ ਨਾਲ ਜੁੜੀ ਹੈ, ਇਤਿਹਾਸ ਗਵਾਹ ਹੈ ਕਿ ਜਿਸ ਵੀ ਗੁਰਸਿੱਖ ਨੇ ਅਕਾਲ ਤਖ਼ਤ ਸਾਹਿਬ ਨੂੰ ਪਿੱਠ ਦਿਖਾਈ ਉਹ ਆਪਣੀ ਹੋਂਦ ਹਸਤੀ ਤੋਂ ਹੱਥ ਧੋ ਬੈਠਾ।

# ਭਗਵੰਤ ਸਿੰਘ ਮਾਨ ਜਿਹੇ 'ਗੁਨਾਹਗਾਰ' ਹੋਰ ਵੀ ਕਈ... !

ਤਰਲੋਚਨ ਸਿੰਘ ਦੁਪਾਲ ਪੁਰ
001-408-905-5517
tsdupalpuri@yahoo.com



ਗੱਲ ਇੱਥੋਂ ਕੁ ਤੋਂ ਸ਼ੁਰੂ ਕਰ ਲਈਏ-ਜਦੋਂ ਪਿੱਛੇ ਜਿਹੇ ਭਾਈ ਹਰਜਿੰਦਰ ਸਿੰਘ ਧਾਮੀ ਖਫਾ ਹੋ ਕੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਕੇ ਘਰੇ ਜਾ ਬੈਠੇ ਤਦ ਉਨ੍ਹਾਂ ਨੂੰ ਅਸਤੀਫਾ ਵਾਪਸ ਲੈਣ ਲਈ ਮਨਾਉਣ ਗਏ ਕਦੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਜੋਰ ਲਾਉਂਦੇ ਰਹੇ ਅਤੇ ਕਦੇ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੇ ਮੈਂਬਰ ਵਾਸਤੇ ਪਾਉਂਦੇ ਰਹੇ। ਜਦ ਧਾਮੀ ਸਾਹਬ ਅੜੇ ਰਹੇ ਤਾਂ ਫਿਰ ਸ੍ਰੀ ਅਕਾਲ ਤਖਤ ਸਾਹਬ ਦੇ ਜਥੇਦਾਰ ਆਪਣੇ ਹੋਰ ਸਿੰਘ ਸਾਹਿਬਾਨ ਨਾਲ ਧਾਮੀ ਜੀ ਨੂੰ ਇਹ ਸੋਚ ਕੇ ਮਨਾਉਣ ਗਏ ਕਿ ਸਾਡੀ ਪਦਵੀ ਦੀ ਸਰਬਉੱਚਤਾ ਦਾ ਖਿਆਲ ਕਰਕੇ ਧਾਮੀ ਜੀ ਸਾਡੇ ਨਾਲ ਤਾਂ ਤੁਰ ਹੀ ਪੈਣਗੇ! ਸਮੁੱਚਾ ਪੰਥ ਉਦੋਂ ਹੈਰਾਨ ਰਹਿ ਗਿਆ ਜਦ ਧਾਮੀ ਜੀ ਨੇ ਸਿੰਘ ਸਾਹਿਬਾਨ ਦਾ ਹੁਕਮ ਮੰਨਣ ਤੋਂ ਤਾਂ ਇਨਕਾਰ ਕਰ ਦਿੱਤਾ ਪਰ ਜਦੋਂ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਦੇ ਘਰੇ ਜਾ ਕੇ 'ਬੰਦ ਕਮਰਾ ਮੀਟਿੰਗ' ਕੀਤੀ ਤਾਂ ਉਹ ਉਸੇ ਵੇਲੇ 'ਬੀਬੇ ਰਾਣੇ' ਬਣਕੇ ਮੁੜ ਪ੍ਰਧਾਨਗੀ ਸੰਭਾਲਣ ਤੁਰ ਪਏ ਸਨ! ਹੁਣ ਭਾਈ ਧਾਮੀ ਜੀ ਦੂਸਰਿਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਦਾ ਪਾਠ ਪੜ੍ਹਾ ਰਹੇ ਹਨ !

'ਨਮਕ ਹਲਾਲ ਨਾਥ ਕਾ ਕਰੀਏ
ਗੁਰੂ ਰੱਬ ਤੋਂ ਕਦੇ ਨਾ ਡਰੀਏ !'


ਸ੍ਰੀ ਅਕਾਲ ਤਖਤ ਸਾਹਿਬ ਤੋਂ 'ਸਾਚੀ ਸਾਖੀ' ਦੇ ਲੇਖਕ ਸਿਰਦਾਰ ਕਪੂਰ ਸਿੰਘ ਆਈ.ਸੀ.ਐੱਸ ਨੂੰ ਬੜੇ ਮਾਣ ਸਤਿਕਾਰ ਨਾਲ 'ਨੈਸ਼ਨਲ ਪ੍ਰੋਫੈਸਰ ਆਫ ਸਿੱਖਇਜ਼ਮ' ਦਾ ਖਿਤਾਬ ਭੇਂਟ ਕੀਤਾ ਗਿਆ ਸੀ। ਇਸੇ ਸਿਰਦਾਰ ਸਾਹਿਬ ਨੇ ਅਕਾਲੀ ਦਲ, ਸ਼੍ਰੋਮਣੀ ਕਮੇਟੀ ਦੇ ਨਿਜ਼ਾਮ ਅਤੇ ਗੋਲਕਾਂ ਬਾਰੇ ਇਕ 'ਪੈਰੋਡੀ' ਲਿਖੀ ਹੋਈ ਹੈ ਜੋ ਸਿੱਖ ਸਾਹਿਤ ਵਿਚ ਬਹੁਤ ਪ੍ਰਸਿੱਧ ਹੈ। ਪੁਰਾਤਨ ਕਵੀ ਨਿਹਾਲ ਸਿੰਘ ਦੇ ਲਿਖੇ ਕਬਿੱਤ ਦੀ ਤਰਜ਼ 'ਤੇ ਉਨ੍ਹਾਂ ਦਾ ਕਬਿੱਤ ਇੰਜ ਹੈ-


ਸ਼੍ਰੋਮਣੀ ਹਮਾਰੀ ਰਹੈ ਸੇਵਾ ਚੰਦਾ ਜਾਰ੍ਹੀ ਰਹੈ,
ਸੰਘ ਨਾਲ ਯਾਰੀ ਥੱਲੇ ਆਰੀਆ ਸਮਾਜ ਕੇ।
ਸਿੱਖੀ ਕੀ ਨਾ ਬਾਤ ਚਲੇ ਪੰਥ ਕੀ ਨਾ ਗਾਥ ਚਲੇ,
ਲੂਟ ਦੋਨੋ ਹਾਥ ਚਲੇ ਸੰਗ ਸਾਜ-ਬਾਜ ਕੇ।
ਅਕਲ ਕੀ ਨਾ ਗੱਲ ਰਹੇ ਇੱਕੋ 'ਕਾਲੀ ਦਲ ਰਹੇ,
ਨਿੱਤ ਤਰਥੱਲੀ ਰਹੇ ਜ਼ਿੰਦਾਬਾਦ ਗਾਜ ਕੇ।
ਝੰਡੀ ਵਾਲ਼ੀ ਕਾਰ ਰਹੇ ਫੂਲਨ ਕੇ ਹਾਰ ਰਹੇਂ,
ਗੋਲ੍ਹਕੇਂ ਭਰਪੂਰ ਕਰੇਂ ਸਿੱਖ ਭਾਜ ਭਾਜ ਕੇ।
ਪੰਥ ਕੇ ਦਰਦ ਹਿਤ ਬੁੱਧੀ ਕੀ ਜੋ ਸੇਧ ਦੇਵੈ,
ਨਿਕਟ ਨਾ ਆਣੇ ਪਾਵੈ ਰਾਜ-ਭਾਗ ਕਾਜ ਕੇ।
'ਜਥੇਦਾਰ' ਕਹਿਤ ਬਿਰਾਜੋ ਮਤ ਭਾਜੋ ਸਿੱਖੋ,
ਝੂਲਤੇ ਨਿਸ਼ਾਨ ਰਹੈਂ ਪੰਥ ਮਹਾਰਾਜ ਕੇ !

ਅਗਲੀ ਗੱਲ ਕਰੀਏ ਖੁਸ਼ਵੰਤ ਸਿੰਘ ਦੀ, ਜਿਨ੍ਹਾਂ ਨੂੰ ਤਿੰਨ ਸੌ ਸਾਲਾ ਖਾਲਸਾ ਸਾਜਨਾ ਦਿਵਸ ਮੌਕੇ ਸ੍ਰੀ ਅਨੰਦ ਪੁਰ ਸਾਹਬ ਵਿਖੇ ਹੋਏ ਵਿਸ਼ਾਲ ਸਮਾਗਮ ਵਿਚ 'ਨਿਸ਼ਾਨੇ ਖਾਲਸਾ' ਐਵਾਰਡ ਨਾਲ ਨਿਵਾਜਿਆ ਗਿਆ ਸੀ। ਉਹ ਆਪਣੇ ਇਕ ਲੇਖ ਵਿਚ ਲਿਖਦੇ ਹਨ ਕਿ ਉਹ ਕਿਤੇ ਦੱਖਣੀ ਭਾਰਤ ਦੇ ਕਿਸੇ ਵੱਡੇ ਹਿੰਦੂ ਮੰਦਰ ਵਿਚ ਗਏ। ਉੱਥੇ ਚੜ੍ਹਾਵੇ ਵਜੋਂ ਇਕੱਠੇ ਹੋਏ ਸੋਨੇ ਚਾਂਦੀ ਅਤੇ ਮਾਇਆ ਆਦਿ ਦੇ ਭੰਡਾਰ ਦੇਖ ਕੇ ਉਨ੍ਹਾਂ ਮੰਦਰ ਦੇ ਪੁਜਾਰੀਆਂ ਨੂੰ ਪੁੱਛਿਆ ਕਿ ਉਹ ਇਸ ਚੜ੍ਹਾਵੇ ਨੂੰ ਕਿਵੇਂ ਵੰਡਦੇ ਹਨ? ਪੁਜਾਰੀਆਂ ਨੇ ਦੱਸਿਆ ਕਿ ਇਕ ਨਿਸ਼ਚਿਤ ਦਿਨ ਅਤੇ ਸਮੇਂ ਉੱਤੇ ਅਸੀਂ ਭਗਵਾਨ ਜੀ ਕੀ ਮੂਰਤੀ ਅੱਗੇ ਇਕ ਗੋਲ ਚੱਕਰ ਲਗਾਤੇ ਹੈਂ। ਫਿਰ ਚੜ੍ਹਤ ਕੀ ਮਾਇਆ ਕੋ ਥੋੜਾ ਊਪਰ ਉਛਾਲਤੇ ਹੈਂ। ਜੋ ਮਾਇਆ ਚੱਕਰ ਮੇਂ ਪੜੇ ਵੋਹ ਹਮਾਰੀ, ਜੋ ਚੱਕਰ ਸੇ ਬਾਹਰ ਗਿਰੇ ਵੋਹ ਭਗਵਾਨ ਜੀ ਕੀ ਹੋਤੀ ਹੈ!









ਕਹਿੰਦੇ ਉਨ੍ਹਾਂ ਪੁਜਾਰੀਆਂ ਨੇ ਫਿਰ ਖੁਸ਼ਵੰਤ ਸਿੰਘ ਨੂੰ ਮੋੜਵਾਂ ਪੁੱਛ ਲਿਆ ਕਿ ਆਪ ਸਿੱਖ ਭਾਈਉਂ ਕੇ ਗੁਰਦਵਾਰੋਂ ਮੇਂ ਭੀ ਸੁਨਾ ਹੈ ਕਿ ਬਹੁਤ ਚੜ੍ਹਾਵਾ ਚੜ੍ਹਤਾ ਹੈ,ਵੋਹ ਲੋਕ ਉਸੇ ਕੈਸੇ ਬਾਂਟਤੇ ਹੈਂ? ਖੁੱਲ੍ਹੇ ਡੁੱਲ੍ਹੇ ਅਤੇ ਬੇਬਾਕ ਵਿਚਾਰਾਂ ਵਾਲੇ ਖੁਸ਼ਵੰਤ ਸਿੰਘ ਨੇ ਵਿਅੰਗਮਈ ਜਵਾਬ ਦਿੱਤਾ-

'ਪੰਡਤ ਜੀ ਹਮਾਰੇ ਯਹਾਂ ਐਸੇ ਕਰਤੇ ਹੈਂ ਕਿ ਇਕੱਤਰ ਹੁਈ ਮਾਇਆ ਊਪਰ ਕੋ ਉਛਾਲਤੇ ਹੈਂ। ਜੋ ਮਾਇਆ ਨੀਚੇ ਗਿਰੇ ਵੋਹ ਪੁਜਾਰੀਉਂ ਕੀ ਹੋਤੀ ਹੈ ਜੋ ਊਪਰ ਰਹਿ ਜਾਏ ਵੋਹ ਭਗਵਾਨ ਜੀ ਕੀ!'

ਤੀਸਰੀ ਗੱਲ ਗਿਆਨੀ ਜਗਿੰਦਰ ਸਿੰਘ ਵੇਦਾਂਤੀ ਜੀ ਵੇਲੇ ਦੀ ਜਦ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ।

ਸੰਨ 2002 ਵਿਚ ਗੜ੍ਹਸ਼ੰਕਰ ਲਾਗਲੇ ਡੇਰੇਦਾਰ ਧਨਵੰਤ ਸਿੰਘ ਨਾਂ ਦੇ ਇਕ ਬਾਬੇ ਦੀ ਚਰਿੱਤ੍ਰਹੀਣ ਕਰਤੂਤ ਵਿਰੁੱਧ ਨਵਾਂਸ਼ਹਿਰ ਇਲਾਕੇ ਦੇ ਸਿੰਘ ਪੀੜਤ ਪ੍ਰਵਾਰ ਨਾਲ ਵੇਦਾਂਤੀ ਜੀ ਪਾਸ ਸ਼ਕਾਇਤ ਲੈ ਕੇ ਗਏ। ਵੇਦਾਂਤੀ ਜੀ ਨੇ ਸ਼ਕਾਇਤ ਕਰਨ ਵਾਲਿਆਂ ਨੂੰ ਸਜ਼ਾ ਲਾ ਦਿੱਤੀ । ਦੁਖੀ ਪ੍ਰਵਾਰ ਉੱਘੇ ਸਿੱਖ ਵਕੀਲ ਸਰਦਾਰ ਨਵਕਿਰਨ ਸਿੰਘ ਦੀ ਮੱਦਦ ਨਾਲ ਅਦਾਲਤ ਵਿਚ ਚਲਾ ਗਿਆ। ਸੈਸ਼ਨ ਕੋਰਟ ਹੁਸ਼ਿਆਰ ਪੁਰ ਨੇ 'ਬਾਬੇ' ਨੂੰ ਦਸ ਸਾਲ ਲਈ ਜੇਲ੍ਹ ਭੇਜ ਦਿੱਤਾ। ਉਦੋਂ ਨਾ ਤਾਂ ਵੇਦਾਂਤੀ ਜੀ ਨੇ ਪੀੜਤ ਪ੍ਰਵਾਰ ਨੂੰ ਅਦਾਲਤ ਵਿਚ ਜਾਣ ਤੋਂ ਵਰਜਿਆ ਅਤੇ ਨਾ ਹੀ ਸਿੱਖ ਵਕੀਲ ਸਰਦਾਰ ਨਵਕਿਰਨ ਸਿੰਘ ਨੂੰ ਰੋਕਿਆ ਕਿ ਧਨਵੰਤ ਸਿੰਘ ਵਾਲਾ ਮਸਲਾ ਤਾਂ ਸ੍ਰੀ ਅਕਾਲ ਤਖਤ ਸਾਹਬ ਨੇ ਨਬੇੜ ਦਿੱਤਾ ਹੈ, ਇਸ 'ਤੇ ਹੋਰ ਕੋਈ ਕਾਰਵਾਈ ਕਰਨੀ ਤਖਤ ਸਾਹਿਬ ਦੇ ਹੁਕਮ ਦੀ ਉਲੰਘਣਾ ਹੋਵੇ ਗੀ!

ਸਨਿਮਰ ਅਰਜ਼ ਹੈ ਕਿ ਮੇਰੀਆਂ ਇਨ੍ਹਾਂ ਸਤਰਾਂ ਨੂੰ ਕਿਸੇ ਵਿਅਕਤੀ ਵਿਸ਼ੇਸ਼ ਦੀ 'ਵਕਾਲਤ' ਵਜੋਂ ਜਾਂ ਕਿਸੇ ਦੇ ਨਿਜੀ ਵਿਰੋਧ ਵਿਚ ਦੇਖਣ ਦੀ ਬਜਾਏ ਪੰਥਕ ਦਰਦ ਦੀ ਐਨਕ ਰਾਹੀਂ ਹੀ ਦੇਖਿਆ ਜਾਵੇ ! ਕਿਉਂ ਕਿ ਦਾਸ ਜਮਾਂਦਰੂ ਅਕਾਲੀ ਹੈ ਅਤੇ ਅਕਾਲੀ ਵਜੋਂ ਹੀ ਦੁਨੀਆਂ ਤੋਂ ਰੁਖਸਤ ਹੋਣ ਦਾ ਅਭਿਲਾਸ਼ੀ ਹੈ! ਸ਼੍ਰੋਮਣੀ ਕਮੇਟੀ ਦਾ ਇਕ ਅਦਨਾ ਜਿਹਾ ਸਾਬਕਾ ਮੈਂਬਰ ਹੋਣ ਨਾਤੇ ਆਪਣੇ ਧਰਮ ਅਸਥਾਨਾ ਵਿਚ ਸਿਆਸਤ ਦੀ ਕਾਲ਼ੀ ਬੋਲ਼ੀ ਹਨੇਰੀ ਚਲਦੀ ਦੇਖ ਕੇ ਖਲੀਲ ਜਿਬਰਾਨ ਵਾਂਗ ਆਪਣੇ ਸਤਿਗੁਰੂ ਸਾਹਿਬਾਨ ਅੱਗੇ ਅਜਿਹੀ ਅਰਜੋਦੜੀ ਕਰਦਾ ਹਾਂ-

"ਓ ਅਮਰ ਜੋਤ ਈਸਾ ਮਸੀਹ! ਦੁਬਾਰਾ ਇਸ ਧਰਤੀ 'ਤੇ ਅਵਤਾਰ ਧਾਰੋ ਅਤੇ ਆਪਣੇ ਪਵਿੱਤਰ ਧਰਮ ਸਥਾਨਾਂ ਵਿੱਚੋਂ ਇਨ੍ਹਾਂ ਧਰਮ ਦੇ ਠੇਕੇਦਾਰਾਂ ਨੂੰ ਧੱਕੇ ਮਾਰ ਮਾਰ ਕੇ ਬਾਹਰ ਕੱਢ ਦਿਉ,ਉਨ੍ਹਾਂ ਨੇ ਇਨ੍ਹਾਂ ਸਥਾਨਾਂ ਨੂੰ ਵਪਾਰ ਦਾ ਅੱਡਾ ਬਣਾ ਰੱਖਿਆ ਹੈ ਜਿੱਥੇ ਪਾਖੰਡ ਅਤੇ ਝੂਠ ਦੇ ਜ਼ਹਿਰੀਲੇ ਨਾਗ ਕੁਰਬਲ਼ ਕੁਰਬਲ਼ ਕਰਦੇ ਫਿਰਦੇ ਹਨ!"

(ਖਲੀਲ ਜਿਬਰਾਨ ਦੀ ਕਿਤਾਬ 'ਦਿਲ ਦੇ ਭੇਦ' ਦਾ ਸਫਾ 90)

'ਦੀਵਾਰ ਕਯਾ ਗਿਰੀ ਮਿਰੇ ਖਸਤਾ ਮਕਾਨ ਕੀ
ਲੋਗੋਂ ਨੇ ਮੇਰੇ ਸਹਨ ਮੇਂ ਰਸਤੇ ਬਨਾ ਲਿਯੇ !' (ਸਹਨ-ਵਿਹੜਾ)
-ਸਬਤ ਅਲੀ 'ਸਬਤ'


* * * * *

## ਰੱਬ ਦੀ ਦਾਤ

ਲੋਹੜੀ ਪੁੱਤਾਂ ਦੀ ਪਾਓ ਤੁਸੀਂ ਜੀ ਸਦਕੇ,
ਐਪਰ ਲੋਹੜੀ ਧੀਆਂ ਦੀ ਵੀ ਪਾਓ ਮਿੱਤਰੋ।
ਧੀਆਂ ਬਿਨਾਂ ਵੰਸ਼ ਨਹੀਂ ਚਲ ਸਕਦਾ,
ਇਸ ਸੱਚਾਈ ਤੋਂ ਮੂੰਹ ਨਾ ਘੁੰਮਾਓ ਮਿੱਤਰੋ।
ਧੀਆਂ ਤੁਹਾਡੇ ਪਿਆਰ ਦੀਆਂ ਹੱਕਦਾਰ ਨੇ,
ਪੁੱਤਾਂ ਵਾਂਗ ਇਨ੍ਹਾਂ ਨੂੰ ਗਲ਼ ਲਾਓ ਮਿੱਤਰੋ।
ਪੁੱਤ ਹੁੰਦੇ ਸਹਾਰਾ ਬੁੱਢੇ ਮਾਪਿਆਂ ਦਾ,
ਇਕ ਵਾਰ ਧੀਆਂ ਨੂੰ ਵੀ ਅਜ਼ਮਾਓ ਮਿੱਤਰੋ।
ਸਮਾਂ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ,
ਤੁਸੀਂ ਵੀ ਸਮੇਂ ਦੇ ਨਾਲ ਬਦਲ ਜਾਓ ਮਿੱਤਰੋ।
ਗੁਰੂ ਨਾਨਕ ਵੀ ਧੀਆਂ ਦੇ ਹੱਕ 'ਚ ਬੋਲੇ ਸਨ,
ਤੁਸੀਂ ਵੀ ਮਾੜੀ ਸੋਚ ਤੋਂ ਪਿੱਛਾ ਛਡਾਓ ਮਿੱਤਰੋ।
ਧੀਆਂ ਨੂੰ ਪੈਰਾਂ ਦੀ ਧੂੜ ਨਾ ਸਮਝੋ ਹੁਣ,
ਇਨ੍ਹਾਂ ਨੂੰ ਪੁੱਤਾਂ ਦੇ ਵਾਂਗ ਪੜ੍ਹਾਓ ਮਿੱਤਰੋ।
ਪੁੱਤਾਂ ਵਾਂਗ ਧੀਆਂ ਵੀ ਰੱਬ ਦੀ ਦਾਤ ਨੇ,
ਧੀਆਂ ਹੋਣ ਤੇ ਮੱਥੇ ਵੱਟ ਨਾ ਪਾਓ ਮਿੱਤਰੋ।

ੋ ੋ ੋ

ਮਹਿੰਦਰ ਸਿੰਘ ਮਾਨ
ਸਾਮ੍ਹਣੇ ਅੰਗਦ ਸਿੰਘ
ਐਮ ਐੱਲ ਏ ਹਾਊਸ
ਕੈਨਾਲ ਰੋਡ,
ਨਵਾਂ ਸ਼ਹਿਰ-144514
ਫੋਨ 9915803554



# ਖੁਸ਼ੀਆਂ ਤੇ ਚਾਵਾਂ ਦਾ ਤਿਉਹਾਰ ਲੋਹੜੀ ਅਤੇ ਪਵਿੱਤਰ ਤਿਉਹਾਰ ਮਾਘੀ

ਭਵਨਦੀਪ ਸਿੰਘ ਪੁਰਬਾ
ਸੰਪਰਕ: 9988-92-9988





ਸਾਡੇ ਪੰਜਾਬੀ ਵਿਰਸੇ ਦੇ ਅਨੇਕਾਂ ਤਿਉਹਾਰ ਹਨ। ਹਰੇਕ ਤਿਉਹਾਰ ਦੀ ਆਪਣੀ ਆਪਣੀ ਖਾਸ਼ੀਅਤ ਹੈ। ਮੌਜੂਦਾ ਸਮੇਂ ਚੱਲ ਰਹੇ ਕੈਲੰਡਰ ਅਨੁਸਾਰ ਨਵੇਂ ਸਾਲ ਦਾ ਸਭ ਤੋਂ ਪਹਿਲਾ ਵਿਰਾਸਤੀ ਤਿਉਹਾਰ ਲੋਹੜੀ ਤੇ ਮਾਘੀ ਹੈ। ਆਮ ਬੋਲ-ਚਾਲ ਵਿੱਚ ਅਸੀਂ ਲੋਹੜੀ-ਮਾਘੀ ਇਕੱਠਾ ਬੋਲਦੇ ਹਾਂ ਪਰ ਲੋਹੜੀ ਅਤੇ ਮਾਘੀ ਅਲੱਗ-ਅਲੱਗ ਤਿਉਹਾਰ ਹਨ। ਲੋਹੜੀ ਅਤੇ ਮਾਘੀ ਵਿੱਚ ਸਬੰਧ ਇਹੀ ਹੈ ਕਿ ਹਮੇਸ਼ਾ ਲੋਹੜੀ ਤੋਂ ਅਗਲੇ ਦਿਨ ਮਾਘੀ ਦਾ ਤਿਉਹਾਰ ਹੁੰਦਾ ਹੈ। ਨਵੇਂ ਕੈਲੰਡਰਾ ਅਨੁਸਾਰ ਬਹੁੱਤ ਸਾਰੇ ਦਿਨ ਤਿਉਹਾਰ ਬਦਲ ਗਏ ਹਨ ਪਰ ਲੋਹੜੀ ਜਿਆਦਾਤਰ 13 ਜਨਵਰੀ ਦੀ ਅਤੇ ਮਾਘੀ ਜਿਆਦਾਤਰ 14 ਜਨਵਰੀ ਦੀ ਹੀ ਹੁੰਦੀ ਹੈ।

ਲੋਹੜੀ ਦਾ ਤਿਉਹਾਰ ਖੁਸ਼ੀਆਂ ਅਤੇ ਚਾਵਾਂ ਦਾ ਤਿਉਹਾਰ ਹੈ। ਕੜਾਕੇ ਦੀ ਠੰਡ ਦੇ ਬਾਵਜੂਦ ਵੀ ਇਸ ਤਿਉਹਾਰ ਲਈ ਸਭ ਦੇ ਮਨ ਵਿੱਚ ਖਾਸ ਚਾਅ, ਉਤਸਾਹ ਅਤੇ ਉਮੰਗ ਹੁੰਦੀ ਹੈ। ਲੋਹੜੀ ਪੋਹ ਮਹੀਨੇ ਦੀ ਆਖਰੀ ਰਾਤ ਨੂੰ ਮਨਾਈ ਜਾਂਦੀ ਹੈ। ਇਹ ਤਿਉਹਾਰ ਆਪਸੀ ਮੇਲ-ਮਿਲਾਪ ਅਤੇ ਭਾਈਚਾਰਕ ਸਾਂਝ ਪੈਦਾ ਕਰਦਾ ਹੈ। ਜਿਸ ਘਰ ਕੋਈ ਖੁਸ਼ੀ ਆਈ ਹੋਵੇ ਉਸ ਦੇ ਬੂਹੇ ਅੱਗੇ ਧੂਣੀ ਲਾਈ ਜਾਦੀ ਹੈ। ਜਿਸ ਤੇ ਰਿਸ਼ਤੇਦਾਰ ਅਤੇ ਆਂਢ-ਗੁਆਂਢ ਦੇ ਲੋਕ ਇਕੱਠੇ ਹੋ ਕੇ ਬੈਠਦੇ ਹਨ ਅਤੇ ਖੁਸ਼ੀ ਸ਼ਾਂਝੀ ਕਰਦੇ ਹਨ। ਪਹਿਲਾ ਲੋਕ ਧੂਣੀ ਲਗਾਉਣ ਲਈ ਸਾਰੇ ਆਸ-ਪਾਸ ਦੇ ਘਰਾਂ 'ਚੋਂ ਪਾਥੀਆਂ ਅਤੇ ਲੱਕੜਾਂ ਇਕੱਠੀਆਂ ਕਰਕੇ ਕਿਸੇ ਇੱਕ ਜਗ੍ਹਾ ਤੇ ਬਾਲਣ ਇਕੱਠਾ ਕਰਕੇ ਸਾਂਝੀ ਧੂਣੀ ਲਗਾ ਕੇ ਲੋਹੜੀ ਮਨਾਉਂਦੇ ਸਨ। ਧੂਣੀ ਤੇ ਬੈਠ ਕੇ ਨਾਲੇ ਠੰਢ ਤੋਂ ਰਾਹਤ ਮਿਲਦੀ ਸੀ ਤੇ ਬਿਨ੍ਹਾ ਸ਼ੋਰ-ਸਰਾਬੇ ਤੋਂ ਇਕੱਠੇ ਬੈਠ ਕੇ ਦੁੱਖ-ਸੁੱਖ ਸਾਂਝੇ ਕੀਤੇ ਜਾਂਦੇ ਸਨ। ਲੋਹੜੀ ਦੀ ਧੂਣੀ ਵਿੱਚ ਤਿੱਲ ਸੁਟੇ ਜਾਂਦੇ ਸੀ ਤੇ ਗੁਣ ਗੁਣਾਇਆ ਜਾਂਦਾ ਸੀ:

ਈਸ਼ਰ ਆ, ਦਲਿੱਦਰ ਜਾ।
ਦਲਿੱਦਰ ਦੀ ਜੜ੍ਹ ਚੁੱਲੇ ਪਾ।

ਧੂਣੀ ਉਪਰ ਦੀ ਗੰਨੇ ਵਾਰ ਕੇ ਚੁੱਪੇ ਜਾਂਦੇ ਸਨ। ਕਈ ਲੋਕ ਇਸ ਰਾਤ ਨੂੰ ਸਰੋਂ ਦਾ ਸਾਗ ਬਣਾਉਂਦੇ ਸਨ। ਇਸ ਰਾਤ ਸਾਗ ਤੌੜੀ ਵਿੱਚ ਧਰਦੇ ਸਨ, ਸਾਰੀ ਰਾਤ ਸਾਗ ਰਿਝਦਾ ਸੀ ਅਤੇ ਅਗਲੀ ਸਵੇਰ ਮਾਘੀ ਦੀ ਸੰਗਰਾਂਦ ਨੂੰ ਖਾਂਦੇ ਸਨ। ਕਿਹਾ ਜਾਂਦਾ ਸੀ:

'ਪੋਹ ਰਿੰਨੀ, ਮਾਘ ਖਾਧੀ।'

ਪਹਿਲੇ ਸਮਿਆਂ ਵਿੱਚ ਲੋਹੜੀ ਮਨਾਉਣ ਦਾ ਵੱਖਰਾਂ ਢੰਗ ਸੀ। ਬੱਚੇ ਇਕੱਠੇ ਹੋ ਕੇ ਗਲੀਆਂ ਮੁਹੱਲਿਆਂ ਵਿੱਚ ਲੋਹੜੀ ਮੰਗਦੇ ਸਨ। ਲੋਹੜੀ ਮੰਗਣ ਲੱਗੇ ਆਵਾਜ ਲਗਾਉਂਦੇ ਸੀ:

ਦੇ ਨੀ ਮਾਈ ਲੋਹੜੀ,
ਤੇਰਾ ਪੁੱਤ ਚੜੇਗਾ ਘੋੜੀ। ਜਾਂ
ਸਾਨੂੰ ਦੇ ਲੋਹੜੀ, ਤੇਰੇ ਜੀਵੇ ਜੋੜੀ।

ਜੇਕਰ ਲੋਹੜੀ ਦਿੰਦੇ ਸਮੇਂ ਥੋੜੀ ਦੇਰ ਹੋ ਜਾਣੀ ਤਾਂ ਬੱਚਿਆਂ ਨੇ ਆਖਣਾ:

ਸਾਡੇ ਪੈਰਾਂ ਹੇਠਾ ਰੋੜ,
ਸਾਨੂੰ ਛੇਤੀ-ਛੇਤੀ ਤੋਰ।

ਪੁਰਾਤਨ ਕਿੱਸਿਆਂ ਅਨੁਸਾਰ ਲੋਹੜੀ ਦਾ ਸਾਡੇ ਲੋਕ ਨਾਇਕ ਦੁੱਲਾ ਭੱਟੀ ਨਾਲ ਗਹਿਰਾ ਸਬੰਧ ਹੈ। ਇਸ ਕਰਕੇ ਲੋਹੜੀ ਮੰਗਦੇ ਬੱਚੇ ਇਹ ਸਤਰਾਂ ਗਾਉਂਦੇ ਸਨ:

ਸੁੰਦਰ ਮੁੰਦਰੀਏ....ਹੋ!
ਤੇਰਾ ਕੌਣ ਵਿਚਾਰ....ਹੋ!
ਦੁੱਲਾ ਭੱਟੀ ਵਾਲਾ....ਹੋ!
ਦੁੱਲੇ ਧੀ ਵਿਆਹੀ....ਹੋ!
ਸੇਰ ਸੱਕਰ ਪਾਈ....ਹੋ!
ਕੁੜੀ ਦਾ ਸਾਲੂ ਪਾਟਾ....ਹੋ!
ਸਾਲੂ ਕੌਣ ਸਮੇਟੇ....ਹੋ!
ਚਾਚਾ ਗਾਲ੍ਹੀ ਦੇਸੇ....ਹੋ!
ਚਾਚੇ ਚੂਰੀ ਕੁੱਟੀ....ਹੋ!
ਜ਼ਿੰਮੀਦਾਰਾਂ ਲੁੱਟੀ....ਹੋ!
ਜ਼ਿੰਮੀਦਾਰ ਸੁਧਾਏ....ਹੋ!
ਗਿਣ ਗਿਣ ਪੌਲੇ ਲਾਏ....ਹੋ!
ਸਾਨੂੰ ਦੇ ਦੇ ਲੋਹੜੀ,
'ਤੇ ਤੇਰੀ ਜੀਵੇ ਜੋੜੀ....!

ਸਾਡੇ ਬਜੁਰਗ ਲੋਹੜੀ ਦੇ ਦਿਨਾ 'ਚ ਬੱਚਿਆਂ ਨੂੰ ਮੂੰਗਫਲੀ ਅਤੇ ਗੁੜ ਦੇਣਾ ਵੀ ਸ਼ਗਨ ਸਮਝਦੇ ਸਨ। ਲੋਹੜੀ ਤੇ ਬੱਚਿਆਂ ਨੂੰ ਮੂੰਗਫਲੀ ਅਤੇ ਗੁੜ ਸਾਰੇ ਦਿੰਦੇ ਸਨ ਪਰ ਘਰ ਵਿੱਚ ਲੋਹੜੀ ਜਿਆਦਾਤਰ ਮੁੰਡੇ ਦੇ ਜਨਮ ਹੋਣ ਤੇ ਜਾਂ ਮੁੰਡੇ ਦਾ ਵਿਆਹ ਹੋਣ ਤੇ ਮਨਾਈ ਜਾਦੀ ਸੀ। ਅੱਜ ਕੱਲ੍ਹ ਲੋਕ ਪੜ੍ਹ-ਲਿਖ ਕੇ ਚੰਗੀ ਸੋਚ ਰੱਖਦੇ ਹੋਏ ਧੀਆਂ ਦੀ ਲੋਹੜੀ ਵੀ ਮਨਾਉਣ ਲੱਗੇ ਹਨ। ਘਰ ਵਿੱਚ ਆਇਆ ਹਰ ਨਵਾਂ ਬੱਚਾ ਸਾਡੇ ਵਿਹੜੇ ਦੀ ਰੌਣਕ ਹੈ। ਮੁੰਡੇ ਕੁੜੀ ਦੇ ਫਰਕ ਨੂੰ ਮਿਟਾ ਕੇ ਪੁੱਤਾਂ ਵਾਂਗ ਧੀਆਂ ਦੀ ਲੋਹੜੀ ਮਨਾਉਣਾ ਸਲਾਂਘਾਯੋਗ ਕਾਰਜ ਹੈ।

ਪਹਿਲਾਂ ਜਿਸ ਘਰ ਮੁੰਡੇ ਦਾ ਜਨਮ ਹੁੰਦਾ ਸੀ ਜਾਂ ਜਿਸ ਘਰ ਮੁੰਡੇ ਦਾ ਵਿਆਹ ਹੁੰਦਾ ਸੀ ਉਸ ਘਰ ਵਾਲੇ ਆਪਣੇ ਰਿਸ਼ਤੇਦਾਰ ਅਤੇ ਆਂਢ-ਗੁਆਂਢ ਦੀਆਂ ਔਰਤਾਂ ਨਾਲ ਆਪਣੇ ਗਲੀ, ਮੁਹੱਲੇ, ਅਗਵਾੜ ਜਾਂ ਸਰਦੇ-ਪੁੱਜਦੇ ਘਰ ਸਾਰੇ ਪਿੰਡ ਵਿੱਚ ਘਰ-ਘਰ ਜਾ ਕੇ ਮੂੰਗਫਲੀ, ਰਿਉੜੀਆਂ ਜਾਂ ਗੁੱੜ ਵੰਡਦੇ ਸਨ। ਅੱਜ-ਕੱਲ੍ਹ ਲੋਕਾਂ ਵਿੱਚ ਮੋਹ ਪਿਆਰ ਘੱਟ ਗਿਆ ਹੈ। ਲੋਕਾਂ ਕੋਲ ਸਮਾਂ ਹੀ ਨਹੀਂ ਹੈ ਕਿ ਉਹ ਆਪਣੇ ਰਿਸਤੇਦਾਰਾਂ ਜਾਂ ਸਕੇ ਸਬੰਧੀਆਂ ਦੇ ਜਾ ਕੇ ਉਨ੍ਹਾਂ ਨਾਲ ਲੋਹੜੀਆਂ ਵੰਡਾਉਣ। ਨਾ ਹੀ ਕੋਈ ਲੋਹੜੀ ਵੰਡਣ ਲਈ ਕਿਸੇ ਨੂੰ ਬੁਲਾ ਕੇ ਰਾਜੀ ਹੈ ਬੱਸ ਲੋਹੜੀ ਵਾਲੀ ਰਾਤ ਡੀ.ਜੀ. ਵਗੈਰਾ ਲਗਾ ਕੇ ਪਾਰਟੀ ਤੇ ਸੱਦਾ ਦੇ ਦਿੱਤਾ ਜਾਂਦਾ ਹੈ। ਇਹ ਡੁਪਲੀਕੇਟ ਵਿਖਾਵਾ ਮਨ ਨੂੰ ਖੁਸ਼ੀ ਤੇ ਸਕੂਨ ਨਹੀਂ ਦਿੰਦਾ ਸਗੋਂ ਸਿਰਫ ਲੋਕ-ਲੱਜਾ ਲਈ ਕੀਤੀਆਂ ਫਾਰਮੈਲਟੀਆਂ ਹੀ ਹਨ।

ਕੁਦਰਤ ਦਾ ਅਸੂਲ ਹੈ ਕਦੇ ਵੀ ਕਿਸੇ ਚੀਜ ਦਾ ਬੀਜ ਨਾਸ਼ ਨਹੀਂ ਹੁੰਦਾ। ਅਜੇ ਵੀ ਬਹੁੱਤ ਅਜਿਹੇ ਪਿੰਡ ਹਨ ਜਿਥੇ ਲੋਕ ਸਾਡੀ ਵਿਰਾਸਤ ਨਾਲ ਜੁੜੇ ਹੋਏ ਹਨ। ਬਹੁੱਤ ਸਾਰੇ ਲੋਕ ਅਜਿਹੇ ਹਨ ਜਿਹੜੇ ਸ਼ਹਿਰਾਂ ਵਿੱਚ ਵਸਦੇ ਹਨ ਪਰ ਉਨ੍ਹਾਂ ਦੇ ਦਿਲਾਂ ਵਿੱਚ ਵਿਰਾਸਤ ਲਈ ਪਿਆਰ ਹੈ ਉਨ੍ਹਾਂ ਨੇ ਆਪਣੇ ਵਿਰਸੇ ਦੀਆਂ ਸੌਗਾਤਾਂ ਨੂੰ ਜੀਵਤ ਰੱਖਿਆ ਹੋਇਆ ਹੈ। ਉਹ ਪੁਰਾਤਨ ਰਿਵਾਇਤ ਅਨੁਸਾਰ ਘਰ ਧੀ-ਪੁੱਤ ਦੇ ਜਨਮ ਹੋਣ ਤੇ ਜਾਂ ਘਰ ਮੁੰਡੇ ਦਾ ਵਿਆਹ ਹੋਣ ਤੇ ਆਪਣੇ ਰਿਸਤੇਦਾਰ ਅਤੇ ਆਂਢ-ਗੁਆਂਢ ਦੀਆਂ ਔਰਤਾਂ ਨਾਲ ਆਪਣੇ ਗਲੀ, ਮੁਹੱਲਿਆਂ ਵਿੱਚ ਘਰ-ਘਰ ਜਾ ਕੇ ਪੁਰਾਤਨ ਰਵਾਇਤ ਅਨੁਸਾਰ ਮੂੰਗਫਲੀ, ਰਿਉੜੀਆਂ (ਨਵੇਂ ਜਮਾਨੇ ਅਨੁਸਾਰ ਗੁੱੜ ਦੀ ਜਗ੍ਹਾ ਗੱਚਕ ਅਤੇ ਲੱਡੂ ਆਦਿ) ਵੰਡਦੇ ਹਨ। ਇਹ ਰਵਾਇਤਾਂ ਜਿਥੋਂ ਮਨ ਨੂੰ ਇੱਕ ਵੱਖਰੀ ਖੁਸ਼ੀ ਤੇ ਆਨੰਦ ਦਿੰਦਿਆ ਹਨ ਉਥੇ ਸਾਨੂੰ ਸਾਡੀ ਵਿਰਾਸਤ ਨਾਲ ਜੋੜ ਕੇ ਰੱਖਦੀਆਂ ਹਨ।

ਸਾਡੇ ਧਾਰਮਿਕ ਆਗੂਆਂ ਅਨੁਸਾਰ ਮਾਘੀ ਨੂੰ ਬਹੁੱਤ ਹੀ ਪਵਿੱਤਰ ਦਿਨ ਦਾ ਦਰਜਾ ਦਿੱਤਾ ਗਿਆ ਹੈ। ਮਾਘੀ ਮਾਘ ਮਹੀਨੇ ਦੀ ਸੰਗ੍ਰਾਦ ਨੂੰ ਕਹਿੰਦੇ ਹਨ ਇਸ ਦਿਨ ਦੇਸੀ ਮਹੀਨਿਆਂ ਅਨੁਸਾਰ ਮਾਘ ਮਹੀਨੇ ਦੀ ਸ਼ੁਰੂਆਤ ਹੁੰਦੀ ਹੈ। ਮਾਘ ਦਾ ਸਾਰਾ ਮਹੀਨਾ ਭਾਰਤ ਵਿੱਚ ਅਤੇ ਖਾਸ ਕਰਕੇ ਪੰਜਾਬ ਵਿੱਚ ਸਾਰਾ ਮਹੀਨਾ ਬਹੁੱਤ ਦਾਨ-ਪੁੰਨ ਕੀਤਾ ਜਾਂਦਾ ਹੈ। ਸਾਰਾ ਮਹੀਨਾ ਥਾਂ-ਥਾਂ ਤੇ ਲੰਗਰ ਚੱਲਦੇ ਹਨ। ਸ਼੍ਰੀ ਅਖੰਡ ਪਾਠ ਸਾਹਿਬ ਦੀਆਂ ਲੜੀਆਂ ਚੱਲਦੀਆਂ ਹਨ। ਮਾਘ ਮਹੀਨੇ ਨੂੰ ਮੁੱਖ ਰੱਖਕੇ ਬਹੁੱਤ ਸਾਰੇ ਵਿਸ਼ੇਸ਼ ਧਾਰਮਿਕ ਸਮਾਗਮ ਹੁੰਦੇ ਹਨ।

ਲੋਹੜੀ ਦੀ ਖੁਸ਼ੀ ਆਪਣਿਆਂ ਬਿਨਾ ਚੰਗੀ ਨਹੀਂ ਲੱਗਦੀ। ਜਿਸ ਦੇ ਸੱਜਣ ਗੁਸੇ ਗਿਲ੍ਹੇ ਹੋਣ ਜਾਂ ਕਿਸੇ ਦਾ ਕੋਈ ਵਿਛੜ ਗਿਆ ਹੋਵੇ ਉਸ ਨੂੰ ਲੋਹੜੀ ਚੰਗੀ ਨਹੀਂ ਲੱਗਦੀ। ਕਿਸੇ ਨੇ ਲਿਖਿਆ ਹੈ:

ਲੋਹੜੀ ਵਾਲੀ ਰਾਤ,
ਲੋਕੀ ਬਾਲ ਦੇ ਨੇ ਲੋਹੜੀਆਂ।
ਸਾਡੀ ਕਾਹਦੀ ਲੋਹੜੀ,
ਅੱਖਾਂ ਸੱਜਣਾ ਨੇ ਮੋੜੀਆਂ।

ਪ੍ਰਮਾਤਮਾਂ ਕ੍ਰਿਪਾ ਕਰੇ! ਕਿਸੇ ਲਈ ਲੋਹੜੀ ਦਰਦ ਭਰੀ ਨਾ ਹੋਵੇ, ਆਪਣਿਆਂ ਬਿਨ੍ਹਾਂ ਅਧੂਰੀ ਨਾ ਹੋਵੇ। ਹਰੇਕ ਸਾਲ ਲੋਹੜੀ ਅਤੇ ਮਾਘੀ ਹਰੇਕ ਲਈ ਖੁਸ਼ੀ ਭਰੀ ਹੀ ਆਵੇ।

(ਮੁੱਖ ਸੰਪਾਦਕ:
'ਮਹਿਕ ਵਤਨ ਦੀ ਲਾਈਵ' ਬਿਓਰੋ)
1195, ਅਜੀਤ ਨਗਰ ਮੋਗਾ (ਪੰਜਾਬ)



– ਲੇਖਕ –
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ-25

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਨਿਰਗੁਣ ਵਿਚਾਰਧਾਰਾ ਦੇ ਜਿਨ੍ਹਾਂ ਸੰਤਾਂ ਭਗਤਾਂ ਦਾ ਵਰਣਨ, ਹਿੰਦੀ ਦੇ ਵਿਦਵਾਨ ਹੁਣ ਵੱਧ ਚੜ੍ਹਕੇ ਅਪਣੱਤ ਨਾਲ ਕਰ ਰਹੇ ਹਨ, ਉਨ੍ਹਾਂ ਭਗਤਾਂ ਵਿੱਚੋਂ ਜਿਨ੍ਹਾਂ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਵਿੱਚ ਹੈ (ਸਮੇਤ ਫਰੀਦ ਦੇ) ਗੁਰੂ ਗ੍ਰੰਥ ਸਾਹਿਬ ਤੋਂ ਪਹਿਲਾਂ ਦੀ ਕੋਈ ਲਿਖੀ ਹੋਈ ਪ੍ਰਮਾਣਕ ਰਚਨਾ ਸੰਤ ਸੰਮਤ ਵਾਲੀ, ਮੂਲ ਰੂਪ ਵਿੱਚ ਨਹੀਂ ਮਿਲੀ। ਜਿਸ ਪੁਸਤਕ ਵਿੱਚ ਭਗਤਾਂ ਦੀ ਰਚਨਾ (ਬਾਣੀ) ਲਿਖਣ ਦਾ ਸਮਾਂ ਗੁਰੂ ਨਾਨਕ ਤੋਂ ਪਹਿਲਾਂ ਦਾ ਕਿਹਾ ਜਾ ਸਕਦਾ ਹੋਵੇ, ਕਿਸੇ ਇਕ ਭਗਤ ਦੀ ਬਾਣੀ ਵੀ ਕਿਧਰੇ ਵੀ ਸਾਹਮਣੇ ਨਹੀਂ ਲਿਆਂਦੀ ਜਾ ਸਕੀ। ਗੁਰੂ ਗ੍ਰੰਥ ਸਾਹਿਬ ਤੋਂ ਪਹਿਲਾ ਰੂਪ ਗੋਇੰਦਵਾਲ ਵਾਲੀਆਂ ਪੋਥੀਆਂ ਦਾ ਹੈ,**

ਕਬੀਰ ਜੀ ਇਸ ਤੋਂ ਪਿੱਛੋਂ ਤੱਕ ਜੀਉਂਦੇ ਬੇਸ਼ੱਕ ਰਹੇ ਹੋਣ; ਜਿਸ ਦੇ ਸੰਕੇਤ ਰਵਿਦਾਸ ਨਾਲ ਹੋਏ ਸੰਬਾਦ ਵਿੱਚ ਮਿਲਦੇ ਹਨ, ਪਹਿਲਾਂ ਹੋਏ ਚਲਾਣੇ ਦੀ ਘਾੜਤ ਗਲਤ ਹੈ।

ਰਾਮਾਨੰਦ ਜੀ ਦਾ 1580 ਤੱਕ ਜੀਉਂਦੇ ਰਹਿਣ ਦਾ ਲੇਖ ਰਾਮ ਚੰਦਰ ਸ਼ੁਕਲ ਜੀ ਦਾ ਹੈ। ਹਰ ਤਰ੍ਹਾਂ ਕਬੀਰ ਜੀ ਦਾ ਚਲਾਣਾ ਰਾਮਾਨੰਦ ਜੀ ਤੋਂ ਪਿੱਛੋਂ ਹੋਇਆ ਮੰਨਣਾ ਹੀ ਠੀਕ ਹੋਵੇਗਾ।

ਫਿਰ ਵੀ ਕਬੀਰ ਪੰਥੀਆਂ ਦਾ ਦੱਸਿਆ ਸੰਮਤ, ਦਲੀਲ ਖਾਤਰ 1575 ਮੰਨਿਆ ਜਾ ਸਕਦਾ ਹੈ। ਕਬੀਰ ਜੀ ਅਤੇ ਰਾਮਾਨੰਦ ਜੀ ਦੇ ਸਮੇਂ ਨੂੰ ਦੂਜੇ ਭਗਤਾਂ ਨਾਲੋਂ ਨਿਖੇੜ ਕੇ ਦੇਖਿਆ ਨਹੀਂ ਜਾ ਸਕਦਾ।

### ਸਮਕਾਲੀ ਭਗਤਾਂ ਦੇ ਪ੍ਰਸੰਗ

ਰਾਮਾਨੰਦ ਜੀ ਦੇ ਦੂਜੇ ਸਮਕਾਲੀ ਚੇਲੇ ਭਗਤ ਰਵਿਦਾਸ ਜੀ ਪ੍ਰਸਿੱਧ ਹੋਏ ਹਨ। ਰਵਿਦਾਸ ਜੀ ਤੇ ਕਬੀਰ ਜੀ ਬਾਰੇ ਜੀਵਨ ਕਥਾਵਾਂ ਵਾਲੀਆਂ ਪਰਚੀਆਂ ਤੇ ਹੋਰ ਗ੍ਰੰਥਾਂ ਵਿੱਚ ਮੀਰਾਂ ਬਾਈ ਤੇ ਰਾਣੀ ਝਾਲਾਂ ਬਾਈ ਦਾ ਰਵਿਦਾਸ ਜੀ ਤੋਂ ਭਗਤੀ ਵੱਲ ਆਕ੍ਰਸ਼ਤ ਹੋਣ ਅਤੇ ਦੀਖਿਆ ਲੈਣ ਦੀ ਵਾਰਤਾ ਲਿਖੀ ਹੋਈ ਹੈ। ਰਾਜਪੂਤਾਂ ਦੇ ਰਾਜ ਘਰਾਣਿਆਂ ਦੀਆਂ ਤਿੱਥਾਂ ਇਨ੍ਹਾਂ ਭਗਤਾਂ ਦੀਆਂ ਕਥਾਵਾਂ ਵਾਂਗ, ਮੂੰਹ ਜ਼ਬਾਨੀ ਕਹਾਣੀਆਂ ਨਹੀਂ, ਰਾਜ ਘਰਾਣਿਆਂ ਦਾ ਜਨਮ ਮਰਨ ਦਾ ਸਰਕਾਰੀ ਰਿਕਾਰਡ ਹੈ। ਰਾਮ ਚੰਦਰ ਸ਼ੁਕਲ ਜੀ ਮੀਰਾਂ ਬਾਈ ਦਾ ਜਨਮ ਸਮਾਂ 1555 ਬਿਕ੍ਰਮੀ ਦਾ (ਜਨਮ) ਮੰਨਦੇ ਹਨ। ਭੱਟਾਂ ਦੀਆਂ ਖਿਯਾਤਾਂ ਅਤੇ ਪੁਰਾਤਨ ਲਿਖਤਾਂ ਵਿੱਚ 1555 ਵਿੱਚ ਮੀਰਾਂ ਦਾ ਜਨਮ ਮੰਨਿਆ ਹੈ। ਵੱਡੀ ਹੋਈ ਵਿਆਹ ਹੋਇਆ, ਚਤੌੜ ਜਾ ਕੇ ਵਸੀ ਰਸੀ। ਰੰਡੇਪਾ ਗੱਲ੍ਹ ਆ ਪਿਆ। ਰਾਣੇ (ਪਤੀ ਦੇ ਭਰਾ) ਨੇ ਚਾਦਰ ਪਾਉਣੀ ਚਾਹੀ, ਮੀਰਾਂ ਘਰ ਛੱਡਕੇ ਤੀਰਥਾਂ ਨੂੰ ਟੁਰ ਪਈ। ਇਹ ਸਮਾਂ 1580 (ਬਿਕ੍ਰਮੀ) ਤੋਂ ਪਹਿਲਾਂ ਦਾ ਨਹੀਂ ਪਿੱਛੋਂ ਦਾ ਹੋ ਸਕਦਾ ਹੈ। ਜਿਸ ਸਮੇਂ ਮੀਰਾਂ ਦਾ ਰਵਿਦਾਸ ਜੀ ਨਾਲ ਮੇਲ ਹੋਇਆ, ਕਬੀਰ ਜੀ ਜਿਉਂਦੇ ਸਨ। ਇਸ ਦਾ ਪ੍ਰਮਾਣ ਰਵਿਦਾਸ ਤੇ ਕਬੀਰ ਜੀ ਵਿੱ-ਚਕਾਰ ਸੈਣ ਭਗਤ ਦੀ ਲਿਖੀ ਇਕ ਗੋਸ਼ਟ ਤੋਂ ਮਿਲਦਾ ਹੈ। ਵਿਦਵਾਨਾਂ ਨੇ ਇਕ ਮੱਤ ਹੋਕੇ ਰਵਿਦਾਸ ਜੀ ਦਾ ਸਮਾਂ ਸੋਲ੍ਹਵੀਂ ਸਦੀ (ਬਿ.) ਪ੍ਰਵਾਨ ਕੀਤਾ ਹੈ। ਭਗਤ ਮਾਲਾ ਅਤੇ ਪਰਚੀਆਂ ਭਗਤਾਂ ਦੀਆਂ ਵਿੱਚ ਰਾਮਾਨੰਦ ਜੀ ਨਾਲ ਕਬੀਰ ਅਤੇ ਰਵਿਦਾਸ ਗਗਨੌਰ ਪੀਪਾ ਜੀ ਨੂੰ ਮਿਲਣ ਗਏ ਦੱਸੇ ਹਨ। ਗਗਨੌਰ ਦੇ ਰਾਜਾ ਪੀਪਾ ਜੀ ਦਾ ਰਾਮਾਨੰਦ ਦਾ ਚੇਲਾ ਹੋਣਾ ਪ੍ਰਸਿੱਧ ਹੈ। ਪੀਪਾ ਜੀ ਵਡ-ਉਮਰੇ ਹੋਕੇ ਭਗਤ ਬਣੇ ਸੀ। ਇਨ੍ਹਾਂ ਦੇ ਸਮੇਂ ਬਾਰੇ ਵੀ ਭਾਵੇਂ ਕਈ ਕਲਪਨਾ ਹਨ, ਪਰਸ਼ੂ ਰਾਮ ਚਤੁਰਵੇਦੀ ਨੇ ਪੀਪਾ ਦੇ ਵੱਡੇ ਭਰਾ ਅਰਨ ਦਾਸ, ਖੀਰੀ ਦਾ ਵਿਆਹ ਰਾਣਾ ਕੁੰਭਾ ਦੀ (1475-1525) ਭੈਣ ਨਾਲ ਹੋਇਆ ਖੋਜਿਆ ਹੈ। ਸੁਭਾਵਕ ਤੌਰ 'ਤੇ ਪੀਪਾ ਜੀ ਉਸ ਦੇ ਛੋਟੇ ਭਾਈ ਹੋਣ ਦੇ ਨਾਤੇ ਕਾਫੀ ਸਮਾਂ ਪਿੱਛੋਂ ਹੀ ਜਨਮੇ, ਵੱਡੇ ਹੋਏ, ਅਤੇ ਵੱਡੀ ਉਮਰ ਦੇ ਹੋ ਕੇ ਪਹਿਲਾਂ ਰਾਜੇ ਫਿਰ ਭਗਤ ਬਣੇ ਸਨ।

ਭਗਤ ਸੈਣ ਜੀ ਬਾਰੇ ਭਗਤ ਮਾਲਾ ਵਿੱਚ ਪ੍ਰਸੰਗ ਹੈ ਕਿ ਸੈਣ ਜੀ ਜਿਸ ਰਾਜੇ ਦੀ ਸੇਵਾ ਵਿੱਚ ਸਨ ਉਹ ਰਾਜਾ ਵੀ ਉਨ੍ਹਾਂ ਦੀ ਸੰਗਤ ਕਾਰਨ ਅੰਤ ਵਿੱਚ ਭਗਤ ਬਣ ਗਿਆ ਸੀ। ਇਹ ਗੱਲ ਨਾਭਾ ਜੀ ਦੀ ਭਗਤ ਮਾਲਾ ਅਤੇ ਉਸ ਦੇ ਟੀਕਾਕਾਰ ਪ੍ਰਿਯਾਦਾਸ ਨੇ ਪ੍ਰਮਾਣਤ ਕੀਤੀ ਹੈ:

ਬਾਧੋਗੜ੍ਹ ਬਾਸ ਹਰਿ ਸਾਧੁ ਸੇਵਾ ਆਸ ਲਾਗੀ,
ਪਗੀ ਮਤਿ ਸੁਰਤਿ ਪ੍ਰਭੁ ਪਰਚੇ ਦਿਖਾਯੇ ਹੈ॥
ਕਰ ਨਿਤਨੇਮ ਚਲਾਯੇ ਭੂਪ ਕੋ ਲਗਾਉ ਤੇਲ,
ਭਯੋ ਮਗ ਮੇਲ ਸੰਤ, ਫਿਰ ਘਰ ਆਯੋ ਹੈ॥
ਟਹਿਲ ਬਨਾਯੋ ਕਰੀ ਨ੍ਰਿਪ ਕੀ ਨਾ ਸੰਕ ਧਰੀ,
ਧਰ ਉਰ ਸਯਾਮ ਜਾਯ ਭੂਪਤ ਰਿਝਾਯੋ ਹੈ॥
ਪਾਛੇ ਸੈਣ ਗਯੋ ਪੰਧ ਪੂਛੇ, ਹਿਯ ਰੰਗ ਛਯੋ,
ਭਯੋ ਅਚਰਜ ਰਾਜਾ ਬਚਨ ਸੁਨਾਯੋ ਹੈ॥

ਬਾਂਧਵਗੜ੍ਹ (ਰੀਵਾ) ਦੇ ਰਾਜਾ ਰਾਮ ਦਾ ਦੂਜਾ ਨਾਮ ਰਾਮਚੰਦਰ ਸੀ। ਇਸ ਰਾਜੇ ਦਾ ਰਾਜਕਾਲ 1554 ਤੋਂ 1591 ਈਸਵੀ (ਬਿਕ੍ਰਮੀ 1649) ਹੈ। ਇੰਝ ਸੈਣ ਭਗਤ ਦਾ ਸਮਾਂ ਵੀ ਬਿਕ੍ਰਮੀ ਦੀ ਸੋਲ੍ਹਵੀਂ ਸਦੀ ਦਾ ਮੱਧਕਾਲ ਤੋਂ ਪਿੱਛੋਂ ਤੱਕ ਬਣਦਾ ਹੈ। ਯਾਦ ਰਹੇ ਗੁਰੂ ਨਾਨਕ ਜੀ ਦੇ ਚਲਾਣੇ ਦਾ ਬਿਕ੍ਰਮੀ ਸੰਮਤ ਅਸੂ 1596 ਹੈ। ਉਪਰ ਕੀਤੀ ਗਈ ਚਰਚਾ ਸਾਹਮਣੇ ਆਏ ਸੰਮਤਾਂ ਤੋਂ ਰਾਮਾਨੰਦ ਅਤੇ ਹੋਰ ਭਗਤਾਂ ਦਾ ਗੁਰੂ ਨਾਨਕ ਜੀ ਦੇ ਸਮਕਾਲੀ ਹੋਣਾ ਨਿਸ਼ਚੇ ਹੈ।


ਇਸ ਬਹਿਸ ਵਿੱਚ ਦਿੱਤੇ ਗਏ ਪ੍ਰਮਾਣਾਂ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਰਾਮਾਨੰਦ ਜੀ ਅਤੇ ਉਨ੍ਹਾਂ ਦੇ ਚੇਲੇ ਬਿਕ੍ਰਮੀ ਦੀ ਸੋਲ੍ਹਵੀਂ ਸਦੀ ਵਿੱਚ ਹੋਏ। ਜਿਸ ਮੱਤ ਨੂੰ (ੳ) ਹਿੰਦੀ ਸਾਹਿਤ ਦੇ ਇਤਿਹਾਸ ਦੇ ਲੇਖਕ ਰਾਮਚੰਦਰ ਸ਼ੁਕਲ (ਅ) ਭਗਵਤ ਸੰਪ੍ਰਦਾਇ ਦੇ ਬਲਦੇਵ ਉਪਾਧਯਾਯ ਅਤੇ (ੲ) ਰਾਮ ਭਗਤ ਸ਼ਾਖਾ ਦੇ ਲੇਖਕ ਰਾਮ ਨਿਰੰਜਨ ਪਾਂਡੇ (ਹੈਦਰਾਬਾਦ ਯੂਨੀਵਰਸਿਟੀ ਸਫ਼ਾ 40 ਤੋਂ 50 ਤੱਕ) ਨੇ ਦ੍ਰਿੜ੍ਹਤਾ ਨਾਲ ਪ੍ਰਮਾਣਿਤ ਕੀਤਾ ਹੈ। ਰਾਮਾਨੰਦ ਸੰਪਰਦਾਇ ਦੇ ਖੋਜ ਨਿਬੰਧ ਲੇਖਕ ਨੇ ਵੀ ਇਸ ਕਾਲ ਨਿਰਣਯ ਨੂੰ ਰੱਦ ਨਹੀਂ ਕੀਤਾ, ਕੇਵਲ ਪਹਿਲੇ ਮੱਤ ਬਾਰੇ ਬਹੁ-ਮਤ ਮਾਨਾ ਜਾਤਾ ਹੈ, ਪੁਰਾਣੇ ਸੰਪਰਦਾਈਆਂ ਦੀ ਮਾਨਤਾ ਤੋਂ ਬਚਣ ਲਈ ਇਹ ਆਖਕੇ ਗੱਲ ਟਾਲੀ ਹੈ। ਨਾਲ ਹੀ ਸੰਸੋਗ੍ਰਸਤ ਹੋਕੇ ਲਿਖਿਆ ਹੈ: ਵਾਸਤਵ ਮੇਂ ਇਨ ਸੰਤੋਂ ਵ ਅਚਾਰਯ ਕੇ ਨਿਸ਼ਚਿਤ ਤਿਥਿਓਂ ਕੇ ਸਬੰਧ ਮੇਂ ਕੁਛ ਭੀ ਕਹਿਣਾ ਨਿਤਾਂਤ ਹੀ ਵਿਵਾਦ ਯੋਗਯ ਹੈ, ਨਿਰਣੈ ਨਹੀਂ ਹੋ ਸਕਤਾ।

ਇਹ ਗੱਲ ਸਭਨਾਂ ਭਗਤਾਂ ਬਾਰੇ ਢੁੱਕਦੀ ਹੈ, ਉਨ੍ਹਾਂ ਦਰਵੇਸ਼ਾਂ ਦੇ ਕਿਸ ਨੇ ਰੋਜ਼ਨਾਮਚੇ ਲਿਖਣੇ ਸਨ?

(1) ਪ੍ਰਭੂ ਰਾਮਾਨੰਦ ਜੀ ਅਤੇ ਉਨ੍ਹਾਂ ਦੇ ਬਾਰ੍ਹਾਂ ਚੇਲਿਆਂ ਦਾ ਵਰਣਨ ਤੇ ਸਮਾਂ ਕਾਂਸ਼ੀ ਦੇ ਇਕ ਸਮਕਾਲੀ ਮੁਸਲਮ ਫ਼ਕੀਰ ਰਸ਼ੀਦੂਦੀਨ ਦੀ ਗਵਾਹੀ ਤੋਂ ਨਿਰਣਯ ਹੋ ਜਾਂਦਾ ਹੈ। (2) ਰਾਮਾਨੰਦ ਜੀ ਦੇ ਰਾਮਨੁਜ ਪਿੱਛੋਂ ਚੌਧਵੀਂ ਪੀੜ੍ਹੀ ਹੋਣ ਦੇ ਪ੍ਰਮਾਣ ਉਨ੍ਹਾਂ ਨੂੰ ਨਿਸ਼ਚੇ ਹੀ ਰਾਮਚੰਦਰ ਸ਼ੁਕਲ ਜੀ ਦੇ ਕਥਨ ਮੁਤਾਬਕ, ਰਾਮਾਨੰਦ ਪੀਰ ਤਕੀ ਦੇ ਸਮਕਾਲੀ ਸਨ ਜੋ ਉਨ੍ਹਾਂ ਦਾ-ਸੋਲ੍ਹਵੀਂ ਸਦੀ ਵਿੱਚ ਹੋਣਾ ਪ੍ਰਮਾਣਤ ਕਰਦੇ ਹਨ। ਇਹ ਉਹੋ ਸਮਾਂ ਹੈ ਜਦੋਂ ਧਰਤ ਲੁਕਾਈ ਸੋਧਣ ਲਈ ਗੁਰੂ ਨਾਨਕ ਜੀ ਦੇਸ਼ ਵਿਦੇਸ਼ ਦੀਆਂ ਯਾਤਰਾਂ ਕਰ ਰਹੇ ਸਨ। ਕਾਸ਼ੀ (ਬਨਾਰਸ) ਪੁੱਜੇ ਰਾਮਾਨੰਦ ਜੀ ਸ੍ਰੀ ਸੰਪ੍ਰਦਾਈ ਦੇ ਵੈਸ਼ਣਵ ਅਚਾਰਯ ਨੂੰ ਮਿਲੇ, ਅਵਤਾਰਵਾਦ ਦੇ ਚੱਕਰ ਤੋਂ ਕੱਢਕੇ ਨਿਰਾਕਾਰ ਬ੍ਰਹਮ ਦਾ ਰਹੱਸ ਸਮਝਾਇਆ। ਜਿਸ ਦੀ ਪ੍ਰਾਪਤੀ ਦਾ ਵਰਣਨ ਰਾਮਾਨੰਦ ਜੀ ਨੇ ਆਪਣੇ ਪਦਿਆਂ ਵਿੱਚ ਕੀਤਾ ਹੈ ਉਨ੍ਹਾਂ ਵਿੱਚੋਂ ਬਹੁਤੇ ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀ ਬਾਣੀ ਵਿੱਚ ਹਨ।

### ਸਿੱਖ ਸਾਹਿਤ ਵਿੱਚ ਭਗਤਾਂ ਦੇ ਉਲੇਖ :

ਹਿੰਦੀ ਦੇ ਭਗਤੀ ਕਾਲ, ਸੰਤ ਕਾਵਿਯ, ਨਿਰਗੁਣ ਸੰਤ ਕਾਵਿਯਧਾਰਾ ਆਦਿ ਵਿਸ਼ਿਆਂ ਉੱਤੇ ਲਿਖਣ ਵਾਲੇ ਵਿਦਵਾਨਾਂ ਨੇ, ਖ਼ੁਸ਼ੀ ਦੀ ਗੱਲ ਹੈ, ਉਨ੍ਹਾਂ ਸੰਤਾਂ ਭਗਤਾਂ ਨੂੰ ਵੀ ਚੰਗੀ ਤਰ੍ਹਾਂ ਅਪਣਾਇਆ ਹੈ, ਜਿਨ੍ਹਾਂ ਨੇ ਨਿਰਗੁਣ ਬ੍ਰਹਮ ਦਾ ਮੱਤ ਪ੍ਰਚਾਰਿਆ ਹੈ, ਪਹਿਲੇ ਸਮਿਆਂ ਦੇ ਭਗਤੀ ਮੱਤ ਵਾਲੇ ਨਿਰਗੁਣ ਕਵਣ ਦੇਸ ਕੋ ਬਾਸੀ? ਦੇ ਅਵਾਜ਼ੇ ਕਸਦੇ ਰਹੇ ਹਨ। ਸ਼ੁਭ




ਗੱਲ ਹੈ, ਦੇਸ਼ ਦੀ ਸੁਤੰਤਰਤਾ ਪਿੱਛੋਂ ਹਿੰਦੂ ਸਮਾਜ ਵਿੱਚ ਵੀ ਇਨ੍ਹਾਂ ਸੰਤਾਂ ਭਗਤਾਂ ਨੂੰ ਸਤਿਕਾਰਯੋਗ ਸਥਾਨ ਦਿੱਤਾ ਜਾਣ ਲੱਗ ਪਿਆ ਹੈ। ਕੁਝ ਕਾਲ ਪਹਿਲਾਂ ਹਿੰਦੂ ਸਮਾਜ ਵਿੱਚ ਅਜਿਹੇ ਮਹਾਨ ਪੁਰਖਾਂ, ਭਗਤਾਂ ਤੇ ਸੰਤਾਂ ਨੂੰ ਇਸ ਭਾਂਤ ਦਾ ਸਤਿਕਾਰ ਨਹੀਂ ਦਿੱਤਾ ਜਾਂਦਾ ਸੀ। ਅਵਤਾਰ ਪ੍ਰਸਤੀ ਅਤੇ ਸਰਗੁਣ ਉਪਾਸ਼ਨਾ ਹੀ ਹਿੰਦੂ ਸਮਾਜ ਅਨੁਸਾਰ ਗੌਰਵਤਾ ਵਾਲੀ ਭਗਤੀ ਪ੍ਰਥਾ ਸਮਝੀ ਜਾਂਦੀ ਸੀ। ਕੱਟੜ ਵੇਦਵਾਦੀ ਕਹਾਉਣ ਵਾਲੇ ਸਵਾਮੀ ਦਿਆ ਨੰਦ ਜਿਹੇ ਮੰਤਕੀ ਲੋਕ ਅਤੇ ਉਨ੍ਹਾਂ ਦੇ ਸਮਾਜੀ ਭਾਈ, ਅਜਿਹੇ ਸੰਤਾਂ ਭਗਤਾਂ ਨੂੰ ਮੂਰਖ ਲਿਖਦੇ ਤੇ ਮੰਨਦੇ ਤੇ ਪ੍ਰਚਾਰਦੇ ਸੀ*। ਆਜ਼ਾਦੀ ਪਿੱਛੋਂ ਨਵੇਂ ਦ੍ਰਿਸ਼ਟੀਕੋਣ ਨੇ ਸੁਨਵਾਦੀ, ਬੋਧ ਮੱਤ ਨੂੰ - ਜੋ ਨਾਸਤਕਤਾ ਦਾ ਪ੍ਰਭਾਵ ਵੀ ਪਾਉਂਦਾ ਹੈ - ਮੁੜ ਭਾਰਤ ਵਿੱਚ ਵਾਪਸ ਪਰਤਣ ਦੀ ਖੁੱਲ੍ਹ ਦਿੱਤੀ ਹੈ, ਜਿਸ ਦਾ ਪਹਿਲਾ ਤਲਾ ਮੂਲ ਹੀ ਬ੍ਰਹਿਮਣੀ -ਧਰਮ ਨੇ ਭਾਰਤ ਵਿੱਚੋਂ ਸਾਫ ਕੀਤਾ ਹੋਇਆ ਸੀ। ਹੁਣ ਅਜਿਹੇ ਸੰਤਾਂ ਭਗਤਾਂ ਦੇ ਮੱਤਾਂ ਅਤੇ ਸਿਧਾਂਤਾਂ ਨੂੰ ਧਿਆਨ ਨਾਲ ਵਾਚਣਾ ਸ਼ੁਰੂ ਕੀਤਾ ਹੈ; ਕਈ ਭਾਂਤ ਦੀਆਂ ਵੱਡੀਆਂ ਵਡਿਆਈਆਂ ਉਨ੍ਹਾਂ ਸੰਤਾਂ ਭਗਤਾਂ ਨਾਲ ਜੋੜੀਆਂ ਜਾ ਰਹੀਆਂ ਹਨ, ਜਿਨ੍ਹਾਂ ਤੋਂ ਉਹ ਭਗਤ ਨਾ ਰਹਿੰਦੇ ਹੋਏ ਗੁਰੂ ਕਹੇ ਜਾਣ ਲੱਗੇ, ਕਿਉਂਕਿ ਅਲਪ ਜਾਤੀਆਂ ਦੀ ਜਨ ਸੰਖਿਆ ਅਤੇ ਰਾਵਾਂ (ਵੋਟਾਂ) ਦਾ ਬੱਝਵਾਂ ਭਾਗ, ਰਾਜ ਤੇ ਸਮਾਜ ਉੱਤੇ ਭਾਰੂ ਹੋ ਗਿਆ ਹੈ।

ਨਿਰਗੁਣ ਵਿਚਾਰਧਾਰਾ ਦੇ ਜਿਨ੍ਹਾਂ ਸੰਤਾਂ ਭਗਤਾਂ ਦਾ ਵਰਣਨ, ਹਿੰਦੀ ਦੇ ਵਿਦਵਾਨ ਹੁਣ ਵੱਧ ਚੜ੍ਹਕੇ ਅਪਣੱਤ ਨਾਲ ਕਰ ਰਹੇ ਹਨ, ਉਨ੍ਹਾਂ ਭਗਤਾਂ ਵਿੱਚੋਂ ਜਿਨ੍ਹਾਂ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਵਿੱਚ ਹੈ (ਸਮੇਤ ਫਰੀਦ ਦੇ) ਗੁਰੂ ਗ੍ਰੰਥ ਸਾਹਿਬ ਤੋਂ ਪਹਿਲਾਂ ਦੀ ਕੋਈ ਲਿਖੀ ਹੋਈ ਪ੍ਰਮਾਣਕ ਰਚਨਾ ਸੰਤ ਸੰਮਤ ਵਾਲੀ, ਮੂਲ ਰੂਪ ਵਿੱਚ ਨਹੀਂ ਮਿਲੀ। ਜਿਸ ਪੁਸਤਕ ਵਿੱਚ ਭਗਤਾਂ ਦੀ ਰਚਨਾ (ਬਾਣੀ) ਲਿਖਣ ਦਾ ਸਮਾਂ ਗੁਰੂ ਨਾਨਕ ਤੋਂ ਪਹਿਲਾਂ ਦਾ ਕਿਹਾ ਜਾ ਸਕਦਾ ਹੋਵੇ, ਕਿਸੇ ਇਕ ਭਗਤ ਦੀ ਬਾਣੀ ਵੀ ਕਿਧਰੇ ਵੀ ਸਾਹਮਣੇ ਨਹੀਂ ਲਿਆਂਦੀ ਜਾ ਸਕੀ। ਗੁਰੂ ਗ੍ਰੰਥ ਸਾਹਿਬ ਤੋਂ ਪਹਿਲਾ ਰੂਪ ਗੋਇੰਦਵਾਲ ਵਾਲੀਆਂ ਪੋਥੀਆਂ ਦਾ ਹੈ,

*ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ*

# ਧਰਮ ਆਸਥਾ ਦਾ ਵਿਸ਼ਾ ਹੈ, ਨਾ ਕਿ ਵਾਦ-ਵਿਵਾਦ, ਭਾਵਨਾਵਾਂ ਭੜਕਾਉਣ ਜਾਂ ਰਾਜਨੀਤਿਕ ਸ਼ੋਸ਼ਣ ਦਾ ਸਾਧਨ

**ਇਕਬਾਲ ਸਿੰਘ ਲਾਲਪੁਰਾ**
9780003333



ਮੈਂ ਇਹ ਲਿਖਤ ਬਹੁਤ ਦੁਖੀ ਮਨ ਨਾਲ ਲਿਖ ਰਿਹਾ ਹਾਂ। ਮੇਰੇ ਧਰਮ ਨਾਲ ਜੁੜੀਆਂ ਹਾਲੀਆ ਵਿਵਾਦਤ ਘਟਨਾਵਾਂ ਨੇ ਨਾ ਸਿਰਫ਼ ਸਿੱਖ ਧਰਮ ਵਿੱਚ ਆਸਥਾ ਰੱਖਣ ਵਾਲਿਆਂ ਨੂੰ, ਸਗੋਂ ਹਰ ਉਸ ਵਿਅਕਤੀ ਨੂੰ ਗਹਿਰਾ ਦੁੱਖ ਪਹੁੰਚਾਇਆ ਹੈ ਜੋ ਸਮਝਦਾ ਹੈ ਕਿ ਧਰਮ ਆਸਥਾ ਦਾ ਵਿਸ਼ਾ ਹੈ, ਨਾ ਕਿ ਵਾਦ-ਵਿਵਾਦ, ਭਾਵਨਾਵਾਂ ਭੜਕਾਉਣ ਜਾਂ ਰਾਜਨੀਤਿਕ ਸ਼ੋਸ਼ਣ ਦਾ ਸਾਧਨ। ਮੈਂ ਨੈਤਿਕ ਤੌਰ 'ਤੇ ਇਹਨਾਂ ਅਜੋਕੀਆਂ ਘਟਨਾਵਾਂ ਨੂੰ ਆਉਣ ਵਾਲੀ ਪੀੜ੍ਹੀ ਦੇ ਗਿਆਨ ਲਈ ਦਰਜ ਕਰਨਾ ਜ਼ਰੂਰੀ ਸਮਝਦਾ ਹਾਂ, ਕਿਉਂਕਿ ਭਵਿੱਖ ਦੇ ਨੌਜਵਾਨ ਪੁੱਛਣਗੇ ਕਿ ਜਦੋਂ ਸਾਡੀ ਧਾਰਮਿਕ ਆਸਥਾ ਨੂੰ ਢਾਹ ਲੱਗ ਰਹੀ ਸੀ ਤਾਂ ਕੋਈ ਆਵਾਜ਼ ਕਿਉਂ ਨਹੀਂ ਉੱਠੀ?

ਧਰਮ ਸ਼ਰਧਾ ਅਤੇ ਵਿਸ਼ਵਾਸ ਦਾ ਮਾਮਲਾ ਹੈ। ਜੇ ਤੁਸੀਂ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ 'ਤੇ ਵਿਸ਼ਵਾਸ ਰੱਖਦੇ ਹੋ ਤਾਂ ਉਸ ਨੂੰ ਸੱਚੀ ਸ਼ਰਧਾ ਅਤੇ ਨੀਅਤ ਨਾਲ ਅਪਨਾਓ ਅਤੇ ਗੁਰਮੁਖ ਬਣਨ ਦੀ ਕੋਸ਼ਿਸ਼ ਕਰੋ। ਜੇ ਤੁਹਾਨੂੰ ਸ਼ਰਧਾ ਅਤੇ ਵਿਸ਼ਵਾਸ ਨਹੀਂ ਤਾਂ ਆਪਣੀ ਜ਼ਿੰਦਗੀ ਜੀਓ, ਪਰ ਗੁਰਮਤਿ, ਸਿੱਖ ਗੁਰੂ ਸਾਹਿਬਾਨ ਜਾਂ ਸਿੱਖ ਧਰਮ ਬਾਰੇ ਟਿੱਪਣੀ ਕਰਨ, ਵਾਦ-ਵਿਵਾਦ ਕਰਨ ਜਾਂ ਸ਼ੋਸ਼ਣ ਕਰਨ ਦਾ ਤੁਹਾਨੂੰ ਕੋਈ ਅਧਿਕਾਰ ਨਹੀਂ। ਕਿਸੇ ਧਰਮ ਵਾਰੇ ਆਸਥਾ ਥੋਪੀ ਨਹੀਂ ਜਾ ਸਕਦੀ, ਪਰ ਸ਼ਰਧਾ ਨਾ ਰੱਖਣ ਵਾਲੇ ਨੂੰ ਵੀ ਧਰਮ ਦੀਆਂ ਪਵਿੱਤਰ ਪਰੰਪਰਾਵਾਂ ਨੂੰ ਠੇਸ ਪਹੁੰਚਾਉਣ ਦੀ ਆਜ਼ਾਦੀ ਨਹੀਂ ਦਿੱਤੀ ਜਾ ਸਕਦੀ।

ਗੁਰੂ ਨਾਨਕ ਦੇਵ ਜੀ ਨੇ ਧਰਤੀ 'ਤੇ ਦੇਵਤੇ ਪੈਦਾ ਕੀਤੇ ਹਨ! ਸਲੋਕੁ ਮਹਲਾ ੧ ॥

ਬਲਿਹਾਰੀ ਗੁਰ ਆਪਣੇ
ਦਿਉਹਾੜੀ ਸਦ ਵਾਰ॥
ਜਿਨਿ ਮਾਣਸ ਤੇ ਦੇਵਤੇ
ਕੀਏ ਕਰਤ ਨ ਲਾਗੀ ਵਾਰ॥੧॥

ਅਜਿਹੇ ਮਨੁੱਖ ਜੋ ਸੱਚ, ਦਇਆ, ਨਿਮਰਤਾ ਅਤੇ ਬਹਾਦਰੀ ਨਾਲ ਜੀਵਨ ਜੀਉਂਦੇ ਹੋਏ ਮਨੁੱਖਤਾ ਦੀ ਰਹਿਨੁਮਾਈ, ਸਹਾਇਤਾ ਅਤੇ ਰੱਖਿਆ ਕਰਦੇ ਹਨ-ਮੈਨੂੰ ਇਸ ਗੱਲ ਦਾ ਮਾਣ ਅਤੇ ਅਹਿਸਾਸ ਹੈ ਕਿ ਮੈਂ ਸਿੱਖ ਵਜੋਂ ਜਨਮ ਲਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦੇਵਤਿਆਂ ਦੇ ਨਿਰਮਲ ਪੰਥ ਨੂੰ ਹੋਰ ਉੱਚਾਈ 'ਤੇ ਲੈ ਜਾਂਦਿਆਂ ਖਾਲਸੇ ਦੀ ਸਾਜਨਾ ਕੀਤੀ- "ਅਕਾਲ ਪੁਰਖ ਦੀ ਫੌਜ" ਜਿਸ ਦਾ ਉਦੇਸ਼ ਡਰ ਰਹਿਤ, ਨਿਆਂ ਅਤੇ ਮਨੁੱਖਤਾ ਦੀ ਰੱਖਿਆ 'ਤੇ ਅਧਾਰਿਤ ਸਮਾਜ ਦੀ ਸਿਰਜਣਾ ਹੈ। ਖਾਲਸੇ ਨੇ ਆਪਣੀਆਂ ਜਾਨਾਂ ਦੀ ਕੁਰਬਾਨੀ ਦੇ ਕੇ ਮਨੁੱਖਤਾ ਦੀ ਰੱਖਿਆ ਕੀਤੀ ਅਤੇ ਇਸ ਧਰਤੀ 'ਤੇ ਹਲੇਮੀ ਰਾਜ ਜਾਂ ਰਾਮ ਰਾਜ ਦੀ ਸਥਾਪਨਾ ਕੀਤੀ। ਸਾਨੂੰ ਆਪਣੇ ਪੂਰਵਜਾਂ 'ਤੇ ਮਾਣ ਹੈ ਕਿ ਉਨ੍ਹਾਂ ਨੇ ਤਾਕਤ ਜਾਂ



ਸਾਮਰਾਜ ਲਈ ਨਹੀਂ, ਸਗੋਂ ਮਨੁੱਖਤਾ, ਧਰਮ ਦੀ ਰਾਖੀ ਅਤੇ ਸੇਵਾ ਲਈ ਜੀਵਨ ਅਰਪਣ ਕੀਤਾ।

ਇਤਿਹਾਸ ਸਾਨੂੰ ਦੁਖਦ ਸੱਚ ਵੀ ਦੱਸਦਾ ਹੈ ਕਿ ਉੱਨੀਵੀਂ ਸਦੀ ਵਿੱਚ ਸਿੱਖ ਆਪਣਾ ਸਾਮਰਾਜ ਅੰਦਰੂਨੀ ਫੁੱਟ, ਧੋਖੇ ਅਤੇ ਸਾਜ਼ਿਸ਼ਾਂ ਕਾਰਨ ਗੁਆ ਬੈਠੇ। ਮਹਾਨ ਗੁਰਦੁਆਰਾ ਸੁਧਾਰ ਅੰਦੋਲਨ, ਜਿਸ ਰਾਹੀਂ ਸਿੱਖ ਸਮਾਜ ਦੇ ਪ੍ਰਚਾਰ-ਪ੍ਰਸਾਰ ਅਤੇ ਆਤਮਿਕ ਜਾਗਰੂਕਤਾ ਦੀ ਵੱਡੀ ਸੰਭਾਵਨਾ ਸੀ, ਕੇਵਲ ਉੱਤਰੀ ਭਾਰਤ ਦੇ ਕੁਝ ਸੌ ਗੁਰਦੁਆਰਿਆਂ ਦੇ ਪ੍ਰਬੰਧ ਤੱਕ ਸੀਮਤ ਹੋ ਕੇ ਰਹਿ ਗਿਆ। ਇਸ ਅੰਦੋਲਨ ਦੇ ਆਗੂ ਬਿਨਾਂ ਧਾਰਮਿਕ ਜ਼ਿੰਮੇਵਾਰੀ ਪੂਰੀ ਕੀਤੇ ਰਾਜਨੀਤੀ ਵਿੱਚ ਦਾਖਲ ਹੋ ਗਏ ਅਤੇ ਸਭ ਤੋਂ ਪਵਿੱਤਰ ਧਾਰਮਿਕ ਸਥਾਨਾਂ ਨੂੰ ਰਾਜਨੀਤਿਕ ਅੰਦੋਲਨਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ, ਜਦਕਿ ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਗਏ ਦੇਵਤਿਆਂ ਵਾਲੇ ਜੀਵਨ ਦੇ ਸੁਨੇਹੇ ਦਾ ਪ੍ਰਚਾਰ ਅਣਡਿੱਠਾ ਕਰ ਦਿੱਤਾ ਗਿਆ।

1947 ਵਿੱਚ ਸਿੱਖਾਂ ਨੇ ਭਾਰਤ ਨਾਲ ਰਹਿਣ ਦਾ ਫ਼ੈਸਲਾ ਕੀਤਾ ਅਤੇ ਮੁਸਲਿਮ ਲੀਗ ਤੇ ਬ੍ਰਿਟਿਸ਼ ਸਾਜ਼ਿਸ਼ਾਂ ਨੂੰ ਨਾਕਾਮ ਬਣਾਇਆ। ਪਰ ਆਜ਼ਾਦੀ ਤੋਂ ਬਾਅਦ ਕਾਂਗਰਸ ਦੇ ਆਗੂ ਸਿੱਖਾਂ ਲਈ ਇੱਜ਼ਤ, ਸਨਮਾਨ ਅਤੇ ਬਰਾਬਰ ਮੌਕਿਆਂ ਦੇ ਵਾਅਦਿਆਂ ਤੋਂ ਪਿੱਛੇ ਹਟ ਗਏ। ਖਾਸ ਕਰਕੇ ਗੁਰਮੁਖੀ ਭਾਸ਼ਾ ਅਤੇ ਸਿੱਖ ਸੱਭਿਆਚਾਰ ਦੀ ਤਰੱਕੀ ਦੇ ਵਾਅਦੇ ਵੀ ਪੂਰੇ ਨਹੀਂ ਕੀਤੇ ਗਏ। ਮੌਕਾਪ੍ਰਸਤ ਸਿੱਖ ਨੇਤਾ ਵੀ ਕਾਂਗਰਸ ਵਿੱਚ ਸ਼ਾਮਲ ਹੋ ਗਏ, ਪਰ ਗੁਰਦੁਆਰਾ ਸਰੋਤਾਂ 'ਤੇ ਕਬਜ਼ੇ ਦੀ ਲਾਲਸਾ ਉਨ੍ਹਾਂ ਦੇ ਦਿਲ ਵਿੱਚੋਂ ਕਦੇ ਘੱਟ ਨਹੀਂ ਹੋਈ।

ਸਿੱਖ ਨੇਤਾਵਾਂ ਨੂੰ ਉਸ ਦੇ ਆਪਣੇ ਖੇਤਰ ਵਿੱਚ ਹੀ ਕਮਜ਼ੋਰ ਕਰਨ ਲਈ ਜਾਣ-ਬੁੱਝ ਕੇ ਸਿੱਖ ਇਤਿਹਾਸ ਨੂੰ ਪੜ੍ਹਾਉਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਗਈ। ਗੁਰੂ ਸਾਹਿਬਾਨ ਨਾਲ ਜੁੜੀਆਂ ਵਸਤਾਂ ਦੀ ਬਹਾਲੀ ਅਤੇ ਇਤਿਹਾਸਕ ਦਿਹਾੜਿਆਂ ਨੂੰ ਮਨਾਉਣ ਨਾਲ ਧਰਮ ਵਿੱਚ ਦਖਲ ਦੇਣ ਦੀ ਕੋਸ਼ਿਸ਼, ਬਿਨਾਂ ਸਿੱਖ ਦਰਸ਼ਨ ਨੂੰ ਸਮਝੇ, ਸ਼ੁਰੂ ਕਰ ਦਿੱਤੀ ਗਈ। ਇਹ ਰੁਝਾਨ ਇਤਿਹਾਸਕ ਤੱਥਾਂ ਅਤੇ ਸਿੱਖੀ ਦੇ ਸਿਧਾਂਤਾਂ ਦੇ ਵਿਰੁੱਧ ਹੈ, ਕਿਉਂਕਿ ਸਿੱਖ ਧਰਮ ਕਰਮ-ਕਾਂਡ, ਵਿਅਕਤੀ-ਪੂਜਾ ਅਤੇ ਰਾਜਨੀਤਿਕ ਦਖਲਅੰਦਾਜ਼ੀ ਨੂੰ ਨਕਾਰਦਾ ਹੈ।

ਦੋਵੇਂ ਪਾਸੇ ਫਸੇ ਸਿੱਖ ਰਾਜਨੀਤਕ ਨੇਤਾਵਾਂ ਨੇ ਗੁਰਦੁਆਰਾ ਕਮੇਟੀਆਂ ਦੀ ਮੈਂਬਰੀ ਨੂੰ ਰਾਜਨੀਤਿਕ ਸੱਤਾ ਦੀ ਪਹਿਲੀ ਪੌੜੀ ਬਣਾ ਲਿਆ, ਜੋ ਅੱਜ ਵੀ ਜਾਰੀ ਹੈ। ਗੁਰਦੁਆਰਾ ਸਰੋਤਾਂ ਅਤੇ ਸਿੱਖ ਭਾਵਨਾਵਾਂ ਦਾ ਖੁੱਲ੍ਹੇਆਮ ਰਾਜਨੀਤਿਕ ਲਾਭ, ਨਿੱਜੀ ਪ੍ਰਭਾਵ ਅਤੇ ਪਰਿਵਾਰ ਨੂੰ ਮਜ਼ਬੂਤ ਕਰਨ ਲਈ ਦੁਰਪਯੋਗ ਕਰਨਾ ਸ਼ੁਰੂ ਕਰ ਦਿੱਤਾ ਗਿਆ। ਸ਼ਾਇਦ ਇਸੇ ਕਾਰਨ ਸਿੱਖ ਸੰਸਥਾਵਾਂ ਨੂੰ ਬਾਹਰੀ ਤਾਕਤਾਂ ਨਾਲੋਂ ਵੱਧ ਨੁਕਸਾਨ ਅੰਦਰੋਂ ਹੋ ਰਿਹਾ ਹੈ।

ਇਹ ਵੀ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਜੋ ਵੀ ਵਿਅਕਤੀ ਜਾਂ ਸੰਸਥਾ ਸੇਵਾ-ਭਾਵਨਾ ਨਾਲ ਸਿੱਖ ਧਰਮ, ਸਿੱਖਿਆ ਅਤੇ ਸਿੱਖ ਸਮਾਜਿਕ ਸੰਸਥਾਵਾਂ ਦੀ ਸਹਾਇਤਾ ਕਰਨਾ ਚਾਹੁੰਦਾ ਹੈ, ਉਸ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ। ਸਿੱਖੀ ਕਦੇ ਬੰਦ ਦਰਵਾਜ਼ਿਆਂ ਵਾਲਾ ਧਰਮ ਨਹੀਂ ਰਹੀ। ਪਰ ਧਾਰਮਿਕ ਆਗੂਆਂ ਨੂੰ ਸਮਾਜ ਵਿੱਚ ਸੱਤਾ ਦੇ ਦਲਾਲਾਂ ਵਜੋਂ ਨਹੀਂ, ਸਗੋਂ ਮਾਰਗ -ਦਰਸ਼ਕ ਅਤੇ ਪ੍ਰੇਰਕ ਵਜੋਂ ਨਜ਼ਰ ਆਉਣਾ ਚਾਹੀਦਾ ਹੈ।

ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਪਿਛਲੇ ਇੱਕ ਸੌ ਸੱਤਾਸੀ ਸਾਲਾਂ ਦੌਰਾਨ ਬ੍ਰਿਟਿਸ਼ ਰਾਜ, ਅਕਾਲੀ ਨੇਤ੍ਰਿਤਵ, ਕਾਂਗਰਸ, ਕਮਿਊਨਿਸਟ ਜਾਂ ਹੋਰਾਂ ਨੇ ਇੱਕੱਲੇ ਜਾਂ ਮਿਲ ਕੇ ਸਿੱਖ ਧਰਮ ਦੇ ਫ਼ਲਸਫ਼ੇ ਅਤੇ ਜੀਵਨ ਨੂੰ ਲਾਭ ਨਾਲੋਂ ਵੱਧ ਨੁਕਸਾਨ ਪਹੁੰਚਾਇਆ ਹੈ। ਇਸ ਸੱਚਾਈ ਨੂੰ ਦੋਸ਼ ਜਾਂ ਕੜਵਾਹਟ ਤੋਂ ਉੱਪਰ ਉੱਠ ਕੇ ਸਵੀਕਾਰ ਕਰਨ ਦੀ ਲੋੜ ਹੈ।

ਇਸ ਲਈ ਮੈਂ ਸਾਰੇ ਰਾਜਨੀਤਿਕ ਦਲਾਂ ਅਤੇ ਸੰਗਠਨਾਂ ਨੂੰ ਨਿਮਰਤਾ ਪਰ ਦ੍ਰਿੜ੍ਹਤਾ ਨਾਲ ਅਪੀਲ ਕਰਦਾ ਹਾਂ: ਸਿੱਖਾਂ ਨੂੰ ਅਜ਼ਾਦ ਛੱਡ ਦਿਓ। ਜੇਕਰ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਂ ਸਿੱਖ ਜੀਵਨ ਅਤੇ ਮਰਯਾਦਾ 'ਤੇ ਵਿਸ਼ਵਾਸ ਨਹੀਂ ਰੱਖਦੇ ਤਾਂ ਆਪਣੇ ਆਪ ਨੂੰ ਸਿੱਖਾਂ ਦਾ ਹਿਤੈਸ਼ੀ ਵੀ ਨਾ ਦੱਸੋ। ਸਿੱਖ ਧਰਮ ਨੂੰ ਰਾਜਨੀਤਿਕ ਸਹਾਇਕਾਂ ਦੀ ਨਹੀਂ, ਸਗੋਂ ਸੱਚੇ ਸ਼ਰਧਾਵਾਨ ਸਿੱਖਾਂ ਦੀ ਲੋੜ ਹੈ।

ਮੇਰੀ ਅਪੀਲ ਸਿੱਖ ਬੁੱਧੀਜੀਵੀਆਂ, ਸਾਬਕਾ ਅਫ਼ਸਰਸ਼ਾਹੀ, ਸੈਨਾ ਅਤੇ ਅਰਧ-ਸੈਨਿਕ ਬਲਾਂ ਦੇ ਅਧਿਕਾਰੀਆਂ, ਵਪਾਰੀਆਂ, ਪੇਸ਼ੇਵਰਾਂ ਅਤੇ ਸਮਾਜ ਸੇਵੀਆਂ ਨੂੰ ਵੀ ਹੈ ਕਿ ਆਓ ਗੁਰਦੁਆਰਿਆਂ ਦੀਆਂ ਚਾਰਦੀਵਾਰੀਆਂ ਤੋਂ ਬਾਹਰ ਦੇਵਤਿਆਂ ਵਾਲੇ ਸਿੱਖ ਦਰਸ਼ਨ ਦਾ ਪ੍ਰਚਾਰ-ਪ੍ਰਸਾਰ ਕਰੀਏ। ਇਹ ਸੁਨੇਹਾ ਬ੍ਰਹਿਮੰਡ ਦੇ ਆਖ਼ਰੀ ਮਨੁੱਖ ਤੱਕ ਪਹੁੰਚੇ, ਇਸ ਲਈ ਇਕੱਠੇ ਯਤਨ ਕਰੀਏ। ਸਿੱਖੀ ਇਮਾਰਤਾਂ ਵਿੱਚ ਕੈਦ ਰਹਿਣ ਵਾਲੀ ਨਹੀਂ-ਇਹ ਜੀਵਨ ਜਿਉਣ ਦੀ ਵਿਧੀ ਹੈ ਅਤੇ ਹਰ ਸਿੱਖ ਦੇ ਆਚਰਨ ਰਾਹੀਂ ਪ੍ਰਗਟ ਹੋਣੀ ਚਾਹੀਦੀ ਹੈ।

ਸਿੱਖ ਆਗੂਆਂ ਨੂੰ ਵੀ ਆਤਮ-ਚਿੰਤਨ ਦੀ ਲੋੜ ਹੈ। ਗੁਰਦੁਆਰਿਆਂ ਦਾ ਆਰਥਿਕ ਲਾਭ, ਰਿਸ਼ਤੇਦਾਰਾਂ ਨੂੰ ਨੌਕਰੀਆਂ ਜਾਂ ਰਾਜਨੀਤਿਕ ਲਾਭ ਲਈ ਦੁਰਪਯੋਗ ਆਖ਼ਿਰਕਾਰ ਪੰਥਕ ਸ਼ਕਤੀ ਨੂੰ ਹੀ ਨਸ਼ਟ ਕਰਦਾ ਹੈ। ਇਤਿਹਾਸ ਗਵਾਹ ਹੈ-ਜੋ ਵੀ ਸਿੱਖ ਇਸ ਰਾਹ 'ਤੇ ਚੱਲਿਆ, ਉਹ ਬਚਿਆ ਨਹੀਂ, ਭਾਵੇਂ ਉਹ ਰਾਸ਼ਟਰਪਤੀ ਹੀ ਕਿਉਂ ਨਾ ਹੋਵੇ। ਜਾਗਤ ਜੋਤ ਗੁਰੂ ਬੇਈਮਾਨੀ, ਅਹੰਕਾਰ ਅਤੇ ਬਿਪਰਨ ਦੇ ਰਾਹ ਨੂੰ ਆਸ਼ੀਰਵਾਦ ਨਹੀਂ ਦਿੰਦੇ। ਉਸ ਲਈ ਸੱਚ, ਸੇਵਾ ਤੇ ਸਿਮਰਨ ਦਾ ਰਾਹ ਅਪਣਾਉਣਾ ਚਾਹੀਦਾ ਹੈ।

ਸਿੱਖ ਪੰਥ ਨੂੰ ਮਾਣਯੋਗ ਪ੍ਰਧਾਨ ਮੰਤਰੀ ਦਾ ਧੰਨਵਾਦ ਵੀ ਕਰਨਾ ਚਾਹੀਦਾ ਹੈ, ਜਿਨ੍ਹਾਂ ਨੇ ਸਿੱਖ ਭਾਈਚਾਰੇ ਦੀ ਇੱਜ਼ਤ ਬਹਾਲ ਕਰਨ, ਜ਼ਖ਼ਮਾਂ 'ਤੇ ਮਲਹਮ ਰੱਖਣ ਅਤੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਯਤਨ ਕੀਤੇ ਅਤੇ ਕਰ ਰਹੇ ਹਨ। ਇਸ ਦੇ ਨਾਲ ਹੀ ਦੁਨੀਆ ਭਰ ਦੀਆਂ ਉਹਨਾਂ ਸਰਕਾਰਾਂ ਦਾ ਵੀ ਧੰਨਵਾਦ ਜੋ ਸਿੱਖਾਂ ਦੀ ਮਦਦ ਕਰਦੀਆਂ ਹਨ ਪਰ ਉਨ੍ਹਾਂ ਨੂੰ ਭਾਰਤ ਵਿਰੁੱਧ ਵਰਤਦੀਆਂ ਨਹੀਂ।

ਸਿੱਖ ਕੌਮ ਨੇ ਬਹੁਤ ਦੁੱਖ ਸਹੇ ਹਨ, ਪਰ ਹੁਣ ਪੀੜਤ ਹੋਣ ਦੀ ਮਾਨਸਿਕਤਾ ਰੱਖਣ ਦਾ ਸਮਾਂ ਨਹੀਂ-ਹੁਣ ਜ਼ਿੰਮੇਵਾਰੀ ਸੰਭਾਲ ਕੇ ਅੱਗੇ ਵਧਣ ਅਤੇ ਗੁਰੂ ਪੰਥ ਲਈ ਕੁਝ ਕਰ ਕੇ ਦਿਖਾਉਣ ਦਾ ਵੇਲਾ ਹੈ।


ਇਹ ਕੋਈ ਰਾਜਨੀਤਿਕ ਬਿਆਨ ਨਹੀਂ, ਨਾ ਕਿਸੇ ਜਾਤ ਤੋਂ ਹਮਲਾ ਹੈ-ਇਹ ਗੁਰੂ ਲਈ ਸ਼ਰਧਾ ਤੋਂ ਜਨਮੀ ਆਸਥਾ ਲਈ ਅਤੇ ਭਵਿੱਖ ਦੀ ਤਰੱਕੀ ਲਈ ਅਪੀਲ ਹੈ। ਆਓ ਮਿਲ ਕੇ ਸਿੱਖ ਗੁਰੂ ਸਾਹਿਬਾਨ ਨੂੰ ਵਿਵਾਦਾਂ ਤੋਂ ਉੱਪਰ ਰੱਖੀਏ, ਸਿੱਖ ਸੰਸਥਾਵਾਂ ਨੂੰ ਉਨ੍ਹਾਂ ਦੇ ਅਸਲ ਮਕਸਦ ਵੱਲ ਵਾਪਸ ਲਿਆਈਏ ਅਤੇ ਸਿੱਖਾਂ ਨੂੰ ਫਿਰ ਤੋਂ ਧਰਤੀ ਦੇ ਦੇਵਤੇ ਬਣਨ ਦਾ ਰਾਹ ਪੱਧਰਾ ਕਰੀਏ-ਜੋ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਅਨੁਸਾਰ ਹੋਵੇ।

ਸਾਬਕਾ ਚੇਅਰਮੈਨ, ਘੱਟ ਗਿਣਤੀਆਂ ਕਮਿਸ਼ਨ, ਭਾਰਤ ਸਰਕਾਰ

# ਕੈਨੇਡਾ ਵਿਖੇ ਪੰਜਾਬੀਆਂ 'ਤੇ ਹਮਲਿਆਂ ਸੰਬੰਧੀ ਸਰਕਾਰ ਚੁਪ ਕਿਉਂ?

ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ
ਮੋਬਾਈਲ : 604-825-1550





ਕੈਨੇਡਾ ਦੀ ਧਰਤੀ 'ਤੇ ਦਿਨੋ-ਦਿਨ ਵਧ ਰਹੀਆਂ ਹਿੰਸਕ ਘਟਨਾਵਾਂ ਇਸ ਵੇਲੇ ਗੰਭੀਰ ਮੁੱਦਾ ਬਣ ਚੁੱਕੀਆਂ ਹਨ। ਸ਼ਾਇਦ ਹੀ ਕੋਈ ਦਿਨ ਅਜਿਹਾ ਲੰਘਦਾ ਹੋਵੇ, ਜਦੋਂ ਲੁੱਟ-ਖੋਹ, ਕਤਲ ਜਾਂ ਧਮਕੀਆਂ ਦੀ ਖ਼ਬਰ ਮੀਡੀਆ 'ਚ ਸੁਰਖ਼ੀ ਨਾ ਬਣੇ। ਵਾਰਦਾਤ ਵਾਪਰਦੇ ਸਾਰ ਹੀ ਭਾਰਤ ਦਾ ਲਾਰੈਂਸ ਬਿਸ਼ਨੋਈ ਜਾਂ ਕੋਈ ਹੋਰ ਉਸ ਦੀ ਜ਼ਿੰਮੇਵਾਰੀ ਸ਼ਰੇਆਮ ਲੈ ਲੈਂਦਾ ਹੈ। ਇਸ ਦੀ ਪਹਿਲੀ ਖ਼ਬਰ ਵੀ ਭਾਰਤੀ ਮੀਡੀਆ ਕੋਲੋਂ ਹੀ ਮਿਲਦੀ ਹੈ। ਪੁਲਿਸ ਵਿਭਾਗ, ਪ੍ਰਸ਼ਾਸਨ, ਸੂਬਾ ਸਰਕਾਰਾਂ ਜਾਂ ਫੈਡਰਲ ਸਰਕਾਰ ਹਿੰਸਾ ਨੂੰ ਨੱਥ ਪਾਉਣ 'ਚ ਸਭ ਅਸਫਲ ਸਾਬਿਤ ਹੋ ਰਹੇ ਹਨ। ਲੋਕਾਂ 'ਚ ਸਹਿਮ ਦਾ ਮਾਹੌਲ ਹੈ। ਖ਼ਾਸ ਕਰਕੇ ਕੈਨੇਡਾ ਵਸਦਾ ਪੰਜਾਬੀ ਭਾਈਚਾਰਾ ਇਸ ਵੇਲੇ ਨਿਰਾਸ਼ਾ ਦੇ ਆਲਮ 'ਚ ਹੈ। ਵਧੇਰੇ ਕਰਕੇ ਪੰਜਾਬੀ ਕਾਰੋਬਾਰੀ ਤੇ ਆਗੂ ਇਨ੍ਹਾਂ ਵਾਰਦਾਤਾਂ ਦਾ ਨਿਸ਼ਾਨਾ ਬਣ ਰਹੇ ਹਨ। ਉਹ ਖ਼ੁਦ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ।

ਇਨ੍ਹੀਂ ਦਿਨੀਂ ਐਬਟਸਫੋਰਡ, ਬੀ.ਸੀ. ਵਾਸੀ ਨਾਮਵਰ ਸ਼ਖ਼ਸੀਅਤ ਦਰਸ਼ਨ ਸਿੰਘ ਸਾਹਸੀ ਦੀ ਦਿਨ-ਦਿਹਾੜੇ, ਘਰ ਦੇ ਡਰਾਈਵ ਵੇਅ 'ਤੇ ਗੱਡੀ 'ਚ ਬੈਠਦਿਆਂ ਗੋਲੀਆਂ ਮਾਰ ਕੇ ਕੀਤੀ ਹੱਤਿਆ ਨੇ ਤਾਂ ਲੋਕਾਂ ਨੂੰ ਧੁਰ ਤੱਕ ਹਿਲਾ ਦਿੱਤਾ ਹੈ। ਪਰਿਵਾਰ ਤੇ ਭਾਈਚਾਰੇ ਦੀ ਇਸੇ ਚਿੰਤਾ 'ਚੋਂ ਇਨਸਾਫ ਰੈਲੀ ਉਲੀਕੀ ਗਈ ਸੀ, ਜਿਸ ਦੌਰਾਨ ਤਾਜ ਕਨਵੈਨਸ਼ਨ ਸੈਂਟਰ (ਸਰੀ) 'ਚ ਪੰਜਾਬੀਆਂ ਦਾ ਵੱਡਾ ਇਕੱਠ ਹੋਇਆ। ਇਨਸਾਫ਼ ਰੈਲੀ 'ਚ ਸ਼ਾਮਿਲ ਹਰ ਵਿਅਕਤੀ ਦੇ ਮਨ 'ਚ ਅਹਿਮ ਸਵਾਲ ਇਹ ਸਨ ਕਿ ਕੈਨੇਡਾ ਸਰਕਾਰ ਅਪਰਾਧੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਲਈ ਕਾਨੂੰਨੀ ਸੋਧਾਂ ਕਿਉਂ ਨਹੀਂ ਕਰ ਰਹੀ? ਕੈਨੇਡਾ ਵਸਦੇ ਪੰਜਾਬੀਆਂ 'ਤੇ ਹੋ ਰਹੇ ਹਮਲਿਆਂ ਨੂੰ ਪੰਜਾਬੀਆਂ ਦਾ ਮਸਲਾ ਕਿਉਂ ਸਮਝਿਆ ਜਾ ਰਿਹਾ ਹੈ? ਇਸ ਮਸਲੇ ਨੂੰ ਕੈਨੇਡੀਅਨ ਮੁੱਦਾ ਕਿਉਂ ਨਹੀਂ ਮੰਨਿਆ ਜਾ ਰਿਹਾ? ਲੋਕ ਇਹ ਮਹਿਸੂਸ ਕਰ ਰਹੇ ਹਨ ਕਿ ਪੰਜਾਬੀਆਂ 'ਤੇ ਹੁੰਦੇ ਹਮਲਿਆਂ ਨੂੰ ਸਖ਼ਤੀ ਨਾਲ ਰੋਕਣ ਲਈ ਠੋਸ ਕਦਮ ਨਹੀਂ ਚੁੱਕੇ ਜਾ ਰਹੇ। ਇਹ ਕਹਿਣ 'ਚ ਵੀ ਕੋਈ ਗੁਰੇਜ਼ ਨਹੀਂ ਕਿ ਜੇਕਰ ਅਜਿਹਾ ਦੁਖਾਂਤ 'ਮੇਨ ਸਟਰੀਮ' ਭਾਈਚਾਰੇ 'ਚ ਵਾਪਰਿਆ ਹੋਵੇ ਤਾਂ ਕੀ ਉਸ ਵੇਲੇ ਵੀ ਸਰਕਾਰ ਤੇ ਪ੍ਰਸ਼ਾਸਨ ਦੀ ਕਾਰਵਾਈ ਸਿਫ਼ਰ ਸਹਿਣਸ਼ੀਲਤਾ ਵਾਲੀ ਹੋਵੇਗੀ? ਕੈਨੇਡਾ 'ਚ ਅਜਿਹੇ ਦੋਹਰੇ ਮਾਪਦੰਡ ਕਿਉਂ?

ਇਹ ਵਰਤਾਰਾ ਨਸਲਵਾਦ ਤੋਂ ਘੱਟ ਨਹੀਂ। ਕੈਨੇਡਾ ਵਸਦੇ ਪੰਜਾਬੀ ਵਿਦੇਸ਼ੀ ਨਹੀਂ, ਸਗੋਂ ਉਹ ਕੈਨੇਡੀਅਨ ਹਨ। ਉਹ ਕੈਨੇਡਾ ਦੀ ਤਰੱਕੀ 'ਚ ਹਰ ਪੱਧਰ 'ਤੇ ਵਧ-ਚੜ੍ਹ ਕੇ ਹਿੱਸਾ ਪਾ ਰਹੇ ਹਨ, ਮਿਹਨਤ ਕਰਕੇ ਵੱਧ ਤੋਂ ਵੱਧ ਟੈਕਸ ਅਦਾ ਕਰ ਰਹੇ ਹਨ ਤੇ ਅਣਥੱਕ ਕਮਾਈ ਕਰਕੇ ਪਰਿਵਾਰ ਪਾਲ ਰਹੇ ਹਨ। ਇਸ ਦੇ ਬਾਵਜੂਦ ਉਨ੍ਹਾਂ ਨੂੰ ਇਨਸਾਫ਼ ਨਾ ਮਿਲਣਾ ਨੰਗਾ ਚਿੱਟਾ ਵਿਤਕਰਾ ਹੈ। ਪੰਜਾਬੀਆਂ 'ਤੇ ਕੈਨੇਡਾ 'ਚ ਹੋ ਰਹੀ ਹਿੰਸਾ ਨੂੰ ਕੈਨੇਡੀਅਨ ਮਸਲਾ ਮੰਨ ਕੇ ਹੱਲ ਕਰਨ ਤੋਂ ਬਗ਼ੈਰ ਇਹ ਸਮੱਸਿਆ ਖ਼ਤਮ ਨਹੀਂ ਹੋ ਸਕਦੀ। ਕੈਨੇਡਾ ਦੀ ਧਰਤੀ 'ਤੇ ਸ਼ਹਿਰੀ ਸੂਬੇ ਅਤੇ ਫੈਡਰਲ ਪੱਧਰ 'ਤੇ ਚੁਣੇ ਨੁਮਾਇੰਦਿਆਂ ਵਿਚ ਵੱਡੀ ਗਿਣਤੀ 'ਚ ਪੰਜਾਬੀ ਮੂਲ ਦੇ ਸਿਆਸਤਦਾਨ ਸ਼ਾਮਿਲ ਹਨ। ਇਸ ਵੇਲੇ ਕੈਨੇਡਾ 'ਚ ਪੰਜਾਬੀਆਂ 'ਤੇ ਹੋ ਰਹੇ ਹਿੰਸਕ ਹਮਲਿਆਂ ਦਾ ਮਸਲਾ ਅਹਿਮ ਹੈ ਤੇ ਸਾਡੇ ਆਗੂਆਂ ਨੂੰ ਚਾਹੀਦਾ ਸੀ ਕਿ ਉਹ ਲੁੱਟਾਂ-ਖੋਹਾਂ, ਧਮਕੀਆਂ ਅਤੇ ਕਤਲਾਂ ਦੇ ਮਸਲੇ ਨੂੰ ਵੱਡੇ ਪੱਧਰ 'ਤੇ ਉਠਾਉਂਦੇ, ਪਰ ਉਹ ਅਜਿਹਾ ਕਰਨ 'ਚ ਅਸਫ਼ਲ ਰਹੇ। ਪੰਜਾਬੀ ਭਾਈਚਾਰਾ ਆਪਣੇ ਸਿਆਸਤਦਾਨਾਂ ਤੋਂ ਜ਼ਿਆਦਾ ਉਮੀਦ ਰੱਖਦਾ ਹੈ ਅਤੇ ਆਪਣੇ ਸਿਆਸਤਦਾਨਾਂ 'ਤੇ ਵੱਧ ਇਤਰਾਜ਼ ਹੋਣਾ ਸੁਭਾਵਿਕ ਹੈ, ਕਿਉਂਕਿ ਉਨ੍ਹਾਂ ਦੀ ਚੋਣ 'ਚ ਪੰਜਾਬੀ ਭਾਈਚਾਰ ਵੱਧ ਤੋਂ ਵੱਧ ਜ਼ੋਰ ਲਾਉਂਦਾ ਹੈ। ਪਰ ਜਦੋਂ ਸਿਆਸਤਦਾਨ ਮੂੰਹ 'ਚ ਘੁੰਗਣੀਆਂ ਪਾ ਲੈਣ ਤਾਂ ਫੇਰ ਲੋਕਾਂ ਦੀ ਪੀੜ ਦਾ ਹੱਲ ਕਿਵੇਂ ਹੋਵੇਗਾ?

ਪੰਜਾਬੀ ਭਾਈਚਾਰੇ ਦੇ ਸਿਆਸਤਦਾਨਾਂ ਨੂੰ ਬਿਨਾਂ ਦੇਰੀ ਆਪਣੀਆਂ ਪਾਰਟੀਆਂ ਦੇ ਹੋਰ ਚੁਣੇ ਨੁਮਾਇੰਦਿਆਂ ਅਤੇ ਪਾਰਟੀ ਲੀਡਰਾਂ ਤੱਕ ਲੋਕਾਂ ਦੀ ਆਵਾਜ਼ ਪਹੁੰਚਾਉਣੀ ਚਾਹੀਦੀ ਹੈ। ਜੇਕਰ ਫਿਰ ਵੀ ਉਨ੍ਹਾਂ ਦੀ ਸੁਣਵਾਈ ਨਹੀਂ ਹੁੰਦੀ ਤਾਂ ਸੰਬੰਧਿਤ ਪਾਰਟੀਆਂ ਕੋਲ ਇਤਰਾਜ਼ ਪ੍ਰਗਟਾਉਣ ਤੇ ਦਬਾਅ ਬਣਾਉਣ ਦਾ ਹਰ ਹੀਲਾ ਵਰਤਣਾ ਚਾਹੀਦਾ ਹੈ। ਪੰਜਾਬੀ ਭਾਈਚਾਰੇ ਦਾ ਵੀ ਇਹ ਫ਼ਰਜ਼ ਬਣਦਾ ਹੈ ਕਿ ਕੈਨੇਡਾ 'ਚ ਹੋ ਰਹੀ ਹਿੰਸਾ ਲਈ ਜਵਾਬਦੇਹ ਕੇਵਲ ਆਪਣੇ ਰੰਗ ਦੇ ਹੀ ਸਿਆਸਤਦਾਨਾਂ ਨੂੰ ਨਾ ਬਣਾਇਆ ਜਾਵੇ। ਇਸ ਲਈ ਜ਼ਿੰਮੇਵਾਰ ਆਪੋ-ਆਪਣੇ ਹਲਕੇ ਦੇ ਹਰ ਚੁਣੇ ਸਿਆਸੀ ਆਗੂ ਨੂੰ ਬਣਾਇਆ ਜਾਣਾ ਚਾਹੀਦਾ ਹੈ, ਚਾਹੇ ਉਹ ਕਿਸੇ ਵੀ ਰੰਗ, ਨਸਲ, ਬੋਲੀ ਜਾਂ ਪਾਰਟੀ ਦਾ ਹੋਵੇ। ਸਾਡਾ ਭਾਈਚਾਰਾ ਇਸ ਮਾਮਲੇ 'ਤੇ ਦੋਹਰੇ ਮਾਪਦੰਡ ਵਰਤਦਾ ਹੈ। ਉਹ ਆਪਣਿਆਂ ਦੇ ਗਲ ਸਾਫ਼ਾ ਤਾਂ ਪਾ ਲੈਂਦਾ ਹੈ, ਪਰ ਦੂਜਿਆਂ ਨੂੰ ਜਵਾਬਦੇਹ ਨਹੀਂ ਠਹਿਰਾਉਂਦਾ। ਇਸੇ ਕਾਰਨ ਬਾਕੀ ਸਿਆਸਤਦਾਨ ਸਾਨੂੰ ਸੰਜੀਦਗੀ ਨਾਲ ਨਹੀਂ ਲੈਂਦੇ। ਉਨ੍ਹਾਂ 'ਚੋਂ ਬਹੁਤੇ ਤਾਂ ਇਹ ਮੰਨਦੇ ਹਨ ਕਿ ਹਮਲੇ ਹੋ ਵੀ ਪੰਜਾਬੀਆਂ 'ਤੇ ਰਹੇ ਹਨ ਤੇ ਕਰ ਵੀ ਪੰਜਾਬੀ ਜਾਂ ਭਾਰਤੀ ਹੀ ਰਹੇ ਹਨ ਅਤੇ ਰਾਜਸੀ ਪੱਧਰ 'ਤੇ ਲੋਕ ਜਵਾਬ ਵੀ ਪੰਜਾਬੀ ਜਾਂ ਭਾਰਤੀ ਰਾਜਨੀਤਕਾਂ ਤੋਂ ਹੀ ਪੁੱਛਣਗੇ। ਸੱਚ ਤਾਂ ਇਹ ਹੈ ਕਿ ਪੰਜਾਬੀ ਜਦੋਂ ਤੱਕ ਹਰ ਆਗੂ ਨੂੰ ਕਟਹਿਰੇ 'ਚ ਖੜ੍ਹਾ ਨਹੀਂ ਕਰਦੇ, ਉਦੋਂ ਤੱਕ ਇਨਸਾਫ ਨਹੀਂ ਮਿਲ ਸਕਦਾ। ਇਕ ਹੋਰ ਵੱਡਾ ਸਵਾਲ ਇਹ ਹੈ ਕਿ ਹਿੰਸਕ ਹਮਲਿਆਂ ਦੀ ਜ਼ਿੰਮੇਵਾਰੀ ਕੌਣ ਲੈ ਰਿਹਾ ਹੈ? ਬਿਨਾਂ ਸ਼ੱਕ ਭਾਰਤ ਵਿਚ ਜੇਲ੍ਹ 'ਚ ਬੰਦ ਬਿਸ਼ਨੋਈ ਗੈਂਗ ਦਾ ਸਰਗਨਾ ਲਾਰੈਂਸ ਬਿਸ਼ਨੋਈ। ਚਾਹੇ ਕੈਨੇਡਾ ਸਰਕਾਰ ਨੇ ਸੂਬਾ ਸਰਕਾਰਾਂ ਦੇ ਦਬਾਅ ਮਗਰੋਂ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੰਗਠਨ ਐਲਾਨ ਦਿੱਤਾ ਹੈ, ਪਰ ਕੀ ਅਜਿਹਾ ਕਰਨ ਨਾਲ ਹਿੰਸਾ ਰੁਕ ਗਈ ਹੈ, ਲੁੱਟਾਂ-ਖੋਹਾਂ ਬੰਦ ਹੋ ਗਈਆਂ ਹਨ, ਹੁਣ ਕਤਲ ਨਹੀਂ ਹੋ ਰਹੇ? ਸੱਚ ਤਾਂ ਇਹ ਹੈ ਕਿ ਸਭ ਕੁਝ ਪਹਿਲਾਂ ਵਾਂਗ ਹੀ ਜਾਰੀ ਹੈ। ਇਹ ਸਰਕਾਰ ਦੀ ਅਸਫਲਤਾ ਨਹੀਂ ਤਾਂ ਹੋਰ ਕੀ ਹੈ?

ਇਨਸਾਫ਼ ਰੈਲੀ 'ਚ ਜ਼ੋਰਦਾਰ ਢੰਗ ਨਾਲ ਇਕ ਹੋਰ ਮਸਲਾ ਉੱਭਰਿਆ ਹੈ ਕਿ ਸਮੂਹ ਪੰਜਾਬੀ ਭਾਈਚਾਰਾ ਆਪਣੀ ਇਕਜੁੱਟਤਾ ਵਿਖਾਏ। ਜਿੱਥੇ ਸਿਆਸਤ ਪੱਖੋਂ ਪੰਜਾਬੀ ਨੁਮਾਇੰਦਿਆਂ ਦੀ ਏਕਤਾ ਦੀ ਲੋੜ ਜ਼ਰੂਰੀ ਹੈ, ਮੀਡੀਆ ਪੱਖੋਂ ਪੰਜਾਬੀ ਅਦਾਰਿਆਂ ਦੀ ਏਕਤਾ ਜ਼ਰੂਰੀ ਹੈ, ਉੱਥੇ ਹੀ ਪੰਜਾਬੀ ਭਾਈਚਾਰੇ ਦੇ ਸਾਰੇ ਧੜਿਆਂ ਤੇ ਧਰਮਾਂ ਦੇ ਲੋਕਾਂ ਨੂੰ ਵੀ ਇਕਜੁੱਟ ਹੋਣਾ ਪਵੇਗਾ। ਮੁੱਦਿਆਂ 'ਤੇ ਆਪਣੇ ਵਿਚਾਰਾਂ ਦੇ ਵਖਰੇਵਿਆਂ ਦੇ ਬਾਵਜੂਦ ਕਤਲਾਂ, ਲੁੱਟਾਂ-ਖੋਹਾਂ ਤੇ ਧਮਕੀਆਂ ਦੇ ਮਾਮਲੇ 'ਚ ਸਿਰ ਜੋੜ ਕੇ ਬੈਠਣਾ ਪਵੇਗਾ। ਅੱਜ ਜੇਕਰ ਅਸੀਂ ਦੂਜਿਆਂ ਲਈ ਨਹੀਂ ਬੋਲਾਂਗੇ ਤਾਂ ਕੱਲ੍ਹ ਸਾਡੇ ਲਈ ਕੌਣ ਬੋਲੇਗਾ?

## ਆਇਲਟਸ ਬਹਾਨੇ ਲਾਲਚ ਵਿਚ ਧੀਆਂ ਦੇ ਹੋ ਰਹੇ ਸੌਦੇ ਨਾ ਹੋਣ : ਗਿਆਨੀ ਰਘਬੀਰ ਸਿੰਘ

### ✪ ਜੌਹਲ ਨੇ ਆਪਣੇ ਹੱਥੀਂ ਧੀਆਂ ਦੀਆਂ ਡੋਲੀਆਂ ਕੀਤੀਆਂ ਵਿਦਾ



ਗੁਰਾਇਆ-ਜੌਹਲ ਫਾਰਮ ਸੇਵਾ ਸੁਸਾਇਟੀ ਘੁੜਕਾ ਦੇ ਸਰਪ੍ਰਸਤ ਪਿੰਦੂ ਜੌਹਲ (ਯੂਕੇ) ਤੇ ਸਤਨਾਮ ਸਿੰਘ ਬਾਹੜਾ ਦੇ ਸਹਿਯੋਗ ਸਦਕਾ ਘੁੜਕਾ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਉਣ ਉਪਰੰਤ 6 ਜੋੜਿਆਂ ਦੇ ਆਨੰਦ ਕਾਰਜ ਕਰਵਾਏ ਗਏ। ਇਨ੍ਹਾਂ ਸਾਰੇ ਜੋੜਿਆਂ ਦੇ ਵਿਆਹ ਦੇ ਕਾਰ ਵਿਹਾਰ ਸੁਸਾਇਟੀ ਵੱਲੋਂ ਕੀਤੇ ਗਏ ਤੇ ਉਨ੍ਹਾਂ ਨੂੰ ਘਰੇਲੂ ਜ਼ਰੂਰਤਾਂ ਦਾ ਸਾਰਾ ਸਾਮਾਨ ਵੀ ਦਿੱਤਾ ਗਿਆ। ਅਕਾਲ ਤਖ਼ਤ ਦੇ ਸਾਬਕਾ ਜੱਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਉਚੇਚੇ ਤੌਰ ਤੇ ਸ਼ਿਰਕਤ ਕੀਤੀ ਗਈ। ਨਵੇਂ ਜੋੜਿਆਂ ਨੂੰ ਅਸ਼ੀਰਵਾਦ ਦਿੰਦਿਆ ਉਨ੍ਹਾਂ ਕਿਹਾ ਕਿ ਧੀਆਂ ਸਭ ਦੀਆਂ ਸਾਂਝੀਆਂ ਹੁੰਦੀਆਂ ਹਨ। ਇਕ ਸਿੱਖ ਧਰਮ ਹੀ ਹੈ, ਜਿੱਥੇ ਔਰਤ ਨੂੰ ਮਰਦ ਦੇ ਬਰਾਬਰ ਸਮਾਨਤਾ ਦਾ ਅਧਿਕਾਰ ਦਿੱਤਾ ਗਿਆ ਹੈ। ਜਿੱਥੇ ਪੁਰਾਤਨ ਸਮੇਂ 'ਚ ਧੀਆਂ ਨੂੰ ਕੁੱਖਾਂ ਵਿਚ ਹੀ ਮਾਰ ਦਿੱਤਾ ਜਾਂਦਾ ਸੀ ਉਥੇ ਸਿੱਖ ਧਰਮ ਹੀ ਹੈ, ਜਿੱਥੇ ਧੀਆਂ ਨੂੰ ਬਣਦਾ ਸਤਿਕਾਰ ਦਿਤਾ ਹੈ। ਉਨ੍ਹਾਂ ਕਿਹਾ ਕਿ ਅੱਜ ਇਕ ਵਾਰ ਫਿਰ ਆਇਲਟਸ ਦੇ ਬਹਾਨੇ ਪੈਸੇ ਦੇ ਲਾਲਚ ਵਿਚ ਧੀਆਂ ਦੇ ਸੌਦੇ ਹੋ ਰਹੇ ਹਨ, ਜੋ ਕਿ ਇਕ ਗਲਤ ਪ੍ਰਥਾ ਹੈ। ਸਮਾਜ ਨੂੰ ਉਕਤ ਪ੍ਰਥਾ ਨੂੰ ਬੰਦ ਕਰਨਾ ਚਾਹੀਦਾ ਹੈ। ਜਥੇਦਾਰ ਸਾਹਿਬ ਨੇ ਪਿੰਦੂ ਜੌਹਲ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਉਕਤ ਲੋਕ ਭਲਾਈ ਦੇ ਕੰਮਾਂ ਲਈ ਵਧਾਈ ਦੇ ਪਾਤਰ ਹਨ।

ਇਸ ਮੌਕੇ ਸੰਤ ਗੁਰਚਰਨ ਸਿੰਘ ਨਿਰਮਲ ਕੁਟੀਆ ਪੰਡਵਾਂ, ਡੀਆਈਜੀ ਬਲਦੇਵ ਸਿੰਘ ਟਾਈਗਰ ਜੱਗੂ ਜੌੜਾ ਸਮੇਤ ਨਾਮਵਰ ਸ਼ਖ਼ਸੀਅਤਾਂ ਵੱਲੋਂ ਨਵ-ਵਿਆਹੇ ਜੋੜਿਆਂ ਨੂੰ ਆਸ਼ੀਰਵਾਦ ਦਿੱਤਾ ਗਿਆ। ਪੰਜਾਬੀ ਗਾਇਕ ਮਨਮੋਹਨ ਵਾਰਸ ਨੇ ਜੌਹਲ ਫਾਰਮ ਸੇਵਾ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਸ਼ਲਾਘਾ ਕੀਤੀ। ਪਿੰਦੂ ਜੌਹਲ ਵੱਲੋਂ ਆਪਣੇ ਹੱਥੀਂ ਧੀਆਂ ਦੀਆਂ ਡੋਲੀਆ ਨੂੰ ਵਿਦਾ ਕੀਤਾ ਗਿਆ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਨਿਊਜ਼ੀਲੈਂਡ ਵਿੱਚ ਨਗਰ ਕੀਰਤਨ ਦਾ ਨਸਲਵਾਦੀਆਂ ਵਲੋਂ ਫਿਰ ਵਿਰੋਧ ਕਿਉਂ ?

## ਸਿੱਖ ਭਾਈਚਾਰੇ ਨੂੰ ਕੀ ਨੀਤੀ ਅਪਨਾਉਣ ਦੀ ਲੋੜ ?




ਨਿਊਜ਼ੀਲੈਂਡ ਵਿੱਚ ਸਿੱਖ ਭਾਈਚਾਰੇ ਵੱਲੋਂ ਕੱਢੇ ਜਾਂਦੇ ਨਗਰ ਕੀਰਤਨ ਨੂੰ ਇੱਕ ਵਾਰ ਫਿਰ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਇਹ ਘਟਨਾ 11 ਜਨਵਰੀ 2026 ਨੂੰ ਟੌਰੰਗਾ ਸ਼ਹਿਰ ਵਿੱਚ ਵਾਪਰੀ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਮੌਕੇ ਨਗਰ ਕੀਰਤਨ ਕੱਢਿਆ ਗਿਆ ਸੀ। ਇਸ ਵਿੱਚ ਸਿੱਖ ਸੰਗਤ ਨੇ ਸ਼ਾਂਤੀ ਨਾਲ ਭਾਗ ਲਿਆ, ਪਰ ਕੁਝ ਸਥਾਨਕ ਲੋਕਾਂ ਨੇ ਵਿਰੋਧ ਕੀਤਾ। ਉਨ੍ਹਾਂ ਨੇ ਮਾਓਰੀ ਹਾਕਾ ਡਾਂਸ ਕੀਤਾ ਅਤੇ ਨਾਅਰੇ ਲਗਾਏ ਕਿ "ਇਹ ਨਿਊਜ਼ੀਲੈਂਡ ਹੈ, ਭਾਰਤ ਨਹੀਂ"। ਇਹ ਵਿਰੋਧ ਡੈਸਟਿਨੀ ਚਰਚ ਨਾਲ ਜੁੜੇ ਲੋਕਾਂ ਵੱਲੋਂ ਕੀਤਾ ਗਿਆ ਸੀ, ਜਿਸ ਦਾ ਲੀਡਰ ਬ੍ਰਾਇਨ ਤਮਾਕੀ ਹੈ। ਪੁਲਿਸ ਨੇ ਸੁਰੱਖਿਆ ਦੇ ਪੂਰੇ ਪ੍ਰਬੰਧ ਕੀਤੇ ਸਨ, ਜਿਸ ਕਰਕੇ ਨਗਰ ਕੀਰਤਨ ਸ਼ਾਂਤੀ ਨਾਲ ਪੂਰਾ ਹੋ ਗਿਆ। ਪਰ ਇਹ ਘਟਨਾ ਸਿੱਖ ਭਾਈਚਾਰੇ ਲਈ ਚਿੰਤਾ ਵਧਾ ਰਹੀ ਹੈ, ਕਿਉਂਕਿ ਤਿੰਨ ਹਫ਼ਤਿਆਂ ਵਿੱਚ ਇਹ ਦੂਜੀ ਵਾਰ ਵਾਪਰੀ ਹੈ।

ਇਥੇ ਜ਼ਿਕਰਯੋਗ ਹੈ ਕਿ ਨਿਊਜ਼ੀਲੈਂਡ ਵਿੱਚ ਸਿੱਖ ਭਾਈਚਾਰਾ ਲੰਮੇ ਸਮੇਂ ਤੋਂ ਵੱਸ ਰਿਹਾ ਹੈ ਅਤੇ ਉੱਥੇ ਦੇ ਵਿਕਾਸ ਵਿੱਚ ਯੋਗਦਾਨ ਪਾ ਰਿਹਾ ਹੈ। ਉਹ ਟੈਕਸ ਭਰਦੇ ਹਨ, ਨੌਕਰੀਆਂ ਕਰਦੇ ਹਨ ਅਤੇ ਸਥਾਨਕ ਲੋਕਾਂ ਨਾਲ ਮਿਲ ਕੇ ਰਹਿੰਦੇ ਹਨ। ਫਿਰ ਵੀ, ਅਜਿਹੇ ਵਿਰੋਧ ਕਿਉਂ ਵਾਪਰ ਰਹੇ ਹਨ ?

ਟੌਰੰਗਾ ਵਿੱਚ ਵਾਪਰੀ ਘਟਨਾ ਦੀ ਵਿਸਥਾਰ ਨਾਲ ਗੱਲ ਕਰੀਏ। ਨਗਰ ਕੀਰਤਨ ਗੁਰਦੁਆਰਾ ਸਿੱਖ ਸੰਗਤ ਤੋਂ ਸ਼ੁਰੂ ਹੋਇਆ ਅਤੇ ਕੈਮਰਨ ਰੋਡ ਰਾਹੀਂ ਟੌਰੰਗਾ ਬੌਇਜ਼ ਕਾਲਜ ਵੱਲ ਜਾ ਰਿਹਾ ਸੀ। ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ ਇਹ ਚੱਲਿਆ। ਵਾਲੰਟੀਅਰਾਂ ਨੇ ਸੰਗਤ ਨੂੰ ਕਤਾਰ ਵਿੱਚ ਰੱਖਿਆ ਅਤੇ ਕਿਸੇ ਨੂੰ ਬਾਹਰ ਨਾ ਨਿਕਲਣ ਦੀ ਅਪੀਲ ਕੀਤੀ। ਪੁਲਿਸ ਨੇ ਪਹਿਲਾਂ ਹੀ ਸੁਰੱਖਿਆ ਵਧਾ ਦਿੱਤੀ ਸੀ, ਕਿਉਂਕਿ ਪਿਛਲੀ ਘਟਨਾ ਨੂੰ ਵੇਖਦੇ ਹੋਏ ਡਰ ਸੀ। ਫਿਰ ਵੀ, ਡੈਸਟਿਨੀ ਚਰਚ ਨਾਲ ਜੁੜੇ ਲੋਕਾਂ ਨੇ ਵਿਰੋਧ ਕੀਤਾ। ਉਨ੍ਹਾਂ ਨੇ ਮਾਓਰੀ ਹਾਕਾ ਡਾਂਸ ਕੀਤਾ, ਜੋ ਮਾਓਰੀ ਲੋਕਾਂ ਦਾ ਰਵਾਇਤੀ ਨਾਚ ਹੈ ਅਤੇ ਅਕਸਰ ਚੁਣੌਤੀ ਜਾਂ ਵਿਰੋਧ ਵਜੋਂ ਵਰਤਿਆ ਜਾਂਦਾ ਹੈ। ਉਨ੍ਹਾਂ ਨੇ ਬੈਨਰ ਫੜੇ ਹੋਏ ਸਨ, ਜਿਨ੍ਹਾਂ ਉੱਤੇ ਲਿਖਿਆ ਸੀ "ਇਹ ਨਿਊਜ਼ੀਲੈਂਡ ਹੈ, ਭਾਰਤ ਨਹੀਂ" ਅਤੇ ਨਾਅਰੇ ਲਗਾਏ "ਕਿਸ ਦੀਆਂ ਗਲੀਆਂ ? ਕੀਵੀ ਗਲੀਆਂ"। ਬ੍ਰਾਇਨ ਤਮਾਕੀ ਨੇ ਵੀਡੀਓ ਸ਼ੇਅਰ ਕੀਤੀ ਅਤੇ ਕਿਹਾ ਕਿ ਇਹ ਸ਼ਾਂਤ ਵਿਰੋਧ ਹੈ, ਨਾ ਕਿ ਹਿੰਸਾ। ਪਰ ਇਹ ਵਿਰੋਧ ਨਸਲਵਾਦੀ ਲੱਗ ਰਿਹਾ ਸੀ, ਕਿਉਂਕਿ ਉਹ ਸਿੱਖਾਂ ਨੂੰ ਵਿਦੇਸ਼ੀ ਕਹਿ ਕੇ ਨਿਸ਼ਾਨਾ ਬਣਾ ਰਹੇ ਸਨ।

ਇਸ ਨਸਲਵਾਦੀ ਗਰੁੱਪ ਨੇ ਕਿਹਾ ਕਿ ਨਗਰ ਕੀਰਤਨ ਨੂੰ ਗਲੀਆਂ ਵਿੱਚ ਜਾਣ ਦੀ ਇਜਾਜ਼ਤ ਨਹੀਂ ਮਿਲਣੀ ਚਾਹੀਦੀ ਅਤੇ ਸਿੱਖ ਤਲਵਾਰਾਂ (ਕਿਰਪਾਨਾਂ) ਕਿਉਂ ਲੈ ਕੇ ਫਿਰ ਰਹੇ ਹਨ। ਉਨ੍ਹਾਂ ਨੇ ਸਿੱਖ ਨਿਸ਼ਾਨਾਂ ਅਤੇ ਝੰਡਿਆਂ ਦਾ ਵੀ ਵਿਰੋਧ ਕੀਤਾ।

ਬੇ ਆਫ਼ ਪਲੈਂਟੀ ਪੁਲਿਸ ਦੇ ਇੰਸਪੈਕਟਰ ਕ੍ਰਿਸਟੋਫਰ ਸਮਰਵਿਲ ਨੇ ਕਿਹਾ ਕਿ ਉਨ੍ਹਾਂ ਨੇ ਤੁਰੰਤ ਕਾਰਵਾਈ ਕੀਤੀ ਅਤੇ ਸੁਰੱਖਿਆ ਯਕੀਨੀ ਬਣਾਈ। ਪਰ ਨਿਊਜ਼ੀਲੈਂਡ ਸਰਕਾਰ ਵੱਲੋਂ ਕੋਈ ਵੱਡਾ ਬਿਆਨ ਨਹੀਂ ਆਇਆ। ਨਿਊਜ਼ੀਲੈਂਡ ਵਿੱਚ ਪ੍ਰੋਟੈਸਟ ਕਰਨ ਦਾ ਅਧਿਕਾਰ ਹੈ, ਪਰ ਜੇਕਰ ਇਹ ਨਸਲਵਾਦੀ ਹੈ ਤਾਂ ਰੋਕਣਾ ਚਾਹੀਦਾ ਹੈ। ਸਰਕਾਰ ਨੂੰ ਅਜਿਹੇ ਗਰੁੱਪਾਂ ਤੇ ਨਿਗਰਾਨੀ ਵਧਾਉਣੀ ਚਾਹੀਦੀ ਹੈ ਅਤੇ ਭਾਈਚਾਰਕ ਸਦਭਾਵਨਾ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਪਰ ਅਜੇ ਤੱਕ ਸਰਕਾਰ ਚੁੱਪ ਹੈ, ਜੋ ਨਿਰਾਸ਼ਾਜਨਕ ਹੈ।

ਨਿਰਪਖ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਨਸਲਵਾਦੀ ਗੋਰੇ ਨਿਊਜ਼ੀਲੈਂਡ ਦੇ ਸਭਿਆਚਾਰ ਨੂੰ ਬਚਾਉਣ ਦੇ ਨਾਂ ਤੇ ਨਸਲਵਾਦ ਕਰ ਰਹੇ ਹਨ। ਬ੍ਰਾਇਨ ਤਮਾਕੀ ਇੱਕ ਪੈਂਟੇਕੌਸਟਲ ਲੀਡਰ ਹੈ ਅਤੇ ਉਸ ਦੀ ਚਰਚ ਨੂੰ ਰਾਈਟ-ਵਿੰਗ ਮੰਨਿਆ ਜਾਂਦਾ ਹੈ। ਉਹ ਇਮੀਗ੍ਰੇਸ਼ਨ ਵਿਰੋਧੀ ਵਿਚਾਰ ਰੱਖਦੇ ਹਨ ਅਤੇ ਕਹਿੰਦੇ ਹਨ ਕਿ ਵਿਦੇਸ਼ੀ ਲੋਕ ਨਿਊਜ਼ੀਲੈਂਡ ਦਾ ਕਲਚਰ ਬਦਲ ਰਹੇ ਹਨ। ਪਰ ਸਿੱਖ ਭਾਈਚਾਰੇ ਨੇ ਹਮੇਸ਼ਾ ਸ਼ਾਂਤੀ ਨਾਲ ਰਹਿ ਕੇ ਯੋਗਦਾਨ ਪਾਇਆ ਹੈ, ਫਿਰ ਵੀ ਅਜਿਹੇ ਨਸਲੀ ਤੇ ਨਫਰਤੀ ਵਿਰੋਧ ਵਧ ਰਹੇ ਹਨ।

ਇਹ ਘਟਨਾ ਦੂਜੀ ਵਾਰ ਵਾਪਰੀ ਹੈ। ਤਿੰਨ ਹਫ਼ਤੇ ਪਹਿਲਾਂ, ਦਸੰਬਰ 2025 ਵਿੱਚ ਆਕਲੈਂਡ ਦੇ ਮੈਨੁਰੇਵਾ ਵਿੱਚ ਵੀ ਅਜਿਹਾ ਹੋਇਆ ਸੀ। ਉੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਨ ਮੌਕੇ ਨਗਰ ਕੀਰਤਨ ਕੱਢਿਆ ਗਿਆ ਸੀ। ਵਿਰੋਧੀਆਂ ਨੇ ਹਾਕਾ ਕੀਤਾ ਅਤੇ ਅੱਧਾ ਘੰਟਾ ਰੋਕ ਕੇ ਰੱਖਿਆ। ਉਹ ਵੀ ਡੈਸਟਿਨੀ ਚਰਚ ਨਾਲ ਜੁੜੇ ਸਨ। ਇਸ ਘਟਨਾ ਨੇ ਸਿੱਖ ਭਾਈਚਾਰੇ ਵਿੱਚ ਤਣਾਅ ਵਧਾ ਦਿੱਤਾ ਸੀ ਅਤੇ ਪੰਜਾਬ ਤੋਂ ਵੀ ਪ੍ਰਤੀਕਿਰਿਆਵਾਂ ਆਈਆਂ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਅਕਾਲ ਤਖ਼ਤ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਨੇ ਨਿੰਦਾ ਕੀਤੀ ਸੀ। ਹੁਣ ਟੌਰੰਗਾ ਵਿੱਚ ਫਿਰ ਵਾਪਰਨ ਨਾਲ ਚਿੰਤਾ ਵਧ ਗਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਘਟਨਾ ਦੀ ਸਖ਼ਤ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਨਗਰ ਕੀਰਤਨ ਸਿੱਖ ਧਰਮ ਦੀ ਪਵਿੱਤਰ ਪਰੰਪਰਾ ਹੈ ਅਤੇ ਇਸ ਨੂੰ ਵਿਰੋਧ ਕਰਨਾ ਧਾਰਮਿਕ ਮੁੱਲਾਂ ਉੱਪਰ ਹਮਲਾ ਹੈ। ਉਨ੍ਹਾਂ ਕਿਹਾ, "ਸਿੱਖ ਭਾਈਚਾਰੇ ਨੇ ਹਮੇਸ਼ਾ ਵਿਸ਼ਵ ਭਾਈਚਾਰੇ ਨੂੰ ਮਜ਼ਬੂਤ ਕਰਨ ਵਿੱਚ ਯੋਗਦਾਨ ਪਾਇਆ ਹੈ। ਅਜਿਹੇ ਵਿਰੋਧ ਨਾਲ ਨਫ਼ਰਤੀ ਨਜ਼ਰੀਏ ਨੂੰ ਵੇਖ ਕੇ ਨਿਰਾਸ਼ਾ ਹੁੰਦੀ ਹੈ। ਇਹ ਨਾ ਕੇਵਲ ਸਿੱਖ ਧਰਮ ਤੇ ਹਮਲਾ ਹੈ, ਬਲਕਿ ਸਮਾਜਿਕ ਸਦਭਾਵਨਾ ਅਤੇ ਇਕੱਠੇ ਰਹਿਣ ਨੂੰ ਚੁਣੌਤੀ ਹੈ।" ਧਾਮੀ ਨੇ ਨਿਊਜ਼ੀਲੈਂਡ ਅਤੇ ਭਾਰਤ ਸਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਅਤੇ ਜ਼ਿੰਮੇਵਾਰ ਲੋਕਾਂ ਵਿਰੁੱਧ ਕਾਰਵਾਈ ਕਰਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਨੇ 'ਐਕਸ' ਤੇ ਪੋਸਟ ਕੀਤੀ ਕਿ "ਨਿਊਜ਼ੀਲੈਂਡ ਵਿੱਚ ਸ਼ਾਂਤਮਈ ਨਗਰ ਕੀਰਤਨਾਂ ਨੂੰ ਵਾਰ-ਵਾਰ ਰੋਕਣਾ ਬਹੁਤ ਚਿੰਤਾਜਨਕ ਹੈ। ਇਹ ਸਿੱਖ ਧਾਰਮਿਕ ਅਜ਼ਾਦੀ ਤੇ ਹਮਲਾ ਹੈ ਅਤੇ ਕਿਸੇ ਵੀ ਲੋਕਤੰਤਰੀ ਦੇਸ਼ ਲਈ ਚੰਗਾ ਨਹੀਂ।" ਬਾਦਲ ਨੇ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਨੂੰ ਨਿਊਜ਼ੀਲੈਂਡ ਸਰਕਾਰ ਨਾਲ ਗੱਲਬਾਤ ਕਰਕੇ ਹੱਲ ਕਰਨ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਵੱਸੇ ਸਿੱਖਾਂ ਦੀ ਸੁਰੱਖਿਆ ਅਤੇ ਧਾਰਮਿਕ ਅਧਿਕਾਰਾਂ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ।

ਅਕਾਲ ਤਖ਼ਤ ਨੇ ਵੀ ਇਸ ਘਟਨਾ ਤੇ ਪ੍ਰਤੀਕਿਰਿਆ ਦਿੱਤੀ ਹੈ। ਪਿਛਲੀ ਘਟਨਾ ਵਿੱਚ ਅਕਾਲ ਤਖ਼ਤ ਜਥੇਦਾਰ ਨੇ ਨਿੰਦਾ ਕੀਤੀ ਸੀ ਅਤੇ ਕਿਹਾ ਸੀ ਕਿ ਇਹ ਅਫ਼ਸੋਸਜਨਕ ਹੈ। ਉਨ੍ਹਾਂ ਨੇ ਕਿਹਾ ਕਿ ਸਿੱਖ ਨਿਊਜ਼ੀਲੈਂਡ ਵਿੱਚ ਲੰਮੇ ਸਮੇਂ ਤੋਂ ਵੱਸ ਰਹੇ ਹਨ, ਟੈਕਸ ਭਰ ਰਹੇ ਹਨ ਅਤੇ ਦੇਸ਼ ਦੇ ਵਿਕਾਸ ਵਿੱਚ ਹਿੱਸਾ ਪਾ ਰਹੇ ਹਨ। ਅਜਿਹੇ ਵਿੱਚ ਉਨ੍ਹਾਂ ਨੂੰ ਧਾਰਮਿਕ ਰਸਮਾਂ ਨਿਭਾਉਣ ਦਾ ਹੱਕ ਹੈ। ਜਥੇਦਾਰ ਨੇ ਕਿਹਾ ਕਿ ਪੰਥਕ ਜਥੇਬੰਦੀਆਂ ਨੂੰ ਇਕੱਠੇ ਹੋ ਕੇ ਆਵਾਜ਼ ਉਠਾਉਣ। ਅਮਰੀਕਾ ਦੇ ਪੰਥਕ ਆਗੂ ਸਵਰਨਜੀਤ ਸਿੰਘ ਖਾਲਸਾ ਕਨੈਟੀਕਟ ਨੇ ਇਸ ਘਟਨਾ ਬਾਰੇ ਕਿਹਾ ਕਿ ਇਹ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਹੈ। ਉਨ੍ਹਾਂ ਨੇ ਨਿਊਜ਼ੀਲੈਂਡ ਵਿੱਚ ਵੱਸੇ ਸਿੱਖਾਂ ਨੂੰ ਚੌਕਸ ਰਹਿਣ ਅਤੇ ਸਥਾਨਕ ਅਥਾਰਟੀਜ਼ ਨਾਲ ਗੱਲਬਾਤ ਕਰਨ ਦੀ ਸਲਾਹ ਦਿੱਤੀ। ਖਾਲਸਾ ਨੇ ਕਿਹਾ ਕਿ ਸਿੱਖਾਂ ਨੂੰ ਆਪਣੇ ਅਧਿਕਾਰਾਂ ਲਈ ਲੜਨਾ ਚਾਹੀਦਾ ਹੈ ਪਰ ਹਿੰਸਾ ਤੋਂ ਦੂਰ ਰਹਿਣਾ ਚਾਹੀਦਾ ਹੈ। ਉਨ੍ਹਾਂ ਨੇ ਭਾਰਤ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਉਹ ਵਿਦੇਸ਼ਾਂ ਵਿੱਚ ਸਿੱਖਾਂ ਦੀ ਰੱਖਿਆ ਲਈ ਕਦਮ ਚੁੱਕੇ।

ਪਰ ਵਿਦੇਸ਼ ਮੰਤਰਾਲਾ ਨੇ ਅਜੇ ਤੱਕ ਇਸ ਘਟਨਾ ਤੇ ਕੋਈ ਬਿਆਨ ਨਹੀਂ ਦਿੱਤਾ। ਇਹ ਚਿੰਤਾ ਵਧਾਉਂਦਾ ਹੈ, ਕਿਉਂਕਿ ਪਿਛਲੀ ਘਟਨਾ ਵਿੱਚ ਵੀ ਉਹ ਚੁੱਪ ਰਹੇ ਸਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤ ਅਤੇ ਨਿਊਜ਼ੀਲੈਂਡ ਵਿਚਾਲੇ ਚੰਗੇ ਸਬੰਧ ਹਨ ਅਤੇ ਵਪਾਰ ਵਧ ਰਿਹਾ ਹੈ। ਐੱਮਈਏ ਸ਼ਾਇਦ ਪਿੱਛੇ ਪਿੱਛੇ ਗੱਲਬਾਤ ਕਰ ਰਿਹਾ ਹੋਵੇ, ਪਰ ਖੁੱਲ੍ਹ ਕੇ ਨਹੀਂ ਬੋਲ ਰਿਹਾ। ਪਰ ਸਿੱਖ ਭਾਈਚਾਰੇ ਨੂੰ ਲੱਗਦਾ ਹੈ ਕਿ ਭਾਰਤ ਨੂੰ ਆਵਾਜ਼ ਉਠਾਉਣੀ ਚਾਹੀਦੀ ਹੈ, ਕਿਉਂਕਿ ਸਿੱਖ ਭਾਰਤ ਨਾਲ ਸਬੰਧਤ ਹਨ। ਪੰਜਾਬ ਵਿੱਚ ਵੀ ਲੋਕ ਇਸ ਨੂੰ ਲੈ ਕੇ ਨਾਰਾਜ਼ ਹਨ ਅਤੇ ਅਪੀਲਾਂ ਕਰ ਰਹੇ ਹਨ। ਜੇਕਰ ਕੇਂਦਰ ਚੁੱਪ ਰਿਹਾ ਤਾਂ ਇਹ ਵਿਦੇਸ਼ਾਂ ਵਿੱਚ ਵੱਸੇ ਭਾਰਤੀਆਂ ਲਈ ਗਲਤ ਸੰਦੇਸ਼ ਹੋਵੇਗਾ।

ਪੰਥਕ ਵਿਚਾਰਵਾਨਾਂ ਦਾ ਕਹਿਣਾ ਹੈ ਕਿ ਨਿਊਜ਼ੀਲੈਂਡ ਦੇ ਸਿੱਖਾਂ ਨੂੰ ਸ਼ਾਂਤੀ ਅਤੇ ਸੰਜਮ ਬਣਾਕੇ ਰਖਣ ਦੀ ਲੋੜ ਹੈ ਤੇ ਪੁਲਿਸ ਦੀ ਸਹਾਇਤਾ ਲੈਣ ਦੀ ਲੋੜ ਹੈ । ਸਿੱਖਾਂ ਦੇ ਸਥਾਨਕ ਲੋਕਾਂ ਨਾਲ ਰਿਸ਼ਤੇ ਵਧੀਆ ਹੋਣੇ ਚਾਹੀਦੇ ਹਨ, ਉਨ੍ਹਾਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਦੀ ਲੋੜ ਹੈ। ਲੰਗਰ ਅਤੇ ਸੇਵਾ ਰਾਹੀਂ ਏਕਤਾ ਵਧਾਈ ਜਾਵੇ। ਜੇਕਰ ਵਿਰੋਧ ਹੋਵੇ ਤਾਂ ਲੀਗਲ ਐਕਸ਼ਨ ਲਿਆ ਜਾਵੇ, ਹਿਊਮਨ ਰਾਈਟਸ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਜਾਵੇ। ਭਾਰਤ ਅਤੇ ਸਥਾਨਕ ਸਰਕਾਰਾਂ ਨੂੰ ਅਪੀਲ ਕੀਤੀ ਜਾਵੇ। ਆਨਲਾਈਨ ਨਫ਼ਰਤ ਨੂੰ ਰੋਕਣ ਲਈ ਕੈਂਪੇਨ ਚਲਾਉਣ ਦੀ ਲੋੜ ਹੈ। ਸਿੱਖ ਯੂਥ ਨੂੰ ਚੌਕਸ ਰਖਿਆ ਜਾਵੇ ਅਤੇ ਆਪਣੀ ਪਛਾਣ, ਧਰਮ, ਕਲਚਰ ਤੇ ਮਾਣ ਕੀਤਾ ਜਾਵੇ। ਇਸ ਤਰ੍ਹਾਂ ਨਸਲਵਾਦ ਨੂੰ ਚੁਣੌਤੀ ਦੇਕੇ ਸਿੱਖ ਭਾਈਚਾਰਾ ਮਜ਼ਬੂਤ ਬਣ ਸਕਦਾ ਹੈ।


ਨਿਊਜ਼ੀਲੈਂਡ ਵਿੱਚ ਸਿੱਖਾਂ ਨੇ ਖੇਤੀ, ਵਪਾਰ ਅਤੇ ਸੇਵਾ ਵਿੱਚ ਯੋਗਦਾਨ ਪਾਇਆ ਹੈ। ਉਹ ਕੀਵੀ (ਨਿਊਜ਼ੀਲੈਂਡ ਵਾਸੀ) ਵੀ ਹਨ ਅਤੇ ਆਪਣੇ ਅਧਿਕਾਰਾਂ ਲਈ ਲੜਨਗੇ। ਗੁਰਦੁਆਰਾ ਪ੍ਰਬੰਧਕ ਪੂਰਨ ਸਿੰਘ ਨੇ ਕਿਹਾ ਕਿ ਇਹ 12ਵਾਂ ਨਗਰ ਕੀਰਤਨ ਸੀ ਅਤੇ ਇਹ ਵੱਡੇ ਪੱਧਰ ਤੇ ਹੁੰਦਾ ਹੈ। ਇਸ ਵਿੱਚ ਇਮੀਗ੍ਰੇਸ਼ਨ ਸਲਾਹ, ਹੈਲਥ ਕੈਂਪ ਅਤੇ ਹੋਰ ਲਾਭ ਦਿਤੇ ਜਾਂਦੇ ਜਾਂਦੇ ਹਨ। ਇਹ ਨਾ ਕੇਵਲ ਧਾਰਮਿਕ ਹੈ, ਬਲਕਿ ਭਾਈਚਾਰਕ ਵੀ ਹੈ। ਪੂਰਨ ਸਿੰਘ ਨੇ ਆਨਲਾਈਨ ਅਫ਼ਵਾਹਾਂ ਤੋਂ ਬਚਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਹਾਕਾ ਖਤਮ ਹੋਣ ਤੋਂ ਬਾਅਦ ਕੋਈ ਗੜਬੜ ਨਹੀਂ ਹੋਈ। ਨਿਊਜ਼ੀਲੈਂਡ ਵਿੱਚ ਨਸਲਵਾਦ ਦੀ ਇਤਿਹਾਸ ਵੀ ਹੈ। ਮਾਓਰੀ ਲੋਕ ਆਪਣੇ ਅਧਿਕਾਰਾਂ ਲਈ ਲੜੇ ਹਨ ਅਤੇ ਕਈ ਵਾਰ ਵਿਦੇਸ਼ੀਆਂ ਵਿਰੁੱਧ ਵਿਰੋਧ ਕਰਦੇ ਹਨ। ਪਰ ਡੈਸਟਿਨੀ ਚਰਚ ਵਰਗੇ ਗਰੁੱਪ ਇਸ ਨੂੰ ਗਲਤ ਤਰੀਕੇ ਨਾਲ ਵਰਤ ਰਹੇ ਹਨ। ਸਿੱਖਾਂ ਨੂੰ ਮਾਓਰੀ ਲੋਕਾਂ ਨਾਲ ਮਿਲ ਕੇ ਗੱਲ ਕਰਨੀ ਚਾਹੀਦੀ ਹੈ ਅਤੇ ਆਪਸੀ ਸਮਝ ਵਧਾਉਣੀ ਚਾਹੀਦੀ ਹੈ।

# ਬੁੱਚੜ ਅਤੇ ਲਾਲਚੀ ਡਾਕਟਰਾਂ ਦਾ ਪਰਦਾਫ਼ਾਸ਼ ਕਰੇਗੀ ਮੂਵੀ, "ਇੱਕ ਸੀ ਲਾਲੀ"

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) – ਸਿਰਫ਼ ਪੰਜਾਬ ਵਿੱਚ ਹੀ ਨਹੀਂ, ਸ਼ਾਇਦ ਪੂਰੇ ਭਾਰਤ ਵਿੱਚ ਹੀ ਘੱਟੋ-ਘੱਟ ਸੱਠ-ਸੱਤਰ ਪ੍ਰਤੀਸ਼ਤ ਉਹ ਲੋਕ ਵਸਦੇ ਹੋਣਗੇ, ਜਿੰਨ੍ਹਾਂ ਦਾ ਬੁਰਕੇ ਵਾਲੇ ਲੁਟੇਰਿਆਂ ਅਰਥਾਤ ਡਾਕੂ ਡਾਕਟਰਾਂ ਨਾਲ ਸਿੱਧਾ ਵਾਹ ਪਿਆ ਹੋਵੇਗਾ। ਮਰੇ ਪਏ ਬੰਦੇ ਨੂੰ ਵੈਂਟੀਲੇਟਰ ਉੱਪਰ ਪਾਈ ਰੱਖਣਾ, ਸਿਰਫ਼ ਪੈਸਾ ਬਣਾਉਣ ਲਈ ਆਕਸੀਜ਼ਨ ਲਾਈ ਰੱਖਣੀ। ਇੱਥੋਂ ਤੱਕ ਕਿ ਮਰੇ ਬੰਦੇ ਦਾ ਕਈ-ਕਈ ਦਿਨ 'ਡਾਇਲਸੈੱਸ' ਕਰੀ ਜਾਣਾ। ਪੰਜਾਬੀ ਦੇ ਚਰਚਿਤ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਨੇ ਇਹ ਦੁਖਾਂਤ ਖ਼ੁਦ ਆਪਣੇ ਪਿੰਡੇ ਉੱਪਰ ਹੰਢਾਇਆ ਹੈ। ਉਹ ਖ਼ੂਨੀਂ ਪੰਜੇ ਅਤੇ ਆਦਮਖੋਰ ਡਾਕਟਰ ਬੜਾ ਨਜ਼ਦੀਕ ਹੋ ਕੇ ਦੇਖੇ ਹਨ, ਜੋ ਸਿਰਫ਼ ਆਪਣੇ 'ਟਾਰਗਿੱਟ' ਪੂਰੇ ਕਰਨ ਲਈ ਬੇਕਸੂਰ ਮਰੀਜ਼ਾਂ ਦੀ 'ਬਲੀ' ਦਿੰਦੇ ਹਨ ਅਤੇ ਹਰ ਵਗਦੀ ਗੰਗਾ ਵਿੱਚ ਹੱਥ ਧੋਣਾ ਆਪਣਾ ਜੱਦੀ ਪੁਸ਼ਤੀ ਅਧਿਕਾਰ ਸਮਝਦੇ ਹਨ। ਉਹਨਾਂ ਨੂੰ ਆਪਣੀ ਨੈਤਿਕ ਜ਼ਿੰਮੇਵਾਰੀ ਦਾ ਕੋਈ ਅਹਿਸਾਸ, ਜਾਂ ਇਸ ਜਵਾਬਦੇਹੀ ਨਾਲ ਕੋਈ ਵੀ ਲੈਣਾ-ਦੇਣਾ ਨਹੀਂ। ਉਹ ਹਰ ਮਰੀਜ਼ ਨੂੰ ਸੋਨੇ ਦੀ ਮੁਰਗੀ ਸਮਝ ਕੇ ਝਟਕਾਉਣਾ ਆਪਣਾ ਬੁਨਿਆਦੀ ਹੱਕ ਸਮਝਦੇ ਹਨ। ਕੀ ਸਮੇਂ ਦੀਆਂ ਸਰਕਾਰਾਂ ਵੱਡੇ-ਵੱਡੇ ਹਸਪਤਾਲਾਂ ਵਿੱਚ ਹੁੰਦੇ ਇਸ ਲੁੱਟ-ਕਸੁੱਟ ਵਾਲੇ ਵਰਤਾਰੇ ਤੋਂ ਬੇਖ਼ਬਰ ਹਨ? ਜਾਂ ਸਰਕਾਰਾਂ ਨੇ ਵੈਸੇ ਹੀ ਘੇਸਲ ਵੱਟੀ ਹੋਈ ਹੈ? ਜਾਂ ਸਮੇਂ-ਸਮੇਂ ਦੀਆਂ ਸਰਕਾਰਾਂ ਦੀ ਇਸ ਵਰਤਾਰੇ ਵਿੱਚ ਕੋਈ ਭਾਈਵਾਲੀ ਹੈ? ਕਿਤੇ ਚੋਰ ਅਤੇ ਕੁੱਤੀ ਰਲ ਕੇ ਸਾਂਝੀ ਖੇਡ ਤਾਂ ਨਹੀਂ ਖੇਡ ਰਹੇ?


ਪੰਜਾਬੀ ਨਾਵਲਕਾਰਾਂ ਵਿੱਚੋਂ ਬਹੁਤ ਘੱਟ ਲੋਕਾਂ ਨੂੰ ਇਤਨੀ ਸ਼ੁਹਰਤ ਨਸੀਬ ਹੋਈ, ਜਿਤਨੀ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਦੇ ਹਿੱਸੇ ਆਈ। ਕਿਸਮਤ ਪੱਖੋਂ ਉਹ ਰੱਜਿਆ ਪੁੱਜਿਆ ਇਨਸਾਨ ਹੈ। ਪਰ ਜਦ ਉਸ ਦੀ ਲਿਆਕਤਮੰਦ ਜੁਆਨ ਬੇਟੀ ਲਾਲੀ ਦੀ ਮੌਤ ਲੁਧਿਆਣਾ ਦੇ ਇੱਕ ਨਾਮਵਰ ਹਸਪਤਾਲ ਵਿੱਚ ਹੋਈ, ਤਾਂ ਉਹ ਮਾਨਸਿਕ ਤੌਰ 'ਤੇ ਟੁੱਟ ਗਿਆ। ਪਰ ਉਸ ਦੇ ਕ੍ਰਾਂਤੀਕਾਰੀ ਸੁਭਾਅ ਨੇ ਉਬਾਲਾ ਮਾਰਿਆ ਅਤੇ "ਮੈਡੀਕਲ ਅੱਤਿਵਾਦ" ਉੱਪਰ ਇੱਕ ਵੱਡ-ਅਕਾਰੀ ਨਾਵਲ "ਕੱਲਾ ਨਾ ਹੋਵੇ ਪੁੱਤ ਜੱਟ ਦਾ" ਲਿਖ ਕੇ ਮਾਰਕੀਟ ਵਿੱਚ ਦਿੱਤਾ ਅਤੇ ਇੱਕ ਫ਼ਿਲਮ ਲਿਖੀ "ਇੱਕ ਸੀ ਲਾਲੀ।" ਹਾਲਾਂਕਿ ਉਸ ਦੀ ਹੀ ਲਿਖੀ ਫ਼ੀਚਰ ਫ਼ਿਲਮ "ਬੇਗੋ" ਦੀ ਸ਼ੂਟਿੰਗ 15 ਦਸੰਬਰ ਤੋਂ ਜੰਗੀ ਪੱਧਰ 'ਤੇ ਚੱਲ ਰਹੀ ਹੈ ਅਤੇ ਹੁਣ ਉਸ ਦੀ ਲਿਖੀ ਫ਼ਿਲਮ "ਇੱਕ ਸੀ ਲਾਲੀ" ਦਾ ਵੀ ਐਲਾਨ ਹੋ ਗਿਆ ਹੈ। ਅਸੀਂ ਇੱਕ ਗੱਲ ਦਾਅਵੇ ਨਾਲ ਕਹਿ ਸਕਦੇ ਹਾਂ, ਕਿ "ਇੱਕ ਸੀ ਲਾਲੀ" ਬਹੁਤੇ ਲੋਕਾਂ ਦੇ ਨਾਸੂਰਾਂ ਉੱਪਰ ਮੱਲ੍ਹਮ ਦਾ ਕਾਰਜ ਕਰੇਗੀ ਅਤੇ ਮੈਡੀਕਲ ਅੱਤਿਵਾਦ ਦੇ ਪਰਦੇਫ਼ਾਸ਼ ਕਰੇਗੀ। "ਇੱਕ ਸੀ ਲਾਲੀ" ਦੇ ਨਿਰਦੇਸ਼ਕ ਦੀ ਜ਼ਿੰਮੇਵਾਰੀ ਲਵਲੀ ਸ਼ਰਮਾ ਧੂੜਕੋਟ ਦੇ ਮੋਢਿਆਂ 'ਤੇ ਪਈ ਹੈ। ਇਸ ਪ੍ਰਤੀਨਿਧ ਨਾਲ ਗੱਲਬਾਤ ਦੌਰਾਨ ਵਿਸ਼ਵ-ਪ੍ਰਸਿੱਧ ਨਾਵਲਕਾਰ ਅਤੇ ਫ਼ਿਲਮ ਲੇਖਕ ਸ਼ਿਵਚਰਨ ਜੱਗੀ ਕੁੱਸਾ ਨੇ ਕਿਹਾ ਕਿ ਬੇਸ਼ੱਕ ਇਹ ਫ਼ਿਲਮ ਉਹਨਾਂ ਦੇ ਦਿਲ ਦੇ ਟੋਟੇ, ਧੀ ਰਾਣੀ ਲਾਲੀ ਕੁੱਸਾ ਨੂੰ ਸਮਰਪਿਤ ਹੋਵੇਗੀ, ਪਰ ਮੈਡੀਕਲ ਮਾਫ਼ੀਆ ਹੱਥੋਂ ਲੁੱਟੇ-ਪੁੱਟੇ ਗਏ ਲੋਕ ਕੁਝ ਰਾਹਤ ਜ਼ਰੂਰ ਮਹਿਸੂਸ ਕਰਨਗੇ। ਡਾਕਟਰ ਰੂਪੀ ਲਿਬਾਸ ਪਹਿਨ ਕੇ ਲੋਕਾਂ ਦਾ ਖ਼ੂਨ ਪੀ ਰਹੇ ਜੱਲਾਦਾਂ ਨੂੰ ਲੋਕ ਕਚਿਹਰੀ ਵਿੱਚ ਨੰਗਾ ਕਰਨ ਲਈ ਫ਼ਿਲਮ "ਇੱਕ ਸੀ ਲਾਲੀ" ਆਪਣਾ ਬਣਦਾ-ਸਰਦਾ ਯੋਗਦਾਨ ਪਾਵੇਗੀ। ਉਹਨਾਂ ਕਿਹਾ ਫ਼ਿਲਮ "ਬੇਗੋ" ਦੀ ਸ਼ੂਟਿੰਗ ਮੁਕੰਮਲ ਹੋਣ ਉਪਰੰਤ "ਇੱਕ ਸੀ ਲਾਲੀ" ਦੇ ਨਿਰਮਾਣ ਕਾਰਜ ਆਰੰਭ ਦਿੱਤੇ ਜਾਣਗੇ। ਜ਼ਿਕਰਯੋਗ ਹੈ ਕਿ ਇਸ ਫ਼ਿਲਮ ਦੇ ਪ੍ਰੋਡਿਊਸਰ ਐੱਮ ਪੀ ਨਿਹਾਲੇਵਾਲੀਆ, ਸ਼ੇਰਾ ਧੂੜਕੋਟੀਆ ਤੇ ਦਿਲਵੀਰ ਸਿੰਘ ਹਨ ਅਤੇ ਇਸ ਫ਼ਿਲਮ ਨੂੰ "ਯੁੱਗ ਫ਼ਿਲਮ ਸਟੂਡੀਓ" ਦੇ ਬੈਨਰ ਹੇਠ ਰਿਲੀਜ਼ ਕੀਤਾ ਜਾਵੇਗਾ।





ਜੱਗੀ ਕੁੱਸਾ

# ਗੁਰੂ ਘਰ ਵਿੱਚ ਨਿਸ਼ਾਨ ਸਾਹਿਬ ਹੋਣਾ ਜ਼ਰੂਰੀ ਹੈ

ਪਹਿਲਾਂ ਮੈਂ ਤਿੰਨ ਚਾਰ ਬੱਚੇ ਹਰ ਪਰਿਵਾਰ ਵਿੱਚ ਹੋਣੇ ਚਾਹੀਦੇ ਹਨ। ਪੰਜਾਬ ਵਿੱਚ ਸਾਡੇ ਲੀਡਰ even ਜਥੇਦਾਰ ਸਾਹਿਬ ਦਾ ਬਿਆਨ ਹੈ। ਪਹਿਲਾਂ ਯੂਰਪੀਨ ਦੇਸ਼ਾਂ ਦੀ ਗੱਲ ਲਿਖਾਂ, ਇਥੇ ਦੇਖੋ ਯੂ.ਕੇ. ਵਿੱਚ ਹਰ ਪੱਖ ਤੋਂ ਸਹੂਲਤ ਹੈ ਜਦੋਂ ਤੋਂ ਇਸਤਰੀ ਪਰੈਗਨੈਂਟ ਹੁੰਦੀ ਹੈ। ਉਸ ਵੇਲੇ ਦੇਖੋ ਵਿਟਾਮਿਨ free, ਦਵਾਈਆਂ free ਹੁੰਦੀਆਂ, ਫਿਰ ਹਰ ਬੱਚੇ ਦੇ ਵੱਖਰੇ ਪੈਸੇ ਮਿਲਦੇ ਹਨ। ਪੂਰੀ ਤਰ੍ਹਾਂ ਦੇਸ਼ ਵਾਸੀ ਬਾਰੇ ਸਰਕਾਰ ਸੋਚਦੀ ਹੈ। ਫਿਰ ਭੀ ਦੇਖੋ ਇਥੇ ਘੱਟੋ-ਘੱਟ ਬੱਚੇ ਜਮਾ ਰਹੇ ਹਨ। ਛੋਟਾ ਪਰਿਵਾਰ ਉਸ ਦੀ ਦੇਖਭਾਲ ਚੰਗੀ ਹੁੰਦੀ ਹੈ। ਏਥੇ ਸਿਰਫ਼ ਮੁਸਲਮਾਨਾਂ ਦੇ ਬੱਚੇ ਜ਼ਿਆਦਾ ਹੁੰਦੇ ਹਨ, ਚਲੋ ਇਹ ਉਨ੍ਹਾਂ ਦੀ ਆਪਣੀ ਸੋਚ ਹੈ, ਵੱਡੇ ਪਰਿਵਾਰ ਨਾਲ ਉਹ ਖੁਸ਼ ਰਹਿੰਦੇ ਹਨ, ਪਰ ਮੁੰਡੇ ਨੂੰ ਉਹ ਭੀ ਜ਼ਿਆਦਾ ਅੱਛਾ ਸਮਝਦੇ ਹਨ, ਹੋ ਸਕਦਾ ਮੇਰੀ ਸੋਚ ਗਲਤ ਹੋਵੇ। ਹਾਲੀ ਇਨ੍ਹਾਂ ਮੁਲਕਾਂ ਵਿੱਚ ਰੋਜ਼ੀ-ਰੋਟੀ, ਰਿਹਾਇਸ਼ ਦੀ ਸਰਕਾਰ ਦੇਖਭਾਲ ਕਰਦੀ ਹੈ। ਗੱਲ ਕਰੀਏ ਗੁਰੂ ਘਰ ਦੀ, ਮੈਂ ਅੱਜ ਤੋਂ 50 ਸਾਲ ਪਹਿਲਾਂ ਦੀ ਗੱਲ ਕਰਦਾ ਹਾਂ, ਜ਼ਿਆਦਾ ਪਿੰਡਾਂ ਵਿੱਚ ਗੁਰੂ ਘਰ ਹੁੰਦੇ ਨਹੀਂ ਸਨ, ਮੇਰੇ ਪਿੰਡ ਇਕ ਗੁਰੂ ਘਰ ਸੀ, ਪਿੰਡ ਦੁਲਸੀਵਾਨ ਕੋਨੀਆ ਵਗੈਰਾ ਵਿੱਚ ਕੋਈ ਗੁਰੂ ਘਰ ਨਹੀਂ ਸੀ, ਸਾਡੇ ਪਿੰਡ ਭੀ ਪਹਿਲਾਂ ਬਿਲਡਿੰਗ ਛੋਟਾ ਜਿਹਾ ਕਮਰਾ ਸੀ, ਨਾਲ ਛੋਟੀ ਰਸੋਈ ਸੀ, ਬੜਾ ਸਾਦਾ ਸਭ ਕੁਝ ਸੀ, ਪਰ ਨਿਸ਼ਾਨ ਸਾਹਿਬ ਇਤਨਾ ਉਚਾ ਸੀ ਕਿ ਹਰ ਪਾਸੇ ਤੋਂ ਪਤਾ ਲੱਗ ਜਾਂਦਾ ਸੀ ਕਿ ਗੁਰੂ ਘਰ ਹੈ। ਭਾਵੇਂ ਉਸ ਬਾਣਾ ਹਰ ਛੇ ਮਹੀਨੇ ਜਾਂ ਘੱਟ ਸਮੇਂ ਵਿੱਚ ਬਦਲ ਦਿੱਤਾ ਜਾਂਦਾ ਸੀ। Mostly ਹਰ ਬੱਚਾ, ਬੁੱਢਾ ਪਹਿਲਾਂ ਨਿਸ਼ਾਨ-ਸਾਹਿਬ 'ਤੇ ਮੱਥਾ ਟੇਕਣਾ ਫਿਰ ਅੰਦਰ ਜਾ ਗੁਰੂ ਗ੍ਰੰਥ ਸਾਹਿਬ 'ਤੇ ਮੱਥਾ ਟੇਕਦੇ ਸਨ, ਹੁਣ ਭੀ ਉਹ ਹੀ ਰੀਤ ਹੈ। ਜਦੋਂ ਗੁਰੂ ਘਰ ਦੀ ਸਫ਼ਾਈ ਕਰਨੀ ਹੁੰਦੀ ਹੈ ਪਹਿਲਾਂ ਦੁੱਧ ਵਿੱਚ ਪਾਣੀ ਮਿਲਾ ਕੇ ਨਿਸ਼ਾਨ ਸਾਹਿਬ ਦਾ ਥੜ੍ਹਾ ਬਾਕੀ ਸਾਰਾ ਥਾਂ ਧੋ ਦਿੱਤਾ ਜਾਂਦਾ ਹੈ। ਨਾਲ ਹੀ ਇਕ ਖੂਹ ਗੁਰੂ ਘਰ ਦੇ ਜਲ ਵਰਤਣ ਜਾਂ ਇਸ਼ਨਾਨ ਕਰਨ ਲਈ ਵਰਤਿਆ ਜਾਂਦਾ ਸੀ, ਹੁਣ ਭਾਵੇਂ ਖੂਹ ਵਰਤਣ ਵਿੱਚ ਨਹੀਂ, ਫਿਰ ਭੀ ਉਸ ਨੂੰ ਪੂਰੀ ਤਰ੍ਹਾਂ ਉੱਪਰ ਤੋਂ ਕਵਰ ਕਰਕੇ ਰੱਖਿਆ ਹੋਇਆ, ਨਵਾਂ ਗੁਰੂ ਘਰ ਪਿੰਡ ਨੇ ਸ਼ਾਨਦਾਰ ਬਣਾਇਆ ਹੈ। ਹਿਮਾਚਲ ਵਿੱਚ ਅਕਸਰ ਟੱਪਰੇ ਬੱਨੇ ਹੁੰਦੇ ਸਨ, ਬਹੁਤ ਹੀ ਸਾਫ਼ ਸੁਥਰੇ ਕਰਕੇ ਗੁਰੂ ਘਰ ਦੀ ਬੀੜ ਰੱਖੀ ਜਾਂਦੀ ਸੀ, ਹੁਣ ਬਹੁਤ ਘੱਟ ਹੈ ਉਸ ਦੀ ਬਿਲਡਿੰਗ ਨਵੀਆਂ ਬਣ ਗਈਆਂ ਹਨ, ਪਰ ਉਥੇ ਭੀ ਨਿਸ਼ਾਨ ਸਾਹਿਬ ਅਤੇ ਉਸ ਵਾਲੀ ਜਗ੍ਹਾ ਉਸ ਤਰ੍ਹਾਂ ਸਜਾ ਕੇ ਨਿਸ਼ਾਨ ਸਾਹਿਬ ਕਾਫੀ ਉੱਚਾ ਬਣਾਇਆ ਜਾਂਦਾ ਸੀ। ਅਕਸਰ ਜਿਥੇ ਨਿਸ਼ਾਨ ਸਾਹਿਬ ਨਹੀਂ ਹੈ, ਉਹ ਤਾਂ ਇਕ ਸਾਧਾਰਨ ਇਮਾਰਤ ਹੈ। ਮੈਂ ਲਿਖ ਦੇਵਾਂ ਸਰਦਾਰ ਇਕਬਾਲ ਸਿੰਘ ਲਾਲਪੁਰਾ ਸਾਹਿਬ ਦੀ ਕੋਠੀ ਕਲਮਾ-ਕਲਮਾ ਮੀੜ 'ਤੇ ਹੈ ਉਹ 'ਤੇ ਨਿਸ਼ਾਨ ਸਾਹਿਬ ਤੋਂ ਪਤਾ ਲੱਗਦਾ ਹੈ ਇਹ ਇਕ ਗੁਰਦੁਆਰਾ ਹੈ। ਭਾਵੇਂ ਉਥੇ ਚਾਹ-ਪਾਣੀ, ਲੰਗਰ ਚੱਲਦਾ ਹੈ। ਕੋਈ ਭੀ ਗਰੀਬ ਪ੍ਰਸ਼ਾਦਾ ਛੱਕ ਸਕਦਾ ਹੈ। ਲਿਖਤ ਤੋਂ ਭਾਵ ਜਿਥੇ ਗੁਰੂ ਗ੍ਰੰਥ ਸਾਹਿਬ ਹੈ, ਉਥੇ ਨਿਸ਼ਾਨ ਸਾਹਿਬ ਜ਼ਰੂਰੀ।



ਗਲਤੀ ਮੁਆਫ
ਆਪ ਦਾ ਦਾਸ
K.Singh. Jogi

# ਇਰਾਨ ਦੇ ਰਾਜਦੂਤ ਨੂੰ ਬਰਤਾਨੀਆ ਦੇ ਵਿਦੇਸ਼ ਮੰਤਰਾਲੇ ਵੱਲੋਂ ਤਲਬ ਕਰਕੇ ਜਿਤਾਇਆ ਗਿਆ ਸਖਤ ਇਤਰਾਜ਼

ਲੈਸਟਰ -(ਸੁਖਜਿੰਦਰ ਸਿੰਘ ਢੱਡੇ)-ਈਰਾਨ ਵਿੱਚ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਦੌਰਾਨ ਪ੍ਰਦਰਸ਼ਨਕਾਰੀਆਂ ਦੀਆਂ ਕਥਿਤ 'ਬਰਬਰ ਹੱਤਿਆਵਾਂ' ਅਤੇ ਹਿੰਸਕ ਦਮਨ ਦੇ ਮਾਮਲੇ ਨੂੰ ਲੈ ਕੇ ਬਰਤਾਨੀਆ ਸਰਕਾਰ ਨੇ ਲੰਡਨ ਵਿੱਚ ਤਾਇਨਾਤ ਈਰਾਨ ਦੇ ਰਾਜਦੂਤ ਸਈਦ ਅਲੀ ਮੂਸਵੀ (Seyed Ail Mousaiv) ਨੂੰ ਵਿਦੇਸ਼ ਮੰਤਰਾਲੇ ਤਲਬ ਕਰਕੇ ਸਖ਼ਤ ਇਤਰਾਜ ਜਤਾਇਆ ਗਿਆ। ਬਰਤਾਨਵੀ ਵਿਦੇਸ਼ ਸਕੱਤਰ ਯਵੇਟ ਕੂਪਰ ਨੇ ਕਿਹਾ ਕਿ ਈਰਾਨ ਵਿੱਚ ਜੋ ਕੁਝ ਹੋ ਰਿਹਾ ਹੈ, ਉਸ ਪ੍ਰਤੀ ਬਰਤਾਨੀਆ ਦੀ ਸਖ਼ਤ ਨਿੰਦਾ ਅਤੇ ਗਹਿਰੀ ਚਿੰਤਾ ਹੈ।




ਵਿਦੇਸ਼ ਸਕੱਤਰ ਵੱਲੋਂ ਹਾਊਸ ਆਫ ਕਾਮਨਜ਼ ਵਿੱਚ ਦਿੱਤੇ ਬਿਆਨ ਮੁਤਾਬਕ, ਈਰਾਨ ਵਿੱਚ ਹਾਲੀਆ ਦਿਨਾਂ ਦੌਰਾਨ ਹੋਏ ਸੁਰੱਖਿਆ ਬਲਾਂ ਦੇ ਕ੍ਰੈਕਡਾਊਨ ਕਾਰਨ ਹਜ਼ਾਰਾਂ ਲੋਕਾਂ ਦੇ ਮਾਰੇ ਜਾਣ ਜਾਂ ਹਿਰਾਸਤ ਵਿੱਚ ਲਏ ਜਾਣ ਦਾ ਡਰ ਜਤਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੌਤਾਂ ਦੀ ਗਿਣਤੀ ਹੁਣ ਤੱਕ ਦਰਜ ਕੀਤੇ ਗਏ ਅੰਕੜਿਆਂ ਨਾਲੋਂ ਕਈ ਗੁਣਾ ਵੱਧ ਹੋ ਸਕਦੀ ਹੈ।

ਯਵੇਟ ਕੂਪਰ ਨੇ ਕਿਹਾ ਕਿ ਬਰਤਾਨੀਆ ਸਰਕਾਰ ਈਰਾਨ ਵੱਲੋਂ ਕੀਤੀਆਂ ਜਾ ਰਹੀਆਂ ਹੱਤਿਆਵਾਂ, ਹਿੰਸਾ ਅਤੇ ਦਬਾਉ ਦੀ ਨੀਤੀ ਨੂੰ ਪੂਰੀ ਤਰ੍ਹਾਂ ਅਸਵੀਕਾਰ ਕਰਦੀ ਹੈ। ਉਨ੍ਹਾਂ ਇਹ ਵੀ ਸੰਕੇਤ ਦਿੱਤਾ ਕਿ ਬਰਤਾਨੀਆ ਈਰਾਨ ਖ਼ਿਲਾਫ਼ ਵਿੱਤ, ਊਰਜਾ, ਆਵਾਜਾਈ, ਸਾਫਟਵੇਅਰ ਅਤੇ ਹੋਰ ਉਦਯੋਗਿਕ ਖੇਤਰਾਂ ਨੂੰ ਨਿਸ਼ਾਨਾ ਬਣਾਉਂਦੀਆਂ ਹੋਈਆਂ ਹੋਰ ਸਖ਼ਤ ਪਾਬੰਦੀਆਂ ਲਗਾ ਸਕਦਾ ਹੈ, ਹਾਲਾਂਕਿ ਪਾਬੰਦੀਆਂ ਦੀ ਸਹੀ ਸ਼ਕਲ ਅਤੇ ਲਾਗੂ ਕਰਨ ਦੀ ਤਾਰੀਖ਼ ਹਾਲੇ ਤੈਅ ਨਹੀਂ ਕੀਤੀ ਗਈ।

ਸਰਕਾਰੀ ਸੂਤਰਾਂ ਅਨੁਸਾਰ, ਬਰਤਾਨੀਆ ਦੇ ਵਿਦੇਸ਼ ਮੰਤਰਾਲੇ ਵਿੱਚ ਵਿਦੇਸ਼ ਸਕੱਤਰ ਅਤੇ ਈਰਾਨੀ ਰਾਜਦੂਤ ਸਈਦ ਅਲੀ ਮੂਸਵੀ ਦਰਮਿਆਨ ਹੋਈ ਮੁਲਾਕਾਤ ਕੇਵਲ ਨੌਂ ਮਿੰਟ ਚੱਲੀ, ਜਿਸਨੂੰ ਕੂਟਨੀਤਕ ਮਾਹਿਰ ਬਰਤਾਨੀਆ ਵੱਲੋਂ ਦਿੱਤਾ ਗਿਆ ਸਖ਼ਤ ਸੰਦੇਸ਼ ਕਰਾਰ ਦੇ ਰਹੇ ਹਨ। ਇਸਦੇ ਨਾਲ ਹੀ ਬਰਤਾਨੀਆ ਨੇ ਯੂਰਪੀ ਯੂਨੀਅਨ ਅਤੇ ਹੋਰ ਅੰਤਰਰਾਸ਼ਟਰੀ ਸਾਥੀਆਂ ਨਾਲ ਮਿਲ ਕੇ ਹੋਰ ਕਦਮ ਚੁੱਕਣ ਦੀ ਤਿਆਰੀ ਦਾ ਵੀ ਐਲਾਨ ਕੀਤਾ ਹੈ, ਤਾਂ ਜੋ ਈਰਾਨ 'ਤੇ ਦਬਾਅ ਵਧਾ ਕੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਯਕੀਨੀ ਬਣਾਈ ਜਾ ਸਕੇ। ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਇਹ ਮਾਮਲਾ ਅੰਤਰਰਾਸ਼ਟਰੀ ਪੱਧਰ 'ਤੇ ਹੋਰ ਗਰਮਾਉਣ ਦੇ ਆਸਾਰ ਹਨ।

# ਸਿਹਤ ਤੇ ਸੁੰਦਰਤਾ



## ਔਰਤਾਂ ਕਮਰ ਦਰਦ ਨੂੰ ਨਾ ਕਰੋ ਨਜ਼ਰਅੰਦਾਜ਼



ਸਰਦੀਆਂ ਦਾ ਮੌਸਮ ਸ਼ੁਰੂ ਹੁੰਦੇ ਹੀ ਜੇਕਰ ਤੁਹਾਨੂੰ ਕਮਰ ਦੇ ਹੇਠਲੇ ਹਿੱਸੇ ਵਿੱਚ ਲਗਾਤਾਰ ਦਰਦ, ਜਕੜਨ, ਪੈਰਾਂ ਵਿੱਚ ਝਨਝਨਾਹਟ ਜਾਂ ਚੱਲਣ-ਫਿਰਨ ਵਿੱਚ ਪਰੇਸ਼ਾਨੀ ਮਹਿਸੂਸ ਹੋ ਰਹੀ ਹੈ, ਤਾਂ ਇਸ ਨੂੰ ਬਿਲਕੁਲ ਵੀ ਨਜ਼ਰਅੰਦਾਜ਼ ਨਾ ਕਰੋ। ਡਾਕਟਰੀ ਮਾਹਿਰਾਂ ਅਨੁਸਾਰ, ਇਹ ਸਮੱਸਿਆ ਅਕਸਰ ਰੀੜ੍ਹ ਦੀ ਹੱਡੀ ਦੇ ਵਰਟੀਬਰਾ (ਮਣਕਿਆਂ) ਨਾਲ ਜੁੜੀ ਹੋ ਸਕਦੀ ਹੈ, ਜੋ ਸਰੀਰ ਦਾ ਪੂਰਾ ਭਾਰ ਸੰਭਾਲਦੇ ਹਨ ਅਤੇ ਪੈਰਾਂ ਤੱਕ ਜਾਣ ਵਾਲੀਆਂ ਨਸਾਂ ਦੀ ਸੁਰੱਖਿਆ ਕਰਦੇ ਹਨ।

ਇਹ ਤਿੰਨੋਂ ਮਣਕੇ ਰੀੜ੍ਹ ਦੀ ਹੱਡੀ ਦੇ ਹੇਠਲੇ ਹਿੱਸੇ ਵਿੱਚ ਸਥਿਤ ਹੁੰਦੇ ਹਨ ਅਤੇ ਇਨ੍ਹਾਂ ਦਾ ਸਿੱਧਾ ਸਬੰਧ ਕਮਰ, ਕੂਲ੍ਹਿਆਂ ਅਤੇ ਪੈਰਾਂ ਦੀਆਂ ਨਸਾਂ ਨਾਲ ਹੁੰਦਾ ਹੈ। ਜਦੋਂ ਇਨ੍ਹਾਂ ਹਿੱਸਿਆਂ ਵਿੱਚ ਸੋਜ ਜਾਂ ਨਸਾਂ ’ਤੇ ਦਬਾਅ ਵਧਦਾ ਹੈ, ਤਾਂ ਕਮਰ ਤੋਂ ਲੈ ਕੇ ਪੈਰਾਂ ਤੱਕ ਤੇਜ਼ ਦਰਦ, ਸੁੰਨਪਨ ਅਤੇ ਕਮਜ਼ੋਰੀ ਮਹਿਸੂਸ ਹੋਣ ਲੱਗਦੀ ਹੈ। ਸਰਦੀਆਂ ਵਿੱਚ ਘੱਟ ਤਾਪਮਾਨ ਕਾਰਨ ਨਸਾਂ ਅਤੇ ਮਾਸਪੇਸ਼ੀਆਂ ਵਿੱਚ ਜਕੜਨ ਵਧ ਜਾਂਦੀ ਹੈ, ਜਿਸ ਨਾਲ ਇਹ ਸਮੱਸਿਆ ਹੋਰ ਗੰਭੀਰ ਰੂਪ ਲੈ ਲੈਂਦੀ ਹੈ।

ਮਾਹਿਰਾਂ ਅਨੁਸਾਰ, ਔਰਤਾਂ ਵਿੱਚ ਖ਼ਾਸ ਕਰਕੇ ਡਿਲੀਵਰੀ ਤੋਂ ਬਾਅਦ ਇਹ ਸਮੱਸਿਆ ਜ਼ਿਆਦਾ ਦੇਖਣ ਨੂੰ ਮਿਲਦੀ ਹੈ ਕਿਉਂਕਿ ਕਮਰ ਅਤੇ ਰੀੜ੍ਹ ਦੀਆਂ ਮਾਸਪੇਸ਼ੀਆਂ ਕਮਜ਼ੋਰ ਹੋ ਜਾਂਦੀਆਂ ਹਨ। ਇਸ ਤੋਂ ਇਲਾਵਾ ਸਰਦੀਆਂ ’ਚ ਸਰੀਰਕ ਗਤੀਵਿਧੀਆਂ ਘੱਟ ਹੋਣ ਕਾਰਨ ਕਮਰ ਵਿੱਚ ਜਕੜਨ ਤੇ ਉੱਠਣ-ਬੈਠਣ ਵਿੱਚ ਦਰਦ ਦੀ ਸ਼ਿਕਾਇਤ ਵਧ ਜਾਂਦੀ ਹੈ। ਸਰਦੀਆਂ ਵਿੱਚ ਧੁੱਪ ਘੱਟ ਮਿਲਣ ਕਾਰਨ ਸਰੀਰ ’ਚ ਵਿਟਾਮਿਨ-ਧ ਦੀ ਕਮੀ ਹੋ ਜਾਂਦੀ ਹੈ, ਜੋ ਹੱਡੀਆਂ ਦੀ ਕਮਜ਼ੋਰੀ ਅਤੇ ਦਰਦ ਦਾ ਵੱਡਾ ਕਾਰਨ ਬਣਦੀ ਹੈ। ਇਸ ਦੇ ਨਾਲ ਹੀ, ਘੰਟਿਆਂ ਬੱਧੀ ਝੁਕ ਕੇ ਕੰਮ ਕਰਨਾ ਜਾਂ ਗਲਤ ਤਰੀਕੇ ਨਾਲ ਬੈਠਣਾ ਇਸ ਦਰਦ ਨੂੰ ਹੋਰ ਵਧਾ ਦਿੰਦਾ ਹੈ। ਕਮਰ ਦੀਆਂ ਮਾਸਪੇਸ਼ੀਆਂ ਨੂੰ ਮਜ਼ਬੂਤ ਕਰਨ ਲਈ ਸੂਰਜ ਨਮਸਕਾਰ, ਵਜਰਾਸਨ ਅਤੇ ਮਯੂਰਾਸਨ ਬਹੁਤ ਫਾਇਦੇਮੰਦ ਹਨ। ਬੈਠਦੇ ਸਮੇਂ ਪਿੱਠ ਸਿੱਧੀ ਰੱਖੋ ਅਤੇ ਕਮਰ ਨੂੰ ਪੂਰਾ ਸਹਾਰਾ ਦਿਓ। ਆਫ਼ਿਸ ਵਿੱਚ ਕੰਮ ਕਰਦੇ ਸਮੇਂ ਹਰ ਇੱਕ ਘੰਟੇ ਬਾਅਦ 5 ਮਿੰਟ ਦੀ ਸੈਰ ਜ਼ਰੂਰ ਕਰੋ।

## ਸਰਦੀਆਂ ਵਿੱਚ ਪਾਣੀ ਪੀਣਾ ਸਿਹਤ ਲਈ ਕਿਉਂ ਜ਼ਰੂਰੀ ਹੈ ?

ਗਰਮੀਆਂ ਵਿੱਚ ਤਾਂ ਅਸੀਂ ਪਸੀਨੇ ਕਾਰਨ ਹਰ ਵੇਲੇ ਪਾਣੀ ਪੀਂਦੇ ਰਹਿੰਦੇ ਹਾਂ, ਪਰ ਸਰਦੀਆਂ ਆਉਂਦਿਆਂ ਹੀ ਪਾਣੀ ਦੀ ਬੋਤਲ ਕਿਤੇ ਦੂਰ ਰਹਿ ਜਾਂਦੀ ਹੈ। ਠੰਡ ਵਿੱਚ ਪਿਆਸ ਘੱਟ ਲੱਗਦੀ ਹੈ, ਇਸ ਲਈ ਬਹੁਤ ਸਾਰੇ ਲੋਕ ਘੱਟ ਪਾਣੀ ਪੀਂਦੇ ਹਨ। ਪਰ ਡਾਕਟਰਾਂ ਮੁਤਾਬਕ ਇਹ ਬਹੁਤ ਖ਼ਤਰਨਾਕ ਹੋ ਸਕਦਾ ਹੈ। ਸਾਡੇ ਸਰੀਰ ਦਾ ਲਗਭਗ 60% ਹਿੱਸਾ ਪਾਣੀ ਹੈ ਅਤੇ ਸਰਦੀਆਂ ਵਿੱਚ ਵੀ ਸਰੀਰ ਨੂੰ ਗਰਮੀਆਂ ਵਾਂਗ ਹੀ ਪਾਣੀ ਦੀ ਲੋੜ ਹੁੰਦੀ ਹੈ।

ਕਿਉਂ ਘੱਟ ਲੱਗਦੀ ਹੈ ਪਿਆਸ ?-ਠੰਡੇ ਮੌਸਮ ਵਿੱਚ ਘੱਟ ਪਸੀਨਾ ਆਉਂਦਾ ਹੈ, ਹੀਟਰ ਅਤੇ ਡ੍ਰਾਇਰ ਨਾਲ ਹਵਾ ਖੁਸ਼ਕ ਹੋ ਜਾਂਦੀ ਹੈ, ਜਿਸ ਨਾਲ ਚਮੜੀ ਅਤੇ ਸਾਹ ਰਾਹੀਂ ਪਾਣੀ ਦਾ ਨੁਕਸਾਨ ਵਧਦਾ ਹੈ। ਸਰੀਰ ਗਰਮ ਰਹਿਣ ਲਈ ਨਸਾਂ ਸੁੰਗੜਾ ਲੈਂਦਾ ਹੈ, ਜਿਸ ਨਾਲ ਪਿਆਸ ਦੀ ਭਾਵਨਾ 40% ਤੱਕ ਘੱਟ ਹੋ ਜਾਂਦੀ ਹੈ। ਪਰ ਸਰੀਰ ਦੀ ਅਸਲ ਲੋੜ 2.5 ਤੋਂ 3.5 ਲੀਟਰ ਪਾਣੀ ਰੋਜ਼ਾਨਾ ਹੀ ਰਹਿੰਦੀ ਹੈ।



ਘੱਟ ਪਾਣੀ ਪੀਣ ਦੇ ਨੁਕਸਾਨ ਬਹੁਤ ਹਨ। ਖੂਨ ਗਾੜ੍ਹਾ ਹੋ ਜਾਂਦਾ ਹੈ, ਜਿਸ ਨਾਲ ਹਾਰਟ ਅਟੈਕ, ਬ੍ਰੇਨ ਸਟ੍ਰੋਕ ਅਤੇ ਬਲੱਡ ਪ੍ਰੈਸ਼ਰ ਵਧਣ ਦਾ ਖ਼ਤਰਾ ਵੱਧ ਜਾਂਦਾ ਹੈ। ਕਿਡਨੀ ਤੇ ਦਬਾਅ ਪੈਂਦਾ ਹੈ, ਪੱਥਰੀ ਅਤੇ ਮੂਤਰ ਮਾਰਗ ਇਨਫੈਕਸ਼ਨ ਹੋ ਸਕਦਾ ਹੈ। ਕਬਜ਼, ਅਪਚ, ਥਕਾਵਟ, ਸਿਰਦਰਦ, ਚੱਕਰ ਆਉਣਾ, ਚਮੜੀ ਖੁਸ਼ਕ ਹੋਣਾ ਅਤੇ ਮੂਡ ਸਵਿੰਗਜ਼ ਵਰਗੀਆਂ ਸਮੱਸਿਆਵਾਂ ਸ਼ੁਰੂ ਹੋ ਜਾਂਦੀਆਂ ਹਨ। ਲੰਮੇ ਸਮੇਂ ਤੱਕ ਡੀਹਾਈਡ੍ਰੇਸ਼ਨ ਨਾਲ ਕ੍ਰੋਨਿਕ ਬਿਮਾਰੀਆਂ ਵੀ ਹੋ ਸਕਦੀਆਂ ਹਨ।

ਸਭ ਤੋਂ ਵੱਧ ਖ਼ਤਰਾ ਕਿਹੜੇ ਲੋਕਾਂ ਨੂੰ ? ਬਜ਼ੁਰਗਾਂ ਨੂੰ ਵੱਧ ਧਿਆਨ ਰੱਖਣ ਦੀ ਲੋੜ ਹੈ, ਕਿਉਂਕਿ ਉਨ੍ਹਾਂ ਵਿੱਚ ਪਿਆਸ ਦੀ ਭਾਵਨਾ ਘੱਟ ਹੁੰਦੀ ਹੈ। ਨਾਲ ਹੀ ਦਿਲ ਦੇ ਮਰੀਜ਼, ਬੀਪੀ-ਸ਼ੂਗਰ ਵਾਲੇ, ਖੂਨ ਪਤਲਾ ਕਰਨ ਵਾਲੀਆਂ ਦਵਾਈਆਂ ਲੈਣ ਵਾਲੇ ਅਤੇ ਔਰਤਾਂ (ਖਾਸ ਕਰ ਮਾਹਵਾਰੀ ਵਾਲੀ ਉਮਰ ਵਿੱਚ) ਵੱਧ ਪ੍ਰਭਾਵਿਤ ਹੁੰਦੇ ਹਨ। ਔਰਤਾਂ ਵਿੱਚ ਹਾਰਮੋਨਲ ਬਦਲਾਅ ਅਤੇ ਪੀਰੀਅਡਜ਼ ਦੌਰਾਨ ਖੂਨ ਦੀ ਕਮੀ ਨਾਲ ਸਮੱਸਿਆਵਾਂ ਵਧ ਜਾਂਦੀਆਂ ਹਨ।

ਪਾਣੀ ਪੀਣ ਦਾ ਸਹੀ ਤਰੀਕਾ: ਰੋਜ਼ 10-12 ਗਲਾਸ ਪਾਣੀ ਪੀਓ।-ਸਵੇਰੇ ਉੱਠ ਕੇ 2-4 ਗਲਾਸ ਪੀਓ। ਦਿਨ ਭਰ ਰੁਕ-ਰੁਕ ਕੇ ਪੀਂਦੇ ਰਹੋ ਅਤੇ ਸ਼ਾਮ 5 ਵਜੇ ਤੱਕ ਜ਼ਿਆਦਾਤਰ ਪੂਰਾ ਕਰ ਲਵੋ, ਤਾਂ ਜੋ ਰਾਤ ਨੂੰ ਨੀਂਦ ਨਾ ਖ਼ਰਾਬ ਹੋਵੇ। ਕੋਸਾ ਪਾਣੀ ਸਭ ਤੋਂ ਚੰਗਾ ਹੈ, ਬਹੁਤ ਗਰਮ ਨਹੀਂ ਪੀਣਾ ਚਾਹੀਦਾ। ਸਰਦੀਆਂ ਵਿੱਚ ਵੀ ਪਾਣੀ ਨੂੰ ਨਜ਼ਰਅੰਦਾਜ਼ ਨਾ ਕਰੋ। ਇਹ ਸਿਹਤ ਦੀ ਰਾਖੀ ਲਈ ਜ਼ਰੂਰੀ ਹੈ। ਆਪਣੇ ਸਰੀਰ ਦੇ ਸੰਕੇਤਾਂ ਵੱਲ ਧਿਆਨ ਦਿਓ ਅਤੇ ਰੋਜ਼ ਕਾਫ਼ੀ ਪਾਣੀ ਪੀ ਕੇ ਤੰਦਰੁਸਤ ਰਹੋ।

## * ਚੂੰਢਾਂ–ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ



*ਮਨਰੇਗਾ ਕਾਨੂੰਨ ‘ਚ ਬਦਲਾਅ ਵਿਰੁੱਧ ਪੰਜਾਬ ਵਿਚ ਖੇਤ ਮਜ਼ਦੂਰ ਸੜਕਾਂ ‘ਤੇ ਉਤਰੇ- ਇਕ ਖ਼ਬਰ

-ਉੱਚਾ ਹੋ ਗਿਆ ਅੰਬਰ ਦਾ ਤਾਰਾ, ਜਲ ਵਿਚ ਰੋਣ ਮੱਛੀਆਂ।



*ਸੌਦਾ ਸਾਧ ਨੂੰ ਪੈਰੋਲ ਦੇ ਕੇ ਸਿੱਖਾਂ ਦੇ ਜ਼ਖ਼ਮਾਂ ਤੇ ਲੂਣ ਛਿੜਕਿਆ- ਗਿਆਨੀ ਰਾਮ ਸਿੰਘ

-ਸੁੱਤੀ ਪਈ ਦੀ ਜ਼ੰਜੀਰੀ ਛਣਕੇ, ਗੱਭਰੂ ਦਾ ਮਚੇ ਕਾਲਜਾ।




*ਟਰੰਪ ਨੇ ਖੁਦ ਨੂੰ ਐਲਾਨਿਆ ਵੈਂਨਜ਼ੁਏਲਾ ਦਾ ਕਾਰਜਕਾਰੀ ਰਾਸ਼ਟਰਪਤੀ- ਇਕ ਖ਼ਬਰ

-ਜੱਗੇ ਜੱਟ ਦੇ ਕਬੂਤਰ ਚੀਨੇ, ਨਦੀਉਂ ਪਾਰ ਚੁਗਦੇ।

*328 ਪਾਵਨ ਸਰੂਪਾਂ ਦੇ ਮਾਮਲੇ ‘ਚ ਅਕਾਲ ਤਖ਼ਤ ਵਲੋਂ ਜਾਂਚ ਵਿਚ ਸਹਿਯੋਗ ਕਰਨ ਦੇ ਸ਼੍ਰੋਮਣੀ ਕਮੇਟੀ ਨੂੰ ਆਦੇਸ਼- ਇਕ ਖ਼ਬਰ

-ਗੋਰੇ ਰੰਗ ਨੇ ਸਦਾ ਨਹੀਂ ਰਹਿਣਾ, ਭਰ ਭਰ ਵੰਡ ਮੁੱਠੀਆਂ।

*ਬਠਿੰਡਾ ਦੀ ਅਦਾਲਤ ਨੇ ਕੰਗਨਾ ਦੀ ਹਾਜ਼ਰੀ ਮੁਆਫ਼ੀ ਅਰਜ਼ੀ ਕੀਤੀ ਰੱਦ- ਇਕ ਖ਼ਬਰ



-ਜੁੱਤੀ ਡਿਗ ਪਈ ਸਿਤਾਰਿਆਂ ਵਾਲੀ, ਨਿੱਜ ਤੇਰੇ ਬੋਤੇ ‘ਤੇ ਚੜ੍ਹੀ।



*ਮੋਦੀ ਨੇ ਫ਼ੋਨ ਨਹੀਂ ਕੀਤਾ, ਇਸ ਲਈ ਰੁਕਿਆ ਵਪਾਰਕ ਸਮਝੌਤਾ- ਅਮਰੀਕਾ

-ਲੱਡੂ ਮੁੱਕ ਗਏ ਯਾਰਾਨੇ ਟੁੱਟ ਗਏ, ਕੱਚੀ ਯਾਰੀ ਲੱਡੂਆਂ ਦੀ।



*ਕਾਂਗਰਸ ਮਨਰੇਗਾ ਮਜ਼ਦੂਰਾਂ ਦੇ ਹੱਕਾਂ ਦੀ ਲੜਾਈ ਲੜੇਗੀ- ਬਘੇਲ, ਵੜਿੰਗ

-ਕੰਨੀ ਨੱਤੀਆਂ ਸੰਧੂਰੀ ਸਿਰ ਸਾਫ਼ਾ, ਉਹ ਮੇਰਾ ਵੀਰ ਕੁੜੀਓ।



*ਫਰੀਦਾਬਾਦ ‘ਚ ਐਂਬੂਲੈਂਸ ਅੰਦਰ ਔਰਤ ਨਾਲ ਸਮੂਹਿਕ ਬਲਾਤਕਾਰ- ਪੁਲਿਸ

-ਸੁਣਦੇ ਸਾਂ ਕਿ ਐਂਬੂਲੈਂਸਾਂ ਰਾਹੀਂ ਸਮਗਲਿੰਗ ਹੁੰਦੀ ਐ, ਹੁਣ ਬਲਾਤਕਾਰ ਵੀ ਤੌਬਾ, ਤੌਬਾ.....



*‘ਜੀ ਰਾਮ ਜੀ’ ਕਾਨੂੰਨ ਵਿਚ ਕੋਈ ਕਮੀ ਨਹੀਂ- ਜਾਖੜ

-ਸਉਣ ਦੇ ਅੰਨ੍ਹਿਆਂ ਨੂੰ ਸਭ ਕੁਝ ਹਰਾ ਹਰਾ ਹੀ ਦਿਸਦਾ ਹੈ।




*ਬਲਾਤਕਾਰਾਂ ਦੇ ਦੋਸ਼ੀ ਸਾਧ ਨੂੰ ਹਰੇਕ ਤੀਜੇ ਦਿਨ ਪੈਰੋਲ ਕਿਵੇਂ ਮਿਲ ਰਹੀ ਹੈ- ਜਥੇਦਾਰ ਪੰਜੋਲੀ

-ਸੱਦੀ ਹੋਈ ਮਿੱਤਰਾਂ ਦੀ, ਨੀ ਮੈਂ ਪੈਰ ਜੁੱਤੀ ਨਾ ਪਾਵਾਂ।



*ਸੁਖਬੀਰ ਬਾਦਲ ਸਿਰਫ਼ ਗਿੱਦੜਬਾਹਾ ਤੋਂ ਹੀ ਮੇਰੇ ਨਾਲ ਚੋਣ ਲੜ ਕੇ ਦੇਖ ਲਵੇ-ਰਾਜਾ ਵੜਿੰਗ

-ਜੇ ਤੂੰ ਚੁੰਘੀਆਂ ਬੂਰੀਆਂ ਤਾਂ ਵਿਚ ਮੈਦਾਨੇ ਆ।



*ਗਰੀਨਲੈਂਡ ਲੈਣ ਲਈ ਕੁਝ ਵੀ ਕਰਾਂਗੇ- ਟਰੰਪ

-ਲਾਈ ਲੱਗ ਨਾ ਹੋਵੇ ਘਰ ਵਾਲ਼ਾ, ਚੰਦਰਾ ਗੁਆਂਢ ਬੁਰਾ।



*ਹਾਲੇ ਪਾਕਿ ਸਰਕਾਰ ਦੀ ਦੇਖ ਰੇਖ ਵਿਚ ਹੀ ਰਹੇਗੀ ਸਰਬਜੀਤ ਕੌਰ- ਇਕ ਖ਼ਬਰ

-ਮੇਰੇ ਨਰਮ ਕਾਲ਼ਜੇ ਲੜ ਗਏ, ਲੱਡੂ ਖਾ ਲਏ ਤੇਰੇ ਤੇਲ ਦੇ।

*ਪੁਲਿਸ ਪ੍ਰਸ਼ਾਸਨ ਨੂੰ ਨਾ ਸਹਿਯੋਗ ਅਤੇ ਨਾ ਹੀ ਕੋਈ ਰਿਕਾਰਡ ਦਿਤਾ ਜਾਵੇਗਾ- ਸ਼੍ਰੋਮਣੀ ਕਮੇਟੀ

-ਮੇਰੀ ਚੱਪਣੀ ਵਗਾਹ ਕੇ ਮਾਰੀ, ਛੜਿਆਂ ਦੇ ਗਈ ਅੱਗ ਨੂੰ।



*ਮੋਦੀ ਜੀ ਆਪਣੇ ਗ੍ਰਹਿ ਮੰਤਰੀ ਨੂੰ ਕਾਬੂ ਵਿਚ ਰੱਖੋ- ਮਮਤਾ ਬੈਨਰਜੀ

-ਟੁੱਟ ਪੈਣੇ ਜੇਠ ਦਾ ਮੁੰਡਾ, ਚੀਰਾ ਬੰਨ੍ਹ ਕੇ ਸਾਹਮਣੇ ਬਹਿੰਦਾ।

# ਬੰਦੀ ਸਿੰਘਾਂ ਦੀ ਰਿਹਾਈ ਲਈ ਸਿੱਖ ਅਤੇ ਕਿਸਾਨਾਂ ਦਾ ਸੰਘਰਸ਼ ਜਾਰੀ

**ਖਾਸ ਖਬਰ**

## ✪ ਕਿਸਾਨ ਜਥੇਬੰਦੀਆਂ ਅਤੇ ਕੌਮੀ ਇਨਸਾਫ਼ ਮੋਰਚੇ ਵੱਲੋਂ ਟੋਲ ਪਲਾਜ਼ੇ ਜਾਮ ਅਤੇ ਪ੍ਰਦਰਸ਼ਨ ✪ 2019 ਦੇ ਨੋਟੀਫਿਕੇਸ਼ਨ ਤੋਂ ਬਾਅਦ ਵੀ ਅਧੂਰੀ ਰਿਹਾਈਆਂ





ਪੰਜਾਬ ਵਿੱਚ ਅੱਜਕੱਲ੍ਹ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਤਿੱਖੇ ਪ੍ਰਦਰਸ਼ਨ ਹੋ ਰਹੇ ਹਨ। ਕਿਸਾਨ ਜਥੇਬੰਦੀਆਂ ਅਤੇ ਸਿੱਖ ਸੰਗਠਨਾਂ ਨੇ ਟੋਲ ਪਲਾਜ਼ੇ ਬੰਦ ਕਰਕੇ, ਰੋਸ ਮਾਰਚ ਕੱਢ ਕੇ ਅਤੇ ਧਰਨੇ ਲਾ ਕੇ ਸਰਕਾਰ ਨੂੰ ਘੇਰਿਆ ਹੈ। ਹਾਲ ਹੀ ਵਿੱਚ, ਕੌਮੀ ਇਨਸਾਫ਼ ਮੋਰਚੇ ਨੇ ਪੰਜਾਬ ਵਿੱਚ ਸਾਰੇ ਟੋਲ ਪਲਾਜ਼ੇ ਤਿੰਨ ਘੰਟੇ ਲਈ ਮੁਕਤ ਕੀਤੇ, ਜਿਸ ਨਾਲ ਲੱਖਾਂ ਰੁਪਏ ਦਾ ਨੁਕਸਾਨ ਹੋਇਆ। ਇਹ ਪ੍ਰਦਰਸ਼ਨ ਫਿਰੋਜ਼ਪੁਰ, ਅੰਮ੍ਰਿਤਸਰ, ਤਰਨ ਤਾਰਨ ਅਤੇ ਪਠਾਨਕੋਟ ਵਰਗੇ ਜ਼ਿਲ੍ਹਿਆਂ ਵਿੱਚ ਵੀ ਵੇਖੇ ਗਏ। ਕਿਸਾਨ ਆਗੂ ਜਿਵੇਂ ਅਵਤਾਰ ਸਿੰਘ ਮਹਿਮਾ ਅਤੇ ਬਲਵਿੰਦਰ ਸਿੰਘ ਪਿਆਰੇਆਣਾ ਨੇ ਕਿਹਾ ਕਿ ਸਰਕਾਰ ਬੰਦੀ ਸਿੰਘਾਂ ਨਾਲ ਬੇਇਨਸਾਫ਼ੀ ਕਰ ਰਹੀ ਹੈ, ਜੋ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ ਪਰ ਅਜੇ ਵੀ ਜੇਲ੍ਹਾਂ ਵਿੱਚ ਬੰਦ ਹਨ।

ਬੰਦੀ ਸਿੰਘ ਉਹ ਸਿੱਖ ਕੈਦੀ ਹਨ ਜਿਨ੍ਹਾਂ ਨੂੰ 1980 ਅਤੇ 1990 ਦੇ ਦਹਾਕੇ ਵਿੱਚ ਪੰਜਾਬ ਵਿੱਚ ਚੱਲੀਆਂ ਖਾੜਕੂ ਗਤੀਵਿਧੀਆਂ ਨਾਲ ਜੁੜੇ ਮਾਮਲਿਆਂ ਵਿੱਚ ਸਜ਼ਾਵਾਂ ਹੋਈਆਂ ਸਨ। ਉਨ੍ਹਾਂ ਵਿੱਚੋਂ ਬਹੁਤਿਆਂ ਨੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਲਈਆਂ ਹਨ ਪਰ ਰਿਹਾਈ ਨਹੀਂ ਮਿਲੀ । ਕੁਝ ਆਰਸਾ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਪੋਸਟਰਾਂ ਵਿੱਚ 9 ਬੰਦੀ ਸਿੰਘਾਂ ਦੇ ਨਾਂ ਗਿਣਾਏ ਹਨ। ਇਨ੍ਹਾਂ ਵਿੱਚ ਦਵਿੰਦਰਪਾਲ ਸਿੰਘ ਭੁੱਲਰ ਸ਼ਾਮਲ ਹੈ, ਜਿਸ ਨੂੰ ਦਿੱਲੀ ਵਿੱਚ ਬੰਬ ਧਮਾਕੇ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਉਹ 26 ਸਾਲਾਂ ਤੋਂ ਜੇਲ੍ਹ ਵਿੱਚ ਹੈ। ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਵਿੱਚ ਫਾਂਸੀ ਦੀ ਸਜ਼ਾ ਹੋਈ ਸੀ, ਜੋ ਬਾਅਦ ਵਿੱਚ ਉਮਰ ਕੈਦ ਵਿੱਚ ਬਦਲੀ ਗਈ ਪਰ ਰਿਹਾਈ ਨਹੀਂ ਮਿਲੀ। ਭਾਈ ਜਗਤਾਰ ਸਿੰਘ ਹਵਾਰਾ, ਭਾਈ ਜਗਤਾਰ ਸਿੰਘ ਤਾਰਾ, ਲਖਵਿੰਦਰ ਸਿੰਘ ਲੱਖਾ, ਗੁਰਮੀਤ ਸਿੰਘ, ਸ਼ਮਸ਼ੇਰ ਸਿੰਘ ਅਤੇ ਭਾਈ ਪਰਮਜੀਤ ਸਿੰਘ ਭਿਓਰਾ ਵੀ ਬੇਅੰਤ ਸਿੰਘ ਕਤਲ ਕੇਸ ਨਾਲ ਜੁੜੇ ਹਨ ਅਤੇ 25-30 ਸਾਲਾਂ ਤੋਂ ਜੇਲ੍ਹ ਵਿੱਚ ਹਨ।

ਸਿੱਖ ਅਤੇ ਕਿਸਾਨ ਇਨ੍ਹਾਂ ਦੀ ਰਿਹਾਈ ਲਈ ਇਸ ਲਈ ਸੰਘਰਸ਼ ਕਰ ਰਹੇ ਹਨ, ਕਿਉਂਕਿ ਇਹ ਕੈਦੀ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ ਪਰ ਸਰਕਾਰ ਉਨ੍ਹਾਂ ਨੂੰ ਰਿਹਾਅ ਨਹੀਂ ਕਰ ਰਹੀ। ਇਹ ਭਾਰਤੀ ਸੰਵਿਧਾਨ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਜੇਕਰ ਬਲਾਤਕਾਰੀਆਂ ਅਤੇ ਕਾਤਲਾਂ ਨੂੰ ਪੈਰੋਲ ਜਾਂ ਰਿਹਾਈ ਮਿਲ ਸਕਦੀ ਹੈ, ਤਾਂ ਬੰਦੀ ਸਿੰਘਾਂ ਨੂੰ ਕਿਉਂ ਨਹੀਂ? ਉਦਾਹਰਣ ਵਜੋਂ, ਡੇਰਾ ਸਿਰਸਾ ਮੁਖੀ ਨੂੰ ਪੈਰੋਲ ਮਿਲੀ ਹੈ ਪਰ ਬੰਦੀ ਸਿੰਘਾਂ ਨੂੰ ਨਹੀਂ। ਇਹ ਮਸਲਾ ਸਿੱਖ ਕੌਮ ਨਾਲ ਵਿਤਕਰੇ ਵਜੋਂ ਵੇਖਿਆ ਜਾਂਦਾ ਹੈ। ਕਿਸਾਨ ਅੰਦੋਲਨ ਨਾਲ ਜੁੜੇ ਹੋਣ ਕਰਕੇ ਕਿਸਾਨ ਵੀ ਇਸ ਵਿੱਚ ਸ਼ਾਮਲ ਹਨ, ਕਿਉਂਕਿ ਉਹ ਸਿੱਖਾਂ ਦੇ ਅਧਿਕਾਰਾਂ ਲਈ ਲੜ ਰਹੇ ਹਨ। ਪੰਜਾਬ ਵਿੱਚ ਇਹ ਭਾਵਨਾਤਮਕ ਮਸਲਾ ਹੈ, ਜਿੱਥੇ ਲੋਕਾਂ ਨੂੰ ਲੱਗਦਾ ਹੈ ਕਿ ਕੇਂਦਰ ਸਰਕਾਰ ਘੱਟ ਗਿਣਤੀਆਂ ਨਾਲ ਨਿਆਂ ਨਹੀਂ ਕਰ ਰਹੀ।

### ਹੁਣ ਤੱਕ ਕੀ ਯਤਨ ਹੋਏ ਹਨ ?

ਇਸ ਮਸਲੇ ਨੂੰ ਚੁੱਕਣ ਲਈ ਕਈ ਵਾਰ ਭੁੱਖ ਹੜਤਾਲਾਂ ਹੋਈਆਂ ਹਨ। 2013 ਵਿੱਚ ਗੁਰਬਖਸ਼ ਸਿੰਘ ਖਾਲਸਾ ਨੇ 44 ਦਿਨਾਂ ਦੀ ਭੁੱਖ ਹੜਤਾਲ ਕੀਤੀ ਸੀ। ਬਾਅਦ ਵਿੱਚ ਐੱਸਜੀਪੀਸੀ ਨੇ 2022 ਵਿੱਚ 9 ਮੈਂਬਰੀ ਕਮੇਟੀ ਬਣਾਈ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਸੁਖਬੀਰ ਸਿੰਘ ਬਾਦਲ, ਸਿਮਰਨਜੀਤ ਸਿੰਘ ਮਾਨ ਅਤੇ ਹੋਰ ਆਗੂ ਸ਼ਾਮਲ ਸਨ। ਇਸ ਕਮੇਟੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਦਿੱਲੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਚਿੱਠੀਆਂ ਲਿਖੀਆਂ। ਐੱਸਜੀਪੀਸੀ ਨੇ ਗੁਰਦੁਆਰਿਆਂ ਬਾਹਰ ਪੋਸਟਰ ਵੀ ਲਗਾਏ। ਸੰਸਦ ਵਿੱਚ ਹਰਸਿਮਰਤ ਕੌਰ ਬਾਦਲ ਨੇ ਇਹ ਮੁੱਦਾ ਚੁੱਕਿਆ ਅਤੇ ਜੰਤਰ ਮੰਤਰ ਤੇ ਧਰਨਾ ਵੀ ਕੀਤਾ। ਹਾਲ ਹੀ ਵਿੱਚ, 2025 ਵਿੱਚ ਕੌਮੀ ਇਨਸਾਫ਼ ਮੋਰਚੇ ਨੇ ਦਿੱਲੀ ਵੱਲ ਮਾਰਚ ਕੱਢਿਆ ਪਰ ਸ਼ੰਭੂ ਬਾਰਡਰ ਤੇ ਰੋਕ ਲਿਆ ਗਿਆ ਸੀ।

### ਮੋਦੀ ਸਰਕਾਰ ਨੇ ਵਾਅਦਾ ਕਿਉਂ ਨਹੀਂ ਨਿਭਾਇਆ

2019 ਵਿੱਚ ਗੁਰੂ ਨਾਨਕ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੇ ਕੇਂਦਰ ਸਰਕਾਰ ਨੇ 8 ਬੰਦੀ ਸਿੰਘਾਂ ਦੀ ਰਿਹਾਈ ਅਤੇ ਰਾਜੋਆਣਾ ਦੀ ਫਾਂਸੀ ਨੂੰ ਉਮਰ ਕੈਦ ਵਿੱਚ ਬਦਲਣ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਇਨ੍ਹਾਂ ਵਿੱਚ ਪ੍ਰੋਫੈਸਰ ਭੁੱਲਰ, ਗੁਰਦੀਪ ਸਿੰਘ ਖੇੜਾ ਅਤੇ ਹੋਰ ਸ਼ਾਮਲ ਸਨ। ਪੰਜ ਵੀ ਰਿਹਾਅ ਕੀਤੇ ਗਏ ਜਿਵੇਂ ਨੰਦ ਸਿੰਘ, ਸੁਬੇਗ ਸਿੰਘ ਆਦਿ। ਪਰ ਬਾਕੀਆਂ ਲਈ ਨਹੀਂ ਰਿਹਾਅ ਹੋਏ। ਕਾਰਨਾਂ ਵਿੱਚ ਕਾਨੂੰਨੀ ਪੇਚੀਦਗੀਆਂ ਹਨ ਜਿਵੇਂ ਕਿ ਸਜ਼ਾ ਵਾਲੇ ਰਾਜ ਦੀ ਸਹਿਮਤੀ ਚਾਹੀਦੀ ਹੈ। ਉਦਾਹਰਣ ਵਜੋਂ, ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਦਾ ਮਾਮਲਾ ਦਿੱਲੀ ਸਰਕਾਰ ਉਪਰ ਨਿਰਭਰ ਹੈ। ਸਿੱਖ ਆਗੂ ਕਹਿੰਦੇ ਹਨ ਕਿ ਇਹ ਸਿੱਖ ਵਿਰੋਧੀ ਮਾਨਸਿਕਤਾ ਕਰਕੇ ਹੈ ਅਤੇ ਸਰਕਾਰ ਨੂੰ ਸੁਰੱਖਿਆ ਦੇ ਬਹਾਨੇ ਰੱਖ ਰਹੀ ਹੈ। ਕੁਝ ਸੂਤਰਾਂ ਅਨੁਸਾਰ, ਰਾਜਨੀਤਿਕ ਕਾਰਨ ਵੀ ਹਨ ਜਿਵੇਂ ਕਿ ਚੋਣਾਂ ਵਿੱਚ ਵੋਟ ਬੈਂਕ। ਪੰਜਾਬ ਅਤੇ ਤਾਮਿਲਨਾਡੂ ਵਿੱਚ ਰਿਹਾਈਆਂ ਦੇ ਮਾਮਲੇ ਵੱਖਰੇ ਹਨ, ਕਿਉਂਕਿ ਰਾਜ ਸਰਕਾਰਾਂ ਦੀ ਭੂਮਿਕਾ ਵੱਡੀ ਹੈ।

ਕਿੰਨੇ ਬੰਦੀ ਸਿੱਖ ਜੇਲ੍ਹਾਂ ਵਿੱਚ ਹਨ? ਵੱਖ-ਵੱਖ ਸੂਤਰਾਂ ਅਨੁਸਾਰ, ਪ੍ਰਮੁੱਖ ਬੰਦੀ ਸਿੰਘਾਂ ਦੀ ਗਿਣਤੀ 9 ਹੈ ਪਰ ਕੁੱਲ ਸਿੱਖ ਰਾਜਨੀਤਿਕ ਕੈਦੀਆਂ ਦੀ ਗਿਣਤੀ 20 ਤੋਂ 22 ਤੱਕ ਹੈ। ਕੁਝ ਰਿਪੋਰਟਾਂ ਵਿੱਚ 95,000 ਸਿੱਖ ਜੇਲ੍ਹਾਂ ਵਿੱਚ ਦੱਸੇ ਗਏ ਹਨ ਪਰ ਇਹ ਸਮੇਤ ਗੈਰ-ਕਾਨੂੰਨੀ ਹਿਰਾਸਤ ਵਾਲੇ ਵੀ ਹਨ, ਜੋ ਬੰਦੀ ਸਿੰਘਾਂ ਨਾਲ ਸਿੱਧੇ ਜੁੜੇ ਨਹੀਂ। ਪ੍ਰਮੁੱਖ ਮਸਲਾ ਉਨ੍ਹਾਂ 9 ਦਾ ਹੈ ਜਿਨ੍ਹਾਂ ਦੇ ਨਾਂ ਸ਼੍ਰੋਮਣੀ ਕਮੇਟੀ ਦੇ ਪੋਸਟਰਾਂ ਵਿੱਚ ਹਨ।

### ਕੀ ਕਹਿੰਦੇ ਨੇ ਪਾਲ ਸਿੰਘ ਫਰਾਂਸ ?

ਭਾਈ ਪਾਲ ਸਿੰਘ ਫਰਾਂਸ ਇੱਕ ਮਸ਼ਹੂਰ ਸਿੱਖ ਪ੍ਰਚਾਰਕ ਅਤੇ ਮਨੁੱਖੀ ਅਧਿਕਾਰ ਸੰਸਥਾ ਦੇ ਆਗੂ ਹਨ। ਉਹ ਫਰਾਂਸ ਵਿੱਚ ਰਹਿੰਦੇ ਸਨ ਅਤੇ ਉੱਥੇ ਟਰਬਨ ਬੈਨ ਵਿਰੋਧ ਵਿੱਚ ਵੀ ਲੜਾਈ ਲੜੀ ਸੀ। ਉਨ੍ਹਾਂ ਨੂੰ 2010 ਵਿੱਚ ਪੰਜਾਬ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ 7 ਸਾਲ ਜੇਲ੍ਹ ਵਿੱਚ ਰੱਖਿਆ ਗਿਆ ਸੀ, ਜਿਸ ਨੂੰ ਝੂਠੇ ਕੇਸ ਕਿਹਾ ਜਾਂਦਾ ਹੈ ਉਹ 2017 ਵਿੱਚ ਰਿਹਾਅ ਹੋਏ ਸਨ। ਉਹ ਕਹਿੰਦੇ ਹਨ ਕਿ ਭਾਰਤ ਵਿੱਚ ਬੰਦੀ ਸਿੱਖਾਂ ਤੇ ਸਿਖ ਪੰਥ ਨਾਲ ਵਿਤਕਰਾ ਹੋ ਰਿਹਾ ਹੈ ਅਤੇ ਅੰਤਰਰਾਸ਼ਟਰੀ ਪੱਧਰ ਤੇ ਇਹ ਮਸਲਾ ਚੁੱਕਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਇਸ ਮਸਲੇ ਬਾਰੇ ਏਕਤਾ ਬਣਾ ਕੇ ਰੱਖਣੀ ਚਾਹੀਦੀ ਹੈ। ਸ਼ਾਂਤੀਪੂਰਵਕ ਪ੍ਰਦਰਸ਼ਨ, ਕਾਨੂੰਨੀ ਲੜਾਈ ਲੜਨੀ ਚਾਹੀਦੀ ਹੈ ਅਤੇ ਅੰਤਰਰਾਸ਼ਟਰੀ ਸੰਗਠਨਾਂ ਨੂੰ ਅਪੀਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਿੱਖ ਆਗੂਆਂ ਨੂੰ ਰਾਜਨੀਤਿਕ ਪਾਰਟੀਆਂ ਨਾਲ ਜੁੜ ਕੇ ਵੋਟ ਬੈਂਕ ਦੀ ਸਿੱਖ ਹਿੱਤਾਂ ਲਈ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨਹੀਂ ਸੁਣਦੀ ਤਾਂ ਵੱਡੇ ਅੰਦੋਲਨਾਂ ਵੱਲ ਜਾਣਾ ਪੈ ਸਕਦਾ ਹੈ ਪਰ ਹਿੰਸਾ ਤੋਂ ਬਚਣਾ ਜ਼ਰੂਰੀ ਹੈ। ਇਸ ਨਾਲ ਕੌਮ ਨੂੰ ਮਜ਼ਬੂਤੀ ਮਿਲੇਗੀ ਅਤੇ ਇਨਸਾਫ਼ ਹਾਸਲ ਹੋਵੇਗਾ। ਉਨ੍ਹਾਂ ਕਿਹਾ ਕਿ ਸਾਨੂੰ ਉਮੀਦ ਹੈ ਕਿ ਇੱਕ ਦਿਨ ਬੰਦੀ ਸਿੰਘ ਰਿਹਾਅ ਹੋਣਗੇ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਨੂੰ ਵੀ ਆਪਣੇ ਵਾਅਦੇ ਨਿਭਾਉਣੇ ਚਾਹੀਦੇ ਹਨ ਤਾਂ ਜੋ ਲੋਕਤੰਤਰ ਵਿੱਚ ਵਿਸ਼ਵਾਸ ਬਣਿਆ ਰਹੇ।

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਸਿਉਰਾਸੀ

ਸਿਉਰਾਸੀ ਨੂੰ ਅੱਜ ਕਲ੍ਹ ਸਰਾਵਾਨ ਪਿੰਡ ਆਖਿਆ ਜਾਂਦਾ ਹੈ, ਜੋ ਰੁਮਾਣਾ ਅਲਬੇਲ ਸਿੰਘ ਤੋਂ 5 ਕਿਲੋਮੀਟਰ ਅਤੇ ਫ਼ਰੀਦਕੋਟ ਜ਼ਿਲ੍ਹੇ ਦੇ ਕੋਟਕਪੂਰਾ ਤੋਂ 10 ਕਿਲੋਮੀਟਰ ਦੂਰ ਹੈ। ਸਿਉਰਾਸੀ ਨੂੰ ਇਤਿਹਾਸ ਵਿੱਚ ਸਰਾਵ ਜਾਂ ਸਿਵਰਾਸੀ ਜਾਂ ਸਰਾਵਾਂ ਵੀ ਆਖਿਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਇਸ ਨਗਰ ਵਿੱਚ ਦਸੰਬਰ 26, 1705 ਨੂੰ ਆਏ ਸਨ ਅਤੇ ਭਾਈ ਗੰਗਾ ਸਿੰਘ ਅਤੇ ਹੋਰ ਨਿਵਾਸੀਆਂ ਨੇ ਗੁਰੂ ਸਾਹਿਬ ਦੀ ਤਨਦੇਹੀ ਨਾਲ ਸੇਵਾ ਕੀਤੀ। ਗੁਰੂ ਸਾਹਿਬ ਨੇ ਭਾਈ ਗੰਗਾ ਸਿੰਘ ਨੂੰ ਪਿਆਰ ਦਾ ਤੋਹਫ਼ਾ, ਇਕ ਕਟਾਰ ਬਖ਼ਸ਼ੀ ਜੋ ਉਸ ਦੀ ਔਲਾਦ ਪਾਸ ਪਿੰਡ ਗੋਲੇਵਾਲਾ ਵਿੱਚ ਹੈ। ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਗੁਰੂਸਰ ਬਣਿਆ ਹੈ, ਪ੍ਰਬੰਧ ਮੁਕਾਮੀ ਸੰਗਤ ਕਰਦੀ ਹੈ।

ਪੁਸਤਕ ਸੂਚੀ:-

1. ਕਾਨ੍ਹ ਸਿੰਘ ਨਾਭਾ- ਗੁਰ ਸ਼ਬਦ ਰਤਨਾਕਾਰ ਮਹਾਨ ਕੋਸ਼, ਦਿੱਲੀ, 1990
2. ਦਿਲਗੀਰ, ਹਰਜਿੰਦਰ ਸਿੰਘ, ਡਾ.- ਸਿੱਖ ਰੈਫਰੈਂਸ ਬੁੱਕ, ਕੈਨੇਡਾ, 1997

## ਸਿਉਕੇ

ਪਾਕਿਸਤਾਨ ਦੇ ਜ਼ਿਲ੍ਹਾ ਸਿਆਲਕੋਟ ਅਤੇ ਤਹਿਸੀਲ ਡਸਕਾ ਦਾ ਇਕ ਪਿੰਡ ਸਿਉਕੇ ਹੈ। ਇਹ ਪਿੰਡ ਡਸਕੇ ਪਿੰਡ ਤੋਂ 10 ਕਿਲੋਮੀਟਰ ਦੂਰ ਹੈ। ਡਸਕੇ ਤੋਂ ਵੈਗਨਾਂ ਚੱਲਦੀਆਂ ਹਨ ਜੋ ਜੇਸਰਵਾਲਾ ਤੋਂ ਹੁੰਦੀਆਂ ਹੋਈਆਂ ਇਸ ਪਿੰਡ ਅੱਪੜਦੀਆਂ ਹਨ। ਇਸ ਪਿੰਡ ਵਿੱਚੋਂ ਹੀ ਪਸਰੂਰ ਸੜਕ ਗੁਜ਼ਰਦੀ ਹੈ। ਗੁਰੂ ਨਾਨਕ ਸਾਹਿਬ ਨੇ ਸਿਉਕੇ ਪਿੰਡ ਨੂੰ ਆਪਣੇ ਮੁਬਾਰਕ ਕਦਮਾਂ ਨਾਲ ਪਵਿੱਤਰ ਕੀਤਾ ਹੈ। ਇਥੇ ਗੁਰ-ਦੁਆਰਾ ਛੋਟਾ ਨਾਨਕਿਆਣਾ ਕਰਕੇ ਪ੍ਰਸਿੱਧ ਹੈ। ਗੁਰੂ ਸਾਹਿਬ ਪੂਰੇ ਨਾਮੀਂ ਸਿੱਖ ਦਾ ਪ੍ਰੇਮ ਵੇਖ ਕੇ ਪਸਰੂਰ ਤੋਂ ਏਮਨਾਬਾਦ ਜਾਂਦੇ ਹੋਏ ਕੁਝ ਸਮੇਂ ਲਈ ਇਥੇ ਠਹਿਰੇ ਸਨ। ਪਿੰਡ ਵੱਲੋਂ ਗੁਰਦੁਆਰਾ ਨਾਲ 16 ਏਕੜ ਜ਼ਮੀਨ ਹੈ। 25-26 ਹਾੜ ਨੂੰ ਭਾਰੀ ਜੋੜ-ਮੇਲਾ ਹੁੰਦਾ ਸੀ। ਜਦੋਂ ਗੁਰੂ ਸਾਹਿਬ ਇਸ ਪਿੰਡ ਆਏ ਸਨ ਉਸ ਸਮੇਂ ਪਿੰਡ ਦਾ ਨਾਂ ਭਾਰੋਵਾਲ ਸੀ। ਗੁਰੂ ਸਾਹਿਬ ਪਿੰਡ ਤੋਂ ਬਾਹਰ ਬੇਰੀਆਂ ਦੇ ਝੁੰਡ ਕੋਲ ਠਹਿਰੇ ਸਨ ਜੋ ਹੁਣ ਵੀ ਮੌਜੂਦ ਹੈ। ਹੁਣ ਬੇਰੀਆਂ ਦੇ ਝੁੰਡ ਕੋਲ ਮੁਸਲਮਾਨਾਂ ਨੇ ਕਬਰਸਤਾਨ ਬਣਾ ਦਿੱਤਾ ਹੈ। ਇਸ ਦੇ ਲਾਗੇ ਗੁਰੂ ਸਾਹਿਬ ਦਾ ਇਤਿਹਾਸਕ ਯਾਦਗਾਰੀ ਅਸਥਾਨ ਸੀ, ਜੋ ਹੁਣ ਅਲੋਪ ਹੋ ਚੁੱਕਿਆ ਹੈ। ਉਸ ਥਾਂ 4 ਮਈ 1997 ਨੂੰ ਕੇਵਲ ਸੂਰਜਮੁਖੀ ਫੁੱਲਾਂ ਦਾ ਖੇਤ ਹੀ ਨਜ਼ਰੀਂ ਪੈਂਦਾ ਸੀ।

**ਪੁਸਤਕ ਸੂਚੀ:-**

1. ਇਕਬਾਲ ਕੇਸਰ- ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998



## ਸਿਆਹੜ

ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਵਿੱਚ ਪਿੰਡ ਸਿਆਹੜ ਆਉਂਦਾ ਹੈ ਜੋ ਮੰਡੀ ਅਹਿਮਦਗੜ੍ਹ ਤੋਂ 14 ਕਿਲੋਮੀਟਰ ਦੱਖਣ-ਪੂਰਬ ਵੱਲ ਹੈ। ਮੰਡੀ ਅਹਿਮਦਗੜ੍ਹ ਦਾ ਅਕਸ਼ਾਂਸ਼ 300-42 ਅਤੇ ਰੇਖਾਂਸ਼ ਦੇਸ਼ਾਂਤਰ 750-51 ਹੈ। ਇਸ ਪਿੰਡ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦਾ ਇਤਿਹਾਸਕ ਗੁਰਦੁਆਰਾ ਗੁਰੂਸਰ ਪਾਤਸ਼ਾਹੀ ਛੇਵੀਂ ਸੁਸ਼ੋਭਿਤ ਹੈ। ਗੁਰੂ ਹਰਿਗੋਬਿੰਦ ਸਾਹਿਬ ਪਿੰਡ ਰਾੜਾ ਤੋਂ ਜਗੀਰਾਂ ਜਾਣ ਸਮੇਂ ਅਚਾਨਕ ਗੁਰੂ ਸਾਹਿਬ ਦਾ ਘੋੜਾ ਸਖ਼ਤ ਬੀਮਾਰ ਹੋ ਗਿਆ, ਜਿਸ ਕਾਰਨ ਗੁਰੂ ਸਾਹਿਬ ਨੂੰ ਆਪਣੇ ਸਫ਼ਰ ਦੌਰਾਨ ਨੇੜਲੇ ਪਿੰਡ ਵਿੱਚ ਠਹਿਰਨਾ ਪਿਆ। ਘੋੜਾ ਕੁਝ ਸਮੇਂ ਬਾਅਦ ਮਰ ਗਿਆ। ਗੁਰੂ ਸਾਹਿਬ ਨੇ ਘੋੜੇ ਨੂੰ ਕੀਮਤੀ ਕਫ਼ਨ ਵਿੱਚ ਵਲੇਟ ਕੇ ਦਫ਼ਨ ਕੀਤਾ।

ਮੁਕਾਮੀ ਰਿਵਾਇਤ ਅਨੁਸਾਰ ਦੋ ਲਾਲਚੀ ਨਿਵਾਸੀ ਜੋ ਸਿਆਹੜ ਪਿੰਡ ਦੇ ਹੀ ਰਹਿਣ ਵਾਲੇ ਸਨ, ਨੇ ਅੱਖੀਂ ਵੇਖਿਆ ਸੀ ਕਿ ਗੁਰੂ ਸਾਹਿਬ ਨੇ ਘੋੜੇ ਨੂੰ ਦਫ਼ਨ ਕਰਨ ਸਮੇਂ ਕੀਮਤੀ ਕਫ਼ਨ ਨਾਲ ਵਲੇਟਿਆ ਸੀ। ਇਨ੍ਹਾਂ ਲਾਲਚੀ ਬੰਦਿਆਂ ਨੇ ਕੀਮਤੀ ਕਫ਼ਨ ਕਬਰ ਵਿੱਚੋਂ ਕੱਢ ਕੇ ਵੇਚ ਦਿੱਤਾ। ਪਿੰਡ ਵਾਲਿਆਂ ਬਾਅਦ ਵਿੱਚ ਘੋੜੇ ਦੀ ਕਬਰ ਉੱਤੇ ਸਮਾਧ ਬਣਾ ਦਿੱਤੀ, ਸਤਿਕਾਰ ਵਜੋਂ। ਜਿਸ ਥਾਂ ਗੁਰੂ ਹਰਿਗੋਬਿੰਦ ਸਾਹਿਬ ਬੈਠੇ ਸਨ ਉਥੇ ਬੜ੍ਹਾ ਸਾਹਿਬ ਕਾਇਮ ਕੀਤਾ ਗਿਆ।

ਸਮੇਂ ਦੇ ਗੁਜ਼ਰਨ ਬਾਅਦ ਇਸ ਬੜ੍ਹੇ 'ਤੇ ਸਾਧਾਰਨ ਜਿਹਾ ਕਮਰਾ ਤਾਮੀਰ ਕੀਤਾ ਗਿਆ ਜਿਸ ਦੀ ਦੇਖ-ਭਾਲ ਸਾਧੂ ਕਰਦੇ ਸਨ। 1918 ਵਿੱਚ ਭਾਈ ਟਹਿਲ ਸਿੰਘ ਨੇ ਇਸੇ ਥਾਂ ਗੁਰਦੁਆਰਾ ਬਣਾਇਆ। ਮੁਰੱਬਾ ਪ੍ਰਕਾਸ਼ ਅਸਥਾਨ ਗੁੰਬਦਨੁਮਾ ਹੈ ਅਤੇ ਨਾਲ ਹੀ ਇਕ ਹਾਲ ਦਾ ਵਿਸਥਾਰ ਕੀਤਾ ਗਿਆ ਹੈ ਅਤੇ ਇਕ ਛੋਟਾ ਜਿਹਾ ਸਰੋਵਰ ਵੀ ਬਣਾਇਆ ਗਿਆ ਹੈ। ਇਹ ਗੁਰ-ਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਲ ਸੰਬੰਧਿਤ ਹੈ ਅਤੇ ਪ੍ਰਬੰਧ ਨਾਮਜ਼ਦ ਕਮੇਟੀ ਕਰਦੀ ਹੈ। ਇਹ ਗੁਰ-ਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਪ੍ਰਮੁੱਖ ਸਿੱਖ ਗੁਰਪੁਰਬਾਂ ਤੋਂ ਛੁੱਟ ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਦਿਨ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ।

**ਪੁਸਤਕ ਸੂਚੀ:-**

1. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਚੌਥੀ, ਪਟਿਆਲਾ, 1998
2. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਾਰ ਮਹਾਨ ਕੋਸ਼, ਦਿੱਲੀ, 1990
3. ਗੁਰਮੁਖ ਸਿੰਘ- ਹਿਸਟਾਰੀਕਲ ਸਿੱਖ ਸ਼ਰਾਇਨਜ਼, ਅੰਮ੍ਰਿਤਸਰ, 1995

## ਸਿਆਣਾ ਸੈਯਦਾਂ

ਹਰਿਆਣਾ ਰਿਆਸਤ ਦੇ ਜ਼ਿਲ੍ਹਾ ਕੁਰੂਕਸ਼ੇਤਰ ਵਿੱਚ ਪਿੰਡ ਸਿਆਣਾ ਸੈਯਦਾਂ ਆਉਂਦਾ ਹੈ। ਇਹ ਪਿਹੋਵਾ ਤੋਂ 5 ਕਿਲੋਮੀਟਰ ਦੂਰ ਹੈ। ਪਿਹੋਵਾ ਦਾ ਅਕਸ਼ਾਂਸ਼ 290-59 ਅਤੇ 760-35 ਹੈ। ਸਿਆਣਾ ਸੈਯਦਾਂ ਸਈਦ ਭੀਖਣ ਸ਼ਾਹ (ਸ਼ਾਹ ਭੀਖ) ਇਕ ਮੁਸਲਮਾਨ ਫ਼ਕੀਰ ਦੀ ਜਨਮ ਭੂਮੀ ਹੈ ਜੋ ਰੂਹਾਨੀ ਅਲਹਾਮ ਕਾਰਨ 1670 ਨੂੰ ਬਾਲ ਗੋਬਿੰਦ (ਸਿੰਘ) ਨੂੰ ਸਿਜਦਾ ਦੇਣ ਲਈ ਲਖਨੌਰ ਪੁੱਜਾ। ਇਸ ਪਿੰਡ ਵਿੱਚ ਦੋ ਇਤਿਹਾਸਕ ਗੁਰਦੁਆਰੇ ਹਨ।

**(ੳ) ਗੁਰਦੁਆਰਾ ਦਮਦਮਾ ਸਾਹਿਬ :**

**ਪੰਜਾਬ ਟਾਈਮਜ਼ ਦਾ ਵੱਟ'ਸ ਐਪ ਨੰਬਰ**

**ਸਾਡੇ ਜਿਹੜੇ ਗਾਹਕ ਅਤੇ ਸ਼ੁੱਭ ਚਿੰਤਕ ਤੇ ਖ਼ਬਰਾਂ/ਤਸਵੀਰਾਂ ਭੇਜਣ ਵਾਲੇ ਈਮੇਲ ਦੀ ਵਰਤੋਂ ਘੱਟ ਕਰਦੇ ਹਨ, ਤੇ ਉਹ ਵੱਟ'ਸ ਐਪ ਆਸਾਨੀ ਨਾਲ ਵਰਤ ਲੈਂਦੇ ਹਨ, ਉਹਨਾਂ ਵਾਸਤੇ ਪੰਜਾਬ ਟਾਈਮਜ਼ ਦਾ ਇਹ ਵਿਸ਼ੇਸ਼ ਨੰਬਰ ਜਾਰੀ ਕੀਤਾ ਗਿਆ ਹੈ। ਤੁਸੀਂ ਇਸ ਨੰਬਰ ਤੇ ਖ਼ਬਰ/ਤਸਵੀਰ ਜਾਂ ਹੋਰ ਕੋਈ ਜਾਣਕਾਰੀ ਭੇਜ ਸਕਦੇ ਹੋ :**

**07966 388 388**

ਗੁਰੂ ਗੋਬਿੰਦ ਸਿੰਘ ਸਾਹਿਬ ਜਦੋਂ ਕੁਰੂਕਸ਼ੇਤਰ ਅਤੇ ਪਿਹੋਵਾ ਪੁੱਜੇ, 1702 ਵਿੱਚ ਤਾਂ ਉਨ੍ਹਾਂ ਇਸ ਬਜ਼ੁਰਗ ਨੂੰ ਯਾਦ ਕੀਤਾ। ਗੁਰੂ ਸਾਹਿਬ ਇਸ ਪਿੰਡ ਵਿੱਚ ਇਕ ਰਾਤ ਠਹਿਰੇ। ਜਿਥੇ ਗੁਰੂ ਸਾਹਿਬ ਨੇ ਡੇਰੇ ਲਾਏ ਸਨ, ਉਥੇ ਹੁਣ ਗੁਰਦੁਆਰਾ ਦਮਦਮਾ ਸਾਹਿਬ ਬਣਿਆ ਹੈ। ਅਜੋਕੀ ਇਮਾਰਤ 1960 ਵਿੱਚ ਸੰਤ ਜੀਵਨ ਸਿੰਘ ਦੀ ਨਿਗਰਾਨੀ ਹੇਠ ਬਣੀ ਹੈ। ਚਾਰ ਦੀਵਾਰੀ ਅਹਾਤੇ ਅੰਦਰ, ਇਕ ਹਾਲ ਅਤੇ ਪ੍ਰਕਾਸ਼ ਅਸਥਾਨ ਦਾ ਬੜ੍ਹਾ ਬਣਿਆ ਹੈ, ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਇਥੇ ਗੁਰੂ ਸਾਹਿਬ ਦੀਆਂ ਵਜ਼ਨਦਾਰ ਤੀਰਾਂ ਦੀਆਂ ਮੁਖੀਆਂ ਵੀ ਦਰਸ਼ਨ ਲਈ ਰੱਖੀਆਂ ਹਨ। ਹਾਲ ਅੰਦਰ ਸੰਗਮਰਮਰ ਦੀਆਂ ਟਾਇਲਾਂ ਅਤੇ ਸਾਰਾ ਅਹਾਤਾ ਅਤੇ ਫਰਸ਼ ਵੀ ਸੰਗਮਰਮਰ ਨਾਲ ਸਜਿਆ ਹੋਇਆ ਹੈ। ਕੰਵਲ ਗੁੰਬਦਨੁਮਾ ਦੂਰੋਂ ਨਜ਼ਰੀਂ ਪੈਂਦੇ ਹਨ। ਨਿਸ਼ਾਨ ਸਾਹਿਬ ਦੇ ਉਪਰ ਖੰਡੇ ਨੂੰ ਸੋਨੇ ਦੀ ਪਾਣ ਚੜ੍ਹੀ ਹੋਈ ਹੈ। ਦੂਸਰੇ ਦੀਵਾਰੀ ਅਹਾਤੇ ਅੰਦਰ ਗ੍ਰੰਥੀ ਸਿੰਘ ਦੀ ਰਿਹਾਇਸ਼ ਅਤੇ ਗੁਰੂ ਕਾ ਲੰਗਰ ਹੈ। ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਨਾਮਜ਼ਦ ਕਮੇਟੀ ਕਰਦੀ ਹੈ, ਜੋ ਗੁਰਦੁਆਰਾ ਬਾਉਲੀ ਸਾਹਿਬ ਪਿਹੋਵਾ ਦਾ ਪ੍ਰਬੰਧ ਵੀ ਕਰਦੀ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

**(ਅ) ਗੁਰਦੁਆਰਾ ਜੋੜਾ ਸਾਹਿਬ:**

ਇਹ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਯਾਦ ਵਿੱਚ ਬਣਿਆ ਹੈ। ਇਥੇ ਗੁਰੂ ਸਾਹਿਬ ਦਾ ਮੁਰੀਦ ਭਾਈ ਝੰਡਾ ਦੀ ਵੰਸ਼ ਰਹਿੰਦੀ ਹੈ, ਜੋ ਤਰਖਾਣੀ ਦਾ ਕੰਮ ਕਰਦੇ ਸਨ। ਉਹ ਗੁਰੂ ਸਾਹਿਬ ਨੂੰ ਮਿਲਣ ਆਏ ਅਤੇ ਆਪਣੇ ਘਰ ਸ਼ਰਧਾ ਨਾਲ ਲੈ ਗਏ। ਇਕ ਨੇ ਗੁਰੂ ਸਾਹਿਬ ਨੂੰ ਲੱਕੜੀ ਦੀਆਂ ਖੜ੍ਹਾਵਾਂ ਭੇਟਾ ਕੀਤੀਆਂ। ਗੁਰੂ ਸਾਹਿਬ ਨੇ ਖ਼ੁਸ਼ ਹੋ ਕੇ ਖੜ੍ਹਾਵਾਂ ਸਵੀਕਾਰ ਕੀਤੀਆਂ ਅਤੇ ਆਪਣਾ ਜੋੜਾ ਇਨ੍ਹਾਂ ਨੂੰ ਨਿਸ਼ਾਨੀ ਵਜੋਂ ਦੇ ਦਿੱਤਾ।

ਇਹ ਪਰਿਵਾਰ ਹੁਣ ਸਿਆਣਾ ਸੈਯਦਾਂ ਵਿੱਚ ਨਹੀਂ ਰਹਿੰਦਾ, ਪਰ ਗੁਰੂ ਸਾਹਿਬ ਦਾ ਜੋੜਾ ਜੋ ਲਾਲ ਅਤੇ ਚਿੱਟੇ ਸਿਲਕ ਦੀ ਕਢਾਈ ਨਾਲ ਕੱਢਿਆ ਹੋਇਆ ਹੈ, ਬੜੇ ਸਤਿਕਾਰ ਨਾਲ ਸ਼ੀਸ਼ੇ ਦੇ ਕੇਸ ਵਿੱਚ ਗੁਰਦੁਆਰੇ ਅੰਦਰ ਰੱਖਿਆ ਹੈ। ਇਹ ਛੋਟਾ ਜਿਹਾ ਛੱਤ ਵਾਲਾ ਕਮਰਾ ਹੈ, ਜਿਸ ਵਿੱਚ ਗੁਰੂ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਨਾਮਜ਼ਦ ਕਮੇਟੀ ਗੁਰਦੁਆਰੇ ਦਾ ਪ੍ਰਬੰਧ ਕਰਦੀ ਹੈ। ਇਸ ਨਗਰ ਗੁਰੂ ਤੇਗ ਬਹਾਦਰ ਸਾਹਿਬ ਵੀ ਆਏ ਸਨ।

ਪੁਸਤਕ ਸੂਚੀ:-

1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
2. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਚੌਥੀ, ਪਟਿਆਲਾ, 1998

ਬਾਕੀ ਅਗਲੇ ਹਫ਼ਤੇ ਪੜ੍ਹੋ

# ਬ੍ਰਿਟੇਨ 'ਤੇ ਕਿਉਂ ਛਾਇਆ ਨਵਾਂ ਆਰਥਿਕ ਸੰਕਟ ?

## ✪ 2025 ਵਿੱਚ 16,500 ਤੋਂ ਵੱਧ ਕਰੋੜਪਤੀਆਂ ਨੇ ਕਿਉਂ ਛੱਡਿਆ ਦੇਸ਼ ?

ਲੰਡਨ-ਬ੍ਰਿਟੇਨ ਨੂੰ ਅੱਜਕੱਲ੍ਹ ਇੱਕ ਵੱਡੇ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਸੰਕਟ ਕਿਸੇ ਯੁੱਧ ਜਾਂ ਕੁਦਰਤੀ ਆਫ਼ਤ ਨਾਲ ਨਹੀਂ, ਸਗੋਂ ਦੇਸ਼ ਦੇ ਅਮੀਰ ਲੋਕਾਂ ਵੱਲੋਂ ਵੱਡੀ ਗਿਣਤੀ ਵਿੱਚ ਬਾਹਰ ਜਾਣ ਨਾਲ ਜੁੜਿਆ ਹੋਇਆ ਹੈ। ਇੱਕ ਤਾਜ਼ਾ ਰਿਪੋਰਟ ਮੁਤਾਬਕ, ਸਾਲ 2025 ਵਿੱਚ ਬ੍ਰਿਟੇਨ ਤੋਂ ਲਗਭਗ 16,500 ਕਰੋੜਪਤੀਆਂ ਨੇ ਦੇਸ਼ ਛੱਡ ਦਿੱਤਾ। ਇਹ ਅੰਕੜਾ ਪਿਛਲੇ 10 ਸਾਲਾਂ ਵਿੱਚ ਕਿਸੇ ਵੀ ਦੇਸ਼ ਤੋਂ ਅਮੀਰਾਂ ਦੇ ਬਾਹਰ ਜਾਣ ਦਾ ਸਭ ਤੋਂ ਵੱਡਾ ਰਿਕਾਰਡ ਹੈ।

ਇਹ ਰਿਪੋਰਟ ਹੈਨਲੇ ਐਂਡ ਪਾਰਟਨਰਜ਼ ਅਤੇ ਨਿਊ ਵਰਲਡ ਵੈਲਥ ਨੇ ਜਾਰੀ ਕੀਤੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਕਰੋੜਪਤੀਆਂ ਨਾਲ ਜੁੜੀ ਨਿਵੇਸ਼ਯੋਗ ਸੰਪਤੀ ਲਗਭਗ 92 ਬਿਲੀਅਨ ਅਮਰੀਕੀ ਡਾਲਰ ਬ੍ਰਿਟੇਨ ਤੋਂ ਬਾਹਰ ਚਲਾ ਗਿਆ। ਇਹ ਨੁਕਸਾਨ ਸਿਰਫ਼ ਪੈਸੇ ਦਾ ਨਹੀਂ, ਬਲਕਿ ਦੇਸ਼ ਦੀ ਆਰਥਿਕ ਤਾਕਤ, ਪ੍ਰਗਤੀ ਅਤੇ ਕਾਰੋਬਾਰੀ ਵਾਤਾਵਰਣ ਲਈ ਵੀ ਬਹੁਤ ਵੱਡਾ ਝਟਕਾ ਹੈ।ਆਰਥਿਕ ਮਾਹਿਰਾਂ ਅਨੁਸਾਰ, ਬ੍ਰਿਟੇਨ ਵਿੱਚ ਅਮੀਰਾਂ ਉੱਤੇ ਲੱਗੇ ਉੱਚ ਟੈਕਸ ਦਰਾਂ ਅਤੇ ਟੈਕਸ ਨਿਯਮਾਂ ਵਿੱਚ ਵੱਡੀ ਤਬਦੀਲੀ ਨੇ ਇਸ ਸਥਿਤੀ ਨੂੰ ਜਨਮ ਦਿੱਤਾ ਹੈ। ਖਾਸ ਤੌਰ 'ਤੇ



'ਨਾਨ-ਡੋਮ' (ਨਾਨ-ਡੋਮਿਸਾਈਲਡ) ਟੈਕਸ ਪ੍ਰਣਾਲੀ ਨੂੰ ਖਤਮ ਕਰਨਾ ਸਭ ਤੋਂ ਵੱਡਾ ਕਾਰਨ ਰਿਹਾ। ਇਹ ਪੁਰਾਣੀ ਵਿਵਸਥਾ 200 ਸਾਲ ਪੁਰਾਣੀ ਸੀ, ਜਿਸ ਵਿੱਚ ਵਿਦੇਸ਼ੀ ਮੂਲ ਦੇ ਅਮੀਰ ਲੋਕ ਬ੍ਰਿਟੇਨ ਵਿੱਚ ਰਹਿੰਦੇ ਹੋਏ ਵੀ ਆਪਣੀ ਵਿਦੇਸ਼ੀ ਕਮਾਈ ਅਤੇ ਜਾਇਦਾਦ ਉੱਤੇ ਟੈਕਸ ਤੋਂ ਬਚ ਸਕਦੇ ਸਨ, ਜੇਕਰ ਉਹ ਉਸ ਪੈਸੇ ਨੂੰ ਬ੍ਰਿਟੇਨ ਵਿੱਚ ਨਾ ਲਿਆਉਂਦੇ। ਪਰ ਅਪ੍ਰੈਲ 2025 ਤੋਂ ਇਸ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਗਿਆ। ਹੁਣ ਲੰਬੇ ਸਮੇਂ ਤੱਕ ਬ੍ਰਿਟੇਨ ਵਿੱਚ ਰਹਿਣ ਵਾਲੇ ਸਾਰੇ ਲੋਕਾਂ ਨੂੰ ਆਪਣੀ ਵਿਸ਼ਵ ਭਰ ਦੀ ਕਮਾਈ ਅਤੇ ਜਾਇਦਾਦ ਉੱਤੇ ਟੈਕਸ ਦੇਣਾ ਪੈਂਦਾ ਹੈ। ਇਸ ਤੋਂ ਇਲਾਵਾ, ਵਿਰਾਸਤ ਟੈਕਸ (ਇਨਹੈਰੀਟੈਂਸ ਟੈਕਸ) ਵੀ ਵਿਦੇਸ਼ੀ ਜਾਇਦਾਦ ਉੱਤੇ ਲੱਗਣ ਲੱਗ ਪਿਆ ਹੈ।

ਇਸ ਤਬਦੀਲੀ ਨਾਲ ਬਹੁਤ ਸਾਰੇ ਅਮੀਰ ਲੋਕਾਂ ਨੂੰ ਲੱਗਾ ਕਿ ਬ੍ਰਿਟੇਨ ਹੁਣ ਉਨ੍ਹਾਂ ਲਈ ਫਾਇਦੇਮੰਦ ਨਹੀਂ ਰਿਹਾ। ਉੱਚ ਆਮਦਨੀ ਵਾਲੇ ਲੋਕਾਂ ਉੱਤੇ 45% ਤੱਕ ਦਾ ਟੈਕਸ, ਆਰਥਿਕ ਅਨਿਸ਼ਚਿਤਤਾ, ਬ੍ਰੈਕਸਿਟ ਦੇ ਬਾਅਦ ਵਪਾਰਕ ਮੁਸ਼ਕਲਾਂ ਅਤੇ ਸਟਾਕ ਮਾਰਕੀਟ ਦੀ ਮੰਦੀ ਨੇ ਵੀ ਉਨ੍ਹਾਂ ਨੂੰ ਦੇਸ਼ ਛੱਡਣ ਲਈ ਮਜਬੂਰ ਕੀਤਾ।

### ਕਿੱਥੇ ਜਾ ਰਹੇ ਨੇ ਇਹ ਅਮੀਰ ਲੋਕ ?

ਜ਼ਿਆਦਾਤਰ ਕਰੋੜਪਤੀ ਹੁਣ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.), ਖਾਸ ਕਰਕੇ ਦੁਬਈ ਵੱਲ ਜਾ ਰਹੇ ਹਨ, ਜਿੱਥੇ ਕੋਈ ਵਿਅਕਤੀਗਤ ਆਮਦਨੀ ਟੈਕਸ ਨਹੀਂ ਲੱਗਦਾ ਅਤੇ ਜੀਵਨ ਸ਼ੈਲੀ ਬਹੁਤ ਸ਼ਾਨਦਾਰ ਹੈ। ਇਸ ਤੋਂ ਇਲਾਵਾ ਅਮਰੀਕਾ, ਇਟਲੀ, ਪੁਰਤਗਾਲ, ਸਵਿਟਜ਼ਰਲੈਂਡ ਅਤੇ ਸਿੰਗਾਪੁਰ ਵੀ ਪ੍ਰਸਿੱਧ ਟਿਕਾਣੇ ਬਣ ਰਹੇ ਹਨ। ਇਹ ਦੇਸ਼ ਘੱਟ ਟੈਕਸ, ਵਧੀਆ ਜੀਵਨ ਸ਼ੈਲੀ ਅਤੇ ਕਾਰੋਬਾਰ ਲਈ ਵਧੀਆ ਮੌਕੇ ਦਿੰਦੇ ਹਨ। ਯੂ.ਏ.ਈ. ਵਿੱਚ 2025 ਵਿੱਚ ਲਗਭਗ 9,800 ਨਵੇਂ ਕਰੋੜਪਤੀ ਆਏ।

ਤੁਲਨਾ ਲਈ ਦੇਖੀਏ ਤਾਂ ਚੀਨ ਤੋਂ 7,800 ਅਤੇ ਭਾਰਤ ਤੋਂ 3,500 ਅਮੀਰਾਂ ਦੇ ਬਾਹਰ ਜਾਣ ਦਾ ਅੰਦਾਜ਼ਾ ਹੈ, ਜੋ ਬ੍ਰਿਟੇਨ ਨਾਲੋਂ ਬਹੁਤ ਘੱਟ ਹੈ। ਇਸ ਤਰ੍ਹਾਂ ਬ੍ਰਿਟੇਨ ਇੱਕ ਅਜਿਹਾ ਦੇਸ਼ ਬਣ ਗਿਆ ਹੈ ਜਿੱਥੇ ਅਮੀਰ ਲੋਕ ਆਪਣੇ ਪੈਸੇ ਅਤੇ ਟੈਲੈਂਟ ਨਾਲ ਬਾਹਰ ਜਾ ਰਹੇ ਹਨ।

### ਇਸ ਨਾਲ ਕੀ ਨੁਕਸਾਨ ਹੋ ਰਿਹਾ ਹੈ ?

ਇਹ ਸਿਰਫ਼ ਪੈਸਾ ਨਹੀਂ, ਬਲਕਿ ਨੌਕਰੀਆਂ, ਨਵੇਂ ਕਾਰੋਬਾਰ ਅਤੇ ਟੈਕਨਾਲੋਜੀ ਵਿੱਚ ਨਵੀਨਤਾ ਵੀ ਗੁਆ ਰਿਹਾ ਹੈ। ਬਹੁਤ ਸਾਰੇ ਬੈਂਕਰ, ਟੈਕ ਐਂਟਰਪ੍ਰੇਨਿਊਰ ਅਤੇ ਵਪਾਰੀ ਬਾਹਰ ਜਾ ਰਹੇ ਹਨ। ਮਾਹਿਰ ਚੇਤਾਵਨੀ ਦੇ ਰਹੇ ਹਨ ਕਿ ਜੇਕਰ ਸਰਕਾਰ ਨੇ ਟੈਕਸ ਨੀਤੀਆਂ ਵਿੱਚ ਬਦਲਾਅ ਨਾ ਕੀਤਾ ਅਤੇ ਅਮੀਰਾਂ ਨੂੰ ਰੋਕਣ ਲਈ ਆਕਰਸ਼ਕ ਪ੍ਰੋਗਰਾਮ ਨਾ ਬਣਾਏ, ਤਾਂ ਇਹ ਸੰਕਟ ਲੰਬੇ ਸਮੇਂ ਤੱਕ ਬ੍ਰਿਟੇਨ ਦੀ ਆਰਥਿਕ ਵਿਕਾਸ ਨੂੰ ਰੋਕ ਸਕਦਾ ਹੈ।

ਕੁਝ ਮਾਹਿਰ ਇਸ ਅੰਕੜੇ ਨੂੰ ਥੋੜ੍ਹਾ ਵੱਧ ਚੜ੍ਹਾ ਕੇ ਦੱਸਿਆ ਜਾਂਦਾ ਵੀ ਮੰਨਦੇ ਹਨ, ਪਰ ਇਹ ਸੱਚ ਹੈ ਕਿ ਬ੍ਰਿਟੇਨ ਦੀ ਪੁਰਾਣੀ ਚਮਕ ਹੁਣ ਘੱਟ ਰਹੀ ਹੈ ਅਤੇ ਅਮੀਰ ਵਰਗ ਹੁਣ ਹੋਰ ਦੇਸ਼ਾਂ ਵੱਲ ਰੁਖ਼ ਕਰ ਰਿਹਾ ਹੈ। ਸਵਾਲ ਇਹ ਹੈ ਕਿ ਕੀ ਬ੍ਰਿਟੇਨ ਆਪਣੀ ਪੁਰਾਣੀ ਸ਼ਾਨ ਵਾਪਸ ਲਿਆ ਸਕੇਗਾ ?

# ਕੈਨੇਡਾ ਸਰਕਾਰ ਵਲੋਂ ਆਪਣੇ ਇਮੀਗ੍ਰੇਸ਼ਨ ਨਿਯਮਾਂ ਵਿੱਚ ਵੱਡਾ ਬਦਲਾਅ

## ✪ ਮਾਪਿਆਂ ਅਤੇ ਦਾਦਾ-ਦਾਦੀ ਲਈ ਪੱਕੇ ਨਿਵਾਸ (ਪੀਆਰ) ਵੀਜ਼ਾ 'ਤੇ ਅਸਥਾਈ ਰੋਕ

ਓਟਾਵਾ-ਕੈਨੇਡਾ ਸਰਕਾਰ ਨੇ ਆਪਣੇ ਇਮੀਗ੍ਰੇਸ਼ਨ ਨਿਯਮਾਂ ਵਿੱਚ ਵੱਡਾ ਬਦਲਾਅ ਕੀਤਾ ਹੈ। ਇਸ ਨਾਲ ਬਜ਼ੁਰਗਾਂ ਯਾਨੀ ਮਾਪਿਆਂ ਅਤੇ ਦਾਦਾ-ਦਾਦੀ ਲਈ ਪੱਕੇ ਨਿਵਾਸ (ਪੀਆਰ) ਵੀਜ਼ਾ 'ਤੇ ਅਸਥਾਈ ਰੋਕ ਲਾ ਦਿੱਤੀ ਗਈ ਹੈ। ਇਹ ਫੈਸਲਾ ਖਾਸ ਕਰਕੇ ਪੰਜਾਬੀ ਪਰਿਵਾਰਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ, ਜੋ ਆਪਣੇ ਬਜ਼ੁਰਗਾਂ ਨੂੰ ਕੈਨੇਡਾ ਵਿੱਚ ਪੱਕੇ ਤੌਰ 'ਤੇ ਬੁਲਾਉਣਾ ਚਾਹੁੰਦੇ ਹਨ।

ਕੈਨੇਡੀਅਨ ਇਮੀਗ੍ਰੇਸ਼ਨ, ਰੈਫਿਊਜੀ ਤੇ ਸਿਟੀਜ਼ਨਸ਼ਿਪ ਕੈਨੇਡਾ ਨੇ ਇਹ ਰੋਕ ਪੇਰੈਂਟਸ ਐਂਡ ਗ੍ਰੈਂਡਪੇਰੈਂਟਸ ਪ੍ਰੋਗਰਾਮ ਤਹਿਤ ਲਾਈ ਹੈ। ਇਸ ਪ੍ਰੋਗਰਾਮ ਰਾਹੀਂ ਕੈਨੇਡਾ ਵਿੱਚ ਰਹਿੰਦੇ ਲੋਕ ਆਪਣੇ ਮਾਪਿਆਂ ਜਾਂ ਦਾਦਾ-ਦਾਦੀ ਨੂੰ ਪੀਆਰ ਵੀਜ਼ਾ ਦੇ ਸਕਦੇ ਸਨ। ਪਰ ਹੁਣ ਇਹ ਪ੍ਰੋਗਰਾਮ 2026 ਵਿੱਚ ਨਹੀਂ ਖੋਲ੍ਹਿਆ ਜਾ ਰਿਹਾ ਅਤੇ ਰੋਕ ਨੂੰ 2028 ਤੱਕ ਵਧਾ ਦਿੱਤਾ ਗਿਆ ਹੈ। ਇਸ ਦਾ ਮਤਲਬ ਹੈ ਕਿ ਸਿਰਫ਼ ਪੁਰਾਣੀਆਂ ਅਰਜ਼ੀਆਂ 'ਤੇ ਕੰਮ ਹੋ ਰਿਹਾ ਹੈ ਤੇ ਉਹ ਵੀ ਸੀਮਤ ਗਿਣਤੀ ਵਿੱਚ। ਉਦਾਹਰਨ ਵਜੋਂ, 2025 ਵਿੱਚ ਸਿਰਫ਼ 10,000 ਅਰਜ਼ੀਆਂ 'ਤੇ ਕਾਰਵਾਈ ਕੀਤੀ ਜਾ ਰਹੀ ਹੈ।

ਇਹ ਰੋਕ ਕਿਉਂ ਲਾਈ ਗਈ ? -ਕੈਨੇਡਾ ਸਰਕਾਰ ਦਾ ਕਹਿਣਾ ਹੈ ਕਿ ਦੇਸ਼ ਵਿੱਚ ਰਿਹਾਇਸ਼ੀ ਸੰਕਟ ਅਤੇ ਸਿਹਤ ਸਹੂਲਤਾਂ 'ਤੇ ਵੱਧ ਰਹੇ ਬੋਝ ਨੂੰ ਘਟਾਉਣ ਲਈ ਇਹ ਜ਼ਰੂਰੀ ਹੈ। ਕੈਨੇਡਾ ਵਿੱਚ ਇਸ ਵੇਲੇ 65 ਸਾਲ ਤੋਂ ਵੱਧ ਉਮਰ ਦੇ ਲਗਭਗ 81 ਲੱਖ ਲੋਕ ਹਨ। ਹਰ ਸਾਲ ਲਗਭਗ 25,000 ਤੋਂ 30,000 ਬਜ਼ੁਰਗਾਂ ਨੂੰ ਪੀਆਰ ਮਿਲਦੀ ਸੀ, ਜਿਸ ਵਿੱਚ 6,000 ਦੇ ਕਰੀਬ ਪੰਜਾਬੀ ਸਨ। 2024 ਵਿੱਚ ਪੀਜੀਪੀ ਤਹਿਤ 27,330 ਪੀਆਰ ਵੀਜ਼ੇ ਦਿੱਤੇ ਗਏ ਸਨ। ਪਰ ਨਵੇਂ ਆਉਣ ਵਾਲੇ ਬਜ਼ੁਰਗਾਂ ਨੂੰ ਸਿਹਤ ਸੇਵਾਵਾਂ ਅਤੇ ਰਿਹਾਇਸ਼ ਦੀ ਲੋੜ ਪੈਂਦੀ ਹੈ, ਜੋ ਪਹਿਲਾਂ ਹੀ ਸੰਕਟ ਵਿੱਚ ਹੈ। ਸਰਕਾਰ ਨੇ ਕਿਹਾ ਹੈ ਕਿ ਇਹ ਫੈਸਲਾ ਅਸਥਾਈ ਹੈ ਅਤੇ ਇਸ ਨਾਲ ਦੇਸ਼ ਦੇ ਆਰਥਿਕ ਅਤੇ ਸਮਾਜਿਕ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ, ਸਰਕਾਰ ਨੇ 'ਹੋਮ ਕੇਅਰ ਵਰਕਰ' ਪਾਇਲਟ ਪ੍ਰੋਗਰਾਮ ਨੂੰ ਵੀ ਮੁਅੱਤਲ ਕਰ ਦਿੱਤਾ ਹੈ। ਇਹ ਪ੍ਰੋਗਰਾਮ ਦਸੰਬਰ 2025 ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ ਇਸ ਰਾਹੀਂ ਬਜ਼ੁਰਗਾਂ ਜਾਂ ਬੱਚਿਆਂ ਦੀ ਦੇਖਭਾਲ ਲਈ ਲੋਕ ਕੈਨੇਡਾ ਆ ਸਕਦੇ ਸਨ। ਪਰ ਹੁਣ ਇਸ ਨੂੰ ਅਗਲੇ ਨੋਟਿਸ ਤੱਕ ਰੋਕ ਦਿੱਤਾ ਗਿਆ ਹੈ। ਇਸ ਨਾਲ ਉਹ ਪਰਿਵਾਰ ਪ੍ਰਭਾਵਿਤ ਹੋ ਰਹੇ ਹਨ ਜੋ ਬਜ਼ੁਰਗਾਂ ਨੂੰ ਦੇਖਭਾਲ ਦੇ ਨਾਂ 'ਤੇ ਬੁਲਾਉਣਾ ਚਾਹੁੰਦੇ ਸਨ। ਹੁਣ ਸਵਾਲ ਇਹ ਹੈ ਕਿ ਕੀ ਸੀਨੀਅਰ ਨਾਗਰਿਕਾਂ ਦੀ ਕੈਨੇਡਾ ਯਾਤਰਾ 'ਤੇ ਵੀ ਕੋਈ ਪਾਬੰਦੀ ਲੱਗੀ ਹੈ ? ਆਈਆਰਸੀਸੀ ਨੇ ਸਪੱਸ਼ਟ ਕੀਤਾ ਹੈ ਕਿ ਰੋਕ ਸਿਰਫ਼ ਪੀਆਰ ਵੀਜ਼ਾ 'ਤੇ ਹੈ। ਬਜ਼ੁਰਗ ਥੋੜ੍ਹੇ ਸਮੇਂ ਲਈ ਯਾਤਰਾ ਕਰ ਸਕਦੇ ਹਨ। ਉਨ੍ਹਾਂ ਲਈ ਵਿਜ਼ਿਟਰ ਵੀਜ਼ਾ ਜਾਂ ਟੂਰਿਸਟ ਵੀਜ਼ਾ ਵਾਂਗ ਪੁਰਾਣੇ ਨਿਯਮ ਲਾਗੂ ਰਹਿਣਗੇ। ਇਸ ਤੋਂ ਇਲਾਵਾ, ਸੁਪਰ ਵੀਜ਼ਾ ਦਾ ਵਿਕਲਪ ਅਜੇ ਵੀ ਖੁੱਲ੍ਹਾ ਹੈ। ਇਸ ਵੀਜ਼ਾ ਨਾਲ ਬਜ਼ੁਰਗ ਲਗਾਤਾਰ ਪੰਜ ਸਾਲਾਂ ਤੱਕ ਕੈਨੇਡਾ ਵਿੱਚ ਰਹਿ ਸਕਦੇ ਹਨ ਅਤੇ ਇਸ ਨੂੰ ਨਵਿਆਉਣ ਵੀ ਜਾ ਸਕਦਾ ਹੈ। ਪਰ ਇਸ ਵਿੱਚ ਪੀਆਰ ਵਾਂਗ ਕੰਮ ਕਰਨ ਜਾਂ ਸਿਹਤ ਸੇਵਾਵਾਂ ਪ੍ਰਾਪਤ ਕਰਨ ਦੀ ਆਗਿਆ ਨਹੀਂ ਮਿਲਦੀ। ਇਮੀਗ੍ਰੇਸ਼ਨ ਮਾਹਿਰਾਂ ਨੇ ਸਲਾਹ ਦਿੱਤੀ ਹੈ ਕਿ ਜੇਕਰ ਕੋਈ ਆਪਣੇ ਬਜ਼ੁਰਗਾਂ ਨੂੰ ਲਿਆਉਣਾ ਚਾਹੁੰਦਾ ਹੈ ਤਾਂ ਸੁਪਰ ਵੀਜ਼ਾ ਦੀ ਵਰਤੋਂ ਕਰੇ। ਪੰਜਾਬੀ ਪਰਿਵਾਰਾਂ ਵਿੱਚ ਬਜ਼ੁਰਗਾਂ ਨੂੰ ਪੱਕੇ ਤੌਰ 'ਤੇ ਬੁਲਾਉਣ ਦਾ ਰਿਵਾਜ ਬਹੁਤ ਪ੍ਰਚੱਲਿਤ ਹੈ। ਕੈਨੇਡਾ ਵਿੱਚ ਰਹਿੰਦੇ ਬਹੁਤੇ ਪੰਜਾਬੀ ਇਸ ਪ੍ਰੋਗਰਾਮ ਰਾਹੀਂ ਆਪਣੇ ਬਜ਼ੁਰਗਾਂ ਨੂੰ ਬੁਲਾਉਂਦੇ ਸਨ, ਪਰ ਹੁਣ ਉਨ੍ਹਾਂ ਨੂੰ ਨਿਰਾਸ਼ਾ ਹੋ ਰਹੀ ਹੈ।

ਪਿਛਲੇ ਸਾਲਾਂ ਦੇ ਅੰਕੜੇ ਵੇਖੀਏ ਤਾਂ ਸਮੱਸਿਆ ਸਪੱਸ਼ਟ ਹੋ ਜਾਂਦੀ ਹੈ। 2023 ਦੇ ਅੰਤ ਤੱਕ 40,000 ਤੋਂ ਵੱਧ ਅਰਜ਼ੀਆਂ ਪੈਂਡਿੰਗ ਸਨ। ਇਸ ਬੈਕਲਾਗ ਨੂੰ ਸਾਫ਼ ਕਰਨ ਲਈ ਸਰਕਾਰ ਨੇ ਰੋਕ ਲਾਈ ਹੈ। ਇਹ ਪ੍ਰੋਗਰਾਮ ਕੈਨੇਡਾ ਵਿੱਚ ਸਥਾਈ ਨਿਵਾਸੀਆਂ ਨੂੰ ਆਪਣੇ ਪਰਿਵਾਰ ਨਾਲ ਮਿਲਾਉਣ ਲਈ ਬਣਾਇਆ ਗਿਆ ਸੀ। ਸਪਾਂਸਰ ਨੂੰ 20 ਸਾਲਾਂ ਤੱਕ ਵਿੱਤੀ ਸਹਾਇਤਾ ਦੇਣੀ ਪੈਂਦੀ ਹੈ। ਪਰ ਹੁਣ ਸਰਕਾਰ ਆਮ ਇਮੀਗ੍ਰੇਸ਼ਨ ਨੂੰ ਵੀ ਘਟਾ ਰਹੀ ਹੈ। 2026 ਵਿੱਚ ਸਿਰਫ਼ 380,000 ਨਵੇਂ ਪੀਆਰ ਦਿੱਤੇ ਜਾਣਗੇ, ਜੋ ਪਿਛਲੇ ਸਾਲ ਨਾਲੋਂ 4 ਪ੍ਰਤੀਸ਼ਤ ਘੱਟ ਹੈ। ਇਮੀਗ੍ਰੇਸ਼ਨ ਮਾਹਿਰਾਂ ਨੇ ਕਿਹਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਸਪਾਂਸਰਸ਼ਿਪ ਦੀਆਂ ਸ਼ਰਤਾਂ ਹੋਰ ਸਖ਼ਤ ਹੋ ਸਕਦੀਆਂ ਹਨ, ਜਿਵੇਂ ਆਮਦਨ ਦਾ ਸਬੂਤ। ਪੰਜਾਬੀ ਭਾਈਚਾਰੇ ਵਿੱਚ ਇਸ ਫੈਸਲੇ ਨੂੰ ਲੈ ਕੇ ਚਰਚਾ ਗਰਮ ਹੈ। ਬਹੁਤੇ ਲੋਕਾਂ ਨੇ ਕਿਹਾ ਕਿ ਇਹ ਪਰਿਵਾਰਾਂ ਨੂੰ ਵੱਖ ਕਰ ਰਿਹਾ ਹੈ। ਇੱਕ ਮਾਹਿਰ ਨੇ ਕਿਹਾ, "ਸਰਕਾਰ ਨੂੰ ਬੈਕਲਾਗ ਘਟਾਉਣ ਲਈ ਹੋਰ ਤਰੀਕੇ ਅਪਣਾਉਣੇ ਚਾਹੀਦੇ ਹਨ, ਨਾ ਕਿ ਪੂਰੀ ਰੋਕ ਲਾਉਣੀ।" ਪਰ ਸਰਕਾਰ ਦਾ ਕਹਿਣਾ ਹੈ ਕਿ ਇਹ ਅਸਥਾਈ ਹੈ ਅਤੇ ਭਵਿੱਖ ਵਿੱਚ ਨਿਯਮਾਂ ਵਿੱਚ ਸੁਧਾਰ ਕੀਤਾ ਜਾਵੇਗਾ। ਅੰਤ ਵਿੱਚ, ਜੇਕਰ ਤੁਸੀਂ ਆਪਣੇ ਬਜ਼ੁਰਗਾਂ ਨੂੰ ਕੈਨੇਡਾ ਬੁਲਾਉਣਾ ਚਾਹੁੰਦੇ ਹੋ ਤਾਂ ਪੀਆਰ ਦੀ ਬਜਾਏ ਸੁਪਰ ਵੀਜ਼ਾ ਜਾਂ ਵਿਜ਼ਿਟਰ ਵੀਜ਼ਾ ਦੀ ਵਰਤੋਂ ਕਰੋ। ਇਹ ਫੈਸਲਾ ਕੈਨੇਡਾ ਦੇ ਇਮੀਗ੍ਰੇਸ਼ਨ ਸਿਸਟਮ ਨੂੰ ਵਧੇਰੇ ਸੰਤੁਲਿਤ ਬਣਾਉਣ ਲਈ ਹੈ, ਪਰ ਇਸ ਨਾਲ ਪੰਜਾਬੀ ਪਰਿਵਾਰਾਂ ਨੂੰ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਕਾਵਿ-ਕਿਆਰੀ

## ਜ਼ਿੰਦਾ ਲਾਸ਼ਾਂ

ਅਕਸਰ ਦਿਖਾਈ ਦਿੰਦੇ ਨੇ,
ਚਿਹਰੇ ਕੁੱਝ ਉਦਾਸ ਜਿਹੇ,
ਗੁਆਚੇ ਹੋਏ ਇਸ ਦੁਨੀਆ ਵਿੱਚ,
ਹਰ ਤਰਫੋਂ ਹੋਏ ਹਤਾਸ਼ ਜਿਹੇ।

ਚੱਲ ਰਹੇ ਨੇ ਇਸ ਤਰਾਂ,
ਜਿਵੇਂ ਕੋਈ ਵੀ ਮੰਜ਼ਿਲ ਨਾ ਹੋਵੇ,
ਦਿਸ਼ਾ ਹੀਣ ਅਣਜਾਣੇ ਪਾਂਧੀ,
ਇੱਕ ਤੁਰਦੀ ਫਿਰਦੀ ਲਾਸ਼ ਜਿਹੇ।

ਨਜ਼ਰਾਂ ਨੇ ਸੱਧਰਾਂ ਤੋਂ ਖਾਲੀ,
ਜੇਬਾਂ ਨੇ ਛੇਕਾਂ ਦੀਆਂ ਭਰੀਆਂ,
ਲੜਖੜਾਂਦੀਆਂ ਲੱਤਾਂ ਕਮਜ਼ੋਰ,
ਹੱਥ ਮਲਦੇ ਪਸ਼ਚਾਤਾਪ ਜਿਹੇ।

ਪਿਆਰ ਦੀ ਬਾਜ਼ੀ ਹਾਰੇ ਹੋਏ,
ਆਪਣਿਆਂ ਤੋਂ ਦੁਰਕਾਰੇ ਹੋਏ,
ਗਹਿਮਾ ਗਹਿਮੀ ਦੁਨੀਆ ਵਿੱਚ,
ਸੁੰਨਸਾਨ ਉੱਜੜੇ ਜੰਗਲਾਤ ਜਿਹੇ।


ਤਲਬ ਹੈ ਜ਼ਿੰਦਗੀ ਲੱਭਣ ਦੀ,
ਕਿਸੇ ਪਾਸੇ, ਕੰਢੇ ਲੱਗਣ ਦੀ,
ਸ਼ੁਕਦੇ ਭਰ ਦਰਿਆਵਾਂ ਵਿੱਚ,
ਤਿਣਕੇ ਦੀ ਤਲਾਸ਼ ਜਿਹੇ।

ਖਲਾਅ ਵਿੱਚ ਨਜ਼ਰ ਟਿਕੀ ਹੋਈ,
ਜ਼ਮੀਰ ਮੂਲੋਂ ਹੀ ਮਰੀ ਹੋਈ,
ਬੇਰੋਕ ਹੀ ਕੋਸੇ ਹੰਝੂਆਂ ਦੀ,
ਬੇ ਮੌਸਮੀ ਬਰਸਾਤ ਜਿਹੇ।

ਸੁੰਨੀਆਂ ਥਾਵਾਂ ਦੇ ਵਾਸੀ,
ਸ਼ਿੰਗਾਰ ਨੇ ਕਈ ਚੌਰਾਹਿਆਂ ਦੇ,
ਕੋਝੀਆਂ ਨਜ਼ਰਾਂ ਤੋਂ ਬਚਦੇ,
ਤਰਸਦੀ ਹੋਈ ਮੁਲਾਕਾਤ ਜਿਹੇ।

ਧਰਤੀ ’ਤੇ ਨਰਕ ਹੰਢਾਉਂਦੇ ਹੋਏ,
ਹਵਾਈ ਮਹਿਲ ਬਣਾਉਂਦੇ ਹੋਏ,
ਦੜ ਵੱਟ ਜ਼ਮਾਨਾ ਕੱਟਦੇ ਹੋਏ,
ਭਲੇ ਦਿਨਾਂ ਦੀ ਆਸ ਜਿਹੇ।

ਅਕਸਰ ਦਿਖਾਈ ਦਿੰਦੇ ਨੇ,
ਚਿਹਰੇ ਕੁੱਝ ਉਦਾਸ ਜਿਹੇ,
ਗੁਆਚੇ ਹੋਏ ਇਸ ਦੁਨੀਆ ਵਿੱਚ,
ਹਰ ਤਰਫੋਂ ਹੋਏ ਹਤਾਸ਼ ਜਿਹੇ।



ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ (ਯੂ ਕੇ)
* * * * *



## ਧੀਆਂ ਦੀ ਲੋਹੜੀ

ਵਾਰੇ-ਵਾਰੇ ਪੁੱਤਾਂ ਤੋਂ ਵੀ ਜਾਓ, ਬਈ ਪੰਜਾਬੀਓ।
ਧੀਆਂ ਦੀ ਵੀ ਲੋਹੜੀ,ਤੁਸੀਂ ਪਾਓ ਬਈ ਪੰਜਾਬੀਓ॥

ਰੱਜਵਾਂ ਪਿਆਰ ਦਿਓ ਪੁੱਤਾਂ ਨੂੰ ਪਿਆਰਿਓ,
ਧੀਆਂ ਨੂੰ ਵੀ ਸੱਚੇ ਦਿਲੋਂ ਲੋਕੋ ਸਤਿਕਾਰਿਓ,
ਧਿਆਣੀ ਦੇ ਆਗਾਜ਼ ਨੂੰ ਨਾਂ ਕਦੇ ਦੁਰਕਾਰਿਓ,
ਮੱਥੇ ਪਾ ਤਿਊੜੀਆਂ ਨਾਂ ਕਦੇ ਫਿੱਟਕਾਰਿਓ,
ਨਾਤਿਆਂ ‘ਚ ਤੇੜਾਂ ਨਾਂ ਉਏ ਪਾਉ ਬਈ ਪੰਜਾਬੀਓ।
ਧੀਆਂ ਦੀ ਵੀ ਲੋਹੜੀ ਤੁਸੀਂ ਪਾਓ ਬਈ ਪੰਜਾਬੀਓ॥

ਸੱਚੇ-ਸੁੱਚੇ ਨਾਤੇ ਵਿੱਚ,ਨਹੀਂ ਕੋਈ ਕੱਜ ਬਈ,
ਔਰਤ ਦਾ ਗਹਿਣਾ ਹੁੰਦਾ ਸ਼ਰਮ ਤੇ ਲੱਜ ਬਈ,
ਸਲੀਕੇ ਵਿੱਚ ਰਹਿਣ ਦਾ ਹੈ ਇਹਨਾਂ ਕੋਲ ਚੱਜ ਬਈ,
ਰੱਖਦੀਆਂ ਉੱਚੀ ਸਦਾ ਬਾਬਲ ਦੀ ਪੱਗ ਬਈ,
ਬਲਿਹਾਰੇ ਇਹਨਾਂ ਧੀਆਂ ਉੱਤੋਂ ਜਾਓ ਬਈ ਪੰਜਾਬੀਓ।
ਧੀਆਂ ਦੀ ਵੀ ਲੋਹੜੀ ਤੁਸੀਂ ਪਾਓ ਬਈ ਪੰਜਾਬੀਓ॥

ਦੇਵੀ ਦਾ ਸਰੂਪ, ਧੀ ਬੜੀ ਦਾਇਆ ਵਾਨ ਹੈ,
ਧਰਤੀ ਤੇ ਉਤਰਿਆ,ਆਪ ਭਗਵਾਨ ਹੈ,
ਰਿਸ਼ਤਿਆਂ ਦੀ ਖ਼ਾਣ,ਕੋਈ ਰੱਬੀ ਵਰਦਾਨ ਹੈ,
ਔਰਤ ਦਾ ਰੂਪ, “ਉਸ”ਰੱਬ ਤੋਂ ਮਹਾਨ ਹੈ,
ਇਸ,ਰਿਸ਼ਤੇ ਨੂੰ ਸੀਸ ਵੀ ਨਿਵਾਉ ਬਈ ਪੰਜਾਬੀਓ।
ਧੀਆਂ ਦੀ ਵੀ ਲੋਹੜੀ ਤੁਸੀਂ ਪਾਓ ਬਈ ਪੰਜਾਬੀਓ॥

ਜੱਗ-ਜੰਨਣੀ ਦੇ,ਸੱਚ ਸੋਚਿਓ ਵਿਚਾਰਿਓ,
ਧੀਆਂ ਉੱਤੇ ਕਦੇ ਕੋਈ ਕਹਿਰ ਨਾਂ ਗੁਜ਼ਾਰਿਓ,
ਲੋਕੋ ਕਿਸੇ ਧੀ ਨੂੰ ਕਦੇ, ਕੁੱਖ ‘ਚ ਨਾਂ ਮਾਰਿਓ,
ਉਸਾਰੂ ਸੋਚਾਂ ਸੋਚ ਕੇ ਸਮਾਜ ਨੂੰ ਉਸਾਰਿਓ,
ਖ਼ੁਸ਼ੀਆਂ ਹੀ ਧੀ ਦੀ ਝੋਲ਼ੀ ਪਾਓ ਬਈ ਪੰਜਾਬੀਓ।
ਧੀਆਂ ਦੀ ਵੀ ਲੋਹੜੀ ਤੁਸੀਂ ਪਾਓ ਬਈ ਪੰਜਾਬੀਓ॥

ਕਰਕੇ ਪੜ੍ਹਾਈ ਉੱਚੇ ਆਹੁਦਿਆਂ ਨੂੰ ਪਾਉਂਦੀਆਂ,
ਰਾਕਟ,ਜਹਾਜ਼ ਅੱਜ ਔਰਤਾਂ ਉਡਾਓਂਦੀਆਂ,
ਧੀ,ਭੈਣ,ਮਾਂ,ਦੇ ਸਾਰੇ ਫਰਜ਼ ਨਿਭਾਓਂਦੀਆਂ,
ਸਾਰੇ ਪਰਵਾਰ ਦੀ ਇਹ ਸੁਖ ਨੇ ਮਨਾਉਂਦੀਆਂ,
“ਨਛੱਤਰ ਭੋਗਲ” ਵਾਂਗ ਰੁਸ਼ਨਾਓ ਬਈ ਪੰਜਾਬੀਓ।
ਧੀਆਂ ਦੀ ਵੀ ਲੋਹੜੀ ਤੁਸੀਂ ਪਾਓ ਬਈ ਪੰਜਾਬੀਓ॥



ਲੇਖਕ:- ਨਛੱਤਰ ਸਿੰਘ ਭੋਗਲ
“ਭਾਖੜੀਆਣਾ”

* * * * * * *

## ਭਖਦਾ ਰਿਹਾ

ਕਸ਼ਤੀਆਂ ਦਾ ਭਾਰ ਉਂਝ ਚੁੱਕਦਾ ਰਿਹਾ
ਪਰ ਸਮੁੰਦਰ ਅੰਦਰੋਂ ਭਖਦਾ ਰਿਹਾ

ਮੈਂ ਬਣਾਇਆ ਸੀ ਦਿਲੋਂ ਇਹ ਰਾਬਤਾ
ਪਰ ਤੂੰ ਮੇਰਾ ਜਿਸਮ ਹੀ ਤੱਕਦਾ ਰਿਹਾ

ਕਰ ਕਤਲ ਤੂੰ ਆਪਣੇ ‘ਤੇ ਹੁੱਬਦੈਂ
ਪਰ ਮੇਰੀ ਦਰਿਆਦਿਲੀ ਤੋਂ ਮਚਦਾ ਰਿਹਾ

ਰੋਗ ਮੈਨੂੰ ਲਾ ਅਵੱਲਾ ਇਸ਼ਕ ਦਾ
ਕਿਉਂ ਤੂੰ ਮੈਥੋਂ ਦੂਰ ਫਿਰ ਭੱਜਦਾ ਰਿਹਾ

ਮੇਰੀਆਂ ਅੱਖਾਂ ਦੇ ਵਿੱਚ ਤੂੰ ਰੜਕਦੈਂ
ਪਰ ਮੇਰੀ ਧੜਕਨ ਦੇ ਵਿੱਚ ਵੱਸਦਾ ਰਿਹਾ

ਜਿਸਮ ਮੇਰਾ ਰੂਹ ਤੋਂ ਵਾਂਝਾ ਕਰ ਗਿਐ
ਪਰ ਰਗਾਂ ਵਿੱਚ ਦੌੜਦਾ ਭੱਜਦਾ ਰਿਹਾ


ਅੰਦਰੀਂ ਵੜ ਵੜ ਤੂੰ ਭੁੱਬਾਂ ਮਾਰਦੈਂ
ਤੇ ਗਲੀ ਵਿੱਚ ਖਿੜ-ਖਿੜਾ ਹੱਸਦਾ ਰਿਹਾ

ਤਲਖ਼ੀਆਂ ਦੇ ਦੌਰ ਵਿੱਚ ਤੂੰ ਐ ਬਸ਼ਰ
ਸਿਸਕੀਆਂ ਨੂੰ ਰੋਜ਼ ਹੀ ਦੱਬਦਾ ਰਿਹਾ

-ਨੀਰੂ ਜੱਸਲ

✶ ✶ ✶ ✶

## ਸਤਾਈ ਲਈ ਸਤਾਏ ਹੋਏ !



ਤਰਲੋਚਨ ਸਿੰਘ ‘ਦੁਪਾਲ ਪੁਰ’
001-408-905-5517

ਮਸਲੇ ਧਰਮ ਵਾਲੇ ਐਵੇਂ ਨਹੀਂ ਉਠਾਏ ਜਾਂਦੇ
ਵੋਟਾਂ ਰੂਪੀ ਦੁੱਧ ਚੋਣ ਦੀਆਂ ਹੀ ਤਿਆਰੀਆਂ।
ਨਾਗ ਵਾਂਗ ਡੰਗ ਮਾਰਨੇ ਨੂੰ ਕਾਹਲ਼ੇ ਪੈਣ ਲੱਗੇ
ਇੱਕ ਦੂਸਰੇ ਲਈ ਖੋਲ੍ਹ ਰੱਖੀਆਂ ਪਟਾਰੀਆਂ।
ਭੰਡੀ-ਪ੍ਰਚਾਰ ਦੀਆਂ ਹੱਦਾਂ ਹੀ ਨੇ ਟੱਪੀ ਜਾਣ
ਸਿਧਾਂਤ ਜਾਂ ਪ੍ਰੰਪਰਾਵਾਂ ਸਭਨਾ ਵਿਸਾਰੀਆਂ।
ਭਾਈਚਾਰੇ ਵਿਚ ਪਾਟੋਧਾੜੀ ਨੂੰ ਵਧਾਉਣ ਲਈ
ਫੂਕਾਂ ਮਾਰ ਮਾਰ ਕੇ ਮਘਾਉਂਦੇ ਨੇ ਚਿੰਗਾੜੀਆਂ।
'ਧਾਰਮਿਕ ਮੁੱਦੇ' ਛੇੜੇ ਲੱਗਦੇ 'ਘਿਉ' ਦੇ ਵਾਂਗੂੰ
ਲੀਡਰਾਂ ਨੂੰ ਆਉਂਦੀਆਂ ਫੇਰ ਹੁਸ਼ਿਆਰੀਆਂ।
ਸੱਤਾ ਹਥਿਆਣ ਲਈ ਸਤਾਈ ਦੇ ਸਤਾਏ ਹੋਏ
'ਗੋਂਦਾਂ' ਗੁੰਦ ਰਹੇ ਹਨ ਹੁਣੇ ਤੋਂ 'ਨਿਆਰੀਆਂ' !

* * * * *

## ਗਾਇਬ ਸਰੂਪ

**4 ਸਫ਼ੇ ਦੀ ਬਾਕੀ**

ਪਰ ਕੋਈ ਵੱਡੀ ਕਾਰਵਾਈ ਨਹੀਂ ਹੋਈ। ਹੁਣ ਸਿਟ ਨੇ ਜਾਂਚ ਨੂੰ ਤੇਜ਼ ਕੀਤਾ ਹੈ ਅਤੇ ਹੋਰ ਛਾਪੇ ਵੀ ਵਜ ਸਕਦੇ ਹਨ। ਪੰਜਾਬ ਪੁਲਿਸ ਨੇ ਕਿਹਾ ਕਿ ਜਾਂਚ ਨਿਰਪੱਖ ਅਤੇ ਕਾਨੂੰਨੀ ਤਰੀਕੇ ਨਾਲ ਕੀਤੀ ਜਾ ਰਹੀ ਹੈ। ਉਮੀਦ ਹੈ ਕਿ ਜਲਦੀ ਸਾਰੇ 328 ਸਰੂਪ ਲੱਭ ਜਾਣਗੇ ਅਤੇ ਦੋਸ਼ੀਆਂ ਨੂੰ ਸਜ਼ਾ ਮਿਲੇਗੀ।

### ਜਥੇਦਾਰ ਦੀ ਭੂਮਿਕਾ ਅਤੇ ਬਿਆਨ

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਮਾਮਲੇ ਵਿੱਚ ਕਿਹਾ ਕਿ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਸਿਆਸਤ ਬੰਦ ਕੀਤੀ ਜਾਵੇ। ਸ਼੍ਰੋਮਣੀ ਕਮੇਟੀ ਨੂੰ ਸਰਕਾਰ ਨਾਲ ਸਹਿਯੋਗ ਕਰਨਾ ਚਾਹੀਦਾ ਹੈ।

ਜਥੇਦਾਰ ਨੇ ਕਿਹਾ ਕਿ ਇਹ ਭ੍ਰਿਸ਼ਟ ਮੁਲਾਜ਼ਮਾਂ ਵੱਲੋਂ ਪੈਸੇ ਦੇ ਘਪਲੇ ਦਾ ਮਾਮਲਾ ਹੈ ਅਤੇ ਰਿਪੋਰਟ ਵਿੱਚ 16 ਦੋਸ਼ੀਆਂ ਦੇ ਨਾਂ ਸਪੱਸ਼ਟ ਹਨ। ਉਹਨਾਂ ਨੇ ਚੇਤਾਵਨੀ ਦਿੱਤੀ ਕਿ ਕੋਈ ਵੀ ਸਿਆਸੀ ਪਾਰਟੀ ਇਸ ਮਾਮਲੇ ਤੋਂ ਲਾਭ ਉਠਾਉਣ ਦੀ ਕੋਸ਼ਿਸ਼ ਨਾ ਕਰੇ, ਨਹੀਂ ਤਾਂ ਸਖ਼ਤ ਕਾਰਵਾਈ ਹੋਵੇਗੀ। ਇਸ ਬਿਆਨ ਨਾਲ ਸਿੱਖ ਜਥੇਬੰਦੀਆਂ ਵਿੱਚ ਸਹਿਮਤੀ ਵਧੀ ਹੈ ਅਤੇ ਲੋਕਾਂ ਨੇ ਜਥੇਦਾਰ ਦੇ ਫੈਸਲੇ ਦੀ ਸ਼ਲਾਘਾ ਕੀਤੀ ਹੈ। ਪਰ ਕੁਝ ਲੋਕ ਇਸ ਨੂੰ ਸਰਕਾਰ ਵੱਲੋਂ ਦਬਾਅ ਵਜੋਂ ਵੇਖ ਰਹੇ ਹਨ।

### ਮੁੱਖ ਮੰਤਰੀ ਭਗਵੰਤ ਮਾਨ ਅਤੇ ਜਥੇਦਾਰ ਵਿਚਕਾਰ ਬਹਿਸ

ਇਸ ਮਾਮਲੇ ਨਾਲ ਜੁੜ ਕੇ ਇੱਕ ਹੋਰ ਵਿਵਾਦ ਵੀ ਚੱਲ ਰਿਹਾ ਹੈ। ਜਥੇਦਾਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ 15 ਜਨਵਰੀ ਨੂੰ ਅਕਾਲ ਤਖ਼ਤ ਸਕੱਤਰੇਤ ਵਿੱਚ ਪੇਸ਼ ਹੋਣ ਲਈ ਤਲਬ ਕੀਤਾ ਹੈ। ਇਹ ਤਲਬ ਵੱਖ-ਵੱਖ ਮੁੱਦਿਆਂ ਉੱਤੇ ਹੈ, ਜਿਸ ਵਿੱਚ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀਆਂ ਟਿੱਪਣੀਆਂ ਅਤੇ ਕਾਰਵਾਈਆਂ ਸ਼ਾਮਲ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ ਗਾਇਬ ਸਰੂਪਾਂ ਵਾਲਾ ਮਾਮਲਾ ਵੀ ਇਸ ਵਿੱਚ ਸ਼ਾਮਲ ਹੈ। ਪਹਿਲਾਂ ਅਕਾਲ ਤਖ਼ਤ ਵੱਲੋਂ ਕਿਹਾ ਗਿਆ ਸੀ ਕਿ ਮੁੱਖ ਮੰਤਰੀ ਨੂੰ ਸਵੇਰੇ 10 ਵਜੇ ਆਉਣਾ ਹੈ। ਪਰ ਬਾਅਦ ਵਿੱਚ ਸਮਾਂ ਬਦਲ ਕੇ ਸੰਧਿਆ 4:30 ਵਜੇ ਕਰ ਦਿੱਤਾ ਗਿਆ। ਇਸ ਉੱਤੇ ਮੁੱਖ ਮੰਤਰੀ ਨੇ ਟਵੀਟ ਕੀਤਾ ਅਤੇ ਕਿਹਾ ਕਿ ਉਹਨਾਂ ਦਾ 15 ਜਨਵਰੀ ਨੂੰ ਕੋਈ ਹੋਰ ਰੁਝੇਵਾਂ ਨਹੀਂ ਹੈ। ਉਹ ਸਵੇਰੇ 10 ਵਜੇ ਨਿਮਰਤਾ ਨਾਲ ਹਾਜ਼ਰ ਹੋਣ ਲਈ ਤਿਆਰ ਹਨ। ਉਹਨਾਂ ਨੇ ਕਿਹਾ ਕਿ ਸਮਾਂ ਬਦਲਣ ਬਾਰੇ ਕੋਈ ਅਧਿਕਾਰਤ ਪੱਤਰ ਉਹਨਾਂ ਵੱਲੋਂ ਨਹੀਂ ਜਾਰੀ ਕੀਤਾ ਗਿਆ। ਮੁੱਖ ਮੰਤਰੀ ਨੇ ਰਾਸ਼ਟਰਪਤੀ ਦਫ਼ਤਰ ਨੂੰ ਵੀ ਸੂਚਨਾ ਦਿੱਤੀ ਹੈ ਅਤੇ ਕਿਹਾ ਕਿ ਉਹ ਪੂਰਾ ਦਿਨ ਅਕਾਲ ਤਖ਼ਤ ਨੂੰ ਸਮਰਪਿਤ ਕਰਨਗੇ।

### ਬਹਿਬਲ ਕਲਾਂ ਗੋਲੀਕਾਂਡ ਅਤੇ ਪੀੜਤਾਂ ਦੀ ਅਪੀਲ

ਇਸ ਸਭ ਨਾਲ ਜੁੜ ਕੇ ਬਹਿਬਲ ਕਲਾਂ ਗੋਲੀਕਾਂਡ ਵੀ ਚਰਚਾ ਵਿੱਚ ਆ ਗਿਆ ਹੈ। ਇਹ ਘਟਨਾ 2015 ਵਿੱਚ ਫਰੀਦਕੋਟ ਵਿੱਚ ਵਾਪਰੀ ਸੀ। ਉਸ ਵੇਲੇ ਗੁਰੂ ਗ੍ਰੰਥ ਸਾਹਿਬ ਜੀ ਨਾਲ ਬੇਅਦਬੀ ਦੀ ਘਟਨਾ ਵਿੱਚ ਲੋਕ ਵਿਰੋਧ ਪ੍ਰਦਰਸ਼ਨ ਕਰ ਰਹੇ ਸਨ। ਪੁਲਿਸ ਨੇ ਉਹਨਾਂ ਉੱਤੇ ਗੋਲੀਆਂ ਚਲਾਈਆਂ, ਜਿਸ ਵਿੱਚ ਦੋ ਲੋਕ ਮਾਰੇ ਗਏ ਅਤੇ ਕਈ ਜ਼ਖਮੀ ਹੋਏ। ਇਸ ਮਾਮਲੇ ਵਿੱਚ ਅਜੇ ਵੀ ਇਨਸਾਫ਼ ਨਹੀਂ ਮਿਲਿਆ ਹੈ। ਬਹਿਬਲ ਕਲਾਂ ਵਿੱਚ ਮਾਰੇ ਗਏ ਭਗਵਾਨ ਕ੍ਰਿਸ਼ਨ ਸਿੰਘ ਦੇ ਪੁੱਤਰ ਸੁਖਰਾਜ ਸਿੰਘ ਨੇ ਜਥੇਦਾਰ ਨੂੰ ਅਪੀਲ ਕੀਤੀ ਹੈ। ਉਹਨਾਂ ਨੇ ਮੰਗ ਕੀਤੀ ਕਿ ਮੁੱਖ ਮੰਤਰੀ ਭਗਵੰਤ ਮਾਨ ਤੋਂ ਪੁੱਛਿਆ ਜਾਵੇ ਕਿ ਇਨਸਾਫ਼ ਵਿੱਚ ਦੇਰੀ ਕਿਉਂ ਹੋ ਰਹੀ ਹੈ। ਉਹਨਾਂ ਨੇ ਕਿਹਾ ਕਿ ਧਾਰਮਿਕ ਆਗੂ ਅਤੇ ਵਿਰੋਧੀ ਧਿਰ ਨੂੰ ਦਬਾਅ ਪਾਉਣਾ ਚਾਹੀਦਾ ਹੈ ਤਾਂ ਜੋ ਬੇਅਦਬੀ ਅਤੇ ਗੋਲੀਕਾਂਡ ਵਿੱਚ ਠੋਸ ਕਾਰਵਾਈ ਹੋਵੇ। ਇਹ ਅਪੀਲ ਜਥੇਦਾਰ ਦੇ ਹਾਲੀਆ ਕਦਮਾਂ ਨਾਲ ਮੇਲ ਖਾਂਦੀ ਹੈ।

ਬਹਿਬਲ ਕਲਾਂ ਮਾਮਲਾ ਵੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਬੇਅਦਬੀ ਨਾਲ ਜੁੜਿਆ ਹੈ। 2015 ਵਿੱਚ ਕਈ ਥਾਵਾਂ ਉੱਤੇ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ ਸਨ, ਜਿਸ ਨਾਲ ਪੰਜਾਬ ਵਿੱਚ ਵੱਡੇ ਪ੍ਰਦਰਸ਼ਨ ਹੋਏ। ਪੁਲਿਸ ਨੇ ਉਹਨਾਂ ਨੂੰ ਰੋਕਣ ਲਈ ਬਲ ਪ੍ਰਯੋਗ ਕੀਤਾ, ਜਿਸ ਵਿੱਚ ਲੋਕ ਮਾਰੇ ਗਏ। ਉਸ ਵੇਲੇ ਅਕਾਲੀ ਦਲ ਦੀ ਸਰਕਾਰ ਸੀ ਅਤੇ ਹੁਣ ਆਮ ਆਦਮੀ ਪਾਰਟੀ ਦੀ ਹੈ। ਪੀੜਤਾਂ ਨੂੰ ਲੱਗਦਾ ਹੈ ਕਿ ਨਵੀਂ ਸਰਕਾਰ ਵੀ ਇਨਸਾਫ਼ ਨਹੀਂ ਕਰ ਰਹੀ। ਉਹਨਾਂ ਨੇ ਜਥੇਦਾਰ ਨੂੰ ਮੰਗ ਕੀਤੀ ਕਿ ਮੁੱਖ ਮੰਤਰੀ ਨੂੰ ਜਵਾਬਤਲਬੀ ਕੀਤੀ ਜਾਵੇ।

### ਨਿਗਮਨ ਅਤੇ ਭਵਿੱਖ ਦੀ ਉਮੀਦ

ਇਹ ਪੂਰਾ ਮਾਮਲਾ ਸਿੱਖ ਧਰਮ ਦੀ ਮਰਿਆਦਾ ਅਤੇ ਇਨਸਾਫ਼ ਨਾਲ ਜੁੜਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਗਾਇਬ ਸਰੂਪਾਂ ਨੂੰ ਲੱਭਣ ਨਾਲ ਸੰਗਤ ਵਿੱਚ ਰਾਹਤ ਹੈ, ਪਰ ਅਜੇ ਵੀ ਬਹੁਤ ਕੰਮ ਬਾਕੀ ਹੈ। ਸਿਟ ਨੇ 50-60 ਸਰੂਪ ਲੱਭੇ ਹਨ ਅਤੇ ਹੋਰ ਖੋਜ ਜਾਰੀ ਹੈ। ਉਮੀਦ ਹੈ ਕਿ ਜਲਦੀ ਸਾਰੇ ਸਰੂਪ ਲੱਭ ਜਾਣਗੇ ਅਤੇ ਦੋਸ਼ੀਆਂ ਨੂੰ ਸਜ਼ਾ ਮਿਲੇਗੀ।

## "ਜਿਹੜੇ ਮੰਤਰੀ ਮੇਰੇ ਘਰ ਮੂੰਹਰੇ ਨਾਅਰੇ ਮਾਰਨ ਆਏ ਸੀ, ਇਹ ਸਾਰੇ ਦਿੱਲੀ ਵਾਲਿਆਂ ਦੇ ਚੱਪਲ ਚੱਟ ਨੇ"-ਪਰਗਟ ਸਿੰਘ

ਜਲੰਧਰ: ਪੰਜਾਬ ਸਿਆਸਤ 'ਚ ਹੋ ਰਹੇ ਹਾਲੀਆ ਤਣਾਅ ਦੇ ਮੱਧ 'ਚ, ਕਾਂਗਰਸ ਦੇ ਸੀਨੀਅਰ ਨਾਇਬ ਮੰਤਰੀ ਅਤੇ ਵਿਧਾਇਕ ਪਰਗਟ ਸਿੰਘ ਨੇ Aam Aadmi Party (AAP) ਨਾਲ ਸਖ਼ਤ ਟਿੱਪਣੀ ਕੀਤੀ ਹੈ। ਉਹਨਾਂ ਕਿਹਾ ਹੈ ਕਿ ਜਿਹੜੇ ਮੰਤਰੀ ਉਸਦੇ ਘਰ ਦੇ ਸਾਹਮਣੇ ਨਾਅਰੇ (ਜਿਸ ਵਿੱਚ ਉਹਨਾਂ ਦੀ ਨਿੰਦਾ ਕੀਤੀ ਗਈ ਸੀ) ਮਾਰਨ ਆਏ, ਉਹ ਸਿਰਫ਼ "ਦਿੱਲੀ ਵਾਲਿਆਂ ਦੇ ਚੱਪਲ ਚੱਟ" ਨੇ, ਜਿਸਦਾ ਮਤਲਬ ਉਹ ਇਹ ਸਮਝਾਉਣਾ ਚਾਹੁੰਦੇ ਹਨ ਕਿ ਇਹ ਮੰਤਰੀ ਦੇਸ਼ ਦੀ ਰਾਜਨੀਤੀ ਨਾਲ ਜੁੜੇ ਹੋਏ ਕੇਂਦਰ ਅਤੇ ਦਿੱਲੀ ਵਾਲੀਆਂ ਸਿਆਸੀ ਤਾਕਤਾਂ ਦੇ ਆਗੂਆਂ ਦੇ ਨੁਮਾਇੰਦੇ ਹਨ ਅਤੇ ਆਪਣੇ ਸਰਕਾਰੀ ਫਰਜ਼ ਦੇ ਬਜਾਏ ਸਿਆਸੀ ਨਾਅਰੇਬਾਜ਼ੀ ਕਰ ਰਹੇ ਹਨ।

# ਸੁਪਰੀਮ ਕੋਰਟ ਨੇ ਭਾਈ ਹਵਾਰਾ ਦੀ ਉਸ ਪਟੀਸ਼ਨ 'ਤੇ ਸੁਣਵਾਈ ਦੋ ਹਫ਼ਤਿਆਂ ਲਈ ਟਾਲੀ

**✪ ਤਿਹਾੜ ਜੇਲ੍ਹ ਤੋਂ ਪੰਜਾਬ ਤਬਦੀਲ ਕਰਨ ਦੀ ਸੀ ਮੰਗ**




ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆ ਕਾਂਡ ਦੇ ਦੋਸ਼ੀ ਜਗਤਾਰ ਸਿੰਘ ਹਵਾਰਾ ਦੀ ਉਸ ਪਟੀਸ਼ਨ 'ਤੇ ਸੁਣਵਾਈ ਦੋ ਹਫ਼ਤਿਆਂ ਲਈ ਟਾਲ ਦਿੱਤੀ ਹੈ ਜਿਸ ਵਿੱਚ ਉਸ ਨੇ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਜੇਲ੍ਹ ਵਿੱਚ ਤਬਦੀਲ ਕਰਨ ਦੀ ਮੰਗ ਕੀਤੀ ਹੈ। ਜਸਟਿਸ ਐੱਮ ਐੱਮ ਸੁੰਦਰੇਸ਼ ਅਤੇ ਜਸਟਿਸ ਐੱਨ ਕੋਟੀਸ਼ਵਰ ਸਿੰਘ ਦੇ ਬੈਂਚ ਨੇ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਦੀ ਗੈਰ-ਹਾਜ਼ਰੀ ਕਾਰਨ ਮਾਮਲੇ ਦੀ ਸੁਣਵਾਈ ਮੁਲਤਵੀ ਕਰ ਦਿੱਤੀ।

ਪਟੀਸ਼ਨ ਵਿੱਚ ਦਲੀਲ ਦਿੱਤੀ ਗਈ ਹੈ ਕਿ ਹਵਾਰਾ ਦਾ ਜੇਲ੍ਹ ਵਿੱਚ ਆਚਰਣ ਸਾਫ਼-ਸੁਥਰਾ ਰਿਹਾ ਹੈ। ਸਿਰਫ਼ 22 ਜਨਵਰੀ 2004 ਨੂੰ ਬੁੜੈਲ ਜੇਲ੍ਹ ਤੋੜਨ ਦੇ ਮਾਮਲੇ ਨੂੰ ਛੱਡ ਕੇ ਉਸ 'ਤੇ ਕੋਈ ਹੋਰ ਦੋਸ਼ ਨਹੀਂ ਹੈ। ਹਵਾਰਾ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦਾ ਜੰਮਪਲ ਹੈ ਅਤੇ ਦਿੱਲੀ ਵਿੱਚ ਉਸ ਖਿਲਾਫ਼ ਕੋਈ ਕੇਸ ਪੈਂਡਿੰਗ ਨਹੀਂ ਹੈ, ਇਸ ਲਈ ਉਸ ਨੂੰ ਪੰਜਾਬ ਭੇਜਿਆ ਜਾਵੇ। ਪਟੀਸ਼ਨਰ ਮੁਤਾਬਕ ਬੇਅੰਤ ਸਿੰਘ ਹੱਤਿਆ ਕਾਂਡ ਤੋਂ ਬਾਅਦ ਉਸ 'ਤੇ 36 ਝੂਠੇ ਕੇਸ ਪਾਏ ਗਏ ਸਨ, ਜਿਨ੍ਹਾਂ 'ਚੋਂ ਇੱਕ ਨੂੰ ਛੱਡ ਕੇ ਉਹ ਬਾਕੀ ਸਾਰਿਆਂ 'ਚੋਂ ਬਰੀ ਹੋ ਚੁੱਕਾ ਹੈ।

ਪਟੀਸ਼ਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਸੇ ਕੇਸ ਦੇ ਇੱਕ ਹੋਰ ਦੋਸ਼ੀ ਨੂੰ ਤਿਹਾੜ ਤੋਂ ਚੰਡੀਗੜ੍ਹ ਦੀ ਜੇਲ੍ਹ ਵਿੱਚ ਤਬਦੀਲ ਕੀਤਾ ਜਾ ਚੁੱਕਾ ਹੈ। ਹਵਾਰਾ ਨੇ ਦਲੀਲ ਦਿੱਤੀ ਕਿ ਸਿਰਫ਼ ਇਸ ਕਰਕੇ ਕਿ ਸਾਲਾਂ ਪਹਿਲਾਂ ਉਸ ਨੂੰ 'ਹਾਈ ਰਿਸਕ' ਕੈਦੀ ਮੰਨਿਆ ਜਾਂਦਾ ਸੀ, ਉਸ ਨੂੰ ਅੱਜ ਵੀ ਦਿੱਲੀ ਵਿੱਚ ਰੱਖਣਾ ਵਾਜਬ ਨਹੀਂ ਹੈ। ਉਸ ਦੀ ਧੀ ਪੰਜਾਬ ਵਿੱਚ ਹੈ, ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਮਾਂ ਅਮਰੀਕਾ ਵਿੱਚ ਕੋਮਾ 'ਚ ਹੈ।

ਜ਼ਿਕਰਯੋਗ ਹੈ ਕਿ ਹਵਾਰਾ ਨੂੰ 31 ਅਗਸਤ 1995 ਨੂੰ ਚੰਡੀਗੜ੍ਹ ਸਕੱਤਰੇਤ ਦੇ ਬਾਹਰ ਹੋਏ ਬੰਬ ਧਮਾਕੇ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਧਮਾਕੇ ਵਿੱਚ ਮੁੱਖ ਮੰਤਰੀ ਬੇਅੰਤ ਸਿੰਘ ਸਮੇਤ 16 ਹੋਰ ਵਿਅਕਤੀ ਮਾਰੇ ਗਏ ਸਨ।

ਮਾਰਚ 2007 ਵਿੱਚ ਹੇਠਲੀ ਅਦਾਲਤ ਨੇ ਹਵਾਰਾ ਨੂੰ ਮੌਤ ਦੀ ਸਜ਼ਾ ਸੁਣਾਈ ਸੀ, ਪਰ ਅਕਤੂਬਰ 2010 ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਸ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ ਸੀ ਅਤੇ ਸਾਰੀ ਉਮਰ ਜੇਲ੍ਹ ਵਿੱਚ ਰਹਿਣ ਦਾ ਹੁਕਮ ਸੁਣਾਇਆ ਸੀ।

# ਇਰਾਨ ਵਿੱਚ ਅੰਦੋਲਨ ਦੌਰਾਨ ਹੁਣ ਤੱਕ ਦੋ ਹਜ਼ਾਰ ਮੌਤਾਂ

**✪ ਮ੍ਰਿਤਕਾਂ 'ਚ 1,847 ਮੁਜ਼ਾਹਰਾਕਾਰੀ ਸ਼ਾਮਲ; ਅਮਰੀਕੀ ਮਨੁੱਖੀ ਅਧਿਕਾਰ ਏਜੰਸੀ ਨੇ ਦਿੱਤੀ ਜਾਣਕਾਰੀ**

ਤਹਿਰਾਨ-ਇਰਾਨ ਵਿੱਚ ਚੱਲ ਰਹੇ ਦੇਸ਼ ਪੱਧਰੀ ਰੋਸ ਮੁਜ਼ਾਹਰਿਆਂ 'ਚ ਮਰਨ ਵਾਲਿਆਂ ਦੀ ਗਿਣਤੀ ਅੱਜ ਤੇਜ਼ੀ ਨਾਲ ਵਧ ਕੇ ਘੱਟੋ-ਘੱਟ 2 ਹਜ਼ਾਰ ਤੱਕ ਪਹੁੰਚ ਗਈ ਹੈ।

ਅਮਰੀਕਾ ਸਥਿਤ 'ਹਿਊਮਨ ਰਾਈਟਸ ਐਕਟੀਵਿਸਟਜ਼ ਨਿਊਜ਼ ਏਜੰਸੀ' ਨੇ ਇਹ ਜਾਣਕਾਰੀ ਦਿੱਤੀ ਹੈ। ਇਹ ਸੰਸਥਾ ਇਰਾਨ ਵਿੱਚ ਮੌਜੂਦ ਆਪਣੇ ਸਮਰਥਕਾਂ ਵੱਲੋਂ ਮੁਹੱਈਆ ਕੀਤੀ ਜਾਣਕਾਰੀ 'ਤੇ ਨਿਰਭਰ ਕਰਦੀ ਹੈ। ਇਸੇ ਦੌਰਾਨ ਇਰਾਨ ਦੇ ਸਰਕਾਰੀ ਟੀਵੀ ਨੇ ਵੱਡੀ ਗਿਣਤੀ 'ਚ ਹੋਈਆਂ ਮੌਤਾਂ ਦੀ ਪਹਿਲੀ ਵਾਰ ਅਧਿਕਾਰਤ ਪੁਸ਼ਟੀ ਕਰਦਿਆਂ ਕਿਹਾ ਕਿ ਦੇਸ਼ 'ਚ 'ਕਈ ਸ਼ਹੀਦ' ਹੋਏ ਹਨ। ਰਿਪੋਰਟ 'ਵਿਚ ਸ਼ਹੀਦ ਫਾਊਂਡੇਸ਼ਨ ਦੇ ਮੁਖੀ ਅਹਿਮਦ ਮੂਸਾਵੀ ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ ਗਈ ਹੈ।

ਸੰਸਥਾ ਨੇ ਦੱਸਿਆ ਕਿ ਦੋ ਹਫ਼ਤਿਆਂ ਤੋਂ ਵੱਧ ਸਮੇਂ ਤੋਂ ਚੱਲ ਰਹੇ ਪ੍ਰਦਰਸ਼ਨਾਂ ਵਿੱਚ ਮਾਰੇ ਗਏ ਲੋਕਾਂ ਵਿੱਚੋਂ 1,847 ਪ੍ਰਦਰਸ਼ਨਕਾਰੀ ਸਨ ਅਤੇ 135 ਸਰਕਾਰੀ ਵਿਅਕਤੀ ਸਨ। ਇਸ ਤੋਂ ਇਲਾਵਾ ਨੌਂ ਬੱਚੇ ਵੀ ਮਾਰੇ ਗਏ ਹਨ ਅਤੇ ਨੌਂ ਅਜਿਹੇ ਆਮ ਨਾਗਰਿਕ ਵੀ ਮਾਰੇ ਗਏ ਹਨ ਜੋ ਪ੍ਰਦਰਸ਼ਨਾਂ ਵਿੱਚ ਹਿੱਸਾ ਨਹੀਂ ਲੈ ਰਹੇ ਸਨ। ਇਰਾਨ ਵਿੱਚ ਇੰਟਰਨੈੱਟ ਸੇਵਾਵਾਂ ਬੰਦ ਹੋਣ ਕਾਰਨ ਵਿਦੇਸ਼ਾਂ ਤੋਂ ਇਨ੍ਹਾਂ ਪ੍ਰਦਰਸ਼ਨਾਂ ਦਾ ਅੰਦਾਜ਼ਾ ਲਗਾਉਣਾ ਹੋਰ ਵੀ ਮੁਸ਼ਕਲ ਹੋ ਗਿਆ ਹੈ। ਐਸੋਸੀਏਟਿਡ ਪ੍ਰੈੱਸ (ਏਪੀ) ਸੁਤੰਤਰ ਤੌਰ 'ਤੇ ਮੌਤਾਂ ਦੇ ਅੰਕੜਿਆਂ ਦੀ ਪੁਸ਼ਟੀ ਕਰਨ ਵਿੱਚ ਅਸਮਰੱਥ ਹੈ। ਇਰਾਨ ਦੀ ਸਰਕਾਰ ਨੇ ਅਜੇ ਤੱਕ ਮੌਤਾਂ ਦੇ ਕੁੱਲ ਅੰਕੜੇ ਜਾਰੀ ਨਹੀਂ ਕੀਤੇ ਹਨ।

ਲੋਕਾਂ ਅਨੁਸਾਰ ਦੰਗਾ ਰੋਕੂ ਪੁਲੀਸ ਦੇ ਅਧਿਕਾਰੀ ਹੈਲਮੇਟ ਅਤੇ ਸੁਰੱਖਿਆ ਕਵਚ ਪਹਿਨੇ ਹੋਏ ਹਨ ਅਤੇ ਉਨ੍ਹਾਂ ਕੋਲ ਡੰਡੇ, ਸ਼ੀਲਡਾਂ, ਸ਼ਾਟਗਨ ਤੇ ਅੱਥਰੂ ਗੈਸ ਲਾਂਚਰ ਹਨ।

# ਐਕਸ ਖ਼ਿਲਾਫ਼ ਆਫਕਾਮ ਦੀ ਸਖ਼ਤ ਜਾਂਚ, ਪਾਬੰਦੀ ਤੱਕ ਦੀ ਚੇਤਾਵਨੀ

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਬਰਤਾਨੀਆ ਦੀ ਮੀਡੀਆ ਨਿਗਰਾਨ ਸੰਸਥਾ ਆਫਕਾਮ ਵੱਲੋਂ ਉਦਯੋਗਪਤੀ ਐਲਨ ਮਸਕ ਦੀ ਮਾਲਕੀ ਹੇਠ ਚੱਲ ਰਹੀ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਖ਼ਿਲਾਫ਼ ਵੱਡੀ ਪੱਧਰ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਹ ਜਾਂਚ ਪਲੇਟਫਾਰਮ 'ਤੇ ਬੱਚਿਆਂ ਅਤੇ ਮਹਿਲਾਵਾਂ ਦੀਆਂ ਜਿਨਸੀਕ੍ਰਿਤ ਡੀਪਫੇਕ ਤਸਵੀਰਾਂ ਅਤੇ ਸਮੱਗਰੀ ਫੈਲਣ ਦੇ ਗੰਭੀਰ ਦੋਸ਼ਾਂ ਦੇ ਮੱਦੇਨਜ਼ਰ ਕੀਤੀ ਜਾ ਰਹੀ ਹੈ, ਜਿਸ ਨਾਲ ਬਰਤਾਨੀਆ ਸਰਕਾਰ ਅਤੇ ਸੁਰੱਖਿਆ ਏਜੰਸੀਆਂ ਵਿਚ ਗਹਿਰੀ ਚਿੰਤਾ ਪੈਦਾ ਹੋ ਗਈ ਹੈ।

ਸੂਤਰਾਂ ਅਨੁਸਾਰ ਇਹ ਮਾਮਲਾ ਆਰਟੀਫੀਸ਼ਲ ਇੰਟੈਲੀਜੈਂਸ ਟੂਲ 'ਗ੍ਰੋਕ' ਨਾਲ ਜੁੜੇ ਵਿਵਾਦ ਤੋਂ ਬਾਅਦ ਹੋਰ ਵੀ ਗੰਭੀਰ ਬਣ ਗਿਆ ਹੈ। ਦੋਸ਼ ਹੈ ਕਿ ਇਸ ਟੂਲ ਦੀ ਮਦਦ ਨਾਲ ਤਿਆਰ ਕੀਤੀਆਂ ਨਕਲੀ ਪਰ ਬਹੁਤ ਹਕੀਕਤਨੁਮਾ ਤਸਵੀਰਾਂ ਅਤੇ ਵੀਡੀਓਜ਼ ਸੋਸ਼ਲ ਮੀਡੀਆ 'ਤੇ ਬਿਨਾਂ ਕਿਸੇ ਪ੍ਰਭਾਵਸ਼ਾਲੀ ਨਿਗਰਾਨੀ ਦੇ ਫੈਲ ਰਹੀਆਂ ਹਨ, ਜੋ ਖ਼ਾਸ ਕਰਕੇ ਬੱਚਿਆਂ ਅਤੇ ਮਹਿਲਾਵਾਂ ਲਈ ਗੰਭੀਰ ਖ਼ਤਰਾ ਬਣ ਰਹੀਆਂ ਹਨ।

ਆਫਕਾਮ ਨੇ ਸਪੱਸ਼ਟ ਕੀਤਾ ਹੈ ਕਿ ਆਨਲਾਈਨ ਸੁਰੱਖਿਆ ਕਾਨੂੰਨਾਂ ਤਹਿਤ ਪਲੇਟਫਾਰਮਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਜਿਹੀ ਗੈਰਕਾਨੂੰਨੀ ਅਤੇ ਅਣਨੈਤਿਕ ਸਮੱਗਰੀ ਨੂੰ ਤੁਰੰਤ ਹਟਾਉਣ ਅਤੇ ਇਸ ਦੇ ਫੈਲਾਅ ਨੂੰ ਰੋਕਣ ਲਈ ਮਜ਼ਬੂਤ ਪ੍ਰਬੰਧ ਕਰਨ।



ਜੇਕਰ ਜਾਂਚ ਦੌਰਾਨ ਇਹ ਸਾਬਤ ਹੋ ਜਾਂਦਾ ਹੈ ਕਿ 'ਐਕਸ' ਨੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਲਾਪਰਵਾਹੀ ਕੀਤੀ ਹੈ, ਤਾਂ ਪਲੇਟਫਾਰਮ 'ਤੇ ਲਗਭਗ £18 ਮਿਲੀਅਨ ਤੱਕ ਭਾਰੀ ਜੁਰਮਾਨਾ ਲਗਾਇਆ ਜਾ ਸਕਦਾ ਹੈ।

ਸਰਕਾਰੀ ਹਲਕਿਆਂ ਵਿਚ ਇਹ ਵੀ ਚਰਚਾ ਹੈ ਕਿ ਜੇ ਹਾਲਾਤ ਵਿੱਚ ਸੁਧਾਰ ਨਾ ਆਇਆ ਤਾਂ ਬਰਤਾਨੀਆ ਸਰਕਾਰ ਵੱਲੋਂ 'ਐਕਸ' 'ਤੇ ਅਸਥਾਈ ਜਾਂ ਸਥਾਈ ਪਾਬੰਦੀ ਲਗਾਉਣ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਆਨਲਾਈਨ ਸੁਰੱਖਿਆ ਨਾਲ ਜੁੜੇ ਮਾਹਿਰਾਂ ਦਾ ਕਹਿਣਾ ਹੈ ਕਿ ਡੀਪਫੇਕ ਤਕਨਾਲੋਜੀ ਦੇ ਗਲਤ ਇਸਤੇਮਾਲ ਨੇ ਸਮਾਜ ਲਈ ਨਵੀਆਂ ਚੁਣੌਤੀਆਂ ਖੜੀਆਂ ਕਰ ਦਿੱਤੀਆਂ ਹਨ ਅਤੇ ਇਸ 'ਤੇ ਕਾਬੂ ਪਾਉਣ ਲਈ ਸਖ਼ਤ ਕਾਨੂੰਨੀ ਕਾਰਵਾਈ ਬਹੁਤ ਜ਼ਰੂਰੀ ਹੈ।

ਦੂਜੇ ਪਾਸੇ 'ਐਕਸ' ਪ੍ਰਬੰਧਨ ਵੱਲੋਂ ਕਿਹਾ ਗਿਆ ਹੈ ਕਿ ਉਹ ਯੂਜ਼ਰ ਸੁਰੱਖਿਆ ਨੂੰ ਗੰਭੀਰਤਾ ਨਾਲ ਲੈਂਦਾ ਹੈ ਅਤੇ ਨੁਕਸਾਨਦੇਹ ਸਮੱਗਰੀ ਨੂੰ ਹਟਾਉਣ ਲਈ ਲਗਾਤਾਰ ਕਦਮ ਚੁੱਕੇ ਜਾ ਰਹੇ ਹਨ। ਹਾਲਾਂਕਿ ਆਫਕਾਮ ਦਾ ਕਹਿਣਾ ਹੈ ਕਿ ਸਿਰਫ਼ ਬਿਆਨਬਾਜ਼ੀ ਨਹੀਂ, ਸਗੋਂ ਠੋਸ ਅਤੇ ਪ੍ਰਭਾਵਸ਼ਾਲੀ ਕਾਰਵਾਈ ਦੀ ਲੋੜ ਹੈ। ਮਾਹਿਰਾਂ ਮੰਨਦੇ ਹਨ ਕਿ ਇਹ ਜਾਂਚ ਨਾ ਸਿਰਫ਼ 'ਐਕਸ' ਲਈ, ਸਗੋਂ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ ਲਈ ਵੀ ਇੱਕ ਸਖ਼ਤ ਚੇਤਾਵਨੀ ਹੈ ਕਿ ਬੱਚਿਆਂ ਅਤੇ ਮਹਿਲਾਵਾਂ ਦੀ ਆਨਲਾਈਨ ਸੁਰੱਖਿਆ ਨਾਲ ਕੋਈ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਗੋਲਫ ਮੈਦਾਨ 'ਚ ਤੇਜ਼ ਰਫ਼ਤਾਰ ਵਾਹਨ ਥੱਲੇ ਆਉਣ ਨਾਲ ਮਹਿਲਾ ਦੀ ਮੌਤ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਇੰਗਲੈਂਡ ਦੇ ਬਰਮਿੰਘਮ ਸ਼ਹਿਰ ਦੇ ਇਲਾਕੇ ਸੱਟਨ ਵਿੱਚ ਸਥਿਤ ਐਸਟਨ ਵੁੱਡ ਗੋਲਫ ਮੈਦਾਨ 'ਚ ਵਾਪਰੀ ਦਰਦਨਾਕ ਘਟਨਾ ਨੇ ਪੂਰੇ ਇਲਾਕੇ ਨੂੰ ਸਦਮੇ 'ਚ ਪਾ ਦਿੱਤਾ। ਪੁਲਿਸ ਤੋਂ ਬਚਣ ਲਈ ਵਾਹਨ ਦੌੜਾ ਰਹੇ ਇੱਕ ਵਿਅਕਤੀ ਦੀ ਲਗਭਗ 12 ਮਿੰਟ ਤੱਕ ਚੱਲੀ ਪਿੱਛੇਬਾਜ਼ੀ ਅੰਤ ਵਿੱਚ ਹਾਦਸੇ 'ਚ ਬਦਲ ਗਈ, ਜਿਸ ਵਿੱਚ 62 ਸਾਲਾ ਮਹਿਲਾ ਸੁਜ਼ੈਨ ਚੈਰੀ ਦੀ ਜਾਨ ਚਲੀ ਗਈ। ਜਾਣਕਾਰੀ ਅਨੁਸਾਰ ਇਹ ਗੋਲਫ ਮੈਦਾਨ ਆਮ ਤੌਰ 'ਤੇ ਬਹੁਤ ਸ਼ਾਂਤ ਮੰਨਿਆ ਜਾਂਦਾ ਹੈ, ਜਿੱਥੇ ਰੋਜ਼ਾਨਾ ਵੱਡੀ ਗਿਣਤੀ ਵਿੱਚ ਲੋਕ ਖੇਡਣ ਅਤੇ ਸੈਰ ਲਈ ਆਉਂਦੇ ਹਨ। ਘਟਨਾ ਵੇਲੇ ਵੀ ਕਈ ਖਿਡਾਰੀ ਮੌਜੂਦ ਸਨ। ਸੁਜ਼ੈਨ ਚੈਰੀ ਆਪਣੇ ਪਤੀ ਨਾਲ ਗੋਲਫ ਖੇਡ ਰਹੀ ਸੀ ਕਿ ਅਚਾਨਕ ਤੇਜ਼ ਰਫ਼ਤਾਰ ਨਾਲ ਆਉਂਦੇ ਵਾਹਨ ਨੇ ਉਸ ਨੂੰ ਲਪੇਟ ਵਿੱਚ ਲੈ ਲਿਆ। ਪੁਲਿਸ ਮੁਤਾਬਕ ਦੋਸ਼ੀ ਕਾਨੂੰਨ ਤੋਂ ਬਚਣ ਲਈ ਵਾਹਨ ਦੌੜਾਉਂਦਾ ਹੋਇਆ ਗੋਲਫ ਮੈਦਾਨ ਦੇ ਅੰਦਰ ਦਾਖ਼ਲ ਹੋ ਗਿਆ। ਮੈਦਾਨ ਵਿੱਚ ਮੌਜੂਦ ਲੋਕਾਂ ਨੂੰ ਸੰਭਲਣ ਦਾ ਮੌਕਾ ਵੀ ਨਾ ਮਿਲਿਆ ਅਤੇ ਵਾਹਨ ਸਿੱਧਾ ਮਹਿਲਾ ਨਾਲ ਟਕਰਾ ਗਿਆ। ਟੱਕਰ ਇਨੀ ਭਿਆਨਕ ਸੀ ਕਿ ਮਹਿਲਾ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ। ਪੁਲਿਸ ਨੇ ਸਾਫ਼ ਕੀਤਾ ਹੈ ਕਿ ਇਸ ਘਟਨਾ ਵਿੱਚ ਕਿਸੇ ਵੀ ਤਰ੍ਹਾਂ ਦੀ ਗੋਲੀ ਨਹੀਂ ਚਲਾਈ ਗਈ। ਮਹਿਲਾ ਦੀ ਮੌਤ ਸਿਰਫ਼ ਅਤੇ ਸਿਰਫ਼ ਵਾਹਨ ਦੀ ਟੱਕਰ ਕਾਰਨ ਹੋਈ ਹੈ। ਮ੍ਰਿਤਕ ਮਹਿਲਾ ਦਾ ਦੋਸ਼ੀ ਨਾਲ ਕੋਈ ਨਿੱਜੀ ਵੈਰ ਜਾਂ ਲੈਣ-ਦੇਣ ਨਹੀਂ ਸੀ ਅਤੇ ਇਹ ਹਾਦਸਾ ਅਚਾਨਕ ਵਾਪਰਿਆ। ਘਟਨਾ ਤੋਂ ਬਾਅਦ ਗੋਲਫ ਮੈਦਾਨ ਅਤੇ ਆਲੇ-ਦੁਆਲੇ ਦੇ ਇਲਾਕੇ ਨੂੰ ਘੇਰ ਲਿਆ ਗਿਆ। ਮੌਕੇ 'ਤੇ ਮੌਜੂਦ ਲੋਕਾਂ 'ਚ ਡਰ ਅਤੇ ਸੋਗ ਦਾ ਮਾਹੌਲ ਬਣ ਗਿਆ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਹ ਇਲਾਕਾ ਸਦਾ ਹੀ ਸੁਖ-ਚੈਨ ਵਾਲਾ ਰਿਹਾ ਹੈ ਪਰ ਇਸ ਹਾਦਸੇ ਨੇ ਸਭ ਨੂੰ ਹਿਲਾ ਕੇ ਰੱਖ ਦਿੱਤਾ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਦੋਸ਼ੀ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

## ਸਰਬਜੀਤ ਕੌਰ ਦਾ ਆਡੀਓ ਵਾਇਰਲ — ਪਤੀ ਨੂੰ ਵਾਪਸ ਘਰ ਲੈ ਜਾਣ ਲਈ ਰੋਣ ਵਾਲੀ ਬੇਨਤੀ

ਪੰਜਾਬ ਦੀ ਇੱਕ ਸਿੱਖ ਮਹਿਲਾ ਸਰਬਜੀਤ ਕੌਰ ਦੀ ਇੱਕ ਆਡੀਓ ਰਿਕਾਰਡਿੰਗ ਸਮਾਜਕ ਮੀਡੀਆ 'ਤੇ ਵਾਇਰਲ ਹੋ ਗਈ ਹੈ, ਜਿਸ ਵਿੱਚ ਉਹ ਆਪਣੇ ਸਾਬਕਾ ਪਤੀ ਨਾਲ ਗੱਲ ਕਰਦੇ ਹੋਏ ਚੀਖਦੀ ਅਤੇ ਬੇਨਤੀ ਕਰਦੀ ਸੁਣੀ ਗਈ ਹੈ ਕਿ ਉਹ ਉਸ ਨੂੰ ਭਾਰਤ ਵਾਪਸ ਲੈ ਜਾਵੇ।



ਇਸ ਆਡੀਓ ਵਿੱਚ ਸਰਬਜੀਤ ਕੌਰ ਬੜੀ ਭਾਵੁਕਤਾ ਨਾਲ ਕਹਿੰਦੀ ਹੈ ਕਿ ਉਸ ਨੇ ਪਾਕਿਸਤਾਨ ਨੂੰ ਉਹਨਾਂ ਤਸਵੀਰਾਂ ਨੂੰ ਮਿਟਵਾਉਣ ਲਈ ਜਾਇਆ ਸੀ, ਜੋ ਅਲਛੇ ਤੌਰ 'ਤੇ ਉਸ ਦੇ ਨਸੀਰ ਹੁਸੈਨ ਦੇ ਪਾਸ ਸਨ। ਪਰ ਹੁਣ ਉਹ ਆਪਣੀ ਮਾਂ-ਬਾਪ ਅਤੇ ਘਰ ਵਾਲਿਆਂ ਕੋਲ ਵਾਪਸ ਆਉਣਾ ਚਾਹੁੰਦੀ ਹੈ।

ਸਰਬਜੀਤ ਦੀ ਉਮਰ 48 ਸਾਲ ਦੱਸੀ ਗਈ ਹੈ। ਉਸ ਦਾ ਨਾਂ ਅਬ ਨੂਰ ਹੁਸੈਨ ਰੱਖਿਆ ਗਿਆ ਹੈ, ਕਿਉਂਕਿ ਉਸ ਨੇ ਪਾਕਿਸਤਾਨ ਵਿਚ ਇਸਲਾਮ ਧਰਮ ਅਪਨਾ ਕੇ ਉਥੇ ਰਹਿਣ ਵਾਲੇ ਨਸੀਰ ਹੁਸੈਨ ਨਾਲ ਵਿਆਹ ਕਰ ਲਿਆ ਸੀ।

ਉਹ ਪਹਿਲਾਂ ਨਵੰਬਰ 2025 ਵਿਚ ਪਾਕਿਸਤਾਨ ਗਈ ਸੀ, ਜਦੋਂ ਉਹ ਸਿੱਖ ਯਾਤਰੀਆਂ ਦੇ ਸਮੂਹ ਨਾਲ ਇੱਕ ਧਰਮਿਕ ਯਾਤਰਾ 'ਤੇ ਨਨਕਾਣਾ ਸਾਹਿਬ ਗਈ ਸੀ। ਪਰ ਇਹ ਯਾਤਰਾ ਸਮੂਹ ਦੇ ਵਾਪਸੀ ਲਈ ਪਾਕਿਸਤਾਨ ਤੋਂ ਨਿਕਲਣ ਤੋਂ ਬਾਅਦ ਵੀ ਉਹ ਭਾਰਤ ਨਹੀਂ ਵਾਪਸੀ।

ਅਗਲੇ ਦਿਨਾਂ ਵਿਚ ਉਸ ਦੀ ਵੀਜ਼ਾ ਮਿਆਦ ਖ਼ਤਮ ਹੋ ਗਈ (13 ਨਵੰਬਰ 2025), ਪਰ ਉਹ ਪਾਕਿਸਤਾਨ ਵਿਚ ਹੀ ਰਹਿ ਗਈ ਅਤੇ ਕੁਝ ਸਮੇਂ ਬਾਅਦ ਗ੍ਰਿਫਤਾਰ ਕਰ ਲਈ ਗਈ ਵਿਸਾ ਅਥਾਰਟੀਜ਼ ਵਲੋਂ 4 ਜਨਵਰੀ ਨੂੰ, ਇਸ ਲਈ ਕਿ ਉਹ ਆਪਣੀ ਵੀਜ਼ਾ ਦੀ ਮਿਆਦ ਤੋਂ ਬਾਅਦ ਦੇਸ਼ ਵਿਚ ਰਹੀ।

ਸਰਬਜੀਤ ਨੇ ਪਾਕਿਸਤਾਨ ਵਿਚ ਇੱਕ ਪਟੀਸ਼ਨ ਵੀ ਦਾਇਰ ਕੀਤੀ ਸੀ, ਜਿਸ ਵਿੱਚ ਉਸ ਨੇ ਕਿਹਾ ਕਿ ਜੇ ਉਹ ਭਾਰਤ ਵਾਪਸ ਜਾਵੇਗੀ ਤਾਂ ਉਸ ਦੀ ਜ਼ਿੰਦਗੀ ਨੂੰ ਖ਼ਤਰਾ ਹੈ ਅਤੇ ਉਸ ਦਾ ਸੁਰੱਖਿਆ ਮੁਹੱਈਆ ਕਰਵਾਉਣ ਲਈ ਪਾਕਿਸਤਾਨੀ ਸਰਕਾਰ ਤੋਂ ਸਹਾਇਤਾ ਦੀ ਮੰਗ ਕੀਤੀ।

ਦੋਹਾਂ ਦੇਸ਼ਾਂ 'ਤੇ ਹੁਣ ਇਹ ਕੇਸ ਲਗਾਤਾਰ ਗਰਮ ਤਰ੍ਹਾਂ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿਉਂਕਿ ਲੋਕ ਇਸਦੇ ਆਡੀਓ ਅਤੇ ਵਿਆਖਿਆਵਾਂ ਨੂੰ ਵੀ ਵਿਆਪਕ ਤੌਰ 'ਤੇ ਸਾਂਝਾ ਕਰ ਰਹੇ ਹਨ ਅਤੇ ਸਰਬਜੀਤ ਦੇ ਪਰਿਵਾਰ ਦੀ ਚਿੰਤਾ ਵੀ ਵੱਧ ਰਹੀ ਹੈ।


**CHANGE OF NAME**

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ______

SON / DAUGHTER / WIFE OF MR ______

WHOSE PERMANENT ADDRESS IN INDIA IS ______

AND IS NOW LIVING AT ______

______ HEREBY GIVE NOTICE OF MY INTENTION

TO CHANGE MY NAME TO ______

TEL ______

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


**CHANGE OF NAME**

I, SONIA RANI D/O OF MR RAM DAYAL WHOSE PERMANENT ADDRESS IN INDIA IS H. NO 54 MOHALLA TEEN MARLA, GARHA, GARHA, DIST: JALANDHAR, 144022, PUNJAB AND NOW LIVING AT 17 BODEN STREET, DERBY, DE23 8GX UK. HEREBY GIVE NOTICE OF MY INTENTION TO CHANGE MY NAME TO SONIA KAUR. (U/I/E)

# ਬਰਤਾਨੀਆ ਦੇ ਨਵੇਂ ਸੜਕ ਸੁਰੱਖਿਆ ਕਾਨੂੰਨ ਦਾ ਨਾਮ ਭਾਰਤੀ ਮੂਲ ਦੇ ਦੇਵ ਦੇ ਨਾਮ 'ਤੇ ਰੱਖਿਆ

## 2018 ਵਿੱਚ ਸੜਕ ਹਾਦਸੇ ਵਿੱਚ ਹੋ ਗਈ ਸੀ ਦੇਵ ਦੀ ਮੌਤ



ਦੇਵ ਅਤੇ ਉਸ ਦੀ ਮਾਂ ਦੀ ਪੁਰਾਣੀ ਤਸਵੀਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਨੇ ਕਈ ਸਖ਼ਤ ਸੜਕ ਸੁਰੱਖਿਆ ਨਿਯਮ ਪੇਸ਼ ਕੀਤੇ ਹਨ, ਜਿਨ੍ਹਾਂ ਵਿੱਚ "ਦੇਵ ਕਾਨੂੰਨ" ਵੀ ਸ਼ਾਮਲ ਹੈ, ਜਿਸਦਾ ਨਾਮ ਇੱਕ ਅੱਠ ਸਾਲਾ ਭਾਰਤੀ ਮੂਲ ਦੇ ਲੜਕੇ ਦੇ ਨਾਮ 'ਤੇ ਰੱਖਿਆ ਗਿਆ ਹੈ ਜਿਸਦੀ 2018 ਵਿੱਚ ਇੱਕ ਹਾਈਵੇਅ 'ਤੇ ਹਾਦਸੇ ਵਿੱਚ ਮੌਤ ਹੋ ਗਈ ਸੀ। ਟਰਾਂਸਪੋਰਟ ਵਿਭਾਗ ਨੇ ਕਿਹਾ ਕਿ ਨਵੀਂ ਸੜਕ ਸੁਰੱਖਿਆ ਰਣਨੀਤੀ ਤਹਿਤ ਸ਼ਰਾਬ ਪੀ ਕੇ ਗੱਡੀ ਚਲਾਉਣ 'ਤੇ ਰੋਕ ਵਾਲੇ ਨਿਯਮ ਵਿੱਚ ਸੋਧ, ਨੌਜਵਾਨਾਂ ਲਈ ਡਰਾਈਵਰ ਸਿਖਲਾਈ ਵਿੱਚ ਸੁਧਾਰ ਅਤੇ ਵੱਡੀ ਉਮਰ ਦੇ ਡਰਾਈਵਰਾਂ ਲਈ ਅੱਖਾਂ ਦੀ ਜਾਂਚ ਲਾਜ਼ਮੀ ਕਰ ਦਿੱਤੀ ਗਈ ਹੈ ਜਿਸ ਨਾਲ ਬ੍ਰਿਟਿਸ਼ ਸੜਕਾਂ 'ਤੇ ਹਜ਼ਾਰਾਂ ਜਾਨਾਂ ਦਾ ਬਚਾਅ ਹੋਵੇਗਾ। ਨਵੇਂ ਵਾਹਨਾਂ ਵਿੱਚ ਆਟੋਮੈਟਿਕ ਐਮਰਜੈਂਸੀ ਬ੍ਰੇਕਿੰਗ ਨੂੰ ਵੀ ਲਾਜ਼ਮੀ ਬਣਾਇਆ ਜਾਵੇਗਾ, ਇਸ ਟੀਚੇ ਲਈ ਦੇਵ ਦੀ ਮਾਂ ਮੀਰਾ ਨਾਰਨ ਨੇ ਸੱਤ ਸਾਲ ਪਹਿਲਾਂ ਇੱਕ ਦੁਖਦਾਈ ਸੜਕ ਹਾਦਸੇ ਵਿੱਚ ਆਪਣੇ ਪੁੱਤਰ ਨੂੰ ਗੁਆਉਣ ਤੋਂ ਬਾਅਦ ਮੁਹਿੰਮ ਸ਼ੁਰੂ ਕੀਤੀ ਸੀ। ਜਿਸ ਨੂੰ ਹੁਣ ਸਫਲਤਾ ਮਿਲੀ ਹੈ। ਇੱਕ ਸੀਨੀਅਰ ਲੈਕਚਰਾਰ ਵਜੋਂ ਸੇਵਾਵਾਂ ਕਰਦੀ ਨਾਰਨ ਨੇ ਕਿਹਾ ਕਿ ਮੈਂ ਇਸ ਸੜਕ ਸੁਰੱਖਿਆ ਰਣਨੀਤੀ ਦਾ ਸਵਾਗਤ ਕਰਦਾ ਹਾਂ ਅਤੇ ਇਹ ਦੇਖ ਕੇ ਖੁਸ਼ ਹਾਂ ਕਿ ਸੜਕ ਮੌਤਾਂ ਅਤੇ ਗੰਭੀਰ ਸੱਟਾਂ ਵਾਲੇ ਹਾਦਸਿਆਂ ਨੂੰ ਘਟਾਉਣ ਲਈ ਕਈ ਉਪਾਅ ਕੀਤੇ ਗਏ ਹਨ। ਸਰਕਾਰ ਨੇ ਕਿਹਾ ਕਿ ਉਸਦੀ ਰਣਨੀਤੀ 2035 ਤੱਕ ਯੂ ਕੇ ਦੀਆਂ ਸੜਕਾਂ 'ਤੇ ਮੌਤਾਂ ਅਤੇ ਗੰਭੀਰ ਸੱਟਾਂ ਵਾਲੇ ਹਾਦਸਿਆਂ ਨੂੰ 65 ਪ੍ਰਤੀਸ਼ਤ ਤੱਕ ਘਟਾਉਣ ਦੀ ਇਹ ਇੱਕ ਯੋਜਨਾ 'ਤੇ ਅਧਾਰਤ ਹੈ, ਜਿਸ ਵਿੱਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ 70 ਪ੍ਰਤੀਸ਼ਤ ਦਾ ਉੱਚ ਟੀਚਾ ਹੈ।

# ਡੰਗ ਮਨਚੰਦੇ ਦੇ



ਰਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com

ਹੁਣ ਕੁੱਤਿਆਂ ਨੂੰ ਵੀ ਹੋਵੇਗੀ ਉਮਰ ਕੈਦ ਦੀ ਸਜ਼ਾ (ਇੱਕ ਖ਼ਬਰ)




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ।
4 ਕਿਤਾਬਾਂ ਦੇ ਸੈਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, Bridle Gate Lane, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

### ਪਾਠ 25

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

To make a word, you need minimum two letters as we see in the above words. Today we make two letter words (ਦੋ ਅੱਖਰੀ ਸ਼ਬਦ) with letters ਤ, ਥ, ਦ, ਧ, ਨ

| | | | | |
|---|---|---|---|---|
| ਤਤ | ਤਕ | ਤਟ | ਤਥ | ਤਨ |
| ਥਲ | ਥਕ | ਥਣ | ਦਸ | ਦਗ |
| ਧਨ | ਧਕ | ਧਰ | ਨਲ | ਨਕ |

Class Exercise : Make two letter words which at least use one of the letters - ਤ, ਥ, ਦ, ਧ, ਨ

Note: Certain words above require the use of adhak; for the purpose of this activity we are leaving these words in mukta form

ਸਿੱਖਿਆ - ਗੁਰਮੁਖੀ Page 50 Level I

# ਰਾਜਵਿੰਦਰ ਸਿੰਘ ਸਿੱਧੂ ਅਤੇ ਪ੍ਰੀਵਾਰ ਵੱਲੋਂ ਸ਼ੇਰ ਗਰੁੱਪ ਨੂੰ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਸੇਵਾ ਸੰਭਾਲ ਅਤੇ ਨਵੇਂ ਸਾਲ ਦੀ ਖ਼ੁਸ਼ੀ ਵਿੱਚ ਸ਼ੁਕਰਾਨਾ ਸਮਾਗਮ

## ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ ਨੇ ਸ: ਰਾਜਵਿੰਦਰ ਸਿੰਘ ਸਿੱਧੂ ਅਤੇ ਪ੍ਰੀਵਾਰ ਦਾ ਕੀਤਾ ਧੰਨਵਾਦ

## ਐਮ ਐਲ ਏ ਦਵਿੰਦਰਜੀਤ ਸਿੰਘ ਲਾਡੀ ਢੋਸ ਪੰਜਾਬ ਤੋਂ ਉਚੇਚੇ ਤੌਰ ’ਤੇ ਪਹੁੰਚੇ






**BN Timber & Building Merchants**

**15-17 Uxbridge Road, Hayes, London, UB4 0JN**

**Mobile: 07493 981313 / 07884 881313 / Email: bntimberandbuilding@gmail.com**


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਅਸੀਂ ਆਉਣ ਵਾਲੇ ਸਾਲਾਂ ਵਿਚ ਵੀ ਸੁਧਾਰਾਂ ਦੇ ਏਜੰਡੇ ਨੂੰ ਜਾਰੀ ਰੱਖਾਂਗੇ

**ਨਰੇਂਦਰ ਮੋਦੀ**
ਪ੍ਰਧਾਨ ਮੰਤਰੀ ਭਾਰਤ








ਅੱਜ ਸਮੁੱਚੀ ਦੁਨੀਆ ਭਾਰਤ ਵੱਲ ਉਮੀਦ ਤੇ ਭਰੋਸੇ ਨਾਲ ਦੇਖਦੀ ਹੈ, ਉਹ ਇਸ ਗੱਲ ਦੀ ਸ਼ਲਾਘਾ ਕਰਦੇ ਹਨ ਕਿ ਦੇਸ਼ ਨੇ ਨਵੀਂ ਪੀੜ੍ਹੀ ਦੇ ਸੁਧਾਰਾਂ ਜ਼ਰੀਏ ਵਿਕਾਸ ਦੀ ਗਤੀ ਨੂੰ ਤੇਜ਼ ਕੀਤਾ ਹੈ। ਇਹ ਸੁਧਾਰ ਕਈ ਖੇਤਰਾਂ ਨਾਲ ਜੁੜੇ ਹੋਏ ਹਨ ਅਤੇ ਦੇਸ਼ ਦੀ ਵਿਕਾਸ ਸਮਰੱਥਾ ਨੂੰ ਹੋਰ ਮਜ਼ਬੂਤ ਬਣਾਉਂਦੇ ਹਨ। ਮੈਂ ਅਕਸਰ ਲੋਕਾਂ ਨੂੰ ਕਹਿੰਦਾ ਰਿਹਾ ਹਾਂ ਕਿ ਭਾਰਤ ਸੁਧਾਰ ਐਕਸਪ੍ਰੈੱਸ ਵਿਚ ਸਵਾਰ ਹੋ ਚੁੱਕਿਆ ਹੈ। ਇਸ 'ਸੁਧਾਰ ਐਕਸਪ੍ਰੈੱਸ' ਦਾ ਮੁੱਖ ਇੰਜਣ ਭਾਰਤ ਦਾ ਜਨਸੰਖਿਆ ਢਾਂਚਾ, ਸਾਡੀ ਨੌਜਵਾਨ ਪੀੜ੍ਹੀ ਤੇ ਸਾਡੇ ਲੋਕਾਂ ਦੀ ਅਦੁੱਤੀ ਹਿੰਮਤ ਹੈ। 2025 ਨੂੰ ਭਾਰਤ ਲਈ ਇਕ ਅਜਿਹੇ ਸਾਲ ਵਜੋਂ ਯਾਦ ਕੀਤਾ ਜਾਵੇਗਾ, ਜਦੋਂ ਦੇਸ਼ ਨੇ ਪਿਛਲੇ 11 ਸਾਲਾਂ ਵਿਚ ਕੀਤੇ ਗਏ ਕੰਮਾਂ ਦੇ ਆਧਾਰ 'ਤੇ ਸੁਧਾਰਾਂ ਨੂੰ ਇਕ ਲਗਾਤਾਰ ਰਾਸ਼ਟਰੀ ਮਿਸ਼ਨ ਵਜੋਂ ਅੱਗੇ ਵਧਾਇਆ। ਅਸੀਂ ਅਦਾਰਿਆਂ ਨੂੰ ਆਧੁਨਿਕ ਬਣਾਉਂਦਿਆਂ ਸ਼ਾਸਨ ਨੂੰ ਸਰਲ ਕੀਤਾ ਅਤੇ ਲੰਬੇ ਸਮੇਂ ਤੱਕ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਵਾਲੇ ਵਿਕਾਸ ਦੀ ਮਜ਼ਬੂਤ ਨੀਂਹ ਰੱਖੀ। ਅਸੀਂ ਦ੍ਰਿੜ੍ਹ ਨਿਸਚੇ ਨਾਲ ਅੱਗੇ ਵਧਦੇ ਹੋਏ... ਵੱਡੇ ਟੀਚੇ ਤੈਅ ਕਰਦਿਆਂ ਤੇਜ਼ੀ ਨਾਲ ਕੰਮ ਪੂਰੇ ਕੀਤੇ ਤੇ ਵੱਡੇ ਬਦਲਾਅ ਕੀਤੇ ਹਨ। ਕੀਤੇ ਗਏ ਸੁਧਾਰਾਂ ਦੀ ਸੂਚੀ:-

ਜੀ.ਐੱਸ.ਟੀ. ਸੁਧਾਰ-5 ਫ਼ੀਸਦੀ ਤੇ 18 ਫ਼ੀਸਦੀ ਦੀਆਂ ਦੋ ਸਰਲ ਟੈਕਸ ਦਰਾਂ ਲਾਗੂ ਕੀਤੀਆਂ ਗਈਆਂ ਹਨ। ਜਿਸ ਨਾਲ ਘਰਾਂ, ਛੋਟੇ ਕਾਰੋਬਾਰਾਂ, ਕਿਸਾਨਾਂ ਤੇ ਕਿਰਤ-ਸੰਬੰਧੀ ਖੇਤਰਾਂ 'ਤੇ ਬੋਝ ਘਟਿਆ ਹੈ। ਇਨ੍ਹਾਂ ਸੁਧਾਰਾਂ ਨਾਲ ਖ਼ਪਤਕਾਰਾਂ ਦਾ ਭਰੋਸਾ ਤੇ ਮੰਗ ਵਧਣ ਨਾਲ ਤਿਉਹਾਰਾਂ ਦੌਰਾਨ ਵਿਕਰੀ 'ਚ ਵਾਧਾ ਹੋਇਆ ਹੈ।

ਮੱਧ ਵਰਗ ਨੂੰ ਬੇਮਿਸਾਲ ਰਾਹਤ-ਪਹਿਲੀ ਵਾਰ ਹੈ ਜਦੋਂ ਸਾਲਾਨਾ 12 ਲੱਖ ਤੱਕ ਕਮਾਉਣ ਵਾਲੇ ਲੋਕਾਂ ਨੂੰ ਕੋਈ ਆਮਦਨ ਟੈਕਸ ਨਹੀਂ ਦੇਣਾ ਪਵੇਗਾ। 1961 ਦੇ ਪੁਰਾਣੇ ਆਮਦਨ ਟੈਕਸ ਕਾਨੂੰਨ ਦੀ ਜਗ੍ਹਾ ਹੁਣ ਸਰਲ ਤੇ ਆਧੁਨਿਕ ਆਮਦਨ ਟੈਕਸ ਐਕਟ, 2025 ਲਾਗੂ ਕੀਤਾ ਗਿਆ ਹੈ। ਇਹ ਦੋਵੇਂ ਸੁਧਾਰ ਮਿਲ ਕੇ ਭਾਰਤ ਨੂੰ ਪਾਰਦਰਸ਼ੀ ਤੇ ਤਕਨੀਕ-ਆਧਾਰਿਤ ਟੈਕਸ ਵਿਵਸਥਾ ਵੱਲ ਲੈ ਜਾਂਦੇ ਹਨ।

ਛੋਟੇ ਤੇ ਦਰਮਿਆਨੇ ਕਾਰੋਬਾਰਾਂ ਨੂੰ ਹੁਲਾਰਾ-'ਛੋਟੀਆਂ ਕੰਪਨੀਆਂ' ਦੀ ਪਰਿਭਾਸ਼ਾ ਦਾ ਦਾਇਰਾ ਵਧਾ ਕੇ ਇਸ ਵਿਚ ਹੁਣ 100 ਕਰੋੜ ਰੁਪਏ ਤੱਕ ਦਾ ਕਾਰੋਬਾਰ ਕਰਨ ਵਾਲੀਆਂ ਕੰਪਨੀਆਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਇਸ ਨਾਲ ਹਜ਼ਾਰਾਂ ਕੰਪਨੀਆਂ 'ਤੇ ਨਿਯਮਾਂ ਦੀ ਪਾਲਣਾ ਦਾ ਬੋਝ ਤੇ ਉਸ ਨਾਲ ਜੁੜੀ ਲਾਗਤ ਘਟੇਗੀ।

100% ਐੱਫ.ਡੀ.ਆਈ-ਬੀਮਾ ਸੁਧਾਰ: ਭਾਰਤੀ ਬੀਮਾ ਕੰਪਨੀਆਂ 'ਚ 100 ਫ਼ੀਸਦੀ ਵਿਦੇਸ਼ੀ ਨਿਵੇਸ਼ ਦੀ ਇਜਾਜ਼ਤ ਦਿੱਤੀ ਗਈ ਹੈ, ਇਸ ਨਾਲ ਬੀਮੇ ਦਾ ਦਾਇਰਾ ਵਧੇਗਾ ਤੇ ਲੋਕਾਂ ਦੀ ਆਰਥਿਕ ਸੁਰੱਖਿਆ ਮਜ਼ਬੂਤ ਹੋਵੇਗੀ।

ਸੁਰੱਖਿਆ ਬਾਜ਼ਾਰ ਸੁਧਾਰ-ਸੰਸਦ 'ਚ ਸਕਿਉਰਿਟੀ ਬਾਜ਼ਾਰ ਕੋਡ ਬਿੱਲ ਪੇਸ਼ ਕੀਤਾ ਗਿਆ ਹੈ। ਇਸ ਨਾਲ ਸੇਬੀ 'ਚ ਸ਼ਾਸਨ ਦੇ ਨਿਯਮ ਮਜ਼ਬੂਤ ਹੋਣਗੇ, ਨਿਵੇਸ਼ਕਾਂ ਦੀ ਸੁਰੱਖਿਆ ਵਧੇਗੀ, ਨਿਯਮਾਂ ਦੀ ਪਾਲਣਾ ਦਾ ਬੋਝ ਘਟਣ ਨਾਲ ਵਿਕਸਿਤ ਭਾਰਤ ਲਈ ਇਕ ਤਕਨੀਕ-ਆਧਾਰਿਤ ਸਕਿਉਰਿਟੀ ਬਾਜ਼ਾਰ ਨੂੰ ਹੁਲਾਰਾ ਮਿਲੇਗਾ।

ਸਮੁੰਦਰੀ ਤੇ ਬਲਿਊ ਇਕਾਨਮੀ ਸੁਧਾਰ-ਸੰਸਦ ਦੇ ਇਕੋ ਮਾਨਸੂਨ ਸੈਸ਼ਨ ਦੌਰਾਨ 5 ਅਹਿਮ ਸਮੁੰਦਰੀ ਕਾਨੂੰਨ-ਬਿੱਲ ਆਫ਼ ਲੇਡਿੰਗ ਐਕਟ 2025; ਸਮੁੰਦਰੀ ਜ਼ਰੀਏ ਮਾਲ ਢੋਆ-ਢੁਆਈ ਬਿੱਲ 2025; ਤੱਟਵਰਤੀ ਜਹਾਜ਼ਰਾਨੀ ਬਿੱਲ 2025; ਮਰਚੈਂਟ ਸ਼ਿਪਿੰਗ ਬਿੱਲ 2025; ਤੇ ਭਾਰਤੀ ਬੰਦਰਗਾਹ ਬਿੱਲ 2025 ਪਾਸ ਕੀਤੇ ਗਏ। ਇਨ੍ਹਾਂ ਸੁਧਾਰਾਂ ਜ਼ਰੀਏ ਦਸਤਾਵੇਜ਼ੀ ਪ੍ਰਕਿਰਿਆ ਸਰਲ ਹੋਣ ਨਾਲ ਵਿਵਾਦਾਂ ਦਾ ਹੱਲ ਸੌਖਾ ਹੋ ਗਿਆ ਹੈ। 2025 ਦੇ ਰੱਦ ਤੇ ਸੋਧ ਬਿੱਲ ਜ਼ਰੀਏ 71 ਕਾਨੂੰਨਾਂ ਨੂੰ ਰੱਦ ਕੀਤਾ ਗਿਆ ਹੈ।

ਕਾਰੋਬਾਰ ਕਰਨ ਵਿਚ ਸੌਖ ਨੂੰ ਉਤਸ਼ਾਹਿਤ ਕਰਨਾ-ਸਿੰਥੈਟਿਕ ਫਾਈਬਰ, ਧਾਗੇ, ਪਲਾਸਟਿਕ ਤੇ ਬੇਸ ਮੈਟਲ ਨਾਲ ਜੁੜੇ 22 ਗੁਣਵੱਤਾ ਕੰਟਰੋਲ ਆਦੇਸ਼ ਪੂਰੀ ਤਰ੍ਹਾਂ ਹਟਾ ਦਿੱਤੇ ਗਏ ਹਨ, ਜਦਕਿ ਸਟੀਲ, ਇੰਜੀਨੀਅਰਿੰਗ, ਇਲੈਕਟ੍ਰੀਕਲ, ਮਿਸ਼ਰਤ ਧਾਤ ਤੇ ਖ਼ਪਤਕਾਰ ਉਤਪਾਦਾਂ ਨਾਲ ਜੁੜੇ 53 ਗੁਣਵੱਤਾ ਨਿਯੰਤਰਣ ਆਦੇਸ਼ਾਂ ਨੂੰ ਅਸਥਾਈ ਤੌਰ 'ਤੇ ਰੋਕਿਆ ਗਿਆ ਹੈ। ਇਸ ਨਾਲ ਭਾਰਤ ਦੇ ਲਿਬਾਸ ਨਿਰਯਾਤ ਵਿਚ ਵਾਧਾ ਹੋਵੇਗਾ, ਜੁੱਤੇ ਤੇ ਆਟੋਮੋਬਾਈਲ ਵਰਗੇ ਉਦਯੋਗਾਂ 'ਚ ਉਤਪਾਦਨ ਲਾਗਤ ਘਟੇਗੀ ਅਤੇ ਇਲੈਕਟ੍ਰੋਨਿਕਸ, ਸਾਈਕਲ ਤੇ ਵਾਹਨ ਉਤਪਾਦਾਂ ਦੀਆਂ ਘਰੇਲੂ ਕੀਮਤਾਂ ਘਟਣਗੀਆਂ।

ਇਤਿਹਾਸਕ ਕਿਰਤ ਸੁਧਾਰ-ਕਿਰਤ ਕਾਨੂੰਨਾਂ ਨੂੰ ਨਵਾਂ ਰੂਪ ਦਿੰਦਿਆਂ 29 ਵੱਖ-ਵੱਖ ਕਾਨੂੰਨਾਂ ਨੂੰ ਮਿਲਾ ਕੇ 4 ਆਧੁਨਿਕ ਕਿਰਤ ਕੋਡ ਬਣਾਏ ਗਏ ਹਨ। ਭਾਰਤ ਨੇ ਅਜਿਹਾ ਕਿਰਤ ਢਾਂਚਾ ਤਿਆਰ ਕੀਤਾ ਹੈ, ਜੋ ਕਿਰਤੀਆਂ ਦੇ ਹਿਤਾਂ ਦੀ ਰੱਖਿਆ ਕਰਦਿਆਂ ਵਪਾਰ ਦੇ ਮਾਹੌਲ ਨੂੰ ਵੀ ਮਜ਼ਬੂਤ ਬਣਾਉਂਦਾ ਹੈ। ਇਹ ਸੁਧਾਰ ਵਾਜਬ ਮਜ਼ਦੂਰੀ, ਸਮੇਂ 'ਤੇ ਮਜ਼ਦੂਰੀ ਦੀ ਅਦਾਇਗੀ, ਸਮਾਜਿਕ ਸੁਰੱਖਿਆ ਤੇ ਕਾਰਜ ਸਥਾਨਾਂ 'ਤੇ ਕੇਂਦ੍ਰਿਤ ਹਨ। ਇਨ੍ਹਾਂ ਨਾਲ ਕਾਰਜਬਲ ਵਿਚ ਮਹਿਲਾਵਾਂ ਦੀ ਭਾਗੀਦਾਰੀ ਵਧੇਗੀ।

ਭਾਰਤੀ ਉਤਪਾਦਾਂ ਲਈ ਵੰਨ-ਸੁਵੰਨੇ ਤੇ ਵਿਸਤ੍ਰਿਤ ਬਾਜ਼ਾਰ-ਨਿਊਜ਼ੀਲੈਂਡ, ਓਮਾਨ ਤੇ ਬ੍ਰਿਟੇਨ ਨਾਲ ਵਪਾਰ ਸਮਝੌਤੇ ਕੀਤੇ ਗਏ ਹਨ। ਇਸ ਨਾਲ ਨਿਵੇਸ਼ ਤੇ ਰੁਜ਼ਗਾਰ ਦੇ ਮੌਕੇ ਵਧਣਗੇ ਅਤੇ ਸਥਾਨਕ ਉੱਦਮੀਆਂ ਨੂੰ ਹੱਲਾਸ਼ੇਰੀ ਮਿਲੇਗੀ।

ਪ੍ਰਮਾਣੂ ਊਰਜਾ ਸੁਧਾਰ-ਸ਼ਾਂਤੀ ਐਕਟ ਭਾਰਤ ਦੀ ਸਾਫ਼ ਊਰਜਾ ਤੇ ਟੈਕਨੋਲੋਜੀ ਯਾਤਰਾ ਵਿਚ ਇਕ ਅਹਿਮ ਕਦਮ ਹੈ। ਇਹ ਭਾਰਤ ਦੇ ਏ.ਆਈ. ਯੁੱਗ ਦੀਆਂ ਵਧਦੀਆਂ ਊਰਜਾ ਜ਼ਰੂਰਤਾਂ-ਡੇਟਾ ਸੈਂਟਰ, ਉੱਨਤ ਨਿਰਮਾਣ, ਗ੍ਰੀਨ ਹਾਈਡ੍ਰੋਜਨ ਤੇ ਉੱਚ-ਤਕਨੀਕੀ ਉਦਯੋਗ ਨੂੰ ਊਰਜਾ ਪ੍ਰਦਾਨ ਕਰਨ ਦੇ ਯੋਗ ਬਣਾਉਂਦਾ ਹੈ। ਪ੍ਰਮਾਣੂ ਟੈਕਨੋਲੋਜੀਆਂ ਦੀ ਸ਼ਾਂਤੀਪੂਰਨ ਵਰਤੋਂ-ਸਿਹਤ ਸੰਭਾਲ, ਖੇਤੀਬਾੜੀ, ਭੋਜਨ ਸੁਰੱਖਿਆ, ਪਾਣੀ ਦਾ ਪ੍ਰਬੰਧਨ, ਉਦਯੋਗ, ਖੋਜ ਤੇ ਵਾਤਾਵਰਨ ਸਥਿਰਤਾ ਨੂੰ ਉਤਸ਼ਾਹਿਤ ਕਰਦੀ ਹੈ।

ਪੇਂਡੂ ਰੁਜ਼ਗਾਰ ਗਾਰੰਟੀ ਵਿਚ ਅਹਿਮ ਸੁਧਾਰ-ਵਿਕਸਿਤ ਭਾਰਤ - ਪੇਂਡੂ ਰੁਜ਼ਗਾਰ ਗਰੰਟੀ ਐਕਟ, 2025 ਦੇ ਤਹਿਤ ਰੁਜ਼ਗਾਰ ਗਰੰਟੀ ਨੂੰ 100 ਦਿਨਾਂ ਤੋਂ ਵਧਾ ਕੇ 125 ਦਿਨ ਕੀਤਾ ਗਿਆ ਹੈ। ਇਸ ਨਾਲ ਪਿੰਡਾਂ 'ਚ ਬੁਨਿਆਦੀ ਢਾਂਚਾ ਤੇ ਆਜੀਵਿਕਾ ਨੂੰ ਮਜ਼ਬੂਤ ਕਰਨ 'ਤੇ ਖ਼ਰਚ ਵਧੇਗਾ।

ਸਿੱਖਿਆ ਸੁਧਾਰ-ਸਿੱਖਿਆ ਸੁਧਾਰ ਲਈ ਸੰਸਦ 'ਚ ਬਿੱਲ ਪੇਸ਼ ਕੀਤਾ ਗਿਆ ਹੈ। ਇਕ ਏਕੀਕ੍ਰਿਤ ਉੱਚ ਸਿੱਖਿਆ ਰੈਗੂਲੇਟਰ ਸਥਾਪਿਤ ਕੀਤਾ ਜਾਵੇਗਾ। ਯੂ.ਜੀ.ਸੀ., ਏ.ਆਈ.ਸੀ.ਟੀ.ਈ. ਅਤੇ ਐੱਨ.ਸੀ.ਟੀ.ਈ. ਵਰਗੇ ਵੱਖ-ਵੱਖ ਅਦਾਰਿਆਂ ਦੀ ਜਗ੍ਹਾ 'ਵਿਕਸਿਤ ਭਾਰਤ ਸਿਕਸ਼ਾ ਅਧਿਸ਼ਠਾਨ' ਸਥਾਪਿਤ ਕੀਤਾ ਜਾਵੇਗਾ।

2025 ਦੇ ਇਨ੍ਹਾਂ ਸੁਧਾਰਾਂ ਦੀ ਮਹੱਤਤਾ ਸਿਰਫ਼ ਉਨ੍ਹਾਂ ਦੇ ਆਕਾਰ ਵਿਚ ਨਹੀਂ, ਸਗੋਂ ਉਨ੍ਹਾਂ ਦੀ ਮੂਲ ਭਾਵਨਾ ਵਿਚ ਵੀ ਹੈ। ਸਾਡੀ ਸਰਕਾਰ ਨੇ ਆਧੁਨਿਕ ਲੋਕਤੰਤਰ ਦੀ ਭਾਵਨਾ ਤਹਿਤ ਕੰਟਰੋਲ ਕਰਨ ਦੀ ਬਜਾਏ ਸਹਿਯੋਗ ਤੇ ਨਿਯਮਾਂ ਦੀ ਬਜਾਏ ਸਹੂਲਤ ਨੂੰ ਤਰਜੀਹ ਦਿੱਤੀ ਹੈ। ਇਹ ਸੁਧਾਰ ਛੋਟੇ ਕਾਰੋਬਾਰਾਂ, ਨੌਜਵਾਨ ਪੇਸ਼ੇਵਰਾਂ, ਕਿਸਾਨਾਂ, ਕਾਮਿਆਂ ਤੇ ਮੱਧ ਵਰਗ ਦੀਆਂ ਹਕੀਕਤਾਂ ਨੂੰ ਸਮਝਦੇ ਹੋਏ ਹਮਦਰਦੀ ਨਾਲ ਬਣਾਏ ਗਏ ਹਨ, ਜੋ ਸਲਾਹ-ਮਸ਼ਵਰੇ, ਡੇਟਾ ਤੇ ਭਾਰਤ ਦੀਆਂ ਸੰਵਿਧਾਨਕ ਕਦਰਾਂ-ਕੀਮਤਾਂ 'ਤੇ ਆਧਾਰਿਤ ਹਨ। ਇਹ ਸੁਧਾਰ ਸਾਡੇ ਦਹਾਕੇ ਦੇ ਯਤਨਾਂ ਨੂੰ ਗਤੀ ਦਿੰਦੇ ਹਨ, ਜਿਸ ਨਾਲ ਅਸੀਂ ਕੰਟਰੋਲ ਆਧਾਰਿਤ ਅਰਥਵਿਵਸਥਾ ਤੋਂ ਉਸ ਅਰਥਵਿਵਸਥਾ ਵੱਲ ਵਧੇ ਹਾਂ। ਇਹ ਸੁਧਾਰ ਇਕ ਖ਼ੁਸ਼ਹਾਲ ਤੇ ਸਵੈ-ਨਿਰਭਰ ਭਾਰਤ ਬਣਾਉਣ ਦੇ ਮੰਤਵ ਨਾਲ ਕੀਤੇ ਗਏ ਹਨ। ਵਿਕਸਿਤ ਭਾਰਤ ਦਾ ਨਿਰਮਾਣ ਸਾਡੀ ਵਿਕਾਸ ਯਾਤਰਾ ਦੀ ਮੁੱਖ ਦਿਸ਼ਾ ਹੈ, ਅਸੀਂ ਆਉਣ ਵਾਲੇ ਸਾਲਾਂ 'ਚ ਵੀ ਸੁਧਾਰਾਂ ਦੇ ਏਜੰਡੇ ਨੂੰ ਜਾਰੀ ਰੱਖਾਂਗੇ। ਮੈਂ ਭਾਰਤ ਤੇ ਵਿਦੇਸ਼ਾਂ 'ਚ ਸਾਰਿਆਂ ਨੂੰ ਭਾਰਤ ਦੀ ਵਿਕਾਸ ਕਹਾਣੀ ਦੇ ਨਾਲ ਆਪਣੇ ਸੰਬੰਧ ਨੂੰ ਹੋਰ ਮਜ਼ਬੂਤ ਕਰਨ ਦੀ ਤਾਕੀਦ ਕਰਦਾ ਹਾਂ।



# ਅਮਰੀਕਾ ਗ੍ਰੀਨਲੈਂਡ ਨੂੰ ਖਰੀਦਣ ਲਈ ਕੀ ਪੈਸੇ ਦੀ ਤਾਕਤ ਵਰਤੇਗਾ ?

## ਖਾਸ ਖ਼ਬਰ ✪ ਹਰ ਨਾਗਰਿਕ ਨੂੰ 1 ਲੱਖ ਡਾਲਰ ਦੇਣ ਦੀ ਯੋਜਨਾ, ਡੈਨਮਾਰਕ ਅਤੇ ਗ੍ਰੀਨਲੈਂਡ ਨੇ ਕਿਉਂ ਕੀਤਾ ਵਿਰੋਧ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਦੁਨੀਆ ਨੂੰ ਹੈਰਾਨ ਕਰ ਦਿੱਤਾ ਹੈ। ਉਹ ਵਿਸ਼ਵ ਦੇ ਸਭ ਤੋਂ ਵੱਡੇ ਟਾਪੂ ਗ੍ਰੀਨਲੈਂਡ ਨੂੰ ਖਰੀਦਣ ਲਈ ਇੱਕ ਅਜਿਹੀ ਰਣਨੀਤੀ ਤੇ ਕੰਮ ਕਰ ਰਹੇ ਹਨ, ਜਿਸ ਵਰਗੀ ਇਤਿਹਾਸ ਵਿੱਚ ਨਹੀਂ ਮਿਲਦੀ। ਰਿਪੋਰਟਾਂ ਮੁਤਾਬਕ, ਅਮਰੀਕਾ ਗ੍ਰੀਨਲੈਂਡ ਦੇ ਨਾਗਰਿਕਾਂ ਨੂੰ ਸਿੱਧੇ ਪੈਸੇ ਦੇਣ ਦਾ ਲਾਲਚ ਦੇ ਕੇ ਉਨ੍ਹਾਂ ਨੂੰ ਡੈਨਮਾਰਕ ਤੋਂ ਵੱਖ ਹੋਣ ਅਤੇ ਅਮਰੀਕਾ ਦਾ ਹਿੱਸਾ ਬਣਨ ਲਈ ਉਕਸਾ ਰਿਹਾ ਹੈ। ਇਹ ਕਦਮ ਨਾ ਸਿਰਫ ਅੰਤਰਰਾਸ਼ਟਰੀ ਕੂਟਨੀਤੀ ਦੇ ਨਿਯਮਾਂ ਨੂੰ ਚੁਣੌਤੀ ਦੇ ਰਿਹਾ ਹੈ, ਸਗੋਂ ਆਰਕਟਿਕ ਖੇਤਰ ਵਿੱਚ ਵੱਡੀਆਂ ਤਾਕਤਾਂ ਵਿਚਕਾਰ ਨਵੇਂ ਯੁੱਧ ਦੀ ਆਹਟ ਵੀ ਦੇ ਰਿਹਾ ਹੈ।

ਰਾਇਟਰਜ਼ ਦੀ ਰਿਪੋਰਟ ਅਨੁਸਾਰ, ਟਰੰਪ ਪ੍ਰਸ਼ਾਸਨ ਗ੍ਰੀਨਲੈਂਡ ਦੇ ਲਗਭਗ 57,000 ਨਾਗਰਿਕਾਂ ਨੂੰ ਲੁਭਾਉਣ ਲਈ 10,000 ਤੋਂ 1,00,000 ਡਾਲਰ ਤੱਕ ਦੀ ਇੱਕ ਵਾਰੀ ਰਕਮ ਦੇਣ ਤੇ ਵਿਚਾਰ ਕਰ ਰਿਹਾ ਹੈ। ਇਸ ਯੋਜਨਾ ਦੀ ਅੰਦਾਜ਼ਨ ਲਾਗਤ ਲਗਭਗ 6 ਅਰਬ ਡਾਲਰ ਹੈ। ਅਮਰੀਕਾ ਦਾ ਵਿਚਾਰ ਹੈ ਕਿ ਲੋਕਾਂ ਨੂੰ ਸਿੱਧੇ ਆਰਥਿਕ ਲਾਭ ਪਹੁੰਚਾ ਕੇ ਉਹ ਡੈਨਮਾਰਕ ਵੱਲ ਉਨ੍ਹਾਂ ਦੀ ਵਫ਼ਾਦਾਰੀ ਬਦਲ ਸਕਦਾ ਹੈ। ਹਾਲਾਂਕਿ ਇਹ ਪ੍ਰਸਤਾਵ ਅਜੇ ਚਰਚਾ ਵਿੱਚ ਹੈ, ਪਰ ਇਸ ਨੇ ਵਿਸ਼ਵ ਪੱਧਰ ਤੇ ਨੈਤਿਕਤਾ ਅਤੇ ਸੰਪ੍ਰਭੁਤਾ ਦੀ ਬਹਿਸ ਛੇੜ ਦਿੱਤੀ ਹੈ।

ਟਰੰਪ ਲਈ ਗ੍ਰੀਨਲੈਂਡ ਸਿਰਫ ਜ਼ਮੀਨ ਦਾ ਟੁਕੜਾ ਨਹੀਂ, ਸਗੋਂ ਰਾਸ਼ਟਰੀ ਸੁਰੱਖਿਆ ਦਾ ਇੱਕ ਮਜ਼ਬੂਤ ਕਿਲ੍ਹਾ ਹੈ। ਆਰਕਟਿਕ ਖੇਤਰ ਵਿੱਚ ਰੂਸ ਦੀ ਵਧਦੀ ਫੌਜੀ ਮੌਜੂਦਗੀ ਅਤੇ ਚੀਨ ਦੇ 'ਪੋਲਰ ਸਿਲਕ ਰੋਡ' ਪ੍ਰੋਜੈਕਟ ਨੇ ਅਮਰੀਕਾ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਗ੍ਰੀਨਲੈਂਡ ਉਪਰ ਨਿਯੰਤਰਣ ਕਰ ਕੇ ਅਮਰੀਕਾ ਉੱਤਰੀ ਧਰੁਵ ਤੇ ਆਪਣੀ ਫੌਜੀ ਉੱਤਮਤਾ ਬਣਾਉਣਾ ਚਾਹੁੰਦਾ ਹੈ। ਟਰੰਪ ਪਹਿਲਾਂ ਵੀ ਕਹਿ ਚੁੱਕੇ ਹਨ ਕਿ ਫੌਜੀ ਵਿਕਲਪ ਮੇਜ਼ ਤੇ ਹਨ, ਜੋ ਦਰਸਾਉਂਦਾ ਹੈ ਕਿ ਅਮਰੀਕਾ ਇਸ ਖੇਤਰ ਨੂੰ ਕਿੰਨਾ ਮਹੱਤਵਪੂਰਨ ਮੰਨਦਾ ਹੈ।

ਡੈਨਮਾਰਕ ਅਤੇ ਗ੍ਰੀਨਲੈਂਡ ਦੇ ਲੀਡਰਾਂ ਨੇ ਇਸ ਅਮਰੀਕੀ ਯੋਜਨਾ ਨੂੰ 'ਹਾਸੋਹੀਣਾ' ਕਹਿ ਕੇ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਡੈਨਮਾਰਕ ਦੀ ਪ੍ਰਧਾਨ ਮੰਤਰੀ ਨੇ ਚੇਤਾਵਨੀ ਦਿੱਤੀ ਹੈ ਕਿ ਗ੍ਰੀਨਲੈਂਡ ਤੇ ਕਿਸੇ ਵੀ ਤਰ੍ਹਾਂ ਦਾ ਦਬਾਅ ਜਾਂ ਹਮਲਾ ਨਾਟੋ ਗਠਜੋੜ ਦੀ ਨੀਂਹ ਨੂੰ ਹਿਲਾ ਸਕਦਾ ਹੈ। ਯੂਰਪੀ ਮੁਲਕਾਂ ਜਿਵੇਂ ਫਰਾਂਸ ਅਤੇ ਜਰਮਨੀ ਨੇ ਵੀ ਗ੍ਰੀਨਲੈਂਡ ਦੀ ਖੇਤਰੀ ਅਖੰਡਤਾ ਦਾ ਸਮਰਥਨ ਕੀਤਾ ਹੈ। ਇਹ ਵਿਵਾਦ ਅਮਰੀਕਾ ਨੂੰ ਆਪਣੇ ਹੀ ਸਹਿਯੋਗੀਆਂ ਨਾਲ ਰਿਸ਼ਤੇ ਤਣਾਅਪੂਰਨ ਬਣਾ ਰਿਹਾ ਹੈ, ਜਿਸ ਨਾਲ ਪੱਛਮੀ ਗਠਜੋੜ ਵਿੱਚ ਦਰਾੜ ਪੈਣ ਦਾ ਖ਼ਤਰਾ ਹੈ।

ਗ੍ਰੀਨਲੈਂਡ ਦੀ ਅਹਿਮੀਅਤ ਉੱਥੇ ਲੁਕੇ ਹੋਏ ਦੁਰਲੱਭ ਖਣਿਜਾਂ (ਰੇਅਰ ਅਰਥ ਮਿਨਰਲਜ਼), ਤੇਲ ਅਤੇ ਗੈਸ ਦੇ ਵਿਸ਼ਾਲ ਭੰਡਾਰਾਂ ਕਰਕੇ ਹੈ। ਜਿਵੇਂ-ਜਿਵੇਂ ਜਲਵਾਯੂ ਬਦਲਾਅ ਕਰਕੇ ਬਰਫ ਪਿਘਲ ਰਹੀ ਹੈ, ਇਹ ਸਾਧਨ ਵਧੇਰੇ ਉਪਲੱਬਧ ਹੋ ਰਹੇ ਹਨ। ਸਮਾਰਟਫੋਨਾਂ ਤੋਂ ਲੈ ਕੇ ਲੜਾਕੂ ਜਹਾਜ਼ ਬਣਾਉਣ ਤੱਕ ਵਰਤੇ ਜਾਣ ਵਾਲੇ ਖਣਿਜਾਂ ਤੇ ਨਿਯੰਤਰਣ ਲਈ ਇਹ ਇੱਕ 'ਸਾਧਨ ਯੁੱਧ' ਵਰਗਾ ਹੈ। ਅਮਰੀਕਾ ਚਾਹੁੰਦਾ ਹੈ ਕਿ ਭਵਿੱਖ ਦੀ ਇਸ ਖਣਿਜ ਸੰਪੱਤੀ ਤੇ ਡੈਨਮਾਰਕ ਦੀ ਬਜਾਏ ਉਸ ਦਾ ਅਧਿਕਾਰ ਹੋਵੇ, ਤਾਂ ਜੋ ਉਹ ਚੀਨ ਤੇ ਆਪਣੀ ਨਿਰਭਰਤਾ ਘਟਾ ਸਕੇ।



### ਕੀ ਕਹਿੰਦੀਆਂ ਹਨ ਇੰਟਰਨੈਸ਼ਨਲ ਅਖਬਾਰਾਂ

ਅਮਰੀਕੀ ਅਖ਼ਬਾਰਾਂ ਵਿੱਚ ਇਸ ਮਾਮਲੇ ਤੇ ਵੱਖ-ਵੱਖ ਵਿਚਾਰ ਹਨ। ਨਿਊਯਾਰਕ ਟਾਈਮਜ਼ ਨੇ ਲਿਖਿਆ ਹੈ ਕਿ ਅਮਰੀਕਾ ਕੋਲ ਪਹਿਲਾਂ ਹੀ ਗ੍ਰੀਨਲੈਂਡ ਵਿੱਚ ਫੌਜੀ ਪਹੁੰਚ ਹੈ ਅਤੇ ਖਰੀਦਣ ਦੀ ਜ਼ਰੂਰਤ ਨਹੀਂ। ਵਾਸ਼ਿੰਗਟਨ ਪੋਸਟ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਨਾਟੋ ਨੂੰ ਤੋੜ ਸਕਦਾ ਹੈ। ਰੂਸੀ ਅਖ਼ਬਾਰਾਂ ਜਿਵੇਂ ਆਰਟੀ ਨੇ ਇਸ ਨੂੰ ਅਮਰੀਕੀ ਸਾਮਰਾਜ ਵਾਦ ਵਜੋਂ ਵੇਖਿਆ ਹੈ ਅਤੇ ਕਿਹਾ ਹੈ ਕਿ ਟਰੰਪ ਦੇ ਦਾਅਵੇ ਝੂਠੇ ਹਨ, ਕਿਉਂਕਿ ਉੱਥੇ ਰੂਸੀ ਜਹਾਜ਼ਾਂ ਦੀ ਮੌਜੂਦਗੀ ਬਾਰੇ ਕੋਈ ਸਬੂਤ ਨਹੀਂ। ਚੀਨੀ ਅਖ਼ਬਾਰਾਂ ਜਿਵੇਂ ਗਲੋਬਲ ਟਾਈਮਜ਼ ਨੇ ਕਿਹਾ ਹੈ ਕਿ ਅਮਰੀਕਾ ਹੋਰ ਮੁਲਕਾਂ ਨੂੰ ਬਹਾਨਾ ਬਣਾ ਕੇ ਆਪਣੇ ਹਿੱਤ ਪੂਰੇ ਕਰ ਰਿਹਾ ਹੈ ਅਤੇ ਚੀਨ ਦੀ ਆਰਕਟਿਕ ਗਤੀਵਿਧੀਆਂ ਅੰਤਰਰਾਸ਼ਟਰੀ ਕਾਨੂੰਨ ਅਨੁਸਾਰ ਹਨ।

ਡੈਨਮਾਰਕ ਅਤੇ ਗ੍ਰੀਨਲੈਂਡ ਦਾ ਕਹਿਣਾ ਹੈ ਕਿ ਇਹ ਇਲਾਕਾ ਵਿਕਰੀ ਲਈ ਨਹੀਂ ਹੈ। ਡੈਨਮਾਰਕ ਨੇ ਟਰੰਪ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਹੈ ਕਿ ਫੌਜੀ ਕਾਰਵਾਈ ਨਾਲ ਟਰਾਂਸ ਅਟਲਾਂਟਿਕ ਰੱਖਿਆ ਗਠਜੋੜ ਯਾਨੀ ਨਾਟੋ ਖ਼ਤਮ ਹੋ ਜਾਵੇਗਾ। ਵਾਸ਼ਿੰਗਟਨ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਪੱਸ਼ਟ ਕਿਹਾ ਹੈ ਕਿ ਉਹ ਗ੍ਰੀਨਲੈਂਡ ਤੇ ਨਿਯੰਤਰਣ ਕਰਨ ਜਾ ਰਹੇ ਹਨ। ਟਰੰਪ ਦਾ ਕਹਿਣਾ ਹੈ ਕਿ ਰੂਸ ਅਤੇ ਚੀਨ ਨੂੰ ਅਜਿਹਾ ਕਰਨ ਤੋਂ ਰੋਕਣ ਲਈ ਅਮਰੀਕਾ ਨੂੰ ਗ੍ਰੀਨਲੈਂਡ ਤੇ ਕਬਜ਼ਾ ਕਰਨਾ ਪਵੇਗਾ।

### ਵਾਈਟ ਹਾਊਸ ਨੇ ਕਿਹਾ ਹੈ ਕਿ ਅਮਰੀਕੀ ਪ੍ਰਸ਼ਾਸਨ ਨਾਟੋ ਦੇ ਮੈਂਬਰ

ਡੋਨਾਲਡ ਟਰੰਪ ਨੇ ਪਿਛਲੇ ਸਾਲ ਅਤੇ ਹਾਲੀਆ ਦਿਨਾਂ ਵਿੱਚ ਕਈ ਵਾਰ ਕਿਹਾ ਹੈ ਕਿ ਇਹ ਇਲਾਕਾ ਰੂਸੀ ਅਤੇ ਚੀਨੀ ਜਹਾਜ਼ਾਂ ਨਾਲ ਭਰਿਆ ਹੋਇਆ ਹੈ। ਅਜਿਹੇ ਵਿੱਚ ਅਮਰੀਕਾ ਨੂੰ ਇੱਥੇ ਨਿਯੰਤਰਣ ਕਰਨਾ ਪਵੇਗਾ। ਹਾਲਾਂਕਿ ਅਮਰੀਕਾ ਦਾ ਗ੍ਰੀਨਲੈਂਡ ਵਿੱਚ ਪਿਛਲੇ 75 ਸਾਲਾਂ ਤੋਂ ਫੌਜੀ ਅੱਡਾ ਹੈ। ਅਮਰੀਕਾ ਨੂੰ ਗ੍ਰੀਨਲੈਂਡ ਵਿੱਚ ਆਪਣੇ ਫੌਜੀ ਰੱਖਣ ਦਾ ਅਧਿਕਾਰ ਹੈ ਪਰ ਟਰੰਪ ਇਸ ਤੋਂ ਵੱਧ ਯਾਨੀ ਪੂਰਾ ਨਿਯੰਤਰਣ ਚਾਹੁੰਦੇ ਹਨ।

ਗ੍ਰੀਨਲੈਂਡ ਉੱਤਰ ਅਮਰੀਕਾ ਅਤੇ ਆਰਕਟਿਕ ਵਿਚਕਾਰ ਹੈ। ਇੱਥੇ ਦੇ ਲੋਕ ਆਪਣਾ ਸ਼ਾਸਨ ਚਲਾਉਂਦੇ ਹਨ ਪਰ ਵਿਦੇਸ਼ ਨੀਤੀ ਅਤੇ ਫੌਜ ਡੈਨਮਾਰਕ ਕੋਲ ਹੈ। ਆਪਣੀ ਵਿਸ਼ੇਸ਼ ਸਥਿਤੀ (ਲੋਕੇਸ਼ਨ) ਕਰਕੇ ਗ੍ਰੀਨਲੈਂਡ ਮਿਸਾਈਲ ਹਮਲਿਆਂ ਦੀ ਸਥਿਤੀ ਵਿੱਚ ਅਰਲੀ ਵਾਰਨਿੰਗ ਸਿਸਟਮ ਲਈ ਅਹਿਮ ਹੈ। ਜਹਾਜ਼ਾਂ ਦੀ ਨਿਗਰਾਨੀ ਲਈ ਵੀ ਇਹ ਰਣਨੀਤਕ ਤੌਰ ਤੇ ਮਹੱਤਵਪੂਰਨ ਹੈ। ਵਾਈਟ ਹਾਊਸ ਨੇ ਕਿਹਾ ਹੈ ਕਿ ਗ੍ਰੀਨਲੈਂਡ ਨੂੰ ਅਮਰੀਕਾ ਦਾ ਹਿੱਸਾ ਬਣਾਉਣ ਲਈ ਫੌਜ ਦੀ ਵਰਤੋਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅਮਰੀਕੀ ਧਮਕੀਆਂ ਤੋਂ ਬਾਅਦ ਡੈਨਮਾਰਕ ਨੇ ਗ੍ਰੀਨਲੈਂਡ ਦੀ ਰੱਖਿਆ ਲਈ ਮੁਕਾਬਲੇ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਡੈਨਮਾਰਕ ਦੇ ਸੰਸਦ ਮੈਂਬਰ ਅਤੇ ਡਿਫੈਂਸ ਕਮੇਟੀ ਦੇ ਚੇਅਰਪਰਸਨ ਰਾਸਮਸ ਜਾਰਲੋਵ ਨੇ ਕਿਹਾ ਕਿ ਜੇ ਅਮਰੀਕਾ ਗ੍ਰੀਨਲੈਂਡ ਤੇ ਹਮਲਾ ਕਰਦਾ ਹੈ ਤਾਂ ਡੈਨਮਾਰਕ ਨੂੰ ਆਪਣੀ ਰੱਖਿਆ ਕਰਨੀ ਪਵੇਗੀ। ਜਾਰਲੋਵ ਨੇ ਇਹ ਵੀ ਦੱਸਿਆ ਕਿ ਟਰੰਪ ਲਈ ਗ੍ਰੀਨਲੈਂਡ ਤੇ ਹਮਲੇ ਲਈ ਕੋਈ ਖ਼ਤਰਾ, ਦੁਸ਼ਮਣੀ ਜਾਂ ਅਜਿਹੀ ਕੋਈ ਵਜ੍ਹਾ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਅਮਰੀਕਾ ਕੋਲ ਪਹਿਲਾਂ ਹੀ ਗ੍ਰੀਨਲੈਂਡ ਤੱਕ ਪਹੁੰਚ ਹੈ ਅਤੇ ਦੋਹਾਂ ਮੁਲਕਾਂ ਵਿਚਕਾਰ ਇੱਕ ਰੱਖਿਆ ਸਮਝੌਤਾ ਹੈ ਜੋ ਉਨ੍ਹਾਂ ਨੂੰ ਖਨਨ ਕਰਨ ਦੀ ਇਜਾਜ਼ਤ ਦਿੰਦਾ ਹੈ। ਉਨ੍ਹਾਂ ਨੇ ਕਿਹਾ ਕਿ 'ਅਮਰੀਕਾ ਨੂੰ ਅਜਿਹਾ ਕਰਨ ਦੀ ਬਿਲਕੁਲ ਕੋਈ ਜ਼ਰੂਰਤ ਨਹੀਂ ਹੈ ਅਤੇ ਸਾਨੂੰ ਉਮੀਦ ਹੈ ਕਿ ਇਹ ਮਾਮਲਾ ਅੱਗੇ ਨਹੀਂ ਵਧੇਗਾ'।

ਇਸ ਵਿਚਕਾਰ ਡੈਨਮਾਰਕ ਦੀ ਪ੍ਰਧਾਨ ਮੰਤਰੀ ਮੇਟੇ ਫ੍ਰੈਡਰਿਕਸਨ ਨੇ ਚੇਤਾਵਨੀ ਦਿੱਤੀ ਹੈ ਕਿ ਗ੍ਰੀਨਲੈਂਡ ਤੇ ਅਮਰੀਕਾ ਹਮਲਾ ਨਾਟੋ ਦੇ ਅੰਤ ਦਾ ਕਾਰਨ ਬਣ ਸਕਦਾ ਹੈ। ਨਾਲ ਹੀ, ਵਾਈਟ ਹਾਊਸ ਦੀ ਪ੍ਰੈੱਸ ਸੈਕਰੇਟਰੀ ਕੈਰੋਲਿਨ ਲੇਵਿਟ ਨੇ ਕਿਹਾ ਕਿ ਵਾਸ਼ਿੰਗਟਨ ਵਿੱਚ ਗ੍ਰੀਨਲੈਂਡ ਨੂੰ ਹਾਸਲ ਕਰਨ ਲਈ ਕਈ ਵਿਕਲਪਾਂ ਤੇ ਵਿਚਾਰ ਕੀਤਾ ਜਾ ਰਿਹਾ ਹੈ ਅਤੇ ਇਸ ਵਿੱਚ ਫੌਜੀ ਬਲ ਦੀ ਵਰਤੋਂ ਵੀ ਇੱਕ ਵਿਕਲਪ ਹੈ।

ਡੋਨਾਲਡ ਟਰੰਪ ਨੇ ਗ੍ਰੀਨਲੈਂਡ ਤੇ ਕਬਜ਼ਾ ਜਮਾਉਣ ਦੀ ਬਿਆਨਬਾਜ਼ੀ ਤੋਂ ਬਾਅਦ ਅਮਰੀਕਾ ਅਤੇ ਡੈਨਮਾਰਕ ਵਿੱਚ ਤਣਾਅ ਵਧ ਗਿਆ ਹੈ। ਗ੍ਰੀਨਲੈਂਡ ਦੇ ਲੋਕਾਂ ਦੀ ਰਾਏ ਸਭ ਤੋਂ ਅਹਿਮ ਹੈ, ਜੋ ਅਮਰੀਕੀ ਨਿਯੰਤਰਣ ਨੂੰ ਨਕਾਰ ਰਹੇ ਹਨ। ਇਹ ਮਾਮਲਾ ਅਜੇ ਵਧੇਰੇ ਗਰਮਾਉਣ ਵਾਲਾ ਹੈ ਅਤੇ ਵਿਸ਼ਵ ਨੇਤਾਵਾਂ ਨੂੰ ਸੰਭਾਲ ਕੇ ਚੱਲਣਾ ਪਵੇਗਾ।

# ਭਾਰਤ ਦੇ ਇਤਰਾਜ਼ਾਂ ਤੋਂ ਬਾਅਦ ਵੀ ਚੀਨ ਦਾ ਅੜੀਅਲ ਰੁਖ

## ✪ ਸ਼ਕਸਗਾਮ ਘਾਟੀ 'ਤੇ ਆਪਣਾ ਖੇਤਰੀ ਦਾਅਵਾ ਪੇਸ਼

ਬੀਜਿੰਗ-ਚੀਨ ਨੇ ਬੀਤੇ ਦਿਨੀਂ ਭਾਰਤ ਦੇ ਇਤਰਾਜ਼ਾਂ ਦੇ ਪਿਛੋਕੜ ਵਿਚ ਸ਼ਕਸਗਾਮ ਘਾਟੀ 'ਤੇ ਆਪਣੇ ਖੇਤਰੀ ਦਾਅਵਿਆਂ ਦੀ ਪੁਸ਼ਟੀ ਕੀਤੀ। ਭਾਰਤ ਨੇ ਪਿਛਲੇ ਸ਼ੁੱਕਰਵਾਰ ਨੂੰ ਸ਼ਕਸਗਾਮ ਘਾਟੀ ਵਿਚ ਚੀਨ ਦੇ ਬੁਨਿਆਦੀ ਢਾਂਚਾ ਵਿਕਾਸ ਪ੍ਰਾਜੈਕਟਾਂ ਦੀ ਅਲੋਚਨਾ ਕਰਦੇ ਹੋਏ ਕਿਹਾ ਕਿ ਉਹ ਆਪਣੇ ਹਿੱਤਾਂ ਦੀ ਰਾਖੀ ਲਈ ਜ਼ਰੂਰੀ ਅਧਿਕਾਰ ਰੱਖਦਾ ਹੈ ਕਿਉਂਕਿ ਇਹ ਇੱਕ ਭਾਰਤੀ ਖੇਤਰ ਹੈ। ਪਾਕਿਸਤਾਨ ਨੇ 1963 ਵਿਚ ਸ਼ਕਸਗਾਮ ਘਾਟੀ ਵਿੱਚ 5,180 ਵਰਗ ਕਿਲੋਮੀਟਰ ਭਾਰਤੀ ਖੇਤਰ ਨੂੰ ਗੈਰ-ਕਾਨੂੰਨੀ ਤੌਰ 'ਤੇ ਆਪਣੇ ਕਬਜ਼ੇ ਵਾਲੇ ਖੇਤਰਾਂ ਤੋਂ ਚੀਨ ਨੂੰ ਸੌਂਪ ਦਿੱਤਾ ਸੀ। ਸ਼ਕਸਗਾਮ ਘਾਟੀ ਭਾਰਤੀ ਖੇਤਰ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਅਸੀਂ 1963 ਵਿਚ ਹਸਤਾਖਰ ਕੀਤੇ ਗਏ ਅਖੌਤੀ ਚੀਨ-ਪਾਕਿਸਤਾਨ 'ਸੀਮਾ ਸਮਝੌਤੇ' ਨੂੰ ਕਦੇ ਵੀ ਮਾਨਤਾ ਨਹੀਂ ਦਿੱਤੀ। ਜੈਸਵਾਲ ਦੀਆਂ ਟਿੱਪਣੀਆਂ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮਾਓ ਨਿੰਗ ਨੇ ਇੱਥੇ ਇੱਕ ਪ੍ਰੈੱਸ ਕਾਨਫਰੰਸ ਵਿਚ ਕਿਹਾ ਕਿ ਸਭ ਤੋਂ ਪਹਿਲਾਂ, ਜਿਸ ਖੇਤਰ ਦਾ ਤੁਸੀਂ ਜ਼ਿਕਰ ਕੀਤਾ ਹੈ ਉਹ ਚੀਨ ਦੇ ਖੇਤਰ ਦਾ ਹਿੱਸਾ ਹੈ। ਮਾਓ ਨੇ ਕਿਹਾ ਕਿ ਚੀਨ ਅਤੇ ਪਾਕਿਸਤਾਨ ਨੇ 1960 ਦੇ ਦਹਾਕੇ ਤੋਂ ਇੱਕ ਸਰਹੱਦੀ ਸਮਝੌਤੇ 'ਤੇ ਦਸਤਖ਼ਤ ਕੀਤੇ ਹਨ ਅਤੇ ਦੋਵਾਂ ਦੇਸ਼ਾਂ ਵਿਚਕਾਰ ਸਰਹੱਦ ਨਿਰਧਾਰਤ ਕੀਤੀ ਹੈ।

# ਆਸਟ੍ਰੇਲੀਆ ਨੇ ਭਾਰਤ ਨੂੰ ਵਿਦਿਆਰਥੀ ਵੀਜ਼ਾ ਲਈ ਉੱਚ ਜੋਖ਼ਮ ਵਾਲਾ ਦੇਸ਼ ਕਿਉਂ ਐਲਾਨ ਕੀਤਾ?

## ✪ ਅਰਜ਼ੀਆਂ ਦੀ ਜਾਂਚ ਕਿਉਂ ਸਖ਼ਤ ਕੀਤੀ? ✪ ਕੀ ਭਾਰਤੀ ਵਿਦਿਆਰਥੀਆਂ ਲਈ ਆਸਟ੍ਰੇਲੀਆ ਜਾਣਾ ਹੁਣ ਸੌਖਾ ਹੋਵੇਗਾ?

ਸਿਡਨੀ-ਆਸਟ੍ਰੇਲੀਆ ਨੇ ਹਾਲ ਹੀ ਵਿੱਚ ਭਾਰਤ ਨੂੰ ਵਿਦਿਆਰਥੀ ਵੀਜ਼ਾ ਲਈ ਸਭ ਤੋਂ ਵੱਧ ਜੋਖ਼ਮ ਵਾਲੀ ਸ਼੍ਰੇਣੀ ਵਿੱਚ ਰੱਖਿਆ ਹੈ। ਇਹ ਫੈਸਲਾ 8 ਜਨਵਰੀ 2026 ਤੋਂ ਲਾਗੂ ਹੋ ਗਿਆ ਹੈ। ਭਾਰਤ ਨੂੰ ਨੇਪਾਲ, ਬੰਗਲਾਦੇਸ਼ ਅਤੇ ਭੂਟਾਨ ਨਾਲ ਮਿਲਾ ਕੇ ਇਸ ਨਵੀਂ ਸ਼੍ਰੇਣੀ ਵਿੱਚ ਪਾਇਆ ਗਿਆ ਹੈ। ਇਸ ਨਾਲ ਭਾਰਤੀ ਵਿਦਿਆਰਥੀਆਂ ਦੀਆਂ ਵੀਜ਼ਾ ਅਰਜ਼ੀਆਂ ਦੀ ਜਾਂਚ ਹੁਣ ਵੱਧ ਸਖ਼ਤ ਹੋ ਜਾਵੇਗੀ। ਆਸਟ੍ਰੇਲੀਆ ਦੀ ਸਰਕਾਰ ਨੇ ਇਹ ਕਦਮ ਉੱਭਰ ਰਹੇ 'ਇਮਾਨਦਾਰੀ ਦੇ ਜੋਖ਼ਮਾਂ' ਨੂੰ ਵੇਖਦੇ ਹੋਏ ਚੁੱਕਿਆ ਹੈ।

ਆਸਟ੍ਰੇਲੀਆ ਦੀ ਸਿੱਖਿਆ ਪ੍ਰਣਾਲੀ ਦੁਨੀਆ ਭਰ ਵਿੱਚ ਮਸ਼ਹੂਰ ਹੈ। ਹਰ ਸਾਲ ਲੱਖਾਂ ਵਿਦਿਆਰਥੀ ਉੱਥੇ ਪੜ੍ਹਨ ਜਾਂਦੇ ਹਨ। ਭਾਰਤ ਤੋਂ ਵੀ ਵੱਡੀ ਗਿਣਤੀ ਵਿੱਚ ਵਿਦਿਆਰਥੀ ਆਸਟ੍ਰੇਲੀਆ ਨੂੰ ਆਪਣੀ ਪੜ੍ਹਾਈ ਲਈ ਚੁਣਦੇ ਹਨ। ਜਨਵਰੀ ਤੋਂ ਅਕਤੂਬਰ 2025 ਦੌਰਾਨ ਆਸਟ੍ਰੇਲੀਆ ਵਿੱਚ ਕੁੱਲ 833,041 ਅੰਤਰਰਾਸ਼ਟਰੀ ਵਿਦਿਆਰਥੀ ਪੜ੍ਹ ਰਹੇ ਸਨ। ਇਨ੍ਹਾਂ ਵਿੱਚੋਂ 140,871 ਭਾਰਤ ਤੋਂ ਸਨ। ਇਹ ਗਿਣਤੀ ਆਸਟ੍ਰੇਲੀਆ ਵਿੱਚ ਚੀਨ ਤੋਂ ਬਾਅਦ ਭਾਰਤ ਦੀ ਹੈ। ਇਨ੍ਹਾਂ ਵਿੱਚੋਂ 31,197 ਨਵੇਂ ਵਿਦਿਆਰਥੀ ਸਨ ਅਤੇ 109,674 ਪੁਰਾਣੇ ਵਿਦਿਆਰਥੀ ਜੋ ਪਹਿਲਾਂ ਹੀ ਪੜ੍ਹ ਰਹੇ ਸਨ। 2024 ਵਿੱਚ ਇਹ 138,351 ਸੀ।

### ਪਰ ਹੁਣ ਇਹ ਨਵੀਂ ਤਬਦੀਲੀ ਕਿਉਂ ਆਈ ਹੈ?

ਆਸਟ੍ਰੇਲੀਆ ਵੀਜ਼ਾ ਜੋਖ਼ਮ ਢਾਂਚੇ ਤਹਿਤ ਵੱਖ-ਵੱਖ ਦੇਸ਼ਾਂ ਨੂੰ ਵਰਗੀਕ੍ਰਿਤ ਕਰਦਾ ਹੈ। ਇਸ ਨੂੰ ਸਿਮਪਲੀਫਾਈਡ ਸਟੂਡੈਂਟ ਵੀਜ਼ਾ ਫਰੇਮਵਰਕ (ਸ਼ਸ਼ਜ਼ਢ) ਕਿਹਾ ਜਾਂਦਾ ਹੈ। ਇਸ ਵਿੱਚ ਤਿੰਨ ਪੱਧਰ ਹੁੰਦੇ ਹਨ: ਐਵੀਡੈਂਸ ਲੈਵਲ 1 (ਸਭ ਤੋਂ ਘੱਟ ਜੋਖ਼ਮ), ਲੈਵਲ 2 (ਮੱਧਮ ਜੋਖ਼ਮ) ਅਤੇ ਲੈਵਲ 3 (ਸਭ ਤੋਂ ਵੱਧ ਜੋਖ਼ਮ)।



ਪਹਿਲਾਂ ਭਾਰਤ ਲੈਵਲ 2 ਵਿੱਚ ਸੀ, ਪਰ ਹੁਣ ਇਸ ਨੂੰ ਲੈਵਲ 3 ਵਿੱਚ ਰੱਖ ਦਿੱਤਾ ਗਿਆ ਹੈ। ਇਹ ਤਬਦੀਲੀ ਅਸਧਾਰਨ ਹੈ ਕਿਉਂਕਿ ਇਹ ਨਿਰਧਾਰਤ ਸਮੇਂ ਤੋਂ ਬਾਹਰ ਹੋਈ ਹੈ। ਆਸਟ੍ਰੇਲੀਆ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਇਹ ਉੱਭਰ ਰਹੇ ਇਮਾਨਦਾਰੀ ਦੇ ਜੋਖ਼ਮਾਂ ਨੂੰ ਨਿਯੰਤਰਿਤ ਕਰਨ ਲਈ ਕੀਤਾ ਗਿਆ ਹੈ। ਭਾਰਤ ਵਿੱਚ ਜਾਅਲੀ ਡਿਗਰੀਆਂ ਅਤੇ ਧੋਖਾਧੜੀ ਵਾਲੇ ਦਸਤਾਵੇਜ਼ਾਂ ਦੀਆਂ ਰਿਪੋਰਟਾਂ ਨੇ ਇਸ ਨੂੰ ਵਧਾਇਆ ਹੈ। ਅਸਟ੍ਰੇਲੀਆ ਨੂੰ ਡਰ ਹੈ ਕਿ ਕੁਝ ਵਿਦਿਆਰਥੀ ਅਸਲ ਵਿੱਚ ਪੜ੍ਹਨ ਨਹੀਂ ਬਲਕਿ ਵੀਜ਼ਾ ਦਾ ਗਲਤ ਇਸਤੇਮਾਲ ਕਰਨ ਲਈ ਆ ਰਹੇ ਹਨ ਭਾਰਤ ਵਿੱਚ ਜਾਅਲੀ ਡਿਗਰੀ ਰੈਕੇਟਾਂ ਨੇ ਅੰਤਰਰਾਸ਼ਟਰੀ ਧਿਆਨ ਖਿੱਚਿਆ ਹੈ। ਇਹਨਾਂ ਨੇ ਦਸਤਾਵੇਜ਼ ਧੋਖਾਧੜੀ ਬਾਰੇ ਚਿੰਤਾਵਾਂ ਪੈਦਾ ਕੀਤੀਆਂ ਹਨ। ਸਭ ਤੋਂ ਵੱਧ ਜੋਖ਼ਮ ਵਾਲੀ ਸ਼੍ਰੇਣੀ ਵਿੱਚ ਜਾਣ ਨਾਲ ਵੀਜ਼ਾ ਜਾਂਚ ਭਾਰਤੀ ਵਿਦਿਆਰਥੀਆਂ ਲਈ ਵੱਧ ਸਖ਼ਤ ਹੋ ਜਾਵੇਗੀ। ਅਰਜ਼ੀਕਾਰਾਂ ਨੂੰ ਵੱਧ ਦਸਤਾਵੇਜ਼ ਜਮ੍ਹਾਂ ਕਰਨੇ ਪੈਣਗੇ, ਜਿਵੇਂ ਵਿਸਤ੍ਰਿਤ ਵਿੱਤੀ ਰਿਕਾਰਡ। ਬੈਂਕ ਸਟੇਟਮੈਂਟਾਂ ਨੂੰ ਸਖਤੀ ਨਾਲ ਜਾਂਚਿਆ ਜਾਵੇਗਾ। ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਲਈ ਵੱਧ ਸਬੂਤ ਮੰਗੇ ਜਾ ਸਕਦੇ ਹਨ। ਇਮੀਗ੍ਰੇਸ਼ਨ ਮਾਹਿਰਾਂ ਨੇ ਕਿਹਾ ਹੈ ਕਿ ਲੈਵਲ 3 ਨਾਲ ਅਧਿਕਾਰੀ ਹਰ ਅਰਜ਼ੀ ਦੀ ਡੂੰਘੀ ਜਾਂਚ ਕਰਨਗੇ। ਪ੍ਰਕਿਰਿਆ ਦਾ ਸਮਾਂ ਵਧ ਕੇ 3 ਤੋਂ 8 ਹਫ਼ਤੇ ਹੋ ਜਾਵੇਗਾ। ਇਹ ਪਹਿਲਾਂ 3 ਹਫ਼ਤੇ ਸੀ। ਇਸ ਨਾਲ ਵਿਦਿਆਰਥੀਆਂ ਨੂੰ ਵੱਧ ਤਣਾਅ ਅਤੇ ਅਨਿਸ਼ਚਿਤਤਾ ਦਾ ਸਾਹਮਣਾ ਕਰਨਾ ਪਵੇਗਾ।


ਇਸ ਤਬਦੀਲੀ ਨਾਲ ਭਾਰਤੀ ਵਿਦਿਆਰਥੀਆਂ ਲਈ ਆਸਟ੍ਰੇਲੀਆ ਜਾਣਾ ਵੱਧ ਮੁਸ਼ਕਲ ਹੋ ਜਾਵੇਗਾ। ਆਸਟ੍ਰੇਲੀਆ ਨੇ ਕਿਹਾ ਹੈ ਕਿ ਇਹ ਅਸਲ ਵਿਦਿਆਰਥੀਆਂ ਨੂੰ ਰੋਕਣ ਲਈ ਨਹੀਂ ਹੈ, ਬਲਕਿ ਧੋਖਾਧੜੀ ਨੂੰ ਰੋਕਣ ਲਈ ਹੈ। ਪਰ ਵੱਧ ਜਾਂਚ ਨਾਲ ਅਸਲ ਵਿਦਿਆਰਥੀ ਵੀ ਪ੍ਰਭਾਵਿਤ ਹੋਣਗੇ। ਬਹੁਤ ਸਾਰੇ ਵਿਦਿਆਰਥੀ ਹੁਣ ਹੋਰ ਦੇਸ਼ਾਂ ਵੱਲ ਵੇਖ ਰਹੇ ਹਨ, ਜਿਵੇਂ ਕੈਨੇਡਾ, ਅਮਰੀਕਾ ਜਾਂ ਯੂਕੇ। ਪਰ ਉੱਥੇ ਵੀ ਵੀਜ਼ਾ ਨਿਯਮ ਸਖ਼ਤ ਹੋ ਰਹੇ ਹਨ। ਭਾਰਤੀ ਵਿਦਿਆਰਥੀਆਂ ਨੂੰ ਹੁਣ ਵੱਧ ਤਿਆਰੀ ਕਰਨੀ ਪਵੇਗੀ। ਉਨ੍ਹਾਂ ਨੂੰ ਸਾਰੇ ਦਸਤਾਵੇਜ਼ ਅਸਲ ਅਤੇ ਪੂਰੇ ਰੱਖਣੇ ਪੈਣਗੇ। ਇਸ ਦੇ ਨਾਲ ਵਿੱਤੀ ਸਥਿਤੀ ਮਜ਼ਬੂਤ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਵਿੱਚ ਮੁਹਾਰਤ ਹੋਣੀ ਚਾਹੀਦੀ ਹੈ।

ਆਸਟ੍ਰੇਲੀਆ ਵਿੱਚ ਭਾਰਤੀ ਵਿਦਿਆਰਥੀਆਂ ਦੀ ਮੌਜੂਦਗੀ ਬਹੁਤ ਮਜ਼ਬੂਤ ਹੈ। ਉਹ ਉੱਥੇ ਨਾ ਸਿਰਫ਼ ਪੜ੍ਹਦੇ ਹਨ ਬਲਕਿ ਆਸਟ੍ਰੇਲੀਆ ਦੀ ਅਰਥਵਿਵਸਥਾ ਵਿੱਚ ਯੋਗਦਾਨ ਵੀ ਪਾਉਂਦੇ ਹਨ। ਅੰਤਰਰਾਸ਼ਟਰੀ ਵਿਦਿਆਰਥੀ ਆਸਟ੍ਰੇਲੀਆ ਲਈ ਵੱਡੀ ਆਮਦਨੀ ਦਾ ਸਰੋਤ ਹਨ। ਪਰ ਧੋਖਾਧੜੀ ਨਾਲ ਉਨ੍ਹਾਂ ਦੀ ਬਦਨਾਮੀ ਨੂੰ ਰੋਕਣ ਲਈ ਇਹ ਕਦਮ ਜ਼ਰੂਰੀ ਸਮਝੇ ਜਾ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤ ਸਰਕਾਰ ਅਤੇ ਆਸਟ੍ਰੇਲੀਆ ਵਿਚਕਾਰ ਗੱਲਬਾਤ ਨਾਲ ਇਸ ਮਸਲੇ ਨੂੰ ਹੱਲ ਕੀਤਾ ਜਾ ਸਕਦਾ ਹੈ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਅਸਲ ਸਿੱਖਿਆ ਏਜੰਸੀਆਂ ਨਾਲ ਸੰਪਰਕ ਕਰਨ ਅਤੇ ਗਲਤ ਤਰੀਕੇ ਨਾ ਅਪਣਾਉਣ। ਇਸ ਨਾਲ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਰਹੇਗਾ।

ਦੂਜੇ ਪਾਸੇ ਇਸ ਸਖਤੀ ਨਾਲ ਆਸਟ੍ਰੇਲੀਆ ਦੇ ਯੂਨੀਵਰਸਿਟੀਆਂ ਨੂੰ ਵੀ ਨੁਕਸਾਨ ਹੋ ਸਕਦਾ ਹੈ ਕਿਉਂਕਿ ਭਾਰਤੀ ਵਿਦਿਆਰਥੀ ਉਨ੍ਹਾਂ ਲਈ ਵੱਡਾ ਬਾਜ਼ਾਰ ਹਨ। ਪਰ ਆਸਟ੍ਰੇਲੀਆ ਨੇ ਕਿਹਾ ਹੈ ਕਿ ਇਹ ਬਦਲਾਅ ਅਸਲ ਵਿਦਿਆਰਥੀਆਂ ਨੂੰ ਚੰਗਾ ਅਨੁਭਵ ਦੇਣ ਲਈ ਹੈ। ਭਵਿੱਖ ਵਿੱਚ ਵੇਖੀਏ ਕਿ ਇਹ ਤਬਦੀਲੀ ਕਿੰਨਾ ਅਸਰ ਪਾਉਂਦੀ ਹੈ। ਭਾਰਤੀ ਵਿਦਿਆਰਥੀਆਂ ਨੂੰ ਸਲਾਹ ਹੈ ਕਿ ਉਹ ਆਪਣੀ ਅਰਜ਼ੀ ਵਿੱਚ ਕੋਈ ਗਲਤੀ ਨਾ ਕਰਨ ਅਤੇ ਸਭ ਕੁਝ ਅਸਲ ਰੱਖਣ। ਇਸ ਨਾਲ ਉਨ੍ਹਾਂ ਨੂੰ ਵੀਜ਼ਾ ਮਿਲਣ ਵਿੱਚ ਮਦਦ ਮਿਲੇਗੀ। ਆਸਟ੍ਰੇਲੀਆ ਵਿੱਚ ਪੜ੍ਹਾਈ ਕਰਨ ਵਾਲੇ ਵਿਦਿਆਰਥੀ ਭਵਿੱਖ ਵਿੱਚ ਚੰਗੇ ਮੌਕੇ ਪਾ ਸਕਦੇ ਹਨ, ਪਰ ਹੁਣ ਨਿਯਮਾਂ ਨੂੰ ਸਮਝਣਾ ਜ਼ਰੂਰੀ ਹੈ।

## ਬੁਲਟ ਉਪਰ ਸਟੰਟ ਕਰਨ ਵਾਲੀ ਮੁਟਿਆਰ ਖ਼ਿਲਾਫ਼ ਐਕਸ਼ਨ!

### ✪ ਲੱਭਦੇ-ਲੱਭਦੇ ਘਰ ਪਹੁੰਚੀ ਪੁਲਸ



ਲੁਧਿਆਣਾ-ਦੋ ਪਹੀਆ ਵਾਹਨਾਂ 'ਤੇ ਸਵਾਰ ਹੋ ਕੇ ਸੜਕਾਂ 'ਤੇ ਸਟੰਟਬਾਜ਼ੀ ਕਰਨ ਵਿਚ ਹੁਣ ਕੁੜੀਆਂ ਵੀ ਪਿੱਛੇ ਨਹੀਂ ਹਨ। ਅਜਿਹੀ ਹੀ ਇਕ ਕੁੜੀ ਦਾ ਟ੍ਰੈਫ਼ਿਕ ਪੁਲਸ ਵੱਲੋਂ ਖ਼ਤਰਨਾਕ ਡਰਾਈਵਿੰਗ ਤੇ ਬਿਨਾਂ ਹੈਲਮੇਟ ਦੇ ਮੋਟਰਸਾਈਕਲ ਚਲਾਉਣ 'ਤੇ ਚਲਾਨ ਕੀਤਾ ਗਿਆ ਹੈ। ਦੱਸ ਦਈਏ ਕਿ ਇਸ ਕੁੜੀ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋਈ ਸੀ, ਜਿਸ ਦੇ ਅਧਾਰ 'ਤੇ ਟ੍ਰੈਫ਼ਿਕ ਪੁਲਸ ਵੱਲੋਂ ਉਸ ਨੂੰ ਟ੍ਰੇਸ ਕਰ ਕੇ ਚਾਲਾਨ ਕੀਤਾ ਗਿਆ ਹੈ। ਵਾਇਰਲ ਵੀਡੀਓ ਵਿਚ ਸਾਫ਼ ਵੇਖਿਆ ਜਾ ਸਕਦਾ ਹੈ ਕਿ ਕੁੜੀ ਬੁਲਟ ਮੋਟਰਸਾਈਕਲ 'ਤੇ ਸਵਾਰ ਹੋ ਕੇ ਲੁਧਿਆਣਾ ਦੀਆਂ ਸੜਕਾਂ 'ਤੇ ਇਕ ਹੱਥ ਛੱਡ ਕੇ ਮੋਟਰਸਾਈਕਲ ਚਲਾ ਰਹੀ ਹੈ ਤੇ ਉਸ ਦੇ ਅੱਗੇ ਜਾ ਰਹੇ ਲੋਕ ਵੀਡੀਓ ਬਣਾ ਰਹੇ ਹਨ। ਕੁੜੀ ਖ਼ਤਰਨਾਕ ਢੰਗ ਨਾਲ ਇਕ ਹੱਥ ਛੱਡ ਕੇ ਐਨਕ ਪਾਉਂਦੀ ਵੀ ਨਜ਼ਰ ਆਉਂਦੀ ਹੈ। ਵੀਡੀਓ ਦੇ ਅਧਾਰ 'ਤੇ ਟ੍ਰੈਫ਼ਿਕ ਪੁਲਸ ਦੇ ਜ਼ੋਨ ਇੰਚਾਰਜ ਸਬ ਇੰਸਪੈਕਟਰ ਧਰਮਪਾਲ ਨੇ ਕੁੜੀ ਨੂੰ ਬਾਈਕ ਦੇ ਨੰਬਰ ਦੇ ਅਧਾਰ 'ਤੇ ਟ੍ਰੇਸ ਕੀਤਾ, ਜੋ ਦੁਗਰੀ ਖੇਤਰ ਦੀ ਰਹਿਣ ਵਾਲੀ ਹੈ ਤੇ ਇਕ ਪ੍ਰਾਈਵੇਟ ਬੈਂਕ ਵਿਚ ਕੰਮ ਕਰਦੀ ਹੈ। ਕੁੜੀ ਨੇ ਦੱਸਿਆ ਕਿ ਇਹ ਮੋਟਰਸਾਈਕਲ ਉਸ ਦੇ ਨਾਲ ਕੰਮ ਕਰਨ ਵਾਲੇ ਮੁੰਡੇ ਦੀ ਹੈ। ਸਬ ਇੰਸਪੈਕਟਰ ਧਰਮਪਾਲ ਨੇ ਕਿਹਾ ਕਿ ਲੋਕ ਸੜਕਾਂ 'ਤੇ ਸਟੰਟਬਾਜ਼ੀ ਕਰਨ ਤੋਂ ਗੁਰੇਜ਼ ਕਰਨ, ਨਹੀਂ ਤਾਂ ਟ੍ਰੈਫ਼ਿਕ ਪੁਲਸ ਵੱਲੋਂ ਸਖ਼ਤ ਰਵਈਆ ਅਪਨਾਇਆ ਜਾਵੇਗਾ।

## 3 ਬੱਚਿਆਂ ਦੀ ਮਾਂ ਨੂੰ ਲੈ ਕੇ ਫਰਾਰ ਹੋਇਆ ਨੌਜਵਾਨ

### ✪ ਗੁਸੇ ਵਿਚ ਰਿਸ਼ਤੇਦਾਰਾਂ ਨੇ ਘਰ ਨੂੰ ਲਗਾਈ ਅੱਗ

ਅਜਨਾਲਾ-ਅਜਨਾਲਾ ਦੇ ਪਿੰਡ ਤਲਵੰਡੀ ਰਾਏਦਾਦੂ ਵਿਖੇ ਦੇਰ ਰਾਤ ਉਸ ਵੇਲੇ ਮਾਹੌਲ



ਕਾਫੀ ਹਫੜਾ ਦਫੜੀ ਵਾਲਾ ਬਣ ਗਿਆ, ਜਦੋਂ ਇੱਕ ਘਰ ਵਿੱਚ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਅੱਗ ਲਗਾ ਦਿੱਤੀ ਗਈ। ਜਿਸ ਕਰਕੇ ਘਰ ਵਿੱਚ ਵਿਆਹ ਦਾ ਸਾਰਾ ਸਾਮਾਨ ਸੜ ਕੇ ਸੁਆਹ ਹੋ ਗਿਆ। ਇਸ ਮੌਕੇ ਪੂਰੇ ਘਰ ਨੂੰ ਹੀ ਅੱਗ ਲਗਾਈ ਗਈ, ਉੱਥੇ ਹੀ ਸ਼ਰਾਰਤੀ ਅਨਸਰਾਂ ਵੱਲੋਂ ਇੱਕ ਨੌਜਵਾਨ ਨੂੰ ਸੱਟਾਂ ਮਾਰ ਕੇ ਗੰਭੀਰ ਰੂਪ ਵਿੱਚ ਜ਼ਖ਼ਮੀ ਵੀ ਕੀਤਾ। ਇਸ ਮੌਕੇ ਮੁੰਡੇ ਦੇ ਪਰਿਵਾਰਿਕ ਮੈਂਬਰਾਂ ਨੇ ਪੁਲਸ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਕਿ ਜਲਦ ਤੋਂ ਜਲਦ ਦੋਸ਼ੀਆਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ, ਜਿਨਾਂ ਲੋਕਾਂ ਨੇ ਉਨ੍ਹਾਂ ਦੇ ਘਰ ਆ ਕੇ ਅੱਗ ਲਗਾਈ ਹੈ। ਉਨ੍ਹਾਂ ਕਿਹਾ ਕਿ ਅੱਗ ਲਗਾਉਣ ਕਰਕੇ ਉਨ੍ਹਾਂ ਦੇ ਘਰ ਦਾ ਸਾਰਾ ਸਾਮਾਨ ਸੜ ਕੇ ਸੁਆਹ ਹੋ ਗਿਆ ਹੈ। ਇਸ ਸਬੰਧੀ ਪੁਲਸ ਅਧਿਕਾਰੀ ਨੇ ਦੱਸਿਆ ਕਿ ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਸਬੰਧੀ ਵਿਰੋਧੀ ਧਿਰ ਤੋਂ ਰਾਂਝਾ ਨੇ ਦੱਸਿਆ ਕਿ ਉਨ੍ਹਾਂ 'ਤੇ ਲਗਾਏ ਗਏ ਸਾਰੇ ਦੋਸ਼ ਬੇਬੁਨਿਆਦ ਹਨ ਅਤੇ ਉਨ੍ਹਾਂ ਨੂੰ ਜਾਣ ਬੁਝ ਕੇ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ।

# ਪੰਜਾਬ ਕਾਂਗਰਸ 2027 ਵਿੱਚ ਬਿਨਾਂ ਮੁੱਖ ਮੰਤਰੀ ਚਿਹਰੇ ਲੜੇਗੀ ਚੋਣਾਂ

## ✪ ਰਾਹੁਲ ਗਾਂਧੀ ਤੇ ਖੜਗੇ ਲੈਣਗੇ ਅੰਤਿਮ ਫੈਸਲਾ ✪ 2022 ਦੀਆਂ ਗਲਤੀਆਂ ਨਹੀਂ ਦੁਹਰਾਏਗੀ ਕਾਂਗਰਸ- ਭੁਪੇਸ਼ ਬਘੇਲ ✪ 70-80 ਸੀਟਾਂ ’ਤੇ ਨਵੇਂ ਚਿਹਰੇ ਲਿਆਉਣ ਦੀ ਤਿਆਰੀ ✪ ਰਾਜਾ ਵੜਿੰਗ ਦੀ ਨਵੀਂ ਰਣਨੀਤੀ

### ਨਿਊਜ਼ ਵਿਸ਼ਲੇਸ਼ਣ

ਸ੍ਰੀ ਮੁਕਤਸਰ ਸਾਹਿਬ ਵਿੱਚ ਹੋਈ ਪ੍ਰੈਸ ਕਾਨਫਰੰਸ ਨੇ ਪੰਜਾਬ ਦੀ ਸਿਆਸੀ ਗਰਮਾਹਟ ਨੂੰ ਹੋਰ ਵਧਾ ਦਿੱਤਾ ਹੈ। ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਨੇ ਸਪੱਸ਼ਟ ਕਹਿ ਦਿੱਤਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਬਿਨਾਂ ਮੁੱਖ ਮੰਤਰੀ ਚਿਹਰੇ ਦੇ ਲੜੇਗੀ। ਇਹ ਫੈਸਲਾ ਬੀਤੇ ਦਿਨੀਂ ਰਾਹੁਲ ਗਾਂਧੀ ਅਤੇ ਰਾਸ਼ਟਰੀ ਪ੍ਰਧਾਨ ਮਲਿਕਾਰਜੁਨ ਖੜਗੇ ਦੀ ਅਗਵਾਈ ਹੇਠ ਲਿਆ ਗਿਆ ਸੀ।

ਬਘੇਲ ਨੇ ਕਿਹਾ ਕਿ ਪਾਰਟੀ ਨੇ 2022 ਦੀਆਂ ਚੋਣਾਂ ਵਿੱਚ ਕੀਤੀਆਂ ਗਲਤੀਆਂ ਨੂੰ ਸੁਧਾਰ ਲਿਆ ਹੈ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕਾਂ ਨੇ ਕਾਂਗਰਸ ’ਤੇ ਭਰੋਸਾ ਜਤਾਇਆ, ਜਿੱਥੇ ਪਾਰਟੀ ਨੇ 7 ਸੀਟਾਂ ਜਿੱਤੀਆਂ।

ਬਘੇਲ ਨੇ ਇਹ ਵੀ ਕਿਹਾ ਕਿ ਪੰਜਾਬ ਵਿੱਚ ਜਾਤੀਵਾਦ ਵੋਟਿੰਗ ਨੂੰ ਉਸ ਤਰ੍ਹਾਂ ਪ੍ਰਭਾਵਿਤ ਨਹੀਂ ਕਰਦਾ ਜਿਵੇਂ ਕਿ ਦੂਜੇ ਰਾਜਾਂ ਵਿੱਚ ਹੁੰਦਾ ਹੈ, ਹਾਲਾਂਕਿ ਕੁਝ ਪ੍ਰਭਾਵ ਅਜੇ ਵੀ ਮਹਿਸੂਸ ਹੁੰਦਾ ਹੈ।

ਪਾਰਟੀ ਦੇ ਸਾਰੇ ਸੀਨੀਅਰ ਆਗੂ ਇਕੱਠੇ ਮਿਲ ਕੇ ਚੋਣ ਲੜਨਗੇ ਅਤੇ ਸਰਕਾਰ ਬਣਨ ਤੋਂ ਬਾਅਦ ਹੀ ਮੁੱਖ ਮੰਤਰੀ ਚਿਹਰੇ ਬਾਰੇ ਫੈਸਲਾ ਲਿਆ ਜਾਵੇਗਾ। ਇਹ ਰਣਨੀਤੀ ਹੋਰ ਵੀ ਕਈ ਰਾਜਾਂ ਵਿੱਚ ਅਪਣਾਈ ਜਾ ਰਹੀ ਹੈ, ਜਿੱਥੇ ਕਾਂਗਰਸ ਸਮੂਹਿਕ ਅਗਵਾਈ ’ਤੇ ਜ਼ੋਰ ਦੇ ਰਹੀ ਹੈ।



ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ ਇਸ ਮੌਕੇ ਮੌਜੂਦ ਸਨ ਅਤੇ ਉਨ੍ਹਾਂ ਨੇ ਪਾਰਟੀ ਦੀ ਏਕਤਾ ’ਤੇ ਜ਼ੋਰ ਦਿੱਤਾ। ਵੜਿੰਗ ਦਾ ਮੰਨਣਾ ਹੈ ਕਿ ਪਾਰਟੀ ਨੂੰ ਨਵੇਂ ਚਿਹਰਿਆਂ ਨੂੰ ਅੱਗੇ ਲਿਆਉਣਾ ਚਾਹੀਦਾ ਹੈ। ਅੰਦਰੂਨੀ ਰਿਪੋਰਟਾਂ ਮੁਤਾਬਕ ਪੰਜਾਬ ਦੀਆਂ ਲਗਭਗ 30 ਵਿਧਾਨ ਸਭਾ ਸੀਟਾਂ ਅਜਿਹੀਆਂ ਹਨ ਜਿੱਥੇ ਪਾਰਟੀ ਕੋਲ ਨਾ ਤਾਂ ਕੋਈ ਮਜ਼ਬੂਤ ਚਿਹਰਾ ਹੈ ਅਤੇ ਨਾ ਹੀ ਕੋਈ ਸਰਗਰਮ ਨੇਤਾ। ਇਨ੍ਹਾਂ ਵਿੱਚ ਬਠਿੰਡਾ ਸ਼ਹਿਰੀ, ਬਠਿੰਡਾ ਦਿਹਾਤੀ, ਮੌੜ, ਮਾਨਸਾ, ਦਿੜ੍ਹਬਾ, ਭਦੌੜ, ਅਬੋਹਰ ਵਰਗੀਆਂ ਸੀਟਾਂ ਸ਼ਾਮਲ ਹਨ। ਇਸ ਤੋਂ ਇਲਾਵਾ ਲਗਭਗ 21 ਸੀਟਾਂ ਅਜਿਹੀਆਂ ਹਨ ਜਿੱਥੇ ਚਿਹਰੇ ਤਾਂ ਹਨ ਪਰ ਉਹ ਲੰਬੇ ਸਮੇਂ ਤੋਂ ਸਰਗਰਮ ਨਹੀਂ।

ਇਨ੍ਹਾਂ ਵਿੱਚ ਅੰਮ੍ਰਿਤਸਰ ਈਸਟ (ਨਵਜੋਤ ਸਿੰਘ ਸਿੱਧੂ ਵਾਲੀ ਸੀਟ), ਚੱਬੇਵਾਲ, ਭੋਆ, ਗੁਰੂ ਹਰਸਹਾਏ, ਬੱਲੂਆਣਾ ਵਰਗੀਆਂ ਸੀਟਾਂ ਵੀ ਸ਼ਾਮਲ ਹਨ ਜਿੱਥੇ ਪਹਿਲਾਂ ਕਾਂਗਰਸ ਜਿੱਤਦੀ ਰਹੀ ਹੈ ਪਰ ਹੁਣ ਨੇਤਾ ਸਰਗਰਮ ਨਹੀਂ। ਅਬੋਹਰ ਵਿੱਚ ਵੀ ਸੁਨੀਲ ਜਾਖੜ ਵਰਗੇ ਪੁਰਾਣੇ ਚਿਹਰੇ ਭਾਜਪਾ ਵੱਲ ਚਲੇ ਗਏ ਅਤੇ ਉਨ੍ਹਾਂ ਦੇ ਭਤੀਜੇ ਸੰਦੀਪ ਜਾਖੜ ਨੂੰ ਮੁਅੱਤਲ ਕਰ ਦਿੱਤਾ ਗਿਆ, ਜਿਸ ਕਾਰਨ ਪਾਰਟੀ ਨੂੰ ਇੱਥੇ ਵੀ ਚਿਹਰੇ ਦੀ ਘਾਟ ਹੈ। ਰਾਜਾ ਵੜਿੰਗ ਨੇ ਸਾਫ਼ ਕਿਹਾ ਹੈ ਕਿ ਉਹ 117 ਵਿਧਾਨ ਸਭਾ ਸੀਟਾਂ ਵਿੱਚੋਂ 70 ਤੋਂ 80 ਸੀਟਾਂ ’ਤੇ ਨਵੇਂ ਚਿਹਰੇ ਅੱਗੇ ਲਿਆਉਣਾ ਚਾਹੁੰਦੇ ਹਨ। ਪਿਛਲੇ ਸਮੇਂ ਵਿੱਚ ਕਾਂਗਰਸ ਸਿਰਫ਼ 10-15 ਫੀਸਦੀ ਸੀਟਾਂ ’ਤੇ ਹੀ ਨਵੇਂ ਚਿਹਰਿਆਂ ਨੂੰ ਮੌਕਾ ਦਿੰਦੀ ਸੀ, ਪਰ ਹੁਣ ਇਹ ਬਦਲਾਅ ਲਿਆਉਣਾ ਜ਼ਰੂਰੀ ਹੈ। ਵੜਿੰਗ ਨੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਜੇਕਰ ਉਹ ਰਾਹੁਲ ਗਾਂਧੀ ਅੱਗੇ 70-80 ਨਵੇਂ ਚਿਹਰਿਆਂ ਦੀ ਲਿਸਟ ਰੱਖਣਗੇ ਤਾਂ ਉਹ ਖੁਸ਼ੀ-ਖੁਸ਼ੀ ਮੰਨ ਲੈਣਗੇ। ਇਹ ਨਵੇਂ ਚਿਹਰੇ ਬਲਾਕ ਪ੍ਰਧਾਨਾਂ, ਜ਼ਿਲ੍ਹਾ ਪ੍ਰਧਾਨਾਂ ਅਤੇ ਸਰਪੰਚਾਂ ਵਿੱਚੋਂ ਚੁਣੇ ਜਾਣਗੇ।

2022 ਦੀਆਂ ਚੋਣਾਂ ਵਿੱਚ ਕਾਂਗਰਸ ਨੂੰ ਭਾਰੀ ਨੁਕਸਾਨ ਹੋਇਆ ਸੀ ਕਿਉਂਕਿ ਅੰਦਰੂਨੀ ਲੜਾਈਆਂ ਅਤੇ ਮੁੱਖ ਮੰਤਰੀ ਚਿਹਰੇ ਨੂੰ ਲੈ ਕੇ ਵਿਵਾਦ ਹੋਏ ਸਨ। ਉਸ ਵੇਲੇ ਨਵਜੋਤ ਸਿੰਘ ਸਿੱਧੂ ਅਤੇ ਚਰਨਜੀਤ ਸਿੰਘ ਚੰਨੀ ਵਰਗੇ ਆਗੂਆਂ ਵਿਚਕਾਰ ਟਕਰਾਅ ਨੇ ਪਾਰਟੀ ਨੂੰ 18 ਸੀਟਾਂ ਤੱਕ ਸੀਮਤ ਕਰ ਦਿੱਤਾ ਸੀ।

ਹੁਣ ਬਘੇਲ ਅਤੇ ਵੜਿੰਗ ਦੀ ਅਗਵਾਈ ਵਿੱਚ ਪਾਰਟੀ ਇਨ੍ਹਾਂ ਗਲਤੀਆਂ ਤੋਂ ਸਬਕ ਲੈ ਰਹੀ ਹੈ। ਬਘੇਲ ਨੇ ਕਿਹਾ ਕਿ ਸਾਰੇ ਆਗੂ ਇਕੱਠੇ ਮਿਲ ਕੇ ਲੜਨਗੇ ਅਤੇ ਹਾਈਕਮਾਂਡ (ਰਾਹੁਲ ਗਾਂਧੀ ਤੇ ਖੜਗੇ) ਹੀ ਅੰਤਿਮ ਫੈਸਲਾ ਲਵੇਗੀ।

ਵੜਿੰਗ ਨੂੰ ਲੈ ਕੇ ਵੀ ਕੁਝ ਸਵਾਲ ਉੱਠ ਰਹੇ ਹਨ ਕਿ ਕੀ ਉਹ ਪ੍ਰਧਾਨ ਬਣੇ ਰਹਿਣਗੇ ਜਾਂ ਕੋਈ ਬਦਲਾਅ ਹੋਵੇਗਾ। ਪਰ ਉਨ੍ਹਾਂ ਨੇ ਸਪੱਸ਼ਟ ਕਿਹਾ ਹੈ ਕਿ ਉਹ ਮੁੱਖ ਮੰਤਰੀ ਦੀ ਦੌੜ ਵਿੱਚ ਨਹੀਂ ਹਨ ਅਤੇ ਉਨ੍ਹਾਂ ਦਾ ਟੀਚਾ ਸਿਰਫ਼ ਕਾਂਗਰਸ ਦੀ ਜਿੱਤ ਹੈ। ਪਾਰਟੀ ਵਿੱਚ ਅੰਦਰੂਨੀ ਏਕਤਾ ਨੂੰ ਮਜ਼ਬੂਤ ਕਰਨ ਲਈ ਵੱਖ-ਵੱਖ ਜ਼ਿਲ੍ਹਿਆਂ ਵਿੱਚ ਓਬਜ਼ਰਵਰ ਅਤੇ ਕੋਆਰਡੀਨੇਟਰ ਵੀ ਨਿਯੁਕਤ ਕੀਤੇ ਗਏ ਹਨ।

ਪੰਜਾਬ ਕਾਂਗਰਸ ਹੁਣ 2027 ਲਈ ਪੂਰੀ ਤਿਆਰੀ ਵਿੱਚ ਜੁੱਟ ਗਈ ਹੈ। ਨਵੇਂ ਚਿਹਰੇ, ਸਮੂਹਿਕ ਅਗਵਾਈ ਅਤੇ 2022 ਦੀਆਂ ਗਲਤੀਆਂ ਤੋਂ ਸਬਕ ਲੈ ਕੇ ਪਾਰਟੀ ਆਪਣੀ ਪੁਰਾਣੀ ਤਾਕਤ ਵਾਪਸ ਹਾਸਲ ਕਰਨਾ ਚਾਹੁੰਦੀ ਹੈ। ਇਹ ਰਣਨੀਤੀ ਕਿੰਨੀ ਸਫਲ ਹੁੰਦੀ ਹੈ, ਇਹ ਆਉਣ ਵਾਲੇ ਸਮੇਂ ਵਿੱਚ ਹੀ ਪਤਾ ਲੱਗੇਗਾ। ਪਰ ਇਸ ਵੇਲੇ ਪਾਰਟੀ ਵਿੱਚ ਉਤਸ਼ਾਹ ਅਤੇ ਏਕਤਾ ਦਾ ਮਾਹੌਲ ਦਿਖਾਈ ਦੇ ਰਿਹਾ ਹੈ।

# ਆਪ ਪਾਰਟੀ ਦਾ ਸਰਪੰਚ ਲੱਖਾਂ ਦੇ ਘਪਲੇ ਵਿੱਚ ਸਸਪੈਂਡ

## ✪ ਡਿਪਟੀ ਕਮਿਸ਼ਨਰ ਨੇ ਹੁਕਮ ਜਾਰੀ ਕੀਤੇ

ਸ੍ਰੀ ਗੋਇੰਦਵਾਲ ਸਾਹਿਬ-ਆਮ ਆਦਮੀ ਪਾਰਟੀ ਨਾਲ ਸਬੰਧਿਤ ਅਤੇ ਹਲਕਾ ਖਡੂਰ ਸਾਹਿਬ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦਾ ਕਰੀਬੀ ਸਰਪੰਚ ਕੇਵਲ ਕ੍ਰਿਸ਼ਨ ਨਈਅਰ ਨੂੰ ਪੰਜਾਬ ਸਰਕਾਰ ਵੱਲੋਂ 85 ਲੱਖ ਰੁਪਏ ਦੇ ਗਬਨ ਮਾਮਲੇ ਵਿੱਚ ਮੁਅੱਤਲ ਕਰ ਦਿੱਤਾ ਗਿਆ ਹੈ। ਇਹ ਆਦੇਸ਼ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵੱਲੋਂ ਅੱਜ ਜਾਰੀ ਕੀਤੇ ਗਏ।



ਆਮ ਆਦਮੀ ਪਾਰਟੀ ਦੇ ਸਰਪੰਚ ਕੇਵਲ ਨਈਅਰ ਜੋ ਕਸਬਾ ਚੋਹਲਾ ਸਾਹਿਬ ਤੋਂ ਸਰਪੰਚ ਹਨ ਦੇ ਖਿਲਾਫ਼ ਸਰਕਾਰੀ ਗਰਾਂਟਾਂ ਵਿੱਚ ਹੇਰਾਫੇਰੀ ਦੇ ਦੋਸ਼ ਲੱਗੇ ਸਨ।

ਜਿਸ ਸਬੰਧੀ ਪ੍ਰਸ਼ਾਸਨ ਵੱਲੋਂ ਇਸ ਮਾਮਲੇ ਦੀ ਜਾਂਚ ਕਰਵਾਈ ਗਈ। ਜਾਂਚ ਵਿੱਚ ਸਾਹਮਣੇ ਆਇਆ ਕਿ ਸਾਲ 2022 ਤੋਂ ਲੈ ਕੇ ਹੁਣ ਤੱਕ 15ਵੇਂ ਵਿੱਤ ਕਮਿਸ਼ਨ ਅਤੇ ਐਮਪੀ ਲਾਈਨ ਫੰਡ ਵਿੱਚੋਂ ਪੰਚਾਇਤ ਨੂੰ 89 ਲੱਖ 50 ਹਜ਼ਾਰ 806 ਦੀ ਰਾਸ਼ੀ ਆਈ। ਜਦ ਕਿ 3 ਲੱਖ 34 ਹਜ਼ਾਰ 89 ਰੁਪਏ ਪੰਚਾਇਤ ਦੇ ਖਾਤੇ ਵਿੱਚ ਬਾਕੀ ਹਨ। ਸਰਪੰਚ ਕੇਵਲ ਨਈਅਰ ਨੇ ਵੱਖ-ਵੱਖ ਜਾਅਲੀ ਕਾਗਜ਼ ਤਿਆਰ ਕਰਵਾਏ ਅਤੇ 86 ਲੱਖ 16 ਹਜ਼ਾਰ 717 ਰੁਪਏ ਦੇ ਵਿਕਾਸ ਕਾਰਜ ਗਿਣਵਾਏ।

ਇਸ ਮਾਮਲੇ ਦੀ ਜਦੋਂ ਉੱਚ ਪੱਧਰੀ ਜਾਂਚ ਕਰਵਾਈ ਗਈ ਤਾਂ ਪਤਾ ਲੱਗਾ ਕਿ ਪੰਚਾਇਤ ਵੱਲੋਂ ਕੇਵਲ 1 ਲੱਖ ਰੁਪਏ ਦੇ ਹੀ ਕੰਮ ਕਰਵਾਏ ਗਏ ਹਨ। ਕੁੱਲ ਮਿਲਾ ਕੇ 85 ਲੱਖ 16, ਹਜ਼ਾਰ 717 ਦਾ ਸਰਪੰਚ ਵੱਲੋਂ ਘਪਲਾ ਕੀਤਾ ਗਿਆ। ਇਸ ਤੋਂ ਬਾਅਦ ਡਿਪਟੀ ਕਮਿਸ਼ਨਰ ਰਾਹੁਲ ਨੇ ਸਰਪੰਚ ਕੇਵਲ ਨਈਅਰ ਨੂੰ ਤੁਰੰਤ ਮੁਅੱਤਲ ਕਰਨ ਦਾ ਆਦੇਸ਼ ਦਿੱਤਾ।

# ਠੰਢ ਵਿਚ ਨੌਜਵਾਨ ਨੂੰ ਨੰਗਾ ਕਰਕੇ ਕੁੱਟਿਆ

## ✪ ਪੁਲਿਸ ਨੇ ਨਾਬਾਲਗ ਨੂੰ ਫੜਿਆ !


ਲੁਧਿਆਣਾ-ਜੀਵਨ ਨਗਰ ਇਲਾਕੇ ਵਿੱਚ ਇੱਕ ਲੜਕੇ ਨੂੰ ਫੜ ਕੇ, ਉਸ ਦੇ ਕੱਪੜੇ ਉਤਾਰ ਕੇ ਕੁੱਟਮਾਰ ਕਰਨ ਦੇ ਮਾਮਲੇ ਵਿੱਚ ਪੁਲਿਸ ਨੇ ਇੱਕ ਨਾਬਾਲਗ ਨੂੰ ਹਿਰਾਸਤ ਵਿੱਚ ਲਿਆ ਹੈ। ਇਹ ਕਾਰਵਾਈ ਘਟਨਾ ਦੀ ਵੀਡੀਓ ਇੰਟਰਨੈੱਟ ਮੀਡੀਆ ’ਤੇ ਵਾਇਰਲ ਹੋਣ ਤੋਂ ਬਾਅਦ ਕੀਤੀ ਗਈ। ਦੱਸਿਆ ਜਾਂਦਾ ਹੈ ਕਿ ਜੀਵਨ ਨਗਰ ਇਲਾਕੇ ਵਿੱਚ ਇੱਕ 16 ਸਾਲਾ ਨਾਬਾਲਗ ਬਾਈਕ ’ਤੇ ਤੇਜ਼ ਰਫ਼ਤਾਰ ਨਾਲ ਘੁੰਮ ਕੇ ਲੋਕਾਂ ਨੂੰ ਡਰਾਉਣ-ਧਮਕਾਉਣ ਅਤੇ ਲੁੱਟ-ਖੋਹ ਦੀਆਂ ਵਾਰਦਾਤਾਂ ਕਰਦਾ ਸੀ। ਸਮਾਜ ਸੇਵੀ ਕਰਨ ਦਾ ਦੋਸ਼ ਹੈ ਕਿ ਉਕਤ ਨਾਬਾਲਗ ਤੋਂ ਇਲਾਕੇ ਦੇ ਲੋਕ ਕਾਫੀ ਪਰੇਸ਼ਾਨ ਸਨ ਅਤੇ ਬਜ਼ੁਰਗਾਂ ਤੇ ਰਾਹਗੀਰਾਂ ਲਈ ਸੜਕ ’ਤੇ ਚੱਲਣਾ ਮੁਸ਼ਕਲ ਹੋ ਗਿਆ ਸੀ।

ਦੋਸ਼ ਹੈ ਕਿ ਬੀਤੇ ਵੀਰਵਾਰ ਨੂੰ ਇਸੇ ਨਾਬਾਲਗ ਅਤੇ ਉਸ ਦੇ ਸਾਥੀਆਂ ਨੇ ਇੱਕ ਹੋਰ ਲੜਕੇ ਨੂੰ ਫੜ ਲਿਆ ਅਤੇ ਉਸ ਨੂੰ ਜੀਵਨ ਨਗਰ ਸਥਿਤ ਇੱਕ ਪਾਰਕ ਵਿੱਚ ਲੈ ਗਏ। ਉੱਥੇ ਕੜਾਕੇ ਦੀ ਠੰਢ ਵਿੱਚ ਉਸ ਦੇ ਕੱਪੜੇ ਉਤਾਰ ਕੇ ਡੰਡਿਆਂ ਨਾਲ ਬੇਰਹਿਮੀ ਨਾਲ ਕੁੱਟ ਮਾਰ ਕੀਤੀ ਗਈ। ਇਸ ਦੌਰਾਨ ਮੁਲਜ਼ਮਾਂ ਨੇ ਆਪਣੇ ਮੋਬਾਈਲ ’ਤੇ ਵੀਡੀਓ ਵੀ ਬਣਾਈ। ਇਹ ਵੀ ਦੋਸ਼ ਹੈ ਕਿ ਪੀੜਤ ਲੜਕੇ ਤੋਂ ਪੈਸੇ ਵੀ ਖੋਹ ਲਏ ਗਏ।

ਪੀੜਤ ਲੜਕੇ ਦੇ ਪਿਤਾ ਨੇ ਇਲਾਕਾ ਕੌਂਸਲਰ ਨੂੰ ਇਸ ਬਾਰੇ ਦੱਸਿਆ। ਲੋਕਾਂ ਨੇ ਵੀਡੀਓ ਦੇ ਆਧਾਰ ’ਤੇ ਕੁੱਟਮਾਰ ਕਰਨ ਵਾਲੇ ਨਾਬਾਲਗ ਦੀ ਪਛਾਣ ਕੀਤੀ ਅਤੇ ਪੁਲਿਸ ਨੂੰ ਸੂਚਨਾ ਦਿੱਤੀ। ਘਟਨਾ ਤੋਂ ਨਾਰਾਜ਼ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਬੰਦ ਕਰਕੇ ਚੌਂਕੀ ਜੀਵਨ ਨਗਰ ਦੇ ਬਾਹਰ ਇਕੱਠੇ ਹੋ ਕੇ ਸਖ਼ਤ ਕਾਰਵਾਈ ਦੀ ਮੰਗ ਕੀਤੀ।

ਕੁਲਬੀਰ ਸਿੰਘ, ਐੱਸ.ਐੱਚ.ਓ., ਥਾਣਾ ਫੋਕਲ ਪੁਆਇੰਟ ਨੇ ਦਸਿਆ ਕਿ “ਸੂਚਨਾ ਮਿਲਣ ’ਤੇ ਇੱਕ ਨਾਬਾਲਗ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਵਾਇਰਲ ਵੀਡੀਓ ਦੀ ਵੀ ਜਾਂਚ ਹੋ ਰਹੀ ਹੈ। ਜਾਂਚ ਤੋਂ ਬਾਅਦ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।”

# ਪਾਰਕ ਹੇਠਾਂ ਦੱਬੀ ਮਿਲੀ ਰੋਮਨ ਰਾਜ ਦੀ ਵੱਡੀ ਕੋਠੀ, ਇਲਾਕਾ ਪੋਮਪੀਈ ਵਰਗਾ ਕਰਾਰ



ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਵੇਲਜ਼ ਦੇ ਮਾਰਗਮ ਪਾਰਕ ਵਿੱਚ ਉਸ ਵੇਲੇ ਸਭ ਨੂੰ ਹੈਰਾਨੀ ਹੋ ਗਈ, ਜਦੋਂ ਪਾਰਕ ਦੀ ਜ਼ਮੀਨ ਹੇਠਾਂ ਰੋਮਨ ਰਾਜ ਸਮੇਂ ਦੀ ਇਕ ਬਹੁਤ ਵੱਡੀ ਕੋਠੀ ਦੇ ਨਿਸ਼ਾਨ ਮਿਲੇ। ਪੁਰਾਣੇ ਵੇਲਿਆਂ ਦੀ ਇਹ ਕੋਠੀ ਇੰਨੀ ਵਿਸ਼ਾਲ ਦੱਸੀ ਜਾ ਰਹੀ ਹੈ ਕਿ ਮਾਹਿਰਾਂ ਨੇ ਇਸ ਇਲਾਕੇ ਨੂੰ ਪੋਮਪੀਈ ਵਰਗਾ ਆਖਣਾ ਸ਼ੁਰੂ ਕਰ ਦਿੱਤਾ ਹੈ। ਮਿੱਟੀ ਹੇਠਾਂ ਕੀਤੀ ਗਈ ਜਾਂਚ ਦੌਰਾਨ ਪਤਾ ਲੱਗਿਆ ਹੈ ਕਿ ਕੋਠੀ ਦੇ ਚਾਰੋਂ ਪਾਸੇ ਮਜ਼ਬੂਤ ਕੰਧਾਂ ਸਨ ਅਤੇ ਅੰਦਰ ਕਈ ਕਮਰੇ, ਖੁੱਲ੍ਹਾ ਅੰਗਣ ਤੇ ਵੱਡਾ ਹਾਲ ਵੀ ਮੌਜੂਦ ਸੀ। ਨਾਲ ਹੀ ਇਕ ਹੋਰ ਵੱਡਾ ਢਾਂਚਾ ਵੀ ਸਾਹਮਣੇ ਆਇਆ ਹੈ, ਜਿਸ ਬਾਰੇ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਉਹ ਅਨਾਜ ਰੱਖਣ ਜਾਂ ਲੋਕਾਂ ਦੇ ਇਕੱਠ ਲਈ ਵਰਤਿਆ ਜਾਂਦਾ ਹੋਵੇਗਾ। ਪੁਰਾਤਨ ਵਸਤਾਂ ਦੇ ਜਾਣਕਾਰਾਂ ਦਾ ਕਹਿਣਾ ਹੈ ਕਿ ਇਹ ਕੋਠੀ ਕਿਸੇ ਵੱਡੇ ਸਰਦਾਰ ਜਾਂ ਅਮੀਰ ਘਰਾਣੇ ਦੀ ਰਹੀ ਹੋ ਸਕਦੀ ਹੈ। ਉਸ ਸਮੇਂ ਇਥੇ ਵੱਸਦਾ ਜੀਵਨ ਸੁਖਾਲਾ ਤੇ ਰੌਣਕਾਂ ਭਰਿਆ ਹੋਣ ਦੇ ਅਸਾਰ ਮਿਲਦੇ ਹਨ। ਇਲਾਕਾ ਸਿਰਫ਼ ਰਹਿਣ ਲਈ ਨਹੀਂ, ਸਗੋਂ ਰਾਜ ਦੇ ਕੰਮਕਾਜ ਅਤੇ ਸਮਾਜਿਕ ਇਕੱਠਾਂ ਦਾ ਕੇਂਦਰ ਵੀ ਹੋ ਸਕਦਾ ਹੈ। ਹਾਲੇ ਤੱਕ ਮਿੱਟੀ ਖੋਦ ਕੇ ਪੂਰੀ ਤਰ੍ਹਾਂ ਕੋਠੀ ਬਾਹਰ ਨਹੀਂ ਕੱਢੀ ਗਈ, ਪਰ ਮਿੱਟੀ ਹੇਠਾਂ ਮਿਲੇ ਨਿਸ਼ਾਨ ਹੀ ਇਹ ਸਾਬਤ ਕਰ ਰਹੇ ਹਨ ਕਿ ਇੱਥੇ ਕਦੇ ਰੋਮਨ ਰਾਜ ਦੀ ਵੱਡੀ ਬਸਤੀ ਵੱਸਦੀ ਸੀ। ਅਗਲੇ ਦਿਨਾਂ ਵਿੱਚ ਹੋਰ ਜਾਂਚ ਕਰਕੇ ਇਸ ਕੋਠੀ ਦੇ ਸਮੇਂ ਅਤੇ ਵਰਤੋਂ ਬਾਰੇ ਹੋਰ ਪਤਾ ਲਗਾਇਆ ਜਾਵੇਗਾ। ਇਲਾਕੇ ਦੇ ਲੋਕਾਂ ਵਿੱਚ ਇਸ ਖੋਜ ਨੂੰ ਲੈ ਕੇ ਖੁਸ਼ੀ ਦੀ ਲਹਿਰ ਹੈ। ਲੋਕਾਂ ਦਾ ਕਹਿਣਾ ਹੈ ਕਿ ਇਸ ਨਾਲ ਇਲਾਕੇ ਦੀ ਪੁਰਾਣੀ ਕਹਾਣੀ ਦੁਨੀਆ ਸਾਹਮਣੇ ਆਵੇਗੀ ਅਤੇ ਇੱਥੇ ਦੂਰ-ਦੂਰ ਤੋਂ ਲੋਕ ਇਹ ਥਾਂ ਵੇਖਣ ਆਉਣਗੇ। ਮਾਹਿਰਾਂ ਦਾ ਮੰਨਣਾ ਹੈ ਕਿ ਜੇ ਪੂਰੀ ਖੁਦਾਈ ਕੀਤੀ ਗਈ ਤਾਂ ਹੋਰ ਵੀ ਕਈ ਅਨੋਖੇ ਭੇਦ ਸਾਹਮਣੇ ਆ ਸਕਦੇ ਹਨ।

# ਭਾਰਤ ਨੇ ਰੇਲਵੇ ਦੀ ਬ੍ਰਿਟਿਸ਼ ਦੌਰ ਦੀ ਵਰਦੀ ਖਤਮ ਕੀਤੀ, ਇੰਗਲੈਂਡ 'ਚ ਛਿੜੀ ਤਿੱਖੀ ਚਰਚਾ




ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਭਾਰਤ ਸਰਕਾਰ ਵੱਲੋਂ ਰੇਲਵੇ ਕਰਮਚਾਰੀਆਂ ਲਈ ਚੱਲਦੀ ਆ ਰਹੀ ਬ੍ਰਿਟਿਸ਼ ਦੌਰ ਦੀ ਰਵਾਇਤੀ ਵਰਦੀ ਨੂੰ ਖਤਮ ਕਰਕੇ ਨਵੀਂ, ਆਧੁਨਿਕ ਅਤੇ ਦੇਸੀ ਪਛਾਣ ਨਾਲ ਜੋੜੀ ਵਰਦੀ ਲਾਗੂ ਕਰਨ ਦੇ ਫੈਸਲੇ ਨੇ ਇੰਗਲੈਂਡ ਵਿੱਚ ਸਿਆਸੀ ਅਤੇ ਮੀਡੀਆ ਹਲਕਿਆਂ 'ਚ ਹਲਚਲ ਮਚਾ ਦਿੱਤੀ ਹੈ। ਬ੍ਰਿਟਿਸ਼ ਮੀਡੀਆ ਵਿੱਚ ਇਸ ਕਦਮ ਨੂੰ ਬ੍ਰਿਟਿਸ਼ ਸਾਮਰਾਜ ਦੀਆਂ ਆਖ਼ਰੀ ਨਿਸ਼ਾਨੀਆਂ ਨੂੰ ਮਿਟਾਉਣ ਵੱਲ ਭਾਰਤ ਦਾ ਇੱਕ ਹੋਰ ਵੱਡਾ ਕਦਮ ਕਰਾਰ ਦਿੱਤਾ ਜਾ ਰਿਹਾ ਹੈ। ਬ੍ਰਿਟੇਨ ਦੇ ਨਿਊਜ਼ ਚੈਨਲਾਂ ਅਤੇ ਅਖ਼ਬਾਰਾਂ ਵਿੱਚ ਇਸ ਮਾਮਲੇ ਨੂੰ ਲੈ ਕੇ ਖਾਸ ਚਰਚਾਵਾਂ ਹੋ ਰਹੀਆਂ ਹਨ। ਕੁਝ ਟਿੱਪਣੀਕਾਰਾਂ ਦਾ ਕਹਿਣਾ ਹੈ ਕਿ ਭਾਰਤ ਹੁਣ ਖੁੱਲ੍ਹੇ ਤੌਰ 'ਤੇ ਆਪਣੇ ਉਪਨਿਵੇਸ਼ਕ ਅਤੀਤ ਤੋਂ ਦੂਰੀ ਬਣਾਉਣ ਦੀ ਨੀਤੀ 'ਤੇ ਅੱਗੇ ਵਧ ਰਿਹਾ ਹੈ। ਰਿਪੋਰਟਾਂ ਅਨੁਸਾਰ ਭਾਰਤੀ ਰੇਲਵੇ ਦੀ ਪੁਰਾਣੀ ਵਰਦੀ ਬ੍ਰਿਟਿਸ਼ ਸ਼ਾਸਨ ਸਮੇਂ ਦੀ ਯਾਦ ਦਿਲਾਉਂਦੀ ਸੀ, ਜਿਸਨੂੰ ਹੁਣ ਬਦਲ ਕੇ ਨਵੇਂ ਡਿਜ਼ਾਈਨ, ਆਰਾਮਦਾਇਕ ਕਪੜੇ ਅਤੇ ਦੇਸੀ ਰੰਗਾਂ ਨਾਲ ਤਿਆਰ ਕੀਤਾ ਗਿਆ ਹੈ।

ਇੰਗਲੈਂਡ ਵਿੱਚ ਕੁਝ ਸਾਬਕਾ ਫੌਜੀ ਅਧਿਕਾਰੀਆਂ ਅਤੇ ਰਾਜਨੀਤਿਕ ਹਸਤੀਆਂ ਵੱਲੋਂ ਇਸ ਫੈਸਲੇ 'ਤੇ ਨਾਰਾਜ਼ਗੀ ਵੀ ਜਤਾਈ ਗਈ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਬ੍ਰਿਟਿਸ਼ ਦੌਰ ਨਾਲ ਜੁੜੀਆਂ ਚੀਜ਼ਾਂ ਨੂੰ ਹਟਾਉਣ ਦੀ ਇਹ ਕੋਸ਼ਿਸ਼ ਇਤਿਹਾਸ ਨੂੰ ਮਿਟਾਉਣ ਦੇ ਬਰਾਬਰ ਹੈ। ਦੂਜੇ ਪਾਸੇ ਕਈ ਬ੍ਰਿਟਿਸ਼ ਵਿਦਵਾਨਾਂ ਅਤੇ ਸਮਾਜਿਕ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਹਰ ਦੇਸ਼ ਨੂੰ ਆਪਣੀ ਪਛਾਣ ਅਤੇ ਆਪਣੀ ਸੋਚ ਅਨੁਸਾਰ ਫੈਸਲੇ ਕਰਨ ਦਾ ਪੂਰਾ ਅਧਿਕਾਰ ਹੈ। ਭਾਰਤ ਵਿੱਚ ਇਸ ਫੈਸਲੇ ਨੂੰ ਇੱਕ ਪ੍ਰਸ਼ਾਸਨਕ ਸੁਧਾਰ ਵਜੋਂ ਵੇਖਿਆ ਜਾ ਰਿਹਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਨਵੀਂ ਵਰਦੀ ਕਰਮਚਾਰੀਆਂ ਲਈ ਮੌਸਮ ਅਨੁਕੂਲ, ਸੁਵਿਧਾਜਨਕ ਅਤੇ ਕੰਮਕਾਜ ਲਈ ਹੋਰ ਉਪਯੋਗੀ ਹੋਵੇਗੀ। ਨਾਲ ਹੀ ਇਹ ਵਰਦੀ ਭਾਰਤ ਦੀ ਸੰਸਕ੍ਰਿਤਕ ਪਛਾਣ ਅਤੇ ਆਤਮਨਿਰਭਰਤਾ ਦੀ ਸੋਚ ਨੂੰ ਦਰਸਾਉਂਦੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਫੈਸਲਾ ਸਿਰਫ਼ ਵਰਦੀ ਤੱਕ ਸੀਮਿਤ ਨਹੀਂ, ਸਗੋਂ ਭਾਰਤ ਦੀ ਉਸ ਵੱਡੀ ਨੀਤੀ ਦਾ ਹਿੱਸਾ ਹੈ, ਜਿਸ ਅਧੀਨ ਉਪਨਿਵੇਸ਼ਕ ਸੋਚ ਤੋਂ ਮੁਕਤੀ ਅਤੇ ਆਪਣੀ ਪਛਾਣ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਮਾਮਲੇ ਨੇ ਭਾਰਤ-ਬ੍ਰਿਟੇਨ ਦੇ ਇਤਿਹਾਸਕ ਸਬੰਧਾਂ ਨੂੰ ਲੈ ਕੇ ਵੀ ਨਵੀਂ ਬਹਿਸ ਨੂੰ ਜਨਮ ਦੇ ਦਿੱਤਾ ਹੈ। ਇੰਗਲੈਂਡ ਵਿੱਚ ਰਹਿੰਦੇ ਭਾਰਤੀ ਮੂਲ ਦੇ ਲੋਕਾਂ ਵਿੱਚ ਵੀ ਇਸ ਫੈਸਲੇ ਨੂੰ ਲੈ ਕੇ ਮਿਲੀ-ਜੁਲੀ ਪ੍ਰਤੀਕਿਰਿਆ ਸਾਹਮਣੇ ਆ ਰਹੀ ਹੈ। ਕਈ ਲੋਕਾਂ ਨੇ ਇਸਨੂੰ ਮਾਣ ਦੀ ਗੱਲ ਦੱਸਿਆ ਹੈ, ਜਦਕਿ ਕੁਝ ਲੋਕ ਇਸਨੂੰ ਬੇਵਜ੍ਹਾ ਵਿਵਾਦ ਕਰਾਰ ਦੇ ਰਹੇ ਹਨ। ਫਿਲਹਾਲ ਇਹ ਮਾਮਲਾ ਬ੍ਰਿਟਿਸ਼ ਮੀਡੀਆ ਵਿੱਚ ਸੁਰਖੀਆਂ ਬਣਿਆ ਹੋਇਆ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਸ 'ਤੇ ਹੋਰ ਚਰਚਾ ਹੋਣ ਦੀ ਸੰਭਾਵਨਾ ਹੈ।

### -ਮਾਮਲਾ ਅੰਮ੍ਰਿਤਪਾਲ ਸਿੰਘ ਦੀ ਨਜ਼ਰਬੰਦੀ ਦਾ-

# ਹਾਈ ਕੋਰਟ ਸਖ਼ਤ; ਅਸਲ ਰਿਕਾਰਡ ਤਲਬ

### ✪ ਅਗਲੀ ਸੁਣਵਾਈ 20 ਜਨਵਰੀ ਨੂੰ ਹੋਵੇਗੀ



**ਚੰਡੀਗੜ੍ਹ-ਪੰਜਾਬ** ਅਤੇ ਹਰਿਆਣਾ ਹਾਈ ਕੋਰਟ ਨੇ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਦੀ ਨਜ਼ਰਬੰਦੀ ਨੂੰ ਲੈ ਕੇ ਸੂਬਾ ਸਰਕਾਰ ਵਿਰੁੱਧ ਸਖ਼ਤ ਰੁਖ਼ ਅਖਤਿਆਰ ਕੀਤਾ ਹੈ। ਅਦਾਲਤ ਨੇ ਰਾਸ਼ਟਰੀ ਸੁਰੱਖਿਆ ਐਕਟ ਤਹਿਤ ਕੀਤੀ ਗਈ ਨਜ਼ਰਬੰਦੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਪੰਜਾਬ ਸਰਕਾਰ ਨੂੰ ਅਸਲ ਰਿਕਾਰਡ ਪੇਸ਼ ਕਰਨ ਦੇ ਆਦੇਸ਼ ਦਿੱਤੇ ਹਨ।

**ਅਦਾਲਤੀ ਕਾਰਵਾਈ ਦੇ ਮੁੱਖ ਅੰਸ਼-** ਬੀਤੇ ਸੋਮਵਾਰ ਨੂੰ ਚੀਫ਼ ਜਸਟਿਸ ਸ਼ੀਲ ਨਾਗੂ ਦੀ ਅਗਵਾਈ ਵਾਲੇ ਬੈਂਚ ਨੇ ਇਸ ਮਾਮਲੇ ਦੀ ਸੁਣਵਾਈ ਕੀਤੀ। ਅਦਾਲਤ ਨੇ ਸਰਕਾਰ ਨੂੰ ਹਦਾਇਤਾਂ ਜਾਰੀ ਕਰਦਿਆਂ ਹੇਠ ਲਿਖੇ ਨੁਕਤੇ ਸਪੱਸ਼ਟ ਕੀਤੇ:

**ਇੱਕ ਹਫ਼ਤੇ ਦਾ ਸਮਾਂ:** ਅਦਾਲਤ ਨੇ ਪੰਜਾਬ ਸਰਕਾਰ ਨੂੰ ਪਟੀਸ਼ਨ ਦਾ ਪੈਰਾ-ਵਾਰ ਜਵਾਬ ਦਾਇਰ ਕਰਨ ਲਈ ਇੱਕ ਹਫ਼ਤੇ ਦੀ ਮੋਹਲਤ ਦਿੱਤੀ ਹੈ।

**ਸੁਪਰੀਮ ਕੋਰਟ ਦੀਆਂ ਹਦਾਇਤਾਂ ਦਾ ਹਵਾਲਾ:** ਬੈਂਚ ਨੇ ਟਿੱਪਣੀ ਕੀਤੀ ਕਿ ਸੁਪਰੀਮ ਕੋਰਟ ਨੇ 10 ਨਵੰਬਰ 2025 ਨੂੰ ਦਿੱਤੇ ਆਪਣੇ ਇੱਕ ਫੈਸਲੇ ਵਿੱਚ ਅਜਿਹੇ ਗੰਭੀਰ ਮਾਮਲਿਆਂ ਦਾ ਨਿਪਟਾਰਾ 6 ਹਫ਼ਤਿਆਂ ਦੇ ਅੰਦਰ ਕਰਨ ਦੀ ਸੀਮਾ ਤੈਅ ਕੀਤੀ ਹੈ।

**ਅਸਲ ਦਸਤਾਵੇਜ਼ਾਂ ਦੀ ਮੰਗ:** ਹਾਈ ਕੋਰਟ ਨੇ ਕਿਹਾ ਕਿ ਅਗਲੀ ਸੁਣਵਾਈ 'ਤੇ ਉਹ ਸਾਰੇ ਮੂਲ ਦਸਤਾਵੇਜ਼ ਪੇਸ਼ ਕੀਤੇ ਜਾਣ, ਜਿਨ੍ਹਾਂ ਦੇ ਆਧਾਰ 'ਤੇ ਅੰਮ੍ਰਿਤਪਾਲ ਸਿੰਘ ਦੀ ਹਿਰਾਸਤ ਵਧਾਈ ਗਈ ਹੈ।

**ਕੀ ਹੈ ਪੂਰਾ ਮਾਮਲਾ?-** ਭਾਈ ਅੰਮ੍ਰਿਤਪਾਲ ਸਿੰਘ, ਜੋ ਇਸ ਵੇਲੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ, ਨੇ ਆਪਣੀ ਨਜ਼ਰਬੰਦੀ ਨੂੰ ਤੀਜੀ ਵਾਰ ਵਧਾਏ ਜਾਣ ਦੇ ਫੈਸਲੇ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਹੈ। ਇਹ ਪਟੀਸ਼ਨ ਦਸੰਬਰ 2025 ਦੇ ਪਹਿਲੇ ਹਫ਼ਤੇ ਦਾਇਰ ਕੀਤੀ ਗਈ ਸੀ। ਅੰਮ੍ਰਿਤਪਾਲ ਸਿੰਘ ਦੇ ਵਕੀਲਾਂ ਦਾ ਤਰਕ ਹੈ ਕਿ 17 ਅਪ੍ਰੈਲ 2025 ਦੇ ਨਜ਼ਰਬੰਦੀ ਦੇ ਹੁਕਮ ਕਾਨੂੰਨੀ ਪ੍ਰਕਿਰਿਆ ਦੇ ਅਨੁਕੂਲ ਨਹੀਂ ਹਨ।

**ਅਗਲੀ ਸੁਣਵਾਈ-** ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਸਰਕਾਰ ਦੇ ਜਵਾਬ ਤੋਂ ਬਿਨਾਂ ਕਾਰਵਾਈ ਅੱਗੇ ਨਹੀਂ ਵਧਾਈ ਜਾ ਸਕਦੀ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 20 ਜਨਵਰੀ ਨੂੰ ਹੋਵੇਗੀ।

# ਦਿਓਰ ਨੇ ਭਾਬੀ ਨਾਲ ਬਲਾਤਕਾਰ ਕਰਨ ਦੀ ਕੀਤੀ ਕੋਸ਼ਿਸ਼, ਪੁਲਿਸ ਨੇ ਕੀਤਾ ਗ੍ਰਿਫਤਾਰ

ਲੁਧਿਆਣਾ-ਹਵਸ ਵਿੱਚ ਅੰਨ੍ਹੇ ਹੋਏ ਇੱਕ ਨੌਜਵਾਨ ਨੇ ਆਪਣੇ ਤਾਏ ਦੇ ਘਰ ਅੰਦਰ ਦਾਖ਼ਲ ਹੋ ਕੇ ਭਾਬੀ ਨਾਲ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ। ਆਪਣੀ ਇੱਜਤ ਬਚਾ ਕੇ ਕਮਰੇ ਚੋਂ ਬਾਹਰ ਨਿਕਲੀ ਔਰਤ ਨੇ ਫੋਨ ਕਰਕੇ ਪਤੀ ਨੂੰ ਸਾਰੀ ਘਟਨਾ ਸਬੰਧੀ ਜਾਣਕਾਰੀ ਦਿੱਤੀ।

ਇਸ ਸਬੰਧੀ ਜਦ ਔਰਤ ਦੇ ਪਤੀ ਨੇ ਆਪਣੇ ਚਚੇਰੇ ਭਰਾ ਨੂੰ ਪੁੱਛਿਆ ਤਾਂ ਮੁਲਜ਼ਮ ਆਪਣੇ ਮਾਤਾ ਪਿਤਾ ਨਾਲ ਮਿਲ ਕੇ ਆਪਣੇ ਤਾਏ ਦੇ ਬੇਟੇ ਦੀ ਬੁਰੀ ਤਰ੍ਹਾਂ ਕੁੱਟਮਾਰ ਕਰ ਦਿੱਤੀ।

ਇਸ ਮਾਮਲੇ ਵਿੱਚ ਥਾਣਾ ਡਿਵੀਜ਼ਨ ਨੰਬਰ 8 ਦੀ ਪੁਲਿਸ ਨੇ ਸਿਵਲ ਲਾਈਨ ਦੇ ਇੱਕ ਇਲਾਕੇ ਦੇ ਰਹਿਣ ਵਾਲੇ ਵਿਅਕਤੀ ਦੀ ਸ਼ਿਕਾਇਤ ਤੇ ਉਸ ਦੇ ਚਚੇਰੇ ਭਰਾ ਅਭਿਸ਼ੇਕ ਸ਼ਰਮਾ ਉਰਫ ਪ੍ਰਿੰਸ, ਚਾਚੇ ਅਸ਼ਵਨੀ ਸ਼ਰਮਾ ਅਤੇ ਚਾਚੀ ਹਰਸ਼ ਦੇ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਹੈ। ਪੁਲਿਸ ਨੂੰ ਸ਼ਿਕਾਇਤ ਦਿੰਦਿਆ ਵਿਅਕਤੀ ਨੇ ਦੱਸਿਆ ਕਿ ਬੀਤੇ ਦਿਨੀਂ ਉਸ ਦੀ ਪਤਨੀ ਆਪਣੇ ਕਮਰੇ ਵਿੱਚ ਇਕੱਲੀ ਸੀ। ਇਸੇ ਦੌਰਾਨ ਉਸ ਦੇ ਚਾਚੇ ਦਾ ਬੇਟਾ ਅਭਿਸ਼ੇਕ ਸ਼ਰਮਾ ਉਨ੍ਹਾਂ ਦੇ ਘਰ ਅੰਦਰ ਦਾਖ਼ਲ ਹੋਇਆ ਅਤੇ ਉਸ ਦੀ ਪਤਨੀ ਨਾਲ ਜ਼ਬਰਦਸਤੀ ਕਰਨ ਲੱਗ ਪਿਆ।

ਸ਼ਿਕਾਇਤ ਕਰਤਾ ਨੇ ਦੱਸਿਆ ਕਿ ਉਸ ਦੀ ਪਤਨੀ ਨੇ ਬੜੀ ਮੁਸ਼ਕਿਲ ਆਪਣੀ ਇੱਜਤ ਬਚਾਈ ਅਤੇ ਭੱਜ ਕੇ ਬਾਹਰ ਗਲੀ ਵਿੱਚ ਆ ਗਈ। ਇਸ ਸਬੰਧੀ ਉਸ ਨੇ ਆਪਣੇ ਪਤੀ ਨੂੰ ਜਾਣਕਾਰੀ ਦਿੱਤੀ। ਸ਼ਿਕਾਇਤ ਕਰਤਾ ਨੇ ਦੱਸਿਆ ਕਿ ਅਭਿਸ਼ੇਕ ਸ਼ਰਮਾ ਦੇ ਮਾਤਾ ਪਿਤਾ ਨੇ ਉਸ ਨੂੰ ਸਮਝਾਉਣ ਦੀ ਬਜਾਏ ਉਸ ਦਾ ਸਾਥ ਦਿੱਤਾ ਅਤੇ ਗਲੀ ਵਿੱਚ ਖੜ ਕੇ ਉਸ ਦੀ ਪਤਨੀ ਦੀ ਇੱਜਤ ਦੇ ਖ਼ਿਲਾਫ਼ ਸ਼ਬਦ ਬੋਲੇ। ਮੁਲਜ਼ਮਾਂ ਨੇ ਉਨ੍ਹਾਂ ਨਾਲ ਗਾਲੀ ਗਲੋਚ ਵੀ ਕੀਤੀ।

ਸ਼ਿਕਾਇਤ ਕਰਤਾ ਨੇ ਦੱਸਿਆ ਕਿ ਕੰਮ ਤੋਂ ਜਿਵੇਂ ਹੀ ਉਹ ਵਾਪਸ ਘਰ ਆਇਆ ਤਾਂ ਉਸ ਨੇ ਆਪਣੀ ਚਾਚੇ ਦੇ ਬੇਟੇ ਅਭਿਸ਼ੇਕ ਸ਼ਰਮਾ ਨੂੰ ਪਤਨੀ ਨਾਲ ਹੋਈ ਬਦਸਲੂਕੀ ਬਾਰੇ ਪੁੱਛਿਆ। ਸ਼ਿਕਾਇਤ ਕਰਤਾ ਨੇ ਦੱਸਿਆ ਕਿ ਇਸੇ ਦੌਰਾਨ ਅਭਿਸ਼ੇਕ ਸ਼ਰਮਾ ਉਸ ਦੇ ਪਿਤਾ ਅਤੇ ਮਾਤਾ ਨੇ ਹਮ ਮਸ਼ਵਰਾ ਹੋ ਕੇ ਉਸ ਉੱਪਰ ਹਮਲਾ ਕਰ ਦਿੱਤਾ ਅਤੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ।

ਉਧਰ ਇਸ ਮਾਮਲੇ ਵਿੱਚ ਜਾਂਚ ਅਧਿਕਾਰੀ ਲਵਪ੍ਰੀਤ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਪੀੜਿਤ ਔਰਤ ਦੇ ਪਤੀ ਦੀ ਸ਼ਿਕਾਇਤ ਤੇ ਅਭਿਸ਼ੇਕ ਸ਼ਰਮਾ ਉਰਫ ਪ੍ਰਿੰਸ, ਅਸ਼ਵਨੀ ਸ਼ਰਮਾ ਅਤੇ ਹਰਸ਼ ਦੇ ਖਿਲਾਫ ਮੁਕੱਦਮਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ।

TAIL PIECE

# CONTESTING GROUPS MUST GET OPINIONS OF PEOPLE THROUGH PRESS

**Dalip Singh Wasan, Advocate**
Email: dalipsinghwassan@yahoo.co.in

Contesting groups must give to the people before elections and the people who are the masters of this county mut come forward and bring some improvements in Bills, Projects, Schemes and Policies and the contesting groups must note those improvements. Here in India our representatives ae not free to bring improvements because they are just bound what their heaes hae in their mind ad they are just to follow and say yes. They are ot allowed to work as per their ow cosciee, will, wisdom and desire.

People are still the mastersofthis country ad they can come forward through presw and even they hae alive here through somany senior citizen groups. The editors too are busy to brig out the feelings of the people. And suggestions coming from the people are under discussion ad improved.

The present system of presenting bills through the head of a roup and passing the same with absolute majority had bee in use for decades could not solve so many problems of this country and the target date is under doubts. We shall have to change the present system and ensure the people that they too shall be listened ad wise people of india must participate in making laws for the development of the country.

Most of our scholars are not politicians ad cannot become just followers, but still they are present to take up a mater and can give their opinions and those opinions must be honoured because those are coming from those who are working under their own conscience, will, wisdom and knowledge, they must be heard by the contesting groups and they must themselves bring changes in the blls, Projects, Schemes and Policies. Contesting groups ae not only the well wishers of the people of the country people themselves are pass on comments on working of the political wings ad that written material is often ignored and the contesting groups are not take help from those written materials available in books, editorials and other statements coming from the people. We have noted that one song---A simple taslation---Ca;; the ;eaeders amd sjpw the, the scemes pf tjese streetys wjere Prostitutes are functioning and Mr. Jawahar Ll jee, the then Prime miister of India called the Bureaucracy to prepare a Bill banning prostitution.

### BILLS COMING IN PARLIAMENT MUST BE PASSED BY EXECUTIVE COMMITTES OF THE GROUP

Now we have started functioning in our Parliament and only two groups remain alive an work as ruling front and the oppositions front. Bills are presented by the leaers of the ruling front ad by the oppositions front. They must start new functioning. The Bills must come after due discussion in Public and the be debated in the Executive Comittes of each groups before coing up in Paerliament through the leader of the group.

This system too is not fully democratic because each member starts functioning as representative of the people and in Parliament none is functioning as representative of the contesting group.

Democracy gives freedom to each member to function as representative of he people and must remain free and must function as per his own conscience, will, wisdom and discretion and even is free to bring himself all alone a Bill, Scheme, Project and all present in house must function free and there should be no ruling front and front of oppositiobns. Parliament is a House of members and not of groups and government must set out of Parliament and not a part of Parliament. Members from he ruling side too turn just members in the House and could not become a distinctive part of Parliament.. None of the members could demand this position in the Parliament.

We wanted that all shold be allowed to use their conscience, will, wisdom and disretion so that beeter results could come and the war during camp;aigns must end after taking oath of the Constitution and our Constitution gives dignity and freedom to all the members. In a free country, their representatives too must be free to speak nd his freedom should not be controlled. If need be we can ask both the groups to come with Bills after approval of their own members before sub-



mitting the Bills in Parliament and for that purpose they must sit separately for discussion and approval. All powers cannot be given to one leading member from he group.

### PUNJAB GOVERNMENT COULD PROVIDE SIXTY ONE REGULAR JOBS TO YOUTHS IN FOUR YEARS

CM Bhagwant Singh Maan claimed that in last four years, hisgovernment could give rwegular jobs to 61000 youths and thus sa e number of families could come out of poverty. This had been a big achievement on part of the government. He claimed that all actions of previous governments who had been paying waes at lower stages and were not following the provisions of Constitution were wrong because Equal Work Equal Wages is the main provision in our Constitution and government itself must follow these provisions and must set an eample and try to ensure that all the employers must follow these provision and pay structure followed by the Pay Commission must be applicable in all sectors and provisions for promotions, GPFund, Leave, pension, family pension, Insurance, payent of gratuity and other rules must be applicable in all corporate houses, cooperatrive societies working like corporate house must be followed.

Punjab had been and even now is a border state and entries points of drugs caused much losses and because of unemployment here, most of the youths had been hit by this this drug addiction. Punjab government could work on this point too and most of the big smugglers hae been identified and caught and even could help the yo0uths in coming out of this dangerous addiction. They are inviting big corporate houses to here in Punjab and establish big corporate houses and shall also try to corporatelike cooperative societies in Punjab in field of agriculture for setting up Sugar Factories, Food grain processing units, paper mills, gatta factories, poultry farms, dairies, milk factories, egg processing cenre, meat procession units, catle breeding centres, Catle feed factories and shall try to prepare human feed wich could be transported in all the areas in India.

Punjab canbe turned even preserving vegitables, fruits, milk and items where milk can be used, and other kitchen items which coujld be used just after heating, boiling, fring and kept cold in fridges. And once these units are established in Punjab even adjoining states like Himahal Pradesh, Haryana shall join and shall be helpful for the whole of India. Efforts made by the Punjab Government are liked by the people of Punjab and even they could show that people are giving them victories in bye elections.

* * * * * * * *

## ਹਜਾਰਾਂ ਪ੍ਰਵਾਸੀਆਂ ਦਾ ਕਾਨੂੰਨੀ ਰੁੱਤਬਾ ਰੱਦ ਕਰਨ ਦੇ ਫੈਸਲੇ ਉਪਰ ਰੋਕ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਬੋਸਟਨ ਦੀ ਯੂ ਐਸ ਡਿਸਟ੍ਰਿਕਟ ਜੱਜ ਇੰਦਰਾ ਤਲਵਾਨੀ ਨੇ ਆਰਜੀ ਤੌਰ 'ਤੇ ਟਰੰਪ ਪ੍ਰਸ਼ਾਸਨ ਦੀ 10 ਹਜਾਰ ਤੋਂ ਵਧ ਪ੍ਰਵਾਸੀਆਂ ਦੀ ਕਾਨੂੰਨੀ ਰੁੱਤਬਾ ਖਤਮ ਕਰਨ ਦੀ ਯੋਜਨਾ ਉਪਰ ਰੋਕ ਲਾ ਦਿੱਤੀ ਹੈ। ਜੱਜ ਨੇ ਆਪਣੇ ਫੈਸਲੇ ਵਿੱਚ ਕਿਹਾ ਹੈ ਕਿ ਸਰਕਾਰ ਪ੍ਰਵਾਸੀਆਂ ਨੂੰ ਉਨਾਂ ਦਾ ਕਾਨੂੰਨੀ ਰੁੱਤਬਾ ਖਤਮ ਕਰਨ ਤੋਂ ਪਹਿਲਾਂ ਉਨਾਂ ਨੂੰ ਇਸ ਸਬੰਧੀ ਸੂਚਿਤ ਕਰਨ ਵਿੱਚ ਨਾਕਾਮ ਰਹੀ ਹੈ। ਜੱਜ ਨੇ ਕਿਹਾ ਕਿ ਪ੍ਰਭਾਵਿਤ ਵਿਅਕਤੀਆਂ ਨੂੰ ਨਿਸਚਤ ਸਮੇ ਅੰਦਰ ਦੱਸਿਆ ਜਾਣਾ ਚਾਹੀਦਾ ਸੀ ਕਿ ਉਹ ਦੇਸ਼ ਵਿੱਚ ਰਹਿਣ ਦਾ ਹੱਕ ਗੁਆ ਚੁੱਕੇ ਹਨ। ਜੱਜ ਦੇ ਫੈਸਲੇ ਤੋਂ ਪਹਿਲਾਂ ਪ੍ਰਵਾਸੀਆਂ ਦੇ ਅਧਿਕਾਰਾਂ ਬਾਰੇ ਸਮੂੰਹਾਂ ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਅਦਾਲਤ ਨੇ ਦਖਲਅੰਦਾਜੀ ਨਾ ਕੀਤੀ ਤਾਂ 10000 ਤੋਂ 12000 ਦੇ ਦਰਮਿਆਨ ਪ੍ਰਵਾਸੀਆਂ ਕੋਲੋਂ 14 ਜਨਵਰੀ ਨੂੰ ਦੇਸ਼ ਵਿਚ ਰਹਿਣਾ ਦਾ ਕਾਨੂੰਨੀ ਰੁੱਤਬਾ ਖੁਸ ਜਾਵੇਗਾ ਤੇ ਉਨਾਂ ਨੂੰ ਅਮਰੀਕਾ ਵਿਚੋਂ ਕੱਢ ਦਿੱਤਾ ਜਾਵੇਗਾ। ਆਪਣੇ ਆਦੇਸ਼ ਵਿੱਚ ਜੱਜ ਨੇ ਟਰੰਪ ਪ੍ਰਸ਼ਾਸਨ ਦੇ ਆਦੇਸ਼ ਉਪਰ ਰੋਕ ਲਾਉਂਦਿਆਂ 'ਫੈਮਿਲੀ ਰੀਯੁਨੀਫੀਕੇਸ਼ਨ ਪੈਰੋਲ' ਪ੍ਰੋਗਰਾਮ ਨੂੰ ਕਾਇਮ ਰੱਖਿਆ ਹੈ।

# ਕਾਵਿ ਸੰਗ੍ਰਹਿ 'ਫ਼ਿਕਰ ਨਾ ਕਰੀਂ' ਰੁਮਾਂਸਵਾਦ ਤੇ ਸਮਾਜਿਕ ਸਰੋਕਾਰਾਂ ਦਾ ਸੁਮੇਲ

ਉਜਾਗਰ ਸਿੰਘ




'ਫ਼ਿਕਰ ਨਾ ਕਰੀਂ' ਚਰਨਜੀਤ ਸਮਾਲਸਰ ਦਾ ਪਲੇਠਾ ਕਾਵਿ ਸੰਗ੍ਰਹਿ ਹੈ। ਉਹ ਸੰਵੇਦਨਸ਼ੀਲ ਤੇ ਸੂਖ਼ਮਭਾਵੀ ਕਵੀ ਹੈ। ਉਸਦੀਆਂ ਕਵਿਤਾਵਾਂ ਸਮਾਜ ਨੂੰ ਵੰਗਾਰਦੀਆਂ ਹੋਈਆਂ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਇੱਕਮੁਠ ਹੋ ਕੇ ਜਦੋਜਹਿਦ ਕਰਨ ਲਈ ਪ੍ਰੇਰਦੀਆਂ ਹਨ। ਉਹ ਮਾਨਵੀ ਸਰੋਕਾਰਾਂ ਦਾ ਪ੍ਰਤੀਨਿਧ ਤੇ ਪ੍ਰਤੀਬੱਧ ਕਵੀ ਹੈ। ਉਸਦੀ ਖੁਲ੍ਹੀ ਤੇ ਸਰੋਦੀ ਕਵਿਤਾ ਵਿਚਾਰ ਪ੍ਰਧਾਨ ਹੈ। ਆਪਣੇ ਵਿਚਾਰ ਵੀ ਸਹਿਜਤਾ ਨਾਲ ਸਥਿਤੀਆਂ ਅਤੇ ਪ੍ਰਸਿਥਿਤੀਆਂ ਨੂੰ ਮੁੱਖ ਰੱਖਕੇ ਦਿੰਦਾ ਹੈ। ਉਹ ਆਪਣੇ ਵਿਚਾਰਾਂ ਨੂੰ ਕਵਿਤਾ ਦਾ ਰੂਪ ਦਿੰਦਾ ਹੈ। ਉਸਦੀਆਂ ਕਵਿਤਾਵਾਂ ਸਮਾਜ ਨੂੰ ਸੇਧ ਦੇਣ ਵਾਲੀਆਂ ਹਨ। ਚਰਨਜੀਤ ਸਮਾਲਸਰ ਸਹਿਜਤਾ ਨਾਲ ਕਵਿਤਾ ਲਿਖਦਾ ਹੈ। ਕਵੀ ਕਿਰਤੀਆਂ ਦੀ ਵਕਾਲਤ ਕਰਦਾ ਹੋਇਆ ਉਨ੍ਹਾਂ ਨੂੰ ਸਿਆਸਤਦਾਨਾ ਦੀ ਲੁੱਟ ਘਸੁੱਟ ਤੋਂ ਬਚਣ ਲਈ ਲਾਮਬੰਦ ਹੋਣ ਦੀ ਤਾਕੀਦ ਕਰਦਾ ਹੈ। ਉਸਦੀ ਕਵਿਤਾ ਨਾਹਰਾਵਾਦੀ ਤਾਂ ਹੈ, ਪ੍ਰੰਤੂ ਅਰਥ ਭਰਪੂਰ ਹੋਣ ਕਰਕੇ ਰੜਕਦੀ ਨਹੀਂ, ਕਿਉਂਕਿ ਉਹ ਆਪਣੀ ਕਵਿਤਾ ਵਿੱਚ ਸਰੋਦੀ ਸੁਰ ਪਾ ਦਿੰਦਾ ਹੈ। ਉਹ ਕਵਿਤਾ ਨੂੰ ਸਮਰਪਤ ਹੈ, ਲੋਕ ਪੀੜਾ ਨੂੰ ਮਹਿਸੂਸ ਕਰਦਿਆਂ ਕਾਵਿਕ ਰੂਪ ਦਿੰਦਾ ਹੈ। ਸ਼ਾਇਰ ਨੇ ਆਪਣੀ ਨਿੱਜੀ ਜ਼ਿੰਦਗੀ ਦੇ ਤਜ਼ਰਬਿਆਂ ਨੂੰ ਲੋਕਾਈ ਦੇ ਬਣਾਕੇ ਪੇਸ਼ ਕੀਤਾ ਹੈ, ਇਹੋ ਕਵੀ ਦੀ ਪ੍ਰਾਪਤੀ ਹੈ। ਇਨ੍ਹਾਂ ਵਿੱਚੋਂ ਰੁਮਾਂਸਵਾਦੀ ਕਵਿਤਾਵਾਂ ਵਿੱਚ ਵੀ ਬਹੁਤਾ ਰੋਣਾ ਧੋਣਾ ਨਹੀਂ ਹੈ, ਜਿਵੇਂ ਆਮ ਤੌਰ 'ਤੇ ਰੁਮਾਂਸਵਾਦੀ ਕਵਿਤਾਵਾਂ ਵਿੱਚ ਭਾਰੂ ਹੁੰਦਾ ਹੈ। ਕਵੀ ਆਪਣੀਆਂ ਕਵਿਤਾਵਾਂ ਰਾਹੀਂ ਧੜੱਲੇਦਾਰੀ ਨਾਲ ਸਰਕਾਰਾਂ ਨਾਲ ਆਢ੍ਹਾ ਵੀ ਲਾਉਂਦਾ ਹੈ। ਧਾਰਮਿਕ ਕੱਟੜਤਾ ਦਾ ਵਿਰੋਧੀ ਹੈ। ਸਰਕਾਰ ਦੀ ਸਾਹਿਤਕਾਰਾਂ, ਕਲਮਕਾਰਾਂ ਅਤੇ ਚਿੰਤਕਾਂ ਨੂੰ ਦਬਾਕੇ ਰੱਖਣ ਦੀ ਨੀਤੀ ਵੰਗਾਰਦਾ, ਕਵੀ ਇਸ ਸੰਗ੍ਰਹਿ ਦੀ ਪਹਿਲੀ ਕਵਿਤਾ 'ਬੜਾ ਡਰੇ ਹੋਏ ਨੇ ਉਹ' ਵਿੱਚ ਲਿਖਦਾ ਹੈ:

ਉਹ ਚਾਹੁੰਦੇ ਨੇ  
ਮੇਰੀ ਕਲਮ ਦੀ  
ਸਿਆਹੀ ਸੁੱਕ ਜਾਵੇ  
ਅੱਖਰ-ਕ੍ਰਾਂਤੀ ਰੁਕ ਜਾਵੇ  
'ਲਾਲ' ਤਾਂ ਜਮ੍ਹਾਂ ਈ ਮੁੱਕ ਜਾਵੇ  
ਸਿਆਸਤ ਦੀ ਸੱਪਣੀ  
ਮੇਰੀ ਕਲਮ ਦੀ ਨੋਕ 'ਤੇ  
ਜ਼ਹਿਰ ਉਗਲ਼ ਜਾਵੇ।

ਚਰਨਜੀਤ ਸਮਾਲਸਰ ਦੀਆਂ ਕਵਿਤਾਵਾਂ ਕਹਿੰਦੀਆਂ ਹਨ ਕਿ ਹੰਕਾਰੀ ਤੇ ਜ਼ਾਬਰ ਸਰਕਾਰਾਂ ਦੀ ਜ਼ੋਰ-ਜ਼ਬਰਦਸਤੀ ਹਮੇਸ਼ਾ ਨਹੀਂ ਚਲੇਗੀ, ਸਮਾਂ ਬੜਾ ਬਲਵਾਨ ਹੁੰਦੈ। ਜ਼ਾਤ-ਪਾਤ ਤੇ ਉਚ-ਨੀਚ ਦੀਆਂ ਵੰਡੀਆਂ ਪਾ ਕੇ ਲੁੱਟ ਘਸੁੱਟ ਬੰਦ ਕਰਨ ਲਈ ਇਕ-ਨਾ-ਇੱਕ ਦਿਨ ਕਿਰਤੀ ਉਠਣਗੇ। 'ਕਿਰਤ ਦਾ ਮੁੱਲ' ਕਵਿਤਾ ਵਿੱਚ ਸ਼ਾਇਰ ਲਿਖਦੈ

ਕਿਰਤ ਤੇਰੀ ਜੋ ਲੁੱਟੀ ਜਾਂਦੇ




ਕਾਵਿ ਸੰਗ੍ਰਹਿ ਦੇ ਸਿਰਲੇਖ ਵਾਲੀ ਕਵਿਤਾ 'ਤੂੰ ਫ਼ਿਕਰ ਨਾ ਕਰੀਂ' ਵਿੱਚ ਵੀ ਸ਼ਾਇਰ ਆਪਣੀ ਮੁਹੱਬਤ ਵਿੱਚ ਸਫ਼ਲ ਹੋਣ ਦਾ ਵਿਸ਼ਵਾਸ ਕਰਦਾ ਹੋਇਆ ਕਹਿੰਦਾ ਹੈ ਕਿ ਹਰ ਹਾਲਤ ਵਿੱਚ ਉਹ ਆਪਣੇ ਨਿਸ਼ਾਨੇ ਤੇ ਪਹੁੰਚੇਗਾ, ਕੋਈ ਵੀ ਉਸਦਾ ਰਸਤਾ ਨਹੀਂ ਰੋਕ ਸਕਦਾ, ਕਿਉਂਕਿ ਉਸਦੀ ਮੁਹੱਬਤ ਪਾਕਿ ਤੇ ਪਵਿਤਰ ਹੈ। ਉਸ ਦੀਆਂ ਰੁਮਾਂਸਵਾਦੀ ਕਵਿਤਾਵਾਂ, , 'ਰੂਹਾਂ ਦੇ ਰਿਸ਼ਤੇ', 'ਮਾਏ ਨੀ', 'ਬੇਮੌਸਮਾ ਫੁੱਲ', 'ਉਹ ਕੁੜੀ', 'ਨਵੀਂ ਪਹਿਚਾਣ', 'ਉਮਰ ਦਾ ਪੜਾਅ', 'ਇੰਜ ਵੀ ਹੋਣਾ ਸੀ-1', 'ਅਤੀਤ', 'ਗੈਟ-ਲਾਸਟ', 'ਪੱਬ', 'ਕੀ ਕਰਾਂ ?', ਆਦਿ ਹਨ।

ਹਾਕਮ ਚੋਰ ਲੁਟੇਰੇ  
ਆ ਇਨ੍ਹਾਂ ਦਾ ਬਣਕੇ ਝੱਖੜ  
ਕਰੀਏ ਦੀਵਾ ਗੁਲ  
ਉਚ-ਨੀਚ ਦੇ ਬੰਧਨ ਵਾਲੀ  
ਢਾਹ ਦਿਉ ਕੰਧ ਉਚੇਰੀ  
ਜ਼ਾਤ-ਪਾਤ ਦੀਆਂ ਥੋਹਰਾਂ ਪੁੱਟ ਕੇ  
ਬੀਜੋ ਏਕੇ ਦੇ ਫੁੱਲ।

'ਅਜੇ ਤਾਂ.. ..' ਸਿਰਲੇਖ ਵਾਲੀ ਕਵਿਤਾ ਵਿੱਚ ਸ਼ਾਇਰ ਲਿਖਦਾ ਹੈ ਕਿ ਮਨੁੱਖ ਦਾ ਇਰਾਦਾ ਮਜ਼ਬੂਤ ਅਤੇ ਨਿਸ਼ਾਨਾ ਨਿਸਚਤ ਹੋਣਾ ਚਾਹੀਦਾ, ਸੰਸਾਰ ਵਿੱਚ ਕੋਈ ਅਜਿਹੀ ਟੀਸੀ ਨਹੀਂ ਜਿਸਨੂੰ ਸਰ ਨਹੀਂ ਕੀਤਾ ਜਾ ਸਕਦਾ। ਹੁਕਮਰਾਨਾ ਦੀਆਂ ਅਥਾਹ ਸ਼ਕਤੀਆਂ ਦੇ ਤੂਫ਼ਾਨਾ ਦਾ ਰਸਤਾ ਮਨੁੱਖਤਾ ਦੀ ਏਕਤਾ ਨਾਲ ਮੋੜਿਆ ਜਾ ਸਕਦਾ ਹੈ। ਗ਼ਰੀਬੀ, ਕਰਜ਼ੇ ਅਤੇ ਜ਼ਿੰਦਗੀ ਦੇ ਰਸਤੇ ਵਿੱਚ ਆਉਣ ਵਾਲੀਆਂ ਹੋਰ ਅਲਾਮਤਾਂ ਨੂੰ ਖ਼ਤਮ ਕਰਕੇ ਸੁੱਖ ਦਾ ਜੀਵਨ ਜੀਵਿਆ ਜਾ ਸਕਦਾ ਹੈ। ਕਵੀ ਆਸ਼ਾਵਾਦੀ ਹੈ। ਇਸੇ ਤਰ੍ਹਾਂ 'ਮੈਂ ਕਰਾਂਗਾ ਪਿਆਰ' ਸਿਰਲੇਖ ਵਾਲੀ ਕਵਿਤਾ ਵਿੱਚ ਲਿਖਦਾ ਹੈ ਕਿ ਭਾਵੇਂ ਕਿਸਾਨਾ ਦੇ ਰਾਹ ਵਿੱਚ ਅਨੇਕ ਕਿਸਮ ਦੀਆਂ ਮੁਸੀਬਤਾਂ ਪਹਾੜ ਬਣਕੇ ਖੜ੍ਹ ਜਾਂਦੀਆਂ ਹਨ, ਪ੍ਰੰਤੂ ਕਿਸਾਨ ਆਪਣੀ ਮਿਹਨਤ ਨਾਲ ਹਰ ਔਕੜ ਨੂੰ ਦੂਰ ਕਰਕੇ ਸਫ਼ਲਤਾ ਪ੍ਰਾਪਤ ਕਰ ਲੈਂਦਾ ਹੈ। ਸਰਕਾਰਾਂ ਉਸਦੇ ਰਾਹ ਨਹੀਂ ਰੋਕ ਸਕਦੀਆਂ। ਕਵੀ ਕਈ ਵਾਰ ਅਧਿਆਤਮਵਾਦ ਤੇ ਰੁਮਾਂਸਵਾਦ ਦਾ ਸੁਮੇਲ ਵੀ ਕਰ ਦਿੰਦਾ ਹੈ, ਜਿਵੇਂ 'ਮੇਰੀ ਚੁੱਪ' ਕਵਿਤਾ ਵਿੱਚ ਲਿਖਦਾ ਹੈ। ਇਸ ਮੰਤਵ ਦੀ ਪ੍ਰਾਪਤੀ ਲਈ ਗਿਆਨ ਪ੍ਰਾਪਤ ਕਰਨਾ ਜ਼ਰੂਰੀ ਹੈ। 'ਐ ਮੇਰੇ ਸ਼ਬਦੋ' ਵਿੱਚ ਸ਼ਾਇਰ ਨੇ ਸਾਫ਼ ਕਰ ਦਿੱਤਾ ਹੈ ਕਿ ਗਿਆਨ ਦੀ ਰੌਸ਼ਨੀ ਹੀ ਗੁਰਬਤ ਨੂੰ ਦੂਰ ਕਰ ਸਕਦੀ ਹੈ, ਮਜ਼ਲੂਮਾ, ਦੱਬੇ ਕੁਚਲੇ ਤੇ ਗ਼ਰੀਬ ਲੋਕਾਂ ਨੂੰ ਆਪਣੇ ਹੱਕ ਲੈਣ ਵਾਸਤੇ ਝੂਠ ਦੇ ਨਕਾਬ ਲਾਹਕੇ ਸਮਾਜ ਅੱਗੇ ਸੁੱਟਣੇ ਪੈਣਗੇ ਤਾਂ ਹੀ ਇਨ੍ਹਾਂ ਭੇੜੀਆਂ ਤੋਂ ਬਚਿਆ ਜਾ ਸਕਦਾ ਹੈ। ਬਲਾਤਕਾਰੀਆਂ ਦਾ ਵਿਰੋਧ ਦ੍ਰਿੜ੍ਹਤਾ ਨਾਲ ਕਰਨਾ ਪਵੇਗਾ। ਇਸੇ ਤਰ੍ਹਾਂ 'ਕੌਣ ਪੁੱਛਦਾ ਏ.. .. ?' ਸਿਰਲੇਖ ਵਾਲੀ ਕਵਿਤਾ ਵਿੱਚ ਕਵੀ ਸਮਾਜ ਨੂੰ ਅਨੇਕ ਸਵਾਲ ਕਰਦਾ ਹੈ ਕਿ ਕੁਰਬਾਨੀਆਂ ਕਰਨ ਵਾਲਿਆਂ, ਗ਼ਰੀਬਾਂ, ਸੱਚ ਬੋਲਣ ਵਾਲਿਆਂ, ਧਾਰਮਿਕ ਲੋਕਾਂ ਦੀਆਂ ਜ਼ਿਆਦਤੀਆਂ ਅਤੇ ਹੋਰ ਅਨੇਕ ਅਲਾਮਤਾਂ ਤੋਂ ਕੌਣ ਖਹਿੜਾ ਛੁਡਾਇਗਾ? ਸ਼ਾਇਰ ਦਾ ਭਾਵ ਹੈ ਕਿ ਲੋਕਾਈ ਨੂੰ ਆਪਣੇ ਹੱਕਾਂ ਲਈ ਲਾਮਬੰਦ ਹੋਣਾ ਪਵੇਗਾ। ਰਾਹ ਦਸੇਰਾ ਬਣਨਾ ਪਵੇਗਾ ਤਾਂ ਹੀ ਸਮਾਜ ਦਾ ਭਲਾ ਹੋ ਸਕਦਾ ਹੈ। ਗ਼ਰੀਬ ਅਮੀਰ ਦੇ ਅੰਤਰ ਬਾਰੇ ਵੀ 'ਅੰਤਰ' ਸਿਰਲੇਖ ਵਾਲੀ ਕਵਿਤਾ ਵਿੱਚ ਬਾਕਮਾਲ ਉਦਾਹਰਨਾ ਦੇ ਕੇ ਲਿਖਿਆ ਹੈ। ਚਰਨਜੀਤ ਸਮਾਲਸਰ ਨੇ ਮਾਂ ਦੇ ਯੋਗਦਾਨ ਬਾਰੇ 'ਮਾਏ ਨੀ', 'ਗ਼ਰੀਬੜੀ ਮਾਂ', 'ਮਾਂ, ਮੰਜ਼ਿਲ ਤੇ ਮੈਂ' ਅਤੇ 'ਮਾਂ ਮਹਿਬੂਬ ਤੇ ਕਵਿਤਾ' ਕਵਿਤਾਵਾਂ ਲਿਖੀਆਂ ਹਨ, ਜੋ ਬਹੁਤ ਹੀ ਭਾਵਪੂਰਤ ਹਨ। ਇਨ੍ਹਾਂ ਕਵਿਤਾਵਾਂ ਵਿੱਚ ਸ਼ਾਇਰ ਨੇ ਦੱਸਿਆ ਹੈ ਕਿ ਮਾਂ ਆਪਣੀ ਔਲਾਦ ਲਈ ਹਰ ਕੁਰਬਾਨੀ ਕਰਨ ਨੂੰ ਤਿਆਰ ਰਹਿੰਦੀ ਹੈ, ਮਜ਼ਦੂਰੀ ਕਰਨੀ ਪੈਂਦੀ ਹੈ, ਉਹ ਵੀ ਕਰ ਲੈਂਦੀ ਹੈ, ਭੁੱਖਾ ਰਹਿਣਾ ਪਵੇ ਉਹ ਵੀ ਰਹਿ ਲੈਂਦੀ ਹੈ ਪ੍ਰੰਤੂ ਆਪਣੀ ਔਲਾਦ ਦਾ ਭਵਿਖ ਸੁਨਹਿਰਾ ਚਾਹੁੰਦੀ ਹੈ।

ਇਸ ਕਾਵਿ ਸੰਗ੍ਰਹਿ ਦਾ ਦੂਜਾ ਪੱਖ ਰੁਮਾਂਸਵਾਦੀ ਕਵਿਤਾਵਾਂ ਦਾ ਹੈ, ਜਿਸ ਵਿੱਚ ਕਵੀ ਨੇ ਲਿਖਿਆ ਹੈ ਕਿ ਇਸ਼ਕ ਜ਼ਿੰਦਗੀ ਦੀ ਰਵਾਨਗੀ ਲਈ ਜ਼ਰੂਰੀ ਵੀ ਹੁੰਦਾ ਹੈ, ਪ੍ਰੰਤੂ ਇਸ਼ਕ- ਮੁਹੱਬਤ ਦਾ ਪੈਂਡਾ ਤਹਿ ਕਰਨਾ ਅਸੰਭਵ ਤਾਂ ਨਹੀਂ, ਔਖਾ ਜ਼ਰੂਰ ਹੁੰਦਾ ਹੈ। ਆਸ਼ਕ-ਮਸ਼ੂਕ ਦੇ ਰਸਤੇ ਵਿੱਚ ਰੁਕਾਵਟਾਂ ਪਹਾੜਾਂ ਤੋਂ ਵੀ ਵੱਡੀਆਂ ਹੁੰਦੀਆਂ ਹਨ। ਇਸ਼ਕ ਕੁਰਬਾਨੀ ਮੰਗਦਾ ਹੈ, ਕਈ ਵਾਰੀ ਮੌਤ ਨਾਲ ਵੀ ਲੜਨਾ ਪੈਂਦਾ ਹੈ। 'ਪੰਧ ਦਾ ਬਿਰਖ', 'ਤੂੰ ਉਹ ਨਹੀਂ ਸੀ', ਭਟਕਣਾ-1' ਅਤੇ 'ਮਹਿੰਗੇ ਮੋਤੀ' ਕਵਿਤਾਵਾਂ ਵਿੱਚ ਬ੍ਰਿਹਾ ਦੀ ਤ੍ਰਾਸਦੀ ਪ੍ਰਗਟਾਉਂਦਾ ਹੋਇਆ ਕਵੀ ਲਿਖਦਾ ਹੈ:

ਜ਼ਹਿਰ ਪਿਆਲਾ ਹੱਸ ਹੱਸ ਪੀਤਾ  
ਪੀਤਾ ਵਾਂਗਰ ਕਾੜ੍ਹੇ।  
ਮਹਿੰਗੇ ਪੈਂਦੇ ਇਸ਼ਕ ਯਰਾਨੇ  
ਮੰਗਦੇ ਜਾਨ ਦੇ ਭਾੜੇ।  
ਅਰਸ਼ੋਂ ਟੁੱਟੀ ਗੁੱਡੀ ਲੋਕੋ  
ਕੋਈ ਨਾ ਉਪਰ ਚਾੜ੍ਹੇ।  
ਮੌਤ ਮੇਰੀ ਵੀ ਚੜ੍ਹ ਕੇ ਆਈ  
ਆਈ ਵਾਂਗਰ ਲਾੜੇ।

ਉਸ ਦੀਆਂ ਕਵਿਤਾਵਾਂ ਮੁਹੱਬਤ ਦੇ ਗੀਤ ਵੀ ਗਾਉਂਦੀਆਂ ਹਨ, ਜਿਵੇਂ ਕਾਵਿ ਸੰਗ੍ਰਹਿ ਦੇ ਸਿਰਲੇਖ ਵਾਲੀ ਕਵਿਤਾ 'ਤੂੰ ਫ਼ਿਕਰ ਨਾ ਕਰੀਂ' ਵਿੱਚ ਵੀ ਸ਼ਾਇਰ ਆਪਣੀ ਮੁਹੱਬਤ ਵਿੱਚ ਸਫ਼ਲ ਹੋਣ ਦਾ ਵਿਸ਼ਵਾਸ ਕਰਦਾ ਹੋਇਆ ਕਹਿੰਦਾ ਹੈ ਕਿ ਹਰ ਹਾਲਤ ਵਿੱਚ ਉਹ ਆਪਣੇ ਨਿਸ਼ਾਨੇ ਤੇ ਪਹੁੰਚੇਗਾ, ਕੋਈ ਵੀ ਉਸਦਾ ਰਸਤਾ ਨਹੀਂ ਰੋਕ ਸਕਦਾ, ਕਿਉਂਕਿ ਉਸਦੀ ਮੁਹੱਬਤ ਪਾਕਿ ਤੇ ਪਵਿਤਰ ਹੈ। ਉਸ ਦੀਆਂ ਰੁਮਾਂਸਵਾਦੀ ਕਵਿਤਾਵਾਂ, , 'ਰੂਹਾਂ ਦੇ ਰਿਸ਼ਤੇ', 'ਮਾਏ ਨੀ', 'ਬੇਮੌਸਮਾ ਫੁੱਲ', 'ਉਹ ਕੁੜੀ', 'ਨਵੀਂ ਪਹਿਚਾਣ', 'ਉਮਰ ਦਾ ਪੜਾਅ', 'ਇੰਜ ਵੀ ਹੋਣਾ ਸੀ-1', 'ਅਤੀਤ', 'ਗੈਟ-ਲਾਸਟ', 'ਪੱਬ', 'ਕੀ ਕਰਾਂ ?', ਆਦਿ ਹਨ। 'ਸਾਨੂੰ ਨਹੀਂ ਆਉਂਦਾ' ਸਿਰਲੇਖ ਵਾਲੀ ਨਜ਼ਮ ਵਿੱਚ ਲਿਖਦਾ ਹੈ:

ਅਸੀਂ ਤਾਂ  
ਮੁਹੱਬਤ ਦੇ ਰੁੱਖਾਂ 'ਚੋਂ  
ਨਿਕਲਦੀ ਖ਼ੁਸ਼ਬੋ ਹਾਂ  
ਨਫ਼ਰਤ ਦਾ ਜ਼ਹਿਰ ਫ਼ੈਲਾਉਣਾ  
ਸਾਡੇ ਹਿੱਸੇ ਨਹੀਂ ਆਇਆ।

ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਕਵਿਤਾਵਾਂ ਆਸ਼ਕ-ਮਾਸ਼ੂਕ ਨੂੰ ਬ੍ਰਿਹਾ ਦੀ ਪੀੜਾ ਵਿੱਚ ਤੜਪਦਿਆਂ ਨੂੰ ਦਰਸਾ ਰਹੀਆਂ ਹਨ। ਦੋ ਕਵਿਤਾਵਾਂ 'ਅਸੀਂ ਟੁੱਟ ਜਾਣਾ..' ਅਤੇ 'ਬਦਵਖ਼ਤੀ ਦਾ ਕੁਹਾੜਾ' ਨਿਰਾਸ਼ਾਵਾਦੀ ਸੋਚ ਦੀਆਂ ਲਖਾਇਕ ਹਨ। ਭਵਿਖ ਵਿੱਚ ਇਸ ਤੋਂ ਵੀ ਵਧੀਆ ਕਾਵਿ ਸੰਗ੍ਰਹਿ ਦੀ ਕਾਮਨਾ ਕੀਤੀ ਜਾ ਸਕਦੀ ਹੈ। 80 ਪੰਨਿਆਂ, 180 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਕੈਲੀਬਰ ਪਬਲੀਕੇਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।

ਸੰਪਰਕ: ਚਰਨਜੀਤ ਸਮਾਲਸਰ : 9814400878

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ  
ਮੋਬਾਈਲ-94178 13072

# ਸੂਰਬੀਰ ਜਰਨੈਲ ਅਕਾਲੀ ਫੂਲਾ ਸਿੰਘ

ਜਸਵਿੰਦਰ ਸਿੰਘ ਰੁਪਾਲ

ਜ਼ੋ ਜ਼ੋਰ ਦੇ ਸ਼ੋਰ ਦਾ ਜ਼ਿਕਰ ਸੁਣ ਲਓ,
ਹੈਸੀ ਨਾਲ ਸਰਕਾਰ ਦੇ ਸੰਗ ਯਾਰੋ।
ਇਕ ਨਾਮੀ ਗਰਾਮੀ ਸਰਦਾਰ ਭਾਰਾ,
ਹੁਸ਼ਿਆਰ ਮਾਨਿੰਦ ਪਲੰਗ ਯਾਰੋ।
ਮਸਤ ਜੰਗ ਦੇ ਵਿਚ ਅਨੰਦ ਰਹਿੰਦਾ,
ਪੀਂਦਾ ਰੰਗ ਹਰਿਆਵਲੀ ਭੰਗ ਯਾਰੋ।
ਕਾਦਰਯਾਰ ਮਸ਼ਹੂਰ ਜਹਾਨ ਅੰਦਰ,
ਫੂਲਾ ਸਿੰਘ ਅਕਾਲੀ ਨਿਹੰਗ ਯਾਰੋ।
(ਕਾਦਰਯਾਰ)



ਅਕਾਲੀ ਫੂਲਾ ਸਿੰਘ ਜੀ ਨਿਹੰਗ ਜਿਨ੍ਹਾਂ ਨੂੰ ਅਕਸਰ ਸੰਤ ਸਿਪਾਹੀ ਦੇ ਉੱਚ ਆਦਰਸ਼ ਦਾ ਜਿਊਂਦਾ ਰੂਪ ਕਿਹਾ ਜਾਂਦਾ ਹੈ , ਸਿੱਖ ਰਾਜ ਦੇ ਉਭਾਰ ਅਤੇ ਅਕਾਲ-ਤਖਤ ਦੀ ਰੂਹਾਨੀ-ਰਾਜਸੀ ਤਾਕਤ ਨੂੰ ਮਜਬੂਰ ਕਰਨ ਵਾਲੇ ਜਰਨੈਲ ਸਨ। ਉਹਨਾਂ ਦਾ ਜੀਵਨ ਸਿੱਖੀ ਦੇ ਅਨੂਠੇ ਜੰਗੀ ਇਤਿਹਾਸ, ਨਿਹੰਗ ਰੀਤ, ਤਿਆਗੀ ਸੁਭਾਉ ਅਤੇ ਗੁਰੂ ਗ੍ਰੰਥ ਪੰਥ ਦੀ ਸਰਦਾਰੀ ਨੂੰ ਸਮਰਪਿਤ ਰਿਹਾ।

ਡਾ ਰਤਨ ਸਿੰਘ ਜੱਗੀ ਦੇ ਸਿੱਖ ਵਿਸ਼ਵ ਕੋਸ਼ ਅਨੁਸਾਰ ਅਕਾਲੀ ਫੂਲਾ ਸਿੰਘ ਦਾ ਜਨਮ ਪੰਜਾਬ ਦੇ ਬਾਂਗਰ ਦੇ ਇਲਾਕੇ ਵਜੋਂ ਜਾਣੇ ਜਾਂਦੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਦੇਹਲਾ ਸਿਹਾਂ ਵਿੱਚ 14 ਜਨਵਰੀ 1760 ਈਸਵੀ ਨੂੰ ਸਰਦਾਰ ਈਸ਼ਰ ਸਿੰਘ ਜੀ ਦੇ ਘਰ ਬੀਬੀ ਹਰਿ ਕੌਰ ਦੀ ਕੁੱਖੋਂ ਹੋਇਆ। ਪਿਤਾ ਈਸ਼ਰ ਸਿੰਘ ਜੀ ਦੇ ਵੱਡੇ ਘੱਲੂਘਾਰੇ ਵਿੱਚ ਜਖਮੀ ਹੋ ਗਏ ਅਤੇ ਥੋੜ੍ਹੀ ਦੇਰ ਬਾਅਦ ਹੀ ਉਨਾਂ ਦੀ ਮੌਤ ਹੋ ਗਈ। ਡਾ ਬਲਕਾਰ ਸਿੰਘ ਜੀ ਅਨੁਸਾਰ, "ਅਕਾਲੀ ਫੂਲਾ ਸਿੰਘ ਵੀ ਉਸ ਡੇਰੇ ਨਾਲ ਜੁੜੇ ਹੋਏ ਸਨ ਜਿਸ ਨਾਲ ਉਨ੍ਹਾਂ ਦੇ ਪਿਤਾ ਜੀ ਜੁੜੇ ਹੋਏ ਸਨ। ਪਿਤਾ ਦੀ ਵੱਡੇ ਘੱਲੂਘਾਰੇ ਵਿਚ ਮੌਤ ਤੋਂ ਬਾਅਦ ਛੋਟੀ ਉਮਰੇ ਉਹ ਉਸ ਡੇਰੇ ਵਿਚ ਬਾਬਾ ਨੈਣਾ ਸਿੰਘ ਕੋਲ ਚਲੇ ਗਏ। ਉਨ੍ਹਾਂ ਨੇ ਧਰਮ ਦੀ ਅਤੇ ਜੰਗ ਦੀ ਸਿੱਖਿਆ ਇਸ ਡੇਰੇ ਤੋਂ ਲਈ। ਅਸਲ ਵਿੱਚ ਇਹ ਡੇਰੇ ਸਿਖਿਆ ਦਿੰਦੇ ਸਨ ਕਿ ਇੱਕ ਸਿੱਖ ਨੇ ਸਮਾਜ ਵਿਚ ਕਿਸ ਤਰਾਂ ਵਿਚਰਨਾ ਹੈ। ਇੱਕ ਸਮੇਂ ਬਾਅਦ ਉਹ ਇਸ ਡੇਰੇ ਦੇ ਮੁਖੀ ਬਣੇ।"

ਅਜੇ 14 ਸਾਲ ਦੇ ਸਨ, ਜਦੋਂ ਮਾਤਾ ਜੀ ਵੀ ਸਾਥ ਛੱਡ ਗਏ। ਬਚਪਨ ਤੋਂ ਹੀ ਨਿਹੰਗ ਦਲ ਨਾਲ ਜੁੜਨ ਅਤੇ ਬੁੱਢਾ ਦਲ ਦੀ ਸੰਗਤ ਵਿਚ ਖਾਲਸਾ ਸੰਤ ਸਿਪਾਹੀ ਮਰਯਾਦਾ ਵਿਚ ਪਰਪੱਕ ਹੋ ਗਏ। ਰੋਜ਼ਾਨਾ ਦੇ ਨੇਮ ਵਿਚ ਅੰਮ੍ਰਿਤ ਵੇਲਾ, ਆਸਾ ਦੀ ਵਾਰ, ਜਪ ਤਪ, ਸੰਗੀਤਮਈ ਕੀਰਤਨ, ਗੁਰਬਾਣੀ ਅਭਿਆਸ ਦੇ ਨਾਲ ਘੋੜ ਸਵਾਰੀ, ਅਖਾੜਾ, ਸ਼ਸ਼ਤਰ ਵਿੱਦਿਆ ਅਤੇ ਜੰਗੀ ਰਣਨੀਤੀ ਦੀ ਵਿਧੀਬੱਧ ਸਿਖਲਾਈ ਮਿਲਦੀ ਸੀ। ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜਰੀ ਵਿਚ ਹੋਣ ਵਾਲੇ ਗੁਰਮਤੇ ਨੂੰ ਗੁਰੂ ਦੀ ਸੰਗਤ-ਪ੍ਰਮਾਣਿਤ ਆਗਿਆ ਮੰਨਦੇ ਸਨ ਅਤੇ ਉਸਦੇ ਨਿਭਾਉ ਨੂੰ ਆਪਣੇ ਜੀਵਨ ਦਾ ਸਭ ਤੋਂ ਵੱਡਾ ਫਰਜ ਸਮਝਦੇ ਸਨ। ਉਨਾਂ ਦੀ ਨਿਹੰਗ ਰੀਤ ਵਿੱਚ ਚੜ੍ਹਦੀ ਕਲਾ, ਨਿਰਭਉ ਨਿਰਵੈਰ ਮਨੋਭਾਵ, ਲੰਗਰ, ਸੇਵਾ ਅਤੇ ਮਰਨ ਲਈ ਹਮੇਸ਼ਾ ਤਿਆਰ ਰਹਿਣ ਦਾ ਮਿਸ਼ਰਤ ਰੂਪ ਮਿਲਦਾ ਹੈ ਜਿਹੜਾ ਸੰਤ ਸਿਪਾਹੀ ਦੇ ਸੰਕਲਪ ਨੂੰ ਜੀਵਤ ਕਰਦਾ ਹੈ। ਹੌਲੀ ਹੌਲੀ ਉਹ ਨਿਹੰਗ ਰੰਗ ਦੇ ਨੀਲ ਬਸਤਰ ਬਾਣਿਆਂ ਅਤੇ ਖਾਲਸਾ ਪੰਥ ਦੀ ਮਿਥੀ ਪ੍ਰਥਾ ਦੇ ਪ੍ਰਤੀਕ ਵਜੋਂ ਮਸ਼ਹੂਰ ਹੋਏ ਅਤੇ ਅੰਤ ਵਿਚ ਬੁੱਢਾ ਦਲ ਦੇ ਆਗੂ ਅਤੇ ਅਕਾਲ ਬੁੰਗਾ ਦੇ ਮੁੱਖ ਸੇਵਾਦਾਰ ਦੇ ਰੂਪ ਵਿਚ ਪ੍ਰਮੁੱਖ ਸਥਿਤੀ ਵਿਚ ਆ ਗਏ। ਉਹ ਨਿਹੰਗ ਜਥੇਬੰਦੀ ਬੁੱਢਾ ਦਲ ਦੇ ਛੇਵੇਂ ਜੱਥੇਦਾਰ ਵੀ ਰਹੇ ਸਨ।

ਅੰਮ੍ਰਿਤਸਰ ਅਤੇ ਗੁਰਦੁਆਰੇ :- 1800 ਦੇ ਆਸ ਪਾਸ ਅਕਾਲੀ ਫੂਲਾ ਸਿੰਘ ਨੇ ਅੰਮ੍ਰਿਤਸਰ ਆ ਕੇ ਉੱਥੋਂ ਦੇ ਮਹੰਤਾਂ ਅਤੇ ਗੁਰਦੁਆਰਿਆਂ ਦੀ ਬਦਇੰਤਜਾਮੀ ਨੂੰ ਠੀਕ ਕੀਤਾ। ਗੁਰਦੁਆਰਾ ਪ੍ਰਬੰਧ ਵਿਚ ਧਾਰਮਿਕ ਅਨੁਸਾਸ਼ਨ ਲੰਗਰ ਅਤੇ ਸੰਗਤ ਦੇ ਹੱਕ ਦੀ ਪੱਖ ਦਾਰੀ ਕੀਤੀ। ਮਹਾਰਾਜਾ ਰਣਜੀਤ ਸਿੰਘ ਨੇ ਭੰਗੀਆਂ ਦੀ ਤੋਪ ਦੇਣ ਤੋਂ ਇਨਕਾਰ ਕਰਨ ਕਰਕੇ ਭੰਗੀ ਮਿਸਲ ਦੇ ਗੁਲਾਬ ਸਿੰਘ ਭੰਗੀ ਦੇ ਪੁੱਤਰ ਨੂੰ ਮਾਰ ਦਿੱਤਾ, ਅੰਮ੍ਰਿਤਸਰ ਨੂੰ ਜਿੱਤਿਆ ਤੇ ਅਕਾਲੀ ਫੂਲਾ ਸਿੰਘ ਨੇ ਸ਼ਹਿਰ ਦੇ ਵਸਨੀਕਾਂ ਨਾਲ ਲੁੱਟ ਖਸੁੱਟ ਨਾ ਕਰਨ ਦੀ ਸਿਫਾਰਸ਼ ਕਰਕੇ ਖਾਲਸਾ ਰਾਜ ਦੇ ਨੈਤਿਕ ਮਾਡਲ ਦੀ ਰੱਖਿਆ ਹੋਈ। ਮਹਾਰਾਜਾ ਨੇ ਅਕਾਲੀ ਜੀਂ ਦੇ ਅਧੀਨ ਅਕਾਲ ਨਾਂ ਦੀ ਇਕ ਰੈਜਮੈਂਟ ਬਣਾਈ ਤੇ ਫੂਲਾ ਸਿੰਘ ਨੂੰ ਉਸਦਾ ਮੁਖੀ ਥਾਪ ਦਿੱਤਾ।

ਜੰਗਾਂ ਅਤੇ ਫੌਜੀ ਸੇਵਾ :- ਕਸੂਰ ਦੀ ਲੜਾਈ :- 1807 ਵਿਚ ਨਵਾਬ ਕਸੂਰ ਦੇ ਖਿਲਾਫ ਪਹਿਲੀ ਵੱਡੀ ਲੜਾਈ ਵਿਚ ਅਕਾਲੀ ਫੂਲਾ ਸਿੰਘ ਜੀ ਅਤੇ ਉਹਨਾਂ ਦੇ ਨਿਹੰਗ ਦਲ ਨੇ ਦਰਬਾਰ-ਏ-ਖਾਲਸਾ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਮੋਹਰੀ ਭੂਮਿਕਾ ਨਿਭਾਈ। ਕਸੂਰ ਦਾ ਕਿਲ੍ਹਾ ਬਹੁਤ ਮਜਬੂਤ ਸੀ ਸਿੱਖ ਤੋਪਾਂ ਨੇ ਇੱਕ ਮਹੀਨੇ ਤੱਕ ਕੰਧਾਂ ਤੇ ਗੋਲਾਬਾਰੀ ਕੀਤੀ, ਫਿਰ ਗੁਪਤ ਤਰੀਕੇ ਨਾਲ ਕਿਵਾੜਾਂ ਦੇ ਹੇਠਾਂ ਬਾਰੂਦ ਲਗਾ ਕੇ ਕੰਗੂਰਾ ਤੋੜਿਆ ਗਿਆ ਅਤੇ ਸਭ ਤੋਂ ਪਹਿਲਾਂ ਨਿਹੰਗ ਸਿੰਘ ਅਕਾਲੀ ਜੀਂ ਦੀ ਅਗਵਾਈ ਵਿਚ ਉਸ ਸੁੱਤ ਦੇ ਰਾਹੀਂ ਅੰਦਰ ਦਾਖਲ ਹੋਏ ਅਤੇ ਹੱਥੋਂ ਹੱਥੀ ਜੰਗ ਵਿਚ ਕਿਲ੍ਹਾ ਜਿੱਤਿਆ। ਨਵਾਬ ਕਸੂਰ ਦੀ ਗ੍ਰਿਫਤਾਰੀ ਤੋਂ ਬਾਅਦ ਵੀ ਅਕਾਲੀ ਫੂਲਾ ਸਿੰਘ ਨੇ ਗੁਰੂ ਸਿੱਖੀ ਦੇ ਨਿਆਂ ਸਿਧਾਂਤ ਦੇ ਅਨੁਸਾਰ ਉਸ ਨਾਲ ਬੇਇਨਸਾਫ਼ੀ ਤੋਂ ਬਚਦੇ ਹੋਏ ਉਸਨੂੰ ਸਤਲੁਜ ਨੇੜੇ ਇੱਕ ਜਮੀਨ ਦੇ ਦੇਣ ਦੀ ਸਿਫਾਰਿਸ਼ ਕੀਤੀ ਜੋ ਉਹਨਾਂ ਦੀ ਇਨਸਾਫ ਪਸੰਦ ਪ੍ਰਵਿਰਤੀ ਨੂੰ ਦਰਸਾਉਂਦਾ ਹੈ।

ਇਤਿਹਾਸਕਾਰ ਡਾ ਹਰਜਿੰਦਰ ਸਿੰਘ ਦਿਲਗੀਰ ਸਿੱਖ ਤਵਾਰੀਖ ਵਿਚ ਲਿਖਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਦੇ ਡੋਗਰਿਆਂ ਨੂੰ ਵੱਡੇ ਤੇ ਅਹਿਮ ਅਹੁਦੇ ਦਿੱਤੇ ਜਾਣ , ਮਿਸਰ ਗੰਗਾ ਰਾਮ ਬ੍ਰਾਹਮਣ ਦੀਆਂ ਐਂਟੀ ਸਿੱਖ ਕਾਰਵਾਈਆਂ, ਗੰਗਾ ਰਾਮ ਵਲੋਂ ਲਾਹੌਰ



ਦਰਬਾਰ ਵਿਚ ਰਿਸ਼ਤੇਦਾਰਾਂ ਦੀ ਭਰਤੀ, ਹਿੰਦੂ ਅਹਿਲਕਾਰਾਂ ਵਲੋਂ ਰਣਜੀਤ ਸਿੰਘ ਤੇ ਕੁੰਵਰ ਖੜਕ ਸਿੰਘ, ਰਣਜੀਤ ਸਿੰਘ ਤੇ ਕੁੰਵਰ ਸ਼ੇਰ ਸਿੰਘ ਵਿਚਕਾਰ ਪੈਦਾ ਕੀਤੀ ਨਫਰਤ ਅਤੇ ਰਣਜੀਤ ਸਿੰਘ ਦੀਆਂ ਬ੍ਰਾਹਮਣਵਾਦ ਵਾਲੀਆਂ ਕਾਰਵਾਈਆਂ ਵਿਚ ਵਾਧੇ ਤੋਂ ਅਕਾਲੀ ਫੂਲਾ ਸਿੰਘ ਬਹੁਤ ਨਿਰਾਸ਼ ਹੋ ਗਏ ਸਨ। ਰਣਜੀਤ ਸਿੰਘ ਸ਼ਰਾਬ ਤੇ ਸ਼ਬਾਬ ਵਿਚ ਮਸਤ ਫੂਲਾ ਸਿੰਘ ਜੀ ਦੀ ਬਹੁਤੀ ਪਰਵਾਹ ਨਹੀਂ ਸੀ ਕਰਦਾ, ਸਤੰਬਰ 1814 ਵਿਚ ਫੂਲਾ ਸਿੰਘ ਨੇ ਅੰਮ੍ਰਿਤਸਰ ਛੱਡ ਦਿੱਤਾ ਅਤੇ ਅਨੰਦਪੁਰ ਚਲਿਆ ਗਿਆ। ਇੱਕ ਵਿਚਾਰ ਅਨੁਸਾਰ ਫੂਲਾ ਸਿੰਘ ਦਾ ਨਿਰਾਸ਼ ਹੋ ਕੁਐ ਭੱਜਣਾ ਬਹਾਦਰੀ ਨਹੀਂ, ਬਲਕਿ ਕਮਜ਼ੋਰੀ ਸੀ। ਸ਼ਾਇਦ ਉਹ ਰਣਜੀਤ ਸਿੰਘ ਦੀ ਵੱਡੀ ਫੌਜ ਨਾਲ ਮੱਥਾ ਨਹੀਂ ਸੀ ਲਾਉਣਾ ਚਾਹੁੰਦਾ।

ਮਹਾਰਾਜਾ ਜੀਂਦ ਅੰਗਰੇਜਾਂ ਨਾਲ ਕਿਸੇ ਗਲੋਂ ਨਾਰਾਜ਼ ਸੀ ਤੇ ਉਹ ਅਕਾਲੀ ਫੂਲਾ ਸਿੰਘ ਦੀ ਸ਼ਰਨ ਵਿਚ ਅਨੰਦਪੁਰ ਆ ਗਿਆ। ਅੰਗਰੇਜਾਂ ਨੇ ਰਣਜੀਤ ਸਿੰਘ ਅਤੇ ਮਹਾਰਾਜਾ ਨਾਭਾ ਪਾਸੋਂ ਫੂਲਾ ਸਿੰਘ ਤੇ ਜੋਰ ਪਾਇਆ ਕਿ ਉਹ ਜੀਂਦ ਦੇ ਰਾਜੇ ਨੂੰ ਕੱਢ ਦੇਣ, ਪਰ ਸਿਰੜ ਦੇ ਪੱਕੇ ਅਕਾਲੀ ਫੂਲਾ ਸਿੰਘ ਨੇ ਸ਼ਰਨ ਆਏ ਨੂੰ ਧੱਕਾ ਦੇਣਾ ਠੀਕ ਨਾ ਸਮਝਿਆ ਅਤੇ ਸਾਫ ਇਨਕਾਰ ਕਰ ਦਿੱਤਾ। ਡੋਗਰਿਆਂ ਦੀ ਸਾਜਿਸ਼ ਨਾਲ ਅਨੰਦਪੁਰ ਚੜ੍ਹਾਈ ਕਰਕੇ ਫੂਲਾ ਸਿੰਘ ਨੂੰ ਮੋੜ ਲਿਆਉਣ ਲਈ ਵੀ ਹੁਕਮ ਕੀਤਾ ਗਿਆ ਪਰ ਸਿੱਖ ਫ਼ੌਜ ਨੇ ਅਕਾਲੀ ਜੀ ਵਿਰੁੱਧ ਲੜਨ ਤੋਂ ਨਾਂਹ ਕਰ ਦਿੱਤੀ। ਅੰਗਰੇਜਾਂ ਦੇ ਕਹਿਣ ਤੇ ਇਸੇ ਮੰਤਵ ਲਈ ਨਵਾਬ ਮਲੇਰਕੋਟਲਾ ਤੇ ਰਾਜਾ ਜਸਵੰਤ ਸਿੰਘ ਨਾਭਾ ਦੀਆਂ ਫੌਜਾਂ ਨੇ ਵੀ ਅਕਾਲੀ ਫੂਲਾ ਸਿੰਘ ਵਿਰੁੱਧ ਲੜਨ ਤੋਂ ਇਨਕਾਰ ਕਰ ਦਿੱਤਾ। ਰਣਜੀਤ ਸਿੰਘ ਨੂੰ ਪਤਾ ਲੱਗਣ ਤੇ ਉਹ ਆਪ ਅਕਾਲੀ ਫੂਲਾ ਸਿੰਘ ਕੋਲ ਪੁੱਜੇ ਅਤੇ ਪਿਆਰ ਨਾਲ ਵਾਪਸ ਅੰਮ੍ਰਿਤਸਰ ਮੋੜ ਲਿਆਏ ਮੰ

ਮੁਲਤਾਨ ਦੀ ਮੁਹਿੰਮ :- ਮੁਲਤਾਨ ਦੀ ਲੜਾਈ ਵਿਚ ਅਕਾਲੀ ਫੂਲਾ ਸਿੰਘ ਦੇ ਨਿਹੰਗ ਦਲ ਨੇ ਇੱਕ ਬੜੀ ਤਿਆਗਮਈ ਕਾਰਵਾਈ ਕੀਤੀ। ਕਿਲੇ ਦੀ ਕੰਧ ਤੋੜਨ ਲਈ ਜਦੋਂ ਤੋਪ ਨੂੰ ਝੁਕਾਉਣ ਦੀ ਲੋੜ ਪਈ ਤਾਂ ਨਿਹੰਗ ਜੱਥੇਦਾਰਾਂ ਨੇ ਇੱਕ ਪਾਸੇ ਤੋਪ ਦੇ ਹੇਠਾਂ ਆਪਣੇ ਸਰੀਰ ਰੱਖ ਕੇ ਉਸਨੂੰ ਠੀਕ ਕੋਣ ਤੇ ਲਿਆ ਅਤੇ ਵਾਰ ਵਾਰ ਗੋਲੇ ਦਾਗਣ ਨਾਲ ਕਈ ਸਿੰਘ ਸ਼ਹੀਦ ਹੋ ਗਏ। ਇਹ ਘਟਨਾ ਸਿੱਖ ਜੰਗੀ ਇਤਿਹਾਸ ਵਿਚ "ਆਪਣੇ ਸਰੀਰਾਂ ਨੂੰ ਤੋਪ ਦੀ ਟੇਕ ਬਣਾਉਣ" ਵਜੋਂ ਦਰਜ ਹੈ। ਇਸ ਮੁਲਤਾਨ ਨੂੰ ਜਿੱਤਣ ਵਿਚ 5 ਵਾਰੀ ਰਣਜੀਤ ਸਿੰਘ ਅਸਫਲ ਹੋ ਚੁੱਕਿਆ ਸੀ, ਜਿਸ ਤੇ ਹੁਣ ਅਕਾਲੀ ਫੂਲਾ ਸਿੰਘ ਦੇ ਜੱਥੇ ਨੇ ਜਿੱਤ ਹਾਸਲ ਕੀਤੀ ਅਤੇ ਰਣਜੀਤ ਸਿੰਘ ਦੀ ਝੋਲੀ ਵਿਚ ਪਾਈ।

ਪਠਾਨ ਬਗਾਵਤ ਅਟਕ ਅਤੇ ਕਸ਼ਮੀਰ :- 1818 ਦੇ ਕਰੀਬ ਜਦੋਂ ਅਟਕ ਦੇ ਨੇੜੇ ਕਈ ਪਠਾਨ ਕਬੀਲਿਆਂ ਨੇ ਬਗਾਵਤ ਕੀਤੀ, ਪਹਿਲਾਂ ਛੋਟਾ ਜੱਥਾ ਭੇਜਿਆ ਗਿਆ ਜੋ ਘਾਤ ਲਾ ਕੇ ਬਰਬਾਦ ਕਰ ਦਿੱਤਾ ਗਿਆ। ਇਸ ਤੇ ਮਹਾਰਾਜਾ ਰਣਜੀਤ ਸਿੰਘ ਪ੍ਰੇਸ਼ਾਨ ਹੋਏ ਅਤੇ ਅਕਾਲੀ ਫੂਲਾ ਸਿੰਘ ਨੂੰ ਹਰੀ ਸਿੰਘ ਨਲੂਆ ਦੇ ਨਾਲ ਭੇਜਿਆ ਗਿਆ। ਨਿਹੰਗ ਦਲ ਨੇ ਅੱਗੇ ਵਧ ਕੇ ਪਠਾਨ ਬਗਾਵਤ ਨੂੰ ਕੁਚਲਿਆ ਜਿਸ ਨਾਲ ਉੱਤਰ ਪੱਛਮੀ ਸਰਹੱਦ ਤੇ ਸਿੱਖ ਰਾਜ ਦਾ ਦਬਦਬਾ ਬਰਕਰਾਰ ਰਿਹਾ। 1819 ਵਿੱਚ ਕਸ਼ਮੀਰ ਦੇ ਸਾਸ਼ਕ ਨੇ ਕੀਤੇ ਗਏ ਇਕ ਸਮਝੌਤੇ ਨੂੰ ਤੋੜਿਆ, ਸਿੱਧੇ ਦਰਰੇ ਵਲਏ ਰਸਤਾ ਸੁਰਖਿਅਤ ਹੋਣ ਕਰਕੇ ਬੰਦ ਸੀ ਇਸ ਲਈ ਫੌਜ ਨੂੰ ਹਦਾਇਤ ਮਿਲੀ ਕਿ ਪਹਾੜੀ ਪਗਡੰਡੀਆਂ ਰਾਹੀਂ ਪਿਛਲੇ ਰੱਖਿਆਂ ਤੇ ਹਮਲਾ ਕਰਨਾ ਹੈ। ਇਸ ਰਣਨੀਤਕ ਕਦਮ ਦੀ ਅਗਵਾਈ ਅਕਾਲੀ ਫੂਲਾ ਸਿੰਘ ਨੇ ਕੀਤੀ, ਸਿਖਾਂ ਨੇ ਪਹਿਲਾਂ ਬਾਹਰੀ ਰੱਖੇ ਮੋਹਰੇ ਕਬਜੇ ਚ ਕੀਤੇ ਫਿਰ ਭਾਰੀ ਜੰਗ ਤੋਂ ਬਾਅਦ ਮੁੱਖ ਕਿਲ੍ਹਾ ਫਤਹਿ ਕੀਤਾ ਅਤੇ ਕਸ਼ਮੀਰ ਸਿੱਖ ਰਾਜ ਵਿਚ ਸ਼ਾਮਲ ਹੋ ਗਿਆ।

ਨੁਸ਼ਹਿਰੇ ਦੀ ਜੰਗ ਅਤੇ ਸ਼ਹਾਦਤ :- ਪਿਸ਼ਾਵਰ ਦੇ ਹਾਕਮ ਮੁਹੰਮਦ ਅਜ਼ੀਜ਼ ਖਾਂ ਨੇ ਬਗਾਵਤ ਕਰ ਦਿੱਤੀ। ਲੱਖਾਂ ਦੀ ਗਿਣਤੀ ਵਿਚ ਸੈਨਾ ਇਕੱਠੀ ਕਰਕੇ ਉਸਨੇ ਕਈ ਥਾਂ ਸਿੱਖ ਰਾਜ ਵਿਰੁੱਧ ਜੰਗ ਛੇੜ ਦਿੱਤੀ। ਨੁਸ਼ਹਿਰੇ ਲੁੰਡੇ ਦਰਿਆ ਕੋਲ ਉਸਨੇ ਭਾਰੀ ਤੋਪਖਾਨੇ ਦੀ ਸਹਾਇਤਾ ਨਾਲ ਸਿੱਖ ਫੌਜਾਂ ਦਾ ਪਿਸ਼ਾਵਰ ਨੂੰ ਜਾਣ ਵਾਲਾ ਰਾਹ ਰੋਕ ਲਿਆ। ਰਣਜੀਤ ਸਿੰਘ ਨੇ ਆਪਣੀਆਂ ਫੌਜਾਂ ਲੈ ਕੇ ਅਟਕ ਨੂੰ ਪਾਰ ਕੀਤਾ ਫਿਰ ਉਹਨਾਂ ਨੂੰ ਨੁਸ਼ਹਿਰੇ ਵੱਲ ਦੁਸ਼ਮਣ ਫੌਜਾਂ ਦੀ ਤਿਆਰੀ ਬਾਰੇ ਸੂਚਨਾ ਮਿਲੀ। ਸਿੰਘਾਂ ਨੇ ਅਰਦਾਸ ਕੀਤੀ ਤੇ ਚੜ੍ਹਾਈ ਸ਼ੁਰੂ ਕਰ ਦਿੱਤੀ ਪਰ ਉਸ ਵੇਲੇ ਤੱਕ ਪਿੱਛੋਂ ਤੋਪਾਂ ਨਹੀਂ ਸਨ ਪਹੁੰਚੀਆਂ। ਇਸਲਈ ਤੋਪਾਂ ਦੀ ਉਡੀਕ ਵਿੱਚ ਮੁਹਿੰਮ ਨੂੰ ਕੁਝ ਚਿਰ ਪਿੱਛੇ ਪਾਉਣਾ ਮੁਨਾਸਿਬ ਸਮਝਦਿਆਂ ਮਹਾਰਾਜਾ ਨੇ ਫੌਜਾਂ ਨੂੰ ਰੁਕਣ ਦਾ ਹੁਕਮ ਦੇ ਦਿੱਤਾ। ਅਕਾਲੀ ਫੂਲਾ ਸਿੰਘ ਨੇ ਅਰਦਾਸ ਦਾ ਹਵਾਲਾ ਦੇ ਕੇ ਕੜਕ ਕੇ ਕਿਹਾ ਚੜ੍ਹਾਈ ਹੁਣੇ ਹੀ ਹੋਵੇਗੀ।

ਬਾਕੀ ਹਿਸਾ ਸਫਾ 57 ਤੇ ਪੜ੍ਹੋ

## 56 ਸਫ਼ੇ ਦੀ ਬਾਕੀ

ਪ੍ਰੋ. ਸਰਬਜਿੰਦਰ ਸਿੰਘ ਅਨੁਸਾਰ ਨੁਸ਼ਹਿਰਾ ਦੀ ਲੜਾਈ ਅਫਗਾਨਿਸਤਾਨ ਦੇ ਬਾਦਸ਼ਾਹ ਨਾਲ ਹੋਈ ਤਾਂ ਉਹ 50,000 ਸੈਨਿਕਾਂ ਦੀ ਫੌਜ ਲੈ ਕੇ ਆਏ ਸਨ ਪਰ ਅਕਾਲੀ ਫੂਲਾ ਸਿੰਘ ਕੋਲ 1500 ਸੈਨਿਕਾਂ ਦੀ ਫੌਜ ਸੀ। ਪ੍ਰੋ.ਸਾਹਿਬ ਲਿਖਦੇ ਹਨ, "ਇਸ ਲੜਾਈ ਵਿਚ ਮਹਾਰਾਜਾ ਰਣਜੀਤ ਸਿੰਘ ਛਾਪਾਮਾਰ ਗੁਰੀਲਾ ਯੁੱਧ ਦੀ ਤਕਨੀਕ ਅਪਨਾਉਣਾ ਚਾਹੁੰਦੇ ਸਨ, ਪਰ ਬਾਬਾ ਫੂਲਾ ਸਿੰਘ ਨੇ ਅੱਗੇ ਵਧਣ ਦਾ ਫੈਸਲਾ ਕੀਤਾ ਅਤੇ ਕਿਹਾ ਕਿ ਉਹ "ਅਰਦਾਸਾ ਸੋਧ ਚੁੱਕੇ ਹਨ" ਅਤੇ "ਚੜ੍ਹਾਈ ਕਰਨਗੇ।" ਫੂਲਾ ਸਿੰਘ ਆਪਣੀ 1500 ਘੋੜ ਸਵਾਰਾਂ ਦੀ ਫੌਜ ਨਾਲ ਦਰਿਆ ਟੱਪ ਕੇ ਹਮਲਾ ਕਰ ਦਿੱਤਾ। ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਇਸ ਦਲੇਰੀ ਨੂੰ ਦੇਖਿਆ ਤਾਂ ਉਹ ਵੀ ਪਿੱਛੇ ਨਾ ਰਹਿ ਸਕੇ ਅਤੇ ਸ਼ਹਿਜ਼ਾਦਾ ਖੜਕ ਸਿੰਘ, ਸ. ਹਰੀ ਸਿੰਘ ਨਲੂਆ ਸ. ਸ਼ਾਮ ਸਿੰਘ ਅਟਾਰੀ ਆਦਿ ਜਰਨੈਲਾਂ ਦੀ ਕਮਾਨ ਹੇਠ ਸਿੱਖ ਫੌਜਾਂ ਨੂੰ ਅੱਗੇ ਵਧਣ ਲਈ ਕਿਹਾ। ਅਕਾਲੀ ਜੀ ਆਪਣੇ ਅਰਦਾਸੇ ਅਨੁਸਾਰ ਦੁਸ਼ਮਣ ਦਲਾਂ ਨੂੰ ਚੀਰਦੇ ਹਜਾਰਾਂ ਪਠਾਣਾਂ ਨੂੰ ਰੱਬ ਦੇ ਘਰ ਪਹੁੰਚਾ ਦਿੱਤਾ। 1823 ਦੀ ਇਹ ਜੰਗ ਬਹੁਤ ਘਮਸਾਨ ਦੀ ਜੰਗ ਸੀ। ਜੰਗ ਦੌਰਾਨ ਨਿਹੰਗ ਫੌਜ ਘੋੜਿਆਂ ਤੇ ਸਵਾਰ ਹੋ ਕੇ ਪਹਿਲਾਂ ਦੁਸ਼ਮਣ ਦੇ ਮੱਥੇ ਤੇ ਜਾ ਟਕਰਾਈ। ਨੇੜੇ ਪੁੱਜ ਕੇ ਘੋੜੇ ਛੱਡ ਕੇ ਪੈਦਲ ਹੱਥੋਂ ਹੱਥੀ ਤਲਵਾਰਬਾਜ਼ੀ ਕੀਤੀ, ਤੇ ਦੁਸ਼ਮਣ ਦੇ ਕਈ ਮੋਰਚੇ ਤੋੜੇ। ਪਰ ਨਿਹੰਗ ਫੌਜਾਂ ਵੀ ਵੱਡੀ ਗਿਣਤੀ ਵਿਚ ਸ਼ਹੀਦ ਹੋਈਆਂ।

ਕਾਦਰਯਾਰ ਆਪਣੀਆਂ ਸੀ-ਹਰਫ਼ੀਆਂ ਵਿਚ ਜਿਕਰ ਕਰਦਾ ਹੈ--

ਵਾਓ ਵਰ੍ਹਾਈ ਫਿਰ ਸਿੰਘ ਤਲਵਾਰ ਐਸੀ,
ਦੂਰੋਂ ਆਉਂਦਾ ਪਿਆ ਸੀ ਖੜਕ ਮੀਆਂ॥
ਜਿੰਨੂ ਧਾਰ ਤਲਵਾਰ ਇੱਕ ਵਾਰ ਚੁੱਭੀ,
ਗਿਆ ਵਾਂਗ ਕਰੀਰ ਦੇ ਕੜਕ ਮੀਆਂ॥
ਲਾ ਜਰੂਰ ਅਫਗਾਨ ਬੇ-ਖੌਫ ਹੁੰਦੇ,
ਲੇਕਿਨ ਸਿੰਘ ਸੀ ਬਹੁਤ ਬੇਧੜਕ ਮੀਆਂ॥
ਕਾਦਰਯਾਰ ਅਫਗਾਨ ਬੇਸ਼ਕ ਲੜਦੇ,
ਐਪਰ ਝੱਲ ਨਾ ਸਕਦੇਂ ਫੜਕ ਮੀਆਂ॥
(ਕਾਦਰਯਾਰ)

ਅਕਾਲੀ ਫੂਲਾ ਸਿੰਘ ਅੱਗੇ ਅੱਗੇ ਰਹੇ ਅਤੇ ਆਖਰੀ ਵਾਰ ਉਹ ਇੱਕ ਤਿੱਖੇ ਹਮਲੇ ਦੌਰਾਨ ਉਹ ਖੁਦ ਵੀ ਦੁਸ਼ਮਣ ਦੇ ਹਮਲਿਆਂ 7 ਗੋਲੀਆਂ ਖਾ ਕੇ ਮੈਦਾਨੇ-ਜੰਗ ਵਿੱਚ ਸ਼ਹੀਦ ਹੋ ਗਏ ਪਰ ਉਨ੍ਹਾਂ ਦੇ ਜਜ਼ਬੇ ਨੇ ਪੂਰੀ ਸਿੱਖ ਫ਼ੌਜ ਦੇ ਮਨੋਬਲ ਨੂੰ ਇਸ ਕਦਰ ਉਭਾਰਿਆ ਕਿ ਅੰਤ ਵਿਚ ਨੁਸ਼ਹਿਰਾ ਵਿਚ ਅਫਗਾਨ ਕਬੀਲਿਆਂ ਨੂੰ ਭਾਰੀ ਨੁਕਸਾਨ ਨਾਲ ਪਿੱਛੇ ਹਟਣਾ ਪਿਆ। ਉਹਨਾਂ ਦੀ ਸ਼ਹਾਦਤ ਤੋਂ ਬਾਅਦ ਵੀ ਨਿਹੰਗ ਦਲ ਲੜਦਾ ਰਿਹਾ ਅਤੇ ਲਗਭਗ ਚਾਰ ਹਜ਼ਾਰ ਅਫਗਾਨ ਮੈਦਾਨ ਵਿਚ ਮਾਰੇ ਗਏ ਜਿਸਨੂੰ ਸਿੱਖ ਰਾਜ ਦੀ ਰੱਖਿਆ ਵਿਚ ਇਕ ਨਿਰਣਾਇਕ ਜਿੱਤ ਮੰਨਿਆ ਜਾਂਦਾ ਹੈ। ਉਹਨਾਂ ਦਾ ਸੰਸਕਾਰ ਫੌਜੀ ਸ਼ਾਨ ਨਾਲ ਇੱਥੇ ਹੀ ਕੀਤਾ ਗਿਆ। ਉਹਨਾਂ ਦੀ ਸਮਾਧ ਨੁਸ਼ਹਿਰਾ ਪੰਨੂੰਆਂ ਤੋਂ 6 ਕਿਲੋ ਮੀਟਰ ਦੂਰ ਲੁੰਡੇ ਦਰਿਆ ਦੇ ਕੰਢੇ ਤੇ ਹੈ। ਇਹ ਇੱਕ ਮੰਨੀ ਹੋਈ ਸਚਾਈ ਸੀ ਕਿ ਸਿੱਖ ਰਾਜ ਵਿਚ ਇਸਤੋਂ ਵੱਧ ਸੂਰਬੀਰ, ਧਾਰਮਿਕ ਤੌਰ ਤੇ ਪ੍ਰਪੱਕ ਅਤੇ ਨਿਡਰ ਕੋਈ ਹੋਰ ਜਰਨੈਲ ਨਜਰ ਨਹੀਂ ਆਉਂਦਾ। ਹਰ ਸਾਲ ਉਹਨਾਂ ਦੇ ਪਿੰਡ ਦੇਹਲਾ ਸੀਹਾਂ ਜਿਲਾ ਸੰਗਰੂਰ ਵਿਚ 14 ਜਨਵਰੀ ਨੂੰ ਜਨਮ ਦਿਹਾੜਾ ਅਤੇ 10 ਤੋਂ14 ਮਾਰਚ ਤੱਕ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਉਹਨਾਂ ਨੇ ਸਾਰੀ ਉਮਰ ਵਿਆਹ ਨਹੀਂ ਸੀ ਕਰਵਾਇਆ। ਉਹਨਾਂ ਦੇ ਭਰਾ ਸੰਤ ਸਿੰਘ ਦੀ ਔਲਾਦ ਅੱਜ ਵੀ ਤਰਨਤਾਰਨ ਇਲਾਕੇ ਵਿਚ ਹੈ। ਅਕਾਲੀ ਫੂਲਾ ਸਿੰਘ ਦਾ ਬੁਰਜ ਅਤੇ ਛਾਉਣੀ ਅੰਮ੍ਰਿਤਸਰ ਵਿਚ ਦੇਖੀ ਜਾ ਸਕਦੀ ਹੈ।

ਮਹਾਰਾਜਾ ਰਣਜੀਤ ਸਿੰਘ ਅਤੇ ਫੂਲਾ ਸਿੰਘ :- ਫੂਲਾ ਸਿੰਘ, ਮਹਾਰਾਜਾ ਰਣਜੀਤ ਸਿੰਘ ਦੇ ਚੋਣਵੇਂ ਉੱਤਮ ਜਰਨੈਲਾਂ ਵਿਚੋਂ ਇੱਕ ਸਨ। ਉਹਨਾਂ ਨੇ ਰਾਜੇ ਨੂੰ ਕਸੂਰ, ਮੁਲਤਾਨ, ਕਸ਼ਮੀਰ, ਪਿਸ਼ਾਵਰ, ਬਿਹਾਵਲਪੁਰ ਤੇ ਅਟਕ ਵਰਗੀਆਂ ਔਖੀਆਂ ਜੰਗਾਂ ਜਿੱਤ ਕੇ ਦਿੱਤੀਆਂ। ਪਰ ਮਹਾਰਾਜਾ ਰਣਜੀਤ ਸਿੰਘ ਨੇ ਅਕਾਲੀ ਫੂਲਾ ਸਿੰਘ ਦੀ ਉਨੀ ਕਦਰ ਨਹੀਂ ਕੀਤੀ, ਜਿੰਨੀ ਦਾ ਉਹ ਹੱਕਦਾਰ ਸੀ। ਅਕਾਲੀ ਫੂਲਾ ਸਿੰਘ ਨੂੰ ਬਹੁਤੀ ਵਾਰ ਜਥੇਦਾਰ ਅਕਾਲ ਤਖਤ ਵੀ ਕਹਿ ਦਿੱਤਾ ਜਾਂਦਾ ਹੈ ਜਦ ਕਿ ਆਧੁਨਿਕ ਵਿਦਵਾਨਾਂ ਅਨੁਸਾਰ ਉਹਨਾਂ ਦੀ ਪਦਵੀ ਮੁੱਖ ਸੇਵਾਦਾਰ ਅਕਾਲ ਬੁੰਗਾ ਜਾਂ ਮੁਖੀ ਨਿਹੰਗ ਬੁੱਢਾ ਦਲ ਸੀ ਜਦੋਂ ਕਿ ਅਕਾਲ ਤਖਤ ਦੀ ਸੰਸਥਾ ਆਪਣੇ ਨਾਮ ਅਤੇ ਸਰੂਪ ਵਿਚ ਵਿਕਸਿਤ ਨਹੀਂ ਸੀ ਹੋਈ। ਤਕਨੀਕੀ ਪਦਵੀ ਜਿਹੜੀ ਵੀ ਹੋਵੇ, ਅਮਲੀ ਤੌਰ ਤੇ ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜਰੀ ਵਿਚ ਪੰਥਕ ਗੁਰਮਤੇ ਕਰਵਾਉਣ, ਵਿਵਾਦਾਂ ਤੇ ਫੈਸਲੇ ਕਰਨ ਅਤੇ ਦੂਰੋਂ ਆਈਆਂ ਸੰਗਤਾਂ ਲਈ ਅੰਤਿਮ ਪੰਥਕ ਅਧਿਕਾਰਤਾ ਦਾ ਰੂਪ ਸਨ। ਇੱਕ ਵਾਕਿਆ ਹੈ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਇੱਕ ਮੁਸਲਮਾਨ ਨਰਤਕੀ ਨਾਲ ਵਿਆਹ ਕੀਤਾ ਜਿਸਨੂੰ ਖਾਲਸਾ ਰਾਜ ਵਿਚ ਗੁਰਮਤਿ ਦੀ ਉਲੰਘਣਾ ਮੰਨਿਆ ਜਾਂਦਾ ਹੈ ਤਾਂ ਅਕਾਲੀ ਫੂਲਾ ਸਿੰਘ ਨੇ ਉਸਨੂੰ ਹਾਜਰ ਹੋਣ ਦਾ ਹੁਕਮ ਸੁਣਾ ਦਿੱਤਾ। ਮਹਾਰਾਜਾ ਹਾਜਰ ਹੋਏ, ਗਲਤੀ ਵੀ ਸਵੀਕਾਰ ਕੀਤੀ, ਪੰਥਕ ਸੰਗਤ ਨੇ ਉਹਨਾਂ ਲਈ ਕੋੜਿਆਂ ਦੀ ਸਜਾ ਦਾ ਫੈਸਲਾ ਕੀਤਾ, ਜਿਸ ਨੂੰ ਰਾਜੇ ਨੇ ਨਿਮਰਤਾ ਨਾਲ ਸਵੀਕਾਰ ਕੀਤਾ। ਕਹਾਣੀ ਅਨੁਸਾਰ ਅਕਾਲੀ ਫੂਲਾ ਸਿੰਘ ਨੇ ਰਾਜੇ ਦੀ ਨਿਮਰਤਾ ਅਤੇ ਤੋਬਾ ਦੇਖ ਕੇ ਉਸਨੂੰ ਮੁਆਫੀ ਦੀ ਸਿਫਾਰਸ਼ ਕਰ ਦਿੱਤੀ। ਇਸਤੋਂ ਇੱਕ ਤਾਂ ਇਹ ਸਪਸ਼ਟ ਹੋਇਆ ਕਿ ਉਹ ਰਾਜੇ ਨੂੰ ਵੀ ਗ੍ਰੰਥ ਪੰਥ ਤੋਂ ਉੱਪਰ ਨਹੀਂ ਸੀ ਮੰਨਦੇ, ਦੂਸਰਾ ਉਸਦੀ ਨਿਮਰਤਾ ਤੇ ਭਾਵਨਾ ਦੇਖ ਕੇ ਮੁਆਫ ਕਰਨਾ ਵੀ ਖਾਲਸਾਈ ਬਿਰਦ ਦੇ ਅਨੁਸਾਰ ਸੀ।

ਸਿੱਖ ਕੌਮ ਆਪਣੇ ਹੀਰੇ ਨੂੰ ਹਮੇਸ਼ਾ ਯਾਦ ਕਰਦੀ ਰਹੇਗੀ ਜਿਸ ਨੇ ਨਿਰਭਉ, ਨਿਰਵੈਰ, ਗ੍ਰੰਥ ਪੰਥ ਪ੍ਰਤੀ ਪ੍ਰੇਮ ਅਤੇ ਸਮਰਪਣ ਵਿਚ ਰਹਿ ਕੇ, ਗੁਰਮਤਿ ਅਨੁਸਾਰੀ ਜੀਵਨ ਜੀਉ ਕੇ ਦਿਖਾਇਆ। ਅਤੇ ਆਪਣੇ ਸਮੇਂ ਦੇ ਸਿੱਖ ਰਾਜ ਨੂੰ ਸਥਾਪਿਤ ਕਰਨ ਵਿਚ ਮੋਹਰੀ ਭੂਮਿਕਾ ਨਿਭਾਈ। ਅਜੋਕੇ ਸਿੱਖ ਆਗੂਆਂ ਨੂੰ ਉਹਨਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ।

# ਪਿਆਰ ਵਿੱਚ ਪਾਸਵਰਡ ਦੀ ਮੰਗ: ਭਰੋਸੇ ਦੀ ਨਿਸ਼ਾਨੀ ਜਾਂ ਨਿੱਜੀ ਹੱਦਾਂ ਦੀ ਉਲੰਘਣਾ ?

**ਰੁਪਿੰਦਰ ਸਿੰਘ ਢੀਂਡਸਾ**
ਸੋਸ਼ਲ ਵਰਕ ਵਿਦਿਆਰਥੀ
ਪੰਜਾਬੀ ਯੂਨੀਵਰਸਿਟੀ ਪਟਿਆਲਾ
ਫੋਨ ਨੰਬਰ 62839-26296



ਅੱਜ ਦੇ ਡਿਜ਼ੀਟਲ ਯੁੱਗ ਵਿੱਚ ਪਿਆਰ ਸਿਰਫ਼ ਮਿਲਣ-ਜੁਲਣ ਤੱਕ ਸੀਮਿਤ ਨਹੀਂ ਰਹਿ ਗਿਆ। ਵਟਸਐਪ, ਇੰਸਟਾਗ੍ਰਾਮ ਅਤੇ ਫੇਸਬੁੱਕ ਵਰਗੇ ਪਲੇਟਫ਼ਾਰਮ ਰਿਸ਼ਤਿਆਂ ਦਾ ਹਿੱਸਾ ਬਣ ਚੁੱਕੇ ਹਨ। ਇਨ੍ਹਾਂ ਦੇ ਨਾਲ ਹੀ ਇੱਕ ਨਵਾਂ ਸਵਾਲ ਜਨਮ ਲੈ ਚੁੱਕਾ ਹੈ-ਕੀ ਪਿਆਰ ਵਿੱਚ ਇੱਕ ਦੂਜੇ ਤੋਂ ਸੋਸ਼ਲ ਮੀਡੀਆ ਪਾਸਵਰਡ ਮੰਗਣਾ ਸਹੀ ਹੈ ਜਾਂ ਗਲਤ ? ਕੁਝ ਲੋਕ ਇਸਨੂੰ ਭਰੋਸੇ ਦੀ ਪਰਖ ਮੰਨਦੇ ਹਨ, ਜਦਕਿ ਹੋਰ ਇਸਨੂੰ ਨਿੱਜੀ ਆਜ਼ਾਦੀ ਵਿੱਚ ਦਖ਼ਲ ਸਮਝਦੇ ਹਨ। ਇਸ ਮੁੱਦੇ ਨੂੰ ਸਿਰਫ਼ ਭਾਵਨਾਵਾਂ ਨਾਲ ਨਹੀਂ, ਸਗੋਂ ਸਮਾਜਕ ਅਤੇ ਮਨੋਵਿਗਿਆਨਕ ਸੰਦਰਭ ਵਿੱਚ ਸਮਝਣਾ ਲਾਜ਼ਮੀ ਹੈ।

ਪਾਸਵਰਡ ਮੰਗਣ ਦੇ ਹੱਕ ਵਿੱਚ ਦਲੀਲ ਦੇਣ ਵਾਲੇ ਕਹਿੰਦੇ ਹਨ ਕਿ ਜੇ ਰਿਸ਼ਤੇ ਵਿੱਚ ਕੁਝ ਛੁਪਾਉਣ ਵਾਲਾ ਨਹੀਂ, ਤਾਂ ਡਰ ਕਿਸ ਗੱਲ ਦਾ ? ਉਨ੍ਹਾਂ ਲਈ ਪਾਸਵਰਡ ਸਾਂਝਾ ਕਰਨਾ ਪਾਰਦਰਸ਼ਤਾ ਅਤੇ ਨਿਭਾਅ ਦੀ ਨਿਸ਼ਾਨੀ ਹੈ। ਕਈ ਜੋੜੇ ਇਹ ਵੀ ਮੰਨਦੇ ਹਨ ਕਿ ਪਾਸਵਰਡ ਜਾਣਨ ਨਾਲ ਈਰਖਾ ਘਟਦੀ ਹੈ ਅਤੇ ਗਲਤਫ਼ਹਿਮੀਆਂ ਤੋਂ ਬਚਾਅ ਹੁੰਦਾ ਹੈ। ਅੱਜ ਦੇ ਸਮੇਂ ਵਿੱਚ, ਜਦੋਂ ਔਨਲਾਈਨ ਧੋਖੇ ਅਤੇ ਗੁਪਤ ਗੱਲਬਾਤਾਂ ਦੀਆਂ ਕਹਾਣੀਆਂ ਆਮ ਹਨ, ਇਹ ਸੋਚ ਆਮ ਮਨੁੱਖ ਨੂੰ ਸਹੀ ਵੀ ਲੱਗ ਸਕਦੀ ਹੈ।

ਪਰ ਦੂਜੇ ਪਾਸੇ ਇੱਕ ਗੰਭੀਰ ਸਵਾਲ ਖੜਾ ਹੁੰਦਾ ਹੈ-ਕੀ ਭਰੋਸਾ ਮੰਗਣ ਨਾਲ ਬਣਦਾ ਹੈ ਜਾਂ ਦੇਣ ਨਾਲ ? ਮਨੋਵਿਗਿਆਨਕ ਤੌਰ 'ਤੇ ਵੇਖਿਆ ਜਾਵੇ, ਤਾਂ ਪਾਸਵਰਡ ਮੰਗਣਾ ਅਕਸਰ ਅਸੁਰੱਖਿਆ ਅਤੇ ਡਰ ਤੋਂ ਜਨਮ ਲੈਂਦਾ ਹੈ। ਜਦੋਂ ਇੱਕ ਵਿਅਕਤੀ ਦੂਜੇ ਦੇ ਹਰ ਮੈਸੇਜ, ਲਾਈਕ ਅਤੇ ਫਾਲੋਅਰ 'ਤੇ ਨਿਗਾਹ ਰੱਖਣ ਲੱਗ ਪੈਂਦਾ ਹੈ, ਤਾਂ ਰਿਸ਼ਤਾ ਸਾਂਝ ਤੋਂ ਹਟ ਕੇ ਨਿਯੰਤਰਣ ਵੱਲ ਵਧ ਜਾਂਦਾ ਹੈ। ਇਹ ਨਿਗਰਾਨੀ ਪਿਆਰ ਨੂੰ ਹੌਲੀ-ਹੌਲੀ ਘੁੱਟਣ ਲੱਗ ਪੈਂਦੀ ਹੈ।



ਸਮਾਜਕ ਪੱਖੋਂ ਵੀ ਇਹ ਮੁੱਦਾ ਅਹਿਮ ਹੈ। ਪੰਜਾਬੀ ਸਮਾਜ ਵਿੱਚ ਅਜੇ ਵੀ ਰਿਸ਼ਤਿਆਂ ਵਿੱਚ ਅਧਿਕਾਰ ਦੀ ਸੋਚ ਕਈ ਵਾਰ ਹਾਵੀ ਰਹਿੰਦੀ ਹੈ। ਕੁਝ ਮੁੰਡੇ ਇਹ ਸਮਝ ਲੈਂਦੇ ਹਨ ਕਿ ਪਿਆਰ ਕਰਨ ਨਾਲ ਕੁੜੀ ਦੀ ਨਿੱਜੀ ਜ਼ਿੰਦਗੀ 'ਤੇ ਹੱਕ ਮਿਲ ਜਾਂਦਾ ਹੈ, ਜਦਕਿ ਕਈ ਕੁੜੀਆਂ ਵੀ ਪਿਆਰ ਦੇ ਨਾਂ 'ਤੇ ਆਪਣੀ ਆਜ਼ਾਦੀ ਛੱਡ ਦਿੰਦੀਆਂ ਹਨ। ਇਹ ਰੁਝਾਨ ਖ਼ਤਰਨਾਕ ਹੈ, ਕਿਉਂਕਿ ਇਹ ਅਸਮਾਨਤਾ ਅਤੇ ਮਨੋਵਿਗਿਆਨਕ ਦਬਾਅ ਨੂੰ ਜਨਮ ਦਿੰਦਾ ਹੈ।

ਕਾਨੂੰਨੀ ਅਤੇ ਡਿਜ਼ੀਟਲ ਸੁਰੱਖਿਆ ਦੇ ਨਜ਼ਰੀਏ ਤੋਂ ਵੀ ਪਾਸਵਰਡ ਸਾਂਝਾ ਕਰਨਾ ਸਹੀ ਨਹੀਂ ਮੰਨਿਆ ਜਾਂਦਾ। ਸੋਸ਼ਲ ਮੀਡੀਆ ਖਾਤਾ ਵਿਅਕਤੀ ਦੀ ਨਿੱਜੀ ਪਹਿਚਾਣ ਹੁੰਦਾ ਹੈ। ਉਸ ਵਿੱਚ ਨਿੱਜੀ ਗੱਲਬਾਤ, ਤਸਵੀਰਾਂ ਅਤੇ ਸੰਪਰਕ ਹੁੰਦੇ ਹਨ। ਜੇ ਰਿਸ਼ਤਾ ਟੁੱਟ ਜਾਂਦਾ ਹੈ, ਤਾਂ ਇਹੀ ਪਾਸਵਰਡ ਬਦਲੇ, ਬਲੈਕਮੇਲ ਜਾਂ ਬਦਨਾਮੀ ਦਾ ਹਥਿਆਰ ਬਣ ਸਕਦਾ ਹੈ। ਅਜਿਹੀਆਂ ਕਈ ਘਟਨਾਵਾਂ ਸਮਾਜ ਵਿੱਚ ਪਹਿਲਾਂ ਹੀ ਵਾਪਰ ਚੁੱਕੀਆਂ ਹਨ।

ਇਹ ਵੀ ਸਮਝਣਾ ਜ਼ਰੂਰੀ ਹੈ ਕਿ ਪਿਆਰ ਦਾ ਮਤਲਬ ਇੱਕ-ਦੂਜੇ ਵਿੱਚ ਘੁਲ ਜਾਣਾ ਨਹੀਂ, ਸਗੋਂ ਇੱਕ-ਦੂਜੇ ਦੀ ਹੱਦਾਂ ਦਾ ਆਦਰ ਕਰਨਾ ਹੈ। ਹਰ ਵਿਅਕਤੀ ਦੀ ਆਪਣੀ ਨਿੱਜੀ ਜਗ੍ਹਾ ਹੁੰਦੀ ਹੈ, ਚਾਹੇ ਉਹ ਔਨਲਾਈਨ ਹੋਵੇ ਜਾਂ ਅਸਲ ਜ਼ਿੰਦਗੀ ਵਿੱਚ। ਜੇ ਰਿਸ਼ਤਾ ਸੱਚੇ ਭਰੋਸੇ 'ਤੇ ਟਿਕਿਆ ਹੋਵੇ, ਤਾਂ ਪਾਸਵਰਡ ਦੀ ਲੋੜ ਆਪੇ ਹੀ ਖਤਮ ਹੋ ਜਾਂਦੀ ਹੈ।

ਨੌਜਵਾਨਾਂ ਲਈ ਇਹ ਗੱਲ ਖ਼ਾਸ ਤੌਰ 'ਤੇ ਮਹੱਤਵਪੂਰਨ ਹੈ। ਪਿਆਰ ਦੇ ਸ਼ੁਰੂਆਤੀ ਦੌਰ ਵਿੱਚ ਭਾਵਨਾਵਾਂ ਤੇਜ਼ ਹੁੰਦੀਆਂ ਹਨ ਅਤੇ ਕਈ ਵਾਰ ਹੱਦਾਂ ਦਾ ਅਹਿਸਾਸ ਨਹੀਂ ਰਹਿੰਦਾ। ਪਰ ਸਮੇਂ ਦੇ ਨਾਲ ਇਹੀ ਛੋਟੀਆਂ ਗੱਲਾਂ ਵੱਡੇ ਝਗੜਿਆਂ ਦਾ ਕਾਰਨ ਬਣ ਜਾਂਦੀਆਂ ਹਨ। ਇਸ ਲਈ ਲੋੜ ਹੈ ਕਿ ਨੌਜਵਾਨ ਪਿਆਰ ਨੂੰ ਮਲਕੀਅਤ ਨਹੀਂ, ਸਾਂਝ ਵਜੋਂ ਸਮਝਣ।

ਅੰਤ ਵਿੱਚ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪਿਆਰ ਵਿੱਚ ਪਾਸਵਰਡ ਮੰਗਣਾ ਨਾ ਪੂਰੀ ਤਰ੍ਹਾਂ ਸਹੀ ਹੈ, ਨਾ ਹੀ ਹਰ ਹਾਲਤ ਵਿੱਚ ਗਲਤ। ਅਸਲ ਮਾਪਦੰਡ ਨੀਅਤ ਅਤੇ ਸੰਤੁਲਨ ਹੈ। ਜੇ ਦੋਵੇਂ ਪੱਖ ਪੂਰੀ ਸਹਿਮਤੀ, ਆਦਰ ਅਤੇ ਸਮਝ ਨਾਲ ਕੁਝ ਸਾਂਝਾ ਕਰਦੇ ਹਨ, ਤਾਂ ਉਹ ਉਨ੍ਹਾਂ ਦੀ ਨਿੱਜੀ ਚੋਣ ਹੈ। ਪਰ ਜਿੱਥੇ ਦਬਾਅ, ਸ਼ੱਕ ਅਤੇ ਨਿਯੰਤਰਣ ਸ਼ੁਰੂ ਹੋ ਜਾਂਦਾ ਹੈ, ਓਥੇ ਪਿਆਰ ਆਪਣੀ ਰਾਹ ਭੁੱਲ ਜਾਂਦਾ ਹੈ। ਸਿਹਤਮੰਦ ਰਿਸ਼ਤਾ ਉਹ ਹੈ ਜਿੱਥੇ ਭਰੋਸਾ ਪਾਸਵਰਡ ਨਾਲ ਨਹੀਂ, ਵਰਤਾਰੇ ਨਾਲ ਬਣਦਾ ਹੈ।

# ਉਦਾਸ ਪਲ ਦਰੀਂ ਆਏ ਤਾਂ ਆਪ ਵਿਰਾ ਲੈਣਾ, ਲੋਕਾਂ ਕੋਲ ਗਏ ਤਾਂ ਹੰਝੂਆਂ ਦਾ ਵੀ ਮੁੱਲ ਪਾਉਣਗੇ

ਡਾ ਅਮਰਜੀਤ ਟਾਂਡਾ
ਸੰਪਰਕ +61 412 913 021

ਉਦਾਸ ਪਲਾਂ ਉਤੇ ਹੀ ਕਿਤੇ ਧਰਵਾਸ ਹੌਂਸਲੇ ਖੁਸ਼ਗਵਾਰ ਘੜੀਆਂ ਦਾ ਸਿਰਨਾਵਾਂ ਤੇ ਸਫ਼ਰਨਾਮਾ ਲਿਖਿਆ ਹੁੰਦਾ ਹੈ। ਗ਼ਮ ਦੇ ਉਹਲੇ ਹੀ ਕਿਤੇ ਖੁਸ਼ੀ ਬੈਠੀ ਹੁੰਦੀ ਹੈ। "ਉਦਾਸ ਪਲ ਦਰੀਂ ਆਏ ਤਾਂ ਆਪ ਵਿਰਾ ਲੈਣਾ, ਲੋਕਾਂ ਕੋਲ ਗਏ ਤਾਂ ਹੰਝੂਆਂ ਦਾ ਵੀ ਮੁੱਲ ਪਾਉਣਗੇ" ਸਤਰ ਇਕ ਬਹੁਤ ਗਹਿਰੀ ਜੀਵਨ-ਦਰਸ਼ਨਕ ਸੋਚ ਨੂੰ ਛੁਪਾਈ ਬੈਠੀ ਹੈ। ਇਹ ਤਜਰਬੇ ਦੀ ਪੱਕੀ ਸਿਆਣਪ ਅਤੇ ਮਨੁੱਖੀ ਮਨੋਵਿਗਿਆਨ ਦੀ ਝਲਕ ਰੱਖਦੀ ਹੈ। ਆਪ ਵਿੱਚ ਹੀ ਕਿਤੇ ਸਹਿਣਸ਼ੀਲਤਾ ਸੰਜਮ ਦਾ ਸਹਾਰਾ ਹੁੰਦਾ ਹੈ ਜੀਵਨ ਦੇ ਰਾਹ ਵਿੱਚ ਉਦਾਸੀ ਦੇ ਪਲ ਅਜਿਹੇ ਨਹੀਂ ਜੋ ਕਿਸੇ ਨੇ ਨਹੀਂ ਦੇਖੇ ਹੁੰਦੇ। ਸਾਰੀਆਂ ਰੂਹਾਂ ਹੀ ਪੱਛੀਆਂ ਵਲੂੰਧਰੀਆ ਹੋਈਆਂ ਹੁੰਦੀਆਂ ਹਨ। ਕੋਈ ਘੱਟ ਤੇ ਕੋਈ ਵੱਧ। ਕਦੇ ਦਿਨਾਂ ਦੀ ਰੌਸ਼ਨੀ ਧੁੰਦਲੀ ਮੰਦ ਪੈ ਜਾਂਦੀ ਹੈ, ਤੇ ਕਦੇ ਮਨ ਦੀਆਂ ਖਿੜਕੀਆਂ ਉੱਤੇ ਉਦਾਸੀ ਦਾ ਪਰਛਾਵਾਂ ਕੁਹਾਸਾ ਧੁੰਦ, ਗੁਬਾਰ, ਅਤੇ ਘਾਰ ਛਾ ਜਾਂਦਾ ਹੈ। ਅਜਿਹੇ ਵੇਲੇ ਮਨੁੱਖ ਦੀ ਪਹਿਲੀ ਖ਼ਾਹਿਸ਼ ਹੁੰਦੀ ਹੈ ਕਿ ਕੋਈ ਉਸਦੇ ਦੁੱਖ ਨੂੰ ਸੁਣੇ, ਸਮਝੇ ਅਤੇ ਮਿਟਾ ਦੇਵੇ। ਪਰ ਇਹੀ ਥਾਂ ਜੀਵਨ ਦੀ ਸਭ ਤੋਂ ਵੱਡੀ ਸਿੱਖ ਹੈ - "ਆਪ ਵਿਹਾ ਲੈਣਾ"।

ਬਾਹਰਲੇ ਸਹਾਰਿਆਂ ਦੀ ਖੋਜ ਮਨੁੱਖ ਨੂੰ ਕੰਬ ਰਹੇ ਪੱਤੇ ਵਾਂਗ ਝੁਲਾਉਂਦੀ ਝੁਲਾਉਂਦੀ ਹੈ। ਲੋਕ ਤਸੱਲੀ ਵੀ ਦੇਣਗੇ, ਪਰ ਉਸ ਦੇ ਬਦਲੇ ਵਿਚ ਉਮੀਦਾਂ ਦਾ "ਮੁਲ" ਵੀ ਲੈਣਗੇ - ਕਈਆਂ ਵੱਲੋਂ ਸ਼ਬਦਾਂ ਦਾ, ਕਈਆਂ ਵੱਲੋਂ ਕੰਮਾਂ ਦਾ, ਤੇ ਕਈ ਵਾਰੀ ਇੱਜ਼ਤ ਦਾ ਵੀ। ਜਿੱਥੇ ਦੁੱਖ ਦੀ ਥਾਂ ਆਸਰੇ ਦੀ ਵਪਾਰਿਕ ਭਾਸ਼ਾ ਬਣ ਜਾਵੇ, ਉੱਥੇ ਆਤਮਾ ਹੋਰ ਸੁੰਨੀ ਹੋ ਜਾਂਦੀ ਹੈ।

ਆਪਣੇ ਨਾਲ ਬੈਠਣਾ, ਆਪਣੇ ਆਪ ਨਾਲ ਗੱਲ ਕਰਨਾ, ਕਿਸੇ ਦਰਸ਼ਨ ਦਾ ਉੱਚਾ ਅਭਿਆਸ ਜਿਹਾ ਹੁੰਦਾ ਹੈ। ਮਨ ਦੀ ਤਲਾਸ਼ ਉੱਥੇ ਹੀ ਸ਼ਾਂਤੀ ਲੱਭਦੀ ਹੈ ਜਿੱਥੇ ਉਹ ਆਪਣੀ ਜੜ੍ਹ ਨਾਲ ਜੁੜਦੀ ਹੈ। ਬਾਹਰ ਦੀ ਦੁਨੀਆ ਰਾਹ ਦੇਵੇਗੀ, ਪਰ ਰਾਹ 'ਤੇ ਤੁਰਨਾ ਆਪਣੇ ਪੈਰਾਂ ਨੂੰ ਹੀ ਸਿਖਣਾ ਪੈਂਦਾ ਹੈ। ਇਸੇ ਵਿਚਾਰ ਵਿਚ ਇਕ ਹੋਰ ਭੇਦ ਲੁਕਿਆ ਹੋਇਆ ਹੈ - "ਜਿਸ ਨੇ ਆਪਣੀ ਗਹਿਰਾਈ ਵਿੱਚ ਉਤਰਨਾ ਸਿੱਖ ਲਿਆ, ਉਸ ਦਾ ਕੋਈ ਬਾਹਰਲਾ ਤੂਫ਼ਾਨ ਕੁਝ ਨਹੀਂ ਬਿਗਾੜ ਸਕਦਾ।" ਉਦਾਸੀ ਆ ਸਕਦੀ ਹੈ, ਪਰ ਉਸ ਨੂੰ ਗਲੇ ਲਾ ਕੇ ਸਮਝਣਾ ਹੀ ਉਸ ਉੱਤੇ ਜਿੱਤ ਦਾ ਪਹਿਲਾ ਕਦਮ ਹੁੰਦਾ ਹੈ।

ਹੰਝੂ ਆਪ ਹੀ ਪੂੰਝਣੇ ਪੈਂਦੇ ਹਨ-ਸਰੀਰ ਦੇ ਕਿਸੇ ਵੀ ਹਿੱਸੇ ਤੇ ਖਾਰਸ਼ ਆਵੇ ਤਾਂ ਤੁਸੀਂ ਆਪ ਹੀ ਵਧੀਆ ਤਰੀਕੇ ਨਾਲ ਕਰ ਸਕਦੇ ਹੋ. ਕਿਸੇ ਹੋਰ ਕੋਲੋਂ ਕਰਾਓਗੇ ਤਾਂ ਕਈ ਵਾਰ ਦੱਸਣਾ ਪਵੇਗਾ ਨਹੀਂ ਇਥੇ ਨਹੀਂ, ਹੋਰ ਹੇਠ ਹੋਰ ਉੱਪਰ ਕਹਿ ਕੇ। ਉਦੋਂ ਸੱਜੇ ਖੱਬੇ ਹੱਥ ਦਾ ਪ੍ਰਯੋਗ ਕਰਨ ਦੀ ਲੋੜ ਹੁੰਦੀ ਹੈ। ਆਪਣੇ ਆਪ ਦੀ ਸੰਗਤ ਸੱਭ ਤੋਂ ਖਰੀ ਸੰਗਤ ਹੁੰਦੀ ਹੈ। ਜੇ ਮਨੁੱਖ ਆਪਣੇ ਦਿਲ ਨਾਲ ਸੱਚੀ ਪ੍ਰੀਤ ਪਾ ਲਵੇ, ਤਾਂ ਲੋਕਾਂ ਦੀਆਂ ਬਾਜ਼ਾਰੀਆਂ ਮੁਲਾਂਕਣਾਂ ਬੇਅਰਥ ਹੋ ਜਾਂਦੀਆਂ ਹਨ। ਇਹੀ ਜੀਵਨ ਦਾ ਅਸਲ ਸੁਖ ਹੈ - ਆਪੋ-ਆਪ ਵਿੱਚ ਪੂਰਨਤਾ ਲੱਭਣੀ, ਨਾ ਕਿ ਲੋਕਾਂ ਦੀਆਂ ਤਾੜੀਆਂ ਤੇ ਤਲੀਆਂ ਵਿੱਚ।

ਉਦਾਸੀ ਜਦ ਦਰਾਂ 'ਤੇ ਆ ਤੁਰੇ ਕੋਈ ਥੈਲਾ ਲੈਕੇ ਬਾਹਰ ਨਾ ਜਾਇਓ, ਨਾ ਹੀ ਕਿਸੇ ਦਰ ਤੇ ਫ਼ਰਿਆਦ ਕਰਿਓ। ਆਪਣੇ ਹੀ ਦਿਲ ਦਾ ਦਰ ਖੋਲ੍ਹ ਲੈਣਾ, ਉਥੇ ਬੈਠ ਆਪਣੀਆਂ ਰੀਝਾਂ ਨਾਲ ਸਾਂਝ ਪਾ ਲੈਣਾ। ਰੂਹ ਨੂੰ ਪੁੱਛਿਓ ਦੱਸ ਤੂੰ ਕੀ ਚਾਹੁੰਦੀ ਏਂ। ਉਹ ਆਪ ਦੱਸੇਗੀ ਆਪਣੀ ਕਹਾਣੀ ਦੁੱਖ ਦਰਦ।

ਰੂਹਾਂ ਨੂੰ ਤਾਂ ਆਰਾਮ ਚਾਹੀਦਾ ਹੁੰਦਾ ਹੈ ਇਹ ਨਿਮਾਣੀਆਂ ਤਾਂ ਝੱਟ ਹੀ ਦਿਲਾਸੇ ਨਾਲ ਵਿਰ ਜਾਂਦੀਆਂ ਹਨ। ਲੋਕ ਸੁਣਨਗੇ ਤੇ ਹੌਲੀ ਹੌਲੀ ਤੋਲਣਗੇ, ਤੂੰ ਜੋ ਕਹੇਂਗਾ, ਉਹ ਮੁਲ ਮੰਗਣਗੇ, ਕਦੇ ਤਾਰੀਫ਼ਾਂ ਦੇ ਰੂਪ ਵਿੱਚ, ਕਦੇ ਤਾਜ਼ਾ ਜ਼ਖ਼ਮਾਂ ਦੀ ਚੀਸ ਵਿੱਚ। ਉਨ੍ਹਾਂ ਦੇ ਹੱਲੇ ਵਿਚ ਤੇਰਾ ਦਰਦ ਖੋ ਜਾਵੇਗਾ, ਤੇ ਤੂੰ ਫਿਰ ਖਾਲੀ ਹੱਥ ਰਹਿ ਜਾਵੇਂਗਾ। ਪਰ ਜੇ ਤੂੰ ਚੁੱਪੀ ਦੀ ਹਵਾ ਵਿੱਚ ਬੈਠ ਜਾਵੇਂ, ਆਪਣੀ ਧੜਕਣ ਸੁਣ, ਆਪਣੀ ਸਾਹ ਦਾ ਸੁਰ ਲੈ, ਆਪਣਾ ਗੀਤ ਗਾਵੇਂਗਾ ਤਾਂ ਕਈ ਫੁੱਲ ਖਿੜ ਜਾਣਗੇ ਮਹਿਕਾਂ ਵੰਡਣ ਲਈ। ਉਦਾਸੀ ਇਕ ਦੋਸਤ ਬਣ ਜਾਂਦੀ ਹੈ,ਜੋ ਦਿਲ ਦੀ ਅੰਦਰਲੀ ਡੂੰਘਾਈ ਵਿਖਾ ਦਿੰਦੀ ਹੈ। ਉੱਥੇ ਕੋਈ ਵਿਉਪਾਰ ਨਹੀਂ, ਕੋਈ ਤਾਲੀਆਂ ਨਹੀਂ, ਨਾ ਕਿਸੇ ਦਾ ਰੌਲਾ, ਨਾ ਕਿਸੇ ਦੀ ਨਿਗਾਹ।

ਸਿਰਫ਼ ਇੱਕ ਤੂੰ - ਤੇ ਤੇਰੀ ਰੂਹ ਦੀ ਅਵਾਜ਼। ਉਹੀ ਸੰਗਤ, ਜੋ ਸੱਚੀ ਹੈ, ਉਹੀ ਪ੍ਰੀਤ ਜੋ ਅਬਾਦ ਹੈ। ਜੀਵਨ ਦਾ ਇਹੀ ਵਿਸ਼ਵਾਸ ਹੈ - ਜੋ ਆਪਣੇ ਅੰਦਰ ਸਹਾਰਾ ਲੱਭ ਲੈਂਦਾ ਹੈ, ਉਹ ਕਦੇ ਮੁਲ ਨਹੀਂ ਪਾਉਂਦਾ, ਉਹ ਤਾਂ ਖੁਦ ਹੀ ਅਮੋਲਕ ਹੋ ਜਾਂਦਾ ਹੈ। ਦਿਲ ਦੇ ਵੱਟੇ ਦਿਲ ਹੋਵੇ ਜੇ, ਸੌਦਾ ਵੀ ਠੀਕ ਵੀ ਲੱਗੇ ਫਿਰ ਵੀ ਨਾ ਕਰਿਓ ਪਰ ਇਹ ਜ਼ਰੂਰ ਵੇਖ ਲੈਣਾ ਬਾਹਰ ਖੜੇ, ਖਬਰੇ ਕੀ ਕੀ ਰੇਟ ਲਗਾਉਣਗੇ ਇਹ ਵੀ ਜਾਣ ਲੈਣਾ। ਮਨ ਕਰੇ, ਅਤੇ ਲੈਣ-ਦੇਣ ਵੀ ਠੀਕ ਲੱਗੇ, ਫਿਰ ਵੀ ਜੇ ਉਹ ਕੰਮ ਸਹੀ ਨਹੀਂ ਹੈ, ਤਾਂ ਉਸ ਨੂੰ ਨਾ ਕਰੋ। ਇਹ ਵੀ ਵੇਖਣਾ ਹੈ ਕਿ ਉਹ ਕੰਮ ਸੱਚਾਈ, ਨੀਤੀ, ਧਰਮ ਜਾਂ ਆਤਮਕ ਸ਼ੁੱਧਤਾ ਦੇ ਅਨੁਕੂਲ ਹੈ ਜਾਂ ਨਹੀਂ। ਜੇ ਕੋਈ ਝੂਠ ਬੋਲ ਕੇ ਪੈਸਾ ਕਮਾਉਣਾ ਚਾਹੁੰਦੇ ਹੋ, ਅਤੇ ਮਨ ਵੀ ਕਰੇ, ਫਾਇਦਾ ਵੀ ਲੱਗੇ, ਫਿਰ ਵੀ ਝੂਠ ਬੋਲਣਾ ਗਲਤ ਹੈ, ਇਸ ਲਈ ਨਾ ਕਰਿਓ।

ਸਾਹਿਤਕ ਜਾਂ ਸੂਫ਼ੀ ਪਰਿਪੇਖ ਵਿਚ ਇਸ ਤਰ੍ਹਾਂ ਦੀ ਸੋਚ ਪੰਜਾਬੀ ਸ਼ਾਇਰੀ, ਸੂਫ਼ੀ ਸ਼ਾਇਰੀ ਅਤੇ ਗੁਰਮਤਿ ਵਿੱਚ ਆਮ ਹੈ - ਕਿ ਦਿਲ ਦੀ ਖ਼ਵਾਹਿਸ਼ ਨੂੰ ਸਿਰਫ਼ ਸਿਰ ਨਾਲ ਨਹੀਂ, ਸਗੋਂ ਸਚਾਈ ਅਤੇ ਨੀਤੀ ਨਾਲ ਵੀ ਜਾਚਣਾ ਵਾਚਣਾ ਚਾਹੀਦਾ ਹੈ। ਗੁਰਬਾਣੀ ਵਿੱਚ ਵੀ ਇਹੀ ਸਬਕ ਹੈ: ਮਨ ਕਰੇ, ਪਰ ਜੇ ਕੰਮ ਸੱਚ ਤੋਂ ਉਲਟ ਹੈ, ਤਾਂ ਉਸ ਨੂੰ ਛੱਡ ਦੇਣਾ ਚਾਹੀਦਾ ਹੈ। ਜਦ ਜ਼ਖ਼ਮਾਂ ਨੂੰ ਕਹਾਣੀ ਕਰ ਕੇ, ਬੈਠ ਸੁਣਾਵੇਂਗਾ ਮੇਲੇ ਨੂੰ ਕੱਲ੍ਹ ਨੂੰ ਓਹੀ ਭੀੜ ਤੇਰੀ ਚੁੱਗਲੀ ਵਾਂਗ ਉਛਾਲਣਗੇ। ਚੁੱਪ ਦੇ ਵੇਲੀਆ ਬੈਠ ਅਕੇਲਾ, ਰੋ ਲੈ ਜੇ ਰੋਣਾ ਆਵੇ, ਇੱਥੇ ਅੱਖਾਂ ਵੀ ਸੱਚੀਆਂ ਨੇ, ਇੱਥੇ ਹੰਝੂ ਸੌਦੇ ਨਹੀਂ ਕਰਨਗੇ। ਰੂਹ ਨੂੰ ਆਰਾਮ ਮਿਲੇਗਾ ਆਨੰਦ ਵਿੱਚ ਰਹੇਂਗਾ ਕਿਸੇ ਦਾ ਅਹਿਸਾਨ ਨਹੀਂ ਹੋਵੇਗਾ ਤੇਰੀ ਆਤਮਾ ਤੇਰੇ ਰਾਹਾਂ ਤੇਰੀਆਂ ਪੈੜਾਂ ਉਤੇ।

# ਨੈਤਿਕ ਨਾਬਰੀ ਦੀ ਤਾਸੀਰ ਦਾ ਮਾਲਕ-ਦੁੱਲਾ ਭੱਟੀ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445



ਪੰਜਾਬੀ ਆਪਣੇ ਸੁਭਾਅ ਅਨੁਸਾਰ ਸੋਚ ਕੇ ਉਸ ਕੰਮ ਨੂੰ ਆਪਣੀ ਆਦਤ ਮੁਤਾਬਿਕ ਨੇਪਰੇ ਚਾੜਦੇ ਹਨ ਜਿਸ ਨੂੰ ਠਾਣ ਲੈਣ। ਇਸੇ ਕਰਕੇ ਪੰਜਾਬੀਆਂ ਨੂੰ ਨਾਬਰ ਮੰਨਿਆ ਜਾਂਦਾ ਹੈ। "ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ" ਦਾ ਆਗਾਜ਼ ਵੀ ਇਸੇ ਕਰਕੇ ਹੋਇਆ ਹੈ। ਇਸੇ ਪ੍ਰਸੰਗ ਵਿੱਚ ਨੈਤਿਕ ਨਾਬਰੀ ਦੀ ਤਾਸੀਰ ਦੇ ਮਾਲਕ ਦੁੱਲਾ ਭੱਟੀ ਦੀ ਗੱਲ ਕਰਦੇ ਹਾਂ। ਦੁੱਲਾ ਪੁਰਾਤਨ ਪੰਜਾਬ ਦਾ ਪ੍ਰਸਿੱਧ ਰਾਜਪੂਤ ਨਾਇਕ ਸੀ ਜਿਸ ਨੇ ਅਕਬਰ ਦੇ ਖਿਲਾਫ ਆਪਣੀ ਆਵਾਜ਼ ਬੁਲੰਦ ਕੀਤੀ। ਇਸ ਦੀ ਮਾਂ ਦਾ ਨਾਂ ਲੱਧੀ ਅਤੇ ਪਿਓ ਦਾ ਨਾਂ ਫਰੀਦ ਸੀ। ਅਕਬਰ ਦੇ ਸਮੇਂ ਦੁਲੇ ਦਾ ਬਾਪ ਅਤੇ ਦਾਦਾ ਵੀ ਅਕਬਰ ਦੇ ਖਿਲਾਫ ਆਵਾਜ਼ ਬੁਲੰਦ ਕਰਦੇ ਸਨ। ਜਦੋਂ ਦੁੱਲਾ ਪੰਜ ਮਹੀਨੇ ਦੇ ਗਰਭ ਵਿੱਚ ਸੀ, ਤਾਂ ਅਕਬਰ ਦੇ ਲਗਾਨ ਦੇ ਖਿਲਾਫ ਆਵਾਜ਼ ਬੁਲੰਦ ਕਰਨ ਕਰਕੇ ਮੁਗਲ ਫੌਜਾਂ ਨੇ ਦੁੱਲੇ ਦੇ ਪਿਓ ਦਾਦੇ ਦੇ ਸਿਰ ਕਲਮ ਕਰਕੇ ਉਨਾਂ ਦੇ ਸਿਰ ਵਿੱਚ ਘਾਹ ਫੂਸ ਭਰ ਕੇ ਲਾਹੌਰ ਵਿੱਚ ਟੰਗ ਦਿੱਤੇ ਸਨ। ਇਹਨਾਂ ਦੀ ਮੌਤ ਤੋਂ ਚਾਰ ਮਹੀਨੇ ਬਾਅਦ ਲੱਧੀ ਦੀ ਕੁੱਖੋਂ ਦੁੱਲੇ ਭੱਟੀ ਨੇ ਰਾਵੀ ਅਤੇ ਬਿਆਸ ਦਰਿਆ ਦੇ ਵਿਚਕਾਰ ਸਾਂਦਲ ਬਾਰ ਵਿੱਚ 1547 ਨੂੰ ਜਨਮ ਲਿਆ। ਇੱਕ ਦੰਦ ਕਥਾ ਵੀ ਹੈ ਕਿ ਜੋ ਘਰ ਵਿੱਚ ਸੁਣਿਆ ਜਾਂਦਾ ਹੈ ਉਸੇ ਤਰ੍ਹਾਂ ਦਾ ਜਨਮ ਹੁੰਦਾ ਹੈ। ਦੁੱਲੇ ਦੇ ਗਰਭ ਵਿੱਚ ਬੀਰਤਾ ਵਾਲੀਆਂ ਗੱਲਾਂ ਹੀ ਸੁਣੀਆਂ ਸਨ।

ਇਸੇ ਸਮੇਂ ਦੌਰਾਨ ਅਕਬਰ ਦੇ ਘਰ ਪੁੱਤਰ ਪੈਦਾ ਹੋਇਆ, ਜਿਸ ਦਾ ਨਾਮ ਸ਼ੇਖੂ ਰੱਖਿਆ ਗਿਆ ਸੀ। ਉਸ ਨੇ ਮਜੂੰਮੀਆਂ ਨੂੰ ਪੁੱਛਿਆ ਕਿ ਉਪਾਅ ਦੱਸੋ ਕਿ ਮੇਰਾ ਸ਼ੇਖੂ ਪੁੱਤਰ ਬਲਵਾਨ ਅਤੇ ਬੀਰਤਾ ਭਰਪੂਰ ਹੋਵੇ। ਅਕਬਰ ਨੂੰ ਦੱਸਿਆ ਗਿਆ ਕਿ, "ਕਿਸੇ ਰਾਜਪੂਤ ਔਰਤ ਦਾ ਦੁੱਧ ਸ਼ੇਖੂ ਨੂੰ ਚੁੰਘਾਇਆ ਜਾਵੇ" ਔਰਤ ਉਹੀ ਹੋਵੇ ਜਿਸ ਨੇ ਸ਼ੇਖੂ ਦੇ ਸਮੇਂ ਹੀ ਪੁੱਤਰ ਨੂੰ ਜਨਮ ਦਿੱਤਾ ਹੋਵੇ। ਸਾਰੇ ਪਾਸੇ ਖੰਗਾਲੇ ਗਏ। ਨਿਗਾਹ ਮਾਰੀ ਗਈ ਤਾਂ ਦੁੱਲਾ ਹੀ ਸ਼ੇਖੂ ਦਾ ਸਮਕਾਲੀ ਸੀ। ਲੱਧੀ ਨੂੰ ਸੇਖੂ ਨੂੰ ਦੁੱਧ ਪਿਲਾਉਣ ਲਈ ਕਿਹਾ ਗਿਆ। ਉਹ ਰਾਜੀ ਹੋ ਗਈ। ਦੋਵੇਂ ਇਕੱਠੇ ਦੁੱਧ ਚੁੰਘਣ ਲੱਗੇ। ਇੱਕ ਦਿਨ ਅਕਬਰ ਨੇ ਦੁੱਲੇ ਤੇ ਸ਼ੇਖੂ ਦੀ ਪ੍ਰੀਖਿਆ ਲੈਣ ਦੀ ਠਾਣ ਲਈ। ਬੀਰਤਾ ਭਰੀ ਪ੍ਰੀਖਿਆ ਵਿੱਚ ਦੁੱਲੇ ਨੇ ਸ਼ੇਖੂ ਨੂੰ ਮਾਤ ਦੇ ਦਿੱਤੀ। ਅਕਬਰ ਨੇ ਸੋਚਿਆ ਕਿ ਲੱਧੀ ਨੇ ਮੇਰੇ ਪੁੱਤ ਨੂੰ ਦੁੱਧ ਚੁੰਘਾਉਣ ਵਿੱਚ ਵਿਤਕਰਾ ਕੀਤਾ ਹੈ। ਦੁੱਲੇ ਨੂੰ ਕਾਜ਼ੀ ਕੋਲ ਪੜ੍ਹਨੇ ਪਾ ਦਿੱਤਾ। ਇਕ ਦਿਨ ਆਪਣੇ ਸੁਭਾਅ ਮੁਤਾਬਕ ਦੁੱਲਾ ਕਾਜੀ ਨੂੰ ਕੁੱਟ ਕੇ ਆ ਗਿਆ।


ਦੁੱਲੇ ਨੇ ਜਵਾਨੀ ਚ ਪੈਰ ਧਰਿਆ ਤਾਂ ਸਰੂ ਵਰਗਾ ਸਰੀਰ ਨਿਕਲਿਆ। ਉਹ ਗਲੇਲ ਨਾਲ ਤੀਵੀਆਂ ਦੇ ਪਾਣੀ ਭਰੇ ਘੜੇ ਫੁੰਡਣ ਲੱਗਾ। ਔਰਤਾਂ ਨੇ ਦੁਖੀ ਹੋ ਗਈਆਂ। ਆਖਿਰ ਇੱਕ ਭੜਕੀ ਔਰਤ ਨੇ ਉਸਦੇ ਬਾਪ ਦਾਦੇ ਦਾ ਤਾਅਨਾ ਮਾਰ ਦਿੱਤਾ। ਦੁੱਲੇ ਦੇ ਸਰੀਰ ਚ ਕਰੰਟ ਆ ਗਿਆ। ਨੰਦੀ ਮਹਿਰੀ ਔਰਤ ਨੇ ਦੁੱਲੇ ਨੂੰ ਮਿਹਣਾ ਮਾਰਿਆ ਜੋ ਇਸ ਪ੍ਰਕਾਰ ਸੀ, "ਬੋਲੀ ਮਾਰ ਕੇ ਨੰਦੀ ਫਨਾਹ ਕਰਦੀ, ਸੀਨਾ ਦੁੱਲੇ ਦਾ ਚਾਕ ਹੋ ਜਾਂਵਦਾ ਜੇ, ਬਾਪ ਦਾਦਾ ਇਹਦਾ ਤੇ ਸੂਰਮਾ ਏ, ਕਾਹਨੂੰ ਨਿਤ ਗਰੀਬ ਦੁਖਾਂਵਦਾ ਜੇ, ਇੱਥੇ ਜੋਰ ਦਿਖਾਵਦਾ ਔਰਤਾਂ ਨੂੰ, ਤੈਨੂੰ ਰੱਤੀ ਹਯਾ ਨਾ ਆਵਦਾ ਜੇ, ਤੇਰੇ ਬਾਪੂ ਦਾਦਾ ਦੀਆਂ ਸ਼ਾਹ ਅਕਬਰ, ਖੱਲਾਂ ਪੁੱਠੀਆਂ ਦਾ ਲੁਹਾਵਦਾ ਜੇ, ਅੱਜ ਤੀਕਰ ਲਾਹੌਰ ਵਿੱਚ ਲਟਕ ਰਹੀਆਂ, ਉੱਥੇ ਜੋਰ ਨਾ ਕਾਸ ਨੂੰ ਜਾਵਦਾ ਜੇ, ਬਸ ਫਿਰ ਕੀ ਸੀ ? ਦੁੱਲੇ ਨੇ ਆ ਕੇ ਲੱਧੀ ਨੂੰ ਪੁੱਛਿਆ। ਉਸਨੇ ਸਾਰਾ ਕਿੱਸਾ ਦੁੱਲੇ ਨੂੰ ਸੁਣਾ ਦਿੱਤਾ। ਦੁੱਲੇ ਵਿੱਚ ਬਦਲੇ ਦੀ ਭਾਵਨਾ ਪੈਦਾ ਹੋ ਗਈ। ਨਿਤ ਦਿਨ ਉਸ ਦੀ ਬਹਾਦਰੀ ਦੇ ਕਿੱਸੇ ਦਿਖਣ ਲੱਗੇ। ਉਹ ਅਮੀਰਾਂ ਤੋਂ ਲੁੱਟ ਕੇ ਗਰੀਬਾਂ ਨੂੰ ਵੰਡਣ ਲੱਗਾ।

ਲੋਹੜੀ ਨਾਲ ਦੁੱਲੇ ਦਾ ਖਾਸ ਸੰਬੰਧ ਹੈ। ਇੱਕ ਗਰੀਬ ਬ੍ਰਾਹਮਣ ਦੇ ਦੋ ਕੁੜੀਆਂ ਸੁੰਦਰੀ ਅਤੇ ਮੁੰਦਰੀ ਹੋਈਆਂ ਹਨ। ਧੀਆਂ ਦੀ ਇੱਜ਼ਤ ਕਰਕੇ ਬਾਪ ਦੁੱਲੇ ਕੋਲ ਗਿਆ। ਦੁੱਲੇ ਨੇ ਵਿਆਹ ਕਰਨ ਦੀ ਹਾਮੀ ਭਰ ਦਿੱਤੀ। ਬਰਾਹਮਣ ਪਿਤਾ ਨੇ ਹਾਕਮ ਤੋਂ ਡਰਦੇ ਹੋਏ ਰਾਤ ਨੂੰ ਵਿਆਹ ਕਰ ਦਿੱਤਾ ਗਿਆ। ਇਹ ਸਮੇਂ ਅੱਗ ਬਾਲ ਕੇ ਰੋਸ਼ਨੀ ਕੀਤੀ ਗਈ।ਦੁੱਲੇ ਨੇ ਆਲੇ ਦੁਆਲੇ ਪਿੰਡਾਂ ਤੋਂ ਦਾਨ ਇਕੱਠਾ ਕੀਤਾ। ਜਿਸ ਵਿੱਚ ਘਿਓ ਗੁੜ ਸ਼ੱਕਰ ਸਨ। ਆਖਰ ਧੀਆਂ ਦਾ ਡੋਲਾ ਤੋਰ ਦਿੱਤਾ ਗਿਆ। ਬ੍ਰਾਹਮਣ ਨੇ ਦੁੱਲੇ ਦਾ ਧੰਨਵਾਦ ਕੀਤਾ। ਉਦੋਂ ਤੋਂ ਹੀ ਲੋਹੜੀ ਦਾ ਰਿਵਾਜ਼ ਪੈ ਗਿਆ। ਇੱਥੇ ਹੀ ਇੱਕ ਲੋਕ ਗੀਤ ਲੋਹੜੀ ਲਈ ਘੜਿਆ ਗਿਆ, "ਸੁੰਦਰ ਮੁੰਦਰੀ ਹੋ, ਤੇਰਾ ਕੌਣ ਵਿਚਾਰਾ ਹੋ, ਦੁਲਾ ਭੱਟੀ ਵਾਲਾ ਹੋ, ਦੁਲੇ ਨੇ ਧੀ ਵਿਆਹੀ ਹੋ, ਦੁੱਲੇ ਨੇ ਧੀ ਵਿਆਹੀ ਹੋ, ਸੇ ਸ਼ੱਕਰ ਪਾਈ ਹੋ, ਕੁੜੀ ਦਾ ਲਾਲ ਪਟਾਕਾ ਹੋ, ਕੁੜੀ ਦਾ ਸਾਲੂ ਪਾਟਾ ਹੋ,ਸਾਲੂ ਕੌਣ ਸਮੇਟੇ ਹੋ, ਚਾਚਾ ਗਾਲੀ ਦੇਸੇ, ਚਾਚੇ ਚੂਰੀ ਕੁੱਟੀ, ਜਿਮੀਦਾਰਾਂ ਲੁੱਟੀ, ਜਿਮੀਦਾਰ ਸੁਧਾਏ, ਗਿਣ ਗਿਣ ਪਉਲੇ ਪਾਏ, ਇਕ ਪੋਲਾ ਰਹਿ ਗਿਆ, ਸਿਪਾਹੀ ਫੜ ਕੇ ਲੈ ਗਿਆ, ਸਿਪਾਹੀ ਨੇ ਮਾਰੀ ਇੱਟ, ਭਾਵੇਂ ਰੌਅ ਤੇ ਭਾਵੇਂ ਪਿੱਟ ਸਾਨੂੰ ਦੇ ਦੇ ਲੋਹੜੀ, ਤੇਰੀ ਜੀਵੇ ਜੋੜੀ"

ਮੁਗਲਾਂ ਨੇ ਧੋਖੇ ਨਾਲ 1599ਵਿੱਚ ਦੁੱਲੇ ਨੂੰ ਸ਼ਹੀਦ ਕਰ ਦਿੱਤਾ। ਉਸ ਦੀ ਕਬਰ ਲਾਹੌਰ ਦੇ ਮਿਆਣੀ ਸਾਹਿਬ ਕਬਰਸਤਾਨ ਵਿੱਚ ਬਣੀ ਹੋਈ ਹੈ। ਪੰਜਾਬ ਵੰਡਿਆ ਗਿਆ, ਪਰ ਦੁੱਲਾ ਭੱਟੀ ਅੱਜ ਤੱਕ ਵੰਡਿਆ ਨਹੀਂ ਗਿਆ। ਦੁਲਾ ਭੱਟੀ ਅਮਰ ਹੋ ਕੇ ਪੰਜਾਬ ਦੀ ਨੈਤਿਕ ਨਾਬਰੀ ਨੂੰ ਚਿਰੰਜੀਵ ਕਰ ਗਿਆ। ਉਸ ਦੀ ਅਣਖ ਦੀ ਖੁਸ਼ਬੂ ਅੱਜ ਵੀ ਪੰਜਾਬ ਦੇ ਬੂਹੇ ਤੇ ਦਸਤਕ ਦਿੰਦੀ ਹੈ।

# ਗੁਰਦੁਆਰਾ ਭਾਈ ਹੰਦਾਲ ਜੀ ਜੰਡਿਆਲਾ ਗੁਰੂ

ਸਮਾਗਮ 'ਤੇ ਵਿਸ਼ੇਸ਼



ਰਮੇਸ਼ ਬੱਗਾ ਚੋਹਲਾ
9463132719



ਕਸਬਾ ਜੰਡਿਆਲਾ ਗੁਰੂ ਵਿਖੇ ਸਥਾਪਿਤ ਗੁਰਦੁਆਰਾ ਬਾਬਾ ਹੰਦਾਲ ਜੀ

ਸਿੱਖ ਫ਼ਲਸਫ਼ੇ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਜਗਤ ਗੁਰੂ ਨਾਨਕ ਦੇਵ ਜੀ ਨੇ ਬਹੁਤ ਸਾਰੇ ਵੱਡਮੁੱਲੇ ਅਤੇ ਅਣਥੱਕ (ਉਦਾਸੀਆਂ ਦੇ ਰੂਪ ਵਿਚ) ਯਤਨ ਕੀਤੇ ਸਨ। ਉਨ੍ਹਾਂ ਨੇ ਦੇਸ਼-ਵਿਦੇਸ਼ ਦਾ ਰਟਣ ਕਰਕੇ ਲੋਕਾਈ ਨੂੰ ਧਰਮ ਦੇ ਅਸਲੀ ਅਰਥ (ਸ਼ੁਭ ਅਮਲਾਂ ਦੇ ਅਧਾਰਤ) ਤੋਂ ਗਿਆਤ ਕਰਵਾਇਆ। ਧਰਮ ਪ੍ਰਚਾਰ ਦੇ ਇਸ ਮਹਾਨ ਕਾਰਜ ਦੀ ਲੜੀ ਨੂੰ ਬਾਕੀ ਗੁਰੂ ਸਾਹਿਬਾਨ ਵੱਲੋਂ ਵੀ ਜਾਰੀ ਰੱਖਿਆ ਗਿਆ। ਆਪੋ ਆਪਣੇ ਸਮੇਂ ਤੇ ਸਮਰੱਥਾ ਮੁਤਾਬਿਕ ਗੁਰੂ ਸਾਹਿਬਾਨ ਵੱਲੋ ਇਸ ਸਰਵ-ਸਾਂਝੀ ਵਿਚਾਰਧਾਰਾ ਦੇ ਫੈਲਾਅ ਲਈ ਵਿਸ਼ੇਸ਼ ਅਤੇ ਸਾਰਥਿਕ ਯਤਨ ਕੀਤੇ ਗਏ। ਇਨ੍ਹਾਂ ਯਤਨਾਂ ਵਿਚ ਹੀ ਸ਼ਾਮਿਲ ਹੈ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਗੁਰਮਿਤ ਦੇ ਪ੍ਰਚਾਰ ਹਿੱਤ ਕੀਤੀ ਗਈ 22 ਮੰਜੀਆਂ ਦੀ ਸਥਾਪਨਾ ਅਤੇ ਉਨ੍ਹਾਂ ਦੇ ਮੰਜੀਦਾਰਾਂ ਉਰਫ਼ ਪ੍ਰਚਾਰਕਾਂ ਦੀ ਨਿਯੁਕਤੀ। ਇਨ੍ਹਾਂ ਨਿਯੁਕਤੀਆਂ ਵਿਚ ਇੱਕ ਨਿਯੁਕਤੀ ਜ਼ਿਲ੍ਹਾ ਅੰਮ੍ਰਿਤਸਰ ਦੇ ਇਤਿਹਾਸਕ ਕਸਬੇ ਜੰਡਿਆਲਾ ਗੁਰੂ ਦੇ ਵਸਨੀਕ ਭਾਈ ਹੰਦਾਲ ਜੀ ਦੀ ਵੀ ਹੈ।

ਸਿੱਖੀ ਦੇ ਪ੍ਰਚਾਰ ਲਈ ਮੰਜੀਦਾਰ ਵੱਜੋਂ ਨਿਯੁਕਤ ਕੀਤੇ ਗਏ ਭਾਈ ਹੰਦਾਲ ਜੀ ਗੁਰੂ ਅਮਰਦਾਸ ਜੀ ਦੇ ਅਨਿੰਨ ਸੇਵਕ ਸਨ ਜਿਨ੍ਹਾਂ ਨੂੰ ਮੰਜੀਦਾਰ ਦੀ ਸੇਵਾ ਸੌਂਪਣ ਤੋਂ ਪਹਿਲਾਂ ਗੁਰੂ ਸਾਹਿਬ ਵੱਲੋਂ ਗੁਰਮਿਤ ਦੀ ਪੂਰਨ ਸਿਖਲਾਈ ਦਿੱਤੀ ਗਈ ਸੀ।

ਸਿੱਖ ਧਰਮ ਦੇ ਮੁੱਖ ਪ੍ਰਚਾਰਕਾਂ ਵੱਜੋਂ ਸਤਿਕਾਰੇ ਜਾਂਦੇ ਭਾਈ ਹੰਦਾਲ ਜੀ ਦਾ ਜਨਮ ਕਸਬਾ ਜੰਡਿਆਲਾ ਦੇ ਵਸਨੀਕ ਭਾਈ ਗਾਜੀ ਅਤੇ ਮਾਤਾ ਸੁੱਖੀ ਦੇ ਘਰ ਹੋਇਆ। ਭਾਈ ਹੰਦਾਲ ਜੀ ਦਾ ਵਿਆਹ ਹਮਜ਼ੇ ਚਾਹਲ ਦੀ ਪੁੱਤਰੀ ਬੀਬੀ ਉੱਤਮੀ ਨਾਲ ਹੋਇਆ। ਇਨ੍ਹਾਂ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਮ ਬਿੱਧੀ ਚੰਦ ਰੱਖਿਆ ਗਿਆ।

ਇਕ ਵਾਰ ਭਾਈ ਹੰਦਾਲ ਜੀ ਤੀਸਰੇ ਨਾਨਕ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ-ਦੀਦਾਰੇ ਕਰਨ ਲਈ ਸ੍ਰੀ ਗੋਇੰਦਵਾਲ ਸਾਹਿਬ ਆਏ ਅਤੇ ਦਰਸ਼ਨ ਕਰਕੇ ਉਨ੍ਹਾਂ ਦੇ ਹੀ ਹੋ ਕੇ ਰਹਿ ਗਏ। ਇਥੇ ਰਹਿ ਕੇ ਉਨ੍ਹਾਂ ਨੇ ਗੁਰੂ ਸਾਹਿਬ ਕੋਲੋਂ ਸਿੱਖੀ ਦੀ ਦਾਤ ਪ੍ਰਾਪਤ ਕੀਤੀ ਅਤੇ ਸਿੱਖੀ ਦੀ ਕਮਾਈ (ਸੇਵਾ ਤੇ ਸਿਮਰਨ ਰਾਹੀਂ) ਆਰੰਭ ਕਰ ਦਿੱਤੀ। ਭਾਈ ਹੰਦਾਲ ਜੀ ਰੋਜ਼ਾਨਾ ਗੁਰੂ ਸਾਹਿਬ ਦਾ ਉਪਦੇਸ਼ ਸੁਣ ਕੇ ਦ੍ਰਿੜ ਕਰਦੇ ਅਤੇ ਉਸ ਦੇ ਅਨੁਸਾਰ ਆਪਣਾ ਜੀਵਨ ਢਾਲਣ ਦਾ ਅਭਿਆਸ ਕਰਦੇ। ਗੁਰੂ ਅਮਰਦਾਸ ਜੀ ਦੀ ਕਿਰਪਾ ਅਤੇ ਆਪਣੀ ਲਗਨ ਨਾਲ ਭਾਈ ਸਾਹਿਬ ਹੁਣ ਪੂਰੀ ਤਰ੍ਹਾਂ ਗੁਰਮਿਤ ਦੇ ਗਿਆਤਾ ਬਣ ਗਏ ਸਨ। ਉਨ੍ਹਾਂ ਦੀ ਸੂਝ-ਬੂਝ ਅਤੇ ਅਭਿਆਸੀ ਜੀਵਨ ਨੂੰ ਦੇਖ ਕੇ ਤੀਸਰੇ ਪਾਤਸ਼ਾਹ ਵੱਲੋਂ ਉਨ੍ਹਾਂ ਨੂੰ ਜੰਡਿਆਲੇ ਦੇ ਇਲਾਕੇ ਦੀ ਮੰਜੀ ਉਰਫ਼ ਸਟੇਜ ਸੌਂਪ ਦਿੱਤੀ ਗਈ।

ਮੰਜੀਦਾਰ ਬਣਨ ਤੋਂ ਬਾਅਦ ਭਾਈ ਹੰਦਾਲ ਜੀ ਮਾਝੇ ਦੇ ਇਸ ਖੇਤਰ ਵਿਚ ਗੁਰਮਿਤ ਦਾ ਪ੍ਰਚਾਰ ਅਤੇ ਸਿੱਖੀ ਦੀ ਚੜ੍ਹਦੀਕਲਾ ਲਈ ਵੱਡੇ ਉਪਰਾਲੇ ਕਰਨ ਲੱਗੇ।ਭਾਈ ਸਾਹਿਬ ਦੇ ਉਪਰਾਲਿਆਂ ਦੀ ਬਾਦੌਲਤ ਜੰਡਿਆਲਾ ਹੁਣ ਗੁਰੂ ਕਾ ਅਖਵਾਉਣ ਲੱਗ ਪਿਆ। ਉਨ੍ਹਾਂ ਵੱਲੋਂ ਕੀਤੇ ਜਾ ਰਹੇ ਗੁਰਮਤੀ ਪ੍ਰਚਾਰ ਦੇ ਸਦਕਾ ਸੰਗਤ ਵਿਚ ਸਿੱਖੀ ਦੇ ਪ੍ਰਤੀ ਸ਼ਰਧਾ ਅਤੇ ਵਿਸ਼ਵਾਸ ਵਿਚ ਦਿਨ-ਬ-ਦਿਨ ਵਾਧਾ ਹੋਣ ਲੱਗਾ।

ਸ੍ਰੀ ਗੁਰੂ ਅਮਰਦਾਸ ਜੀ ਦੇ ਸੱਚਖੰਡ ਪਿਆਨਾ ਕਰ ਜਾਣ ਤੋਂ ਬਾਅਦ ਸੋਢੀ ਪਾਤਸਾਹ ਸ੍ਰੀ ਗੁਰੂ ਰਾਮਦਾਸ ਜੀ ਗੁਰਤਾ-ਗੱਦੀ 'ਤੇ ਬਿਰਜਮਾਨ ਹੋਏ। ਇਸ ਸਮੇਂ ਸਾਰੇ ਮੰਜੀਦਾਰ ਆਪੋ-ਆਪਣੀਆਂ ਮੰਜੀਆਂ 'ਤੇ ਗੁਰਮਿਤ ਦਾ ਪ੍ਰਚਾਰ ਬਹੁਤ ਹੀ ਸੁਚੱਜੇ ਢੰਗ ਅਤੇ ਨਾਮ ਦੇ ਰੰਗ ਨਾਲ ਕਰ ਰਹੇ ਸਨ। ਮੰਜੀਦਾਰਾਂ ਵੱਲੋਂ ਆਪਣੇ ਪ੍ਰਚਾਰ ਦੀ ਰਿਪੋਰਟ ਸਮੇਂ-ਸਮੇਂ ਗੁਰੂ-ਦਰਬਾਰ ਵਿਚ ਪਹੁੰਚਾਈ ਜਾਂਦੀ ਸੀ ਅਤੇ ਗੁਰੂ-ਘਰ ਦੀ ਖੁਸ਼ੀ ਪ੍ਰਾਪਤ ਕੀਤੀ ਜਾਂਦੀ ਸੀ।

ਭਾਈ ਹੰਦਾਲ ਜੀ ਵੀ ਇੱਕ ਦਿਨ ਆਪਣੇ ਇਲਾਕੇ ਜੰਡਿਆਲਾ ਗੁਰੂ ਦੀ (ਪ੍ਰਚਾਰ ਸੰਬੰਧੀ) ਰਿਪੋਰਟ ਦੇਣ ਲਈ ਸ੍ਰੀ ਗੁਰੂ ਰਾਮਦਾਸ ਜੀ ਦੇ ਕੋਲ ਸ੍ਰੀ ਗੋਇੰਦਵਾਲ ਸਾਹਿਬ ਗਏ। ਗੁਰੂ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਦਾ ਤਨ-ਮਨ ਨਿਹਾਲ ਹੋ ਗਿਆ। ਰਿਪੋਰਟ ਦੇ ਕੇ ਉਹ ਗੁਰੂ ਕਾ ਲੰਗਰ ਬਣਾਉਣ ਦੀ ਸੇਵਾ ਵਿਚ ਜੁੱਟ ਗਏ।

ਇੱਕ ਦਿਨ ਭਾਈ ਹੰਦਾਲ ਜੀ ਗੁਰੂ ਕੇ ਲੰਗਰ ਵਿਚ ਆਟਾ ਗੁੰਨਣ ਦੀ ਸੇਵਾ ਕਰ ਰਹੇ ਸਨ ਕਿ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨਿਗਰਾਨੀ ਹਿੱਤ ਲੰਗਰ ਵਿਚ ਆ ਗਏ। 'ਹੱਥ ਕਾਰ ਵੱਲ ਦਿਲ ਯਾਰ ਵੱਲ' ਦੀ ਕਹਾਵਤ ਅਨੁਸਾਰ ਸੇਵਾ ਦੇ ਨਾਲ-ਨਾਲ ਭਾਈ ਸਾਹਿਬ ਮੁੱਖ ਵਿਚੋਂ ਨਿਰੰਜਣ-ਨਿਰੰਜਣ ਉਚਾਰ ਰਹੇ ਸਨ। ਇਸ ਧੁਨ ਵਿਚ ਏਨੇ ਮਗਨ ਹੋ ਗਏ ਕਿ ਉਨ੍ਹਾਂ ਨੂੰ ਗੁਰੂ ਸਾਹਿਬ ਦੀ ਆਮਦ ਦਾ ਪਤਾ ਹੀ ਨਹੀਂ ਚੱਲਿਆ।ਅਚਾਨਕ ਜਦੋਂ ਗੁਰੂ ਸਾਹਿਬ ਨੂੰ ਦੇਖਿਆ ਤਾਂ ਆਟੇ ਵਾਲੇ ਲਿਬੜੇ ਹੱਥ ਪਿੱਛੇ ਕਰਕੇ ਚਰਣੀਂ ਢਹਿ ਪਏ ਭਾਈ ਹੰਦਾਲ ਜੀ ਦੀ ਸਤਿਕਾਰਤ ਭਾਵਨਾ ਨੂੰ ਦੇਖ ਕੇ ਸ੍ਰੀ ਗੁਰੂ ਰਾਮਦਾਸ ਜੀ ਨੇ ਉਨ੍ਹਾਂ ਨੂੰ ਮੌਢਿਆਂ ਤੋਂ ਫੜ ਕੇ ਉਪਰ ਉਠਾਇਆ ਅਤੇ ਘੁੱਟ ਕੇ ਆਪਣੀ ਛਾਤੀ ਨਾਲ ਲਾ ਲਿਆ। ਗੁਰੂ ਸਾਹਿਬ ਨੇ ਭਾਈ ਸਾਹਿਬ ਵੱਲੋਂ ਸਿੱਖੀ ਪ੍ਰਤੀ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਇਨ੍ਹਾਂ ਸੇਵਾਵਾਂ ਨੂੰ ਨਿਰਵਿਘਨ ਜਾਰੀ ਰੱਖਣ ਲਈ ਉਤਸ਼ਾਹਿਤ ਕੀਤਾ।

ਕੁੱਝ ਦਿਨ ਗੁਰੂ-ਘਰ ਦੀ ਸੇਵਾ ਕਰਨ ਤੋਂ ਬਾਅਦ ਆਪ ਵਾਪਸ ਜੰਡਿਆਲੇ ਆ ਗਏ। ਜੰਡਿਆਲਾ ਗੁਰੂ ਵਿਖੇ ਆ ਕੇ ਭਾਈ ਸਾਹਿਬ ਫਿਰ ਮੰਜੀ 'ਤੇ ਬੈਠ ਗਏ ਅਤੇ ਗੁਰਮਿਤ ਦੇ ਪ੍ਰਚਾਰ ਦੀ ਵਾਗ-ਡੋਰ ਸੰਭਾਲ ਲਈ।

ਭਾਈ ਹੰਦਾਲ ਜੀ ਅਕਾਲ-ਪੁਰਖ ਨੂੰ ਨਿਰੰਜਣ ਦੇ ਨਾਮ ਨਾਲ ਯਾਦ ਕਰਦੇ ਸਨ,ਜਿਸ ਤੋਂ ਜੰਡਿਆਲਾ ਗੁਰੂ ਵਿਖੇ ਨਿਰੰਜਣੀ ਸੰਪ੍ਰਦਾਇ ਦਾ ਮੁੱਢ ਬੱਝਦਾ ਹੈ। ਭਾਈ ਸਾਹਿਬ ਇਸ ਸੰਪ੍ਰਦਾਇ ਦੇ ਮੋਢੀ ਮੰਨੇ ਜਾਂਦੇ ਹਨ। ਇਸ ਸੰਪ੍ਰਦਾਇ ਦਾ ਇੱਕ ਪੈਰੋਕਾਰ ਹਰਭਗਤ ਨਿਰੰਜਣੀ ਵੀ ਹੋਇਆ ਹੈ,ਜਿਸ ਨੇ ਸਿੱਖ ਇਤਿਹਾਸ ਵਿਚ ਇੱਕ ਨਾਂਹ-ਪੱਖੀ ਅਤੇ ਨਿੰਦਣਯੋਗ (ਭਾਈ ਤਾਰੂ ਸਿੰਘ ਨੂੰ ਸ਼ਹੀਦ ਕਰਵਾਉਣ ਵਾਲੀ) ਭੂਮਿਕਾ ਨਿਭਾਈ ਸੀ।

ਸਿੱਖੀ ਸਿਧਾਤਾਂ 'ਤੇ ਪਹਿਰਾ ਦਿੰਦਿਆਂ ਅਤੇ ਸੰਗਤ ਨੂੰ ਇਨ੍ਹਾਂ ਨਾਲ ਜੋੜਨ ਦੀ ਸੇਵਾ ਕਰਦਿਆਂ ਭਾਈ ਹੰਦਾਲ ਜੀ ਸੰਮਤ 1705 ਮੁਤਾਬਿਕ 1648 ਈ. ਵਿਚ ਅਕਾਲ ਚਾਲਾਣਾ ਕਰ ਗਏ। ਇੱਕ ਮੰਜੀਦਾਰ/ ਪ੍ਰਚਾਰਕ ਦੀ ਹੈਸੀਅਤ ਵਿਚ ਉਨ੍ਹਾਂ ਵੱਲੋਂ ਨਿਭਾਏ ਇਤਿਹਾਸਕ ਰੋਲ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ।

#1348/17/1 ਗਲੀ. ਨੰ. 8 ਰਿਸ਼ੀ ਨਗਰ ਐਕਸਟੈਂਸ਼ਨ (ਲੁਧਿਆਣਾ)

# ਅੰਮ੍ਰਿਤਸਰ ਵਿਚ ਹੋਟਲ ਦੇ ਕਮਰੇ ਵਿੱਚ ਪ੍ਰਵਾਸੀ ਪੰਜਾਬੀ ਔਰਤ ਦੀ ਪਤੀ ਵਲੋਂ ਚਾਕੂ ਮਾਰ ਕੇ ਹੱਤਿਆ

## ✪ ਆਸਟਰੀਆ ਤੋਂ ਰਿਸ਼ਤੇਦਾਰਾਂ ਦੇ ਘਰ ਸਮਾਗਮ ਵਿਚ ਸ਼ਾਮਲ ਹੋਣ ਆਈ ਸੀ ਪ੍ਰਭਜੋਤ

ਅੰਮ੍ਰਿਤਸਰ-ਸਿਵਲ ਲਾਈਨਜ਼ ਥਾਣੇ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਕੋਰਟ ਰੋਡ 'ਤੇ ਹੋਟਲ ਕਿੰਗ ਰੂਟ ਦੇ ਇੱਕ ਕਮਰੇ ਵਿੱਚ ਇੱਕ ਐਨਆਰਆਈ ਔਰਤ ਦੀ ਲਾਸ਼ ਮਿਲਣ ਨਾਲ ਸਨਸਨੀ ਫੈਲ ਗਈ। ਦੋਸ਼ ਹੈ ਕਿ ਪ੍ਰਭਜੋਤ ਕੌਰ ਦਾ ਕਤਲ ਉਸਦੇ ਪਤੀ ਮਨਦੀਪ ਸਿੰਘ ਨੇ ਚਾਕੂ ਦੇ ਨਾਲ ਕੀਤਾ ਸੀ।

ਸੂਚਨਾ ਮਿਲਣ 'ਤੇ ਪੁਲਿਸ ਮੌਕੇ 'ਤੇ ਪਹੁੰਚੀ, ਲਾਸ਼ ਨੂੰ ਕਬਜ਼ੇ ਵਿੱਚ ਲੈ ਲਿਆ ਅਤੇ ਪੋਸਟਮਾਰਟਮ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ। ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੀੜਤਾ ਦੇ ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ। ਦੋਸ਼ੀ ਪਤੀ ਵਿਰੁੱਧ ਕਤਲ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਿਸ ਟੀਮਾਂ ਉਸਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਕਰ ਰਹੀਆਂ ਹਨ। ਅੰਮ੍ਰਿਤਸਰ ਦਿਹਾਤੀ ਦੇ ਕੱਥੂਨੰਗਲ ਪੁਲਿਸ ਸਟੇਸ਼ਨ ਦੇ ਅਧਿਕਾਰ ਖੇਤਰ ਅਧੀਨ ਪੈਂਦੇ ਪਿੰਡ ਜੇਠੂਵਾਲ ਦੇ ਵਸਨੀਕ ਲਵਪ੍ਰੀਤ ਸਿੰਘ ਨੇ ਦੱਸਿਆ ਕਿ ਲਗਭਗ ਅੱਠ ਸਾਲ ਪਹਿਲਾਂ ਉਸਨੇ ਆਪਣੀ ਭੈਣ ਪ੍ਰਭਜੋਤ ਕੌਰ ਦਾ ਵਿਆਹ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਵੜੈਚ ਦੇ ਰਹਿਣ ਵਾਲੇ ਮਨਦੀਪ ਸਿੰਘ ਨਾਲ ਕੀਤਾ ਸੀ। ਵਿਆਹ ਤੋਂ ਬਾਅਦ ਸਭ ਕੁਝ ਠੀਕ ਚੱਲ ਰਿਹਾ ਸੀ। ਸੱਤ ਸਾਲ ਪਹਿਲਾਂ ਮਨਦੀਪ ਸਿੰਘ ਆਪਣੀ ਪਤਨੀ ਪ੍ਰਭਜੋਤ ਕੌਰ ਨਾਲ ਆਸਟਰੀਆ ਚਲਾ ਗਿਆ ਸੀ।

ਹਾਲ ਹੀ ਵਿੱਚ, ਉਨ੍ਹਾਂ ਨੂੰ ਪਤਾ ਲੱਗਾ ਕਿ ਮਨਦੀਪ ਸਿੰਘ ਨੇ ਆਪਣੀ ਪਤਨੀ ਨਾਲ ਬਦਸਲੂਕੀ ਕੀਤੀ। ਜਦੋਂ ਪਰਿਵਾਰ ਨੇ ਭੈਣ ਤੋਂ ਪੁੱਛਗਿੱਛ ਕੀਤੀ ਤਾਂ ਉਸਨੇ ਖੁਲਾਸਾ ਕੀਤਾ ਕਿ ਉਸਦਾ ਪਤੀ ਉਸਦੇ ਚਰਿੱਤਰ 'ਤੇ ਸ਼ੱਕ ਕਰਦਾ ਸੀ ਅਤੇ ਇਸ ਘਟਨਾ ਨੂੰ ਲੈ ਕੇ ਪ੍ਰਭਜੋਤ ਕੌਰ ਨੂੰ ਵਾਰ-ਵਾਰ ਕੁੱਟਦਾ ਸੀ। ਪਿਛਲੇ ਹਫ਼ਤੇ, ਇੱਕ ਰਿਸ਼ਤੇਦਾਰ ਦੇ ਘਰ ਇੱਕ ਸਮਾਗਮ ਸੀ। ਮਨਦੀਪ ਸਿੰਘ ਆਪਣੀ ਪਤਨੀ ਨਾਲ ਵਿਦੇਸ਼ ਤੋਂ ਜੇਠੂਵਾਲ ਵਾਪਸ ਆਇਆ। ਉੱਥੇ ਵੀ ਉਨ੍ਹਾਂ ਦਾ ਝਗੜਾ ਹੋਇਆ। ਐਤਵਾਰ ਸਵੇਰੇ, ਮਨਦੀਪ ਨੇ ਆਪਣੀ ਪਤਨੀ ਨੂੰ ਮਨਾਇਆ ਅਤੇ ਫਿਰ ਉਸਨੂੰ ਚਲੇ ਜਾਣ ਲਈ ਮਨਾ ਲਿਆ।



ਐਤਵਾਰ ਸ਼ਾਮ ਨੂੰ, ਉਹ ਆਪਣੀ ਪਤਨੀ ਨਾਲ ਘਰੋਂ ਚਲਾ ਗਿਆ ਅਤੇ ਸਾਰੀ ਰਾਤ ਘਰ ਨਹੀਂ ਪਰਤਿਆ। ਸੋਮਵਾਰ ਦੁਪਹਿਰ ਨੂੰ, ਉਨ੍ਹਾਂ ਨੂੰ ਸਿਵਲ ਲਾਈਨਜ਼ ਥਾਣੇ ਤੋਂ ਸੂਚਨਾ ਮਿਲੀ ਕਿ ਉਨ੍ਹਾਂ ਦੀ ਭੈਣ ਦਾ ਕੋਰਟ ਰੋਡ 'ਤੇ ਇੱਕ ਹੋਟਲ ਦੇ ਕਮਰੇ ਵਿੱਚ ਕਤਲ ਕਰ ਦਿੱਤਾ ਗਿਆ ਹੈ। ਜਦੋਂ ਉਹ ਪਹੁੰਚੇ, ਤਾਂ ਉਨ੍ਹਾਂ ਨੇ ਉਸਦੀ ਲਾਸ਼ ਖੂਨ ਨਾਲ ਲੱਥਪੱਥ ਪਈ ਦੇਖੀ। ਉਨ੍ਹਾਂ ਦਾ ਜੀਜਾ ਭੱਜ ਗਿਆ ਸੀ। ਪਰਿਵਾਰ ਨੇ ਕਿਹਾ ਕਿ ਮਨਦੀਪ ਸਿੰਘ ਨੇ ਉਸਦੇ ਚਰਿੱਤਰ 'ਤੇ ਸ਼ੱਕ ਕਰਦੇ ਹੋਏ ਮੌਕਾ ਮਿਲਦੇ ਹੀ ਪ੍ਰਭਜੋਤ ਕੌਰ ਦਾ ਕਤਲ ਕਰ ਦਿੱਤਾ।

# ਕਿਰਤ ਕਾਨੂੰਨਾ ਵਿੱਚ ਤਬਦੀਲੀ ਦਾ ਵਿਸ਼ਲੇਸ਼ਣ

ਡਾ. ਅਮਨਪ੍ਰੀਤ ਸਿੰਘ ਬਰਾੜ
ਮੋਬਾ: 96537-90000



ਹੁਣ ਕੇਂਦਰ ਸਰਕਾਰ ਨੇ ਕਿਰਤ ਨਾਲ ਸਬੰਧਤ ਪੁਰਾਣੇ 29 ਕਾਨੂੰਨ ਬਦਲ ਕੇ ਨਵੇਂ ਕਾਨੂੰਨ ਲਾਗੂ ਕੀਤੇ ਹਨ ਕਿਹਾ ਜਾਂਦਾ ਹੈ ਕਿ ਇਹਨਾਂ ਕਾਨੂੰਨਾਂ ਨਾਲ ਭਾਰਤ ਦੇ ਕਿਰਤੀਆਂ ਨੂੰ ਬਹੁਤ ਵੱਡਾ ਲਾਭ ਹੋਵੇਗਾ। ਅਸਲੀਅਤ ਇਹ ਹੈ ਕਿ ਪੁਰਾਣੇ ਵੀ ਜਿਹੜੇ 29 ਕਾਨੂੰਨ ਬਣੇ ਸਨ ਉਹਨਾਂ ਵਿੱਚ ਵੀ ਬਹੁਤੇ ਕਿਰਤੀਆਂ ਦੇ ਹੱਕ ਸੁਰੱਖਿਅਤ ਕਰਨ ਲਈ ਹੀ ਬਣੇ ਸਨ ਜਿਵੇਂ-2 ਕਿਰਤੀਆਂ ਦੀਆਂ ਮੁਸ਼ਕਿਲਾਂ ਸਾਹਮਣੇ ਆਉਂਦੀਆਂ ਗਈਆਂ ਉਹਨਾਂ ਦੇ ਹੱਲ ਲਈ ਨਵੇਂ ਕਾਨੂੰਨ ਬਣਦੇ ਗਏ ਅਤੇ ਗਿਣਤੀ ਵੱਧਦੀ ਗਈ। ਇਹ ਚੰਗੀ ਗੱਲ ਹੈ ਕਿ ਬਹੁਤੇ ਕਾਨੂੰਨਾਂ ਦੇ ਬਦਲੇ ਇਹਨਾਂ ਦੀ ਗਿਣਤੀ ਘੱਟ ਕੀਤੀ ਗਈ ਕਿਉਂਕਿ ਬਹੁਤੇ ਕਿਰਤੀ ਘੱਟ ਪੜ੍ਹੇ ਲਿਖੇ ਹੋਣ ਕਰਕੇ ਥੋੜ੍ਹੀ ਗਿਣਤੀ ਵਿੱਚ ਕਾਨੂੰਨਾਂ ਨੂੰ ਚੰਗੀ ਤਰ੍ਹਾਂ ਸਮਝ ਸਕਣਗੇ ਪਰ ਦੂਜੇ ਪਾਸੇ ਕਿਸੇ ਵੀ ਕਾਨੂੰਨ ਦਾ ਵਰਨਣ ਜਿੰਨੇ ਸੰਖੇਪ ਵਿੱਚ ਹੋਵੇਗਾ ਉਸ ਦੀ ਵਿਆਖਿਆ ਉਹਨੀ ਹੀ ਔਖੀ ਅਤੇ ਵੱਖ-2 ਤਰ੍ਹਾਂ ਨਾਲ ਹੋਵੇਗੀ। ਸ਼ਾਇਦ ਏਸੇ ਸਮੱਸਿਆ ਨੂੰ ਹੱਲ ਕਰਦੇ ਕਰਦੇ ਕਾਨੂੰਨਾਂ ਦੀ ਗਿਣਤੀ 29 ਹੋ ਗਈ ਸੀ। ਮਿਸਾਲ ਦੇ ਤੌਰ ਤੇ ਘੱਟੋ-ਘੱਟ ਉਜਰਤ ਕਾਨੂੰਨ ਪਹਿਲਾਂ ਹੀ ਲਾਗੂ ਸੀ ਉਸ ਅਨੁਸਾਰ ਹਰ ਸਾਲ ਮਜਦੂਰੀ ਲਈ ਘੱਟੋ-ਘੱਟ ਉਜਰਤ ਤਹਿ ਹੁੰਦੀ ਸੀ ਅਤੇ ਕੁਲੈਕਟਰ ਉਸ ਨੂੰ ਲਾਗੂ ਕਰਵਾਉਂਦਾ ਸੀ ਹੁਣ ਪੰਜ ਸਾਲ ਬਾਅਦ ਘੱਟੋ ਘੱਟ ਉਜਰਤ ਤਹਿ ਕਰਨੀ ਲਾਜ਼ਮੀ ਹੈ ਜਿਸ ਦਾ ਮਤਲਬ ਵਿਚਲੇ ਪੰਜ ਸਾਲ ਦੇ ਸਮੇਂ ਵਿੱਚ ਮਹਿੰਗਾਈ ਦੇ ਹਿਸਾਬ ਨਾਲ ਕੋਈ ਮਜਦੂਰੀ ਵਧਾਵੇ ਭਾਵੇਂ ਨਾਂ। ਅਸਲੀਅਤ ਇਹ ਹੈ ਕਿ ਕਾਨੂੰਨ ਪਹਿਲੇ ਵੀ ਚੰਗੇ ਸੀ ਹੁਣ ਵਾਲੇ ਵੀ ਠੀਕ ਹਨ ਗੱਲ ਹੈ ਕਾਨੂੰਨਾਂ ਦੀ ਪਾਲਣਾ ਕਰਵਾਉਣ ਦੀ ਅਤੇ ਕਰਨ ਦੀ।

ਸਰਕਾਰ ਮੁਤਾਬਕ ਇਹ ਕਾਨੂੰਨ ਲੇਬਰ ਨੂੰ ਹੱਕ ਦਿਵਾਉਣਗੇ ਤੇ ਦੋਹਾਂ ਪਾਰਟੀਆਂ ਯਾਨੀ ਕਿ ਮਾਲਕ ਤੇ ਮਜ਼ਦੂਰ ਨੂੰ "ਫ਼ਰੀਡਮ ਆਫ਼ ਕਾਨਟ੍ਰੈਕਟ" (ਇਕਰਾਰਨਾਮੇ ਦੀ ਆਜ਼ਾਦੀ) ਦੇਣਗੇ। ਪਰ ਸੋਚਣ ਵਾਲੀ ਗੱਲ ਹੈ ਕਿ ਕਦੇ ਸਰਮਾਏਦਾਰ ਅਤੇ ਗਰੀਬ ਬੰਦੇ ਵਿੱਚ ਕਾਨਟਰੇਕਟ ਚੱਲ ਸਕਦਾ ਹੈ ? ਕਿਉਂ ਕਿ ਅੱਜ ਕੱਲ ਕਾਨੂੰਨ ਦੀਆਂ ਸ਼ਰੇਆਮ ਧਜੀਆਂ ਉਡਾਈਆਂ ਜਾ ਰਹੀਆਂ ਹਨ ਕਈ ਜਗ੍ਹਾ ਸਰਕਾਰੀ ਅਫਸਰ ਹੀ ਹਾਈਕੋਰਟ ਦੇ ਹੁਕਮਾਂ ਦੀ ਪਾਲਣਾ ਨਹੀਂ ਕਰਦੇ ਹਨ। ਗਰੀਬ ਬੰਦੇ ਨੂੰ ਤਾਂ ਦੋ ਵਕਤ ਦੀ ਰੋਟੀ ਦੀ ਫ਼ਿਕਰ ਹੈ, ਉਸ ਦੀ ਕਾਰਖਾਨੇਦਾਰ ਨਾਲ ਬਰਾਬਰੀ ਨਹੀਂ ਹੋ ਸਕਦੀ। ਅੱਜ ਅਸੀਂ ਘੋਖਦੇ ਹਾਂ ਕਿਹੜੇ ਕਾਨੂੰਨ ਦਾ ਕਿਸ ਤਰ੍ਹਾਂ ਦਾ ਅਸਰ ਪਵੇਗਾ ਲੇਬਰ ਉਤੇ।

ਪਹਿਲਾਂ ਇੰਡਸਟਰੀਅਲ ਰਿਲੇਸ਼ਨ ਕੋਡ ਬਿੱਲ 2020: ਇਸ ਕੋਡ ਵਿੱਚ ਗੱਲ ਕੀਤੀ ਗਈ ਕਿ ਮਾਲਕ ਅਤੇ ਲੇਬਰ ਇੱਕ ਦੂਜੇ ਨਾਲ ਸਦਭਾਵਨਾ ਅਤੇ ਸ਼ਾਂਤੀ ਵਿੱਚ ਰਹਿਣਗੇ। ਇਸ ਦੇ ਮੁਤਾਬਕ ਜੇ ਕੋਈ ਵਿਅਕਤੀ 18 ਹਜ਼ਾਰ ਰੁਪਏ ਮਹੀਨਾ ਤਨਖਾਹ ਲੈਂਦਾ ਹੈ ਤੇ ਉਹ ਕਿਸੇ ਨਿਰਧਾਰਤ ਸਮੇਂ ਲਈ (ਭਾਵ 2-3 ਸਾਲ) ਰੱਖਿਆ ਗਿਆ ਹੈ, ਉਸ ਨੂੰ ਸਾਰੇ ਫ਼ਾਇਦੇ ਪੱਕੇ ਬੰਦੇ ਵਾਲੇ ਹੀ ਮਿਲਣਗੇ ਪਰ ਅਫ਼ਸੋਸ ਕਿ ਇਹ ਹੱਕ ਉਸ ਨੂੰ ਮਿਲਣਗੇ ਕਿਉਂਕਿ ਉਸ ਨੂੰ ਬਿਨ੍ਹਾਂ ਕਿਸੇ ਨੋਟਿਸ ਦੇ ਕੱਡਿਆ ਜਾ ਸਕਦਾ ਹੈ ਤੇ ਨਾ ਹੀ ਉਹ ਕਿਸੇ ਹੜਤਾਲ ਵਿੱਚ ਹਿੱਸਾ ਲੈ ਸਕਦਾ ਹੈ ਜਾਂ ਫਿਰ ਯੂਨੀਅਨ ਦਾ ਮੈਂਬਰ ਬਣ ਸਕਦਾ ਹੈ। ਇਸ ਕਾਨੂੰਨ ਵਿੱਚ ਨਵੀਆਂ ਤਬਦੀਲੀਆਂ ਲਿਆਂਦੀਆਂ ਗਈਆਂ ਹਨ। ਜਿਹੜੀਆਂ ਕੰਪਨੀਆਂ ਪਹਿਲਾਂ 100 ਜਾਂ ਉਸ ਤੋਂ ਜ਼ਿਆਦਾ ਲੇਬਰ ਰੱਖਦੀਆਂ ਸਨ, ਉਸ ਕੰਪਨੀ ਨੂੰ ਬੰਦ ਕਰਨ ਵੇਲੇ ਜਾਂ ਲੇਬਰ ਨੂੰ ਕੱਢਣਾ ਹੋਵੇ, ਉਸ ਲਈ ਸਰਕਾਰ ਤੋਂ ਮਨਜ਼ੂਰੀ ਲੈਣੀ ਜ਼ਰੂਰੀ ਸੀ, ਹੁਣ ਇਹ ਅੰਕੜਾ 300 ਕਰ ਦਿੱਤਾ ਹੈ ਯਾਨੀ ਕਿ ਕਈ ਵੱਡੀਆਂ ਕੰਪਨੀਆਂ ਨੂੰ ਇਸ ਦਾ ਸਿੱਧਾ ਫ਼ਾਇਦਾ ਹੋਵੇਗਾ ਕਿ ਜਦੋਂ ਮਰਜ਼ੀ ਫ਼ੈਕਟਰੀ ਬੰਦ ਕਰ ਦਿਉ ਜਾਂ ਲੇਬਰ ਨੂੰ ਕੱਢ ਦਿਉ, ਉਸ ਲਈ ਸਰਕਾਰੀ ਮਨਜੂਰੀ ਨਹੀਂ ਚਾਹੀਦੀ।




ਇਸ ਦੇ ਅਧੀਨ ਜੇ ਫ਼ੈਕਟਰੀ ਮਾਲਕ ਜਿਸ ਕੋਲ 300 ਜਾਂ ਇਸ ਤੋਂ ਵੱਧ ਲੇਬਰ ਹੈ, ਜੇ ਉਹ ਫ਼ੈਕਟਰੀ ਬੰਦ ਕਰਨਾ ਚਾਹੁੰਦਾ ਹੈ ਤਾਂ ਉਹ ਸਰਕਾਰ ਤੋਂ ਮਨਜ਼ੂਰੀ ਲਵੇਗਾ। ਪਰ ਜੇ ਸਰਕਾਰ ਨਿਰਧਾਰਤ ਸਮੇ ਲਈ ਕੋਈ ਜਵਾਬ ਨਹੀਂ ਦਿੰਦੀ ਤਾਂ ਉਹ ਇਸ ਨੂੰ ਬੰਦ ਕਰਨ ਦਾ ਹੁਕਮ ਸਮਝੇਗੀ। ਇਸ ਤੋਂ ਇਲਾਵਾ ਟਰੇਡ ਯੂਨੀਅਨ ਤੇ ਵੀ ਇਸ ਕਾਨੂੰਨ ਦਾ ਬੜਾ ਵੱਡਾ ਅਸਰ ਪੈਣ ਵਾਲਾ ਹੈ। ਇਸ ਦੇ ਮੁਤਾਬਕ ਜੇ ਇੱਕ ਤੋਂ ਵੱਧ ਟਰੇਡ ਯੂਨੀਅਨਾਂ ਹਨ ਤਾਂ ਉੱਥੇ ਸਿਰਫ਼ ਉਹ ਟਰੇਡ ਯੂਨੀਅਨ ਹੀ ਗੱਲਬਾਤ ਕਰੇਗੀ ਜਿਸ ਕੋਲ 51 ਫੀਸਦੀ ਲੇਬਰ ਦੇ ਮੈਂਬਰ ਹੋਣਗੇ, ਇਸ ਦਾ ਮਤਲਬ ਕਿ ਕਾਰਖਾਨੇਦਾਰ ਕੁੱਝ ਲੇਬਰ ਨੂੰ ਲਾਲਚ ਦੇ ਕੇ ਦੋ ਤੋਂ ਵੱਧ ਯੂਨੀਅਨਾਂ ਖੜੀਆਂ ਕਰ ਸਕਦਾ ਹੈ ਤਾਂ ਕਿ ਅਸਲ ਯੂਨੀਅਨ ਦੇ ਮੈਂਬਰ 51 ਤੋਂ ਘੱਟ ਜਾਣ।

ਇਸ ਦੇ ਨਾਲ ਹੀ ਉਦਯੋਗਿਕ ਵਿਵਾਦ ਲਈ ਟ੍ਰਿਬਿਊਨਲ ਬਣਾਇਆ ਜਾਵੇਗਾ ਜਿਸ ਦੇ ਮੈਂਬਰ ਸਰਕਾਰੀ ਵਿਅੱਕਤੀ ਹੋਣਗੇ, ਜੇ ਫਿਰ ਵੱਡੇ ਕਾਰਪੋਰੇਟਾਂ ਦੇ ਇਸ਼ਾਰਿਆਂ ਤੇ ਚੱਲਣਗੇ ਤੇ ਲੇਬਰ ਦੀ ਗੱਲ ਨਹੀਂ ਸੁਣਨਗੇ। ਜੇਕਰ ਕਾਰਖਾਨੇਦਾਰ ਜਾਂ ਸਰਕਾਰ ਦਾ ਕੋਈ ਫੈਸਲਾ ਲੇਬਰ ਨੂੰ ਮਨਜੂਰ ਨਹੀਂ ਤਾਂ 14 ਦਿਨਾਂ ਦਾ ਨੋਟਿਸ ਦੇਕੇ ਹੜਤਾਲ ਕਰ ਸਕਦੇ ਹਨ। ਇਸ ਦੌਰਾਨ ਜੇ ਕਾਰਖਾਨੇਦਾਰ ਗੱਲਬਾਤ ਲਈ ਤਿਆਰ ਹੋ ਜਾਵੇ ਤਾਂ ਟ੍ਰਿਬਿਊਨਲ ਚਲੇ ਜਾਨ ਉਹਨਾਂ ਚਿਰ ਹੜਤਾਲ ਨਹੀਂ ਹੋ ਸਕਦੀ। ਟ੍ਰਿਬਿਊਨਲ ਨੂੰ ਕੇਸ ਦਾ ਨਿਪਟਾਰਾ ਇੱਕ ਸਾਲ ਦੇ ਅੰਦਰ ਅੰਦਰ ਕਰਨਾ ਲਾਜਮੀ ਹੈ।

ਸਮਾਜਕ ਸੁਰੱਖਿਆ ਕੋਡ : ਸਮਾਜਕ ਸੁਰੱਖਿਆ ਕੋਡ ਸਾਰੀ ਲੇਬਰ ਫ਼ੋਰਸ ਨੂੰ ਕਵਰ ਨਹੀਂ ਕਰਦਾ। ਉਸ ਨੂੰ ਇਸ ਅਧਾਰ ਤੇ ਵੰਡਿਆ ਗਿਆ ਹੈ ਕਿ ਕਿਥੇ ਕਿੰਨੀ ਲੇਬਰ ਕੰਮ ਕਰਦੀ ਹੈ। ਇਮਾਰਤ ਉੱਪਰ ਲੱਗੇ 10 ਤੋਂ ਘੱਟ ਬੰਦਿਆ ਉੱਤੇ ਇਹ ਕਾਨੂੰਨ ਲਾਗੂ ਨਹੀਂ ਹੁੰਦਾ। ਕਾਰਖ਼ਾਨਿਆਂ ਵਿੱਚ ਜਿਥੇ 20 ਤੋਂ ਘੱਟ ਮਜ਼ਦੂਰ ਕੰਮ ਕਰਦੇ ਹਨ ਉਨ੍ਹਾਂ ਤੇ ਪਰਾਵੀਡੈਂਟ ਫੰਡ ਜਾਂ ਬੋਨਸ ਆਦਿ ਦੇ ਨਿਯਮ ਲਾਗੂ ਨਹੀਂ ਹੁੰਦੇ। ਇਸ ਤਰ੍ਹਾਂ ਛੋਟੇ ਤੇ ਮੱਧ ਵਰਗ ਦੇ ਕਾਰਖ਼ਾਨਿਆਂ ਵਿੱਚ ਕੰਮ ਕਰਨ ਵਾਲੀ ਬਹੁਤੀ ਲੇਬਰ ਸਮਾਜਕ ਸੁਰੱਖਿਆ ਦੇ ਘੇਰੇ ਤੋਂ ਬਾਹਰ ਹੀ ਰਹਿ ਗਈ।

ਸੇਫ਼ਟੀ ਤੇ ਸਿਹਤ ਸਬੰਧੀ ਕਾਨੂੰਨ: ਇਸੇ ਤਰ੍ਹਾਂ ਕੰਮ ਵਾਲੀ ਥਾਂ ਤੇ ਸੇਫ਼ਟੀ ਤੇ ਸਿਹਤ ਸਬੰਧੀ ਕਾਨੂੰਨ ਜੋ ਕਾਰਖਾਨਿਆਂ ਤੇ ਹੋਰ ਛਪਾਈ ਨਾਲ ਸਬੰਧਤ ਫ਼ੈਕਟਰੀਆਂ ਤੇ ਲਾਗੂ ਹੁੰਦਾ ਹੈ, ਇਨ੍ਹਾਂ ਥਾਵਾਂ ਤੇ ਲੇਬਰ ਇੰਸਪੈਕਟਰ ਅਚਨਚੇਤ ਚੈਕਿੰਗ ਨਹੀਂ ਕਰ ਸਕਦਾ। ਹੁਣ ਲੇਬਰ ਇੰਸਪੈਕਟਰ ਮਿਲ ਮਾਲਕ ਅਤੇ ਕਾਮਿਆ ਨ ਸਮਝਾ ਕੇ ਕੰਮ ਕਰੇਗਾ। ਭਾਵ ਹੁਣ ਉਹ ਪਹਿਲਾਂ ਦੀ ਤਰ੍ਹਾਂ ਪੁਲਿਸ ਵਾਲਾ ਰੋਲ ਨਹੀ ਕਰ ਸਕਦਾ। ਇਹ ਕਾਨੂੰਨ ਉੱਥੇ ਲਾਗੂ ਹੋਵੇਗਾ, ਜਿਥੇ ਪਾਵਰ ਦੀ ਵਰਤੋਂ ਹੁੰਦੀ ਹੈ, ਉਥੇ 20 ਕਾਮੇ ਜਿਥੇ ਪਾਵਰ ਦੀ ਵਰਤੋਂ ਨਹੀਂ ਹੁੰਦੀ, ਉਥੇ 40 ਤੋਂ ਵੱਧ ਕਾਮੇ ਕੰਮ ਕਰਦੇ ਹਨ। ਜਿਥੇ 250 ਤੋਂ ਵੱਧ ਕਾਮੇ ਕੰਮ ਕਰਦੇ ਹਨ, ਉੱਥੇ ਸੇਫ਼ਟੀ ਕਮੇਟੀ ਬਣਾਈ ਜਾਣੀ ਚਾਹੀਦੀ ਹੈ, ਇਸ ਦਾ ਮਤਲਬ 90ਫ਼ੀ ਸਦੀ ਤੋਂ ਵੱਧ ਯੂਨਿਟਾਂ ਵਿੱਚ ਇਹ ਕਮੇਟੀਆਂ ਬਣਾਉਣਾ ਹੀ ਜ਼ਰੂਰੀ ਨਹੀਂ ਅਤੇ ਲੇਬਰ ਇੰਸਪੈਕਟਰ ਦੀ ਪਾਵਰ ਸੀਮਤ ਕਰ ਦਿੱਤੀ ਹੈ। ਇਸ ਸੋਚ ਉਤੇ ਜੇਕਰ ਕੋਈ ਫ਼ਰਮ ਸੇਫਟੀ ਸਹੂਲਤਾਂ ਨਹੀਂ ਦਿੰਦੀ ਤਾਂ ਉੱਥੇ ਪਨੈਲਟੀ ਦਾ ਪਰਾਵਧਾਨ ਵੀ ਕੋਈ ਸਖਤ ਨਹੀਂ ਬਲਕਿ ਮਾਮੂਲੀ ਪਨੇਲਟੀ ਨਾਲ ਹੀ ਮਾਲਕ ਨੂੰ ਛੱਡ ਦਿੱਤਾ ਜਾਵੇਗਾ।

ਇਹ ਬਿੱਲ 2020 ਸਰਕਾਰ ਨੂੰ ਇਹ ਪਾਵਰ ਵੀ ਦਿੰਦਾ ਹੈ ਕਿ ਸਰਕਾਰ ਕਿਸ ਵੀ ਨਵੇਂ ਲੱਗਣ ਵਾਲੇ ਯੂਨਿਟ ਤੇ ਇਹ ਕਾਨੂੰਨ ਲਾਗੂ ਕਰਨ ਤੋਂ ਨਾਂਹ ਕਰ ਸਕਦੀ ਹੈ, ਭਾਵ ਜੇਕਰ ਨਵਾਂ ਯੂਨਿਟ ਲੱਗਦਾ ਹੈ ਤਾਂ ਉਥੇ ਮਜ਼ਦੂਰਾਂ ਦੀ ਸਿਹਤ ਸਬੰਧੀ ਨਿਯਮ ਲਾਗੂ ਕਰਨਾ ਕੋਈ ਜ਼ਰੂਰੀ ਨਹੀਂ।

ਵੇਜ ਕੋਡ 2019: ਵੇਜ (ਤਨਖਾਹ) ਕੋਡ 2019 ਜਿਸ ਵਿੱਚ ਵੱਡੀ ਤਬਦੀਲੀ ਜੇ ਮਜ਼ਦੂਰਾਂ ਨੂੰ ਪ੍ਰਭਾਵਤ ਕਰੇਗੀ, ਉਹ ਹੈ ਘੱਟੋ ਘੱਟ ਮਜ਼ਦੂਰੀ ਦੇਣਾ। ਕੇਂਦਰ ਸਰਕਾਰ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਮਜ਼ਦੂਰਾਂ ਦੇ ਰਹਿਣ ਸਹਿਣ ਦੇ ਖਰਚੇ ਨੂੰ ਧਿਆਨ ਵਿੱਚ ਰੱਖ ਕੇ ਘੱਟੋ-ਘੱਟ ਮਜ਼ਦੂਰੀ ਦੀ ਦਰ ਤੈਅ ਕਰੇਗੀ। ਜੇ ਦੇਸ਼ ਦੇ ਕਿਸੇ ਹਿੱਸੇ ਵਿੱਚ ਮਜ਼ਦੂਰੀ ਹੁਣ ਕੇਂਦਰ ਦੀ ਨਿਰਧਾਰਤ ਕੀਤੀ ਦਰ ਨਾਲੋਂ ਜ਼ਿਆਦਾ ਹੈ ਤਾਂ ਉਹ ਘਟਾਈ ਨਹੀਂ ਜਾ ਸਕਦੀ। ਇਸ ਤੋਂ ਅੱਗੇ ਅਹਿਮ ਗੱਲ ਇਹ ਹੈ ਕਿ ਮਜ਼ਦੂਰੀ ਦੀ ਦਰ ਦੀ ਸੋਧ 5 ਸਾਲ ਵਿੱਚ ਇਕ ਵਾਰ ਕਰਨੀ ਜ਼ਰੂਰੀ ਹੋਵੇਗੀ। ਭਾਵ ਜੋ ਮਜ਼ਦੂਰੀ ਦੀ ਦਰ ਇੱਕ ਵਾਰ ਲਾਗੂ ਹੋ ਗਈ, ਉਹ 5 ਸਾਲ ਚਲਾਈ ਜਾ ਸਕਦੀ ਹੈ ਕਿਉਂਕਿ 5 ਸਾਲ ਵਿੱਚ ਇੱਕ ਵਾਰ ਸੋਧ ਕਾਨੂੰਨੀ ਤੌਰ ਉਤੇ ਜ਼ਰੂਰੀ ਹੈ। ਇਸ ਲਈ ਮਹਿੰਗਾਈ ਭਾਵੇਂ ਵਧੀ ਵੀ ਜਾਵੇ ਸਨਅਤਕਾਰ ਜਾਂ ਮਾਲਕ ਇਸ ਰਵੀਜ਼ਨ ਨੂੰ ਜਿੰਨ੍ਹਾਂ ਚਿਰ ਲਟਕਾ ਸਕਦਾ ਹੈ, ਲਟਕਾਵੇਗਾ।

ਪੁਰਾਣੇ ਕਾਨੂੰਨ ਮੁਤਾਬਕ ਘੱਟੋ ਘੱਟ ਉਜਰਤਾਂ ਹਰ ਸਾਲ ਮਹਿੰਗਾਈ ਦੇ ਹਿਸਾਬ ਨਾਲ ਨਿਰਧਾਰਤ ਕੀਤੀਆਂ ਜਾਂਦੀਆਂ ਹਨ।

ਅਸਲ ਵਿੱਚ ਇਹ ਸਾਰੇ ਲੇਬਰ ਕਾਨੂੰਨ ਕਾਰਖ਼ਾਨਿਆਂ ਜਾਂ ਕੰਪਨੀਆਂ ਜਿਨ੍ਹਾਂ ਨੂੰ ਲੇਬਰ ਦੀ ਲੋੜ ਹੈ, ਉਨ੍ਹਾਂ ਦੇ ਹਿੱਤ ਪੂਰਨ ਲਈ ਬਣਾਏ ਗਏ ਹਨ ਨਾ ਕਿ ਮਜ਼ਦੂਰਾਂ ਦੀ ਸੁਰੱਖਿਆ ਲਈ। ਡਾਇਰੈਕਟਰ ਜਨਰਲ ਕਨਫੇਡਰੇਸ਼ਨ ਆਫ਼ ਇੰਡੀਅਨ ਇੰਡਸਟਰੀਜ਼ ਸ੍ਰੀ ਚੰਦਰਜੀਤ ਬੈਨਰਜੀ ਅਨੁਸਾਰ ਇਨ੍ਹਾਂ ਬਿੱਲਾਂ ਦੇ ਲਾਗੂ ਹੋਣ ਨਾਲ ਭਾਰਤ ਵਿੱਚ ਨਿਵੇਸ਼ ਵਧੇਗਾ ਕਿਉਂਕਿ ਇੰਡਸਟਰੀ ਲਗਾਉਣ ਵਾਲੇ ਇਹ ਸਮਝਦੇ ਹਨ ਕਿ ਨਿਯਮਾਂ ਵਿੱਚ ਬਦਲਾਅ ਕਾਰਨ ਲੇਬਰ ਨੂੰ ਲਗਾਉਣਾ ਤੇ ਕੱਢਣਾ ਸੁਖਾਲਾ ਹੋ ਜਾਵੇਗਾ ਅਤੇ ਦੇਸ਼ ਵਿੱਚ ਬੇਰੁਜ਼ਗਾਰੀ ਘੱਟੇਗੀ। ਅਸਲੀਅਤ ਇਹ ਹੈ ਕਿ ਇਨ੍ਹਾਂ ਕਾਨੂੰਨਾਂ ਦਾ ਮਜ਼ਦੂਰਾਂ ਦੀ ਭਲਾਈ ਲਈ ਕੋਈ ਲੇਣਾ ਦੇਣਾ ਨਹੀਂ ਪਰ ਵਪਾਰ ਕਰਨ ਵਿੱਚ ਸਹੂਲਤ ਵਧੇਗੀ।

ਨੀਤੀ ਘਾੜਿਆਂ ਮੁਤਾਬਕ ਲੇਬਰ ਕੋਡ ਬਿੱਲ 2020 ਲਾਗੂ ਹੋਣ ਨਾਲ ਦੇਸ਼ ਈਜ਼ ਆਫ਼ ਡੂਇੰਗ ਬਿਜ਼ਨਸ ਵਿੱਚ (ਕਾਰੋਬਾਰ ਕਰਨ ਦੀ ਸੌਖ ਵਜੋਂ) ਦੁਨੀਆਂ ਦੇ ਪਹਿਲੇ 10ਦੇਸ਼ਾਂ ਵਿੱਚ ਆ ਜਾਵੇਗਾ। ਇਸ ਵਕਤ ਇਹ 63ਵੇਂ ਨੰਬਰ ਤੇ ਹੈ। ਇਸ ਕਰ ਕੇ ਜਿੰਨੀਆਂ ਦੇਸ਼ ਵਿੱਚ ਮਜ਼ਦੂਰ ਭਲਾਈ ਜੱਥੇਬੰਦੀਆਂ ਹਨ, ਉਨ੍ਹਾਂ ਸਾਰਿਆਂ ਨੂੰ ਇਹ ਚਾਰੇ ਲੇਬਰ ਕਾਨੂੰਨ ਚੰਗੀ ਤਰ੍ਹਾਂ ਪੜ੍ਹਣੇ ਤੇ ਘੋਖਣੇ ਚਾਹੀਦੇ ਹਨ। ਇਸ ਵਿੱਚ ਇੱਕ ਗੱਲ ਨਿੱਕਲਕੇ ਆਉਂਦੀ ਹੈ ਕਿ ਸਰਕਾਰ ਲੇਬਰ ਦੇ ਭਲੇ ਦੀ ਆੜ ਵਿੱਚ ਕਾਰਪੋਰੇਟਾਂ ਦਾ ਫਾਇਦਾ ਕਰਨਾ ਚਾਹੁੰਦੀ ਹੈ, ਕਿਉਂਕਿ ਜਿਥੇ ਲੇਬਰ ਫ਼ਾਲਤੂ ਹੋਵੇ ਤੇ ਰੋਜ਼ਗਾਰ ਘੱਟ ਹੋਵੇ ਉੱਥੇ ਲੇਬਰ ਦਾ ਸ਼ੋਸ਼ਣ ਹੋਣਾ ਲਾਜ਼ਮੀ ਹੈ। ਇਹ ਕਾਨੂੰਨ ਲੇਬਰ ਦਾ ਸ਼ੋਸ਼ਣ ਵਧਾਉਣਗੇ। ਪਿਛਲੇ 70 ਸਾਲਾਂ ਵਿੱਚ ਜੋ ਕਾਨੂੰਨ ਲੇਬਰ ਦੇ ਭਲੇ ਲਈ ਬਣੇ ਸੀ, ਉਹ ਅਜੇ ਪੂਰੀ ਤਰ੍ਹਾਂ ਲੇਬਰ ਨੂੰ ਹੱਕ ਦਿਵਾਉਣ ਵਿੱਚ ਅਸਫ਼ਲ ਹਨ। ਉਨ੍ਹਾਂ ਨੂੰ ਹੋਰ ਮਜ਼ਬੂਤ ਕਰਨ ਦੀ ਬਜਾਏ ਸਗੋਂ ਦੁਬਾਰਾ ਆਜ਼ਾਦੀ ਤੋਂ ਪਹਿਲਾਂ ਦੇ ਦੌਰ ਵਿੱਚ ਮੁੜ ਗਏ। ਇਸ ਦਾ ਸਿੱਧਾ ਅਸਰ ਸਾਡੀ ਆਰਥਿਕਤਾ ਤੇ ਸਮਾਜਕ ਤਾਣੇ-ਬਾਣੇ ਤੇ ਪਵੇਗਾ ਜਿਸ ਮੁਲਕ ਦੀ ਬਹੁਤੀ ਅਬਾਦੀ ਲੇਬਰ ਹੋਵੇ, ਉੱਥੇ ਇਹੋ ਜਿਹੇ ਕਾਨੂੰਨ ਬੇਚੈਨੀ ਹੀ ਲਿਆਉਣਗੇ ਜਿਸ ਨਾਲ ਕਾਰੋਬਾਰ ਕਰਨ ਦੀ ਸੌਖ ਦਾ ਗਰਾਫ਼ ਉੱਪਰ ਜਾਣ ਦੀ ਬਜਾਏ ਹੇਠਾਂ ਡਿੱਗੇਗਾ।

# ਤੀਸਰਾ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦਾ "ਕੁਝ ਕਹੀਏ ਕੁਝ ਸੁਣੀਏ" ਮੁਸ਼ਾਇਰਾ ਕਾਮਯਾਬ ਰਿਹਾ

**ਡਾ ਅਮਰਜੀਤ ਟਾਂਡਾ**
ਸੰਪਰਕ +61 412 913 021




ਸਿਡਨੀ-ਤੀਸਰਾ ਮਹਾਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦਾ "ਕੁਝ ਕਹੀਏ ਕੁਝ ਸੁਣੀਏ" ਸ਼ਾਇਰੀ ਦੇ ਅੰਗ ਸੰਗ ਮੁਸ਼ਾਇਰਾ ਦੁਨੀਆਂ ਭਰ ਦੇ ਪ੍ਰਸਿੱਧ ਸ਼ਾਇਰਾਂ ਕਵੀਆਂ ਗ਼ਜ਼ਲਗੋਆਂ ਦੀ ਸ਼ਮੂਲੀਅਤ ਸਦਕਾ ਯਾਦਗਾਰੀ ਬਣ ਗਿਆ ਤੇ ਬਹੁਤ ਹੀ ਰਮਣੀਕ ਤੇ ਕਾਮਯਾਬ ਰਿਹਾ, ਅਰਸ਼ ਦੇ ਚੰਨ ਤਾਰਿਆਂ ਵਾਂਗ ਚਮਕਦਾ। ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਜਨਰਲ ਸਕੱਤਰ ਡਾ ਅਮਰਜੀਤ ਟਾਂਡਾ ਨੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਕਿ ਕੱਲ ਦੇ ਮੁਸ਼ਹਿਰੇ ਵਿੱਚ ਕੈਨੇਡਾ ਅਮਰੀਕਾ ਭਾਰਤ ਆਸਟਰੇਲੀਆ ਪਾਕਿਸਤਾਨ ਫ਼ਿਨਲੈਂਡ ਯੋਗੰਡਾ ਇਟਲੀ ਤੇ ਕਈ ਹੋਰ ਦੇਸ਼ਾਂ ਤੋਂ ਸ਼ਾਇਰਾਂ ਕਵੀਆਂ ਗ਼ਜ਼ਲਗੋਆਂ ਨੇ ਆਪਣੇ ਆਪਣੇ ਚੋਣਵੇਂ ਤੇ ਵਧੀਆ ਕਲਾਮ ਪੇਸ਼ ਕੀਤੇ।

ਡਾ ਅਮਰਜੀਤ ਟਾਂਡਾ ਨੇ ਕਿਹਾ ਕਿ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਚੀਫ ਪੈਟਰਨ ਡਾਕਟਰ ਐਸ ਪੀ ਸਿੰਘ ਸਾਬਕਾ ਵਾਈਸ ਚਾਂਸਲਰ ਜੀ ਨੇ ਆਪਣੀਆਂ ਸ਼ੁਭ ਇੱਛਾਵਾਂ ਪੇਸ਼ ਕਰਦਿਆਂ ਡਾ ਅਮਰਜੀਤ ਟਾਂਡਾ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਜਿਹੜਾ ਇਹਨਾਂ ਨੇ ਅੰਤਰਰਾਸ਼ਟਰੀ ਮੁਸ਼ਾਇਰਾ ਸ਼ੁਰੂ ਕੀਤਾ ਹੈ ਇਸ ਦੀ ਮੈਂ ਦਿਲੋਂ ਪੁਰਜ਼ੋਰ ਸ਼ਲਾਘਾ ਕਰਦਾ ਹਾਂ। ਇਸ ਤਰ੍ਹਾਂ ਹੀ ਦੁਨੀਆਂ ਭਰ ਵਿੱਚ ਸਾਹਿਤਕ ਬੂਹੇ ਖੁੱਲਦੇ ਰਹਿਣ ਉਹਨਾਂ ਨੇ ਆਸ ਕਰਦਿਆਂ ਕਿਹਾ। ਦੁਨੀਆਂ ਭਰ ਦੇ ਦੇਸ਼ਾਂ ਤੋਂ ਸੋਹਣੀਆਂ ਅੱਛੀਆਂ ਸ਼ਬਦ ਆਵਾਜ਼ਾਂ ਇੱਕ ਮੰਚ ਤੇ ਇਕੱਠੀਆਂ ਹੋ ਰਹੀਆਂ ਹਨ, ਜੋ ਅੱਗੇ ਨਹੀਂ ਸੀ ਕਦੇ ਹੁੰਦੀਆਂ, ਉਹਨਾਂ ਨੇ ਇਸ ਕਾਰਜ਼ ਨਵੀਂ ਪੈੜ ਨੂੰ ਸਲਾਉਂਦਿਆਂ ਹੋਰ ਵੀ ਖੂਬਸੂਰਤ ਸ਼ਬਦ ਕਹੇ।

ਕਨੇਡਾ ਤੋਂ ਗੁਰਦੇਵ ਚੌਹਾਨ ਹੋਰਾਂ ਨੇ ਆਪਣੀ ਸੋਹਣੀ ਨਜ਼ਮ ਨਾਲ ਮੁਸ਼ਾਇਰੇ ਦਾ ਆਗਾਜ਼ ਕੀਤਾ ਤੇ ਵੰਨ ਸੁਵੰਨੀਆਂ ਸਿਮਲੀਆਂ ਦੇ ਨਾਲ ਦਿਲਾਂ ਤੇ ਨਵੀਂ ਛਾਪ ਛੱਡੀ। ਪ੍ਰਸਿੱਧ ਸ਼ਾਇਰ ਤੇ ਲੇਖਕ ਡਾਕਟਰ ਰਵਿੰਦਰ ਰਵੀ ਨੇ ਸੂਲੀ ਨਜ਼ਮ ਪੜਦਿਆਂ ਕਮਾਲ ਦੇ ਸ਼ਬਦਾਂ ਦੀ ਚਾਦਰ ਵਿਛਾਈ

"ਪੈਰ ਪੁੱਟਾਂ, ਤਾਂ ਸੂਲੀਆਂ ਉੱਠਣ
ਨਜ਼ਰ ਚੁੱਕਾਂ, ਤਾਂ ਸੂਲੀਆਂ ਉੱਠਣ
ਹਰ ਸੂਲੀ ਮੇਰੇ ਰੰਗ ਰੰਗੀ
ਉਸ ਵਿੱਚ ਮੇਰਾ ਅਰਥ ਸਮਾਇਆ!

ਜਾਣੇ ਪਛਾਣੇ ਪੰਜਾਬੀ ਲੇਖਕ ਤੇ ਸ਼ਾਇਰ ਡਾਕਟਰ ਰਵਿੰਦਰ ਨੇ ਬਟਾਲਾ ਤੋਂ ਜੁੜਦਿਆਂ ਸਮਿਆਂ ਦੀ ਆਪਣੀ ਸੋਹਣੀ ਸੁਨੱਖੀ ਨਜ਼ਮ ਸੁੰਦਰ ਸ਼ਬਦਾਂ ਵਿੱਚ ਗੁੰਦੀ ਹੋਈ ਪੇਸ਼ ਕੀਤੀ। ਦਿੱਲੀ ਤੋਂ ਸਾਡੀ ਨਾਮਵਰ ਲੇਖਕ ਤੇ ਸ਼ਾਇਰਾ ਡਾਕਟਰ ਵਨੀਤਾ ਨੇ ਆਪਣੀ ਚੋਣਵੀਂ ਨਵੀਂ ਨਜ਼ਮ ਵਧੀਆ ਕਸ਼ੀਦ ਕੀਤੀ ਹੋਈ ਹੌਲੀ ਹੌਲੀ? ਪਿਆਰੀ ਆਵਾਜ਼ ਵਿੱਚ ਪੇਸ਼ ਕਰ ਕੇ ਸਰੋਤਿਆਂ ਦੇ ਦਿਲ ਮੋਹ ਲਏ।

ਸਾਹਿਤ ਅਕਾਦਮੀ ਅਵਾਰਡ ਵਿਜੇਤਾ ਤੇ ਚੇਅਰਮੈਨ ਕਲਾ ਪ੍ਰੀਸ਼ਦ ਚੰਡੀਗੜ੍ਹ ਸ ਸਵਰਨਜੀਤ ਸਵੀ ਨੇ ਆਪਣੀਆਂ ਦੋ ਨਜ਼ਮਾਂ 'ਸਭ ਪਿਆਰ ਹੀ ਤਾਂ ਹੈ ਤੇ ਕਿੱਥੇ ਹਾਂ' ਸੁਣਾਈਆਂ ਮਿੱਠੀ ਆਵਾਜ਼ ਵਿੱਚ ਸੁਣਾ ਕੇ ਮਾਹੌਲ ਵਿੱਚ ਪਿਨ ਡ੍ਰੌਪ ਸਾਈਲੈਂਸ ਹੀ ਕ੍ਰੀਏਟ ਕਰ ਦਿੱਤੀ। ਸਵੀ ਮੇਰਾ ਚਿਰਾਂ ਦਾ ਕਰੀਬੀ ਦੋਸਤ ਸ਼ਬਦਾਂ ਦਾ ਜਾਦੂਗਰ ਵੀ ਹੈ ਤੇ ਨਵੀਆਂ ਸੁਰਾਂ ਸਿਮਲੀਆਂ ਬਿੰਬਾਂ ਦਾ ਚੁੱਪ ਕੀਤਾ ਜਿਹਾ ਆਸ਼ਕ ਵੀ।

ਕਰਾਚੀ ਪਾਕਿਸਤਾਨ ਤੋਂ ਜਾਣੇ ਪਛਾਣੇ ਪੰਜਾਬੀ ਉਰਦੂ ਦੇ ਲੇਖਕ ਸ਼ਾਇਰ ਤੰਕੀਰ ਚੁਗਤਾਈ ਜੋ ਮੇਰੇ ਬ੍ਰਹਿਮੰਡੀ ਮਿੱਠੇ ਸੁਭਾਅ ਵਾਲੇ ਤੇ ਚਿਰਾਂ ਦੇ ਦੋਸਤ ਵੀ, ਨੇ ਆਪਣੀ ਕਵਿਤਾ ਸੁਣਾ ਕੇ ਸ਼ਬਦ ਸੁਰਾਂ ਨਾਲ ਸਾਰਿਆਂ ਤੋਂ ਵਾਹ ਵਾਹ ਖੱਟੀ।

ਇਸੇ ਤਰ੍ਹਾਂ ਹੀ ਕਸੂਰ ਪਾਕਿਸਤਾਨ ਤੋਂ ਇਕਬਾਲ ਕੈਸਰ ਨੇ ਆਪਣੀ ਕਵਿਤਾ ਨਾਲ ਕਈ ਰੰਗੀਨ ਦੁਪੱਟੇ ਵਰਗੇ ਰੰਗ ਖਿਲਾਰੇ। ਸ਼ਾਇਰ ਸਲੀਮ ਆਫ਼ਤਾਬ ਕਸੂਰੀ ਨੇ ਵੀ ਪਾਕਿਸਤਾਨ ਤੋਂ ਨਵਾਂ ਸਾਲ ਨਜ਼ਮ ਸਬਦ ਸਤਰਾਂ ਦੀਆਂ ਲੜੀਆਂ ਪੇਸ਼ ਕੀਤੀਆਂ।

ਦਿੱਲੀ ਤੋਂ ਜਾਣੇ ਪਛਾਣੇ ਸਾਡੇ ਗ਼ਜ਼ਲਗੋ ਪ੍ਰੋ ਬਰਜਿੰਦਰ ਚੌਹਾਨ ਨੇ ਆਪਣੀਆਂ ਚੋਣਵੀਆਂ ਦੋ ਉਮਦਾ ਨਵੀਨਤਮ ਸ਼ਿਲਪਕਲਾ ਵਿੱਚ ਉਣੀਆਂ ਗਜ਼ਲਾਂ ਸੁਣਾ ਕੇ ਬਹੁਤ ਪਿਆਰ ਗਲਵੱਕੜੀਆਂ ਖਿਲਾਰੀਆਂ।

ਸਿਡਨੀ ਤੋਂ ਹਰਮੋਹਨ ਵਾਲੀਆ ਨੇ ਆਪਣੀ ਨਵੀਂ ਕਵਿਤਾ ਸਰੋਤਿਆਂ ਨੂੰ ਸੁਣਾ ਕੇ ਖੁਸ਼ ਕੀਤਾ। ਫਿਨਲੈਂਡ ਤੋਂ ਸੁਰਜੀਤ ਗੱਗ ਨੇ ਆਪਣੀਆਂ ਨਜ਼ਮਾਂ ਔਰਤਾਂ ਸ਼ਰਾਬ ਨਹੀਂ ਪੀਂਦੀਆਂ, ਨਾ ਕੋਈ ਹੇਠੁ ਸਿਰ੍ਹਾਣਾ ਦੇਂਦਾ, ਨਾ ਕੋਈ ਉੱਤੇ ਖੇਸੀ, ਅਤੇ ਅਪਣਾ ਮੱਥਾ ਆਪੇ ਚੁੰਮਕੇ, ਸੌਂ ਜਾਂਦੇ ਪਰਦੇਸੀ, ਅਤੇ ਇੱਕ ਦਿਨ ਪਰਤਣਗੇ ਸੁਣਾ ਕੇ ਦੁਨੀਆਂ ਭਰ ਦੇ ਸਰੋਤਿਆਂ ਨੂੰ ਸ਼ਬਦ ਮਹਿਕਾਂ ਵੰਡੀਆਂ।

ਡਾਕਟਰ ਮਹਿੰਦਰ ਗਰੇਵਾਲ ਨੇ ਚਿਰ ਬਾਅਦ ਆਪਣੀ ਵਧੀਆ ਨਜ਼ਮ ਸੁਣਾਈ ਤੇ ਵਾਹ ਵਾਹ ਕਰਾ ਦਿੱਤੀ। ਯੁਗੰਡਾ ਤੋਂ ਗਾਇਕ ਤੇ ਅਦਾਕਾਰ ਸ ਬਾਜਵਾ ਸਿੰਘ ਨੇ ਗੀਤ ਸੁਣਾ ਕੇ ਸਾਰਿਆਂ ਦਾ ਮਨ ਮੋਹ ਲਿਆ। ਸਾਡੀ ਪਿਆਰੀ ਸ਼ਾਇਰਾ ਜਿਸ ਨੇ ਅਕਾਦਮੀ ਦੀ ਲੋਗੋ ਵੀ ਤਿਆਰ ਕੀਤੀ ਹੈ ਕਰਮ ਅਬੋਹਰ ਨੇ ਇਸ਼ਕ ਦੀ ਜ਼ਾਤ, ਪਰਦੇਸੀ ਪੁੱਤ ਦੀ ਯਾਦ ਵਰਗੀਆਂ ਕਵਿਤਾਵਾਂ ਸੁਣਾ ਕੇ ਮਹਿਫ਼ਿਲ ਵਿੱਚ ਕਈ ਤਰ੍ਹਾਂ ਦੇ ਰੰਗ ਵਰਗੀਆਂ ਫੁੱਲ ਪੱਤੀਆਂ ਨਾਲ ਸਾਰੇ ਅਰਸ਼ ਦਾ ਵਿਹੜਾ ਭਰ ਦਿੱਤਾ।

ਆਖਰ ਵਿੱਚ ਮੈਨੂੰ ਵੀ ਹੁਕਮ ਹੋਇਆ ਤੇ ਮੈਂ ਵੀ ਸਰੋਤਿਆਂ ਨੂੰ ਆਪਣੀਆਂ ਨਿੱਕੀਆਂ ਨਿੱਕੀਆਂ ਨਜ਼ਮਾਂ ਸੁਣਾਈਆਂ। ਤੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਤੁਸੀਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦਾ ਬ੍ਰਹਿਮੰਡੀ ਵਿਹੜਾ ਆਪਣੀਆਂ ਰੂਹਾਂ ਤੇ ਅਰਮਾਨਾਂ, ਸ਼ਬਦਾਂ ਦੇ ਚਾਨਣ ਤੇ ਭਾਵਨਾਵਾਂ ਦੇ ਰੰਗਾਂ ਨਾਲ ਰੰਗ ਦਿੱਤਾ ਹੈ। ਤੁਹਾਡੇ ਹਰ ਅੱਖਰ ਨੇ ਸਮੇਂ ਦੀ ਉਦਾਸ ਪੌਣ ਗ਼ਮ ਪੂੰਝੇ ਹਨ ਤੇ ਮਹਿਕਾਂ ਖਿਲਾਰੀਆਂ ਹਨ। ਤੁਸੀਂ ਅੱਜ ਕਲਮ ਨੂੰ ਪ੍ਰੇਮ, ਦਰਦ, ਸੁੰਦਰਤਾ ਤੇ ਮਨੁੱਖਤਾ ਦਾ ਦੂਤ ਬਣਾਇਆ ਹੈ। ਅਸੀਂ ਤੁਹਾਡੇ ਸ਼ਬਦਾਂ ਅੱਗੇ ਸਿਰੋਧਾਰ ਕਰਦੇ ਹਾਂ - ਇਹ ਸ਼ਬਦ ਸਿਰਫ਼ ਕਵਿਤਾਵਾਂ ਨਹੀਂ, ਸੰਸਾਰਕ ਦਿਲਾਂ ਵਿਚ ਵਿੱਢੀਆਂ ਹੋਈਆਂ ਲੋਕ ਪ੍ਰਾਰਥਨਾਵਾਂ ਅਰਜ਼ਾਂ ਹੁੰਦੀਆਂ ਹਨ। ਵਿਸ਼ਵ ਪੰਜਾਬੀ ਸਹਿਤ ਅਕਾਦਮੀ ਤੁਹਾਡੀ ਕਲਾ ਨੂੰ ਸਲਾਮ ਕਰਦੀ ਹੈ-ਤੁਸੀਂ ਸਾਬਤ ਕਰ ਦਿੱਤਾ ਹੈ ਕਿ ਭਾਸ਼ਾ, ਦੇਸ਼ ਤੇ ਧਰਮ ਦੇ ਪਾਰ ਇੱਕ ਹੀ ਰਾਗ ਹੈ -ਮਨੁੱਖਤਾ ਦੀਆਂ ਸੁਰਾਂ ਤੇ ਪੈੜਾਂ ਦਾ।

ਕਈ ਸ਼ਾਇਰ ਗ਼ਜ਼ਲਗੋ ਜਿਵੇਂ ਡਾ ਪਾਲ ਕੌਰ ਡਾ ਗੁਰਸ਼ਾਨ ਰੰਧਾਵਾ ਬੀਬਾ ਬਲਵੰਤ ਸ ਜਸਵੰਤ ਜ਼ਫ਼ਰ ਸੁਖਵਿੰਦਰ ਕੰਬੋਜ਼ ਪ੍ਰੋ ਗੁਰਤੇਜ ਕੁਹਾਰਵਾਲਾ ਵਿਸ਼ਾਲ ਬਿਆਸ, ਡਾ ਗਗਨ ਸੰਧੂ ਡਾ ਤਰਸਪਾਲ ਕੌਰ ਡਾ ਸਿਮਰਨ ਅਕਸ ਕੁਝ ਆਪਣੇ ਰੁਝੇਵਿਆਂ ਕਰਕੇ ਤੇ ਤਕਨੀਕੀ ਵਜ੍ਹਾ ਕਰਕੇ ਜੁੜ ਨਾ ਸਕੇ ਅਸੀਂ ਉਹਨਾਂ ਦੇ ਵੀ ਤਹਿ ਦਿਲੋਂ ਸ਼ੁਕਰ ਗੁਜ਼ਾਰ ਹਾਂ ਤੇ ਧੰਨਵਾਦ ਕਰਦੇ ਹਾਂ।

ਡਾਕਟਰ ਜੋਗਿੰਦਰ ਸਿੰਘ ਕੈਰੋਂ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਸੰਸਾਰ ਪੱਧਰ ਤੇ ਵੱਸਦੇ ਪੰਜਾਬੀ ਦੋਸਤੋ ਤੁਸਾਂ ਸਾਰਿਆਂ ਨੇ ਇਸ ਬ੍ਰਹਿਮੰਡੀ ਸ਼ਾਇਰਾਂ ਦੀ ਮਹਿਫ਼ਿਲ ਵਿਚ ਹਿੱਸਾ ਲੈ ਕੇ ਸੁਣ ਕੇ ਆਨੰਦ ਮਾਣਿਆ ਹੈ। ਜਿਵੇਂ ਕਿ ਪੰਜਾਬੀ ਹੁਣ ਸਾਰੇ ਸੰਸਾਰ ਪੱਧਰ ਤੇ ਵੱਸ ਗਏ ਹਨ ਅਤੇ ਇਸ ਲਈ ਉਹਨਾਂ ਨੂੰ ਆਪਸੀ ਸੰਚਾਰ ਕਰਨ ਲਈ ਵੱਖ-ਵੱਖ ਜੁਗਤਾਂ ਨੂੰ ਅਪਣਾਉਣਾ ਪੈ ਰਿਹਾ ਹੈ ਤੇ ਇਸ ਜੁਗਤ ਵਿੱਚ ਡਾ ਅਮਰਜੀਤ ਸਿੰਘ ਟਾਂਡਾ ਨੇ ਬਹੁਤ ਹੀ ਵਧੀਆ ਉਪਰਾਲਾ ਕੀਤਾ ਹੈ ਤੇ ਤੁਹਾਨੂੰ ਸਾਰਿਆਂ ਨੂੰ ਜੋੜਿਆ ਹੈ। ਮੈਂ ਆਸ ਕਰਦਾ ਹਾਂ ਕਿ ਤੁਸੀਂ ਇਸ ਪ੍ਰੋਗਰਾਮ ਵਿੱਚ ਅੱਗੇ ਤੋਂ ਵੀ ਵੱਧ ਚੜ੍ਹ ਕੇ ਹਿੱਸਾ ਲਿਆ ਕਰੋਗੇ ਤੇ ਇਹਨਾਂ ਸ਼ਬਦਾਂ ਨਾਲ ਬਹੁਤ ਬਹੁਤ ਵਧਾਈ ਦਿੰਦਾ ਹਾਂ ਤੇ ਆਸ ਕਰਦਾ ਹਾਂ ਕਿ ਇਹੋ ਜਿਹੀ ਪ੍ਰੋਗਰਾਮ ਹੁੰਦੇ ਰਹਿਣਗੇ ਤੇ ਆਪ ਸਾਰੇ ਇਹਨਾਂ ਦਾ ਆਨੰਦ ਮਾਣਦੇ ਰਹੋਗੇ। ਇਸ ਪ੍ਰੋਗਰਾਮ ਦੇ ਸੰਚਾਲਨ ਪਰਬੰਧਨ ਤੇ ਹੋਰ ਤਕਨੀਕੀ ਸਹਾਇਤਾ ਦਾ ਕਾਰਜ ਡਾ ਅਮਰਜੀਤ ਟਾਂਡਾ ਨੇ ਆਪ ਸੰਭਾਲਿਆ ਅਤੇ ਬਾਖੂਬੀ ਨਿਭਾਇਆ।

## ਗ਼ਜ਼ਲ


ਜੋ ਮੰਨਦੇ ਨੇ ਵੱਡਿਆਂ ਦਾ ਕਹਿਣਾ,
ਉਹਨਾਂ ਨੂੰ ਸਭ ਕੁੱਝ ਪੈਂਦਾ ਸਹਿਣਾ।
ਉਹ ਕਦੇ ਭੁੱਖਾ ਨ੍ਹੀ ਰਹਿੰਦਾ ਯਾਰੋ,
ਮਿਹਨਤ ਹੈ ਜਿਸ ਬੰਦੇ ਦਾ ਗਹਿਣਾ।
ਇੱਕ ਦਿਨ ਸਭ ਨੂੰ ਜੱਗ ਛੱਡਣਾ ਪੈਣਾ,
ਇੱਥੇ ਸਦਾ ਬੈਠ ਕਿਸੇ ਨਾ ਰਹਿਣਾ।
ਤਾਂ ਹੀ ਸਭ ਨੂੰ ਸੁੱਖ ਦਾ ਸਾਹ ਆਣਾ,
ਜਦ ਚੜ੍ਹਿਆ ਦਰਿਆ ਥੱਲੇ ਲਹਿਣਾ।
ਝਗੜਾ ਮੁਕਾਣ ਦਾ ਹੈ ਇੱਕੋ ਤਰੀਕਾ,
ਚੁੱਪ ਕਰਕੇ ਪੈਣਾ ਇੱਕ ਨੂੰ ਬਹਿਣਾ।
ਸੱਚੇ ਨੇ ਜਾ ਅਸਮਾਨੀ ਚੜ੍ਹਨਾ,
ਝੂਠੇ ਦਾ ਇੱਕ ਦਿਨ ਭੱਠਾ ਬਹ ਜਾਣਾ।



ਮਹਿੰਦਰ ਸਿੰਘ ਮਾਨ
ਸਲੋਹ ਰੋਡ
ਚੈਨਲਾਂ ਵਾਲੀ ਕੋਠੀ
ਨਵਾਂ ਸ਼ਹਿਰ-9915803554

# • ਪੰਜਾਬੀ ਫ਼ਿਲਮ ਦਰਪਣ •

## ਪਰੀ ਰਮਨ ਗਿੱਲ ਦਾ ਦੋਗਾਣਾ ਸੁਖਵਿੰਦਰ ਸੁੱਖੀ ਨਾਲ ਕਨੇਡਾ ਲਾਈਫ




ਕਨੇਡਾ ਦੀ ਪਰੀ ਬਣ ਗਈ ਹੈ ਗਿੱਲ ਸਰਦਾਰਾਂ ਦੀ ਗਾਇਕਾ ਧੀ ਰਮਨ ਗਿੱਲ ਤੇ ਰਮਨ ਗਿੱਲ ਜਿਸ ਨੇ ਸਟੇਜ ਤੇ ਟਰੈਕ ਗਾਇਕੀ ਵਿੱਚ ਕਾਮਯਾਬੀ ਦੇ ਰਿਕਾਰਡ ਬਣਾਉਣ ਦਾ ਸਿਲਸਿਲਾ ਜ਼ਾਰੀ ਰੱਖਿਆ ਹੈ ਹੁਣ ਇਸ ਨਵੇਂ ਸਾਲ ਪਹਿਲੀ ਵਾਰ ਦੋਗਾਣਾ ਗਾਇਕੀ ਖੇਤਰ ਵਿੱਚ ਕਰ ਕਮਲ ਤੇ ਆਵਾਜ਼ ਕਮਲ ਰੱਖ ਰਹੀ ਹੈ। ਸੁਖਮਨ ਐਂਟਰਟੇਨਮੇਂਟ ਨੇ ਰਮਨ ਗਿੱਲ ਨੂੰ ਕਨੇਡਾ ਵਿੱਚ ਹਿੱਟ ਕਰਨ ਲਈ ਪੂਰੀ ਵਾਹ ਲਾਈ ਹੈ ਤੇ ਓਹਨਾਂ ਨੇ ਹੀ ਸਟਾਰ ਗਾਇਕ ਸੁਖਵਿੰਦਰ ਸੁੱਖੀ ਨਾਲ ਰਮਨ ਗਿੱਲ ਨੂੰ ਲਿਆ ਤੇ ਦੋਗਾਣਾ "ਕਨੇਡਾ ਲਾਈਫ" ਰਿਕਾਰਡ ਕੀਤਾ ਜਿਸ ਦੀ ਗੂੰਜ ਕੁਲ ਦੁਨੀਆਂ ਵਿੱਚ ਸੁਖਮਨ ਐਂਟਰਟੇਨਮੇਂਟ ਪਾ ਰਹੀ ਹੈ ਤੇ ਜਤਿੰਦਰ ਨਿੱਜਰ ਦੀ ਕਲਮ ਨੇ "ਕਨੇਡਾ ਲਾਈਫ" ਗੀਤ ਲਿਖ ਕਿ ਸੁਖਮਨ ਐਂਟਰਟੇਨਮੇਂਟ ਨੂੰ ਦਿੱਤਾ ਤੇ ਓਹਨਾਂ ਨੇ ਬੌਬੀ ਸ਼ਰਮਾ ਕਨੇਡਾ ਸਰੀ ਤੋਂ ਇਸ ਦਾ ਸੰਗੀਤ ਤਿਆਰ ਕਰਵਾਇਆ ਹੈ। ਨਾਲ ਹੀ ਏ ਮਾਸਟਰ ਫ਼ਿਲਮ ਨੇ ਵੀਡੀਓ ਬਣਾ ਦਿੱਤਾ ਹੈ ਤੇ ਇਸ ਤਰਾਂ ਸੁੱਖੀ ਦੇ ਨਾਲ ਗਿੱਲ ਕੁੜੀ ਰਮਨ ਗਿੱਲ ਦੋਗਾਣਾ ਗਾਇਕੀ ਵਿੱਚ "ਕਨੇਡਾ ਲਾਈਫ" ਨਾਲ ਨਵੇਂ ਰਿਕਾਰਡ ਬਣਾਉਣ ਵੱਲ ਹੈ ਤੇ 2026 ਓਸ ਬਾਲੀਵੁੱਡ ਤੱਕ ਜਾਣਾ ਹੈ ਤੇ ਸਾਥ ਸੁਖਮਨ ਐਂਟਰਟੇਨਮੇਂਟ ਦਾ ਹੈ ਜੈ ਹੋ।

## ਹਰਪ੍ਰੀਤ ਰੰਧਾਵਾ ਨੇ ਕਨੇਡਾ ਵਿੱਚ ਗਾ ਕਿ ਦੁਨੀਆਂ ਨੂੰ ਦੱਸਿਆ ਜਿੰਦ ਸਾਈਂ ਸਾਈਂ ਗਾਉਂਦੀ ਆ




ਗਾਇਕ ਹਰਪ੍ਰੀਤ ਰੰਧਾਵਾ ਧਰਮ ਕਰਮ ਤੇ ਆਸਥਾ ਵਾਲੇ ਗੀਤਾਂ ਨਾਲ ਆਪਣੀ ਮਜ਼ਬੂਤ ਪਹਿਚਾਣ ਰੱਖਦਾ ਹੈ ਤੇ ਸਾਈਂ ਤੇ ਓਹਨਾਂ ਦੇ ਗਾਏ ਗੀਤ ਸਦਾ ਕਾਮਯਾਬ ਰਹਿੰਦੇ ਹਨ। ਹੁਣ ਫ਼ਿਰ ਲੋਹੜੀ ਮੌਕੇ ਹਰਪ੍ਰੀਤ ਰੰਧਾਵਾ ਨੇ ਆਪਣਾ ਨਵਾਂ ਗਾਣੇ ਦਾ ਨਾਂਅ ਐਲਾਨ ਕੀਤਾ ਹੈ ਜਿਹੜਾ "ਜਿੰਦ ਸਾਈਂ ਸਾਈਂ ਗਾਉਂਦੀ" ਦੇ ਟਾਈਟਲ ਨਾਲ ਆ ਰਿਹਾ ਹੈ। ਜੈ ਮਿਊਜ਼ਿਕ ਕੰਪਨੀ ਇਸ ਗੀਤ ਨੂੰ ਵਿਸ਼ਵ ਪੱਧਰ ਤੇ ਰਲੀਜ਼ ਕਰਨ ਦੀਆਂ ਤਿਆਰੀਆਂ ਕਰ ਰਹੀ ਹੈ। ਹਰੀ ਅਮਿਤ ਦੇ ਸੰਗੀਤ ਵਿੱਚ ਹਰਪ੍ਰੀਤ ਰੰਧਾਵਾ ਦੀ ਆਵਾਜ਼ ਦਾ ਜਾਦੂ ਬਹੁਤ ਹੀ ਦਿਲਕਸ਼ ਲੱਗੇਗਾ ਜਦ ਇਹ ਆਸਥਾ ਵਾਲਾ ਗੀਤ ਸੁਣੋਗੇ। ਸਾਈਆਂ ਦੀ ਮਹਿਮਾ ਇਸ ਵਾਰ ਵੀ ਸਾਹਿਬ ਢਿੱਲੋਂ ਨੇ ਲਿਖੀ ਹੈ ਤੇ ਸਾਹਿਬ ਢਿੱਲੋਂ, ਹਰਪ੍ਰੀਤ ਰੰਧਾਵਾ ਤੇ ਹਰੀ ਅਮਿਤ ਦੀ ਤਿੱਕੜੀ ਆਸਥਾ ਵਾਲੇ ਗੀਤ "ਜਿੰਦ ਸਾਈਂ ਸਾਈਂ ਗਾਉਂਦੀ" ਨਾਲ ਸਾਈਂ ਪਿਆਰਿਆਂ ਦੇ ਦਿਲ ਵਿੱਚ ਵੱਸੇਗੀ। ਸੋਚੀ ਨਾਗਰਾ ਰੇਡੀਓ ਰੌਣਕ ਪੰਜਾਬ ਦੀ ਆਰ ਪੀ ਡੀ ਟੀਵੀ ਰੇਡੀਓ ਦਾ ਖਾਸ ਧੰਨਵਾਦ ਇਸ ਟਰੈਕ ਲਈ ਯੋਗਦਾਨ ਹਿੱਤ ਹਰਪ੍ਰੀਤ ਰੰਧਾਵਾ ਨੇ ਕੀਤਾ ਹੈ। ਰਾਜਨ ਸ਼ਰਮਾ ਤੇ ਰਿਤੂ ਦੇ ਨਾਲ ਰਜੀਵ ਕੁਮਾਰ ਦਾ ਵਿਸ਼ੇਸ਼ ਧੰਨਵਾਦ ਵੀ ਗਾਇਕ ਹਰਪ੍ਰੀਤ ਰੰਧਾਵਾ ਨੇ ਇਸ ਟਰੈਕ ਲਈ ਯੋਗਦਾਨ ਵਾਸਤੇ ਕੀਤਾ ਹੈ।ਕਨੇਡਾ ਰਹਿੰਦੇ ਹੋਏ ਵੀ ਗਾਇਕ ਹਰਪ੍ਰੀਤ ਰੰਧਾਵਾ ਨੇ ਜਿਸ ਤਰਾਂ ਗਾਇਕੀ ਨੂੰ ਅਪਣਾਇਆ ਹੋਇਆ ਹੈ ਓਹ ਜ਼ਿਕਰਯੋਗ ਹੈ।

## ਸੁਖਮਿੰਦਰ ਧੰਜਲ ਨੇ ਅਵੀਰਾ ਨਾਲ ਬਣਾਈ ਬੇਬੇ ਮੈਂ ਬਦਮਾਸ਼ ਬਣੂੰਗਾ

ਨੈਸ਼ਨਲ ਫ਼ਿਲਮ ਐਵਾਰਡ ਜੇਤੂ ਨਿਰਦੇਸ਼ਕ ਨੇ ਸੁਖਮਿੰਦਰ ਧੰਜਲ ਤੇ ਟਾਈਮ



ਦੀ ਨਬਜ਼ ਦੇਖ ਜਿਹੜੀ ਫ਼ਿਲਮ ਓਹਨਾਂ ਬਣਾਈ ਓਹ ਹਿੱਟ ਤੇ ਰਹੀ ਹੀ ਰਾਸ਼ਟਰੀ ਫ਼ਿਲਮ ਐਵਾਰਡ ਪ੍ਰਾਪਤ ਕਰ ਗਈ। ਜਗਜੀਤ ਸੰਧੂ ਇਸ ਵੇਲੇ "ਓਏ ਭੋਲੇ" ਬਾਅਦ ਸਟਾਰ ਨੇ ਤੇ ਓਹਨਾਂ ਨੂੰ ਨਾਇਕ ਲੈਣ ਬਾਅਦ ਸੁਖਮਿੰਦਰ ਧੰਜਲ ਨੇ ਫ਼ਿਲਮ "ਬੇਬੇ ਮੈਂ ਬਦਮਾਸ਼ ਬਣੂੰਗਾ" ਡਾਇਰੈਕਟ ਕੀਤੀ ਹੈ। ਫਰਵਰੀ 6 ਓਹ ਤਰੀਕ ਪਾਲੀਵੁੱਡ ਹਿਸਟਰੀ ਦੀ ਹੋਊ ਜਦ ਇਹ ਫ਼ਿਲਮ ਟਿਕਟ ਖਿੜਕੀ ਤੇ ਬੇਬੇ ਨੂੰ ਦੱਸੇਗੀ ਕਿ ਦੇਖ ਤੇਰੇ ਬਦਮਾਸ਼ ਪੁੱਤ ਨਾਲ ਦੁਨੀਆਂ ਦਾ ਪਿਆਰ ਅਰਥਾਤ ਫ਼ਿਲਮ ਸੁਪਰ ਹਿੱਟ ਹੋਊ। ਸੁਖਮਿੰਦਰ ਧੰਜਲ ਨੇ ਫ਼ਿਲਮ ਦੀ ਪਟਕਥਾ ਤੇ ਕਥਾ ਨੂੰ ਬਾਖੂਬੀ ਨਿਰਦੇਸ਼ਤ ਕੀਤਾ ਹੈ ਤੇ 2026 ਪੰਜਾਬੀ ਫ਼ਿਲਮਾਂ ਦੀ ਸ਼ੁਰੂਆਤ ਹਿੱਟ ਨਾਲ ਤਾਂ ਇਹ ਸਿਹਰਾ ਸੁਖਮਿੰਦਰ ਧੰਜਲ ਸਿਰ ਸੱਜੇਗਾ। "ਬੇਬੇ ਮੈਂ ਬਦਮਾਸ਼ ਬਣੂੰਗਾ" ਇਹ ਨਾਂਅ ਹਰੇਕ ਪੰਜਾਬੀ ਫ਼ਿਲਮਾਂ ਦੇ ਦਰਸ਼ਕ ਦੇ ਬੁੱਲਾਂ ਤੇ ਹੈ। ਫ਼ਿਲਮ ਦੇ ਡਾਇਰੈਕਟਰ ਸੁਖਮਿੰਦਰ ਧੰਜਲ ਰਿਕਾਰਡ ਹੈ ਕਿ ਜਿਸ ਵਕਤ ਇੰਡਸਟਰੀ ਨੂੰ ਲੋੜ ਪੈਂਦੀ ਤੇ ਇਹ ਨਾਮ ਸੁਖਮਿੰਦਰ ਧੰਜਲ ਕੁੱਝ ਨਾ ਕੁੱਝ ਨਵਾਂ ਕਰਦੇ ਹਨ। "ਬਲੈਕੀਆ" ਨੇ ਤਾਂ ਨ੍ਹੇਰੀ ਲਿਆ ਦਿੱਤੀ ਸੀ ਤੇ ਇਸ ਵਾਰ ਜਗਜੀਤ ਸੰਧੂ "ਬੇਬੇ ਮੈਂ ਬਦਮਾਸ਼ ਬਣੂੰਗਾ" ਨਾਲ ਸੁਪਰ ਸਟਾਰ ਰੁਤਬੇ ਨੂੰ ਛੂੰਹਣ ਵਾਲੇ ਹਨ। ਸੁਖਮਿੰਦਰ ਧੰਜਲ ਦੀ ਸੰਗੀਤ, ਐਕਟਿੰਗ, ਐਕਸ਼ਨ ਤੇ ਡਰਾਮਾ ਮਿਹਨਤ ਬੋਲਦੀ ਹੈ। "ਬੇਬੇ ਮੈਂ ਬਦਮਾਸ਼ ਬਣੂੰਗਾ" ਦੇ ਸਟਾਰ ਚਿਹਰੇ ਨਿਰਦੇਸ਼ਕ ਸੁਖਮਿੰਦਰ ਧੰਜਲ ਤੇ ਨਾਇਕ ਜਗਜੀਤ ਸੰਧੂ ਸਮਝੋ 26 ਦੇ ਸਟਾਰ ਆਫ ਪਾਲੀਵੁੱਡ।


## ਰੇਸ਼ਮ ਛੀਨਾ ਨੇ ਬਣਾਇਆ ਸ਼ਰਨਜੀਤ ਰਟੌਲ ਤੇ ਰਣਜੀਤ ਸਿੰਘ ਨੂੰ ਦਿਹਾੜੀਦਾਰ




2026 ਵਿੱਚ ਡੰਕੇ ਦੀ ਚੋਟ ਤੇ ਰੇਸ਼ਮ ਛੀਨਾ ਨੇ ਨਗਾਰਾ ਵਜਾ ਦਿੱਤਾ ਹੈ ਕਿ ਇਸ ਸਾਲ ਸ਼ੋਰਟ ਫ਼ਿਲਮਾਂ ਦੀ ਨ੍ਹੇਰੀ ਲਿਆ ਦੇਣੀ ਹੈ ਤੇ ਇਹ ਫ਼ਿਲਮਾਂ ਸੁਪਰ ਹਿੱਟ ਲਫਜ਼ ਵੀ ਨਾਲ ਹੋਏਗਾ ਲਿਖ ਕੇ ਲੈ ਲਓ। ਇਸ ਨੂੰ ਹਕੀਕਤ ਵਿੱਚ ਬਦਲਣ ਲਈ ਰੇਸ਼ਮ ਛੀਨਾ ਨੇ ਸ਼ਾਈਨ ਮੋਸ਼ਨ ਪਿਕਚਰਜ਼ ਦੇ ਪਰਚਮ ਹੇਠ ਸ਼ੋਰਟ ਫ਼ਿਲਮ "ਦਿਹਾੜੀਦਾਰ" ਬਣਾਈ ਹੈ ਤੇ ਇਸ ਵੇਲੇ ਇਸ ਕਮੇਡੀ ਫਿਲਮ ਦੀਆਂ ਲਹਿਰਾਂ ਬਹਿਰਾਂ ਯੂਟਿਊਬ ਤੇ ਹਨ। ਰੇਸ਼ਮ ਛੀਨਾ ਨੇ ਨੌਜਵਾਨ ਐਕਟਰ ਰਣਜੀਤ ਸਿੰਘ ਨੂੰ ਨਿਰਦੇਸ਼ਕ ਬਣਾ ਕਿ ਇਹ ਵੀ ਦਰਸਾ ਦਿੱਤਾ ਹੈ ਕਿ ਇਸ ਸਾਲ ਸ਼ਾਈਨ ਨੂੰ ਸ਼ਾਈਨ ਨੌਜਵਾਨ ਚਿਹਰੇ ਕਰਨਗੇ। ਰੇਸ਼ਮ ਛੀਨਾ ਦੀ ਇਸ ਫ਼ਿਲਮ ਵਿੱਚ ਸ਼ਰਨਜੀਤ ਸਿੰਘ ਰਟੌਲ ਤੇ ਰਣਜੀਤ ਸਿੰਘ ਮੁੱਖ ਭੂਮਿਕਾਵਾਂ ਵਿੱਚ ਹਨ। ਮੇਕ ਅੱਪ ਤੋਂ ਪਿੱਠਵਰਤੀ ਮਿਊਜ਼ਿਕ ਤੱਕ ਰੇਸ਼ਮ ਛੀਨਾ ਬਹੁਤ ਮਿਹਨਤ ਕਰਵਾਉਂਦੇ ਹਨ ਤੇ ਇਸ ਵਾਰ "ਦਿਹਾੜੀਦਾਰ" ਤੇ ਵੀ ਓਹਨਾਂ ਖੂਬ ਮਿਹਨਤ ਕਰਵਾਈ ਹੈ। ਸ਼ੋਰਟ ਫ਼ਿਲਮਾਂ ਦੇ ਬਾਅਦ ਵੈੱਬ ਸੀਰੀਜ਼ ਤੇ ਮਿਊਜ਼ਿਕ ਇੰਡਸਟਰੀ ਵਿੱਚ ਸ਼ਾਈਨ ਮੋਸ਼ਨ ਪਿਕਚਰਜ ਕਿਸ ਨੀਤੀ ਤੇ ਚਲਦੀ ਹੈ ਪਤਾ ਚਲ ਜਾਏਗਾ ਫ਼ਿਲਹਾਲ "ਦਿਹਾੜੀਦਾਰ" ਨਾਲ ਚਰਚਾ ਵਿੱਚ ਇਹ ਬੈਨਰ ਤੇ ਰੇਸ਼ਮ ਛੀਨਾ ਹਨ।

## ਨਮਤਾਜ ਖਾਨ ਵੀਡੀਓ ਨਿਰਦੇਸ਼ਨ ਦਾ ਸਟਾਰ ਹੁਣ ਫ਼ਿਲਮਾਂ ਨੂੰ ਨਿਰਦੇਸ਼ਨ

ਨਮਤਾਜ ਖਾਨ ਇਸ ਵੇਲੇ ਜਿਵੇਂ



ਮਿੱਤਰਾਂ ਦਾ ਨਾਂਅ ਚਲਦਾ ਓਸ ਤਰਾਂ ਹੀ ਵੀਡੀਓ ਨਿਰਦੇਸ਼ਕ ਤੌਰ ਤੇ ਓਹਨਾਂ ਦਾ ਨਾਮ ਹਿੱਟ ਹੈ ਤੇ ਟੀਮ ਤੁਗਲਕ ਨੂੰ ਕਮਾਂਡ ਕਰਦੇ ਓਹ ਹਰਮਨ ਹੈਰੀ ਤੋਂ ਹੋਰ ਕਈ ਕਲਾਕਾਰਾਂ ਦੇ ਵੀਡੀਓ ਬਣਾ ਚੁੱਕੇ ਹਨ। ਇਹ ਸਿਲਸਿਲਾ ਜ਼ਾਰੀ ਹੈ ਤੇ ਹੁਣ ਵਕਤ ਆ ਗਿਆ ਕਿ ਨਮਤਾਜ ਖਾਨ ਫ਼ਿਲਮਾਂ ਨੂੰ ਨਿਰਦੇਸ਼ਨ ਦੇਣ ਤੇ ਇਸ ਤੇ ਓਹਨਾਂ ਕਿਹਾ ਕਿ ਸ਼ੋਰਟ ਫ਼ਿਲਮਾਂ ਓਹਨਾਂ ਕੋਲ ਬਹੁਤ ਹਨ ਤੇ ਓਹ ਅੱਛੇ ਪ੍ਰੋਜੈਕਟ ਕਰ ਵੀ ਰਹੇ ਹਨ ਪਰ ਜਲਦੀ ਹੀ ਓਹ ਪਾਲੀਵੁੱਡ ਲਈ ਵੱਡੀ ਫ਼ਿਲਮ ਡਾਇਰੈਕਟ ਕਰਨਗੇ ਕਿਉਂ ਕਿ ਓਹਨਾਂ ਦਾ ਨਿਸ਼ਾਨਾ ਬਾਲੀਵੁੱਡ ਦੀਆਂ ਫਿਲਮਾਂ ਕਰਨੀਆਂ ਹੈ ਤੇ ਸਾਊਥ ਤੱਕ ਓਹ ਆਪਣੀ ਨਿਰਦੇਸ਼ਕ ਵੱਜੋਂ ਮਜ਼ਬੂਤ ਪਹਿਚਾਣ ਬਣਾਉਣ ਲਈ ਸਰਗਰਮ ਹਨ। ਨਮਤਾਜ ਖਾਨ ਨੇ ਕਿਹਾ ਕਿ ਓਹਨਾਂ ਕੋਲ ਜਿਹੜੀ ਖਾਸ ਗੱਲ ਹੈ ਓਹ ਇਹ ਕਿ ਓਹ ਖੁਦ ਇੱਕ ਤਜ਼ਰਬੇਕਾਰ ਟੋਪ ਦੇ ਡੀ ਓ ਪੀ ਹਨ ਤੇ ਡੀ ਓ ਪੀ ਅਰਥਾਤ ਫੋਟੋਗ੍ਰਾਫੀ ਤੇ ਹੀ ਵੀਡੀਓ , ਐਡ ਫ਼ਿਲਮਾਂ, ਐਲਬਮ , ਸ਼ੋਰਟ ਸਭ ਕੁੱਝ ਨਿਰਭਰ ਹੁੰਦਾ ਹੈ। ਨਮਤਾਜ ਕੋਲ ਸੰਨੀ ਧਾਲੀਵਾਲ ਤੇ ਖੁਸ਼ੀ ਸੈਣੀ ਟੀਮ ਵਿੱਚ ਹਨ ਤੇ ਓਹਨਾਂ ਦੀ ਡਾਇਰੈਕਸ਼ਨ ਟੀਮ ਇੱਕ ਦਮ ਤਰੋ ਤਾਜ਼ਾ ਤੇ ਤਜ਼ਰਬੇ ਵਾਲੀ ਟੀਮ ਹੈ ਤੇ ਫੀਚਰ ਫ਼ਿਲਮ ਜਿਹੜੀ ਵੀ ਓਹ ਕਰਨਗੇ ਟਿਕਟ ਖਿੜਕੀ ਤੇ ਵੀ ਹਲਚਲ ਮਚਾਏ ਤੇ ਓਸ ਨੂੰ ਪਰਿਵਾਰਕ ਦਰਸ਼ਕ ਵੀ ਮਾਣ ਨਾਲ ਦੇਖਣ ਇਹ ਓਹਨਾਂ ਦੀ ਭਰਪੂਰ ਕੋਸ਼ਿਸ਼ ਹੋਏਗੀ। ਇਸ ਵੇਲੇ "21 ਸੇਨਚਰੀ" ਨਮਤਾਜ ਖਾਨ ਨਿਰਦੇਸ਼ਤ ਵੀਡੀਓ ਗੀਤ ਹਰਮਨ ਹੈਰੀ ਦਾ ਕਾਮਯਾਬੀ ਨਾਲ ਚਲ ਰਿਹਾ ਹੈ।

## ਅਭਿਨੇਤਰੀ ਬਣ ਕਿਰਦਾਰ ਵੱਲ ਧਿਆਨ, ਕੋਚ ਤਾਂ ਦੇਸ਼ ਪਹਿਲਾਂ ਅਮਨਦੀਪ ਕੌਰ

ਅਮਨਦੀਪ ਕੌਰ ਅਸੂਲਾਂ ਤੇ ਚਲਣ



ਵਾਲੀ ਓਹ ਪੰਜਾਬ ਦੀ ਬੇਟੀ ਹੈ ਜਿਸ ਨੇ ਆਪਣੇ ਸ਼ੌਕ ਵੀ ਬਾਖੂਬੀ ਪੂਰੇ ਕਰਨੇ ਜ਼ਾਰੀ ਰੱਖੀ ਨੇ ਤੇ ਆਪਣੇ ਕਿੱਤੇ ਨਾਲ ਵੀ ਇਨਸਾਫ਼ ਕਰ ਰਹੀ ਹੈ। ਦਰਜ਼ਨਾਂ ਪੰਜਾਬੀ ਲਘੂ ਫਿਲਮਾਂ ਵਿੱਚ ਵੱਖ ਵੱਖ ਕਿਰਦਾਰ ਨਿਭਾ ਚੁੱਕੀ ਅਮਨਦੀਪ ਕੌਰ ਔਰਤ , ਕੁੜੀ, ਪੁਲਿਸ, ਟੀਚਰ ਆਦਿ ਕੋਈ ਵੀ ਕਿਰਦਾਰ ਹੋਏ ਲਗਨ ਨਾਲ ਅਦਾ ਕਰਦੀ ਹੈ। ਜਿਹੜੀ ਅਹਿਮ ਗੱਲ ਅਮਨਦੀਪ ਕੌਰ ਦੀ ਹੈ ਜਾਂ ਜਿਹੜੀ ਮੁੱਖ ਪ੍ਰਾਪਤੀ ਅਮਨ ਦੀ ਹੈ ਤਾਂ ਓਹ ਹੈ ਕਿ ਓਹ ਭਾਰਤ ਪੱਧਰ ਦੀ ਸਨਮਾਨ ਜੇਤੂ ਪਲੇਅਰ ਹੈ ਤੇ ਦੌੜ ਤੋ ਵਾਲੀਵਾਲ ਤੱਕ ਓਹ ਆਪਣੇ ਕੰਮ ਨੂੰ ਕਾਮਯਾਬੀ ਨਾਲ ਕਰਦੀ ਰਹੀ ਹੈ। ਮਾਣ ਨਾਲ ਦੱਸਦੀ ਹੈ ਅਮਨ ਕਿ ਓਸ ਦੀ ਸਿਖਲਾਈ ਪ੍ਰਾਪਤ ਕੁੜੀ ਜਦ ਇੰਡੀਆ ਲਈ ਕੁੱਲ ਦੁਨੀਆਂ ਦੀਆਂ ਖੇਡਾਂ ਵਿੱਚ ਤਮਗੇ ਜਿੱਤ ਆਉਂਦੀ ਹੈ ਤਾਂ ਫ਼ਖ਼ਰ ਨਾਲ ਓਸ ਦਾ ਕੱਦ ਹੋਰ ਉੱਚਾ ਹੁੰਦਾ ਹੈ ਕਿ ਸ਼ੁਕਰ ਦੇਸ਼ ਦਾ ਮਾਣ ਵਧਾਉਣ ਵਿੱਚ ਓਸ ਦਾ ਵੀ ਯੋਗਦਾਨ ਹੈ। ਅਮਨ ਜਦ ਸੈੱਟ ਤੇ ਹੈ ਤਦ ਓਹ ਆਪਣੇ ਰੋਲ, ਆਪਣੇ ਸਹਿ ਕਲਾਕਾਰਾਂ ਤੇ ਮੇਕਰ ਨਾਲ ਇੰਜ ਪੇਸ਼ ਆਉਂਦੀ ਹੈ ਜਿਵੇਂ ਐਕਟਿੰਗ ਲਈ ਹੀ ਓਹ ਪੈਦਾ ਹੋਈ ਹੋਏ ਤੇ ਜਦ ਖੇਡ ਦੇ ਮੈਦਾਨ ਵਿੱਚ ਹੈ ਤਦ ਓਹ ਵਿਸ਼ਵਾਸ਼ ਪ੍ਰਾਪਤ ਰੇਸ ਦਾ ਓਹ ਘੋੜਾ ਹੈ ਜਿਸ ਜਿੱਤਣ ਦਾ ਹੀ ਕੇਵਲ ਸ਼ੌਕ ਪਾਲਿਆ ਹੈ। ਅਮਨਦੀਪ ਕੌਰ ਤੇ ਫ਼ਿਲਮ ਇੰਡਸਟਰੀ ਨੂੰ ਮਾਣ ਹੈ ਕਿ ਓਹ ਕਲਾ ਦੀ ਕਦਰਦਾਨ ਹੈ ਤੇ ਦੇਸ਼ ਨੂੰ ਮਾਣ ਕਿ ਓਹ ਖੇਡ ਪਨੀਰੀ ਤਿਆਰ ਕਰਦੀ ਹੈ।

-ਅੰਮ੍ਰਿਤ ਪਵਾਰ